

ਕੋਠੀ ਝਾੜ

ਪਿਆਰਾ ਸਿੰਘ ਪਦਮ

ਪਿਆਰਾ ਸਿੰਘ ਪਦਮ ਰਚਨਾਵਲੀ :

ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਆਦਿ ਗ੍ਰੰਥ ਦਰਸ਼ਨ, ਦਸਮ ਗ੍ਰੰਥ ਦਰਸ਼ਨ, ਗੁਰਬਾਣੀ ਕੋਸ਼, ਸਾਡੇ ਗੁਰਦੇਵ, ਸੰਖੇਪ ਸਿਖ ਇਤਿਹਾਸ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਪੰਜਾਬੀ ਮਹਾਰਾਜਾ, ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਪ੍ਰਾਚੀਨ ਪੰਜਾਬੀ ਗੱਦ, ਨਾਨਕੁ ਸਾਇਰੁ ਏਵ ਕਹਤੁ ਹੈ, ਗੁਰ ਨਾਨਕ ਜਿਨ ਸੁਣਿਆ ਪੇਖਿਆ, ਰਬਾਬ, ਮਹਾਂ ਕਵੀ ਸੰਤੋਖ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ, ਪੰਜਾਬੀ ਮਾਝਾਂ, ਪੰਜਾਬੀ ਜੰਞਾਂ, ਪੰਜਾਬੀ ਝਗੜੇ, ਪੰਜਾਬੀ ਕਿੱਸੇ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ, ਸਾਈਂ ਬੁੱਲ੍ਹੇ ਸ਼ਾਹ, ਪ੍ਰਸਿੱਧ ਪੰਜਾਬੀ, ਪੁਸ਼ਪਾਂਜਲੀ, ਹਿੰਦੁਸਤਾਨੀ ਕਲਾ, ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਬਾਬਾ ਸਾਧੂ ਜਨ, ਕਲਮ ਦੇ ਧਨੀ, ਕਲਮ ਦੇ ਚਮਤਕਾਰ, ਪ੍ਰਾਚੀਨ ਸੌ ਸਾਖੀ, ਖ਼ਲੀਲ ਜਿਬਰਾਨ ਦੇ ਬਚਨ ਬਿਲਾਸ, ਦਰਸ਼ਨ ਭਗਤ, ਜੰਗਨਾਮਾ ਸਿੰਘਾਂ ਤੇ ਫਿਰੰਗੀਆਂ, ਬਚਨ ਸਾਈਂ ਲੋਕਾਂ ਦੇ, ਮਾਲੀ, ਪੰਛੀ, ਆਜ਼ਾਦੀ, ਗੁਰੂ ਕੀਆਂ ਸਾਖੀਆਂ, ਰਹਿਤਨਾਮੇ, ਜ਼ਫ਼ਰਨਾਮਾ, ਪੰਜਾਬ ਰਊਸ਼ਨ, ਸਾਧੂ ਈਸ਼ਰਦਾਸ, ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਗੁਰੂ ਘਰ, ਪੰਥ ਤੇ ਪੰਥ ਦਾ ਵਾਲੀ, ਬਾਬਾ ਵਜੀਦ, ਕਲਾਮ ਭਾਈ ਨੰਦ ਲਾਲ, ਪਰਚੀ ਪਾਤਸ਼ਾਹੀ ਦਸਵੀਂ ਕੀ, ਗੁਰਮੁਖੀ ਲਿਪੀ ਦਾ ਇਤਿਹਾਸ, ਪੰਜਾਬੀ ਡਾਇਰੈਕਟਰੀ, ਪੰਜਾਬੀ ਸੂਫ਼ੀ ਕਾਵਿਧਾਰਾ, ਬੋਲੇ ਸ਼ੇਖ਼ ਫ਼ਰੀਦ, ਹੀਰ ਵਾਰਸ ਸ਼ਾਹ, ਮਿਰਜ਼ੇ ਦੀਆਂ ਸੱਦਾਂ, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਗੁਰੂ ਗ੍ਰੰਥ ਮਹਿਮਾ ਕੋਸ਼, ਸੁਖਮਨੀ ਦਰਸ਼ਨ, ਮਹਾਤਮਾ ਸੰਤਰੇਣ, ਸ਼ਬਦਾਂਜਲੀ, ਗੁਰੂ ਦਰ।

ਕੋਠੀ ਝਾੜ

ਪਿਆਰਾ ਸਿੰਘ ਪਦਮ

ਸਿੰਘ ਬ੍ਰਦਰਜ਼
ਅੰਮ੍ਰਿਤਸਰ

KOTHĪ JHĀR

[Essays on Literature and Culture of Punjab]

by

PIARA SINGH PADAM

Edited by

DR. HARINDER KAUR

KALAM MANDIR, LOWER MALL, PATIALA

ISBN 81-7205-512-9

ਪਹਿਲੀ ਵਾਰ ਫ਼ਰਵਰੀ 2014

ਮੁੱਲ : 300-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਬੀਜੀ ਸਰਦਾਰਨੀ ਜਸਵੰਤ ਕੌਰ ਜੀ

ਨੂੰ

ਜਿਨ੍ਹਾਂ ਨੇ ਆਪਣੇ ਆਖ਼ਰੀ ਸਾਹਾਂ ਤਕ

ਬਾਪੂ ਜੀ ਦਾ ਪੂਰਾ ਸਾਥ ਨਿਬਾਹਿਆ।



ਕੋਠੀ ਝਾੜ

ਪਿਆਰਾ ਸਿੰਘ ਪਦਮ

ਤਤਕਰਾ

ਦੋ ਸ਼ਬਦ

ਘਰ ਵਿਚ ਪੁੱਤਰ ਜਾਂ ਧੀ ਦੇ ਵਿਆਹ ਦਾ ਕਾਰਜ ਆਰੰਭ ਕਰਨ ਸਮੇਂ, ਮਾਂ ਆਪਣੇ ਪੇਕੇ ਭੇਲੀ ਲੈ ਕੇ ਜਾਂਦੀ ਹੈ ਤੇ ਜਦੋਂ ਸਾਰਾ ਕਾਰਜ ਨੇਪਰੇ ਚੜ੍ਹ ਜਾਂਦਾ ਹੈ ਤਾਂ ਵਿਆਹ ਤੋਂ ਥੋੜ੍ਹੇ ਦਿਨਾਂ ਪਿੱਛੋਂ ਮਾਂ ਹੀ ਕੋਠੀ-ਝਾੜ ਲੈ ਕੇ ਪੇਕੇ ਆਉਂਦੀ ਹੈ। ਪਿੰਡਾਂ ਵਿਚ ਵਿਆਹ ਦੀ ਮਠਿਆਈ ਪਕਾਉਣ ਲਈ ਕਈ ਦਿਨ ਪਹਿਲਾਂ ਹੀ ਹਲਵਾਈ ਭੱਠੀ ਲਾ ਲੈਂਦੇ ਸਨ ਤੇ ਮਠਿਆਈ ਬਣਾ ਕੇ ਲਿਪੀਆਂ ਪੋਚੀਆਂ ਕੋਠੀਆਂ ਵਿਚ ਰੱਖ ਦਿੱਤੀ ਜਾਂਦੀ ਸੀ। ਅੱਜ-ਕੱਲ੍ਹ ਇਹ ਕੰਮ ਬਜ਼ਾਰੋਂ ਡੱਬੇ ਖ਼ਰੀਦ ਕੇ ਕਰ ਲਿਆ ਜਾਂਦਾ ਹੈ। ਕੋਠੀ-ਝਾੜ ਆਮ ਤੌਰ 'ਤੇ ਵਿਆਹ ਦੀ ਬਚੀ-ਖੁਚੀ ਮਠਿਆਈ ਹੀ ਹੁੰਦੀ ਹੈ। ਇਸ ਵਿਚ ਲੱਡੂ, ਜਲੇਬੀਆਂ, ਬਰਫ਼ੀ, ਪਕੌੜੇ, ਪਕੌੜੀਆਂ, ਲੁਗਦੀ, ਮਖਾਣੇ, ਬਾਲੂਸ਼ਾਹੀਆਂ, ਨਮਕੀਨ ਮੱਠੀ, ਮੂੰਗਰਾ ਸਭ ਕੁਝ ਰਲਿਆ-ਮਿਲਿਆ ਚੂਰਾ-ਭੂਰਾ ਹੁੰਦਾ ਹੈ। ਵਿਆਹ ਦੀ ਜਿਹੜੀ ਮਠਿਆਈ ਨਾਨਕਿਆਂ ਦੇ ਹਿੱਸੇ ਆਉਂਦੀ ਹੈ, ਉਹ ਤਾਂ ਗਲੀ ਗੁਆਂਢ ਜਾਂ ਸ਼ਰੀਕੇ ਵਿਚ ਵੰਡ ਦਿੱਤੀ ਜਾਂਦੀ ਹੈ ਤੇ ਫਿਰ ਉਡੀਕ ਹੁੰਦੀ ਹੈ ਕੋਠੀ-ਝਾੜ ਦੀ। ਇਸ ਹੱਥਲੀ ਕਿਤਾਬ ਦੇ ਛੋਟੇ ਵੱਡੇ ਲੇਖ ਵੀ ਕੋਠੀ-ਝਾੜ ਹੀ ਹਨ। ਪਦਮ ਸਾਹਿਬ ਤੋਂ ਜੋ ਸਰਿਆ, ਉਹ ਉਨ੍ਹਾਂ ਨੇ ਆਪ ਹੀ ਆਪਣੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦੇ ਕੇ ਸਮੇਂ ਸਮੇਂ ਛਪਵਾਇਆ ਤੇ ਪਾਠਕਾਂ ਤਕ ਪਹੁੰਚਾਇਆ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਨਾਵਲ, ਕਹਾਣੀ ਤੇ ਕਵਿਤਾ ਦੇ ਰੂਪ ਵਿਚ ਮੌਲਿਕ ਰਚਨਾਵਾਂ ਤਾਂ ਹੱਥੋ-ਹੱਥ ਛਪ ਜਾਂਦੀਆਂ ਹਨ ਤੇ ਪੜ੍ਹੀਆਂ ਵੀ ਜਾਂਦੀਆਂ ਹਨ, ਪਰ ਖੋਜ ਨਾਲ ਸੰਬੰਧਿਤ ਤੇ ਅਪ੍ਰਕਾਸ਼ਿਤ ਰਚਨਾਵਾਂ ਨੂੰ ਪਾਠਕਾਂ ਤਕ ਪਹੁੰਚਾਉਣਾ ਕੌੜਾ ਘੁੱਟ ਭਰਨਾ ਹੀ ਹੈ। ਖੋਜ-ਪੁਸਤਕਾਂ ਜਾਂ ਸੰਪਾਦਕ ਸਾਹਿੱਤ ਨੂੰ ਚੱਖਣਾ ਹਰ ਇਕ ਦੇ ਸੁਆਦ ਵਿਚ ਸ਼ਾਮਲ ਨਹੀਂ ਹੋ ਸਕਦਾ। ਉਨ੍ਹਾਂ ਹੱਥ-ਲਿਖਤ ਰਚਨਾਵਾਂ ਜਾਂ ਖਰੜਿਆਂ ਨੂੰ ਛਾਪੇਖ਼ਾਨੇ ਦਾ ਮੂੰਹ ਦਿਖਾ ਕੇ ਪਾਠਕਾਂ ਤਕ ਪਹੁੰਚਾਉਣ ਦਾ ਯਤਨ ਕੀਤਾ। ਕੋਈ ਵੀ ਕਾਰਜ ਅੰਤਿਮ ਨਹੀਂ ਹੋ ਸਕਦਾ, ਖ਼ਾਸ ਤੌਰ 'ਤੇ ਖੋਜ-ਖੇਤਰ ਏਨਾ ਵਿਸ਼ਾਲ ਹੈ ਕਿ ਜਿੰਨਾ ਜ਼ਿਆਦਾ ਡੂੰਘਾਈ ਤਕ ਟੁੱਭੀ ਮਾਰੀ ਜਾਏ, ਓਨੇ ਹੀ ਕੀਮਤੀ ਮੋਤੀ ਮਿਲ ਸਕਦੇ ਹਨ। ਪਦਮ ਸਾਹਿਬ ਨੇ ਗੁਰਬਾਣੀ, ਗੁਰ-ਇਤਿਹਾਸ, ਗੁਰਮਤਿ ਸਾਹਿੱਤ ਬਾਰੇ ਕੰਮ ਕੀਤਾ ਹੈ। ਉਨ੍ਹਾਂ ਦਾ ਸੰਬੰਧ ਪੁਰਾਤਨ ਤੇ ਮੱਧਕਾਲ ਦੀਆਂ ਸਾਹਿੱਤਕ ਧਾਰਾਵਾਂ ਨਾਲ ਵੀ ਸੀ। ਉਨ੍ਹਾਂ ਨੇ ਛਾਪਿਆ ਵੀ ਬਹੁਤ ਤੇ ਫੋਲਿਆ ਵੀ ਬਥੇਰਾ। ਉਨ੍ਹਾਂ ਦਾ ਖ਼ਿਆਲ ਸੀ ਕਿ ਲਿਖ

ਕੇ ਧਰਿਆ ਰਹੇ ਤਾਂ ਧਰਿਆ-ਧਰਾਇਆ ਹੀ ਰਹਿ ਜਾਂਦਾ ਹੈ, ਪਾਠਕਾਂ ਤਕ ਪਹੁੰਚਣਾ ਜ਼ਰੂਰੀ ਹੈ। ਕਈ ਵਾਰ ਛਾਪਣ ਵਿਚ ਕਾਹਲੀ ਵੀ ਕਰ ਦਿੰਦੇ ਸਨ, ਕਿਉਂਕਿ ਖੋਜ-ਖੇਤਰ ਦੀ ਕੋਈ ਸੀਮਾ ਨਹੀਂ ਹੈ।

ਪਦਮ ਸਾਹਿਬ ਦੇ ਜਿਉਂਦੇ-ਜੀਅ ਜੋ ਲੇਖ ਕਿਤਾਬੀ ਰੂਪ ਵਿਚ ਨਹੀਂ ਆਏ, ਉਨ੍ਹਾਂ ਨੂੰ ਇਸੇ *ਕੋਠੀ ਝਾੜ* ਵਿਚ ਇਕੱਠਾ ਕਰਨ ਦਾ ਯਤਨ ਕੀਤਾ ਹੈ। ਕੁਝ ਲੇਖ ਵਿਚਾਰਧਾਰਾ ਦੇ ਆਧਾਰ 'ਤੇ ਸਿਧਾਂਤਕ, ਧਾਰਮਿਕ, ਇਤਿਹਾਸਕ ਤੇ ਸਾਹਿੱਤਕ ਹਨ। ਕੁਝ ਸੱਜਣਾਂ ਮਿੱਤਰਾਂ ਨੂੰ ਸ਼ਰਧਾਂਜਲੀਆਂ ਜਾਂ ਜੀਵਨੀਆਂ ਦੇ ਰੂਪ ਵਿਚ ਸੰਖੇਪ ਜਾਣਕਾਰੀ ਦੇ ਲੇਖ ਹਨ। ਕੁਝ ਲੇਖ ਲੋਕ-ਸਾਹਿੱਤ ਨਾਲ ਸੰਬੰਧਿਤ ਹਨ। ਉਨ੍ਹਾਂ ਪੰਜਾਬੀ ਜੰਵਾਂ ਤੇ ਪੰਜਾਬੀ ਝਗੜੇ 'ਤੇ ਕੰਮ ਕੀਤਾ। ਕੁਝ ਚਾਰ ਪੰਜ ਲੇਖ ਲੋਕ-ਸਾਹਿੱਤ ਬਾਰੇ ਵੀ ਸ਼ਾਮਲ ਕੀਤੇ ਗਏ ਹਨ। ਉਹ ਇਕ ਚੰਗੇ ਬੁਲਾਰੇ ਸਨ। ਰੇਡੀਓ ਦਾ ਜ਼ਮਾਨਾ ਸੀ। ਉਨ੍ਹਾਂ ਦੀਆਂ ਦਿੱਤੀਆਂ ਕੁਝ ਰੇਡੀਓ-ਟਾਕ ਵੀ ਸ਼ਾਮਲ ਕੀਤੀਆਂ ਹਨ। ਬਹੁਤ ਥਾਂ ਦੁਹਰਾਅ ਹੋ ਸਕਦਾ ਹੈ, ਕਿਉਂਕਿ ਜਿਸ ਮਜ਼ਮੂਨ ਨੂੰ ਲੈ ਕੇ ਕਿਸੇ ਖ਼ਾਸ ਸਭਾ ਸੁਸਾਇਟੀ ਲਈ ਲਿਖਿਆ, ਉਸ ਅਨੁਸਾਰ ਸੰਖੇਪਤਾ, ਸੰਜਮ, ਵਿਸਥਾਰ ਜਾਂ ਕਹਿਣ-ਢੰਗ ਵਿਚ ਫ਼ਰਕ ਹੋ ਸਕਦਾ ਹੈ। ਕੁਝ ਲੇਖ 1942-43 ਦੇ ਵੀ ਹਨ। ਕੁਝ 1960-65 ਦੇ ਤੇ ਕੁਝ ਪਿਛਲੇਰੇ। ਜਿਨ੍ਹਾਂ ਨੂੰ ਕਿਤਾਬੀ ਰੂਪ ਨਹੀਂ ਸੀ ਮਿਲਿਆ, ਜਾਂ ਇਧਰ ਉਧਰ ਰਸਾਲਿਆਂ, ਮੈਗਜ਼ੀਨਾਂ ਜਾਂ ਅਖ਼ਬਾਰਾਂ ਵਿਚ ਪਏ ਸਨ, ਉਨ੍ਹਾਂ ਨੂੰ ਇਕੱਠਾ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ। ਜਿਸ ਤਰ੍ਹਾਂ ਬਚੀ-ਖੁਚੀ ਮਠਿਆਈ ਦਾ ਆਪਣਾ ਸੁਆਦ ਹੁੰਦਾ ਹੈ, ਕਿਉਂਕਿ ਫਿਰ ਉਹ ਮਠਿਆਈ, ਉਹ ਭਾਜੀ ਨਹੀਂ ਮਿਲਣੀ। ਭਾਵੇਂ ਹਰ ਰੋਜ਼ ਨਵੇਂ ਨਵੇਂ ਵਿਆਹ ਦੀਆਂ ਮਠਿਆਈਆਂ, ਛੱਤੀ ਪ੍ਰਕਾਰ ਦੇ ਪਦਾਰਥ ਪਰੋਸੇ ਜਾਂਦੇ ਹਨ, ਪਰ 'ਕੋਠੀ-ਝਾੜ' ਦਾ ਸੁਆਦ ਚੱਖਣਾ ਵੀ ਜ਼ਰੂਰੀ ਹੈ। ਇਹ ਕੰਮ ਕਰਨ ਵਿਚ ਬਹੁਤ ਦੇਰ ਹੋ ਗਈ ਹੈ, ਇਸ ਲਈ ਖਿਮਾ ਦੀ ਜਾਚਕ ਹਾਂ। ਮੈਂ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਆਪਣੀ ਭੈਣ ਰਵਿੰਦਰ ਦਾ, ਜਿਸ ਨੇ ਸਮੇਂ-ਸਮੇਂ ਮੈਨੂੰ ਹੱਲਸ਼ੇਰੀ ਦਿੱਤੀ ਤੇ ਇਹ ਕੰਮ ਕਰਨ ਲਈ ਪ੍ਰੇਰਿਆ। ਵੀਰ ਗੁਰਸਾਗਰ ਸਿੰਘ ਜੀ ਦੇ ਸਹਿਯੋਗ ਤੋਂ ਬਿਨਾਂ ਵੀ ਇਹ ਕੰਮ ਨੇਪਰੇ ਨਹੀਂ ਸੀ ਚੜ੍ਹ ਸਕਦਾ। ਉਨ੍ਹਾਂ ਨੇ ਬੜੀ ਜ਼ਿੰਮੇਵਾਰੀ ਨਾਲ ਬਾਖ਼ੂਬੀ ਇਹ ਸਾਰਾ ਕੰਮ ਆਪਣੇ ਹੱਥਾਂ ਵਿਚ ਲਿਆ।

—ਹਰਿੰਦਰ ਕੌਰ

ਕਲਮ ਮੰਦਿਰ,
ਲੋਇਰ ਮਾਲ ਰੋਡ,
ਪਟਿਆਲਾ।

ਜ਼ਿਲ੍ਹਾ ਪਟਿਆਲਾ ਦੀ ਪੰਜਾਬੀ ਸਾਹਿੱਤ ਨੂੰ ਦੇਣ

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਦਮਦਮੇ ਸਾਹਿਬ ਵਿਖੇ ਲਿਖਣਸਰ ਤਲਾਅ ਵਿਚ ਕਲਮਾਂ ਘੜ ਘੜ ਕੇ ਖਿਲਾਰੀਆਂ ਤਾਂ ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਇਹ ਤਲਵਾਰੀਏ ਮਲਵਈ, ਕਲਮ ਦੇ ਧਨੀ ਵੀ ਹੋਣ। ਦੂਜੇ ਪਾਸੇ ਫੂਲ ਘਰਾਣੇ ਦੇ ਚੌਧਰੀਆਂ ਨਾਲ ਉਨ੍ਹਾਂ ਦਾ ਇਤਨਾ ਸਨੇਹ ਸੀ ਕਿ ਉਹ ਇਸ ਘਰ ਨੂੰ 'ਤੇਰਾ ਘਰੁ ਮੇਰਾ ਅਸੈ' ਕਹਿ ਕੇ ਪਿਆਰ ਸਤਿਕਾਰ ਰਹੇ ਸਨ। ਗੁਰੂ-ਘਰ ਦੀ ਵਡਿਆਈ ਤੇਗ ਤੇ ਕਲਮ ਦੀ ਬਰਾਬਰ ਜਾਚ ਸਿਖਾ ਕੇ ਜੀਵਨ ਨੂੰ ਹਰ ਪਾਸਿਓਂ ਪ੍ਰਫੁੱਲਤ ਕਰਨਾ ਸੀ। ਸ੍ਰੀ ਦਸਮੇਸ਼ ਜੀ ਅਨੰਦਪੁਰ ਇਸੇ ਵਿਧੀ ਨਾਲ ਭਾਰਤੀ ਸਭਿਅਤਾ ਨੂੰ ਮੁੜ ਸੁਰਜੀਤ ਕਰਨ ਲਈ ਘਾਲ ਘਾਲਦੇ ਰਹੇ ਸਨ ਅਤੇ ਇਸੇ ਵਰਦਾਨ ਦਾ ਕੁਝ ਪ੍ਰਸ਼ਾਦ ਫੂਲ ਘਰਾਣੇ ਦੇ ਹਿੱਸੇ ਵੀ ਆਇਆ, ਜਿਸ ਦੇ ਨਤੀਜੇ ਵਜੋਂ ਉੱਨ੍ਹੀਵੀਂ ਸਦੀ ਵਿਚ ਪਟਿਆਲਾ ਸਭਿਆਚਾਰਕ ਤੇ ਸਾਹਿੱਤਿਕ ਸਰਗਰਮੀਆਂ ਦਾ ਕੇਂਦਰ ਬਣਿਆ।

ਮੇਰੇ ਸਾਹਮਣੇ ਪੁਰਾਣਾ ਜੁਗਰਾਫ਼ੀਆ ਹੈ। ਦਿੱਲੀ ਤੇ ਲਾਹੌਰ ਦੇ ਦਰਮਿਆਨ ਇਤਿਹਾਸਕ ਮਹੱਤਤਾ ਵਾਲੇ ਤਾਂ ਸ਼ਾਇਦ ਹੋਰ ਵੀ ਕਈ ਨਗਰ ਹੋਣਗੇ, ਪਰੰਤੂ ਪਟਿਆਲੇ ਜਿਹਾ ਜਿਊਂਦਾ-ਜਾਗਦਾ ਕਲਾ-ਕੇਂਦਰ ਕੋਈ ਹੋਰ ਨਜ਼ਰੀਂ ਨਹੀਂ ਪੈਂਦਾ। ਇਹ ਦੋ ਸੌ ਵਰ੍ਹੇ ਤੋਂ ਰਾਜਨੀਤਕ ਸ਼ਕਤੀ ਦਾ ਗੜ੍ਹ ਰਿਹਾ ਹੈ। ਇਸ ਕਾਰਨ ਇਸ ਦੀ ਸਭਿਆਚਾਰਕ ਤੇ ਕਲਾਤਮਕ ਪ੍ਰਗਤੀ ਤੀਬਰ ਗਤੀ ਨਾਲ ਹੋਈ ਹੈ ਅਤੇ ਇਸ ਦਾ ਆਲੇ-ਦੁਆਲੇ ਦੇ ਇਲਾਕੇ ਉੱਤੇ ਵੀ ਤਕੜਾ ਪ੍ਰਭਾਵ ਪਿਆ ਹੈ। ਜਦੋਂ ਅੱਜ ਅਸੀਂ ਜ਼ਿਲ੍ਹਾ ਪਟਿਆਲਾ ਦੀ ਗੱਲ ਕਰਦੇ ਹਾਂ ਤਾਂ ਇਸ ਵਿਚ ਪੰਜ ਤਹਿਸੀਲਾਂ ਆ ਜਾਂਦੀਆਂ ਹਨ—ਪਟਿਆਲਾ, ਨਾਭਾ, ਰਾਜਪੁਰਾ, ਸਰਹੰਦ ਤੇ ਸਮਾਣਾ। ਇਹ ਪੰਜੇ ਤਹਿਸੀਲਾਂ ਅਜਿਹੀਆਂ ਹਨ, ਜਿਨ੍ਹਾਂ ਵਿੱਚੋਂ ਇਕ ਦੋ ਨੂੰ ਛੱਡ ਕੇ ਬਾਕੀ ਆਪਣੇ ਆਪਣੇ ਸਮੇਂ ਚੰਗੇ ਰਾਜਨੀਤਕ ਗੜ੍ਹ ਰਹੇ ਹਨ। ਸਰਹੰਦ ਤੇ ਸਮਾਣੇ ਦਾ ਇਤਿਹਾਸ ਇਕ ਹਜ਼ਾਰ ਵਰ੍ਹੇ ਪੁਰਾਣਾ ਹੈ। ਨਾਭਾ ਸੁਤੰਤਰ ਰਾਜ-ਕੇਂਦਰ ਰਿਹਾ ਹੈ ਤੇ ਉਸ ਨੇ ਸਿਆਣੇ ਰਾਜਿਆਂ ਦੀ ਅਗਵਾਈ ਵਿਚ ਚੰਗੇ ਚੰਗੇ ਸਾਹਿੱਤਕਾਰਾਂ ਦੀ ਸਰਪ੍ਰਸਤੀ ਕੀਤੀ ਹੈ। ਪੁਰਾਣੇ ਜ਼ਮਾਨੇ ਵਿਚ ਗੁਆਲ ਭੱਟ, ਹਜ਼ਾਰਾ ਸਿੰਘ (ਕਰਤਾ, ਗੈਰਤਾੜ ਚਮਨ) ਤੇ ਪ੍ਰੇਮ ਸਿੰਘ ਵਰਗੇ ਲੇਖਕ ਨਾਭਾ ਦਰਬਾਰ ਦਾ ਸ਼ਿੰਗਾਰ ਰਹੇ ਅਤੇ ਨਵੇਂ ਜ਼ਮਾਨੇ ਵਿਚ ਭਾਈ ਕਾਨ੍ਹ ਸਿੰਘ ਨਾਭਾ ਦਾ ਇੱਕੋ ਇਕ ਨਾਮ ਲੱਖਾਂ ਵਰਗਾ ਹੈ।

ਸਮਾਣੇ ਕਿਸੇ ਸਮੇਂ ਗਿਆਸੁੱਦੀਨ ਬਲਬਨ ਦੇ ਸ਼ਹਿਜ਼ਾਦੇ ਬੁਗਰਾ ਖ਼ਾਂ ਪਾਸ

ਫ਼ਾਰਸੀ ਦਾ ਮਸ਼ਹੂਰ ਸ਼ਾਇਰ ਅਮੀਰ ਖ਼ੁਸਰੋ (1253-1325) ਕਈ ਵਰ੍ਹੇ ਠਹਿਰਿਆ ਸੀ। ਮੁਨਸ਼ੀ ਸੁਜਾਨ ਰਾਇ ਦੀ ਲਿਖਤ ਅਨੁਸਾਰ ਉਸ ਨੇ (ਬਾਦਸ਼ਾਹ) ਨਾਸਰੁੱਦੀਨ ਤੇ ਬਾਦਸ਼ਾਹ ਤੁਗ਼ਲਕ ਦੇ ਦਰਮਿਆਨ ਹੋਈ ਜੰਗ ਬਾਰੇ 'ਵਾਰ' ਲਿਖੀ, ਜਿਵੇਂ ਕਿ ਉਹ ਕਹਿੰਦਾ ਹੈ, 'ਚੁਨਾਂਚਿ ਅਮੀਰ ਖ਼ੁਸਰੋ ਬਜ਼ੁਬਾਨਿ ਪੰਜਾਬ ਬਾਇਬਾਰਤਿ ਮਰਗ਼ੂਬ ਮੁਕੱਦਮਾਇ ਜੰਗ, ਗ਼ਾਜ਼ੀਉਲ ਮੁਲਕ ਤੁਗ਼ਲਕ ਸ਼ਾਹ ਵ ਨਾਸੱਰੁਦੀਨ ਖ਼ੁਸਰੋ ਖ਼ਾਂ ਗੁਫ਼ਤਾ ਕਿ ਆਂ ਰਾ ਬਜ਼ੁਬਾਨਿ ਹਿੰਦ, ਵਾਰ ਗੋਜਦ।' ਉਸ ਵਾਰ ਦੀ ਗੁੰਜਾਰ ਕੈਸੀ ਸੀ, ਇਹ ਤਾਂ ਸਾਨੂੰ ਪਤਾ ਨਹੀਂ, ਪਰ ਅੱਜ ਚਰਨ ਸਿੰਘ 'ਚਰਨ' ਸਮਾਣੇ ਵਿਚ ਬਹਿ ਕੇ ਜੋ ਵਾਰਾਂ ਰਚਦਾ ਹੈ, ਉਸ ਤੋਂ ਜ਼ਰਾ ਉਸ ਦੀ ਧੁਨਕਾਰ ਜ਼ਰੂਰ ਸੁਣਾਈ ਦਿੰਦੀ ਹੈ।

ਕਈ ਮੁਸਲਿਮ ਸ਼ਹਿਜ਼ਾਦੇ ਦੀਨੀ-ਤਾਲੀਮ ਹਾਸਲ ਕਰਨ ਲਈ ਇਥੇ ਆਉਂਦੇ ਸਨ, ਕਿਉਂਕਿ ਇਥੋਂ ਦੇ ਮਜ਼ਬੀ ਆਲਮ ਫ਼ਾਜ਼ਲ ਮੰਨੇ-ਦੰਨੇ ਸਨ। ਅੱਜ ਵੀ ਪ੍ਰਿੰਸੀਪਲ ਗੁਰਦਿੱਤ ਸਿੰਘ 'ਪ੍ਰੇਮੀ' ਭਾਵੇਂ ਝੰਗ ਦੀ ਗੱਲ ਕਰਦਾ ਹੈ, ਪਰ ਉਹ ਰੰਗਪੁਰ ਦੇ ਰੰਗ ਨਾਲ ਫ਼ਾਰਸੀ ਪਿਛੋਕੜ ਕਾਰਨ ਆਲਮਾਨਾ ਗੱਲ ਵੀ ਕਰਦਾ ਹੈ।

ਸਰਹੰਦ ਦੇ ਕਲਮੀ ਵਿਰਸੇ ਉੱਤੇ ਕਿਸੇ ਕੰਮ ਨਹੀਂ ਕੀਤਾ। ਇਥੇ ਦਸ ਸਦੀਆਂ ਤੋਂ ਵੱਧ ਰਾਜ-ਕੇਂਦਰ ਰਿਹਾ ਹੈ, ਜਿਸ ਕਰਕੇ ਅਨੇਕਾਂ ਫ਼ਾਰਸੀ ਤੇ ਹਿੰਦੀ ਦੇ ਸ਼ਾਇਰ ਇਥੇ ਹੋਏ, ਜਿਨ੍ਹਾਂ ਦੀਆਂ ਰਚਨਾਵਾਂ ਦੇ ਕਲਮੀ ਨੁਸਖ਼ੇ ਅਜੇ ਵੀ 'ਪਟਿਆਲਾ ਆਰਕਾਈਵਜ਼' ਵਿਚ ਸੰਭਾਲੇ ਪਏ ਹਨ। ਨਾਸਰ ਅਲੀ 'ਸਰਹੰਦੀ' ਨੇ *ਤ੍ਵਾਰੀਖ਼ਿ ਨਾਸਰੀ* ਅਕਬਰ-ਕਾਲ ਵਿਚ ਲਿਖੀ। ਮੀਰ ਮੀਰਾਂ ਇਕ ਉੱਚਾ ਫ਼ਕੀਰ ਆਲਮ ਸੀ ਜੋ ਕਿ ਸੁਲਤਾਨ ਬਹਿਲੋਲ ਲੋਧੀ ਦਾ ਜਵਾਈ ਸੀ। ਸਧਨਾ ਭਗਤ ਵੀ ਸਰਹੰਦ ਦਾ ਨਿਵਾਸੀ ਦੱਸਿਆ ਜਾਂਦਾ ਹੈ। ਉਸ ਦੀ ਯਾਦਗਾਰ ਇਕ ਅਧੂਰੀ ਮਸਜਿਦ ਹੈ। ਦੋ ਢਾਈ ਸੌ ਵਰ੍ਹੇ ਪੁਰਾਣੀ ਹੱਥ-ਲਿਖਤ ਵਿਚ ਦੋਹਰੇ ਸਧਨੇ ਭਗਤ ਦੇ ਨਾਮ ਹੇਠ ਇਉਂ ਲਿਖੇ ਮਿਲਦੇ ਹਨ:

> ਜਾਂ ਕਉ ਕਹੀਐ ਪੀਉ, ਤਾਂ ਸਿਉ ਕਛੁ ਨ ਦੁਰਾਈਐ।
> ਜੇ ਵਹ ਮਾਂਗੈ ਜੀਉ ਤਨ ਮਹਿ ਤਨਕੁ ਨਾ ਰਾਖੀਐ।
> ਹਮ ਪਿਆਰੇ ਤੇਰੇ ਦਰਸ ਕੇ, ਪ੍ਰੀਤਮ ਦਰਸਨ ਦੇਹ।
> ਅੰਧੁਲੇ ਕੇਰੀ ਟੋਹਣੀ, ਹਾਇ ਛੀਨ ਮਤਿ ਲੇਹੁ।
> ਪਿਰੀ ਮਹਿੰਡੇ ਪਾਤਸ਼ਾਹ ਮੈਂ ਪਿਰੀਆ ਵਾਜ਼ੀਰ।
> ਪਿਰੀ ਵਿਛੋੜਾ ਕਿਉਂ ਸਹਨਿ, ਜਿਸ ਸਿਰਿ ਨਾਨਕ ਪੀਰ।

ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੇ ਸਰਹੰਦ ਨੂੰ ਆਖ਼ਰ ਫ਼ਤਹਿਗੜ੍ਹ (ਸਾਹਿਬ) ਬਣਾ ਦਿੱਤਾ ਤੇ ਇਸ ਬਲੀਦਾਨ ਤੋਂ ਅਨੇਕਾਂ ਕਲਮਾਂ ਪ੍ਰਭਾਵਿਤ ਹੋਈਆਂ, ਜਿਨ੍ਹਾਂ ਵਿਚ ਅੱਲਾ ਯਾਰ ਖ਼ਾਂ 'ਜੋਗੀ' ਦਾ ਨਾਮ ਲੈਣਾ ਜ਼ਰੂਰੀ ਹੈ।

ਕਲਾਤਮਕ ਪਿਛੋਕੜ

ਪਟਿਆਲਾ ਸ਼ਹਿਰ ਚੂੰਕਿ ਦੋ ਸਦੀਆਂ ਤੋਂ ਰਾਜਨੀਤਿਕ ਪ੍ਰਭੁਤਾ ਦਾ ਕੇਂਦਰ ਰਿਹਾ ਹੈ, ਇਸ ਕਰਕੇ ਇਥੇ ਸਾਹਿੱਤਿਕ ਸਰਗਰਮੀ ਪੂਰੇ ਜੋਬਨ 'ਤੇ ਰਹੀ। ਇਸ

ਸਰਗਰਮੀ ਦਾ ਸਬੂਤ ਇਥੇ ਸੈਂਕੜੇ ਨਹੀਂ, ਹਜ਼ਾਰਾਂ ਫ਼ਾਰਸੀ ਤੇ ਗੁਰਮੁਖੀ ਹੱਥ-ਲਿਖਤਾਂ ਦੀ ਮੌਜੂਦਗੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ (ਸਾਹਿਤਕ) ਚਮਨ ਕਿਸੇ ਜ਼ਮਾਨੇ ਡਾਢਾ ਪ੍ਰਫੁੱਲਤ ਰਿਹਾ ਹੈ। ਇਸ ਸਾਹਿੱਤਿਕ ਬਗ਼ੀਚੇ ਦੀ ਹੀ ਮਹਿਕ ਸੀ, ਜਿਸ ਕਰਕੇ ਇਥੇ ਕਦੀ ਕਦੀ ਗ਼ਾਲਿਬ, ਭਾਈ ਸੰਤੋਖ ਸਿੰਘ, ਪ੍ਰੋ: ਪੂਰਨ ਸਿੰਘ ਤੇ ਕਰਮ ਸਿੰਘ ਹਿਸਟੋਰੀਅਨ ਵਰਗੇ ਉੱਚ ਪਾਏ ਦੇ ਵਿਦਵਾਨ ਸਾਹਿੱਤਕਾਰ ਵੀ ਪਧਾਰਦੇ ਰਹੇ। ਮੁਗ਼ਲਾਂ ਦੀ ਕਮਜ਼ੋਰੀ ਕਾਰਨ ਤੇ ਬਾਹਰਲੇ ਅਫ਼ਗਾਨ-ਹੱਲਿਆਂ ਕਰਕੇ ਜਦ ਦਿੱਲੀ ਰਾਜ ਉਜੜਿਆ ਤੇ ਲਾਹੌਰ ਦਰਬਾਰ ਵੀ ਉਖੜ ਗਿਆ ਤਾਂ ਅਨੇਕਾਂ ਕਲਾਕਾਰਾਂ ਨੇ ਦੌੜ-ਭੱਜ ਕੇ ਪਟਿਆਲੇ ਸ਼ਰਣ ਲਈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਥੋਂ ਦੇ ਰਾਜੇ ਸਾਹਿੱਤਕਾਰੀ, ਚਿੱਤ੍ਰਕਾਰੀ ਤੇ ਇਮਾਰਤਸਾਜ਼ੀ ਆਦਿ ਹੁਨਰਾਂ ਨੂੰ ਸਦਾ ਪ੍ਰੋਤਸਾਹਨ ਦਿੰਦੇ ਰਹੇ ਹਨ, ਜਿਸ ਕਾਰਨ ਇਥੇ ਸਾਹਿੱਤਿਕ ਵਿਕਾਸ ਦਾ ਮੌਕਾ ਬਣਦਾ ਰਿਹਾ ਤੇ ਸਾਹਿੱਤਕਾਰ ਵੀ ਇਥੇ ਆਉਂਦੇ ਰਹੇ। ਅੱਜ ਜੇਕਰ ਪੰਜਾਬ ਦੇ ਸ਼ਹਿਰਾਂ ਦੇ ਵਿਸ਼ਲੇਸ਼ਣ ਕਰਕੇ ਪਟਿਆਲੇ ਦਾ ਚਰਚਾ ਕਰਨਾ ਹੋਵੇ ਤਾਂ ਇਹ ਸੌਖਿਆਂ ਹੀ ਕਹਿ ਸਕੀਦਾ ਹੈ ਕਿ ਅੰਮ੍ਰਿਤਸਰ ਧਰਮ ਦੀ ਨਗਰੀ ਹੈ, ਜਲੰਧਰ ਅਖ਼ਬਾਰਾਂ ਦਾ ਅੱਡਾ ਹੈ, ਲੁਧਿਆਣਾ ਕਾਰਖ਼ਾਨਿਆਂ ਦਾ ਕੇਂਦਰ ਹੈ, ਬਠਿੰਡਾ ਕੱਚੇ ਮਾਲ ਦੀ ਮੰਡੀ ਹੈ ਤੇ ਫ਼ਿਰੋਜ਼ਪੁਰ ਫ਼ੌਜੀ ਛਾਉਣੀ। ਪਟਿਆਲਾ ਸੱਚਮੁੱਚ ਸਭਿਆਚਾਰਕ ਤੇ ਸਾਹਿੱਤਿਕ ਸਰਗਰਮੀਆਂ ਦਾ ਸ਼ਹਿਰ ਹੈ। ਜਦੋਂ ਅਸੀਂ ਇਸ ਨੂੰ ਕਲਚਰਲ ਕੇਂਦਰ ਕਹਿ ਕੇ ਸਤਿਕਾਰਦੇ ਹਾਂ ਤਾਂ ਇਸ ਦਾ ਸਪੱਸ਼ਟ ਭਾਵ ਇਥੋਂ ਦੀ ਸੁਚੱਜੀ ਰਹਿਣੀ ਬਹਿਣੀ ਤੇ ਸ਼ਿੰਗਾਰੇ ਸੁਆਰੇ ਚੁਗਿਰਦੇ ਤੋਂ ਹੈ। ਪਟਿਆਲੇ ਸ਼ਾਹੀ ਫ਼ਿਫ਼ਟੀਦਾਰ ਦਸਤਾਰ, ਰੇਬ ਪਜਾਮਾ, ਚੁਸਤ ਅਚਕਨ ਵਿਚ ਸਜਿਆ ਹੋਇਆ ਇਹ ਕਲਚਰ ਆਪਣੇ ਆਪ ਵਿਚ ਇਕ ਖ਼ਾਸ ਆਕਰਸ਼ਣ ਰੱਖਦਾ ਹੈ। ਸਾਹਿੱਤ, ਸੰਗੀਤ, ਮੰਦਰ-ਕਲਾ ਅਤੇ ਮਨੋਰੰਜਕ ਖੇਡ-ਹੁਨਰਾਂ ਨੇ ਇਸ ਕਲਾਮਈ ਵਾਤਾਵਰਣ ਬਣਾਉਣ ਵਿਚ ਢੇਰ ਹਿੱਸਾ ਪਾਇਆ ਹੈ। ਆਲੀਸ਼ਾਨ ਇਮਾਰਤਾਂ ਤੇ ਬਾਗ਼ ਬਗ਼ੀਚਿਆਂ ਦੀ ਆਪਣੀ ਥਾਂ ਹੈ। ਮੋਤੀ ਬਾਗ਼ ਦੇ ਸ਼ੀਸ਼ ਮਹਿਲ ਦੀ ਅੰਦਰਲੀ ਚਿੱਤ੍ਰਕਾਰੀ ਅਤੇ ਗੁਰਦੁਆਰਾ ਗੁਰੂ ਤੇਗ਼ ਬਹਾਦਰ ਸਾਹਿਬ (ਗੁ: ਦੂਖ ਨਿਵਾਰਨ ਸਾਹਿਬ) ਦੇ ਅੰਦਰਵਾਰ ਕੀਤਾ ਹੁਨਰੀ ਕੰਮ ਵਿਸ਼ੇਸ਼ ਧਿਆਨ ਦਾ ਮੁਥਾਜ ਹੈ।

ਭਾਈ ਕੱਲੂ, ਅਲੀ ਬਖ਼ਸ਼, ਫ਼ਤਿਹ ਅਲੀ, ਆਸ਼ਕ ਹੁਸੈਨ ਤੇ ਭਾਈ ਗੱਜਾ ਸਿੰਘ ਤੇ ਛੋਲੇ ਵਰਗੇ ਗਵੱਈਏ, ਹੀਰਾਬਾਈ ਤੇ ਗ਼ਫੂਰਨ ਵਰਗੀਆਂ ਨ੍ਰਿਤਕਾਰਾਂ, ਹਾਫ਼ਜ਼ ਤੇ ਗੰਗਾ ਸਿੰਘ ਵਰਗੇ ਚਿੱਤਰਕਾਰ ਅਤੇ ਬਾਵਾ ਰਾਮਦਾਸ ਤੇ ਬਸੰਤ ਸਿੰਘ ਰਿਤੂਰਾਜ ਜਿਹੇ ਮਹਾਨ ਸਾਹਿੱਤਕਾਰ ਪਟਿਆਲੇ ਦੇ ਹੀ ਕਲਾ-ਰਤਨ ਸਨ। ਸੰਗੀਤਕ ਦੁਨੀਆਂ ਵਿਚ ਤਾਂ ਪਟਿਆਲੇ ਘਰਾਣੇ ਦੀ ਗਾਇਕੀ ਇਕ ਵੱਖਰਾ ਅਸਥਾਨ ਰੱਖਦੀ ਹੈ। ਦਰਅਸਲ ਮਹਾਰਾਜਾ ਨਰਿੰਦਰ ਸਿੰਘ (1845-62) ਦੇ ਜ਼ਮਾਨੇ ਮੀਆਂ ਤਾਨ ਰਸਖ਼ਾਨ ਜੋ ਮੁਗ਼ਲ ਦਰਬਾਰ ਦਾ ਸੰਗੀਤਕਾਰ ਸੀ, ਪਟਿਆਲੇ ਆਇਆ ਤੇ ਉਸ ਨੇ ਕੱਲੂ ਰਬਾਬੀ ਦੇ ਪੁੱਤਰ ਬਖ਼ਸ਼ ਤੇ ਇਕ ਹੋਰ ਸੰਗੀਤ-ਸ਼ੌਕੀਨ ਫ਼ਤਹਿ ਅਲੀ ਨੂੰ ਉੱਚੀ ਸੰਗੀਤ ਵਿੱਦਿਆ ਸਿਖਾਈ। ਅਲੀ ਬਖ਼ਸ਼ ਨੂੰ ਟੌਂਕ ਦੇ ਨਵਾਬ ਇਬਰਾਹੀਮ

ਅਲੀ ਖ਼ਾਂ ਨੇ ਉਸਤਾਦ ਧਾਰਿਆ ਤੇ ਆਪਣੀ ਰਿਆਸਤ ਵਿਚ ਚੰਗਾ ਸਨਮਾਨ ਦਿੱਤਾ। ਅਲੀ ਬਖ਼ਸ਼ ਕਸੂਰੀ ਦਾ ਪੁੱਤਰ ਅਖ਼ਤਰ ਹੁਸੈਨ ਵੀ ਚੰਗਾ ਗਵੱਈਆ ਸੀ ਜੋ ਮਹਾਰਾਜਾ ਭੁਪਿੰਦਰ ਸਿੰਘ ਦੇ ਜ਼ਮਾਨੇ ਤਕ ਰਿਹਾ। ਇਸੇ ਦਾ ਪੁੱਤਰ ਬੜੇ ਗ਼ੁਲਾਮ ਅਲੀ ਖ਼ਾਂ ਸੀ, ਜਿਸ ਨੇ ਪਟਿਆਲੇ ਘਰਾਣੇ ਦੀ ਗਵੈਸ਼ ਨੂੰ ਹਿੰਦ ਭਰ ਵਿਚ ਸ਼ੋਭਾ ਦਿੱਤੀ। ਛੈਲਾ ਰਬਾਬੀ ਲੋਕ-ਤਰਜ਼ਾਂ ਉੱਤੇ ਗਾਉਂਦਾ ਸੀ ਤੇ ਉਸ ਦਾ ਰਿਕਾਰਡ ਅੱਜ ਤਕ ਵਾਤਾਵਰਣ ਵਿਚ ਪਿਆ ਗੂੰਜਦਾ ਹੈ:

> ਪਟਿਆਲੇ ਵਾਲਾ ਰਾਜਾ ਨੀ ਕੋਈ ਮੋਰ ਬੋਲਦਾ
> ਨੀ ਚਕੋਰ ਬੋਲਦਾ ਜਾਂ ਕੋਈ ਹੋਰ ਬੋਲਦਾ।

ਇਹ ਮੰਨਣਾ ਪਵੇਗਾ ਕਿ ਵਿਦਿਆ, ਸਾਹਿੱਤ, ਕਲਾ ਦੇ ਖੇਤਰ ਵਿਚ ਪਟਿਆਲੇ ਦਾ ਯੋਗਦਾਨ ਵਿਸ਼ੇਸ਼ ਹੈ। ਤਾਲੀਮੀ ਹਲਕੇ ਵਿਚ ਅਜੇ ਲਾਹੌਰ ਯੂਨੀਵਰਸਿਟੀ ਦਾ ਵਜੂਦ ਨਹੀਂ ਸੀ, ਜਦੋਂ ਕਿ ਇਥੋਂ ਦੇ ਦੂਰ-ਅੰਦੇਸ਼ ਰਾਜ-ਪ੍ਰਬੰਧਕਾਂ ਨੇ ਮਹਿੰਦਰਾ ਕਾਲਜ (1875) ਦੀ ਸਥਾਪਨਾ ਕੀਤੀ।

ਅੱਜ ਵੀ ਜੇ ਕਿਸੇ ਪੰਜਾਬੀ, ਹਿੰਦੀ ਦੇ ਰੀਸਰਚ ਸਕਾਲਰ ਨੇ ਕੋਈ ਖੋਜ-ਕਾਰਜ ਕਰਨਾ ਹੋਵੇ ਤਾਂ ਜਿਤਨੀਆਂ ਪੁਰਾਤਨ ਪੁਸਤਕਾਂ ਤੇ ਹੱਥ-ਲਿਖਤ ਖਰੜੇ ਇਥੇ ਪ੍ਰਾਪਤ ਹਨ, ਉਤਨੇ ਕਿਤੇ ਹੋਰ ਨਹੀਂ। ਛਪੀਆਂ ਕਿਤਾਬਾਂ ਤਾਂ ਸ਼ਾਇਦ ਹੋਰ ਲਾਇਬ੍ਰੇਰੀਆਂ ਵਿਚ ਵੀ ਮਿਲ ਜਾਣ, ਪਰ ਸੈਂਟਰਲ ਪਬਲਿਕ ਲਾਇਬ੍ਰੇਰੀ, ਮੋਤੀ ਬਾਗ਼ ਪੈਲੇਸ ਲਾਇਬ੍ਰੇਰੀ, ਭਾਸ਼ਾ ਵਿਭਾਗ ਲਾਇਬ੍ਰੇਰੀ, ਸਟੇਟ ਆਰਕਾਈਵਜ਼ ਲਾਇਬ੍ਰੇਰੀ ਆਦਿ ਵਿਚ ਦਸ ਹਜ਼ਾਰ ਦੇ ਲਗਭਗ ਸੰਸਕ੍ਰਿਤ, ਫ਼ਾਰਸੀ, ਹਿੰਦੀ, ਪੰਜਾਬੀ ਮਸੌਦੇ (ਖਰੜੇ) ਮਿਲ ਸਕਣਗੇ। ਕਈ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਦੀ ਹੋਰ ਕਿਧਰੇ ਕਾਪੀ ਨਹੀਂ। ਮਿਸਾਲ ਲਈ ਮੋਤੀ ਬਾਗ਼ ਲਾਇਬ੍ਰੇਰੀ ਵਿਚ ਤਾਂਤ੍ਰਿਕ ਮੱਤ ਦੇ ਦਰਜਨਾਂ ਸੰਸਕ੍ਰਿਤ ਗ੍ਰੰਥਾਂ ਤੋਂ ਇਲਾਵਾ *ਮਹਾਂ ਕਾਲ ਸੰਹਿਤਾ* ਦਾ ਅਦੁੱਤੀ ਖਰੜਾ ਹੈ। ਕਈ ਸੰਸਕ੍ਰਿਤ ਪੁਸਤਕਾਂ ਐਸੀਆਂ ਹਨ ਜੋ ਦੇਵਨਾਗਰੀ ਦੀ ਥਾਂ ਸ਼ਾਰਦਾ ਵਰਗੀ ਕਿਸੇ ਪ੍ਰਾਚੀਨ ਲਿਪੀ ਵਿਚ ਲਿਖੀਆਂ ਹੋਈਆਂ ਹਨ। ਸ਼ੇਖ਼ ਸਾਅਦੀ ਦੀ *ਗੁਲਿਸਤਾਂ* ਦਾ ਸਚਿੱਤ੍ਰ ਖਰੜਾ ਕਮਾਲ ਦਾ ਹੈ, ਜੋ ਨਵਾਬ ਝੱਜਰ ਦੇ ਕਲਾਕਾਰ ਅਬਦੁਲ ਮੁਜ਼ਨਿਬ ਆਗ਼ਾ ਖ਼ਾਂ ਈਰਾਨੀ ਨੇ ਤਿਆਰ ਕੀਤਾ ਸੀ ਅਤੇ ਸਤਵੰਜਾ ਦੇ ਗ਼ਦਰ ਸਮੇਂ ਮਹਾਰਾਜਾ ਅਲਵਰ (ਰਾਜਸਥਾਨ) ਨੇ ਮਹਾਰਾਜਾ ਨਰਿੰਦਰ ਸਿੰਘ ਨੂੰ ਭੇਟ ਕੀਤਾ ਸੀ। ਇਸੇ ਤਰ੍ਹਾਂ ਇਕ ਦੁਰਲੱਭ ਅੰਗਰੇਜ਼ੀ ਸਚਿੱਤਰ ਖਰੜਾ ਹੈ, ਜੋ ਟਾਮਸ ਮੂਰ ਦੀ *ਲਾਈਟ ਆਫ਼ ਦੀ ਹਰਮ* ਦਾ ਇਤਾਲਵੀ ਚਿੱਤ੍ਰਕਾਰੀ ਨਾਲ ਸ਼ਿੰਗਾਰਿਆ ਮਸੌਦਾ ਹੈ। ਇਹ ਮਹਾਰਾਜਾ ਭੁਪਿੰਦਰ ਸਿੰਘ ਵਲੈਤ ਤੋਂ ਪੰਝੱਤਰ ਹਜ਼ਾਰ ਰੁਪਇਆ ਦੇ ਕੇ ਖ਼ਰੀਦ ਕੇ ਲਿਆਏ ਸਨ। 1154 ਪੱਤਰਿਆਂ ਦਾ *ਮਹਾਂਭਾਰਤ* ਵੀ ਮੋਤੀ ਬਾਗ਼ ਲਾਇਬ੍ਰੇਰੀ ਦਾ ਸ਼ਿੰਗਾਰ ਹੈ, ਜਿਸ ਦਾ ਕਾਫ਼ੀ ਹਿੱਸਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਨੇ ਤਿਆਰ ਕੀਤਾ ਸੀ। ਇਸੇ ਤਰ੍ਹਾਂ ਫ਼ਿਰਦੌਸੀ ਦੇ *ਸ਼ਾਹਨਾਮੇ* ਦਾ ਉਰਦੂ ਤਰਜਮਾ ਭਾਵੇਂ ਅਧੂਰਾ ਹੈ, ਪਰ ਆਪਣੀ ਕਿਸਮ ਦੀ ਖ਼ਾਸ ਲਿਖਤ ਹੈ। *ਮਕੱਵਾ, ਕਾਰੀਗਰਾਂ ਵ ਪੇਸ਼ਾਵਰਾਂ*

ਦੇ ਜਿਲਦਾਂ ਦਾ ਸੁੰਦਰ ਸੰਗ੍ਰਹਿ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਬੁਰਜ ਬਾਬਾ ਆਲਾ ਸਿੰਘ ਵਿਚ ਸੁਰੱਖਿਅਤ ਹਨ, ਜੋ 'ਆਦਿ ਬੀੜ' ਤੋਂ ਨਕਲ ਹੋਈਆਂ ਦੱਸੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਮੋਤੀ ਬਾਗ਼ ਗੁਰਦੁਆਰੇ ਵਿਚ ਇਕ ਪ੍ਰਾਚੀਨ ਦਸਮ ਗ੍ਰੰਥ ਦੀ ਬੀੜ ਸੀ, ਜੋ ਅੰਮ੍ਰਿਤਸਰ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਚਲੀ ਗਈ ਸੀ। ਇਸ ਵਿਚ ਕੁਝ ਪੱਤਰੇ ਸ਼ਿਕਸਤਾ ਲਿਖਤ ਦੇ ਸ੍ਰੀ ਦਸਮੇਸ਼ ਜੀ ਦੀ ਕਲਮੋਂ ਲਿਖੇ ਬਿਆਨ ਕੀਤੇ ਜਾਂਦੇ ਹਨ।

ਸੈਂਟਰਲ ਪਬਲਿਕ ਲਾਇਬ੍ਰੇਰੀ ਵਿਚ ਤਿੰਨ ਹਜ਼ਾਰ ਉਹ ਖਰੜੇ ਹਨ, ਜੋ ਪੈਪਸੂ ਬਣਨ ਸਮੇਂ ਪੰਜਾਬ ਦੀਆਂ ਵੱਖ-ਵੱਖ ਰਿਆਸਤਾਂ ਤੋਂ ਲਿਆ ਕੇ ਇਕੱਤਰ ਕੀਤੇ ਗਏ ਸਨ। ਕ੍ਰਿਸ਼ਨ ਲਾਲ ਦਾ *ਸੰਪੂਰਣ ਮਹਾਂਭਾਰਤ*, ਭਾਈ ਸੰਤੋਖ ਸਿੰਘ ਦੀ *ਬਾਲਮੀਕਿ ਰਾਮਾਇਣ*, *ਰਾਜ ਤਰੰਗਣੀ ਭਾਖਾ*, *ਯੋਗ ਵਸ਼ਿਸ਼ਟ ਭਾਖਾ*, *ਆਇਨੇ-ਅਕਬਰੀ* ਤੇ *ਅਕਬਰਨਾਮੇ* ਦਾ ਤਰਜਮਾ (*ਸੁਮਤਿ ਪ੍ਰਕਾਸ਼*) ਤੇ *ਇਖ਼ਲਾਕੁਲ ਮੁਹਸਨੀ* ਦਾ ਅਨੁਵਾਦ (*ਸੁਨੀਤਿ ਪ੍ਰਕਾਸ਼*) ਵਿਸ਼ੇਸ਼ ਤੌਰ 'ਤੇ ਵਰਣਨ ਯੋਗ ਹਨ।

ਇਸੇ ਤਰ੍ਹਾਂ ਸਟੇਟ ਆਰਕਾਇਵਜ਼ ਲਾਇਬ੍ਰੇਰੀ ਵਿਚ *ਸ੍ਰੀ ਜੱਸਾ ਸਿੰਘ ਬਿਨੋਦ*, *ਫ਼ਤਹਿ ਸਿੰਘ ਪ੍ਰਤਾਪ ਪ੍ਰਭਾਕਰ*, *ਭਾਗ ਸਿੰਘ ਚੰਦ੍ਰੋਦਯ* (ਕ੍ਰਿਤ ਦੀਵਾਨ ਰਾਮ ਸੁਖਰਾਇ) ਆਦਿ ਦੇ ਅਮੋਲਕ ਖਰੜੇ ਹਨ, ਜਿਨ੍ਹਾਂ ਦੀ ਨਕਲ ਹੋਰ ਕਿਧਰੇ ਹਾਸਲ ਨਹੀਂ।

ਇਹ ਇਤਨਾ ਵੱਡਾ ਗ੍ਰੰਥ-ਭੰਡਾਰ ਐਵੇਂ ਇਕੱਠਾ ਨਹੀਂ ਹੋ ਗਿਆ, ਇਸ ਦੇ ਪਿੱਛੇ ਪਟਿਆਲੇ ਦੀ ਅਮੀਰ ਸਾਹਿੱਤਿਕ ਪਰੰਪਰਾ ਦਿਖਾਈ ਦਿੰਦੀ ਹੈ। ਸਰਹੰਦ ਦੇ ਉਜਾੜੇ ਬਾਅਦ ਕਈ ਘਰਾਣੇ ਇਥੇ ਪਟਿਆਲੇ ਆ ਕੇ ਵੱਸੇ। 1857 ਈ: ਦੇ ਗ਼ਦਰ ਪਿੱਛੋਂ ਦਿੱਲੀ ਤੇ ਲਖਨਊ ਦੇ ਅਨੇਕਾਂ ਕਲਾਕਾਰ ਇਥੇ ਆਏ ਤੇ ਇਥੋਂ ਦੇ ਰਾਜੇ-ਮਹਾਰਾਜਿਆਂ ਨੇ ਉਨ੍ਹਾਂ ਦੀ ਸਰਪ੍ਰਸਤੀ ਕੀਤੀ ਤੇ ਦਰਜਨਾਂ ਗ੍ਰੰਥ ਵਿਉਂਤਾਂ ਬਣਾ ਕੇ ਤਿਆਰ ਕਰਵਾਏ। ਉਂਜ ਤਾਂ ਬਾਬਾ ਆਲਾ ਸਿੰਘ ਪਾਸ ਵੀ ਕਈ ਢਾਡੀ ਤੇ ਭੱਟ ਰਹਿੰਦੇ ਸਨ ਤੇ ਰਾਜਾ ਅਮਰ ਸਿੰਘ ਦੇ ਦਰਬਾਰ ਵਿਚ ਵੀ ਕੇਸ਼ਵ ਦਾਸ ਵਰਗੇ ਕਵੀ ਸੁਸ਼ੋਭਿਤ ਸਨ, ਪ੍ਰੰਤੂ ਮਹਾਰਾਜਾ ਕਰਮ ਸਿੰਘ (1798-1845) ਅਤੇ ਮਹਾਰਾਜਾ ਨਰਿੰਦਰ ਸਿੰਘ (1823-1862 ਈ:) ਨੇ ਸਾਹਿੱਤਿਕ ਕਾਰਜ ਵਧੇਰੇ ਉਤਸ਼ਾਹ ਨਾਲ ਕਰਵਾਏ। ਮਹਾਰਾਜਾ ਕਰਮ ਸਿੰਘ ਦੀ ਸਾਹਿੱਤਿਕ ਸਰਪ੍ਰਸਤੀ ਦਾ ਚਰਚਾ ਕਈ ਕਵੀਆਂ ਨੇ ਦਿਲ ਖੋਲ੍ਹ ਕੇ ਕੀਤਾ ਹੈ।

ਜਿਵੇਂ ਕਿ ਧਰਮ ਸਿੰਘ ਲਿਖਦਾ ਹੈ:

> **ਨਗਰ ਪਟਿਆਲਾ ਬਾਗ਼ ਸਮ, ਕਰਮ ਸਿੰਘ ਨ੍ਰਿਪ ਫੂਲ**
> **ਉਪਮਾ ਗੰਧ ਭਈ ਪ੍ਰਗਟ, ਗਏ ਭਵਰ ਕਵੀ ਭੂਲਿ।**

ਪ੍ਰਸਿੱਧ ਕਵੀ ਚੰਦਰ ਸ਼ੇਖ਼ਰ ਕਹਿੰਦਾ ਹੈ:

> **ਸਲਿਲ ਸਿਮਟ ਸਰਿਤਾ ਭਈ, ਕਰਮ ਸਿੰਘ ਕੇ ਦਾਨ।**
> **ਕਹੋ ਕਉਨ ਕਵਿ ਕਹਿ ਸਕੇ, ਤਾਂ ਕੋ ਬਾਂਧਿ ਪ੍ਰਮਾਨ।**

ਇਸੇ ਤਰ੍ਹਾਂ ਕਵੀ ਗੰਗਾਰਾਮ ਨੇ ਵੀ ਮਹਾਰਾਜੇ ਦੀ ਬਹੁਤ ਪ੍ਰਸੰਸਾ ਕੀਤੀ ਹੈ:

ਪਟਯਾਲਾ ਸੁੰਦਰ ਨਗਰ, ਸ਼ੁਭ ਸਰਿਤਾ ਕੇ ਤੀਰ।
ਕਰਮ ਸਿੰਘ ਭੂਪਤਿ ਭਲੇ, ਰਾਜ ਕਰਤ ਗੰਭੀਰ।
ਮੁਕਤਿ ਮਿਲੇ ਹਰਿ ਭਜਨ ਤੇ, ਭੁਗਤਿ ਪਟਯਾਲੇ ਬਾਸ।
ਮਾਨ ਮਿਲੇ ਨ੍ਰਿਪ ਦਰਸ ਤੇ, ਗਯਾਨ ਮਨੋਹਰ ਦਾਸ।

ਕਾਵਿ-ਰਚਨਾ ਦਾ ਪ੍ਰਵਾਹ ਇਤਨਾ ਸੀ ਕਿ (ਕਵੀ ਕਲਪਨਾ ਅਨੁਸਾਰ) ਪੰਛੀ ਵੀ ਆਪਣੀਆਂ ਮਧੁਰ ਸੁਰਾਂ ਵਿਚ ਧਰਮ-ਗ੍ਰੰਥਾਂ ਦੇ ਗੀਤ ਗਾਉਂਦੇ ਸਨ:

ਰਾਜਾ ਕਰਮ ਸਿੰਘ ਕੇ ਰਾਜ ਮੇਂ, ਪੰਖੇਰੂ ਬੇਦ ਪੁਰਾਨਾਂ ਗਾਵੈ।

ਇਸ ਮਹਾਰਾਜੇ ਦੇ ਸਮੇਂ ਰਾਮ ਪ੍ਰਸ਼ਾਦ ਨਿਰੰਜਨੀ ਨੇ *ਯੋਗ ਵਸ਼ਿਸ਼ਟ ਭਾਖਾ*, ਚੰਦ੍ਰ ਸ਼ੇਖਰ ਨੇ *ਰਾਜਨੀਤਿ ਪ੍ਰਕਾਸ਼*, *ਹਮੀਰ ਹਠ* ਆਦਿ ਅਤੇ ਧਰਮ ਸਿੰਘ ਨੇ *ਪੰਚ ਤੰਤ੍ਰ* ਦਾ ਅਨੁਵਾਦ ਕੀਤਾ। ਕਵੀ ਨਿਹਾਲ, ਦੀਵਾਨ ਦਿਲਾਰਾਮ ਦਾ ਪੁੱਤਰ ਸੀ। ਇਸ ਕਸ਼ਮੀਰੀ ਪੰਡਿਤ ਨੇ *ਹਰਿਬੰਸ ਪੁਰਾਣ*, *ਭਾਗਵਤ ਦਸਮ ਸਕੰਧ*, *ਸਭਾ ਮੰਡਨ (ਆਇਨੇ-ਅਕਬਰੀ)* ਤੇ *ਸਾਹਿੱਤ ਸ਼ੁਮਣੀ* ਆਦਿ ਕਈ ਉੱਤਮ ਗ੍ਰੰਥ ਰਚੇ। *ਸਾਹਿੱਤ ਸ਼ੁਮਣੀ* ਕਵੀ ਮੰਮਟ ਦੇ *ਕਾਵਿ ਪ੍ਰਕਾਸ਼* 'ਤੇ ਆਧਾਰਿਤ ਸਾਹਿੱਤ-ਸ਼ਾਸਤਰ ਦਾ ਗ੍ਰੰਥ ਹੈ।

ਮਹਾਰਾਜਾ ਨਰਿੰਦਰ ਸਿੰਘ ਖ਼ੁਦ ਵਿਦਿਆ-ਪ੍ਰੇਮੀ ਤੇ ਕਵੀ ਸਨ। ਉਨ੍ਹਾਂ ਦੇ ਦਿਲ ਵਿਚ ਸਾਹਿੱਤਿਕ ਵਿਕਾਸ ਦਾ ਡਾਢਾ ਸ਼ੌਕ ਸੀ। ਜੋ ਕੰਮ ਉਨ੍ਹਾਂ ਆਪਣੇ ਰਾਜ ਸਮੇਂ ਕੀਤਾ, ਉਹ ਸੱਚਮੁੱਚ ਬੇਮਿਸਾਲ ਹੈ। ਨਿਰਮਲੇ ਸਾਧੂਆਂ ਦੀ ਮੰਡਲੀ ਬੁਲਾ ਕੇ ਧਾਰਮਿਕ ਤੇ ਸਾਹਿੱਤਿਕ ਚਰਚਾ ਕਰਨੀ ਕਰਾਉਣੀ ਆਪ ਦਾ ਸ਼ੌਕ ਸੀ। ਇਨ੍ਹਾਂ ਨੇ ਹੀ 1861 ਈਸਵੀ ਵਿਚ ਅੱਸੀ ਹਜ਼ਾਰ ਰੁਪਿਆ ਨਕਦ ਦੇ ਕੇ ਨਿਰਮਲੇ ਵਿਦਵਾਨਾਂ ਦੀ ਕੇਂਦਰੀ ਜਥੇਬੰਦੀ 'ਧਰਮਧੁਜਾ' ਪਟਿਆਲੇ ਸਥਾਪਨ ਕਰਵਾਈ ਸੀ।

ਨਿਰੋਲ ਸਾਹਿੱਤਿਕ ਵਿਕਾਸ ਲਈ ਜੋ ਉਨ੍ਹਾਂ ਉਪਰਾਲੇ ਕੀਤੇ, ਉਨ੍ਹਾਂ ਵਿੱਚੋਂ ਪਹਿਲਾ ਇਹ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਦੁਆਰਾ ਅਨੁਵਾਦਿਤ ਮਹਾਂਭਾਰਤ ਦੇ ਮਿਲਦੇ ਹਿੱਸੇ ਇਕੱਤਰ ਕੀਤੇ, ਜਿਵੇਂ ਕਿ 'ਸਭਾ ਪਰਬ' (ਅੰਮ੍ਰਿਤ ਰਾਇ), *ਕਰਣ ਪਰਬ* (ਹੰਸਰਾਮ), *ਸ਼ਲਯ ਪਰਬ* (ਮੰਗਲ), *ਦ੍ਰੋਣ ਪਰਬ* (ਕੁਵਰੇਸ਼) ਇਸ ਤੋਂ ਇਲਾਵਾ ਕੁਝ ਹੋਰ ਪਰਬ ਵੀ ਸੰਕਲਿਤ ਕੀਤੇ ਅਤੇ ਜੋ ਪਰਬ ਪ੍ਰਾਪਤ ਨਹੀਂ ਸਨ, ਉਨ੍ਹਾਂ ਦਾ ਉਚੇਚਾ ਅਨੁਵਾਦ ਕਰਾ ਕੇ ਇਸ ਨਾਲ ਜੋੜਿਆ ਤੇ *ਮਹਾਂਭਾਰਤ* ਨੂੰ ਸੰਪੂਰਣ ਕੀਤਾ। ਇਹ ਇਕ ਲੰਮੀ ਯੋਜਨਾ ਸੀ, ਜਿਸ ਨੂੰ ਦੇਵੀ ਦਿੱਤਾ, ਉਮਾ ਦਿੱਤਾ, ਭਵਾਨੀ ਦਾਸ ਤੇ ਨਿਹਾਲ ਆਦਿ ਕਵੀਆਂ ਨੇ ਪੂਰਿਆਂ ਕੀਤਾ। ਮਹਾਰਾਜਾ ਮਹਿੰਦਰ ਸਿੰਘ ਦੇ ਸਮੇਂ ਪੰਡਤ ਬਸੰਤ ਸਿੰਘ ਰਿਤੂਰਾਜ ਨੇ *ਭੀਸ਼ਮ ਪਰਬ* ਤੇ ਮੋਹਰ ਸਿੰਘ ਨੇ *ਆਰਣਯ ਪਰਬ* ਦਾ ਅਨੁਵਾਦ ਕੀਤਾ।

ਇਸ ਮਹਾਨ ਯੋਜਨਾ ਤੋਂ ਪਤਾ ਲੱਗਦਾ ਹੈ ਕਿ ਪਟਿਆਲਾ ਰਾਜ ਦੀ ਸਾਹਿੱਤਿਕ ਲਗਨ ਕਿਤਨੀ ਡੂੰਘੀ ਸੀ। ਇਸ ਤੋਂ ਇਲਾਵਾ ਕਈ ਹੋਰ ਚੀਜ਼ਾਂ ਦੇ ਅਨੁਵਾਦ ਵੀ ਹੋਏ, ਜਿਵੇਂ ਕਿ *ਮਨੂ ਸਿੰਮ੍ਰਿਤੀ* ਦਾ ਅਨੁਵਾਦ *ਮਨ ਮਾਨਸਪ੍ਰਵਾਹ* ਕ੍ਰਿਤ ਸਾਹਿਬ

ਸਿੰਘ, *ਲਘੂ ਸਿਧਾਂਤ ਕੌਮਦੀ ਭਾਖਾ* (ਸ਼ਬਦ ਕੁਮਦ ਕਲਾਨਿਧਿ) *ਇਲਾਕੁਲ ਮੁਹਸਨੀ* ਦਾ ਤਰਜਮਾ ਰਾਮ ਸਿੰਘ ਪੰਜਾਬੀ ਕ੍ਰਿਤ *ਸੁਨੀਤਿ ਪ੍ਰਕਾਸ਼* ਹੈ ਤੇ *ਫੀਲਨਾਮੇ* ਦਾ ਤਰਜਮਾ *ਦੁਰਦ ਦਰਪਣ* ਹੈ। ਰਾਮ ਨਾਰਾਇਣ ਬੰਨਾ ਨੇ *ਧਨੁਰ ਵੇਦ* ਦਾ ਉਲਥਾ ਕੀਤਾ ਜੋ ਸੂਰਬੀਰਤਾ ਤੇ ਸ਼ਸਤ੍ਰ ਵਿੱਦਿਆ 'ਤੇ ਰੋਸ਼ਨੀ ਪਾਉਂਦਾ ਹੈ। ਸੁਜਾਨ ਸਿੰਘ ਨੇ *ਰਾਜ ਤਰੰਗਣੀ* ਤੇ ਜਯ ਸਿੰਘ ਸੈਣੀ ਨੇ *ਭੂਪ ਭੂਖਣ* ਲਿਖਿਆ। ਭਗਵਾਨ ਸਿੰਘ ਬਨੂੜੀ ਦੀ ਇਤਿਹਾਸਕ ਪੁਸਤਕ *ਰਾਜਨਾਮਾ ਸਿੱਧੂਆਂ* ਵਰਣਨਯੋਗ ਹੈ। ਬਾਵਾ ਰਾਮਦਾਸ ਉਦਾਸੀ ਸੰਪ੍ਰਦਾ ਦੇ ਦੀਵਾਨੇ ਸਾਧੂ ਸਨ। ਇਨ੍ਹਾਂ ਦਾ ਛੰਦ-ਸ਼ਾਸਤ੍ਰ ਬਾਰੇ *ਗਣ ਪ੍ਰਸਤਾਰ ਪ੍ਰਕਾਸ਼* ਬਾਣੀ ਦਾ ਮਹਾਨ ਉੱਤਮ ਗ੍ਰੰਥ ਹੈ। ਇਨ੍ਹਾਂ ਦੇ ਹੀ ਚੇਲੇ ਪੰਡਤ ਬਸੰਤ ਸਿੰਘ ਰਿਤੂ ਰਾਜ (1883-1881 ਈ:) ਦੀ *ਬਸੰਤ ਸਤਸਈ* ਇਕ ਪ੍ਰਸਿੱਧ ਮੌਲਿਕ ਰਚਨਾ ਹੈ। ਇਹ ਸੰਸਕ੍ਰਿਤ ਫ਼ਾਰਸੀ ਦੇ ਵਿਦਵਾਨ ਸਨ, ਇਸ ਲਈ ਇਨ੍ਹਾਂ *ਬੋਸਤਾਂ* (ਬਸੰਤ ਵਿਨੋਦ), *ਗੁਲਿਸਤਾਂ* (ਬਸੰਤ ਬਹਾਰ), *ਪੰਦਨਾਮਾ* (ਸਿਖਾਵਨ ਸਾਰ ਨੀਤਿ) ਤੇ *ਚਾਣਿਕ ਚੰਦ੍ਰਿਕਾ* (ਮੁਦ੍ਰਾ ਰਾਖ਼ਸ਼) ਆਦਿ ਦਾ ਅਨੁਵਾਦ ਕੀਤਾ। ਸੰਤ ਮੰਗਲ ਸਿੰਘ ਜਯੋਤਸ਼ੀ ਕ੍ਰਿਤ *ਗਣ ਪ੍ਰਸਤਾਰ ਚੰਦ੍ਰਿਕਾ* ਤੇ *ਮਹੂਰਤ ਚੰਦ੍ਰਿਕਾ* ਰਚਨਾਵਾਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ।

ਮਹਾਰਾਜਾ ਮਹਿੰਦਰ ਸਿੰਘ (1852-1876 ਈ:) ਆਪਣੇ ਪਿਤਾ ਮਹਾਰਾਜਾ ਨਰਿੰਦਰ ਸਿੰਘ ਵਾਂਗ ਅਤਿਅੰਤ ਵਿਦਿਆ-ਪ੍ਰੇਮੀ ਸਨ। ਇਨ੍ਹਾਂ ਜਿਥੇ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਸਥਾਪਨਾ ਲਈ ਸੱਤਰ ਹਜ਼ਾਰ ਰੁਪਿਆ ਦਾਨ ਦਿੱਤਾ ਸੀ, ਉਥੇ 1875 ਈ: ਵਿਚ ਮਹਿੰਦਰਾ ਕਾਲਜ, ਪਟਿਆਲਾ ਕਾਇਮ ਕਰਨਾ ਵੀ ਇਨ੍ਹਾਂ ਦੀ ਹੀ ਹਿੰਮਤ ਦਾ ਨਤੀਜਾ ਸੀ ਜੋ ਕਿ ਉਦੋਂ ਕਲਕੱਤਾ ਯੂਨੀਵਰਸਿਟੀ ਨਾਲ ਸੰਬੰਧਿਤ ਸੀ। ਮਹਾਰਾਜਾ ਰਾਜਿੰਦਰ ਸਿੰਘ (1872-1900 ਈ:) ਸਮੇਂ ਪੰਡਿਤ ਤਾਰਾ ਸਿੰਘ ਨਰੋਤਮ ਮਹਾਨ ਵਿਦਵਾਨ ਹੋਏ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅੱਖਰਵਾਰ ਕੋਸ਼ *ਗੁਰੂ ਗਿਰਾਰਥ ਕੋਸ਼* 1889 ਈ: ਵਿਚ ਤਿਆਰ ਕੀਤਾ ਅਤੇ ਗੁਰਮਤਿ ਦੇ ਦਾਰਸ਼ਨਿਕ ਅਧਿਐਨ ਬਾਰੇ *ਗੁਰਮਤਿ ਨਿਰਣਯ ਸਾਗਰ* ਵਰਗੀ ਸ਼ਾਸਤ੍ਰੀ ਰਚਨਾ ਰਚੀ। ਗਿਆਨੀ ਗਿਆਨ ਸਿੰਘ ਜੀ ਆਪ ਦੇ ਹੀ ਚੇਲੇ ਸਨ, ਜਿਨ੍ਹਾਂ *ਪੰਥ ਪ੍ਰਕਾਸ਼* ਤੇ *ਤ੍ਵਾਰੀਖ਼ ਗੁਰੂ ਖ਼ਾਲਸਾ* ਜਿਹੀਆਂ ਬੇਮਿਸਾਲ ਰਚਨਾਵਾਂ ਰਚ ਕੇ ਪੰਜਾਬੀ ਦੀ ਭਾਰੀ ਇਤਿਹਾਸਕ ਸੇਵਾ ਕੀਤੀ।

ਮਹਾਰਾਜਾ ਭੁਪਿੰਦਰ ਸਿੰਘ ਭਾਵੇਂ ਵਧੇਰੇ ਰਾਜਨੀਤਿਕ ਮੈਦਾਨ ਦੇ ਖਿਲਾੜੀ ਸਨ ਅਤੇ ਉਨ੍ਹਾਂ ਪਟਿਆਲੇ ਦੀ ਮਹਿਮਾ ਕਈ ਖੇਤਰਾਂ ਵੱਲ ਵਧਾਈ, ਖ਼ਾਸ ਕਰਕੇ ਪੰਜਾਬੀ ਦੀ ਬਿਰਧੀ ਲਈ ਉਨ੍ਹਾਂ ਬੜੇ ਹੀ ਸ਼ਲਾਘਾਯੋਗ ਕਦਮ ਉਠਾਏ। ਇਹ ਸ਼ਾਇਦ ਰਾਜ-ਪ੍ਰਬੰਧਕ ਖੇਤਰ ਵਿਚ ਪਹਿਲੀ ਗੱਲ ਸੀ ਕਿ 29 ਮਈ 1910 ਈ: ਤੋਂ *ਪਟਿਆਲਾ ਗਜ਼ਟ* ਪੰਜਾਬੀ ਵਿਚ ਪ੍ਰਕਾਸ਼ਿਤ ਹੋਣ ਲੱਗਾ। ਮਹਾਰਾਜਾ ਨੇ 24 ਅਪ੍ਰੈਲ 1911 ਈ: ਨੂੰ ਪੰਜਾਬੀ ਨੂੰ ਅਦਾਲਤੀ ਜ਼ਬਾਨ ਬਣਾਉਣ ਦਾ ਐਲਾਨ ਕੀਤਾ। ਇਸ ਲਈ ਮੈਦਾਨ ਤਿਆਰ ਕਰਨ ਵਿਚ ਬਰਨਾਲੇ ਦੇ ਨਾਜ਼ਮ ਸ਼ੰਕਰ ਦਿਆਲ ਦਾ ਤਕੜਾ ਹੱਥ ਸੀ। ਇਹ ਵੀ ਆਪ ਦੀ ਹੀ ਹਿੰਮਤ ਦਾ ਸਿੱਟਾ ਸੀ ਕਿ ਆਪ ਨੇ ਰਾਮਿੰਗਟਨ

ਵਾਲਿਆਂ ਤੋਂ ਪਹਿਲੇ ਪਹਿਲ ਪੰਜਾਬੀ ਦੀ 'ਭੁਪਿੰਦਰਾ ਟਾਈਪ ਰਾਈਟਰ' ਤਿਆਰ ਕਰਵਾਈ।

ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਜੈਸੇ ਮਹਾਨ ਉੱਤਮ ਖੋਜ-ਗ੍ਰੰਥ ਨੂੰ ਸੱਤਰ ਹਜ਼ਾਰ ਰੁਪਿਆ ਖ਼ਰਚ ਕਰ ਕੇ ਆਰਟ ਪੇਪਰ 'ਤੇ ਪ੍ਰਕਾਸ਼ਤ ਕਰਾਉਣਾ ਆਪ ਦੇ ਹੀ ਦਾਨੀ ਸੁਭਾਅ ਦਾ ਸੁੰਦਰ ਸਿੱਟਾ ਸੀ। ਗਿਆਨੀ ਗਿਆਨ ਸਿੰਘ ਜੀ ਦੀਆਂ ਅਨੇਕ ਪੁਸਤਕਾਂ ਆਪ ਨੇ ਸਰਕਾਰੀ ਪ੍ਰੈੱਸ ਵਿਚ ਛਪਵਾਈਆਂ ਅਤੇ ਮੌਲਾ ਬਖ਼ਸ਼ ਕੁਸ਼ਤਾ, ਫ਼ੀਰੋਜ਼ਦੀਨ ਸ਼ਰਫ਼ ਤੇ ਚਰਨ ਸਿੰਘ ਸ਼ਹੀਦ ਆਦਿ ਕਈ ਸਾਹਿੱਤਕਾਰਾਂ ਦੀ ਮਾਲੀ ਇਮਦਾਦ ਵੀ ਕੀਤੀ। 'ਪੰਜਾਬੀ ਸਭਾ' ਵੱਲੋਂ ਸ਼ਿਮਲੇ ਕੀਤੇ ਕਵੀ ਦਰਬਾਰਾਂ ਦੀ ਸ਼ਾਨ ਸ਼ੌਕਤ ਵਿਚ ਮਹਾਰਾਜੇ ਦਾ ਵਿਸ਼ੇਸ਼ ਹੱਥ ਹੁੰਦਾ ਸੀ।

ਇਹ ਅਸੀਂ ਪਟਿਆਲਾ ਰਾਜਵੰਸ ਵੱਲੋਂ ਸਾਹਿਤਿਕ ਪ੍ਰਗਤੀ ਲਈ ਕੀਤੇ ਜਤਨਾਂ 'ਤੇ ਪੰਛੀ-ਝਾਤ ਪੁਆਈ ਹੈ। ਇਨ੍ਹਾਂ ਦਰਬਾਰੀ ਕਵੀਆਂ ਵਿਚੋਂ ਕਈ ਐਸੇ ਵੀ ਸਨ, ਜਿਨ੍ਹਾਂ ਪੰਜਾਬੀ ਕਾਵਿ-ਰਚਨਾ ਕੀਤੀ ਜਾਂ ਫਿਰ ਚੰਗੀਆਂ ਪੁਸਤਕਾਂ ਦੇ ਪੰਜਾਬੀ ਅਨੁਵਾਦ ਕੀਤੇ। ਦਰਅਸਲ ਅਠਾਰ੍ਹਵੀਂ-ਉੱਨ੍ਹੀਵੀਂ ਸਦੀ ਵਿਚ ਉੱਤਰੀ ਭਾਰਤ ਦੀ ਸਾਹਿੱਤਕ ਭਾਸ਼ਾ-ਬ੍ਰਿਜ ਭਾਸ਼ਾ ਰਹੀ ਹੈ ਤੇ ਇਸ ਤੋਂ ਪਹਿਲਾਂ ਸਾਧੂ-ਭਾਸ਼ਾ ਦਾ ਜ਼ੋਰ ਸੀ। ਪੰਜਾਬ ਵਿਚ ਪਹਿਲੇ ਸਾਧੂ ਭਾਖਾ ਵੀ ਵਰਤੀ ਜਾਂਦੀ ਰਹੀ ਤੇ ਪਿੱਛੋਂ ਦੇਸ਼-ਵਿਆਪੀ ਪ੍ਰਭਾਵ ਕਾਰਨ ਬ੍ਰਿਜ ਭਾਸ਼ਾ ਦਾ ਵੀ ਜ਼ੋਰ ਰਿਹਾ। ਉਸ ਸਮੇਂ ਬ੍ਰਿਜ ਭਾਸ਼ਾ ਵਿਚ ਰਚਨਾ ਕਰਨਾ ਹੀ ਸਾਹਿੱਤਕਾਰੀ ਦਾ ਪ੍ਰਮਾਣ ਸੀ, ਇਸ ਕਰਕੇ ਸੰਸਕ੍ਰਿਤ ਵਿਚ ਸਨਾਤਨ ਵਿੱਦਿਆ ਪ੍ਰਾਪਤ ਕਰ ਕੇ ਹਰ ਕੋਈ ਬ੍ਰਿਜ ਭਾਖਾ ਵਿਚ ਹੀ ਤਬ੍ਹਾ ਅਜ਼ਮਾਈ ਕਰਦਾ ਸੀ। ਪਰ ਕੁਝ ਕੁ ਐਸੇ ਲੋਕ ਵੀ ਸਨ, ਜੋ ਆਪਣੀ ਮਾਤ-ਬੋਲੀ ਵਿਚ ਵੀ ਦਿਲ ਦੇ ਉਦਗਾਰ ਪ੍ਰਗਟਾ ਕੇ ਪ੍ਰਸੰਨ ਹੁੰਦੇ ਸਨ। ਪਟਿਆਲਾ ਦਰਬਾਰ ਦੇ ਕਈ ਕਵੀ ਐਸੇ ਸਨ, ਜਿਨ੍ਹਾਂ ਸਮੇਂ-ਸਮੇਂ ਪੰਜਾਬੀ ਰਚਨਾ ਰਚੀ। ਇਸ ਤੋਂ ਪਹਿਲਾਂ ਘੁੜਾਮ ਨਿਵਾਸੀ ਫ਼ਕੀਰ ਸ਼ਾਹ ਮੀਰਾਂ ਭੀਖਨ ਸ਼ਾਹ (1625-1709 ਈ:) ਦੀ ਸੀਹਰਫ਼ੀ ਦੱਸਦੀ ਹੈ ਕਿ ਇਥੇ ਚੰਗੀ ਸਾਹਿੱਤਿਕ-ਪਰੰਪਰਾ ਮੌਜੂਦ ਸੀ। ਹੁਣ ਇਥੇ ਕੁਝ ਕੁ ਭੁੱਲੇ-ਵਿਸਰੇ ਕਵੀਆਂ ਦਾ ਚਰਚਾ ਕਰਨਾ ਜ਼ਰੂਰੀ ਹੈ।

1. ਕੇਸਵਦਾਸ

ਕੇਸਵਦਾਸ ਸ਼ਾਇਦ ਰਾਜਾ ਅਮਰ ਸਿੰਘ ਦਾ ਦਰਬਾਰੀ ਕਵੀ ਸੀ। ਉਸ ਨੇ ਮਹਾਰਾਜੇ ਦੀ 1774 ਈ: ਵਿਚ ਭੱਟੀਆਂ ਉੱਤੇ ਫ਼ਤਹਿ ਪਾਉਣ ਦੀ ਬੀਰ-ਗਾਥਾ ਲਿਖੀ ਹੈ। ਇਹ ਹੈ ਤਾਂ ਹਿੰਦੀ ਰਚਨਾ ਪਰ ਵਿਚ ਵਿਚ ਪੰਜਾਬੀ ਪਉੜੀਆਂ ਵੀ ਦਿੱਤੀਆਂ ਹਨ ਤੇ ਪਉੜੀਆਂ ਨੂੰ 'ਬਾਰ ਛੰਦ' ਕਿਹਾ ਹੈ, ਜਿਸ ਦਾ ਭਾਵ ਹੈ ਵਾਰ, ਅਰਥਾਤ ਜੰਗੀ ਕਥਾ ਵਿਚ ਵਰਤਿਆ ਜਾਣ ਵਾਲਾ ਛੰਦ। ਨਮੂਨਾ ਇਉਂ ਹੈ:

ਬਾਰ ਛੰਦ

ਚਤੁਰ ਰਾਮ ਨੂੰ ਸੱਦ ਕੇ, ਸੁਭ ਜੋਗ ਦਿਖਾਇਆ।
ਘੋੜਾਂ ਤੇ ਚੜ੍ਹਿ ਚਲਿਆ, ਸਤਿਗੁਰੂ ਮਨਾਇਆ।

ਚਮੂੰ ਚਲੀ ਚਤੁਰੰਗਨੀ, ਕਿਨੀ ਅੰਤੁ ਨ ਪਾਇਆ।
ਘੋਰਨ ਕੀ ਖੁਰ ਤਾਲ ਸੋਂ, ਸੂਰਜ ਰਜ ਛਾਇਆ।
ਕੁਲ ਬੰਸ ਘਰ ਰਾਜ ਥਿਰ, ਸਭ ਜਗ ਸੁਖ ਪਾਇਆ।
ਅਮਰ ਸਿੰਘ ਰਾਜਾ ਸੁਭਟ, ਹੁਣ ਦ੍ਰਿਢ ਹ੍ਵੈ ਆਇਆ।
ਓਥੇ ਕੀਤੀ ਸਾਖਤੀ, ਤਾਜੀ ਪਿੰਡ ਬਾਇਆ।
ਚੜ੍ਹ ਕੇ ਚਲਿਆ ਸੂਰਮਾ, ਕਹੀਂ ਨਹੀਂ ਠਹਿਰਾਇਆ।
ਮਾਨੋ ਕੁੰਭਜ ਸੁ ਕੋਪ ਕੈ, ਨਿਧਿ ਸੋਖਨ ਧਾਇਆ।[2]
ਰਾਜਨ ਪਤੀ ਰਾਜਾ ਬਲੀ, ਆ ਮੁਲਕ ਛਾਇਆ।12।
ਅਮਰ ਸਿੰਘ ਦੀ ਤੇਗ ਨੇ, ਕੁਲ ਆਲਮ ਜਾਣੇ।
ਜਿਸ ਨੇ ਦੁਸ਼ਮਨ ਬਸ ਕਰੇ, ਕੋਈ ਤਾਬ ਨ ਆਣੇ।
ਰਾਜ ਕਾਜ ਭੁਜ ਬਲ ਕੀਓ, ਜਗ ਕਿੱਤਿ ਬਖਾਣੇ।
ਨਿਆਵ ਕਰੇ ਅਤਿ ਨੀਤੀ ਕਰ, ਦੁਧ ਪਾਣੀ ਛਾਣੇ।
ਜ਼ਾਲਮ ਕੋਇ ਨ ਛੱਡਿਆ, ਜਿਨ ਆਪਣੇ ਜਾਣੇ।
ਲੱਥੇ ਪੈਦਲ ਬਲ ਸਹਿਤ ਹੁਣ ਸ਼ਹਿਰ ਛੁਹਾਣੇ[3] ।161। *(ਜੰਗਨਾਮਾ)*

ਇਨ੍ਹਾਂ ਪਉੜੀਆਂ ਤੋਂ ਪਤਾ ਚੱਲਦਾ ਹੈ ਕਿ ਉਸ ਸਮੇਂ ਬੀਰ-ਗਾਥਾ ਦੀ ਰਚਨਾ ਕਰਨ ਲਈ ਪੰਜਾਬੀ ਕਾਵਿ-ਰੂਪ 'ਵਾਰ' ਦਾ ਪ੍ਰਯੋਗ ਲਾਜ਼ਮੀ ਚੀਜ਼ ਸੀ ਤੇ ਹਿੰਦੀ ਕਵੀ ਵੀ ਇਸ ਦੀ ਵਰਤੋਂ ਕਰਨਾ ਜ਼ਰੂਰੀ ਸਮਝਦੇ ਸਨ। ਜੋ ਦਰਬਾਰੀ ਢਾਡੀ ਜਾਂ ਰਬਾਬੀ ਜ਼ਬਾਨੀ ਵਾਰਾਂ ਗਾ ਕੇ ਸੁਣਾਉਂਦੇ ਹੋਣਗੇ, ਉਹ ਤਾਂ ਸਾਡੇ ਪਾਸ ਨਹੀਂ ਪਰ ਇਸ ਪਰੰਪਰਾ ਤੋਂ ਉਨ੍ਹਾਂ ਦੀ ਹੋਂਦ ਜ਼ਰੂਰ ਪ੍ਰਤੀਤ ਹੁੰਦੀ ਹੈ।

2. ਬੀਰ ਸਿੰਘ 'ਬੱਲ'

ਮਹਾਰਾਜਾ ਕਰਮ ਸਿੰਘ ਦੇ ਜ਼ਮਾਨੇ (1813-1845 ਈ:) ਭਾਈ ਬੀਰ ਸਿੰਘ ਬੱਲ ਇਕ ਹੋਰ ਉੱਘਾ ਕਵੀ ਹੋਇਆ, ਜਿਸ ਨੇ *ਗੁਰਕੀਰਤਿ ਪ੍ਰਕਾਸ਼* (1824 ਈ:) ਤੇ *ਸਿੰਘ ਸਾਗਰ* (1827 ਈ:) ਵਰਗੇ ਇਤਿਹਾਸਕ ਕਾਵਿ-ਗ੍ਰੰਥਾਂ ਦੀ ਰਚਨਾ ਕਰਨ ਤੋਂ ਇਲਾਵਾ ਇਥੇ ਪਹਿਲੇ ਪਹਿਲ ਕਿੱਸਾ ਹੀਰ ਰਾਂਝਾ 1812 ਈ: ਵਿਚ ਰਚਿਆ ਤੇ 1836 ਈ: ਵਿਚ ਇਸ ਦਾ ਖਰੜਾ ਲਿਖਿਆ। ਇਸ 'ਤੇ ਸਿਰਲੇਖ ਹੈ:

ਹੀਰ ਵੀਰ ਸਿੰਘ ਕਵੀਸ਼ਰ ਕੀ

ਇਸ ਕਿੱਸੇ ਦੇ ਕੁੱਲ ਛੰਦ 285 ਹਨ ਤੇ ਬੋਲੀ ਠੇਠ ਪੰਜਾਬੀ ਹੈ। ਛੰਦ ਝੂਲਣਾ ਹੈ ਜੋ ਅੱਜ ਬੈਂਤ ਕਰਕੇ ਪ੍ਰਸਿੱਧ ਹੈ। ਕਵੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲਾਚਰਣ ਕਰ ਕੇ ਹੀਰ ਦਾ ਕਿੱਸਾ ਸ਼ੁਰੂ ਕਰਦਾ ਹੈ। ਮਲੂਮ ਇਹ ਹੁੰਦਾ ਹੈ ਕਿ ਉਮਰ ਦੇ ਮੁੱਢਲੇ

---

1. ਫ਼ੌਜ।
2. ਮਾਨੋ ਅਗਸਤ ਮੁਨੀ ਸਮੁੰਦਰ ਨੂੰ ਸੁਕਾਉਣ ਚੱਲਿਆ ਹੈ।
3. ਭਾਵ ਟਹਾਣੇ ਤੋਂ ਹੈ।

ਸਮੇਂ ਵਿਚ ਕਵੀ ਨੇ ਇਹ ਕਿੱਸਾ ਲਿਖਿਆ, ਇਸੇ ਕਰਕੇ ਇਸ ਵਿਚ ਬਹੁਤੀ ਕਾਵਿ-ਪ੍ਰਭੁਤਾ ਦਿਖਾਈ ਨਹੀਂ ਦਿੰਦੀ। ਛੰਦ ਦੀ ਬੰਦਸ਼ ਵੀ ਢਿੱਲੀ ਹੈ, ਪਰ ਇਸ ਦੇ ਮੁਕਾਬਲੇ 'ਤੇ ਜੋ ਇਸ ਕਵੀ ਦਾ *ਬਾਰਾਂਮਾਹ* ਮਿਲਦਾ ਹੈ, ਉਹ ਬਹੁਤ ਹੀ ਵਧੀਆ ਤੇ ਪੰਜਾਬੀ ਦੀ ਕਲਾਸੀਕਲ ਰਚਨਾ ਹੈ। ਹੀਰ ਦੇ ਮੁੱਢਲੀ ਰਚਨਾ ਹੋਣ ਬਾਰੇ ਕਵੀ ਖ਼ੁਦ ਹੀ ਲਿਖਦਾ ਹੈ:

ਵੀਰ ਸਿੰਘ ਗੋਬਿੰਦ ਸਿੰਘ ਪਾਤਸ਼ਾਹ ਨੇ, ਹਥ ਜੋੜਿ ਮੈਂ ਸੀਸ ਨਿਵਾਇ ਭਾਈ।
ਕਥੀ ਠਾਰਾਂ ਸੈ ਸਾਲ ਉਣੱਤਰੇ ਮੈਂ, ਲਿਖੀ ਆਣ ਤ੍ਰਿਨਵੇਂ ਸਾਲ ਭਾਈ।
ਅਸੂ ਵਦੀ ਥਿਤ ਤੀਜ ਸ਼ੁਭ ਵਾਰ ਮੰਗਲ, ਲਿਖੀ ਸ਼ਹਿਰ ਪਟਿਆਲੇ ਸੁਧਾਇ ਭਾਈ।
ਪਢੇ ਰਾਂਝੇ ਤੇ ਹੀਰ ਦਾ ਪ੍ਰੇਮ-ਕਿੱਸਾ, ਤਾਂ ਕੋ ਹੋਇ ਸ੍ਰੀ ਰਾਮ ਸਹਾਇ ਭਾਈ।285।

ਕਵੀ ਗੱਲ ਦੀ ਬਲ ਬਲ ਜਾਣ ਵਾਲੀ ਵਧੀਆ ਰਚਨਾ *ਪੰਜਾਬੀ ਬਾਰਾਂਮਾਹ* ਹੈ ਜੋ ਕਿ ਧਾਰਮਿਕ ਰੋਮਾਂਸ ਨਾਲ ਭਰਪੂਰ ਹੈ:

ਚੜ੍ਹੇ ਵਿਸਾਖ ਵਰਸ ਨਹੀਂ ਜਾਂਦਾ। ਦਹਦਿਸਿ ਵੇਖਾਂ ਪੰਥ ਗੁਰਾਂ ਦਾ।
ਕੂੰਜਾਂ ਵਾਂਙ ਫਿਰਾਂ ਕੁਰਲਾਂਦਾ। ਮੇਲੀ ਮਹਿਰਮ ਕਾਰ ਦਿਲਾਂ ਦਾ।
ਪਲ ਪਲ ਬੀਤੇ ਸੋ ਵਰ੍ਹਿਆਂ ਦਾ। ਬਿਨ ਗੋਬਿੰਦ ਸਿੰਘ ਮੈਂ ਮਰ ਜਾਂਦਾ, ਘੜੀ ਨ ਜੀਂਵਦਾ।
ਆਵੀਂ ਸ੍ਰੀ ਅਨੰਦਪੁਰ ਬਾਸੀ। ਸੋਢੀ ਸਾਹਬ ਪਰਮ ਬਿਲਾਸੀ।
ਤੇਰੀ ਘਟ ਘਟ ਜੋਤਿ ਪ੍ਰਕਾਸ਼ੀ। ਝੰਡੇ ਝੂਲ ਧੁਜਾ ਫਹਿਰਾਸੀ।
ਬਾਗੀਂ ਕੋਇਲ ਸ਼ਬਦ ਸੁਹਾਸੀ। ਤੁਧ ਬਿਨ ਕਵਿ ਸਿੰਘ ਮਰਿ ਜਾਸੀ, ਹੁਣ ਬਿਖ ਪੀਂਵਦਾ।

ਇਸ ਕਵੀ ਦਾ ਦੂਜਾ *ਬਾਰਾਂਮਾਹ ਗੁਰੂ ਗੋਬਿੰਦ ਸਿੰਘ* ਵਧੇਰੇ ਪ੍ਰਸਿੱਧ ਰਿਹਾ ਹੈ ਅਤੇ ਇਸ ਨੂੰ *ਜੰਗਨਾਮਾ* ਵੀ ਕਿਹਾ ਗਿਆ ਹੈ। ਕਵੀ ਨੇ ਭਾਵੇਂ 'ਅੰਮ੍ਰਿਤਸਰ ਦੀ ਦਰਸ਼ਨ-ਲੋਚਾ' ਉੱਤੇ ਤਾਨ ਤੋੜੀ ਹੈ, ਪਰ ਸਾਰੀ ਕਵਿਤਾ ਦਾ ਪ੍ਰਵਾਹ ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਸ਼ਖ਼ਸੀਅਤ ਦੇ ਪਰਛਾਵੇਂ ਹੇਠ ਚੱਲਦਾ ਹੈ। ਕਵੀ ਨੇ ਸਿੰਘ ਸੰਗ੍ਰਾਮੀਆਂ ਦੀ ਚੜ੍ਹਦੀ ਕਲਾ ਤੇ ਪਠਾਣਾਂ ਦੀ ਢਹਿੰਦੀ ਕਲਾ ਨੂੰ ਅੱਖੀਂ ਵੇਖ ਕੇ ਇਹ ਰਚਨਾ ਰਚੀ ਲੱਗਦੀ ਹੈ, ਇਸ ਕਰਕੇ ਇਸ ਕਲਾਸੀਕਲ ਰਚਨਾ ਵਿਚ ਖ਼ਾਸ ਜਲਾਲ ਹੈ। ਉਹ ਕਹਿੰਦਾ ਵੀ ਹੈ:

ਰਣ ਵਿਚ ਗੁਰੂ ਜਿਨ੍ਹਾਂ ਦਾ ਜੀਤੇ, ਰਹਿਣ ਕਵੀਸ਼ਰ ਕਿਉਂ ਚੁਪ ਕੀਤੇ।

ਇਸ ਦਾ ਇਕ ਬੰਦ ਮੁਲਾਹਜ਼ਾ ਕਰਨਾ ਠੀਕ ਰਹੇਗਾ:

ਚੜ੍ਹਿਆ ਮਾਘ ਮਾਹ ਸੁਖ ਸਾਜੇ, ਸੂਰਜ ਉਤਰਾ ਖੰਡ ਬਿਰਾਜੇ।
ਖਪ ਗਏ ਤੁਰਕ ਭ੍ਰਿਸ਼ਟ ਨਿਲਾਜੇ, ਹੋਏ ਸਿੰਘ ਪ੍ਰਿਥਵੀ ਪਤਿ ਰਾਜੇ।
ਵੱਜਣ ਭਾਂਤ ਭਾਂਤ ਦੇ ਵਾਜੇ, ਹਸਤੀ ਝੂਲਣ ਜਿਹ ਦਰਵਾਜੇ, ਅਸੁ ਅਪਾਰ ਹੈਂ।11।

3. ਬਾਵਾ ਰਾਮਦਾਸ

ਜੈਸਾ ਕਿ ਅਸਾਂ ਪਹਿਲੇ ਕਿਹਾ ਹੈ ਕਿ ਬ੍ਰਿਜ ਭਾਸ਼ਾ ਦੇ ਸਾਹਿੱਤ ਦਾ ਵਧੇਰੇ ਜ਼ੋਰ ਸੀ। ਇਸ ਦਾ ਪਠਨ-ਪਾਠਨ ਆਮ ਹੁੰਦਾ ਸੀ। ਬਾਵਾ ਰਾਮਦਾਸ ਬੜੇ ਉੱਘੇ

ਵਿਦਵਾਨ ਸਾਧੂ ਸਨ, ਜਿਨ੍ਹਾਂ ਕਈ ਸਾਹਿੱਤਿਕ ਚੀਜ਼ਾਂ ਲਿਖੀਆਂ। ਮਹੰਤ ਚਰਨ ਦਾਸ, ਚੌਰੇ ਵਾਲਿਆਂ ਆਪ ਦੀ ਰਚਨਾਵਲੀ ਦਾ ਵੱਡਾ ਗ੍ਰੰਥ ਛਾਪ ਕੇ ਸਾਹਿੱਤ ਉੱਤੇ ਅਹਿਸਾਨ ਕੀਤਾ ਹੈ। ਇਹ ਗ੍ਰੰਥ 1802 ਈ: ਵਿਚ ਪਟਿਆਲੇ ਰਚਿਆ ਗਿਆ। ਇਸ ਗ੍ਰੰਥ ਵਿਚ ਆਪ ਦੀ ਬਾਣੀ ਅਨੇਕਾਂ ਰਾਗਾਂ ਵਿਚ ਦਰਜ ਹੈ ਤੇ ਆਪ ਨੇ ਜ਼ਿੰਦਗੀ ਦੇ ਅਨੇਕਾਂ ਪੱਖਾਂ ਉੱਤੇ ਸਬਲ ਕਲਮ ਚਲਾਈ ਹੈ। ਜ਼ਬਾਨ ਪੰਜਾਬੀ ਦੀ ਵਰਤੀ ਹੈ ਤੇ ਕੁਝ ਹਿੰਦੀ ਵੀ, ਪਰ ਆਪ ਦੇ ਬਿਆਨ ਵਿਚ ਸਪੱਸ਼ਟਤਾ ਤੇ ਨਿਰਭੈਤਾ ਹੈ। ਸਾਧੂ ਸਨ, ਪਰ ਗੁਰਦੇ ਵਾਲੇ ਬੜੀ ਦਲੇਰੀ ਨਾਲ ਗੱਲ ਕਰਦੇ ਹਨ:

ਬੇਦ ਲੋਕ ਤੇ ਬਾਹਰਾ, ਗੁਰੂ ਨਾਨਕ ਕਾ ਪੰਥ,
ਹਮ ਕਾਂਸ਼ੀ ਕਾਹੇ ਮਰੈ, ਛੋਡਿ ਗੁਰੂ ਕਾ ਗ੍ਰੰਥ।
ਹਮਰੇ ਦ੍ਰਿੜ ਬਿਸਵਾਸ ਹੈ, ਚਰਨ ਕਮਲ ਕੀ ਟੇਕ,
ਤਜੈਂ ਨ ਮਾਰਗ ਗੁਰੋਂ ਕਾ, ਜੋ ਸੁਖ ਮਿਲੈਂ ਅਨੇਕ।

ਬ੍ਰਾਹਮਣਵਾਦ ਨੇ ਸਾਡੇ ਸਮਾਜ ਉੱਤੇ ਕੈਸਾ ਨਹਿਸ਼ ਪ੍ਰਭਾਵ ਪਾਇਆ ਸੀ, ਇਸ ਦੀ ਚਰਚਾ ਕਰਦੇ ਉਹ ਨਿਝੱਕ ਹੋ ਕੇ ਕਹਿੰਦੇ ਹਨ:

ਬਹੁਤੀ ਡੋਬੀ ਬਾਮ੍ਹਣੀਂ, ਕਰਿ ਪ੍ਰਪੰਚਿ ਭਰਮਾਇ।
ਪਾਖੰਡ ਪੂਜਾ ਲਾਇਕੇ, ਪ੍ਰਭੂ ਸਿਉਂ ਦਈ ਭੁਲਾਇ।
ਸਿੰਮ੍ਰਿਤਿ ਬੇਦ ਪੁਰਾਨ ਪੜ੍ਹ, ਬਹੁਤ ਭਾਂਤ ਬਹਿਕਾਇ।
ਸੁੰਦਰ ਨਾਰੀ ਸੁਰਗ ਸੁਖ, ਇਹ ਫਾਂਸੀ ਗਲਿ ਪਾਇ।
ਥਿਤੀ ਬਾਰਾਂ ਗ੍ਰਿਹ ਨਛਤ੍ਰ, ਇਹ ਡਰਨੇ ਦਿਖਲਾਇ।
ਬਾਵਰੀਐ ਕੇ ਮਿਰਗ ਜਿਉਂ, ਸਭ ਮਾਰੀ ਜਾਲ ਫਸਾਇ।

ਮਾਝਾਂ ਬਹੁਤ ਸੁੰਦਰ ਲਿਖੀਆਂ ਹਨ। ਇਕ ਵੰਨਗੀ ਦੇਖੋ:

ਜੇ ਕੋਈ ਇਸ਼ਕੀ ਆਪ ਕਹਾਏ, ਪ੍ਰੀਤਿ ਪਿਰਮ ਸਿਉਂ ਲੋੜੇ।
ਮਸਤਕ ਕਾਟਿ ਧਰੇ ਚਰਨਾਂ ਤਲ, ਰਹੇ ਸਦਾ ਕਰ ਜੋੜੇ।
ਰਾਮਦਾਸ ਧੰਨ ਇਸ਼ਕ ਤਿਨਾਂ ਦਾ, ਜੋ ਪ੍ਰੀਤਿ ਨਿਬਾਹਨ ਤੋੜੇ।

4. ਰਾਮ ਸਿੰਘ 'ਪੰਜਾਬੀ'

ਭਾਈ ਰਾਮ ਸਿੰਘ ਪੰਜਾਬੀ ਮਹਾਰਾਜਾ ਨਰਿੰਦਰ ਸਿੰਘ ਦੇ ਜ਼ਮਾਨੇ ਇਕ ਹੋਰ ਉੱਘਾ ਕਵੀ ਹੋਇਆ ਹੈ, ਜਿਸ ਨੇ ਫ਼ੀਲਨਾਮੇ ਦਾ *ਦੂਰਦ ਦਰਪਣ* ਨਾਮ ਹੇਠ ਉਲਥਾ ਕੀਤਾ ਅਤੇ *ਅਸਪਨਾਮਾ* ਵੀ ਰਚਿਆ। ਇਸ ਕਵੀ ਦੀਆਂ ਕਈ ਸੀਹਰਫ਼ੀਆਂ ਮਿਲਦੀਆਂ ਹਨ। ਇਸ ਨੇ *ਮਿਠੜੇ ਗੋਪੀ ਕਾਨ੍ਹ ਕੇ*[1] ਲਿਖੇ ਹਨ ਜੋ ਕਿ ਕ੍ਰਿਸ਼ਨ ਜੀ ਤੇ ਗੋਪੀਆਂ ਦੇ ਪਰਸਪਰ ਤਾਹਨੇ-ਮਿਹਣਿਆਂ ਤੇ ਕਟਾਖਸ਼ਾਂ ਨੂੰ ਮਿੱਠੀਆਂ ਟਕੋਰਾਂ ਦੇ ਰੂਪ ਵਿਚ ਪੇਸ਼ ਕਰਦੇ ਹਨ। ਵੰਨਗੀ ਲਈ ਦੋ ਕਬਿੱਤ ਪੇਸ਼ ਹਨ:

1. ਵਿਸਤਾਰ ਲਈ ਦੇਖੋ, *ਪੰਜਾਬੀ ਝਗੜੇ*, ਸੰਪਾਦਕ ਪਿਆਰਾ ਸਿੰਘ ਪਦਮ।

ਕਬਿੱਤ

ਬੰਸਰੀ ਬਜੇਂਦਾ ਲਟਕੇਂਦਾ ਕੁੰਜ ਗਲੀ ਵਿਚ
ਦੇਖ ਨੀ ਦਸੌਂਧਾਂ! ਤੇਰਾ ਪੁਤ੍ਰ ਗਊਆਂ ਚਾਰਦਾ।
ਹੱਸ ਕੇ ਗੁਆਲਾਂ ਤੇ ਸਿਆਲਾਂ ਸੰਗਿ ਨੇਂਹੁ ਜੋੜਦਾ
ਜ਼ੋਰਾਵਰੀ ਜ਼ੁਲਫ ਹੀ ਕੀ ਫਾਹੀ ਹੈ ਪਸਾਰਦਾ।
ਨੈਣਾਂ ਦੀ ਮਰੋਰ ਤੇ ਕਰੋਰ ਦਿਲਦਾਰੀ ਕਰੇ
ਲਖ ਲਖ ਫੰਧੇ ਫੁੱਲ ਭੌਰਾਂ ਦੇ ਪਸਾਰਦਾ।
ਠਾਕੁਰਾਂ ਦੀ ਸਹੁੰ ਨੀ ਦਸੌਂਧਾਂ ਜੇ ਮੈਂ ਝੂਠ ਆਖਾਂ
ਰਾਮ ਸਿੰਘ ਕਾਨ੍ਹ ਜੀ ਪੈ ਜਿੰਦੜੀ ਨੂੰ ਵਾਰਦਾ।
ਕੈਨੂੰ ਦੁੱਖ ਕੂਕ ਕੇ ਸੁਣਾਵਾਂ ਅੱਜ ਦਿਲ ਦਾ ਨੀ
ਪਿੱਠ ਦੇ ਕੇ ਯਾਰ ਸਾਥੋਂ ਗਯਾ ਮੁਖ ਮੋੜਦਾ।
ਭੱਸ ਜੇਹੀ ਮਾਲਣੀ ਦੇ ਫਿਰਦਾ ਹੈ ਪਿਛੇ ਲਗਾ
ਰਾਤ ਅਤੇ ਦਿਹੋਂ ਭੇਸ ਕੀਤਾ ਫਿਰੇ ਚੋਰ ਦਾ।
ਕੇਵੜਾ, ਗੁਲਾਬ ਤੇ ਰਵੇਲ ਸੀ ਚੰਬੇਲੀ ਛਡਿ
ਅੱਕ ਸੰਦੇ ਫੁੱਲ ਉੱਤੇ, ਲੋਭੇ ਚਿਤ ਭੌਰ ਦਾ।
ਹੀਰਿਆਂ ਨੂੰ ਛੱਡ ਕੇ ਨੀ ਕੱਚ ਦਾ ਵਿਹਾਝ ਕਰੇ
ਰਾਮ ਸਿੰਘ ਲਿਖੇ ਲੇਖ ਨਾਹੀ ਕੋਈ ਮੋੜਦਾ।71।

5. ਮੋਹਰ ਸਿੰਘ

ਇਸ ਨੇ ਮਹਾਰਾਜਾ ਨਰਿੰਦਰ ਸਿੰਘ ਦੇ ਸਮੇਂ ਪਟਿਆਲਾ ਦਰਬਾਰ ਵਿਚ ਰਹਿ ਕੇ *ਸ਼ਾਂਤਿ ਪਰਬ* ਤੇ *ਆਰਣਯ ਪਰਬ* ਦਾ ਭਾਖਾਨੁਵਾਦ ਕੀਤਾ। *ਮਨੂੰ ਸਿੰਮ੍ਰਿਤੀ* ਦੇ 'ਰਾਜ ਧਰਮ ਅਧਿਆਇ' ਦਾ ਵੀ ਉਲਥਾ ਕੀਤਾ। ਪਿੱਛੋਂ ਇਹ ਵਟਾਲੇ ਮਹਾਰਾਜਾ ਸ਼ੇਰ ਸਿੰਘ ਪਾਸ ਚਲਿਆ ਗਿਆ ਤੇ ਉਥੇ ਵੈਦਕ ਗ੍ਰੰਥ *ਇੰਦ੍ਰ ਪ੍ਰਕਾਸ਼ ਨਿਘੰਟੂ* ਲਿਖਿਆ। ਇਸ ਕਵੀ ਨੇ ਪੰਜਾਬੀ ਵਿਚ ਕੁਝ ਸੀਹਰਫ਼ੀਆਂ ਲਿਖੀਆਂ ਹਨ, ਜਿਨ੍ਹਾਂ ਵਿਚ ਵੇਦਾਂਤ ਸਿਧਾਂਤ ਦਾ ਪ੍ਰਭਾਵ ਹੈ:

ਓਅੰ, ਊਣਾਂ ਨਹੀਂ ਸੱਚਾ ਸਰੂਪ ਮੇਰਾ, ਹਰ ਰੂਪ ਦੇ ਵਿਚ ਸਮਾਇਆ ਹੈ।
ਇਕੋ ਇਕ ਕਹਿ ਬੇਦ ਪੁਕਾਰਦੇ ਹੀ, ਦੂਜਾ ਕਿਸੇ ਨ ਆਖਿ ਸੁਣਾਇਆ ਹੈ।
ਨਿਰਗੁਣ ਸਰਗੁਣ ਸਰੂਪ ਹੈ ਸਦਾ ਇਕੋ, ਸੋਈ ਜਾਣਦਾ ਜਿਸੇ ਜਣਾਇਆ ਹੈ।
ਮੋਹਰ ਸਿੰਘ ਨ ਆਪ ਥੀਂ ਜੁਦਾ ਹੋਯਾ, ਤੀਨੋ ਕਾਲ ਹੀ ਸੱਚ ਸਮਾਇਆ ਹੈ।1।
ਐਨ ਅਨਿਕ ਸਿਆਣਿਆਂ ਮਤਿ ਏਹਾ, ਬਿਨਾ ਆਪ ਥੀਂ ਹੋਰ ਨਾ ਜਾਣਿਆ ਹੀ।
ਏਹੋ ਅਰਜਨ ਨੂੰ ਕ੍ਰਿਸ਼ਣ ਪੁਕਾਰ ਕਹਿਆ, ਸਰਬ ਆਪਣਾ ਆਪ ਵਖਾਣਿਆ ਹੀ।
ਸਮਝ ਇਸੇ ਨੂੰ ਅਸਲ ਮਨਸੂਰ ਹੋਯਾ, ਡਰ ਕਾਲ ਦਾ ਜਿਗਰ ਨਾ ਆਣਿਆ ਹੀ।
ਮੋਹਰ ਸਿੰਘ ਜੇ ਆਪਣਾ ਆਪ ਹੀ ਹੈ, ਕਹੋ ਕਿਸ ਨੇ ਕਉਣ ਪਛਾਣਿਆ ਹੀ।2।

ਇਹੋ ਨਹੀਂ ਕਿ ਮੋਹਰ ਸਿੰਘ ਨੇ ਕੇਵਲ ਵੇਦਾਂਤੀ ਸਾਧਾਂ ਵਾਲਾ ਗਿਆਨ ਹੀ ਛਾਂਟਿਆ ਹੈ, ਸਗੋਂ ਉਸ ਦੇ ਸਾਹਮਣੇ ਜੋ ਧਰਮ ਦੇ ਨਾਂ 'ਤੇ ਪ੍ਰਪੰਚ ਚੱਲ ਰਿਹਾ ਸੀ,

ਉਹ ਵੀ ਉਸ ਨੂੰ ਚੁੱਭਦਾ ਸੀ। ਬਾਵਜੂਦ ਰੂੜੀਵਾਦੀ ਵਾਤਾਵਰਣ ਦੇ ਉਹ ਨਿਸੰਗ ਹੋ ਕੇ ਇਸ ਪ੍ਰਪੰਚ ਦੇ ਪੜਦੇ ਪਾੜਦਾ ਹੈ:

ਖ਼ੇ ਖ਼ੁਆਰ ਕੀਤੇ ਲੋਕ ਬ੍ਰਾਹਮਣਾਂ ਨੇ, ਜੜ ਪੱਥਰ ਦੀ ਪੂਜਾ ਕਰਾਉਂਦੇ ਹੈਂ।
ਖਾਣੇ ਆਪਣੇ ਦਾ ਇਕ ਪੇਚ ਕੀਤਾ, ਥਾਲੀ ਮੁਰਦੇ ਦੇ ਨਾਂਇ ਮਣਸਾਉਂਦੇ ਹੈਂ।
ਅਜਨਮੇ ਠਾਕੁਰ ਨੂੰ ਆਖਦੇ ਜਨਮਿਆ ਹੈ, ਪੱਥਰ ਚਾੜ੍ਹ ਪੰਘੂੜਾ ਝੁਟਾਉਂਦੇ ਹੈਂ।
ਸੂਤਕ ਪਾਤਕ ਦਾ ਖਟਿਆ ਖਾਣ ਸਭੇ, ਮੋਹਰ ਸਿੰਘ ਫੇਰ ਸੁੱਚੇ ਕਹਾਉਂਦੇ ਹੈਂ।28।
ਐਨ ਅਕਲ ਨਹੀਂ ਏਨ੍ਹਾਂ ਭੇਖੀਆਂ ਨੂੰ, ਭੁੱਲ ਰੱਬ ਥੀਂ ਕਰਮ ਕਮਾਉਂਦੇ ਹੈਂ।
ਕੋਈ ਬਦਰੀ ਤੇ ਜਗਨਨਾਥ ਜਾਵੇ, ਕੋਈ ਗਯਾ ਮੇ ਪਿੰਡ ਭਰਾਉਂਦੇ ਹੈਂ।
ਕੋਈ ਪ੍ਰਾਗ ਮੇਂ ਜਾਇ ਇਸ਼ਨਾਨ ਕਰਦੇ, ਕੋਈ ਛਾਪਾ ਦੁਆਰਕਾ ਲਾਉਂਦੇ ਹੈਂ।
ਬਿਨਾਂ ਗੁਰਾਂ ਦੇ ਕਦੀ ਨ ਸ਼ਾਂਤਿ ਆਵੇ, ਮੋਹਰ ਸਿੰਘ ਏਵੇਂ ਭ੍ਰਮ ਕੇ ਜਨਮ ਗੁਆਉਂਦੇ ਹੈਂ।

ਇਹੋ ਨਹੀਂ ਕਿ ਇਸ ਨੇ ਬ੍ਰਾਹਮਣਾਂ ਦੀ ਬੁੱਤ-ਪ੍ਰਸਤੀ ਜਾਂ ਕਰਮ-ਕਾਂਡੀ ਰੀਤ ਦਾ ਵਿਰੋਧ ਕੀਤਾ ਹੈ, ਸਗੋਂ ਇਹ ਗੱਲ ਕਿਸੇ ਨਿਰਮਲੇ ਸਾਧੂ ਵਿਚ ਦੇਖੀ ਤਾਂ ਉਸ ਨੂੰ ਵੀ ਝੰਜੋੜਨ ਤੋਂ ਸੰਕੋਚ ਨਹੀਂ ਕੀਤਾ:

ਭੈ ਭ੍ਰਮ ਨ ਛੂਟਿਓ ਜ਼ਰਾ ਤੈਥੋਂ ਕਰਮ ਧਰਮ ਦਾ ਸੰਗਲ ਪਾਇਓ ਹੀ।
ਧਰਮ ਸ਼ਾਸਤ੍ਰ ਦੇ ਕਹੇ ਫਿਰੇ ਭ੍ਰਮਦਾ, ਤ੍ਰ ਨਾਉਂ ਨਿਰਮਲਾ ਕਿਉਂ ਰਖਾਇਓ ਹੀ
ਗਯਾ, ਬਦਰੀ ਜਾਇ ਖ਼ੁਆਰ ਹੋਯੋਂ, ਮੱਥਾ ਜੜ੍ਹ ਦੇ ਨਾਲ ਭਨਾਇਓ ਹੀ।
ਨਿਰਮਲ ਤੇਈ ਹੋਇ ਅਹੇ ਮੋਹਰ ਸਿੰਘਾ, ਸਰੂਪ ਆਪਣੇ ਨੂੰ ਜਿਨ ਪਾਇਓ ਹੀ।29।

ਐਸੀਆਂ ਹੋਰ ਰਚਨਾਵਾਂ ਵੀ ਹਨ ਜੋ ਅਜੇ ਛਾਪੇ ਵਿਚ ਨਹੀਂ ਆਈਆਂ। ਅਜਿਹੇ ਹੋਰ ਕਵੀ ਵੀ ਹਨ ਜੋ ਅਪ੍ਰਕਾਸ਼ਿਤ ਹਨ, ਇਸ ਪਾਸੇ ਧਿਆਨ ਦੀ ਲੋੜ ਹੈ।

ਦੋ ਸੰਸਥਾਵਾਂ

ਰਿਆਸਤੀ ਕਾਲ ਦੀਆਂ ਅਨੇਕ-ਭਾਂਤੀ ਸਾਹਿੱਤਿਕ ਪ੍ਰਾਪਤੀਆਂ ਦੱਸਦੀਆਂ ਹਨ ਕਿ ਇਹ ਜ਼ਮੀਨ ਬੜੀ ਜ਼ਰਖ਼ੇਜ਼ ਸੀ ਤੇ ਇਸੇ ਵਿਚ ਹੀ ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਜਿਹੇ ਫਲ ਫੁੱਲਦਾਰ ਵੱਡੇ ਬਿਰਛ ਲੱਗ ਸਕਦੇ ਸਨ ਤੇ ਐਸਾ ਹੋਇਆ ਵੀ; ਇਨ੍ਹਾਂ ਦੋਹਾਂ ਸੰਸਥਾਵਾਂ ਦੀਆਂ ਸਾਹਿੱਤਿਕ ਪ੍ਰਾਪਤੀਆਂ ਵਰਣਨਯੋਗ ਹਨ। ਇਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ:

(ੳ) ਭਾਸ਼ਾ ਵਿਭਾਗ : ਇਹ ਪਹਿਲੇ 'ਮਹਿਕਮਾ ਪੰਜਾਬੀ' ਨਾਮ ਹੇਠ 1949 ਈ: ਨੂੰ ਵਜੂਦ ਵਿਚ ਆਇਆ ਤੇ 1956 ਵਿਚ ਭਾਸ਼ਾ ਵਿਭਾਗ ਨਾਂ ਹੇਠ ਪ੍ਰਸਿੱਧ ਹੋਇਆ। ਇਸ ਦੇ ਬਾਨੀ ਸ: ਗਿਆਨ ਸਿੰਘ ਰਾੜੇਵਾਲਾ ਤੇ ਪ੍ਰਿੰ: ਤੇਜਾ ਸਿੰਘ ਸਨ ਤੇ ਇਸ ਵਿਉਂਤ ਨੂੰ ਸਾਕਾਰ ਕਰਨ ਵਾਲੇ ਸ: ਰਣਜੀਤ ਸਿੰਘ ਗਿੱਲ ਤੇ ਗਿਆਨੀ ਲਾਲ ਸਿੰਘ ਜੀ ਸਨ। ਵਿਭਾਗ ਦਾ ਵਿਕਾਸ-ਖੇਤਰ ਅਨੇਕ ਭਾਂਤੀ ਯੋਜਨਾਵਾਂ ਵਿਚ ਪਸਰਿਆ ਹੋਇਆ ਹੈ। ਪੰਜਾਬੀ ਕੋਸ਼-ਰਚਨਾ, ਪੰਜਾਬੀ ਵਿਸ਼ਵਕੋਸ਼, ਪੰਜਾਬੀ ਤਕਨੀਕੀ ਸ਼ਬਦਾਵਲੀ, ਦੁਰਲੱਭ ਤੇ ਅਣਛਪੀਆਂ ਰਚਨਾਵਾਂ ਦਾ ਪ੍ਰਕਾਸ਼ਨ, ਸੰਸਕ੍ਰਿਤ ਤੇ ਫ਼ਾਰਸੀ ਦੀਆਂ ਕਲਾਸੀਕਲ ਕਿਤਾਬਾਂ ਦੇ ਤਰਜਮੇ, ਹਿੰਦੀ ਤੇ ਉਰਦੂ

ਦੀਆਂ ਵਧੀਆ ਰਚਨਾਵਾਂ ਦਾ ਲਿਪੀਅੰਤਰਣ, ਪੁਰਾਤਨ ਨਗਰਾਂ ਦਾ ਸਾਹਿੱਤਿਕ ਤੇ ਸਭਿਆਚਾਰਕ ਸਰਵੇਖਣ, ਬਾਲ-ਸਾਹਿੱਤ ਦੀ ਬਿਰਧੀ, ਸ਼੍ਰੋਮਣੀ ਸਾਹਿੱਤਕਾਰਾਂ ਦਾ ਸਨਮਾਨ, ਸਰਬੋਤਮ ਸਾਹਿੱਤ ਨੂੰ ਇਨਾਮ, ਕਵੀ ਦਰਬਾਰ, ਲੇਖਕ ਗੋਸ਼ਟੀਆਂ, ਬੱਚਿਆਂ ਦੇ ਕਵਿਤਾ, ਨਾਟਕ ਤੇ ਭਾਸ਼ਨ-ਮੁਕਾਬਲੇ, ਗਰੀਬ ਲੇਖਕਾਂ ਤੇ ਲੇਖਕ ਸਭਾਵਾਂ ਨੂੰ ਮਾਲੀ ਸਹਾਇਤਾ, ਬਜ਼ੁਰਗ ਸਾਹਿੱਤਕਾਰਾਂ ਨੂੰ ਪੈਨਸ਼ਨਾਂ, ਰਾਜ-ਪ੍ਰਬੰਧ ਵਿਚ ਪੰਜਾਬੀ ਪ੍ਰਚਾਲਣ, ਸਟੈਨੋਗ੍ਰਾਫ਼ੀ ਤੇ ਟਾਈਪ-ਸਿੱਖਿਆ ਅਤੇ ਉੱਚ-ਪੱਧਰੇ ਮਾਸਕ-ਪੱਤਰਾਂ ਦਾ ਪ੍ਰਕਾਸ਼ਨ ਹੈ।

ਪੰਜਾਬੀ ਵਿਚ ਆਲੋਚਨਾਤਮਕ ਲੇਖਾਂ ਤੇ ਕਵਿਤਾ, ਕਹਾਣੀ, ਨਾਟਕ ਆਦਿ ਛਪਣ 'ਤੇ ਕੋਈ ਇਵਜ਼ਾਨਾ ਨਹੀਂ ਸੀ ਮਿਲਦਾ। ਰਸਾਲੇ ਤੇ ਅਖ਼ਬਾਰਾਂ ਵਾਲੇ ਇਹ ਕਹਿ ਕੇ ਸਾਰ ਦਿੰਦੇ ਸਨ ਕਿ ਤੁਹਾਡੀ ਮਸ਼ਹੂਰੀ ਹੋ ਰਹੀ ਹੈ। ਇਹ ਭਾਸ਼ਾ ਵਿਭਾਗ ਹੀ ਹੈ, ਜਿਸ ਨੇ ਸਾਹਿੱਤਿਕ ਕਿਰਤਾਂ ਨੂੰ ਸੇਵਾ ਫਲ ਰਾਹੀਂ ਸਨਮਾਨਣ ਦੀ ਪਿਰਤ ਪਾਈ ਤੇ ਵਿਦਵਾਨ ਲੇਖਕਾਂ ਨੂੰ ਉਤਸ਼ਾਹਿਤ ਕੀਤਾ। *ਪੰਜਾਬੀ ਦੁਨੀਆਂ* 35 ਸਾਲ ਤੋਂ ਸੈਂਕੜੇ ਕਲਮਾਂ ਨੂੰ ਤਿਆਰ ਕਰਨ ਵਿਚ ਮੋਹਰੀ ਹਿੱਸਾ ਪਾਉਂਦਾ ਆਇਆ ਹੈ ਅਤੇ ਹੁਣ ਸਿਰਜਨਾਤਮਕ ਸਾਹਿੱਤ ਦੀ ਬਿਰਧੀ ਲਈ *ਜਨ ਸਾਹਿਤ* ਵੀ ਚੰਗਾ ਰੋਲ ਅਦਾ ਕਰ ਰਿਹਾ ਹੈ।

ਹੁਣ ਤਕ ਭਾਸ਼ਾ ਵਿਭਾਗ 800 ਪੁਸਤਕਾਂ ਪ੍ਰਕਾਸ਼ਤ ਕਰ ਚੁੱਕਾ ਹੈ ਤੇ 100 ਲੇਖਕਾਂ ਤੇ ਪੱਤਰਕਾਰਾਂ ਨੂੰ ਸਨਮਾਨ ਪ੍ਰਦਾਨ ਕਰ ਚੁੱਕਾ ਹੈ। ਇਹੋ ਨਹੀਂ ਕਿ ਇਸ ਨੇ ਕੇਵਲ ਪੰਜਾਬੀ ਲੇਖਕਾਂ ਤੇ ਪੱਤਰਕਾਰਾਂ ਨੂੰ ਹੀ ਸਨਮਾਨਿਆ ਹੈ, ਸਗੋਂ ਪੰਜਾਬ ਦੇ ਹਿੰਦੀ, ਉਰਦੂ ਤੇ ਸੰਸਕ੍ਰਿਤ ਦੇ ਪ੍ਰਸਿੱਧ ਸਾਹਿੱਤਕਾਰਾਂ ਨੂੰ ਵੀ ਯੋਗ ਆਦਰ ਮਾਣ ਦੇ ਕੇ ਆਪਣਾ ਸ਼ੋਭਾ-ਖੇਤਰ ਵਧਾਇਆ ਹੈ। ਇਸ ਸਮੇਂ ਇਸ ਦਾ ਸਾਲਾਨਾ ਬਜਟ 50 ਲੱਖ ਰੁਪਏ ਦਾ ਹੈ, ਜਿਸ ਦਾ ਬਹੁਤਾ ਭਾਗ ਸਾਹਿੱਤਕ ਵਿਕਾਸ ਦੇ ਲੇਖੇ ਹੀ ਲੱਗਦਾ ਹੈ।

(ਅ) ਪੰਜਾਬੀ ਯੂਨੀਵਰਸਿਟੀ : ਯੂਨੀਵਰਸਿਟੀ ਦੀ ਸਥਾਪਨਾ 1962 ਈ: ਵਿਚ ਹੋਈ। ਇਸ ਦਾ ਮੰਤਵ ਕੇਵਲ ਉਚੇਰੀ ਵਿੱਦਿਆ ਮਾਤਰ ਨਹੀਂ, ਸਗੋਂ ਪੰਜਾਬੀ ਦਾ ਸਰਬ-ਪੱਖੀ ਵਿਕਾਸ ਕਰਨਾ ਹੈ। ਇਸ ਮੰਤਵ ਲਈ ਅਨੁਵਾਦ ਵਿਭਾਗ ਖੋਲ੍ਹਿਆ ਗਿਆ ਤਾਂ ਕਿ ਗਿਆਨ ਵਿਗਿਆਨ ਦੀਆਂ ਉੱਚ ਪੱਧਰ ਦੀਆਂ ਸੰਸਾਰ-ਪ੍ਰਸਿੱਧ ਪੁਸਤਕਾਂ ਨੂੰ ਪੰਜਾਬੀ ਵਿਚ ਲਿਆਂਦਾ ਜਾਵੇ। ਕੌਮਾਂਤਰੀ ਪੱਧਰ ਦੀ ਸੋਚ-ਪ੍ਰਣਾਲੀ ਨੂੰ ਵਿਕਸਤ ਕਰਨ ਲਈ ਜ਼ਰੂਰੀ ਸੀ ਕਿ ਇਹ ਸਾਧਨ ਪੈਦਾ ਕੀਤੇ ਜਾਂਦੇ। ਪੰਜਾਬੀ ਵਿਉਂਤ ਵਿਕਾਸ ਵਿਭਾਗ, ਪੰਜਾਬੀ ਸਾਹਿੱਤ ਅਧਿਐਨ ਵਿਭਾਗ, ਸ੍ਰੀ ਗੁਰੂ ਗ੍ਰੰਥ ਅਧਿਐਨ ਵਿਭਾਗ, ਧਰਮ ਅਧਿਐਨ ਵਿਭਾਗ, ਸਿੱਖ ਵਿਸ਼ਵ ਕੋਸ਼ ਵਿਭਾਗ, ਇਤਿਹਾਸ ਖੋਜ ਵਿਭਾਗ ਤੇ ਭਾਸ਼ਾ ਵਿਗਿਆਨ ਵਿਭਾਗ ਆਦਿ ਦੀ ਸਥਾਪਨਾ ਹੋਈ। ਇਨ੍ਹਾਂ ਵਿਭਾਗਾਂ ਨੇ ਜੋ ਕੰਮ ਕੀਤੇ, ਉਹ ਯੂਨੀਵਰਸਿਟੀ ਦੀਆਂ 500 ਤੋਂ ਉੱਤੇ ਪ੍ਰਕਾਸ਼ਨਾਂ ਤੋਂ ਪ੍ਰਗਟ ਹਨ।

ਖ਼ਾਸ ਕਰਕੇ ਯੂਨੀਵਰਸਿਟੀ ਦੇ ਸਾਹਮਣੇ ਇਹ ਅਹਿਮ ਸਵਾਲ ਸੀ ਕਿ

ਮਾਧਿਅਮ ਪਰਿਵਰਤਨ ਦੇ ਸਮੇਂ ਵਿਦਿਆਰਥੀ ਨੂੰ ਹਰ ਗਿਆਨ ਵਿਗਿਆਨ ਦੇ ਵਿਸ਼ੇ ਉੱਤੇ ਯੋਗ ਪੁਸਤਕਾਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ। ਇਸ ਮਨੋਰਥ ਨੂੰ ਲੈ ਕੇ ਗਰੈਜੁਏਟ ਤੇ ਐੱਮ.ਏ. ਪੱਧਰ ਦੀਆਂ ਸੈਂਕੜੇ ਪੁਸਤਕਾਂ ਤਿਆਰ ਕਰਵਾਈਆਂ ਗਈਆਂ ਤੇ ਅਨੇਕਾਂ ਉੱਚ ਪੱਧਰ ਦੀਆਂ ਕਿਤਾਬਾਂ ਦੇ ਅਨੁਵਾਦ ਵੀ ਕੀਤੇ ਗਏ। ਪਿਛਲੇ ਵੀਹ ਸਾਲਾਂ ਵਿਚ ਜੋ ਪ੍ਰਗਤੀ ਹੋਈ ਹੈ, ਉਹ ਕਾਫ਼ੀ ਸੰਤੋਖਜਨਕ ਹੈ ਤੇ ਇਸ ਨਾਲ ਸੱਚਮੁੱਚ ਸਾਡੇ ਗਿਆਨ-ਸਾਹਿੱਤ ਵਿਚ ਵਾਧਾ ਹੋਇਆ ਹੈ। ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਮਨਾਉਣ ਸਮੇਂ ਕਈ ਨਵੀਆਂ ਖੋਜਾਂ ਹੋਈਆਂ, ਜਿਸ ਨੇ ਪੰਜਾਬ ਦੇ ਇਤਿਹਾਸ ਨੂੰ ਨਵੀਂ ਰੋਸ਼ਨੀ ਦਿੱਤੀ ਹੈ। ਇਸ ਤਰ੍ਹਾਂ ਸਾਲਾਨਾ ਪੰਜਾਬੀ ਇਤਿਹਾਸ-ਕਾਨਫ਼ਰੰਸਾਂ ਦੀ ਲੜੀ ਸ਼ੁਰੂ ਹੈ ਤੇ ਸਾਲਾਨਾ ਪੰਜਾਬੀ ਵਿਕਾਸ-ਕਾਨਫ਼ਰੰਸਾਂ ਕਰਨ ਦਾ ਵੀ ਉੱਦਮ ਕੀਤਾ ਗਿਆ ਹੈ ਤਾਂ ਕਿ ਪੰਜਾਬੀ ਭਾਸ਼ਾ ਦੇ ਸਰਬਪੱਖੀ ਵਿਕਾਸ ਬਾਰੇ ਹੋਰ ਉੱਦਮ ਹੋ ਸਕੇ।

(ੲ) **ਸਾਹਿੱਤਿਕ ਮਾਨਸਰੋਵਰ** : ਇਨ੍ਹਾਂ ਦੋਹਾਂ ਸੰਸਥਾਵਾਂ ਨੇ ਜੋ ਕੁਝ ਪੰਜਾਬੀ ਲਈ ਕੀਤਾ, ਉਹ ਇਨ੍ਹਾਂ ਦਾ ਕਰਤੱਵ ਸੀ, ਇਸ ਵਿਚ ਕੁਝ ਉਕਾਈਆਂ ਵੀ ਹੋ ਸਕਦੀਆਂ ਹਨ, ਪਰ ਅਸਾਂ ਇਸ ਪਾਸੇ ਨਹੀਂ ਜਾਣਾ, ਕਿਉਂਕਿ ਨਾ ਇਹ ਸਾਡਾ ਮਜ਼ਮੂਨ ਹੈ ਤੇ ਨਾ ਹੀ ਸ਼ੌਕ।

ਇਨ੍ਹਾਂ ਦੋਹਾਂ ਸੰਸਥਾਵਾਂ ਨੇ ਜੋ ਇਸ ਤੋਂ ਵੱਧ ਮਾਅਰਕੇ ਦੀ ਗੱਲ ਕੀਤੀ, ਜਿਸ ਨੂੰ ਮੈਂ ਆਪਣੇ ਆਪ ਵਿਚ ਇਕ ਬਹੁਤ ਵੱਡੀ ਪ੍ਰਾਪਤੀ ਮੰਨਦਾ ਹਾਂ, ਉਹ ਪੰਜਾਬ ਭਰ ਵਿੱਚੋਂ ਵਿਦਵਾਨ ਲੇਖਕਾਂ ਦਾ ਪਟਿਆਲੇ ਸੰਗਮ ਰਚਣਾ ਹੈ ਤੇ ਇਸ ਸੰਗਮ ਰਚਣ ਦਾ ਸਿਹਰਾ ਸ: ਗਿਆਨ ਸਿੰਘ ਰਾੜੇਵਾਲਾ ਦੇ ਸਿਰ ਸੱਜਦਾ ਹੈ, ਜਿਨ੍ਹਾਂ ਪੈਪਸੂ ਦੇ ਮੁੱਖ ਮੰਤਰੀ ਹੁੰਦਿਆਂ ਇਹ ਸਭ ਕੁਝ ਕੀਤਾ ਤੇ ਪ੍ਰੋ: ਕ੍ਰਿਪਾਲ ਸਿੰਘ 'ਨਾਰੰਗ' ਨੇ ਯੂਨੀਵਰਸਿਟੀ ਵਿਚ ਕੀਤਾ। ਇਹ ਉਨ੍ਹਾਂ ਦੀ ਸਰਪ੍ਰਸਤੀ ਦਾ ਸਿੱਟਾ ਸੀ ਕਿ ਇਸ ਮਾਨਸਰੋਵਰ ਉੱਤੇ ਇਹ ਹੰਸ-ਮੰਡਲੀ ਜੁੜ ਬੈਠੀ ਤੇ ਇਸ ਨੇ ਸਾਹਿੱਤਿਕ ਪ੍ਰਗਤੀ ਵਿਚ ਢੇਰ ਹਿੱਸਾ ਪਾਇਆ। ਇਹ ਤਾਂ ਹਕੀਕਤ ਹੈ ਕਿ ਜੇ ਇਹ ਸਾਰੇ ਲੋਕ ਇਥੇ ਨਾ ਹੁੰਦੇ ਤਾਂ ਸ਼ਾਇਦ ਇਹ ਸੰਸਥਾਵਾਂ ਏਸ ਰੂਪ ਵਿਚ ਵਿਕਾਸ ਨਾ ਕਰ ਸਕਦੀਆਂ, ਪਰ ਨਾਲ ਹੀ ਇਹ ਵੀ ਮੰਨਣਾ ਪੈਂਦਾ ਹੈ ਕਿ ਇਸ ਸਰਪ੍ਰਸਤੀ ਤੋਂ ਬਿਨਾਂ ਸ਼ਾਇਦ ਸਾਹਿੱਤਕਾਰਾਂ ਦਾ ਵਿਅਕਤੀਗਤ ਵਿਕਾਸ ਵੀ ਨਾ ਹੋ ਸਕਦਾ ਤੇ ਨਾ ਹੀ ਉਹ ਪੰਜਾਬੀ ਸਾਹਿੱਤ ਦੇ ਮਹਾਂ ਯੱਗ ਵਿਚ ਇਤਨਾ ਹਿੱਸਾ ਪਾ ਸਕਦੇ। ਦਫ਼ਤਰੀ ਕਰਤੱਵਾਂ ਦੀ ਪਾਲਣਾ ਤੋਂ ਇਲਾਵਾ ਜੋ ਕੁਝ ਡਾ: ਗੰਡਾ ਸਿੰਘ, ਸ: ਸ਼ਮਸ਼ੇਰ ਸਿੰਘ 'ਅਸ਼ੋਕ', ਪ੍ਰੋ: ਗੁਰਬਚਨ ਸਿੰਘ 'ਤਾਲਿਬ', ਪ੍ਰੋ: ਪ੍ਰੀਤਮ ਸਿੰਘ, ਪ੍ਰੋ: ਹਰਬੰਸ ਸਿੰਘ, ਡਾ: ਗੁਰਚਰਨ ਸਿੰਘ, ਸ: ਦਰਸ਼ਨ ਸਿੰਘ 'ਅਵਾਰਾ', ਡਾ: ਫ਼ੌਜਾ ਸਿੰਘ, ਡਾ: ਜੀਤ ਸਿੰਘ 'ਸੀਤਲ', ਡਾ: ਪਿਆਰ ਸਿੰਘ, ਡਾ: ਤਾਰਨ ਸਿੰਘ, ਡਾ: ਹਰਚਰਨ ਸਿੰਘ, ਡਾ: ਪ੍ਰੇਮ ਪ੍ਰਕਾਸ਼ ਸਿੰਘ, ਡਾ: ਸੁਰਜੀਤ ਸਿੰਘ 'ਸੇਠੀ', ਡਾ: ਦਲੀਪ ਕੌਰ 'ਟਿਵਾਣਾ', ਡਾ: ਅਤਰ ਸਿੰਘ, ਪ੍ਰੋ: ਕ੍ਰਿਪਾਲ ਸਿੰਘ 'ਕਸੇਲ', ਸ: ਕਪੂਰ ਸਿੰਘ 'ਘੁੰਮਣ', ਡਾ: ਗੁਰਦੇਵ ਸਿੰਘ, ਡਾ: ਹਰਕੀਰਤ ਸਿੰਘ, ਡਾ: ਕ੍ਰਿਪਾਲ ਸਿੰਘ, ਪ੍ਰੋ: ਸ.ਸ. 'ਸੋਜ਼', ਡਾ: ਮਹਿੰਦਰਪਾਲ 'ਕੋਹਲੀ',

ਪ੍ਰੋ: ਜਨਕ ਸਿੰਘ, ਪ੍ਰੋ: ਗੁਲਵੰਤ ਸਿੰਘ, ਪ੍ਰੋ: ਮਹਿੰਦਰ ਸਿੰਘ, ਸ: ਨਰੈਣ ਸਿੰਘ, ਹਰਪਾਲ 'ਟਿਵਾਣਾ', ਪ੍ਰੋ: ਜੁਗਿੰਦਰ ਸਿੰਘ, ਡਾ: ਰਵਿੰਦਰ ਸਿੰਘ, ਪ੍ਰੋ: ਮੇਵਾ ਸਿੰਘ 'ਤੁੰਗ', ਡਾ: ਵਜ਼ੀਰ ਸਿੰਘ, ਡਾ: ਰਤਨ ਸਿੰਘ, ਗਿਆਨੀ ਗੁਰਦਿੱਤ ਸਿੰਘ, ਸੂਬਾ ਸਿੰਘ, ਇੰਦਰ ਸਿੰਘ 'ਚਕ੍ਰਵਰਤੀ' ਆਦਿ ਨੇ ਕੀਤਾ, ਉਹ ਨਜ਼ਰ-ਅੰਦਾਜ਼ ਕੀਤੇ ਜਾਣ ਵਾਲਾ ਨਹੀਂ। ਗੰਡਾ ਸਿੰਘ ਤੇ ਫ਼ੌਜਾ ਸਿੰਘ ਦੀ ਇਤਿਹਾਸਕ-ਖੋਜ ਮਹੱਤਵਪੂਰਨ ਹੈ। ਪ੍ਰੋ: ਤਾਲਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਸਮੁੱਚਾ ਅੰਗਰੇਜ਼ੀ ਅਨੁਵਾਦ ਕਰ ਕੇ ਗੁਰੂਆਂ ਦੀ ਵਿਚਾਰਧਾਰਾ ਦਾ ਪ੍ਰਸਾਰ ਕੀਤਾ ਹੈ। ਪ੍ਰੋ: ਪ੍ਰੀਤਮ ਸਿੰਘ ਭਾਵੇਂ ਥੋੜਾ ਕੱਤਦੇ, ਪਰ ਨਿੱਕਾ (ਬਰੀਕ) ਕੱਤਦੇ ਹਨ। ਡਾ: ਸੀਤਲ ਨੇ ਪੰਜਾਬੀ ਸਾਹਿੱਤ ਦਾ ਵਿਆਪਕ ਇਤਿਹਾਸ ਲਿਖਿਆ ਹੈ। ਡਾ: ਰਾਜੇਂਦਰ ਰਿਸ਼ੀ ਨੇ ਜਿਪਸੀ (ਯਹੂਦੀਆਂ ਦੀ ਇਕ ਭਾਸ਼ਾ) ਤੇ ਪੰਜਾਬੀ ਅੰਗਰੇਜ਼ੀ ਦਾ ਕੋਸ਼ ਤਿਆਰ ਕੀਤਾ ਹੈ। ਡਾ: ਪ੍ਰੇਮ ਪ੍ਰਕਾਸ਼ ਸਿੰਘ, ਡਾ: ਸੰਧੂ ਤੇ ਡਾ: ਹਰਕੀਰਤ ਸਿੰਘ ਨੇ ਭਾਸ਼ਾ ਵਿਗਿਆਨ ਬਾਰੇ ਨਵਾਂ ਅਧਿਐਨ ਪੇਸ਼ ਕੀਤਾ ਹੈ। ਡਾ: ਅਤਰ ਸਿੰਘ ਤੇ ਕਸੇਲ ਸਾਹਿਬ ਦੀ ਆਲੋਚਨਾ ਨੂੰ ਨਿਵੇਕਲੀ ਦੇਣ ਹੈ। ਹਰਚਰਨ ਸਿੰਘ ਤੇ ਘੁੰਮਣ ਆਦਿ ਨੇ ਨਾਟਕਕਾਰੀ ਵਿਚ ਜੌਹਰ ਦਿਖਾਏ ਹਨ, ਟਿਵਾਣਾ ਤੇ ਸੇਠੀ ਨੇ ਗਲਪ-ਰਚਨਾ ਵਿਚ ਜੱਸ ਖੱਟਿਆ ਹੈ ਅਤੇ ਗਿਆਨੀ ਗੁਰਦਿੱਤ ਸਿੰਘ ਦੀ ਗੱਦ-ਰਚਨਾ ਨੇ ਗੀਤਾਂ ਵਰਗੀ ਗੂੰਜ ਪਾਈ ਹੈ। ਦਰਸ਼ਨ ਸਿੰਘ 'ਅਵਾਰਾ' ਦੀ ਗ਼ਜ਼ਲਗੋਈ ਆਪਣਾ ਸਾਨੀ ਨਹੀਂ ਰੱਖਦੀ। ਮੈਂ ਜਾਣਦਾ ਹਾਂ ਕਿ ਗੰਡਾ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਹਨ, ਪ੍ਰੋ: ਪ੍ਰੀਤਮ ਸਿੰਘ ਜ਼ਿਲ੍ਹਾ ਫ਼ਿਰੋਜ਼ਪੁਰ ਦੇ, ਤਾਲਬ ਸਾਹਿਬ ਸੰਗਰੂਰ ਦੇ, ਡਾ: ਗੁਰਚਰਨ ਸਿੰਘ ਕਪੂਰਥਲੇ ਦੇ, ਪ੍ਰੋ: ਕਸੇਲ ਅੰਮ੍ਰਿਤਸਰ ਦੇ, ਡਾ: ਸੀਤਲ ਸਿਆਲਕੋਟ (ਪਾਕਿ) ਦੇ, ਡਾ: ਪ੍ਰੇਮ ਪ੍ਰਕਾਸ਼ ਸਿੰਘ ਫ਼ਰੀਦਕੋਟ ਦੇ, ਦਰਸ਼ਨ ਸਿੰਘ ਆਵਾਰਾ ਜਿਹਲਮ (ਪਾਕਿ) ਦੇ, ਵੰਤਾ ਜੀ ਰਾਵਲਪਿੰਡੀ (ਪਾਕਿ) ਦੇ, ਡਾ: ਹਰਕੀਰਤ ਸਿੰਘ ਮੁਲਤਾਨ ਜ਼ਿਲ੍ਹੇ ਦੇ ਹਨ ਤੇ ਗਿ: ਗੁਰਦਿੱਤ ਸਿੰਘ ਮਿੱਠੇਵਾਲ ਦੇ, ਡਾ: ਸੇਠੀ ਦਾ ਸੰਬੰਧ ਪੋਠੋਹਾਰ (ਪਾਕਿ) ਨਾਲ ਹੈ ਤੇ ਡਾ: ਟਿਵਾਣਾ ਦਾ ਮਾਲਵੇ ਨਾਲ। ਇਹ ਮਹਿਫ਼ਲ ਕੌਮਾਂਤਰੀ ਸੰਮੇਲਨ ਹੈ।

ਪਰ ਇਹ ਇਕ ਹਕੀਕਤ ਹੈ ਕਿ ਇਹ ਸਾਰੇ ਲੋਕ 30-32 ਸਾਲ ਤੋਂ ਪਟਿਆਲੇ ਨਿਵਾਸ ਰੱਖ ਰਹੇ ਹਨ। ਇਥੇ ਹੀ ਇਨ੍ਹਾਂ ਦੇ ਬੱਚੇ ਜੰਮੇ-ਪਲੇ ਤੇ ਇਥੇ ਹੀ ਇਨ੍ਹਾਂ ਦੀਆਂ ਕਿਤਾਬਾਂ ਜੰਮੀਆਂ, ਪਲੀਆਂ ਤੇ ਪ੍ਰਵਾਨ ਚੜ੍ਹੀਆਂ। ਨਾਲੇ ਮੈਂ ਜਨਮ ਤੋਂ ਵਰਣ-ਵੰਡ ਨਹੀਂ ਮੰਨਦਾ, ਸਗੋਂ ਕਰਮ ਦੇ ਆਧਾਰ 'ਤੇ ਮੰਨਦਾ ਹਾਂ। ਇਨ੍ਹਾਂ ਦਾ ਕਰਮ-ਖੇਤਰ ਪਟਿਆਲਾ ਹੈ, ਇਸੇ ਕਰਕੇ ਇਨ੍ਹਾਂ ਨੂੰ ਮੇਰਾ ਪਟਿਆਲੇ ਨਾਲ ਜੋੜਨਾ ਨਿਆਇ-ਸੰਗਤ ਹੈ। ਪਟਿਆਲੇ ਨੂੰ ਇਨ੍ਹਾਂ 'ਤੇ ਮਾਣ ਹੈ ਅਤੇ ਪਟਿਆਲੇ ਉੱਤੇ ਇਹ ਮਾਣ ਕਰਦੇ ਹਨ। ਬਾਕੀ ਇਨ੍ਹਾਂ ਜੋ ਕੰਮ ਕੀਤਾ ਹੈ, ਉਹ ਰੌਸ਼ਨ ਹੈ। ਉਸ ਬਾਰੇ ਸਮਕਾਲੀ ਹੋਣ ਦੇ ਨਾਤੇ ਮੇਰੀ ਟੀਕਾ-ਟਿੱਪਣੀ ਕੋਈ ਜ਼ਰੂਰੀ ਤੇ ਮੁਨਾਸਬ ਵੀ ਨਹੀਂ ਜਾਪਦੀ। ਸੁਗੰਧੀਆਂ ਦਾ ਸੁਦਾਗਰ ਅਤਾਰ ਉਹ ਨਹੀਂ ਹੁੰਦਾ, ਜਿਸ ਨੇ ਕੇਵਲ ਫੱਟਾ ਲਾਇਆ ਹੋਵੇ, ਸਗੋਂ ਉਸ ਦੀ ਦੁਕਾਨ ਦੀ ਖ਼ੁਸ਼ਬੋ ਹੀ ਦੱਸ ਦਿੰਦੀ ਹੈ ਕਿ ਇਥੋਂ ਚੰਗਾ ਇਤਰ ਮਿਲ ਸਕਦਾ ਹੈ। ਇਹ ਬਾਹਰੋਂ ਆਉਣ ਵਾਲੇ ਲੋਕਾਂ ਨੇ ਜੋ ਕੰਮ ਕੀਤਾ ਹੈ,

ਉਸ ਦੀ ਚਰਚਾ ਹੈ। ਇਥੇ ਪਟਿਆਲੇ ਦੇ ਵਾਸੀ ਵੀ ਕਈ ਚੰਗੇ ਕਾਵਿ-ਰਤਨ ਸਨ। ਜਿਵੇਂ ਕਿ ਬਲਵੰਤ ਸਿੰਘ 'ਗਜਰਾਜ', ਕਿਦਾਰ ਨਾਥ 'ਤਿਵਾੜੀ', ਜਿਨ੍ਹਾਂ ਸਾਹਿੱਤਿਕ ਸ਼ਮ੍ਹਾ ਨੂੰ ਜਗਾਇਆ। ਪ੍ਰੋ: ਵਿਸ਼ਵਨਾਥ 'ਤਿਵਾੜੀ' ਵੀ ਇਸੇ ਘਰਾਣੇ ਵਿੱਚੋਂ ਸਨ, ਜਿਨ੍ਹਾਂ ਪੰਜਾਬੀ ਦਾ ਝੰਡਾ ਉਠਾਇਆ ਹੋਇਆ ਸੀ।

ਜੈਸਾ ਕਿ ਮੈਂ ਪਹਿਲੇ ਕਹਿ ਚੁੱਕਾ ਹਾਂ ਕਿ ਇਹ ਫੂਲਕੀਆਂ ਰਿਆਸਤ ਦੀ ਜ਼ਮੀਨ ਅਦਬੀ ਤੌਰ 'ਤੇ ਜ਼ਰਖ਼ੇਜ਼ ਰਹੀ ਹੈ, ਇਸ ਕਰਕੇ ਇਹ ਰੌਣਕ ਪਟਿਆਲੇ ਤਕ ਹੀ ਸੀਮਤ ਨਹੀਂ, ਸਗੋਂ ਨਾਭੇ ਤੇ ਸੰਗਰੂਰ ਤਕ ਇਸ ਦਾ ਡੂੰਘਾ ਪ੍ਰਭਾਵ ਰਿਹਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੂੰ ਕੌਣ ਨਹੀਂ ਜਾਣਦਾ, ਜਿਸ ਨੇ ਵੀਹਵੀਂ ਸਦੀ ਦੇ ਮੁੱਢ ਵਿਚ ਸਾਹਿੱਤਿਕ ਗਿਆਨ ਦੇ ਵਾਧੇ ਲਈ ਜੋ ਕੰਮ ਕੀਤਾ, ਉਹ ਬੇਮਿਸਾਲ ਹੈ। ਉਹ ਸੰਸਕ੍ਰਿਤ, ਫ਼ਾਰਸੀ ਤੇ ਅੰਗਰੇਜ਼ੀ ਤਿੰਨਾਂ ਦਾ ਗਿਆਤਾ ਸੀ ਤੇ ਉਹ ਚਾਹੁੰਦਾ ਸੀ ਕਿ ਸਾਡੇ ਲੇਖਕ ਕਾਵਿ-ਸ਼ਾਸਤ੍ਰ, ਛੰਦ-ਸ਼ਾਸਤ੍ਰ, ਅਲੰਕਾਰ-ਸ਼ਾਸਤ੍ਰ ਤੇ ਆਪਣੇ ਸਭਿਆਚਾਰ ਤੇ ਇਤਿਹਾਸ ਦੇ ਜਾਣੂ ਹੋਣ। ਇਸ ਮਨੋਰਥ ਲਈ ਉਸ ਨੇ *ਗੁਰਛੰਦ ਦਿਵਾਕਰ*, *ਗੁਰਸ਼ਬਦਾਲੰਕਾਰ* ਤੇ *ਮਹਾਨ ਕੋਸ਼* ਜੈਸੇ ਮਹਾਨ ਗਿਆਨ-ਗ੍ਰੰਥ ਲਿਖ ਕੇ ਸਾਡੀ ਅਗਵਾਈ ਕੀਤੀ। ਇਸ ਤੋਂ ਪਿੱਛੋਂ ਆਪ ਦੇ ਲਾਇਕ ਸਪੁੱਤਰ ਸ: ਭਗਵੰਤ ਸਿੰਘ 'ਹਰੀ' ਜੀ ਨੇ, ਦਸਮ ਗ੍ਰੰਥ ਦਾ ਤੁੱਕ ਤਤਕਰਾ ਤਿਆਰ ਕੀਤਾ, ਜਿਸ ਨੂੰ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤਾ ਹੈ। ਹਰੀ ਜੀ ਦੀ ਸੁਪਤਨੀ ਬੀਬੀ ਹਰਨਾਮ ਕੌਰ ਸ਼ਾਇਦ ਪਹਿਲੀ ਪੰਜਾਬੀ ਕਵਿਤਰੀ ਸੀ, ਜਿਸ ਨੇ ਵਧੀਆ ਕਾਵਿ-ਰਚਨਾ ਕਰ ਕੇ ਨਾਮ ਪਾਇਆ। ਆਪ ਦੇ *ਅਰਸ਼ੀ ਕਲੀਆਂ* ਤੇ *ਪਾਰਸ ਛੁਹ* ਦੋ ਕਾਵਿ-ਸੰਗ੍ਰਹਿ ਮਿਲਦੇ ਹਨ।

ਇਸੇ ਪਰਿਵਾਰ ਦੀ ਬੀਬੀ ਰਛਪਾਲ ਕੌਰ ਇਕ ਸੁਜਾਨ ਲੇਖਿਕਾ ਹੈ, ਜਿਸ ਨੇ ਭਾਈ ਕਾਨ੍ਹ ਸਿੰਘ ਜੀ ਦੀਆਂ ਡਾਇਰੀਆਂ ਤੇ ਸਫ਼ਰਨਾਮੇ ਦੀਆਂ ਚਿੱਠੀਆਂ ਦੇ ਆਧਾਰ 'ਤੇ ਸਾਨੂੰ ਭਾਈ ਸਾਹਿਬ ਦੇ ਜੀਵਨ ਤੇ ਉਸ ਸਮੇਂ ਦੇ ਹਾਲਾਤ ਬਾਰੇ ਨਵੀਂ ਰੌਸ਼ਨੀ ਦਿੱਤੀ ਹੈ। ਡਾ: ਦੇਵਿੰਦਰ ਸਿੰਘ 'ਸਤਿਆਰਥੀ' ਨਾਭੇ ਦੇ ਹੀ ਵਿਦਵਾਨ ਖੋਜੀ ਹਨ, ਜਿਨ੍ਹਾਂ ਕਈ ਪੁਰਾਤਨ ਕਵੀਆਂ ਬਾਰੇ ਖੋਜ ਕਰ ਕੇ ਖੋਜ-ਵਿਦਿਆਰਥੀਆਂ ਨੂੰ ਨਵੀਂ ਸੇਧ ਦਿੱਤੀ ਹੈ। ਨਾਭਾ ਨਿਵਾਸੀ ਗੁਰਦੇਵ ਨਿਰਧਨ, ਮਹਿੰਦਰ ਸਿੰਘ 'ਮਾਨਵ' ਤੇ ਸੁਖਦੇਵ ਗਰੇਵਾਲ ਦੀ ਕਾਵਿ-ਰਚਨਾ ਵੀ ਇਕ ਨਿਵੇਕਲਾ ਸਥਾਨ ਰੱਖਦੀ ਹੈ।

ਸਵਾ ਲੱਖੀ ਇਨਾਮ

ਅੱਜ-ਕੱਲ੍ਹ ਇਕ ਲੱਖ ਦੇ ਗਿਆਨਪੀਠ ਪੁਰਸਕਾਰ ਦਾ ਬੜਾ ਚਰਚਾ ਹੈ। ਲੋਕ ਇਸ ਨੂੰ ਬੜੀ ਅਹਿਮੀਅਤ ਦੇ ਰਹੇ ਹਨ ਤੇ ਸਾਹਿੱਤਕਾਰ ਵੀ ਇਸ ਬਾਰੇ ਕਈ ਤਰ੍ਹਾਂ ਦਾ ਹਾਹਾਕਾਰ ਤੇ ਜੈ ਜੈਕਾਰ ਕਰ ਰਹੇ ਹਨ, ਪਰ ਇਸ ਗੱਲ ਦਾ ਸ਼ਾਇਦ ਬਹੁਤਿਆਂ ਨੂੰ ਪਤਾ ਨਹੀਂ ਕਿ ਇਸ ਇਕ ਲੱਖੀ ਇਨਾਮ ਤੋਂ ਪਹਿਲਾਂ ਵੀ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਨੇ ਭਾਈ ਪ੍ਰੇਮ ਸਿੰਘ ਦੇ ਨੀਤੀ ਬਾਰੇ ਲਿਖੇ ਗੱਦ-ਗ੍ਰੰਥ *ਬੁਧਿ ਬਾਰਧਿ* ਨੂੰ 1895 ਈ: ਵਿਚ ਇਕ ਲੱਖ ਬਾਰ੍ਹਾਂ ਹਜ਼ਾਰ ਸੱਤ ਸੌ ਰੁਪਈਆ ਨਕਦ ਦੇ ਕੇ

ਸਨਮਾਨਿਆ ਸੀ। ਅੱਜ ਤੋਂ 80-90 ਵਰ੍ਹੇ ਪਹਿਲਾਂ ਇਸ ਦੀ ਕੀ ਕੀਮਤ ਸੀ, ਇਹ ਤੁਸੀਂ ਖ਼ੁਦ ਹਿਸਾਬ ਲਗਾ ਸਕਦੇ ਹੋ।

ਪੱਤਰਕਾਰੀ

ਪੱਤਰਕਾਰੀ ਸਾਹਿੱਤਕਾਰੀ ਦੀ ਛੋਟੀ ਵੱਡੀ ਭੈਣ ਹੈ, ਛੋਟੀ ਇਸ ਲਈ ਕਿ ਇਸ ਦਾ ਦਰਜਾ ਉਤਨਾ ਨਹੀਂ, ਵੱਡੀ ਇਸ ਲਈ ਕਿ ਬੋਲੀ ਤੇ ਸ਼ੈਲੀ ਨੂੰ ਸੰਵਾਰ ਕੇ ਇਹ ਸਾਹਿੱਤਕਾਰੀ ਲਈ ਮੈਦਾਨ ਬਣਾਉਂਦੀ ਤੇ ਉਸ ਦੀ ਪ੍ਰਿਤਪਾਲਣਾ ਵੀ ਕਰਦੀ ਹੈ। ਪਟਿਆਲੇ ਪੱਤਰਕਾਰੀ ਦਾ ਅਰੰਭ ਮਈ 1910 ਈ: ਵਿਚ *ਪਟਿਆਲਾ ਗਜ਼ਟ* ਨਾਲ ਹੋਇਆ। 1944 ਈ: ਵਿਚ *ਪਟਿਆਲਾ ਸਮਾਚਾਰ* ਸ਼ੁਰੂ ਹੋਇਆ। ਬਾਬੂ ਤੇਜਾ ਸਿੰਘ 'ਭਸੌੜ' ਇਕ ਧਾਰਮਿਕ ਸੁਧਾਰਕ ਸਨ। ਉਨ੍ਹਾਂ 1920-30 ਦੇ ਦਰਮਿਆਨ ਪੰਜ ਸੱਤ ਪਰਚੇ ਕੱਢੇ। 1924 ਵਿਚ *ਪੰਚ ਖ਼ਾਲਸਾ ਸਮਾਚਾਰ* ਤੇ ਫਿਰ *ਖ਼ਾਲਸਾ ਪਾਰਲੀਮੈਂਟ ਗਜ਼ਟ* ਚਲਾਇਆ। ਸ: ਉਜਾਗਰ ਸਿੰਘ 'ਭੌਰਾ' *ਰਿਆਸਤੀ ਦੁਨੀਆ* ਹਫ਼ਤੇਵਾਰ ਕੱਢਦੇ ਰਹੇ। ਮਾਸਿਕ ਪੱਤਰ *ਜੀਵਨ ਪ੍ਰੀਤ* 1941 ਈ: ਤੋਂ ਚਲਿਆ ਜਿਸ ਦੇ ਸੰਪਾਦਕ ਪ੍ਰੀਤਮ ਸਿੰਘ 'ਚਾਹਲ' ਸਨ। 1949 ਤੋਂ *ਰੋਜ਼ਾਨਾ ਪ੍ਰਕਾਸ਼* ਤੇ *ਜੀਵਨ ਸੰਦੇਸ਼* ਮਾਸਿਕ ਪੱਤਰ ਗਿਆਨੀ ਗੁਰਦਿੱਤ ਸਿੰਘ ਜੀ ਦੀ ਸੰਪਾਦਨਾ ਹੇਠ ਸ਼ੁਰੂ ਹੋਏ। ਇਸ ਸਮੇਂ ਪਟਿਆਲੇ ਤੋਂ *ਰਣਜੀਤ*, *ਚੜ੍ਹਦੀ ਕਲਾ*, *ਸੈਨਾਪਤੀ*, *ਧੜੱਲੇਦਾਰ*, *ਨਵੀਂ ਸਵੇਰ*, ਆਦਿ ਅੱਧੀ ਦਰਜਨ ਰੋਜ਼ਾਨਾ ਨਿਕਲ ਰਹੇ ਹਨ। ਕੁਝ ਡੰਗ-ਭੰਨ ਹਨ ਤੇ ਕੁਝ ਬਾਕਾਇਦਾ। ਇਹੋ ਹਾਲ ਸਪਤਾਹਕਾਂ ਦਾ ਹੈ।

ਪੰਜਾਬੀ ਦੁਨੀਆਂ ਤੇ *ਜਨ ਸਾਹਿੱਤ* ਮਾਸਿਕ ਪੱਤਰ ਸਰਕਾਰੀ ਪਰਚੇ ਹੋਣ ਕਰਕੇ ਬਾਕਾਇਦਾ ਚੱਲ ਰਹੇ ਹਨ ਤੇ ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਦੇ ਛਿਮਾਹੀ ਪੱਤਰ *ਖੋਜ ਪੱਤ੍ਰਿਕਾ*, *ਭਾਰਤੀ ਤੇ ਬਦੇਸ਼ੀ ਸਾਹਿੱਤ*, *ਸਮਾਜਿਕ ਵਿਗਿਆਨ ਸਿੱਖਿਆ ਪੱਤ੍ਰਿਕਾ*, *ਨਾਨਕ ਪ੍ਰਕਾਸ਼ ਪੱਤ੍ਰਿਕਾ*, *ਕਾਨੂੰਨ ਪੱਤ੍ਰਿਕਾ ਤੇ ਇੰਜੀਨੀਅਰੀ ਪੱਤ੍ਰਿਕਾ*, ਡਾਕਟਰੀ ਵਿਗਿਆਨ ਤੇ *ਵਿਗਿਆਨ ਦੇ ਨਕਸ਼* ਆਪਣਾ ਨਿਵੇਕਲਾ ਸਥਾਨ ਰੱਖਦੇ ਹਨ।

ਸਾਹਿੱਤ-ਸਭਾਵਾਂ

ਜਿਥੇ ਪੱਤਰਕਾਰੀ ਨੇ ਪੰਜਾਬੀ ਵਿਕਾਸ ਵਿਚ ਹੱਥ ਵਟਾਇਆ ਤੇ ਯੋਗ ਹਿੱਸਾ ਪਾਇਆ ਹੈ, ਉਥੇ ਪੰਜਾਬੀ ਸਾਹਿੱਤ-ਸਭਾਵਾਂ ਨੇ ਵੀ ਨਵੇਂ ਸਿਖਾਂਦਰੂਆਂ ਦਾ ਉਤਸ਼ਾਹ ਵਧਾ ਕੇ ਉਨ੍ਹਾਂ ਨੂੰ ਅੱਗੇ ਲਿਆਂਦਾ ਤੇ ਯੋਗ ਸਿਖਲਾਈ ਤੇ ਅਗਵਾਈ ਵੀ ਦਿੱਤੀ ਹੈ। ਅਜਿਹੀਆਂ ਸਭਾਵਾਂ ਥਾਂ ਥਾਂ ਕਈ ਹਨ, ਇਸ ਕਰਕੇ ਇਕ ਦੋ ਦੇ ਨਾਂ ਲੈਣ ਨਾਲ ਗੱਲ ਨਹੀਂ ਮੁੱਕਦੀ।

ਨਵੀਂ ਸਾਹਿੱਤ-ਮੰਡਲੀ

ਅਸਾਡਾ ਇਹ ਸਰਵੇਖਣ ਮੁਕੰਮਲ ਨਹੀਂ ਹੋਵੇਗਾ, ਜੇਕਰ ਨਵੇਂ ਸਾਹਿੱਤਕਾਰ

ਪੋਚ ਦੀ ਗੱਲ ਨਾ ਕਰੀਏ। ਆਧੁਨਿਕ ਸਾਹਿੱਤਿਕ ਮੰਡਲੀ ਵਿਚ ਡਾ: ਰਵਿੰਦਰ ਸਿੰਘ, ਡਾ: ਅਜਮੇਰ ਸਿੰਘ, ਡਾ: ਸ.ਪ. ਸਿੰਘ, ਡਾ: ਕੁਲਦੀਪ ਸਿੰਘ 'ਧੀਰ', ਡਾ: ਗੋਬਿੰਦ ਸਿੰਘ 'ਲਾਂਬਾ', ਡਾ: ਹਰਿੰਦਰ ਕੌਰ, ਡਾ: ਸੁਰਜੀਤ ਸਿੰਘ, ਡਾ: ਅਬਿਨਾਸ਼ ਕੌਰ, ਡਾ: ਗੁਰਮੁਖ ਸਿੰਘ, ਡਾ: ਭੁਪਿੰਦਰ ਸਿੰਘ ਆਦਿ ਵਿਦਵਾਨ ਆਲੋਚਕ ਹਨ, ਜਿਨ੍ਹਾਂ ਆਲੋਚਨਾ ਤੇ ਖੋਜ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਇਆ ਹੈ।

ਇਸ ਤੋਂ ਇਲਾਵਾ ਸਿਰਜਨਾਤਮਕ ਪਿੜ ਵਿਚ ਹਰਬੰਸ ਸਿੰਘ 'ਅਰਮਾਨੀ', ਕੀਰਤ ਸਿੰਘ 'ਕੋਹਲੀ', ਤ੍ਰਿਲੋਚਨ, ਜਗਦੀਸ਼ 'ਅਰਮਾਨੀ', ਸਤਿੰਦਰ ਨੰਦਾ, ਕੁਲਵੰਤ ਸਿੰਘ 'ਗਰੇਵਾਲ', ਸਤੀਸ਼ ਵਰਮਾ, ਹੰਸਰਾਜ 'ਰਾਹੀ', ਤੇਜਬੀਰ 'ਕਸੇਲ', ਸੁਰਿੰਦਰ ਸ਼ਰਮਾ, ਜਸਮੇਰ 'ਮਾਨ', ਸਤਵੰਤ 'ਕੈਂਥ', ਗੁਰਮੇਲ 'ਦਰਦੀ', ਤ੍ਰਿਪਤ 'ਭੱਟੀ', ਮਨਜੀਤ 'ਪੱਟੀ', ਬਲਜੀਤ ਕੌਰ 'ਬੱਲੀ', ਬਲਵੰਤ 'ਚੌਹਾਨ', ਪਵਨ ਸਮੀਰ, ਅਨੋਖ ਸਿੰਘ 'ਜ਼ਖ਼ਮੀ', ਕਰਤਾਰ ਸਿੰਘ 'ਸੁਥਰਾ', ਹਰਦਿਆਲ ਸਿੰਘ, ਹਰਬੰਸ ਸਿੰਘ, ਅਜਮੇਰ 'ਕੈਂਥ', ਰਮੇਸ਼ 'ਚੌਂਦਵੀ' ਤੇ ਅੰਬਾਖ਼ਸ਼ ਆਦਿ ਵਰਣਨਯੋਗ ਹਨ।

ਪੇਂਡੂ ਕਿੱਸਾਕਾਰੀ

ਜੇ ਸ਼ਹਿਰ ਨੂੰ ਛੱਡ ਕੇ ਪਿੰਡਾਂ ਵੱਲ ਨਜ਼ਰ ਮਾਰੀਏ ਤਾਂ ਪੇਂਡੂ ਸਾਹਿੱਤਕਾਰੀ ਕਿੱਸਾਕਾਰੀ ਦੇ ਰੂਪ ਵਿਚ ਪ੍ਰਫੁੱਲਤ ਹੈ। ਭਾਵੇਂ ਇਹ ਵਿਸ਼ਾ ਵੱਖਰੇ ਵਿਚਾਰ-ਪੱਤਰ ਦੀ ਮੰਗ ਕਰਦਾ ਹੈ, ਪਰ ਅਸੀਂ ਜਾਣਦੇ ਹਾਂ ਕਿ ਪਟਿਆਲੇ ਦੇ ਇਲਾਕੇ ਵਿਚ ਛੱਜੂ ਸਿੰਘ ਪਿੰਡ ਦੰਦਰਾਲਾ ਖਰੌਢ ਦੇ ਕਿੱਸੇ ਬਹੁ-ਗਿਣਤੀ ਵਿਚ ਪ੍ਰਾਪਤ ਹਨ ਤੇ ਪੜ੍ਹੇ ਵੀ ਬਹੁਤ ਜਾਂਦੇ ਹਨ, ਕਿਉਂਕਿ ਇਸ ਦਾ ਪੁਖ਼ਤਾ ਹੁਨਰ ਪੇਂਡੂ ਵਾਤਾਵਰਣ ਬੰਨ੍ਹਣ ਵਿਚ ਕਮਾਲ ਦਾ ਹੈ। ਇਸੇ ਤਰ੍ਹਾਂ ਪੰਡਤ ਪੂਰਨ ਚੰਦ, ਕਿਸ਼ਨ ਗੜ੍ਹ; ਕਰਨੈਲ ਸਿੰਘ, ਘਰਾਚੋਂ; ਚੰਨਣ ਸਿੰਘ, ਭਾਨ ਸਿੰਘ, ਪੰਡਤ ਆਤਮਾ ਰਾਮ, ਨਾਭਾ ਦੇ ਦਰਜਨਾਂ ਕਿੱਸੇ ਦਰਬਾਰ ਹੱਟੀ ਨੇ ਪ੍ਰਕਾਸ਼ਿਤ ਕੀਤੇ ਹਨ ਜੋ ਪੇਂਡੂ ਪਾਠਕਾਂ ਦੀ ਖ਼ੁਰਾਕ ਹਨ।

ਗਿਆਨੀ ਕਾਲਜ

ਮੈਂ ਸ਼ਾਇਦ ਆਪਣੇ ਫ਼ਰਜ਼ ਤੋਂ ਅਵੇਸਲਾ ਹੋ ਰਿਹਾ ਹੋਵਾਂਗਾ ਜੇਕਰ ਇਥੋਂ ਦੇ ਗਿਆਨੀ ਕਾਲਜਾਂ ਦਾ ਜ਼ਿਕਰ ਨਾ ਕਰਾਂ। ਸਭ ਤੋਂ ਪਹਿਲਾਂ ਗਿਆਨੀ ਪ੍ਰੇਮ ਪ੍ਰਤਾਪ ਸਿੰਘ ਜੀ ਨੇ ਇਥੇ ਚਿਰ ਕਾਲ ਤਕ ਗਿਆਨੀ ਕਾਲਜ ਚਲਾਇਆ ਤੇ ਪੰਜਾਬੀ ਪ੍ਰੇਮ ਦਾ ਦੀਵਾ ਜਗਾਇਆ। ਫਿਰ ਇਸ ਮੈਦਾਨ ਵਿਚ ਬਾਵਾ ਬੁੱਧ ਸਿੰਘ ਤੇ ਪ੍ਰਿੰ: ਮੋਹਨ ਸਿੰਘ 'ਪ੍ਰੇਮ' ਆਏ, ਜਿਨ੍ਹਾਂ 'ਕੌਮੀ ਕਾਲਜ' ਤੇ 'ਪਟਿਆਲਾ ਗਿਆਨੀ ਕਾਲਜ' ਰਾਹੀਂ ਹਜ਼ਾਰਾਂ ਵਿਦਿਆਰਥੀਆਂ ਨੂੰ ਪੰਜਾਬੀ ਸਾਹਿੱਤ ਦੀ ਲਾਗ ਲਾਈ। ਸ: ਗੁਰਚਰਨ ਸਿੰਘ ਪੰਛੀ, ਸ: ਗੁਰਬਚਨ ਸਿੰਘ 'ਤਾਂਘੀ' ਤੇ ਸ: ਜਗਜੀਤ ਸਿੰਘ 'ਬੇਦਰਦੀ' ਨੇ ਵੀ ਇਸ ਪਾਸੇ ਕਾਫ਼ੀ ਕੰਮ ਕੀਤਾ ਹੈ। ਇਹ ਜਤਨ ਭਾਵੇਂ ਰੁਜ਼ਗਾਰ ਖ਼ਾਤਰ ਹੀ ਸਨ, ਪਰ ਇਹ ਤਾਂ ਮੰਨਣਾ ਪਵੇਗਾ ਕਿ ਸੈਂਕੜੇ ਵਿਦਿਆਰਥੀਆਂ ਨੂੰ ਇਨ੍ਹਾਂ ਗਿਆਨੀ ਪਾਸ

ਕਰਾ ਕੇ ਪੰਜਾਬੀ ਪ੍ਰੇਮੀ ਬਣਾਇਆ ਅਤੇ ਵਿਦਿਅਕ ਖੇਤਰ ਵਿਚ ਅੱਗੇ ਵਧਾਇਆ। ਗਿਆਨੀ ਪ੍ਰੀਖਿਆ ਉਹ ਪੁਲ ਹੈ ਜਿਸ ਨਾਲ ਲੰਮਾ ਚੌੜਾ ਦਰਿਆ ਸੌਖਿਆਂ ਪਾਰ ਕਰ ਸਕੀਦਾ ਹੈ ਤੇ ਕਈਆਂ ਇਵੇਂ ਹੀ ਕੀਤਾ, ਭਾਵੇਂ ਉਸ ਨੂੰ ਆਖਦੇ ਵਾਇਆ ਬਠਿੰਡਾ ਹੀ ਹਨ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਿਥੇ ਪਟਿਆਲੇ ਦੀਆਂ ਰਿਆਸਤੀ-ਕਾਲ ਦੀਆਂ ਸਾਹਿੱਤਿਕ ਪ੍ਰਾਪਤੀਆਂ ਪ੍ਰਸੰਸਾਯੋਗ ਹਨ, ਉਥੇ ਆਧੁਨਿਕ-ਕਾਲ ਵਿਚ ਭਾਸ਼ਾ ਵਿਭਾਗ ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬੀ ਖ਼ਾਤਰ ਯੋਜਨਾਬੱਧ ਤਰੀਕੇ ਨਾਲ ਜੋ ਕਾਰਨਾਮੇ ਕੀਤੇ ਗਏ ਹਨ, ਉਹ ਇਸ ਇਲਾਕੇ ਤੇ ਸ਼ਹਿਰ ਦੇ ਗੌਰਵ ਦਾ ਕਾਰਨ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਲਈ ਕਾਬਲੇ-ਫ਼ਖ਼ਰ ਹਨ। ਇਸ ਤੋਂ ਇਲਾਵਾ ਜੋ ਕੁਝ ਇਥੇ ਵੱਸਣ ਵਾਲਿਆਂ ਕਲਮਧਾਰੀਆਂ ਨੇ ਕੀਤਾ, ਉਹ ਵੀ ਪੰਜਾਬੀ ਦੀ ਬਿਰਧੀ ਲਈ ਚੰਗਾ ਉਪਯੋਗੀ ਸਿੱਧ ਹੋਇਆ ਹੈ, ਨਾਲੇ ਪੁੰਨ ਨਾਲੇ ਫਲੀਆਂ।

ਸੋ, ਇਸ ਸਮੁੱਚੀ ਪ੍ਰਾਪਤੀ ਲਈ ਸਮੂਹ ਕਵੀ, ਗਲਪਕਾਰ, ਨਾਟਕਕਾਰ, ਸਟੇਜੀ-ਸ਼ਾਇਰ, ਆਲੋਚਕ, ਖੋਜੀ ਅਤੇ ਪੱਤਰਕਾਰ ਵਧਾਈ ਦੇ ਪਾਤਰ ਹਨ।

ਮਿਹਰਬਾਨੀਆਂ ਦੀ ਸਾਹਿੱਤ ਸੇਵਾ

ਸੋਲ੍ਹਵੀਂ, ਸਤਾਰ੍ਹਵੀਂ ਸਦੀ ਵਿਚ ਸਿੱਖ ਗੁਰੂਆਂ ਨੇ ਜੀਵਨ-ਸਿਧਾਂਤਾਂ ਨੂੰ ਪ੍ਰਚਾਰਨ ਲਈ ਜਿਸ ਤਰ੍ਹਾਂ ਸਾਹਿੱਤ ਤੇ ਸੰਗੀਤ-ਕਲਾ ਨੂੰ ਨਿਪੁੰਨਤਾ ਨਾਲ ਵਰਤੋਂ ਵਿਚ ਲਿਆਂਦਾ, ਉਸ ਦੀ ਮਿਸਾਲ ਕਿਸੇ ਹੋਰ ਮੱਤ ਵਿਚ ਨਹੀਂ ਮਿਲਦੀ। ਇਹ ਵਰਤੋਂ ਇਤਨੀ ਕੁ ਮਾਤਰਾ ਤੇ ਇਤਨੇ ਕੁ ਮਹੱਤਵ ਦੀ ਸੀ ਕਿ ਜਲਦੀ ਹੀ ਸਿੱਖ ਲਹਿਰ ਜਨ-ਸਾਧਾਰਣ ਦੀ ਲਹਿਰ ਬਣ ਗਈ। ਦੂਜੀ ਗੱਲ ਇਸ ਤੋਂ ਵੀ ਵਧੇਰੇ ਗੌਰਵ ਵਾਲੀ ਸੀ ਕਿ ਗੁਰੂ ਸਾਹਿਬਾਨ ਰੂਹਾਨੀ ਸਾਹਿੱਤ ਨੂੰ ਕੇਵਲ ਸਾਹਿੱਤ ਮਾਤਰ ਹੀ ਨਹੀਂ ਸੀ ਮੰਨਦੇ, ਸਗੋਂ ਮਨੁੱਖਤਾ ਨੂੰ ਸ਼ਖ਼ਸੀ ਗੁਰਿਆਈ ਦੇ ਔਗੁਣਾਂ ਤੋਂ ਬਚਾਉਣ ਲਈ ਇਸੇ ਅਧਿਆਤਮਕ ਬਾਣੀ ਨੂੰ 'ਗੁਰਤਾ' ਸੌਂਪ ਰਹੇ ਸਨ। ਉਨ੍ਹਾਂ ਦੇ ਲਫ਼ਜ਼ਾਂ ਵਿਚ ਇਹ 'ਸ਼ਬਦ' ਜਾਂ 'ਬਾਣੀ', ਇਹ ਪੋਥੀ ਜਾਂ ਗ੍ਰੰਥ ਹੀ ਗੁਰੂ ਸੀ।[1] ਜਦੋਂ ਬਾਣੀ ਦਾ ਇਤਨਾ ਮਹੱਤਵ ਸਾਕਾਰ ਕੀਤਾ ਜਾ ਰਿਹਾ ਹੋਵੇ ਤਾਂ ਕੁਦਰਤੀ ਗੱਲ ਸੀ ਕਿ ਇਸ ਸਾਧਨ ਰਾਹੀਂ ਹੋਰ ਲੋਕ ਵੀ ਆਪਣੇ ਵਿਅਕਤੀਗਤ ਆਸ਼ਿਆਂ ਦੀ ਪੂਰਤੀ ਲਈ ਕੋਈ ਢੰਗ ਵਰਤਦੇ। ਭਾਵੇਂ ਉਨ੍ਹਾਂ ਦੇ ਆਸ਼ੇ ਨਿਰੋਲ ਧਾਰਮਿਕ ਜਾਂ ਲੋਕ-ਭਲਾਈ ਵਾਲੇ ਨਹੀਂ ਵੀ ਸਨ, ਫਿਰ ਵੀ ਉਹ ਇਸ ਪ੍ਰਚਾਰ-ਸਾਧਨ ਰਾਹੀਂ ਆਪਣੀ ਸ਼ਖ਼ਸੀਅਤ ਨੂੰ ਚਮਕਾਉਣ ਦਾ ਹੀਲਾ ਕਰਨਾ ਉੱਚਿਤ ਹੀ ਸਮਝਦੇ ਸਨ।

ਇਹ ਗੱਲ ਉਦੋਂ ਨਿਖਰ ਕੇ ਸਾਹਮਣੇ ਆਈ ਜਦੋਂ ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਸਪੁੱਤਰ ਗੁਰੂ ਅਰਜਨ ਦੇਵ ਜੀ (1563-1606 ਈ:) ਨੂੰ ਗੁਰਤਾ ਗੱਦੀ ਦੇ ਦਿੱਤੀ ਤੇ ਵੱਡੇ ਸਪੁੱਤਰ ਪ੍ਰਿਥੀਚੰਦ ਨੂੰ ਇਸ ਦੇ ਯੋਗ ਨਾ ਸਮਝਿਆ। ਪ੍ਰਿਥੀਚੰਦ (1558-1618) ਦਾ ਖ਼ਿਆਲ ਸੀ ਕਿ ਵੱਡਾ ਹੋਣ ਕਰਕੇ ਗੱਦੀ ਦਾ ਅਧਿਕਾਰ ਉਸ ਦਾ ਹੀ ਹੈ। ਚੁਨਾਂਚਿ ਉਸ ਨੇ ਗੁਰਤਾ ਗੱਦੀ ਦੇ ਸਮਾਨ-ਅੰਤਰ ਆਪਣੀ ਕੂੜੀ ਗੁਰਿਆਈ ਨੂੰ ਚਲਾਉਣ ਲਈ ਕੁਝ ਕੁ ਉਪਰਾਲੇ ਵੀ ਕੀਤੇ, ਜਿਨ੍ਹਾਂ ਜਤਨਾਂ ਵਿੱਚੋਂ ਇਕ ਜਤਨ ਨਕਲੀ ਬਾਣੀ ਦੀ ਰਚਨਾ ਸੀ। ਗੱਲ ਇਹ ਸੀ ਕਿ ਜਦੋਂ ਵੀ ਗੁਰੂ ਸਾਹਿਬਾਨ ਆਪਣੇ ਤੋਂ ਅਗਲੇ ਮਹਾਂ ਪੁਰਸ਼ ਨੂੰ ਗੁਰਿਆਈ ਦਾ ਟਿੱਕਾ ਦਿੰਦੇ ਸਨ ਤਾਂ ਉਹ ਗੁਰਤਾ ਦੇ ਚਿੰਨ੍ਹ ਵਜੋਂ ਪੋਥੀ ਤੇ ਮਾਲਾ ਉਸ ਨੂੰ ਸੌਂਪਦੇ ਸਨ। ਇਉਂ ਪੋਥੀ ਅਰਥਾਤ ਬਾਣੀ ਗੁਰਿਆਈ ਦਾ ਇਕ ਲਾਜ਼ਮੀ ਤੇ ਜ਼ਰੂਰੀ ਅੰਗ ਸੀ। ਇਹ ਪੋਥੀ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ ਸੀ, ਇਸ

---

1. ਪੋਥੀ ਪਰਮੇਸਰ ਕਾ ਥਾਨੁ॥ *(ਸਾਰਗ ਮ: ੫, ਪੰਨਾ 1226)*

ਲਈ ਪ੍ਰਿਥੀਚੰਦ ਨੇ ਨਕਲੀ ਪੋਥੀ ਬਣਾਉਣ ਦੇ ਜਤਨ ਅਰੰਭੇ। ਮਾਲੂਮ ਹੁੰਦਾ ਹੈ ਕਿ ਇਸ ਤੋਂ ਪਹਿਲਾਂ ਵੀ ਨਕਲੀ ਬਾਣੀ ਰਚਣ ਦੀ ਕੁਝ ਨਾ ਕੁਝ ਮਾਤਰਾ ਵਿਚ ਪ੍ਰਥਾ ਪ੍ਰਚਲਿਤ ਹੋ ਗਈ ਸੀ। ਇਸ ਦਾ ਸੰਕੇਤ ਗੁਰੂ ਅਮਰਦਾਸ ਜੀ ਦੀਆਂ ਇਨ੍ਹਾਂ ਸਤਰਾਂ ਤੋਂ ਮਿਲਦਾ ਹੈ:

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥

(ਰਾਮਕਲੀ ਮਹਲਾ ੩ ਅਨੰਦੁ, ਪੰਨਾ 920)

ਸਾਫ਼ ਹੈ ਕਿ ਬਾਣੀ ਦੀ ਮਹਿਮਾ ਕਾਰਨ ਕੁਝ ਲੋਕ ਨਕਲੀ ਜਾਂ ਕੱਚੀ ਬਾਣੀ ਰਚ ਕੇ ਆਪਣਾ ਨਾਮ ਉਜਾਗਰ ਕਰਨ ਦਾ ਉਪਰਾਲਾ ਕਰ ਰਹੇ ਸਨ। ਗੁਰੂ ਰਾਮਦਾਸ ਜੀ ਨੇ ਵੀ ਇਹ ਗੱਲ ਆਖੀ ਹੈ:

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥

(ਵਾਰ ਗਉੜੀ ਮ: ੪, ਪੰਨਾ ੩੦੪)

ਇਸੇ ਰਲਾਵਟ ਦੇ ਡਰ ਨੂੰ ਦੂਰ ਕਰਕੇ ਸੱਚੀ ਬਾਣੀ ਇਕੱਤਰ ਕਰਨ ਦਾ ਮਹਾਨ ਕਾਰਜ ਗੁਰੂ ਅਰਜਨ ਦੇਵ ਜੀ ਨੇ ਸਿਰੇ ਚਾੜ੍ਹਿਆ ਤੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਤਿਆਰ ਕੀਤਾ।[2]

ਰਾਜਸੀ ਹਾਲਾਤ ਪ੍ਰਿਥੀਚੰਦ ਦੀ ਮਦਦ 'ਤੇ ਸਨ। ਕੁਝ ਸਿੱਖਾਂ ਨੂੰ ਲਾਲਚ ਦੇ ਕੇ ਆਪਣੇ ਨਾਲ ਕਰ ਲੈਣਾ ਵੀ ਕੋਈ ਔਖੀ ਗੱਲ ਨਹੀਂ ਸੀ। ਗੁਰੂ ਅਰਜਨ ਸਾਹਿਬ ਸ਼ਹੀਦ ਕੀਤੇ ਜਾ ਚੁੱਕੇ ਸਨ ਤੇ ਗੁਰੂ ਹਰਿਗੋਬਿੰਦ ਜੀ ਨੂੰ ਜਹਾਂਗੀਰ ਦੇ ਹੁਕਮ ਅਨੁਸਾਰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਇਹ ਇਕ ਬੜਾ ਢੁਕਵਾਂ ਅਤੇ ਔਛਾ ਮੌਕਾ ਸੀ ਕਿ ਪ੍ਰਿਥੀਚੰਦ ਗੁਰਗੱਦੀ ਦੇ ਆਪਣੇ ਪੁਰਾਣੇ ਦਾਅਵੇ ਨੂੰ ਸੁਰਜੀਤ ਕਰਨ ਦਾ ਹੀਲਾ ਕਰਦਾ। ਭਾਵੇਂ ਗੁਰੂ ਬਣਨ ਦੇ ਜਤਨ ਉਸ ਦੇ ਚਿਰੋਕੇ ਚਲੇ ਆ ਰਹੇ ਸਨ, ਪ੍ਰੰਤੂ ਸੱਚ ਦੇ ਹਾਮੀ ਬਾਬਾ ਬੁੱਢਾ ਤੇ ਭਾਈ ਗੁਰਦਾਸ ਆਦਿ ਮਹਾਨ ਗੁਰਸਿੱਖਾਂ ਸਾਹਮਣੇ ਉਸ ਦੀ ਕੋਈ ਪੇਸ਼ ਨਹੀਂ ਸੀ ਚੱਲਦੀ। ਕੁਰਬਾਨੀ ਦੇ ਪੁੰਜ ਗੁਰੂ ਅਰਜਨ ਸਾਹਿਬ ਦੀ ਲੋਕਪ੍ਰਿਯ ਸ਼ਖ਼ਸੀਅਤ ਦਾ ਮੁਕਾਬਲਾ ਕਰਨਾ ਪ੍ਰਿਥੀਏ ਜਿਹੇ ਸੁਆਰਥੀ ਲਈ ਔਖਾ ਹੀ ਸੀ। ਸ਼ਹੀਦੀ ਪਿੱਛੋਂ ਇਹ ਗੱਲ ਵੀ ਨਾ ਰਹੀ। ਸੋ, ਇਸ ਸਮੇਂ ਉਸ ਦੀ ਵੱਡੀ ਲੋੜ ਪੋਥੀ ਸੀ, ਜੋ ਉਸ ਨਕਲੀ ਬਾਣੀ ਰਚ ਰਚ ਕੇ ਪੂਰੀ ਕੀਤੀ। ਖ਼ਾਸ ਕਰਕੇ ਉਸ ਦੇ ਪੁੱਤਰ ਮਿਹਰਬਾਨ ਨੇ ਨਾਨਕ ਨਾਮ ਪਾ ਕੇ ਰਚਨਾ ਕੀਤੀ ਤੇ ਇਸ ਵਿਚ ਕਾਫ਼ੀ ਹਿੱਸਾ ਪਾਇਆ। ਚੁਨਾਂਚਿ ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ:

ਮਿਹਰਵਾਨ ਪੁੱਤ ਪ੍ਰਿਥੀਏ ਦਾ ਕਬੀਸਰੀ ਕਰੇ।
ਪਾਰਸੀ, ਹਿੰਦਵੀ, ਸਹੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।
ਤਿਨ ਭੀ ਬਾਣੀ ਬਹੁਤ ਬਣਾਈ।
ਭੋਗ ਗੁਰੂ ਨਾਨਕ ਜੀ ਦਾ ਹੀ ਪਾਈ ॥੯੭॥

---

2. ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ॥ (ਸੋਰਠਿ ਮ: ੧, ਪੰਨਾ 634)

ਡੂਮ ਲਗੇ ਸਬਦ ਮੀਣਿਆਂ ਦੇ ਗਾਵਣ।
ਦੂਜਾ ਦਰਬਾਰ ਵਡਾ ਗੁਰਿਆਈ ਦਾ ਲਗੇਸ ਬਣਾਵਣ।
ਮੀਣਿਆਂ ਭੀ ਪੁਸਤਕ ਇਕ ਗ੍ਰੰਥ ਬਣਾਇਆ।
ਚਹੁੰ ਪਾਤਸ਼ਾਹੀਆਂ ਦਾ ਸਬਦ ਬਾਣੀ ਲਿਖਿ ਵਿਚ ਪਾਇਆ।੯੪।

(ਪੰਜਵਾਂ ਚਰਣ, ਬੰਸਾਵਲੀਨਾਮਾ)

ਭਾਵੇਂ ਹੁਣ ਸਾਨੂੰ ਮਿਹਰਬਾਨ ਦੀ 'ਨਾਨਕ' ਨਾਮ ਵਾਲੀ ਰਚਨਾ ਕਾਫ਼ੀ ਮਿਲ ਗਈ ਹੈ, ਪਰ ਪ੍ਰਿਥੀਚੰਦ ਵਾਲੀ ਉਹ ਪੋਥੀ ਸਾਡੇ ਸਾਹਮਣੇ ਨਹੀਂ ਆਈ, ਇਸ ਲਈ ਅਸੀਂ ਉਸ ਬਾਰੇ ਕੁਝ ਕਹਿਣੋਂ ਅਸਮਰੱਥ ਹਾਂ। ਇਨ੍ਹਾਂ ਲੋਕਾਂ ਦੇ ਮੰਤਵਾਂ ਲਈ ਅਸੀਂ ਸਹਿਮਤ ਨਾ ਵੀ ਹੋਵੀਏ ਤਾਂ ਵੀ ਇਨ੍ਹਾਂ ਦੀ ਕਲਮੀ ਸੇਵਾ ਨੂੰ ਕੁਝ ਨਾ ਕੁਝ ਥਾਂ ਦੇਣੀ ਹੀ ਹੋਵੇਗੀ। ਇਹ ਛੰਦਾਬੰਦੀ ਵਾਲਾ ਜਾਂ ਵਾਰਤਕ ਸਾਹਿੱਤ ਸਾਰਾ ਪ੍ਰਾਪੇਗੰਡੇ ਦਾ ਸਾਹਿੱਤ ਹੈ। ਅਜੇ ਇਹ ਸਾਰਾ ਸਾਹਿੱਤ ਪ੍ਰਾਪਤ ਵੀ ਨਹੀਂ। ਸਾਰੀਆਂ ਚੀਜ਼ਾਂ ਮਿਲ ਜਾਣ ਉਪਰੰਤ ਇਨ੍ਹਾਂ ਦਾ ਠੀਕ ਮੁਲੰਕਣ ਕੀਤਾ ਜਾ ਸਕੇਗਾ। ਪਰ ਇਹ ਗੱਲ ਤਾਂ ਸਪੱਸ਼ਟ ਹੈ ਕਿ ਇਸ ਕੱਚੀ ਬਾਣੀ ਨੂੰ ਲਿਖਣ ਲਿਖਾਉਣ ਵਾਲਾ ਬਾਬਾ ਮਿਹਰਬਾਨ ਤੇ ਉਸ ਦਾ ਪੁੱਤਰ ਹਰਿ ਜੀ ਸੀ, ਜਿਨ੍ਹਾਂ ਇਸ ਪਾਸੇ ਕਾਫ਼ੀ ਜਤਨ ਕੀਤੇ। ਪੇਸ਼ਤਰ ਇਸ ਦੇ ਕਿ ਅਸੀਂ ਉਨ੍ਹਾਂ ਦੀ ਮਿਲਦੀ ਰਚਨਾ ਦੀ ਚਰਚਾ ਕਰੀਏ, ਸੰਖੇਪ ਰੂਪ ਵਿਚ ਉਨ੍ਹਾਂ ਦੇ ਜੀਵਨ ਬਾਰੇ ਵਿਚਾਰਨਾ ਲਾਭਦਾਇਕ ਹੋਵੇਗਾ।

ਜੀਵਨ

ਬਾਬਾ ਮਿਹਰਬਾਨ ਦਾ ਜਨਮ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀਚੰਦ ਦੇ ਘਰ ਮਾਤਾ ਭਗਵਾਨੋਂ ਦੀ ਕੁੱਖੋਂ 1637 ਬਿ: ਮਾਘ ਸੁਦੀ ਬਸੰਤ ਪੰਚਮੀ (9 ਜਨਵਰੀ 1581 ਈ: ਦਿਨ ਸੋਮਵਾਰ) ਨੂੰ ਗੋਇੰਦਵਾਲ ਵਿਖੇ ਹੋਇਆ। ਆਪ ਦਾ ਪਹਿਲਾ ਨਾਂ ਮਨੋਹਰ ਦਾਸ ਸੀ। ਮਨੋਹਰ ਦਾਸ ਨੂੰ ਬਚਪਨ ਤੋਂ ਬਾਣੀ ਪੜ੍ਹਨ ਸੁਣਨ ਦਾ ਸ਼ੌਕ ਸੀ, ਖ਼ਾਸ ਕਰਕੇ ਗੁਰੂ ਅਰਜਨ ਸਾਹਿਬ ਦੀ ਅਗਵਾਈ ਤੇ ਸੰਗਤ ਸਦਕਾ ਬਾਣੀ ਦੀਆਂ ਪੋਥੀਆਂ ਲਿਖਣ-ਲਿਖਾਉਣ ਵਿਚ ਆਪ ਦੀ ਰੁਚੀ ਵਿਕਸਤ ਹੋਈ। ਇਸੇ ਕਰਕੇ 'ਗੋਸ਼ਟੀ ਲੇਖਕ'[3] ਨੇ ਲਿਖਿਆ ਹੈ—ਪਹਿਲਾਂ ਪੋਥੀਆਂ ਘੱਟ ਸਨ, ਮਿਹਰਬਾਨ ਨੇ ਥਾਂ-ਥਾਂ ਡੇਰਿਆਂ ਵਿਚ ਪੋਥੀਆਂ ਲਿਖ-ਲਿਖ ਪੁਚਾਈਆਂ। ਪੰਚਮ ਗੁਰੂ ਇਸ ਦੀ ਅੰਤਰੀਵ ਲਗਨ 'ਤੇ ਪ੍ਰਸੰਨ ਸਨ ਤੇ ਇਸ ਨੂੰ ਵਿਦਿਆ ਅਧਿਐਨ ਤੇ ਗੁਰਮਤਿ ਸਿੱਖਿਆ ਵਿਚ ਪ੍ਰਬੀਨ ਕਰ ਰਹੇ ਸਨ। ਇਸ ਨਿਪੁੰਨਤਾ ਦੀ ਪੁਸ਼ਟੀ ਮਿਹਰਬਾਨ ਵੱਲੋਂ ਕੀਤੇ ਗੁਰਬਾਣੀ ਦੇ ਪਰਮਾਰਥਾਂ ਤੋਂ ਭਲੀਭਾਂਤ ਹੁੰਦੀ ਹੈ। ਅਸਲ

3. *ਗੋਸਟਿ ਗੁਰ ਮਿਹਰਬਾਨ ਜੀ ਕੀ* ਨਾਂ ਦੀ ਇਕ ਪੋਥੀ ਮਿਹਰਬਾਨ ਦੇ ਸਪੁੱਤਰ ਹਰਿ ਜੀ ਨੇ ਲਿਖੀ ਹੈ, ਇਸ ਵਿਚ ਉਨ੍ਹਾਂ ਦੇ ਜੀਵਨ-ਸਮਾਚਾਰ ਅੰਕਿਤ ਹਨ। ਇਸ ਪੋਥੀ ਦਾ ਖਰੜਾ 3510 ਨੰ: 'ਤੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਸੁਰੱਖਿਅਤ ਹੈ ਅਤੇ ਇਸ ਦੀ ਇਕ ਕਾਪੀ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ (ਨੰ: 2527) ਵਿਚ ਵੀ ਹੈ। ਇਥੇ ਗੋਸਟਿ ਸ਼ਬਦ ਤੋਂ ਭਾਵ ਜਨਮ ਸਾਖੀ ਹੈ। ਅਸੀਂ ਇਸੇ ਦੇ ਆਧਾਰ 'ਤੇ ਇਹ ਜਾਣਕਾਰੀ ਦਿੱਤੀ ਹੈ।

ਗੱਲ ਇਹ ਹੈ ਕਿ ਮਿਹਰਬਾਨ ਦੇ ਜੀਵਨ-ਵਿਕਾਸ ਦਾ ਇਹੋ ਉਹ ਸਮਾਂ ਹੈ, ਜਦੋਂ ਕਿ ਗੁਰੂ ਅਰਜਨ ਸਾਹਿਬ ਆਪਣੇ ਪਾਸ ਕਈ ਲਿਖਾਰੀ ਰੱਖ ਕੇ ਬੜੇ ਲੰਮੇ-ਚੌੜੇ ਉਪਰਾਲਿਆਂ ਨਾਲ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਵਾ ਰਹੇ ਸਨ। ਇਸ ਘਟਨਾ ਦਾ ਬਾਲਕ ਮਨੋਹਰ ਦਾਸ ਦੇ ਮਨ 'ਤੇ ਅਸਰ ਪੈਣਾ ਜ਼ਰੂਰੀ ਤੇ ਕੁਦਰਤੀ ਹੀ ਸੀ। ਇਹ ਆਪਣੇ ਪਿਤਾ ਪ੍ਰਿਥੀਚੰਦ ਦੀ ਸੇਵਾ ਕਰਦਾ ਤੇ ਗੁਰੂ ਅਰਜਨ ਸਾਹਿਬ ਦੇ ਡੇਰੇ ਦੀ ਵੀ ਸੇਵਾ-ਟਹਿਲ ਕਰਦਾ। ਗੋਸ਼ਟੀ ਲੇਖਕ (ਹਰਿ ਜੀ) ਦੇ ਕਥਨ ਅਨੁਸਾਰ ਗੁਰੂ ਅਰਜਨ ਜੀ ਨੇ ਤਾਂ ਇਸ ਨੂੰ 'ਸ਼ਬਦ ਦਾ ਖ਼ਜ਼ਾਨਾ' ਸੌਂਪਿਆ ਹੋਇਆ ਸੀ। ਇਸ ਨੂੰ ਰਬਾਬ ਨਾਲ ਕੀਰਤਨ ਕਰਨ ਦਾ ਵੀ ਚੰਗਾ ਸ਼ੌਕ ਸੀ, ਇਸ ਕਰਕੇ ਗੁਰੂ ਅਰਜਨ ਸਾਹਿਬ ਆਪਣੇ ਭਤੀਜੇ ਨੂੰ ਕਾਫ਼ੀ ਪਿਆਰ ਕਰਦੇ ਸਨ। ਪ੍ਰਿਥੀਚੰਦ ਦਾ ਇਹ ਅੰਦਰੋ-ਅੰਦਰੀ ਖ਼ਿਆਲ ਸੀ ਕਿ ਮਨੋਹਰ ਦਾਸ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਕੇ ਉਨ੍ਹਾਂ ਨੂੰ ਕਿਵੇਂ ਨਾ ਕਿਵੇਂ ਰਿਝਾ ਲਵੇ ਤੇ ਬਾਕਾਇਦਾ ਗੁਰਗੱਦੀ ਪਾ ਲਵੇ, ਕਿਉਂਕਿ ਗੁਰੂ ਅਰਜਨ ਸਾਹਿਬ ਦੇ ਘਰ ਉਸ ਸਮੇਂ ਸ੍ਰੀ (ਗੁਰੂ) ਹਰਿਗੋਬਿੰਦ ਜੀ (1595-1644 ਈ:) ਦਾ ਜਨਮ ਵੀ ਨਹੀਂ ਹੋਇਆ ਸੀ। ਜਦੋਂ ਸ੍ਰੀ (ਗੁਰੂ) ਹਰਿਗੋਬਿੰਦ ਜੀ ਦਾ ਜਨਮ ਹੋਇਆ, ਪ੍ਰਿਥੀਏ ਨੇ ਇਸ ਦਾ ਕਿਤਨਾ ਬੁਰਾ ਮਨਾਇਆ ਤੇ ਉਨ੍ਹਾਂ ਨੂੰ ਮਾਰਨ ਲਈ ਕਈ ਉਪਰਾਲੇ ਕੀਤੇ, ਇਹ ਸਿੱਖ-ਇਤਿਹਾਸ ਤੋਂ ਪ੍ਰਗਟ ਹੈ। ਮੀਣਿਆਂ ਦੀਆਂ ਲਿਖਤਾਂ ਅਨੁਸਾਰ ਗੁਰੂ ਅਰਜਨ ਸਾਹਿਬ ਵੱਲੋਂ ਗੁਰਗੱਦੀ ਪ੍ਰਿਥੀਚੰਦ ਨੂੰ ਸੌਂਪੀ ਗਈ, ਕਿਉਂਕਿ ਉਹ ਆਪਣੀਆਂ ਰਚਨਾਵਾਂ ਵਿਚ ਗੁਰੂ ਹਰਿਗੋਬਿੰਦ ਦਾ ਕਿਧਰੇ ਜ਼ਿਕਰ ਤਕ ਨਹੀਂ ਕਰਦੇ। ਸ਼ਾਇਦ ਇਸ ਕਰਕੇ ਵੀ ਕਿ ਉਹ ਉਸ ਸਮੇਂ ਸਰਕਾਰੀ ਕ੍ਰੋਪੀ ਕਾਰਨ ਕਿਲ੍ਹੇ ਵਿਚ ਨਜ਼ਰਬੰਦ ਸਨ ਤੇ ਮੀਣੇ ਇਸ ਤੋਂ ਪੂਰਾ ਪੂਰਾ ਫ਼ਾਇਦਾ ਉਠਾ ਰਹੇ ਸਨ। ਇਸੇ ਲਈ ਉਨ੍ਹਾਂ ਲਿਖਿਆ ਹੈ ਕਿ ਗੁਰੂ ਅਰਜਨ ਸਾਹਿਬ ਨੇ ਆਪਣੀ 'ਪੋਥੀ ਸ਼ਬਦ' ਗੁਰੂ ਸਾਹਿਬ ਜੀ ਕਉ ਦੀਆ। ਮੀਣਿਆਂ ਦੀ ਜ਼ਬਾਨ ਵਿਚ 'ਗੁਰੂ ਸਾਹਿਬ' ਪ੍ਰਿਥੀਚੰਦ ਦਾ ਲਕਬ ਸੀ ਤੇ ਇਸ ਦੀ ਬਾਣੀ ਮ: ੬ ਦੇ ਨਾਮ ਕਰਕੇ ਆਉਂਦੀ ਹੈ। ਪ੍ਰਿਥੀਚੰਦ ਦਾ ਦੇਹਾਂਤ 1676 ਬਿ: (1618 ਈ:), ਵਿਸਾਖ ਸੁਦੀ ਦੁਆਦਸੀ ਨੂੰ ਪਿੰਡ ਹੇਠੀਆਂ ਵਿਚ ਹੋਇਆ। *ਗੁਰਬਿਲਾਸ ਪਾ: ੬* ਦੀ ਲਿਖਤ ਅਨੁਸਾਰ ਸੁਲਹੀ ਖ਼ਾਂ ਦੀ ਮਾਰਫ਼ਤ ਸਰਕਾਰ ਵੱਲੋਂ ਪ੍ਰਿਥੀਚੰਦ ਨੂੰ ਜਗੀਰ ਵਜੋਂ ਪਿੰਡ ਹੇਹਰਾ (ਜ਼ਿਲ੍ਹਾ ਲਾਹੌਰ ਵਿਚ) ਮਿਲਿਆ ਸੀ। ਇਥੇ ਹੀ ਉਸ ਨੇ ਅੰਮ੍ਰਿਤਸਰ ਦੀ ਨਕਲ ਉੱਤੇ ਤਲਾਬ ਤੇ ਹਰਿਮੰਦਰ ਬਣਾਉਣ ਦਾ ਉਪਰਾਲਾ ਕੀਤਾ।[4] ਇਥੇ ਹੀ ਪ੍ਰਿਥੀਏ ਦੀ ਸਮਾਧ ਕਾਇਮ ਹੈ ਅਤੇ ਇਸ ਤੋਂ ਬਾਅਦ ਮਨੋਹਰ ਦਾਸ ਗੱਦੀ 'ਤੇ ਬੈਠੇ ਜਿਨ੍ਹਾਂ ਦਾ ਪ੍ਰਸਿੱਧ ਨਾਂ ਬਾਬਾ ਮਿਹਰਬਾਨ ਹੈ। ਪਿਤਾ ਦੇ ਦੇਹਾਂਤ ਸਮੇਂ ਇਨ੍ਹਾਂ ਦੀ ਉਮਰ 37-38 ਵਰ੍ਹੇ ਸੀ। ਇਨ੍ਹਾਂ ਆਪਣੇ ਪਿਤਾ ਦੀ ਯਾਦ ਵਿਚ ਇਕ ਵੱਡਾ ਦੇਹੁਰਾ ਬਣਵਾਇਆ ਤੇ ਤਲਾਉ ਲਗਾਇਆ ਅਤੇ ਇਕ ਤਕੜੀ ਬਾਰੀ ਚੱਠ ਕੀਤੀ। ਇਸ ਪਿੱਛੋਂ ਥਾਂ-ਥਾਂ ਫਿਰ ਤੁਰ ਕੇ ਸਿੱਖ ਸੰਗਤਾਂ ਵਿਚ ਆਪਣਾ ਪ੍ਰਚਾਰ ਕਰਦੇ ਰਹੇ। ਚਾਰ ਪੰਜ ਵਰ੍ਹੇ ਪਿੰਡ ਜੰਡਿਆਲੀ ਵਿਚ ਨਿਵਾਸ ਰੱਖਿਆ; ਕੁਝ ਸਮਾਂ ਕਸੂਰ ਲਾਗੇ ਮੁਹੰਮਦਪੁਰ ਵੀ ਟਿਕੇ।

4. ਕਈ ਲਿਖਤਾਂ ਅਨੁਸਾਰ ਪ੍ਰਿਥੀਏ ਨੇ ਰਾਮ ਤੀਰਥ ਤਲਾਬ ਵੀ ਬਣਵਾਇਆ।

ਬਾਬਾ ਮਿਹਰਬਾਨ ਨੇ ਮਾਝੇ ਦੇ ਇਲਾਕੇ ਤੋਂ ਇਲਾਵਾ ਪਹਾੜੀ ਇਲਾਕੇ ਅਤੇ ਮਾਲਵੇ ਆਦਿ ਵੱਲ ਵੀ ਦੌਰਾ ਕੀਤਾ। ਸੁਕੇਤ ਮੰਡੀ ਦਾ ਰਾਣਾ ਸੈਂਸਾਰ ਚੰਦ, ਕੋਟਲਹਾੜ (ਕਾਂਗੜੇ) ਦਾ ਰਾਜਾ ਚੰਦਰਭਾਨ ਤੇ ਕੁੱਲੂ ਦਾ ਰਾਜਾ ਵੀ ਆਪ ਦਾ ਸ਼ਰਧਾਲੂ ਸੀ। ਜਦੋਂ ਆਪ ਉਥੇ ਗਏ ਤਾਂ ਇਹ ਸਭ ਦਰਸ਼ਨਾਂ ਲਈ ਆਏ। ਆਪ ਨੇ ਤਿੰਨਾਂ ਰਾਜਿਆਂ ਦੇ ਲਸ਼ਕਰਾਂ ਨੂੰ ਕਰਾਮਾਤ ਨਾਲ ਅਤੁੱਟ ਲੰਗਰ ਛਕਾਇਆ ਜਦੋਂ ਕਿ ਇਤਨੀ ਸਮੱਗਰੀ ਹੀ ਨਹੀਂ ਸੀ। ਪਹਾੜੋਂ ਪਰਤ ਕੇ ਆਪ ਬੁਤਾਲੇ ਆਏ ਤੇ ਫਿਰ ਬਕਾਲੇ ਤੇ ਗੋਇੰਦਵਾਲ ਆ ਕੇ ਆਪ ਨੇ ਬਜ਼ੁਰਗ ਭੱਲਿਆਂ, ਸੋਢੀਆਂ ਨੂੰ ਗਹਿਣੇ, ਕੱਪੜਿਆਂ ਦੇ ਸਿਰੋਪਾਓ ਦੇ ਕੇ ਯਥਾਯੋਗ ਆਦਰ ਸਨਮਾਨ ਦਿੱਤਾ।

ਇਸ ਤਰ੍ਹਾਂ ਉਪ੍ਰੋਕਤ 'ਗੋਸਟਿ' ਵਿਚ ਆਪ ਦੇ ਸੁਨਾਮ ਤੇ ਸਮਾਣੇ ਆਦਿ ਵੱਲ ਕੀਤੇ ਦੌਰੇ ਦਾ ਵੀ ਜ਼ਿਕਰ ਮਿਲਦਾ ਹੈ। ਉਸ ਸਮੇਂ ਇਹ ਥਾਵਾਂ ਮੁਸਲਮਾਨ ਪੀਰਾਂ ਫ਼ਕੀਰਾਂ ਦੀ ਰਿਹਾਇਸ਼ਗਾਹ ਸਨ ਅਤੇ ਰਾਜਸੀ ਨੁਕਤੇ ਤੋਂ ਵੀ ਕਾਫ਼ੀ ਅਹਿਮੀਅਤ ਰੱਖਦੀਆਂ ਸਨ। ਬਾਬਾ ਮਿਹਰਬਾਨ ਜੀ ਦੇ ਪ੍ਰਸਿੱਧ ਸ਼ਰਧਾਲੂ ਸਿੱਖਾਂ ਵਿੱਚੋਂ ਹਰਿ ਜੀ, ਕੇਸੋ ਰਾਇ, ਮੁਰਾਰ ਦਾਸ ਸੁਰਭਿਖੀ, ਲਾਲ ਚੰਦ, ਦਰੀਆ ਆਦਿ ਦੇ ਨਾਂ ਵਰਣਨਯੋਗ ਹਨ। ਕੇਸੋ ਦਾਸ ਗੋਸ਼ਟਾਂ ਸਾਖੀਆਂ ਲਿਖਣ ਦਾ ਕੰਮ ਕਰਦਾ ਸੀ। ਮਾਲੂਮ ਹੁੰਦਾ ਹੈ, ਬਹੁਤਾ ਕੁਝ ਇਸੇ ਨੇ ਲਿਖਿਆ। ਇਕ ਸੁੰਦਰ ਦਾਸ ਨਾਂ ਦਾ ਲਿਖਾਰੀ ਸੀ, ਜੋ ਬਾਣੀ ਲਿਖਿਆ ਕਰਦਾ ਸੀ। ਜਿਸ ਸਮੇਂ ਬਾਬਾ ਮਿਹਰਬਾਨ ਦਾ ਅੰਤ ਸਮਾਂ ਆਇਆ (ਜਿਸ ਦਾ ਸਾਖੀਕਾਰ ਦੇ ਕਥਨ ਅਨੁਸਾਰ ਇਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ) ਤਾਂ ਆਪ ਨੇ ਕੇਸੋ ਦਾਸ ਨੂੰ ਕਿਹਾ ਕਿ ਤੂੰ ਸਵੱਈਏ ਪੜ੍ਹੀਂ; ਜਿਸ ਤਰ੍ਹਾਂ ਕਿ ਹੋਰ ਗੁਰੂਆਂ ਦੀ ਸਿਫ਼ਤ ਵਿਚ ਕਲ੍ਹ ਆਦਿ ਭੱਟਾਂ ਨੇ ਜਸ ਗਾਇਆ ਹੈ। ਮਾਲੂਮ ਹੁੰਦਾ ਹੈ ਕਿ ਮਿਹਰਬਾਨ ਏਸ ਪਾਸਿਓਂ ਵੀ ਆਪਣਾ ਜਸ ਕਰਾ ਕੇ ਵੱਡੇ ਗੁਰੂਆਂ ਦੀ ਕੁਝ-ਕੁਝ ਰੀਸ ਕਰਨੀ ਚਾਹੁੰਦਾ ਸੀ। ਹਰਿ ਜੀ, ਪਿਤਾ ਹੋਣ ਦੇ ਨਾਤੇ ਹੀ ਨਹੀਂ, ਗੁਰੂ ਮੰਨ ਕੇ ਵੀ ਮਿਹਰਬਾਨ ਜੀ ਦੀ ਬਹੁਤ ਸੇਵਾ ਕਰਦਾ ਸੀ ਤੇ ਆਪਣੀ ਬਾਣੀ ਵਿਚ ਉਸ ਨੇ ਥਾਂ-ਥਾਂ ਉਨ੍ਹਾਂ ਦੀ ਮਹਿਮਾ ਗਾਈ ਹੈ:

> **ਜਿਨਿ ਕੀਨੀ ਸੇਵਾ ਗੁਰੂ ਮਿਹਰਵਾਨ ਕੀ, ਸੁ ਆਪ ਭਇਆ ਗੁਰਦੇਉ।**
> **ਜਿਨ ਸੇਵ ਕੀਨੀ ਗੁਰੂ ਕੀ, ਤਿਨ ਪਾਇਆ ਅਲਖ ਅਭੇਉ।**
> **ਮਨ ਬਾਂਛਤ ਫਲ ਪਾਵਈ, ਜਾਂ ਰਾਖੈ ਗੁਰ ਕੀ ਟੇਕ।**
> **ਜਨੁ ਨਾਨਕ ਐਸੇ ਗੁਰੂ ਕਉ, ਬਾਰ ਬਾਰ ਤੂ ਸੇਉ ॥੧॥੩॥**

(ਮ: ੮, ਗੋਸਟਿ ਗੁਰੂ ਮਿਹਰਬਾਨ ਜੀ ਕੀ)

ਅੰਤ ਸਮੇਂ ਬਾਬਾ ਮਿਹਰਬਾਨ ਨੇ ਹਰਿ ਜੀ ਨੂੰ ਤਾਕੀਦ ਕੀਤੀ, 'ਤੂੰ ਬਾਣੀ ਉਚਾਰਿਆ ਕਰ; ਤੁਧਨੋ ਮੇਰਾ ਵਚਨੁ ਹੂਆ ਸੀ ਜਿ ਤੇਰੀ ਬਾਣੀ ਬਹੁਤ ਹੋਵੇਗੀ ਪਰ ਭੋਗੁ ਜਨ ਨਾਨਕ ਕਾ ਪਾਵਣਾ।'[5] ਇਸ ਤਰ੍ਹਾਂ ਦਾ ਸੰਦੇਸ਼ ਦੇ ਕੇ ਆਪ 1696 ਬਿ: ਮਾਘ ਸੁਦੀ ਬਸੰਤ ਪੰਚਮੀ, 20 ਮਾਘ, ਦਿਨ ਸ਼ਨੀਵਾਰ, ਮੁਤਾਬਕ 18 ਜਨਵਰੀ

5. ਇਨ੍ਹਾਂ ਦੀ ਸਮਾਧ ਬਾਬਾ ਅਟੱਲ ਪਾਸ ਸੀ, ਪਰ ਹੁਣ ਉਥੇ ਮਕਾਨ ਬਣ ਗਏ ਹਨ।

1640 ਈ: ਨੂੰ ਦੇਹਾਂਤ ਪਾ ਗਏ। ਆਪ ਦੀ ਘਰ ਵਾਲੀ ਦਾ ਨਾਂ ਸੀਤਾ ਸੀ, ਜਿਸ ਤੋਂ ਤਿੰਨ ਪੁੱਤਰ ਸਨ—ਹਰਿ ਜੀ, ਕਰਨ ਮੱਲ ਤੇ ਚਤੁਰਭੁਜ:

> **ਕਵਲ ਨੈਨ ਪੀਤੰਬਰ ਸੁਆਮੀ, ਚਤੁਰਭੁਜ ਹਰਿਰਾਇ।**
> **ਜਿਸਕੇ ਕੀਏ ਜੀਏ ਹੈ; ਦਾਸ ਨਾਨਕ ਤਿਸੈ ਧਿਆਇ।**

ਦੇਹਾਂਤ ਬਾਅਦ ਹਰਿ ਜੀ ਗੱਦੀ 'ਤੇ ਬੈਠੇ, ਜਿਨ੍ਹਾਂ ਮ: ੮ ਕਰਕੇ ਬਾਣੀ ਲਿਖੀ ਹੈ। ਇਹ ਚੰਗੇ ਮੰਨੇ ਪ੍ਰਮੰਨੇ ਵਿਅਕਤੀ ਹੋਏ ਹਨ ਤੇ ਬਹੁਤਾ ਚਿਰ ਅੰਮ੍ਰਿਤਸਰ ਰਹਿ ਕੇ ਹੀ ਆਪਣੀ ਗੁਰਗੱਦੀ ਚਲਾਉਂਦੇ ਰਹੇ। ਮਾਲੂਮ ਹੁੰਦਾ ਹੈ ਕਿ ਮੁਗ਼ਲ ਸਰਕਾਰ ਨਾਲ ਟੱਕਰ ਹੋਣ ਸਮੇਂ ਜਦੋਂ ਸੱਤਵੇਂ, ਅੱਠਵੇਂ ਤੇ ਨੌਂਵੇਂ ਗੁਰੂ ਕੀਰਤਪੁਰ ਆਦਿ ਵਿਚ ਨਿਵਾਸ ਰੱਖਦੇ ਸਨ ਤਾਂ ਇਹ ਇਧਰ ਹੀ ਆਪਣੀ ਮਾਨਤਾ ਕਰਵਾਉਂਦੇ ਸਨ। ਸ਼ਾਇਦ ਇਨ੍ਹਾਂ ਬਾਰੇ ਹੀ ਇਹ ਅਖੌਤ ਪ੍ਰਸਿੱਧ ਹੈ:

> **ਬਾਬਾ ਹਰਿਆ ਭਾਗੀ ਭਰਿਆ।**
> **ਆਵੇ ਖ਼ਾਲੀ, ਜਾਵੇ ਭਰਿਆ।**

ਲਗਭਗ 57 ਵਰ੍ਹੇ ਇਹ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਕਾਬਜ਼ ਰਹੇ। ਆਖ਼ਰ 1753 ਬਿ: 20 ਵਿਸਾਖ, ਵਿਸਾਖ ਸੁਦੀ ਏਕਾਦਸ਼ੀ ਨੂੰ ਇਨ੍ਹਾਂ ਦਾ ਦੇਹਾਂਤ ਹੋਇਆ।[6] ਇਸ ਸਮੇਂ ਅੰਮ੍ਰਿਤਸਰੀ ਸੰਗਤ ਨੇ ਗੁਰੂ ਗੋਬਿੰਦ ਸਿੰਘ ਜੀ ਪਾਸ ਸ੍ਰੀ ਅਨੰਦਪੁਰ ਸੁਨੇਹਾ ਭੇਜਿਆ ਕਿ ਬਾਬਾ ਹਰੀਆ ਜੀ ਦੇ ਦੇਹਾਂਤ ਬਾਅਦ ਸ੍ਰੀ ਦਰਬਾਰ ਸਾਹਿਬ ਦੀ ਕੋਈ ਸੰਭਾਲ ਨਹੀਂ ਕਰ ਰਿਹਾ, ਇਸ ਲਈ ਕੋਈ ਸਿਆਣਾ ਸਿੱਖ ਭੇਜੋ। ਏਸ ਕਰਕੇ 1756 ਬਿ: ਵਿਚ ਭਾਈ ਮਨੀ ਸਿੰਘ ਜੀ ਨੂੰ ਪੰਜ ਸਿੱਖ ਦੇ ਕੇ ਅੰਮ੍ਰਿਤਸਰ ਘੱਲਿਆ ਗਿਆ।

ਹਰਿ ਜੀ ਦੇ ਪੁੱਤਰ ਸਨ: ਨਿਰੰਜਨ ਰਾਇ, ਹਰਿਗੋਪਾਲ ਤੇ ਕੰਵਲ ਨੈਨ। ਇਨ੍ਹਾਂ ਦੇ ਦੇਹਾਂਤ ਬਾਅਦ ਨਿਰੰਜਨ ਰਾਇ ਗੱਦੀ 'ਤੇ ਬੈਠਾ। ਇਸ ਦਾ ਪੁੱਤਰ ਦੱਖਣੀ ਰਾਇ ਸੀ, ਜਿਸ ਵਿੱਚੋਂ ਘਰਾਂਚੋ ਵਾਲੇ ਸੋਢੀ ਹਨ। ਨਿਰੰਜਨ ਰਾਇ ਪਿੱਛੋਂ ਹਰਿਗੋਪਾਲ ਤੇ ਫਿਰ ਕੰਵਲਨੈਨ, ਜਿਸ ਵਿੱਚੋਂ ਢਿੱਲਵਾਂ ਵਾਲੀ ਗੱਦੀ ਹੈ ਤੇ ਬੁੱਟਰ ਦੇ ਸੋਢੀ ਵੀ ਇਸੇ ਮੂੰਹੀ ਵਿੱਚੋਂ ਸਨ। ਕੰਵਲਨੈਨ ਤੋਂ ਪਿੱਛੋਂ ਅਭੈ ਚੰਦ ਜੋ ਮਾਲਵੇ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤਪਾਨ ਕਰ ਕੇ ਅਭੈ ਸਿੰਘ ਬਣਿਆ, ਅਭੈ ਸਿੰਘ ਬਾਅਦ ਭਾਈ ਦਰਬਾਰੀ ਗੱਦੀਦਾਰ ਹੋਇਆ ਤੇ ਇਸ ਨੇ ਵੀ ਕਾਫ਼ੀ ਬਾਣੀ ਲਿਖੀ ਹੈ। ਹਰਿਗੋਪਾਲ ਦਾ ਸਪੁੱਤਰ ਗੁਰਦਿੱਤਾ ਸੀ। ਇਸ ਦੇ ਉਤਰਾਧਿਕਾਰੀ ਗੁਰੂ ਹਰਿ ਸਹਾਇ ਵਾਲੇ ਸੋਢੀ ਹਨ। ਇਹ ਹੈ ਬਾਬਾ ਮਿਹਰਵਾਨ ਦੀ ਚਲਾਈ ਗੁਰਗੱਦੀ ਦੀ ਲੜੀ।[7]

---

6. *ਸ਼ਹੀਦ ਬਿਲਾਸ* ਕ੍ਰਿਤ ਭਾਈ ਸੇਵਾ ਸਿੰਘ, ਸੰਪਾਦਕ ਗਿ: ਗਰਜਾ ਸਿੰਘ, ਪੰਨਾ 69-70
7. ਸੋਢੀਆਂ ਦੀ ਇਕ ਗੁਰਪ੍ਰਣਾਲੀ ਅਨੁਸਾਰ ਪਹਿਲੇ ਪੰਜ ਗੁਰੂਆਂ ਤੋਂ ਬਾਅਦ ਪ੍ਰਿਥੀਚੰਦ, ਮਿਹਰਬਾਨ, ਹਰਿਜੀ, ਹਰਿਗੋਪਾਲ, ਕੰਵਲਨੈਨ, ਗੁਰਦਿੱਤਾ, ਜੀਵਨ ਮੱਲ, ਹਰਿਸਹਾਇ ਸੋਢੀ, ਅਜੀਤ ਸਿੰਘ, ਤੇ ਸੋਢੀ ਹਮੀਰ ਸਿੰਘ ਆਦਿ ਦੇ ਨਾਂ ਗਿਣੇ ਗਏ ਹਨ। ਭਾਈ ਪੰਜਾਬ ਸਿੰਘ ਭਾਈ ਬਹਲੋ ਕੇ ਨੇ 'ਪੀਰ ਦੇ ਕੋਟ' ਵਾਲੀ ਦੀਵਾਨਿਆਂ ਦੀ ਗੱਦੀ ਦਾ ਕੁਰਸੀਨਾਮਾ ਇਉਂ ਦਿੱਤਾ ਹੈ:
   ਸਿੱਧੂ, ਭੂਰੁ, ਮੁਖੀ, ਰਾਮ, ਆਲੋ, ਕਲਾਸੁ, ਬਹਬਲੁ, ਹਰੀਆ ਜੀ, ਬਾਲਾ ਜੀ, ਅਜਿਤੁ,

ਲਿਖਤੀ ਸੇਵਾ—ਮਿਹਰਬਾਨੀਆਂ ਵੱਲੋਂ ਲਿਖੇ ਸਾਹਿੱਤ ਦਾ ਬਿਉਰਾ ਇਸ ਪ੍ਰਕਾਰ ਹੈ ਜੋ ਲਗਭਗ ਅਪ੍ਰਕਾਸ਼ਿਤ ਹੀ ਹੈ:

1. ਰਾਮਕਲੀ ਓਅੰਕਾਰ ਵੱਡਾ — ਬਾਬਾ ਮਿਹਰਬਾਨ
2. ਸੁਖਮਨੀ ਸਹੰਸ੍ਰਨਾਮਾ — ,,
3. ਵਾਰ ਪੀਰਾਂ ਕੀ — ,,
4. ਮਸਲੇ ਸ਼ੇਖ ਫ਼ਰੀਦ ਕੇ — ,,
5. ਗੋਸਟਾਂ ਭਗਤਾਂ ਕੀਆਂ — ,,
6. ਜਪੁ, ਓਅੰਕਾਰ, ਸਿਧ ਗੋਸਟ ਤੇ ਆਸਾ ਦੀ ਵਾਰ (ਕੇਵਲ ਪਉੜੀਆਂ) ਦੇ ਪਰਮਾਰਥ — ,,
7. ਸਚਖੰਡ ਪੋਥੀ — (ਜਨਮਸਾਖੀ ਗੁਰੂ ਨਾਨਕ)
8. ਹਰਿ ਜੀ ਕੀ ਪੋਥੀ — (ਹਰਿ ਜੀ)
9. ਚਤੁਰਭੁਜ ਪੋਥੀ
10. ਕੇਸੋਰਾਇ ਪੋਥੀ
11. ਅਭੈ ਪਦ ਪੋਥੀ
12. ਪ੍ਰੇਮ ਪਦ ਪੋਥੀ
13. ਗੋਸਟਿ ਗੁਰੂ ਮਿਹਰਬਾਨ ਜੀ ਕੀ — (ਹਰਿ ਜੀ)
14. ਪਰਮਾਰਥ ਸੁਖਮਨੀ ਸਹੰਸ੍ਰਨਾਮਾ — (ਹਰਿ ਜੀ)
15. ਬਸੰਤ ਕੀ ਵਾਰ — ,,
16. ਵਾਰ ਸੋਰਠਿ ਮ: ੮
17. ਬਾਵੇ ਹਰੀਏ ਦਾ ਗ੍ਰੰਥ, ਭਾਈ ਦਰਬਾਰੀ ਦਾ ਗ੍ਰੰਥ
18. ਦੁਨੀਦਾਸ ਦੀ ਰਚਨਾ

ਲਿਖਤੀ ਸੇਵਾ

ਭਾਵੇਂ ਪ੍ਰਿਥੀਚੰਦ ਹੀ ਮੀਣਿਆਂ ਦਾ ਮੋਢੀ ਸੀ ਤੇ ਇਸ ਦੇ ਨਾਂ 'ਤੇ ਮ: ੬ ਕਰਕੇ ਕੁਝ ਬਾਣੀ ਵੀ ਮਿਲਦੀ ਹੈ, ਪਰ ਦਰਅਸਲ ਇਸ ਦੇ ਪੁੱਤਰ ਬਾਬਾ ਮਿਹਰਬਾਨ ਨੇ ਇਸ ਗੱਦੀ ਨੂੰ ਵਧੇਰੇ ਚਮਕਾਇਆ ਤੇ ਲਿਖਤਾਂ ਰਾਹੀਂ ਪ੍ਰਚਾਰ ਦਾ ਕੰਮ ਵਧਾਇਆ। ਇਹ ਗੁਰਬਾਣੀ ਦਾ ਚੰਗਾ ਗਿਆਤਾ ਤੇ ਵਿਆਖਿਆਕਾਰ ਸੀ। ਜੋ ਸਾਖੀਆਂ ਤੇ ਪ੍ਰਮਾਰਥ ਇਸ ਲਿਖੇ, ਉਹ ਇਸ ਦੀ ਸਾਹਿੱਤਕ ਤੇ ਧਾਰਮਿਕ ਸੋਝੀ ਦੀ ਗਵਾਹੀ ਭਰਦੇ ਹਨ। ਪਰ ਅਸੀਂ ਇਹ ਜ਼ਰੂਰ ਕਹਾਂਗੇ ਕਿ ਇਸ ਨੇ ਗੁਰੂ ਨਾਨਕ ਲਹਿਰ ਦੀ ਸਪਿਰਟ ਨੂੰ ਪੂਰੀ ਤਰ੍ਹਾਂ ਨਹੀਂ ਪਛਾਣਿਆ। ਇਸ ਨੂੰ 'ਨਾਨਕ' ਨਾਮ ਪਾ ਕੇ 'ਓਅੰਕਾਰ' ਤੇ

☛ ਕਾਨ੍ਹਾ ਜੀ, ਦਯਾਚੰਦ ਭਾਰਾ ਪੀਰ, ਹਰੀਚੰਦ, ਖੀਵਾ, ਸਮੀਰੁ।੧੫। ਯਾਦ ਰਹੇ, ਹਰੀਆ ਤੇ ਬਾਲਾ ਫ਼ਕੀਰਾ ਮਿਹਰਬਾਨੀਆਂ ਦੇ ਹੀ ਚੇਲੇ ਚਾਟੜੇ ਸਨ, ਜਿਨ੍ਹਾਂ ਮਾਲਵੇ ਵਿਚ ਮੀਣਿਆਂ ਦੀ ਗੱਦੀ ਦਾ ਪ੍ਰਚਾਰ ਕੀਤਾ।

'ਸੁਖਮਨੀ' ਵਰਗੀਆਂ ਨਕਲੀ ਬਾਣੀਆਂ ਲਿਖਣ ਦੀ ਲੋੜ ਨਹੀਂ ਸੀ। ਗੁਰੂ ਹਰਿਗੋਬਿੰਦ ਸਾਹਿਬ ਨੂੰ ਗੱਦੀ ਮਿਲਣ ਦੀ ਸੂਰਤ ਵਿਚ ਆਪਣਾ ਵੱਖਰਾ ਅਡੰਬਰ ਰਚਣਾ ਸਿੱਖ ਜਥੇਬੰਦੀ ਨੂੰ ਕਮਜ਼ੋਰ ਕਰਨ ਲਈ ਸਰਕਾਰ ਦੇ ਹੱਥ ਵਿਚ ਖੇਡਣ ਵਾਲੀ ਗੱਲ ਸੀ। ਖ਼ੈਰ, ਇਸ ਆਪਣੀ ਰਚਨਾ ਦੇ ਅੰਤ ਵਿਚ 'ਨਾਨਕ' ਪਦ ਵਰਤਿਆ ਹੈ ਤੇ ਮਹਲਾ ੭ ਕਰਕੇ ਬਾਣੀ ਲਿਖੀ ਹੈ ਤੇ ਇਸ ਦੇ ਪੁੱਤਰ ਹਰਿ ਜੀ ਦੀਆਂ ਮ: ੮ ਕਰਕੇ ਰਚਨਾਵਾਂ ਇਹ ਹਨ:

ਮਿਹਰਬਾਨ ਦੀਆਂ ਰਚਨਾਵਾਂ

1. ਰਾਮਕਲੀ ਓਅੰਕਾਰ ਵੱਡਾ

ਇਹ ਗੁਰੂ ਨਾਨਕ ਸਾਹਿਬ ਦੇ 'ਦਖਣੀ ਓਅੰਕਾਰੁ' ਦੀ ਨਕਲ 'ਤੇ ਬਣਾਈ ਰਚਨਾ ਹੈ ਤੇ ਇਸ ਦਾ ਖਰੜਾ (682) ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ ਪ੍ਰਾਪਤ ਹੈ। ਇਸ ਦੇ 86 ਛੰਦ ਹਨ। ਰਚਨਾ ਦਾ ਨਮੂਨਾ ਇਸ ਪ੍ਰਕਾਰ ਹੈ:

ਓਅੰਕਾਰ ਨਿਰਮਲ ਸਤਿ ਬਾਣੀ। ਤਾਤੇ ਹੋਈ ਸਗਲੀ ਖਾਣੀ।
ਖਾਨਿ ਖਾਨਿ ਮਹਿੰ ਬਹੁ ਬਿਸਥਾਰਾ, ਆਪੇ ਜਾਣੈ ਸਿਰਜਣਹਾਰਾ।
ਸਿਰਜਨਹਾਰ ਕੇ ਕੇਤੇ ਭੇਖ। ਭੇਖ ਭੇਖ ਮਹਿੰ ਰਹੈ ਅਲੇਖ।੧।
ਏਕੋ ਨਾਮ ਜਪਹੁ ਮਨਿ ਮਾਲਾ। ਨਾਨਕ ਸਿਮਰਹੁ ਗੁਰ ਗੋਪਾਲਾ।੧।ਰਹਾਉ।
ਓਅੰਕਾਰ ਹੋਆ ਚਰਨਾਇਣ। ਤਦਹੁ ਤੀਨੋ ਦੇਵ ਉਪਾਇਅਨ।
ਮਹਾਂ ਦੇਉ ਕੀਉ ਭੰਡਾਰੀ, ਬ੍ਰਹਿਮਾ ਬਾਰੇ ਬੇਦ ਬਿਚਾਰੀ।
ਬਿਸਨ ਹੋਵਾਵੇ ਦਸ ਅਵਤਾਰੀ।
ਆਪ ਨਿਰਾਲਮ ਕਰੈ ਤਮਾਸਾ। ਜਿਉਂ ਜਿਉਂ ਹੁਕਮ ਤਿਵੈ ਪਰਗਾਸਾ।੩।

2. ਸੁਖਮਨੀ ਸਹੰਸ੍ਰਨਾਮਾ

ਇਸ ਵਿਚ 30 ਅਸ਼ਟਪਦੀਆਂ ਹਨ। ਹਰ ਸਲੋਕ ਪਿੱਛੋਂ ਚੌਤੁਕੇ ਪਦੇ ਹਨ ਤੇ ਐਸੇ ਅੱਠ ਪਦੇ ਰਲ ਕੇ ਅਸ਼ਟਪਦੀ ਬਣਦੀ ਹੈ। ਜ਼ਿਆਦਾਤਰ ਹਿੰਦੂ ਅਵਤਾਰਾਂ ਦੀ ਪ੍ਰਸੰਸਾ ਹੈ, ਜੋ ਸਿੱਖ ਆਸ਼ਿਆਂ ਦੇ ਅਨੁਕੂਲ ਨਹੀਂ। ਜਿਵੇਂ ਕ੍ਰਿਸ਼ਨ ਜੀ ਬਾਰੇ ਅਸ਼ਟਪਦੀ ਇਉਂ ਚੱਲਦੀ ਹੈ:

ਸਲੋਕ—ਨਿਰਗੁਨ ਸਰਗੁਨ ਏਕ ਹੈ, ਧਾਰਿਓ ਕ੍ਰਿਸ਼ਨ ਅਵਤਾਰ।
ਅਨੇਕ ਕਾਰਜ ਕੇ ਕਾਰਨੇ, ਜਨ ਨਾਨਕ ਕੀਓ ਆਕਾਰ।

ਪਉੜੀ—ਪੂਰਨ ਅਵਤਾਰ ਦੁਆਪਰ ਮਹਿ ਕੀਆ,
ਸ੍ਰੀ ਕ੍ਰਿਸ਼ਨ ਅਵਤਾਰ ਜਨਮ ਜਗ ਲੀਆ।
ਸੰਕਟ ਨਹੀਂ ਪਰੈ, ਜਨਮ ਨਹੀਂ ਆਵੈ,
ਆਪੇ ਆਪਣਾ ਖੇਲ ਬਨਾਵੈ।੧।
ਗੁਰੁ ਦੁਰਬਾਸਾ ਦੇਵਕੀ ਨੰਦਨ,
ਮਥੁਰਾ ਬਾਸੀ ਸੰਤ ਭੈ ਭੰਜਨ।

ਨੰਦ ਲਾਲ ਦਾਸ ਦੇ ਸੁਖਦਾਇਕ,
ਜਾਦਮ ਬੰਸੀ ਸਰਬ ਸੁਖਨਾਇਕ।੨।

ਇਸ ਦੇ ਦੋ ਖਰੜੇ (ਨੰ: 692 ਤੇ 2914) ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ ਮੌਜੂਦ ਹਨ।

3. ਵਾਰ ਪੀਰਾਂ ਕੀ

ਇਹ ਬਿਲਾਵਲ ਰਾਗ ਵਿਚ ਹੈ ਤੇ ਇਸ ਵਿਚ 24 ਪਉੜੀਆਂ ਹਨ। ਇਸ ਵਿਚ ਇਸਲਾਮੀ ਢੰਗ ਨਾਲ ਸ੍ਰਿਸ਼ਟੀ ਰਚਨਾ ਦੱਸ ਕੇ ਮੁਖੀ ਮੁਸਲਮਾਨ ਪੀਰਾਂ ਫ਼ਕੀਰਾਂ ਦੀ ਵਡਿਆਈ ਕੀਤੀ ਹੈ। ਇਹ ਮੇਰੀ ਪੁਸਤਕ *ਪੰਜਾਬੀ ਵਾਰਾਂ* ਵਿਚ ਪ੍ਰਕਾਸ਼ਿਤ ਮਿਲਦੀ ਹੈ। ਮਾਲੂਮ ਹੁੰਦਾ ਹੈ ਮਿਹਰਬਾਨ ਜਿਥੇ ਹਿੰਦੂਆਂ ਨੂੰ ਖ਼ੁਸ਼ ਕਰਨ ਲਈ ਅਵਤਾਰਾਂ ਦਾ ਜਸ ਲਿਖ ਰਿਹਾ ਸੀ, ਉਥੇ ਮੁਸਲਮਾਨ ਪੀਰਾਂ ਦੀਆਂ ਵਾਰਾਂ ਲਿਖ ਕੇ ਦੂਜੇ ਪਾਸੇ ਵੀ ਆਪਣੇ ਸੰਬੰਧ ਬਣਾ ਰਿਹਾ ਸੀ ਤਾਂ ਕਿ ਉਸ ਦੀ ਗੁਰਿਆਈ ਦੇ ਸ਼ਰਧਾਲੂ ਦੋਹਾਂ ਪਾਸਿਆਂ ਤੋਂ ਮਿਲ ਸਕਣ, ਜਾਂ ਘੱਟ ਤੋਂ ਘੱਟ ਵਿਘਨਕਾਰੀ ਕੋਈ ਨਾ ਹੋਵੇ। ਵਰਨਾ 'ਏਕੋ ਸਿਮਰਹੁ ਨਾਨਕਾ' ਦਾ ਹੋਕਾ ਦੇਣ ਵਾਲੇ ਮੱਤ ਦੇ ਅਨੁਸਾਰੀ ਨੂੰ ਪੀਰਾਂ ਅਵਤਾਰਾਂ ਦੇ ਇਹ ਸਤੋਤਰ ਲਿਖਣ ਦੀ ਲੋੜ ਨਹੀਂ ਸੀ। ਅਸੀਂ ਇਹ ਮੰਨਦੇ ਹਾਂ ਕਿ ਮਿਹਰਬਾਨ ਗੁਰਬਾਣੀ ਦਾ ਵਿਦਵਾਨ ਵਿਆਖਿਆਕਾਰ ਤੇ ਲੇਖਕ ਸੀ ਪਰ ਪਿਤਾ ਦੇ ਪ੍ਰਭਾਵ ਹੇਠ ਗੁਰਤਾ ਗੱਦੀ ਦਾ ਦਾਅਵਾ ਛੱਡ ਨਾ ਸਕਿਆ ਤੇ ਏਸ ਖ਼ਾਤਰ ਉਸ ਨੂੰ ਕਈ ਗੱਲਾਂ ਕਰਨੀਆਂ ਪਈਆਂ, ਜੋ ਗੁਰੂ ਆਸ਼ੇ ਦੇ ਅਨੁਕੂਲ ਨਹੀਂ ਸਨ।

4. ਮਸਲੇ ਸ਼ੇਖ਼ ਫ਼ਰੀਦ ਕੇ ਤੇ ਭਗਤਾਂ ਦੀਆਂ ਗੋਸ਼ਟਾਂ

ਗੋਸ਼ਟਾਂ ਦਾ ਵੱਡਾ ਖਰੜਾ ਭਾਸ਼ਾ ਵਿਭਾਗ ਲਾਇਬ੍ਰੇਰੀ, ਪਟਿਆਲਾ ਵਿਚ 359 ਨੰਬਰ 'ਤੇ ਸੁਰੱਖਿਅਤ ਹੈ। ਇਹ ਪ੍ਰਾਚੀਨ ਗੱਦ ਦਾ ਅਮੋਲਕ ਨਮੂਨਾ ਹੈ। ਹੋ ਸਕਦਾ ਹੈ ਕਿ ਕੁਝ ਚੀਜ਼ਾਂ ਪਹਿਲਾਂ ਲਿਖੀਆਂ ਗਈਆਂ ਹੋਣ ਤੇ ਮਿਹਰਬਾਨ ਨੇ ਇਸ ਸੰਚੀ ਵਿਚ ਸ਼ਾਮਲ ਕਰ ਲਈਆਂ ਹੋਣ, ਪਰ ਇਹ ਖਰੜਾ ਮਿਹਰਬਾਨੀਆਂ ਦੀ ਘਾਲ ਦਾ ਸਿੱਟਾ ਹੈ, ਇਸ ਵਿਚ ਮ: ੭ ਤੇ ੮ ਦੇ ਸ਼ਬਦ ਵੀ ਮਿਲਦੇ ਹਨ।

5. ਬਸੰਤ ਕੀ ਵਾਰ

ਗੁਰੂ ਅਰਜਨ ਸਾਹਿਬ ਨੇ ਬਸੰਤ ਕੀ ਵਾਰ ਦੀਆਂ ਕੇਵਲ ਤਿੰਨ ਪਉੜੀਆਂ ਲਿਖੀਆਂ ਸਨ, ਪਰ ਮਿਹਰਬਾਨ ਨੇ ਇਸ ਵਿਚ ਕੁਝ ਸਲੋਕ ਤੇ ਪਉੜੀਆਂ ਵਧਾ ਕੇ ਇਸ ਨੂੰ ਆਪਣੇ ਵੱਲੋਂ ਸੰਪੂਰਨ ਕਰਨ ਦਾ ਯਤਨ ਕੀਤਾ ਹੈ।

6. ਸਚਖੰਡ ਪੋਥੀ (ਗੋਸਟਿ ਗੁਰੂ ਬਾਬੇ ਨਾਨਕ ਕੀ)

ਇਹ ਵਾਰਤਕ ਰਚਨਾ ਹੈ, ਇਸ ਵਿਚ ਕੁਲ 167 ਗੋਸ਼ਟੀਆਂ ਸਨ, ਪਰ ਹੁਣ

ਕੇਵਲ 153 ਹੀ ਮਿਲਦੀਆਂ ਹਨ। ਪੋਥੀ ਦੇ ਮੁੱਢਲੇ ਨੋਟ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਇਹ ਸਾਰੀ ਬਾਬਾ ਮਿਹਰਬਾਨ ਨੇ ਆਪ ਨਹੀਂ ਲਿਖੀ, ਸ਼ਾਇਦ ਕੁਝ ਉਨ੍ਹਾਂ ਦੇ ਸੇਵਕ ਪੰ: ਕੇਸੋ ਦਾਸ (ਕੁਸ਼ਲ ਦਾਸ) ਆਦਿ ਨੇ ਵੀ ਲਿਖੀ ਹੈ। ਇਸ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ-ਪ੍ਰਸੰਗ ਤੋਂ ਇਲਾਵਾ ਉਨ੍ਹਾਂ ਦੇ ਸ਼ਬਦਾਂ ਦੀ ਪਰਮਾਰਥ-ਵਿਆਖਿਆ ਵੀ ਦਿੱਤੀ ਗਈ ਹੈ। ਹਰ ਗੋਸ਼ਟੀ ਦੇ ਅੰਤ ਵਿਚ ਸਲੋਕ ਹੈ, ਜਿਸ ਵਿਚ ਆਈ ਸਾਖੀ ਦਾ ਤੱਤ ਕੱਢ ਕੇ ਦੱਸਿਆ ਗਿਆ ਹੈ। ਵਾਰਤਕ ਸੁਆਦਲੀ ਤਾਂ ਗਿਆਨ ਭਰਪੂਰ ਹੈ, ਪਰ ਸਲੋਕ ਬਹੁਤੇ ਪ੍ਰਭਾਵਸ਼ਾਲੀ ਨਹੀਂ। ਇਸ ਦੇ ਦੋ ਖਰੜੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਸਨ। ਬਾਬਾ ਗੰਗਾ ਸਿੰਘ ਬੇਦੀ ਜੀ ਨੇ ਲੇਖਕ ਨੂੰ ਦੱਸਿਆ ਸੀ ਕਿ ਉਨ੍ਹਾਂ ਇਸ ਜਨਮ-ਸਾਖੀ ਦਾ ਖਰੜਾ ਕੋਟ ਮੋਮਨ ਖ਼ਾਂ, ਜ਼ਿਲ੍ਹਾ ਸਰਗੋਧਾ ਵਿਚ ਵੀ ਤੱਕਿਆ ਸੀ।

ਇਸ ਤੋਂ ਬਿਨਾਂ ਮਿਹਰਬਾਨ ਨੇ ਜਪੁ, ਦੱਖਣੀ ਓਅੰਕਾਰ, ਆਸਾ ਦੀ ਵਾਰ ਤੇ ਸਿਧ ਗੋਸਟਿ ਆਦਿ ਦਾ ਪਰਮਾਰਥ ਟੀਕਾ ਵੀ ਲਿਖਿਆ ਹੈ। ਇਹ ਖਰੜਾ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ 693 ਨੰਬਰ 'ਤੇ ਹੈ।

ਹਰਿ ਜੀ ਦੀਆਂ ਰਚਨਾਵਾਂ

ਬਾਬਾ ਮਿਹਰਬਾਨ ਜੀ ਦੇ ਪੁੱਤਰ ਹਰਿ ਜੀ ਨੇ ਮਹਲਾ ੮ ਕਰਕੇ ਬਾਣੀ ਲਿਖੀ ਹੈ। ਉਨ੍ਹਾਂ ਦੀਆਂ ਰਚਨਾਵਾਂ ਇਹ ਹਨ:

1. ਗੋਸਟਿ ਗੁਰੂ ਮਿਹਰਬਾਨ ਜੀ ਕੀ

ਇਹ ਬਾਬਾ ਮਿਹਰਬਾਨ ਜੀ ਦੀ ਇਕ ਤਰ੍ਹਾਂ ਦੀ ਜਨਮ ਸਾਖੀ ਹੈ, ਜਿਸ ਵਿਚ ਮਿਹਰਬਾਨ ਨੂੰ ਸੁਕਦੇਵ ਦਾ ਅਵਤਾਰ ਦੱਸ ਕੇ ਸਭ ਤਰ੍ਹਾਂ ਨਾਲ ਮਹਾਨ ਪੁਰਖ ਸਿੱਧ ਕੀਤਾ ਗਿਆ ਹੈ। ਚੌਥੀ ਗੋਸਟੀ ਵਿਚ ਉਨ੍ਹਾਂ ਦੇ ਸਰੂਪ ਤੇ ਕੱਦ ਕਾਠ ਦੀ ਬੜੀ ਪ੍ਰਸੰਸਾ ਹੈ। ਇਕ ਥਾਂ ਗੁਰੂ ਨਾਨਕ, ਗੁਰੂ ਅੰਗਦ ਜੀ ਨੂੰ ਕਹਿੰਦੇ ਹਨ, 'ਅਰੁ ਅਬ ਮੈਂ ਤੁਝ ਕਉ ਜੋ ਥਾਪਿਆ ਹੈ। ਸੋ ਉਹੁ ਬਾਣੀ ਕਿਛੁ ਤੇਰੇ ਮੁਖਿ ਤੇ ਭੀ ਉਪਜੇਗੀ ਅਰੁ ਤੁਝ ਤੇ ਪੀਛੇ ਜਿਨਾ ਪੁਰਖਾ ਕਉ ਸਬਦ ਕੀ ਥਾਪਨਾ ਹੋਇਗੀ, ਉਹ ਬਾਣੀ ਉਨ ਕੇ ਮੁਖ 'ਤੇ ਪ੍ਰਗਟ ਹੋਤੀ ਜਾਇਗੀ। ਅਰੁ ਮੁਝ ਤੇ ਪੀਛੇ ਜੋ ਸਤਵੀਂ ਪੀੜ੍ਹੀ ਗੁਰੂ ਹੋਇਗਾ, ਉਸ ਕਉ ਪਰਮੇਸਰ ਕੀ ਆਗਿਆ ਹੈ ਕਿ ਮੇਰੀ ਬਾਣੀ ਕਾ ਅਰਥ ਪਰਗਟ ਕਰੇਗਾ।' ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਸੱਤਵੀਂ ਥਾਂ ਬੈਠਾ ਬਾਬਾ ਮਿਹਰਬਾਨ ਗੁਰੂ ਨਾਨਕ ਦਾ ਹੀ ਉਤਰ-ਅਧਿਕਾਰੀ ਸੀ। ਇਸ ਦੀਆਂ ਕੁੱਲ 47 ਗੋਸ਼ਟੀਆਂ ਹਨ ਤੇ ਇਸ ਦਾ ਖਰੜਾ 1836 ਬਿ: ਦੀ ਨਕਲ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਸੁਰੱਖਿਅਤ ਹੈ ਤੇ ਇਸ ਦਾ ਨੰ: 3510 ਹੈ। ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ ਇਸ ਦਾ ਇਕ ਨੁਸਖ਼ਾ (2527) ਮਿਲਦਾ ਹੈ। ਇਸ ਵਿਚ 45 ਗੋਸ਼ਟਾਂ ਹਨ।

2. ਹਰਿ ਜੀ ਕੀ ਪੋਥੀ

ਇਸ ਵਿਚ 61 ਗੋਸ਼ਟੀਆਂ ਹਨ, ਜਿਸ ਦੀ ਸੂਚਨਾ 'ਸਚਖੰਡ ਪੋਥੀ' ਦੇ ਅੰਤਲੇ ਨੋਟ ਤੋਂ ਮਿਲਦੀ ਹੈ। ਇਹ 1650 ਈ: ਲਾਗੇ ਲਿਖੀ ਗਈ ਸੀ, ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪੰਜ ਛੇ ਸਾਲ ਪਿੱਛੋਂ।

3. ਪਰਮਾਰਥ ਸੁਖਮਨੀ ਸਹੰਸ੍ਰਨਾਮਾ

ਇਸ ਵਿਚ ਬਾਬੇ ਮਿਹਰਬਾਨ ਦੀ ਲਿਖੀ 'ਸੁਖਮਨੀ' ਦੀ ਹਰਿ ਜੀ ਨੇ ਵਿਆਖਿਆ ਲਿਖੀ ਹੈ। ਇਹ 1703 ਬਿ: ਮਾਘ ਸੁਦੀ 7 ਨੂੰ ਲਿਖੀ ਜਾਣੀ ਸ਼ੁਰੂ ਹੋਈ ਸੀ। ਮੁੱਢ ਵਿਚ ਹੀ ਲਿਖਿਆ ਹੈ:

"ਹਜ਼ੂਰ ਦਾ ਹੁਕਮ ਹੋਆ ਸੀ ਕਿ ਜਬ ਹਮ ਦਰਗਹ ਕਉ ਚਲਹਿਗੇ ਤਬ ਤੁਮਾਰੇ ਮੁਖ ਤੇ ਕਹਾਵਹਿਗੇ ਜਿਤੁ ਸੰਸਾਰ ਕਾ ਭਲਾ ਹੋਵੈ। ਪਰਮਾਰਥ ਸਾਥ ਲਿਖਣੇ ਦਾ ਅਰੰਭ ਭੋਆ।"

ਇਹ ਇਕ ਵੱਡਾ ਵਾਰਤਕ ਗ੍ਰੰਥ ਹੈ, ਜਿਸ ਵਿਚ ਹਿੰਦੂ ਅਵਤਾਰਾਂ ਦੀਆਂ ਕਥਾਵਾਂ ਵਿਸਥਾਰ ਸਹਿਤ ਲਿਖੀਆਂ ਗਈਆਂ ਹਨ। ਇਸ ਤੋਂ ਮਾਲੂਮ ਹੁੰਦਾ ਹੈ ਕਿ ਉਨ੍ਹਾਂ ਵਿਚ ਹਿੰਦੂ ਪੁਰਾਣਕ ਗਿਆਨ ਦੀ ਜਾਣਕਾਰੀ ਭਰਪੂਰ ਮਾਤਰਾ ਵਿਚ ਸੀ। ਹੋ ਸਕਦਾ ਹੈ ਕਿ ਇਹ ਸਾਰੀ ਕਿਰਤ ਕੇਸੋ ਰਾਇ ਪੰਡਤ ਦੀ ਹੋਵੇ।

ਅਸਟਪਦੀਆਂ ਅਨੁਸਾਰ ਸਾਖੀਆਂ ਦੀ ਤਰਤੀਬ ਇਉਂ ਹੈ:

1. ਨਿਰੰਜਨ ਨਿਰੰਕਾਰ ਕੀ, 2. ਵੈਰਾਟ ਕੀ 3. ਤ੍ਰਿਗੁਣ ਅਵਤਾਰ ਕੀ, 4. ਸੇਖ ਨਾਮ ਅਵਤਾਰ ਕੀ, 5. ਹੰਸਾਵਤਾਰ, 6. ਮਛ ਅਵਤਾਰ, 7. ਨਾਰਦ, 8. ਸਨਕਾਦਿ, 9. ਕੱਛਪ ਅਵਤਾਰ, 10. ਬੈਗ੍ਰਾਰ, 11. ਨਰ ਸਿੰਘ, 12. ਮੋਹਨੀ ਅਵਤਾਰ, 13. ਧਨੰਤਰ, 14. ਜਗ, 15. ਕਪਲ ਮੁਨੀ, 16. ਦਤਾ ਤ੍ਰੇ, 17. ਨਰ ਨਾਰਾਇਣ, 18. ਰਿਖਭ, 19. ਹੈਗ੍ਰੀਵ, 20. ਪ੍ਰਿਥੁ ਅਵਤਾਰ, 21. ਬਾਵਨ, 22. ਪਰਸੁਰਾਮ, 23. ਆਦਿ ਰਮਾਇਣ, 24. ਸ੍ਰੀ ਕ੍ਰਿਸ਼ਨ, 25. ਨਾਮ ਕਾ ਮਹਾਤਮ, 26. ਬਲਭਧਰ, 27. ਬਾਊਧ ਅਵਤਾਰ, 28. ਨਿਹਕਲੰਕੀ, 29. ਭਗਤਾਂ ਕੀ, 30. ਨਾਮ ਕੇ ਮਹਾਤਮ ਕੀ।

23ਵੀਂ ਅਸਟਪਦੀ ਦੀ ਵਿਆਖਿਆ ਵਿਚ ਸ੍ਰੀ ਰਾਮ ਚੰਦ੍ਰ ਦੀ ਕਹਾਣੀ ਹੈ। ਇਸ ਵਿਚ 181 ਕਥਾਵਾਂ ਸਨ। ਇਹੋ ਚੀਜ਼ 'ਆਦਿ ਰਮਾਇਣ' ਸੋਢੀ ਮੇਹਰਬਾਨ ਦੇ ਨਾਂ 'ਤੇ ਵੱਖ ਭੀ ਮਿਲਦੀ ਹੈ। (ਦੇਖੋ ਭਾਸ਼ਾ ਵਿਭਾਗ ਲਾਇਬ੍ਰੇਰੀ, ਪਟਿਆਲਾ, ਖਰੜਾ ਨੰ: 2) 24ਵੀਂ ਅਸਟਪਦੀ ਸ੍ਰੀ ਕ੍ਰਿਸ਼ਨ ਜੀ ਬਾਰੇ ਹੈ। ਇਸ ਵਿਚ 21 ਕਥਾਵਾਂ ਹਨ। 29ਵੀਂ ਅਸਟਪਦੀ ਵਿਚ ਦਿੱਤੇ ਭਗਤਾਂ ਦੇ ਹਾਲ ਬੜੀ ਦਿਲਚਸਪੀ ਵਾਲੇ ਹਨ ਤੇ ਕਾਫ਼ੀ ਪੁਰਾਣੇ ਹੋਣ ਕਾਰਨ ਇਤਿਹਾਸਕ ਤੌਰ 'ਤੇ ਵੀ ਅਹਿਮੀਅਤ ਰੱਖਦੇ ਹਨ।

ਇਸ ਦਾ ਖਰੜਾ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ 5195/2084

ਨੰ: 'ਤੇ ਸੁਰੱਖਿਅਤ ਹੈ। ਸੈਂਟਰਲ ਪਬਲਿਕ ਲਾਇਬ੍ਰੇਰੀ ਵਿਚ 692 ਤੇ 2914 ਨੰ: ਦੇ ਖਰੜੇ ਹਨ। ਅੰਤ 'ਤੇ ਲਿਖਿਆ ਹੈ 'ਚੌਬੀ ਅਵਤਾਰਾਂ ਦੀ ਪੋਥੀ ਸੰਪੂਰਨ ਹੋਈ' ਇਸ ਨੋਟ ਤੋਂ ਸਪਸ਼ਟ ਹੈ ਕਿ ਸੁਖਮਨੀ, ਅਵਤਾਰ ਕਥਾ ਹੈ ਤੇ ਇਸ ਦਾ ਮਿਲਾਨ ਕਥਾਵਸਤੂ ਦੇ ਨੁਕਤੇ ਤੋਂ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੌਬੀਸ ਅਵਤਾਰ' ਨਾਲ ਕਰਨਾ ਦਿਲਚਸਪੀ ਤੋਂ ਖ਼ਾਲੀ ਨਹੀਂ ਹੋ ਸਕਦਾ। ਇਸ ਤੋਂ ਬਿਨਾਂ ਇਹ ਪੋਥੀਆਂ ਵੀ ਮਿਹਰਬਾਨੀਆਂ ਦੀ ਕ੍ਰਿਤ ਹਨ:

ਚਤੁਰਭੁਜ ਪੋਥੀ — ਚਤੁਰਭੁਜ ਲਿਖਤ 74 ਗੋਸਟਾਂ।
ਕੇਸੋਰਾਇ ਪੋਥੀ — ਪੰ: ਕੇਸੋਰਾਇ ਰਚਿਤ ਸਾਖੀਆਂ।
ਅਭੈ ਪਦ ਪੋਥੀ —
ਪ੍ਰੇਮ ਪਦ ਪੋਥੀ —

ਇਨ੍ਹਾਂ ਸਾਖੀਆਂ ਦੀ ਕੁਲ ਗਿਣਤੀ ਸਮੇਤ ਸਚਖੰਡ ਪੋਥੀ ਦੇ 575 ਦੱਸੀ ਗਈ ਹੈ। ਇਹ ਵਾਰਤਕ ਦਾ ਭੰਡਾਰ ਮਿਹਰਬਾਨੀਆਂ ਦੀ ਵੱਡੀ (ਸਾਹਿੱਤਕ) ਦੇਣ ਹੈ, ਜਿਸ ਦੇ ਲਈ ਪੰਜਾਬੀ ਸਾਹਿੱਤ ਉਨ੍ਹਾਂ ਦਾ ਸਦਾ ਰਿਣੀ ਰਹੇਗਾ। ਨਮੂਨੇ ਵਜੋਂ ਮਿਹਰਬਾਨ ਤੇ ਹਰਿ ਜੀ ਦੀ ਕਾਵਿ-ਵੰਨਗੀ ਵੀ ਦੇਖ ਲੈਣੀ ਚਾਹੀਦੀ ਹੈ:

ਮਿਹਰਬਾਨ

ਜਾ ਮੂੰ ਦੇਖਾ ਨਜਰਿ ਕਰਿ, ਤਾ ਦੁਨੀਆ ਸਵਾਈ ਕਚੁ।
ਹਭੇ ਗੱਲਾਂ ਕੂੜੀਆਂ, ਇਕ ਬਾਬਾ ਨਾਨਕ ਸਚੁ।

ਪਿਰੀਆ ਸੰਦੀ ਪਿਰਹੜੀ, ਲੂੰ ਲੂੰ ਰਹੀ ਸਮਾਇ।
ਜਾ ਮੂ ਦੇਖਾ ਨਜਰਿ ਕਰ, ਖਾਲੀ ਨਾਹਿ ਨ ਕਾਇ।
ਬਿਰਹੇ ਅੰਦਰਿ ਮੇਲ ਕੇ, ਕੁਲਫ ਕੀਓ ਤਨ ਚਾਇ।
ਦਾਸ ਨਾਨਕ ਸੋਈ ਜਾਣਦਾ, ਜਿਨਿ ਇਹ ਡਿਠੀ ਜਾਇ।

ਗੁਰ ਮਿਲਿਐ ਮਨੁ ਮੰਨੀਐ, ਤਉ ਦਰਗਹ ਪਵੈ ਕਬੂਲ।
ਦਾਸ ਨਾਨਕ ਗੁਰ ਤੇ ਬਾਹਰੇ, ਕਬਹੂੰ ਨ ਪਵਈ ਸੂਲ।

ਕਰਮ ਧਰਮ ਪੂਜਾ ਭਲੀ, ਜੇ ਮਨਿ ਆਵੈ ਸਚੁ।
ਸਚੇ ਤੇ ਸਚਾ ਮਿਲੇ, ਦਾਸ ਨਾਨਕ ਹਰਿ ਰੰਗ ਰਚੁ।

ਜਿਨਾਂ ਜਾਨਿ ਨ ਮੰਨਿਆ, ਫਕੀਰਾਂ ਦਾ ਸੁਆਲੁ।
ਤੇ ਦੋਜਕ ਅੰਦਰਿ ਮਾਰੀਅਨਿ, ਦਿਸੈ ਕਿ ਹਵਾਲੁ।
ਦਾਸ ਨਾਨਕ ਹੋਰੁ ਸਭੁ ਝੂਠ ਹੈ, ਸਚੁ ਫਕੀਰਾਂ ਦਾ ਖਿਆਲੁ।

ਗੁਰੂ ਗੁਰੂ ਹਿਰਦੈ ਜਪੇ, ਪ੍ਰਾਤਿ ਕਰੇ ਇਸਨਾਨੁ।
ਸਚੁ ਬੋਲੈ ਬਿਖੁ ਨ ਚਖੈ, ਘਾਲਿ ਕਰੇ ਕਿਛੁ ਦਾਨੁ।
ਨਾਨਕ ਦਾਸ ਤਿਸ ਜਨ ਕੀ ਪਤਿ ਰਹੇ, ਦਰਗਹਿ ਪਾਏ ਮਾਨੁ।

ਗੁਰੂ ਬਾਬਾ ਨਾਨਕ ਕਰਣਹਾਰੁ, ਸਚਾ ਪਰਵਦਗਾਰੁ।
ਕਰਿ ਕਰਿ ਕੁਦਰਤਿ ਵੇਖਦਾ, ਅੰਤੁ ਨ ਪਾਰਾਵਾਰੁ।
ਖਾਨ ਪੀਨ ਤੇ ਬਾਹਰਾ, ਦਾਸ ਨਾਨਕ ਨਾਮ ਅਹਾਰੁ।

ਹਰਿ ਜੀ

'ਗੋਸਟਿ ਮਿਹਰਬਾਨ ਜੀ ਕੀ' ਦੀਆਂ ਆਖ਼ਰੀ ਸਾਖੀਆਂ ਵਿਚ ਮ: ੪ ਕਰਕੇ ਇਨ੍ਹਾਂ ਦੀ ਬਾਨੀ ਮਿਲਦੀ ਹੈ। ਇਸ ਵਿੱਚੋਂ ਕੁਝ ਕੁ ਡਖਣੇ ਪੇਸ਼ ਕਰਦੇ ਹਾਂ:

ਡਖਣਾ — ਪਾਵੈ ਸੁਰਤਿ ਖੇਲਿਆ, ਸਚਾ ਆਦਿ ਧਣੀ।
ਨੀਅਤਿ ਸਭੁ ਅਚਲੁ ਧਉ, ਕੀਮ ਨ ਜਾਇ ਗਣੀ।
ਬੇਖੁਦ ਹੋਇ ਵਜੂਦ ਥੀਂ, ਸਾਦਕ ਜਿ ਕਾਰ ਕਰੇਨਿ।
ਪੜਨਿ ਕਿਤਾਬਾਂ ਬੰਦਗੀ, ਆਹਿ ਸਚਾਵੀ ਤੰਨਿ।
ਜ਼ਹਦੀ ਜ਼ੁਹਦ ਹਜ਼ੂਰਿ ਨਾਲਿ, ਮਿਹਨਤ ਕਰਨ ਲਾ ਸਕ।
ਕੋੜੇ ਵਸਨਿ ਕਵਲਿ ਜਿਉ, ਲਉ ਲਗੀ ਅਲ ਹੱਕ।
ਜਹ ਦੁਨੀਆ ਤੇ ਬਾਹਰੇ, ਬੈਠੇ ਛੋਡਿ ਗੁਮਾਨ।
ਸੈਰ ਸਹੰਸ ਨ ਲਖੀਅਨਿ, ਦਿਲਿ ਇਲ ਕੋ ਰਹਿਮਾਨੁ।
ਗਉਸ ਅਲਖ ਵਸਨਿ, ਜਗਿ ਬੁੱਝੇ ਕੌਨ ਖਿਆਲ।
ਸਭੁ ਵਦੀਵਾ ਜਨਿ ਦਾ, ਤਸਬੀ ਹੱਕ ਹਲਾਲੁ।
ਕਿਤੇ ਪੈਰ ਨ ਰਖਦੇ, ਰਹਦੇ ਵਿਚਿ ਸੰਮਾਲ।
ਲਖਾਂ ਅੰਦਰਿ ਸੋਹਣੀ, ਤਿਨਾਂ ਸੰਦੀ ਚਾਲ।

ਚੂੰਕਿ ਇਹ ਸਾਰਾ ਸਾਹਿੱਤ ਅਜੇ ਛਪਿਆ ਨਹੀਂ, ਇਸ ਲਈ ਇਸ ਦਾ ਪੂਰਾ ਜਾਇਜ਼ਾ ਲਿਆ ਜਾਣਾ ਔਖਾ ਹੈ। ਇਹ ਗੱਲ ਜ਼ਾਹਰ ਹੈ ਕਿ ਸੱਚੀ ਬਾਣੀ ਦੀ ਨਕਲ 'ਤੇ ਰਚੀ ਗਈ ਕੱਚੀ ਬਾਣੀ ਈਮਾਨਦਾਰੀ (sincerity) ਦੇ ਅਭਾਵ ਕਾਰਨ ਕੁਝ ਪ੍ਰਭਾਵਕਾਰੀ ਸਿੱਧ ਨਹੀਂ ਹੋ ਸਕੀ, ਨਾ ਹੀ ਕਾਵਿ-ਕਲਾ ਦੇ ਪੱਖ ਤੋਂ ਇਸ ਦੀ ਇਤਨੀ ਵਡਿਆਈ ਸੀ। ਐਸਾ ਹੋਣਾ ਵੀ ਜ਼ਰੂਰੀ ਸੀ ਕਿਉਂਕਿ ਜੋ ਲੋਕ ਝੂਠੀ-ਮੂਠੀ 'ਨਾਨਕ' ਨਾਂ ਪਾ ਕੇ ਬਾਣੀ ਰਚ ਰਹੇ ਸਨ, ਦਰਅਸਲ ਉਹ ਗੁਰੂ ਨਾਨਕ ਦੀ ਗੱਦੀ ਦੇ ਸੱਚੇ ਜਾਨਸ਼ੀਨ ਨਹੀਂ ਸਨ ਤੇ ਪ੍ਰਿਥੀਚੰਦ ਤਾਂ ਸਿੱਖ ਲਹਿਰ ਨਾਲ ਬੇਵਫ਼ਾਈ ਕਰ ਕੇ ਇਕ ਤਰ੍ਹਾਂ 'ਗ਼ੱਦਾਰ' ਹੀ ਹੋ ਗਿਆ ਸੀ। ਭਾਈ ਗੁਰਦਾਸ ਦਾ ਕਥਨ ਠੀਕ ਸੀ:

ਮੀਣਾ ਹੋਆ ਪਿਰਥੀਆ, ਕਰਿ ਕਰਿ ਤੋਂਢਕ ਬਰਲ ਚਲਾਇਆ।
(ਵਾਰ ੨੬, ਪਉੜੀ ੩੩)

ਇਕ ਪਾਸੇ ਨਾਨਕ ਦੀ ਗੱਦੀ ਦਾ ਸੱਚਾ ਅਧਿਕਾਰੀ ਬਲੀਦਾਨ ਦਿੰਦਾ ਹੈ, ਹਕੂਮਤ ਹੱਥੋਂ ਤਸੀਹੇ ਝੱਲ ਕੇ ਵੀ ਸਿੱਖ ਲਹਿਰ ਦੀ ਵਫ਼ਾ ਨਹੀਂ ਤਿਆਗਦਾ, ਦੂਜੇ ਪਾਸੇ ਪ੍ਰਿਥੀਚੰਦ ਸਰਕਾਰੀ ਖ਼ੁਸ਼ਾਮਦਾਂ ਕਰਦਾ ਨਹੀਂ ਥੱਕਦਾ, ਫਿਰ ਉਸ ਦੀ ਬਾਣੀ ਵਿਚ ਸਮਰੱਥਾ ਤੇ ਸਚਾਈ ਕਿਵੇਂ ਆ ਸਕਦੀ ਸੀ?

ਜਿਥੋਂ ਤਕ ਮੀਣਿਆਂ ਦੀ ਰਚੀ ਗੱਦ ਰਚਨਾ ਦਾ ਸੰਬੰਧ ਹੈ, ਇਹ ਅਕਾਰ

ਤੇ ਪ੍ਰਕਾਰ ਦੋਹਾਂ ਪੱਖਾਂ ਤੋਂ ਪ੍ਰਸ਼ੰਸਾ ਦੀ ਅਧਿਕਾਰੀ ਹੈ। ਮਿਸਾਲ ਲਈ ਮਿਹਰਬਾਨ ਜਾਂ ਉਸ ਦੇ ਉਤਰ-ਅਧਿਕਾਰੀਆਂ ਨੇ ਜੋ ਬਾਬੇ ਨਾਨਕ ਦੀਆਂ ਵਿਸਤ੍ਰਿਤ ਗੋਸਟਾਂ ਲਿਖਾਈਆਂ, ਉਹ ਜਿਥੇ ਇਤਿਹਾਸਕ ਨੁਕਤੇ ਤੋਂ ਸਾਨੂੰ ਕਈ ਨਵੀਆਂ ਗੱਲਾਂ ਦੱਸਦੀਆਂ ਹਨ, [8]ਉਥੇ ਉਨ੍ਹਾਂ ਵਿਚ ਗੁਰਬਾਣੀ ਦੇ ਸ਼ਬਦਾਂ ਦੇ ਦੱਸੇ ਪਰਮਾਰਥ (ਵਿਆਖਿਆ) ਵੀ ਬੜੀ ਅਹਿਮੀਅਤ ਵਾਲੇ ਹਨ ਤੇ ਉਨ੍ਹਾਂ ਤੋਂ ਸਾਨੂੰ ਬਾਣੀ ਦੇ ਸਮਝਣ ਵਿਚ ਮਦਦ ਮਿਲਦੀ ਹੈ। ਕਈ ਥਾਂ ਤਾਂ ਉਥਾਨਕਾ ਦੱਸ ਕੇ ਬਿਆਨੇ ਗਏ ਅਰਥ (ਬਹੁਤ ਹੀ ਸੁੰਦਰ) ਤੇ ਢੁਕਵੇਂ ਹਨ, ਜਿਵੇਂ ਕੂੰਜਾਂ ਦੀ ਸਾਖੀ ਨੰ: 37 ਵਿਚ। ਇਹ ਸਾਰਾ ਭੰਡਾਰ ਸਤਾਰ੍ਹਵੀਂ ਸਦੀ ਦੇ ਮੱਧਕਾਲ ਦੀ ਟਕਸਾਲੀ ਪੰਜਾਬੀ ਵਾਰਤਕ ਦਾ ਵਧੀਆ ਨਮੂਨਾ ਹੈ, ਜਦੋਂ ਕਿ ਹੋਰ ਪ੍ਰਾਂਤਕ ਬੋਲੀਆਂ ਵਿਚ ਇਸ ਕਿਸਮ ਦੀ ਤੇ ਇਤਨੀ ਮਾਤਰਾ ਵਿਚ ਗੱਦ ਰਚਨਾ ਵਜੂਦ ਵਿਚ ਨਹੀਂ ਸੀ ਆਈ। ਸੋ, ਇਹ ਗੱਲ ਕਾਫ਼ੀ ਸੰਤੁਸ਼ਟਤਾ ਵਾਲੀ ਹੈ ਕਿ ਉਸ ਸਮੇਂ ਪੰਜਾਬੀ ਗੱਦ ਨੇ ਇਤਨਾ ਨਿਰਮਲ ਰੂਪ ਧਾਰਨ ਕੀਤਾ ਹੋਇਆ ਸੀ, ਭਾਵੇਂ ਸੰਤ-ਭਾਸ਼ਾ ਦੇ ਪ੍ਰਭਾਵ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਛੋਟੇ-ਛੋਟੇ ਵਾਕ ਵੱਡੀਆਂ ਨਸੀਹਤਾਂ ਨਾਲ ਭਰੇ ਹੋਏ ਹਨ, ਸ਼ੈਲੀ ਦੀ ਮਧੁਰਤਾ ਪਾਠਕ ਨੂੰ ਇਕ ਅਨੋਖੇ ਰਸ-ਰੰਗ ਵਿਚ ਲੀਨ ਰੱਖਦੀ ਹੈ। ਸਿੱਖ ਸਿਧਾਂਤਾਂ ਤੇ ਸਾਖੀਆਂ ਦੇ ਬਾਵਜੂਦ ਹਿੰਦੂ ਵਿਚਾਰਧਾਰਾ ਤੇ ਹਿੰਦੂ ਮਿਥਿਹਾਸ ਦਾ ਤਕੜਾ ਗੂੜ੍ਹਾ ਰੰਗ ਹੈ, ਚਾਹੇ ਹਵਾਲੇ ਵਜੋਂ ਤੇ ਚਾਹੇ ਵੈਸੇ। ਕਈ ਥਾਂ ਪ੍ਰਿਥੀਚੰਦ ਦੀ ਬੰਸ ਨੂੰ ਉਚੇਚਾ ਮਹੱਤਵ ਦੇਣ ਕਾਰਨ ਰਚਨਾ ਦਾ ਰੰਗ ਫਿੱਕਾ ਵੀ ਪੈ ਜਾਂਦਾ ਹੈ, ਕਿਉਂਕਿ ਪਾਠਕ ਸਾਫ਼ ਜਾਣ ਜਾਂਦਾ ਹੈ ਕਿ ਇਹ ਸਭ ਕੁਝ ਮਨਘੜਤ ਆਖਿਆ ਜਾ ਰਿਹਾ ਹੈ। ਪਰੰਤੂ ਐਸੇ ਔਗੁਣਾਂ ਦੇ ਬਾਵਜੂਦ ਵੀ ਮਿਹਰਬਾਨੀਆਂ ਦੀ ਰਚਨਾ ਦਾ ਆਪਣਾ ਅਸਥਾਨ ਹੈ ਤੇ ਗੱਦ-ਖੇਤਰ ਵਿਚ ਤਾਂ ਸੱਚਮੁੱਚ ਹੀ ਉਨ੍ਹਾਂ ਦੀ ਦੇਣ ਆਦਰ ਦੀ ਅਧਿਕਾਰੀ ਹੈ।

---

8. ਰਾਗ ਵਡਹੰਸ ਵਿਚ ਇਸ ਸ਼ਬਦ ਦੀਆਂ ਆਖਰੀ ਦੋ ਤੁਕਾਂ ਦਿੱਤੀਆਂ ਹਨ, ਜਦੋਂ ਕਿ ਆਮ ਬੀੜਾਂ ਵਿਚ ਇਸ ਦੀ ਇੱਕੋ ਤੁਕ ਮਿਲਦੀ ਹੈ:
ਕਿਉ ਨ ਮਰੀਜੈ ਜੀਅੜਾ ਨ ਦੀਜੈ, ਜਾ ਸਹੁ ਭਇਆ ਵਿਡਾਣਾ॥ *(ਪੰਨਾ ੫੫੯)*
ਆਪਣੇ ਪਿਰ ਭਾਈ ਮਹਲਿ ਬੁਲਾਈ, ਨਾਨਕ ਸੰਗ ਸਮਾਣਾ।
(ਜਨਮ ਸਾਖੀ ਗੁਰੂ ਨਾਨਕ ਦੇਵ ਜੀ)

ਸੰਤ ਬਾਬਾ ਮਹਿਮੇ ਸ਼ਾਹ ਜੀ

ਇਤਿਹਾਸ ਵਾਚਿਆਂ ਪਤਾ ਲੱਗਦਾ ਹੈ ਕਿ ਅਠਾਰ੍ਹਵੀਂ ਸਦੀ, ਲੜਾਈਆਂ ਭਿੜਾਈਆਂ ਤੇ ਦੇਸ਼ ਉੱਤੇ ਬਾਹਰਲੇ ਜਾਬਰ ਹਮਲਾਵਰਾਂ ਦੀਆਂ ਚੜ੍ਹਾਈਆਂ ਦੀ ਸਦੀ ਹੈ, ਜਦੋਂ ਕਿ ਮੁਗ਼ਲ ਰਾਜ-ਪ੍ਰਬੰਧ ਉਖੜਦਾ ਤੇ ਅਮਨ-ਸ਼ਾਂਤੀ ਦਾ ਮਾਹੌਲ ਭੰਗ ਹੁੰਦਾ ਹੈ। ਪਰ ਅਜਿਹੇ ਹਾਲਾਤ ਵਿਚ ਕੁਝ ਐਸੇ ਸੰਤ ਭਗਤ ਵੀ ਸਨ, ਜੋ ਜ਼ਿੰਦਗੀ ਦੇ ਵਿਕਾਸ ਲਈ ਸਾਹਿੱਤ, ਸੰਗੀਤ ਦੀ ਸੁਚੱਜੀ ਵਰਤੋਂ ਰਾਹੀਂ ਆਮ ਲੋਕਾਂ ਨੂੰ ਸਿਮਰਨ ਤੇ ਸੇਵਾ ਦਾ ਸਬਕ ਦੇ ਕੇ ਸਨੇਹ ਤੇ ਸ਼ਾਂਤੀ ਦਾ ਵਾਤਾਵਰਣ ਸਿਰਜ ਰਹੇ ਸਨ। ਇਹ ਸੰਤ, ਤੇਗ਼ ਦੀ ਥਾਂ ਕਲਮ ਚਲਾਉਂਦੇ ਤੇ ਮਾਰੂ ਵਾਜਿਆਂ ਦੀ ਥਾਂ ਰੂਹਾਨੀ ਪ੍ਰੀਤਿ-ਵੀਣਾ ਦੀ ਝਨਕਾਰ ਗੁੰਜਾਉਂਦੇ ਸਨ। ਇਸ ਸੰਤ ਮੰਡਲੀ ਦੇ ਮੋਹਰੀ ਬਾਬਾ ਮੋਹਰ ਸਿੰਘ ਮਹਿਮੇ ਸ਼ਾਹ ਸਨ, ਜਿਨ੍ਹਾਂ ਆਪਣੇ ਚੇਲਿਆਂ ਨੂੰ ਵੀ ਸਾਹਿੱਤ ਅਤੇ ਸੰਗੀਤ ਵਿਚ ਨਿਪੁੰਨ ਕੀਤਾ ਅਤੇ ਇਲਾਕੇ ਵਿਚ ਪ੍ਰੇਮ ਪਿਆਰ ਦਾ ਪ੍ਰਚਾਰ ਕੀਤਾ। ਨਗਰ ਲੋਪੋਂ ਇਨ੍ਹਾਂ ਦਾ ਵੱਡਾ ਕੇਂਦਰ ਸੀ, ਜਿਥੇ ਸਦਾ ਰੌਣਕਾਂ ਰਹਿੰਦੀਆਂ ਸਨ।

ਆਪ ਨਿਰਮਲ ਸੰਪ੍ਰਦਾਇ ਦੇ ਉੱਘੇ ਮਹਾਂਪੁਰਸ਼ ਹੋਏ ਹਨ, ਜੋ ਖ਼ੁਦ ਚੰਗੇ ਸੰਗੀਤ ਦੇ ਗਿਆਤਾ ਤੇ ਕਵੀ ਵੀ ਸਨ। ਆਮ ਤੌਰ 'ਤੇ ਨਿਰਮਲ ਸਾਧੂ, ਸੰਸਕ੍ਰਿਤ ਜਾਂ ਹਿੰਦੀ ਵਿਚ ਹੀ ਵਧੇਰੇ ਰਚਨਾ ਕਰਦੇ ਆਏ ਹਨ, ਪਰ ਸੰਤ ਮਹਿਮੇ ਸ਼ਾਹ ਜੀ ਨੇ ਗੁਰਬਾਣੀ ਦੀ ਪਰੰਪਰਾ ਨੂੰ ਅਪਨਾ ਕੇ ਰਾਗਾਂ ਵਿਚ ਤੇ ਆਪਣੀ ਭਾਸ਼ਾ ਵਿਚ ਗੀਤ ਲਿਖ ਕੇ ਸੰਤ-ਕਾਵਿ ਦੀ ਵੇਲ ਵਧਾਈ। ਆਪ ਦੀ ਬਾਣੀ ਕੇਵਲ ਹੱਥ-ਲਿਖਤ ਪੋਥੀਆਂ ਵਿਚ ਮਿਲਦੀ ਹੈ, ਪ੍ਰਕਾਸ਼ਿਤ ਨਹੀਂ ਹੋਈ।

ਜੀਵਨ

ਆਪ ਦਾ ਜਨਮ ਰਿਆਸਤ ਨਾਭਾ ਦੇ ਹਜ਼ੂਰੀ ਰਾਗੀ ਭਾਈ ਗੁਰਬਖ਼ਸ਼ ਸਿੰਘ ਜੀ ਦੇ ਘਰ ਮਾਤਾ ਰਸ਼ਮਾ ਦੀ ਕੁੱਖੋਂ 1815 ਬਿ: ਮਾਘ ਸੁਦੀ ਪੰਚਮੀ 1758 ਈ: ਨੂੰ ਹੋਇਆ। ਅਰਥਾਤ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪੰਜਾਹ ਸਾਲ ਪਿੱਛੋਂ ਇਹ ਸੰਸਾਰ ਵਿਚ ਆਏ। ਪਹਿਲਾ ਨਾਂ ਮੋਹਰ ਸਿੰਘ ਸੀ। ਮੁੱਢਲੀ ਵਿੱਦਿਆ ਪਾ ਕੇ ਪਿਤਾ ਪਾਸੋਂ ਸੰਗੀਤ ਸਿੱਖਿਆ। ਵੈਰਾਗੀ ਹੋ ਕੇ ਘਰੋਂ ਚਲੇ ਗਏ ਤੇ ਨਿਰਮਲੇ ਸਾਧੂ ਸੰਤ ਗੁਰਬਖ਼ਸ਼ ਸਿੰਘ ਜੀ ਦੇ ਡੇਰੇ ਲੋਪੋਂ (ਦੁਰਾਹੇ ਲਾਗੇ) ਵਾਸਾ ਕਰ ਲਿਆ। ਇਥੇ ਸੇਵਾ, ਸਿਮਰਨ ਵਿਚ ਇਤਨੇ ਜੁਟੇ ਕਿ ਰਾਤ ਦਿਨ ਪ੍ਰਭੂ ਮਹਿਮਾ ਵਿਚ ਲੀਨ ਰਹਿਣ ਲੱਗੇ।

ਤਿਥੈ ਜੀਤੋ ਸੀਤਾ ਮਹਿਮਾ ਮਾਹਿ॥ *(ਜਪੁ ਜੀ, ਪੰਨਾ 8)*

ਵਾਲੀ ਅਵਸਥਾ ਹੋ ਗਈ ਤੇ ਸੰਤ ਮੋਹਰ ਸਿੰਘ ਜੀ ਦੀ ਥਾਂ ਆਪ ਦਾ ਨਾਮ ਹੀ 'ਮਹਿਮੇ ਸ਼ਾਹ' ਵਧੇਰੇ ਪ੍ਰਸਿੱਧ ਹੋ ਗਿਆ ਤੇ ਇਸੇ ਨਾਂ ਉੱਤੇ ਪਿੱਛੋਂ ਆਪ ਦੀ ਵੱਖਰੀ ਸੰਪ੍ਰਦਾ 'ਮਹਿਮੇਸ਼ਾਹੀ' ਚੱਲੀ। ਕਈ ਸੱਜਣਾਂ ਦਾ ਖ਼ਿਆਲ ਹੈ ਕਿ ਉਹ ਪਰਮੇਸ਼ਰ ਲਈ 'ਮਹਿਮੇ ਸ਼ਾਹ' ਦਾ ਨਾਮ ਵਰਤਿਆ ਕਰਦੇ ਸਨ, ਇਸੇ ਕਰਕੇ ਲੋਕਾਂ ਨੇ ਆਪ ਦਾ ਵੀ ਇਹੋ ਨਾਂ ਪਾ ਦਿੱਤਾ।

ਆਪ ਸਿੱਖ ਰਾਜ ਸਮੇਂ ਉੱਘੇ ਧਰਮਾਤਮਾ ਸਨ ਤੇ ਥਾਂ-ਥਾਂ ਫਿਰ ਕੇ ਧਰਮ-ਪ੍ਰਚਾਰ ਕਰਿਆ ਕਰਦੇ ਸਨ। ਆਪ ਨੇ ਮਾਲਵੇ, ਮਾਝੇ ਤੇ ਪਹਾੜੀ ਇਲਾਕੇ ਦਾ ਦੌਰਾ ਕੀਤਾ ਅਤੇ ਜਗਨਨਾਥਪੁਰੀ ਤਕ ਹਿੰਦੂ ਤੀਰਥਾਂ ਦੀ ਵੀ ਯਾਤਰਾ ਕੀਤੀ। ਫਿਰ ਲੋਪੋਂ ਆ ਨਿਵਾਸ ਕੀਤਾ ਤੇ ਇਥੇ ਹੀ 1872 ਬਿ: ਫੱਗਣ ਦੀ ਪੂਰਨਮਾਸ਼ੀ ਨੂੰ (1815 ਈ:) ਆਪ ਦਾ ਦਿਹਾਂਤ ਹੋਇਆ। ਆਪ ਦੀ ਯਾਦ ਵਿਚ ਪ੍ਰੇਮੀ ਸ਼ਰਧਾਲੂਆਂ ਜੋ ਸ਼ਾਨਦਾਰ ਸਮਾਧ ਬਣਾਈ, ਉਹ ਅਨੋਖੀ ਚਿੱਤ੍ਰਕਾਰੀ ਨਾਲ ਸਜੀ ਹੋਣ ਕਰਕੇ ਅੱਜ ਵੀ ਦੇਖਣਯੋਗ ਹੈ।

ਸੰਤ ਮਹਿਮੇ ਸ਼ਾਹ ਕੇਵਲ ਆਪ ਹੀ ਰਚਨਾ ਨਹੀਂ ਸੀ ਕਰਦੇ, ਸਗੋਂ ਉਨ੍ਹਾਂ ਨੇ ਆਪਣੇ ਸੇਵਕ ਭਾਈ ਬੀਰ ਸਿੰਘ 'ਰੰਗਰੇਜ' ਤੇ ਭਾਈ ਮਨ ਮਸਤਾਨ ਸਿੰਘ ਆਦਿ ਨੂੰ ਵੀ ਅਧਿਆਤਮ ਵਿਦਿਆ ਤੇ ਕਾਵਿ-ਰਚਨਾ ਵਿਚ ਨਿਪੁੰਨ ਕੀਤਾ। ਉਨ੍ਹਾਂ ਦੀ ਕਵਿਤਾ ਵੀ ਰਹੱਸਵਾਦੀ ਗੁਣਾਂ ਨਾਲ ਭਰੀ ਹੋਈ ਹੈ।

ਸੰਤ ਮਹਿਮੇ ਸ਼ਾਹ ਜੀ ਦੀ ਬਾਣੀ ਵਿਚ ਥਾਂ-ਥਾਂ ਅਨਹਦ ਨਾਦ ਦੀ ਗੂੰਜ ਹੈ, ਜੋ ਸ਼ਬਦਾਂ ਵਿਚ ਵੀ ਇਕ ਵਚਿੱਤਰ ਸੰਗੀਤ ਪੈਦਾ ਕਰਦੀ ਹੈ ਤੇ ਰੂਹਾਨੀ ਹੁਲਾਰਾ ਬਖ਼ਸ਼ਦੀ ਹੈ। ਇਸ ਤੋਂ ਇਕ ਗੱਲ ਹੋਰ ਵੀ ਪ੍ਰਗਟ ਹੁੰਦੀ ਹੈ ਕਿ ਭਾਰਤ ਵਿਚ ਜੋ ਸੰਤ ਕਾਵਿ-ਧਾਰਾ ਦਾ ਦਰਿਆ ਵਗਦਾ ਰਿਹਾ ਹੈ ਤੇ ਗੁਰੂਆਂ ਨੇ ਜਿਸ ਦੀ ਸਭ ਤੋਂ ਵਧੀਆ ਤਰੀਕੇ ਨਾਲ ਸੰਭਾਲ ਕੀਤੀ, ਉਹ 19ਵੀਂ ਸਦੀ ਤਕ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਰੰਗ ਦਿਖਾਉਂਦਾ ਹੀ ਆਇਆ ਹੈ। ਇਥੇ ਅਸੀਂ ਸੰਤ ਮਹਿਮੇ ਸ਼ਾਹ ਜੀ ਦੀ ਦੁਰਲੱਭ ਕਾਵਿ-ਵੰਨਗੀ ਪੇਸ਼ ਕਰਦੇ ਹਾਂ:

1. ਮਹਿਮਾ ਦਿਆ ਸਾਂਈਆਂ! ਤੇਰੀ ਮਹਿਮਾ ਦਾ ਅੰਤ ਨਹੀਂ ਆਉਂਦਾ।
   ਕਹੀਂ ਕਹੀਂ ਧੂਪ ਕਹੀਂ ਛਾਇਆ, ਕਹੀਂ ਕਹੀਂ ਮੀਂਹ ਬਰਸਾਉਂਦਾ।
   ਕਹੀਂ ਕਹੀਂ ਬਿਸਨੁ ਕਹੀਂ ਕਹੀਂ ਬ੍ਰਹਮਾ, ਕਹੀਂ ਕਹੀਂ ਨਾਦ ਵਜਾਉਂਦਾ।
   ਕਹੀਂ ਕਹੀਂ ਕਾਨ੍ਹ ਕਹੀਂ ਕਹੀਂ ਗੋਪੀ, ਕਹੀਂ ਕਹੀਂ ਧੇਨੂ ਚਰਾਉਂਦਾ।
   ਕਹੀਂ ਕਹੀਂ ਚੰਦ, ਕਹੀਂ ਕਹੀਂ ਸੂਰਜ, ਕਹੀਂ ਕਹੀਂ ਜੋਤਿ ਜਗਾਉਂਦਾ।
   ਕਹੀਂ ਕਹੀਂ ਬਣ ਤ੍ਰਿਣ, ਕਹੀਂ ਕਹੀਂ ਪਰਬਤ, ਕਹੀਂ ਦਰਿਆਉ ਚਲਾਉਂਦਾ।
   ਕਹੀਂ ਕਹੀਂ ਤਾਲ, ਕਹੀਂ ਕਹੀਂ ਘੁੰਗਰੂ, ਕਹੀਂ ਕਹੀਂ ਨਿਰਤ ਕਰਾਉਂਦਾ।
   ਮਹਿਮਾ ਸ਼ਾਹ ਸਰਬ ਸੁਖ ਦਾਤਾ, ਸਭ ਨਜ਼ਰਾਂ ਤਲੇ ਲਿਆਉਂਦਾ।
2. ਕਿਆ ਕਹੀਐ ਕਿਛੁ ਕਹਿਆ ਨਾ ਜਾਇ, ਸੋਭਾ ਤਾਂ ਕੀ ਭਾਰੀ ਰੇ।
   ਨਾ ਜੋਗੀ ਨਾ ਜੰਗਮ ਭਾਸੇ, ਨਾ ਮੂੰਡਤ ਜਟਧਾਰੀ ਰੇ।

ਨਾ ਸੰਨਿਆਸੀ ਨਾ ਵੈਰਾਗੀ, ਨਾ ਗਿਰਧਰ ਗਿਰਧਾਰੀ ਰੇ।
ਨਾ ਹਿੰਦੂ ਨਾ ਮੁਸਲਮਾਨ ਹੈ, ਨਾ ਸ਼ੂਦਰ ਚਿਤ ਧਾਰੀ ਰੇ।
ਵਰਣ ਆਸ਼੍ਰਮ ਨਾ ਦੋਊ ਜਾਂ ਕੇ, ਦੀਨ ਮਜ਼੍ਹਬ ਇਕ-ਤਾਰੀ ਰੇ।
ਅਚਰਜ ਰੂਪ ਰੰਗ ਤੇ ਨਿਆਰਾ, ਕੀ ਮਤਿ ਲਖੇ ਹਮਾਰੀ ਰੇ।
ਅਕਲ ਕਲਾ ਤੇ ਪਰੇ ਬਿਰਾਜੇ, ਜੈ ਹੋ ਪੁਰਖ ਮੁਰਾਰੀ ਰੇ।
ਸਦਾ ਅਨੰਦ ਮਗਨ ਮਤਵਾਰਾ, ੧ਓਅੰਕਾਰ ਦੀਦਾਰੀ ਰੇ।
ਜਾਂ ਕੀ ਉਪਮਾ ਹੋਇ ਨਾ ਆਵੈ, ਗਾਵੈ ਖ਼ਲਕਤਿ ਸਾਰੀ ਰੇ।
ਸ੍ਰੀ ਮਹਿਮਾ ਸ਼ਾਹ ਮੋਹਨੀ ਮੂਰਤਿ, ਤਿਸ ਸੂਰਤਿ ਬਲਿਹਾਰੀ ਰੇ।

3. ਅੰਦਰਿ ਇਕ ਅਚੰਭਾ ਦੇਖਿਆ, ਸੂਰਤਿ ਮਤਿ ਮਤਵਾਰੀ।
ਬਿਨ ਮਾਲੀ ਬਿਨ ਕੂਪ ਤਾਲ ਬਿਨ, ਬਾਗ਼ ਸੁਹਾਵਹਿ ਭਾਰੀ।
ਤ੍ਰਿਕੁਟੀ ਮੱਧਿ ਫੁਹਾਰੇ ਸੋਹਨਿ ਅਰਸ਼ ਖੰਡ ਮਨ ਨ੍ਹਾਵੈ।
ਕੋਟਿਕ ਗੰਗ ਜਮੁਨ ਦੀ ਧਾਰੇ, ਜਗਨ ਨਾਥ ਦਰਸਾਵੈ।
ਮੇਰੁ ਸੁਮੇਰ ਬੜੇ ਗਿਰ ਭਾਰੀ, ਰਵਿ ਸਸਿ ਦਰ ਦੀ ਕਾਰੇ।
ਪਵਣ ਪਾਣੀ ਬੈਸੰਤਰ ਠਾਂਢੇ, ਸੇਵ ਕਰਹਿ ਤਿੰਹ ਦੁਆਰੇ।
ਸੰਤ ਸੰਗਿ ਵਡ ਪੁੰਨ ਪ੍ਰਾਪਤ, ਸੋਹੰ ਹੰਸਾ ਬਾਣੀ।
ਸ੍ਰੀ ਮਹਿਮਾ ਸਾਹਿਬ ਅੰਤਰ ਧਿਆਨੀ, ਪਿਆਸ ਬੁਝੀ ਬਿਨ ਪਾਣੀ।

4. ਕੁਦਰਤਿ ਬੋਲੈ ਕੁਦਰਤਿ ਸੁਣੀਐ, ਕੁਦਰਤਿ ਬਾਜੇ ਵਾਜੇ ਰੇ।
ਕੁਦਰਤਿ ਦਾ ਹੈ ਤਖ਼ਤ ਦਿਸੰਦਾ, ਜਾ ਪੁਰ ਆਪ ਬਿਰਾਜੇ ਰੇ।
ਕੁਦਰਤਿ ਦਾ ਨੀਸਾਣ ਝੁਲੇ ਹੈ, ਸਾਹਿਬ ਦੇ ਦਰਵਾਜ਼ੇ ਰੇ।
ਕੁਦਰਤਿ ਦੇਹ ਦਮੱਕੇ ਸਾਰੀ, ਦੇਖਿ ਅੰਧੇਰਾ ਭਾਜੇ ਰੇ।
ਕੁਦਰਤਿ ਨੂਰੀ ਮਹਲ ਝਮੱਕੇ, ਜਾਂ ਮਹਿ ਕੁਦਰਤਿ ਛਾਜੇ ਰੇ।
ਕੁਦਰਤਿ ਧੌਲ ਗਣੂਵੇ ਅਰਸ਼ੀਂ, ਜਾਂ ਮਧਿ ਮਉਲਾ ਜਾਗੇ ਰੇ।
ਕੁਦਰਤਿ ਦਾ ਹੈ ਸਭ ਪਹਿਰਾਵਾ, ਗੋਬਿੰਦ ਗੜ੍ਹ ਦੇ ਰਾਜੇ ਰੇ।
ਕੁਦਰਤਿ ਰਾਗ ਰੰਗ ਤਹਿੰ ਹੋਵੈ, ਕੁਦਰਤਿ ਬ੍ਰਹਮ ਬਿਰਾਜੇ ਰੇ।
ਕੁਦਰਤਿ ਬੇਦ ਰਟਣ ਲੱਖ ਬ੍ਰਹਮੇ, ਕੁਦਰਤਿ ਅਉਧੂ ਸਾਜੇ ਰੇ।
ਕੁਦਰਤਿ ਕਹੀ ਨਾ ਜਾਇ ਕਿਸੇ ਪਹਿ, ਸ੍ਰੀ ਮਹਿਮਾ ਸ਼ਾਹ ਸਜ ਗਾਜੇ ਰੇ।

5. ਕਿਆ ਤਨ ਮਾਂਜੇ ਮਾਟੀ ਬੰਦੇ, ਮਾਟੀ ਮਹਿੰ ਰਲ ਜਾਣਾ।
ਮਾਟੀ ਕਾ ਲੈ ਕੀਆ ਵਿਛਾਉਣਾ, ਮਾਟੀ ਕਾ ਸਿਰਹਾਣਾ।
ਮਾਟੀ ਕਾ ਕਲਬੂਤ ਬਣਾਇਆ, ਵਿਚ ਵਸਦਾ ਭੌਰ ਨਿਮਾਣਾ।
ਨਿਕਲਿਆ ਭੌਰ ਜਦੋਂ ਕਲਬੂਤੋਂ, ਤਨ ਮਨ ਸਭ ਕੁਮਲਾਣਾ।
ਜਾਂ ਜਮਦੂਤ ਕਰੇ ਜਗ ਫੇਰਾ, ਕੋਈ ਰਹੇ ਨ ਰਾਜਾ ਰਾਣਾ।
ਧਰਮ ਰਾਇ ਜਦ ਲੇਖਾ ਮਾਂਗੇ, ਕਿਆ ਦੇਹਿ ਜਬਾਬ ਅੰਵਾਣਾ।
ਛੋਡ ਖ਼ੁਦੀ ਹਰਿ ਚੇਤ ਸੁਵੇਲੇ, ਨਹੀਂ ਜਾਂਦਾ ਵਖਤ ਵਿਹਾਣਾ।
ਸ੍ਰੀ ਮਹਿਮਾ ਸ਼ਾਹ ਸਿਮਰ ਪਿਆਰੇ, ਹੋਇ ਤੇਰੀ ਕਲਿਆਣਾ।

6. ਦੇਖੋ ਸਤਿਗੁਰਾਂ ਦੀਆਂ ਵਡਿਆਈਆਂ।
ਹੱਡ ਮਾਸ ਨਾੜੀ ਦਾ ਪਿੰਜਰ, ਵਿਚ ਅਨਹਦ ਧੁਨਾਂ ਵਜਾਈਆਂ।
ਘੰਟਾ, ਮੁਰਲੀ ਸਭ ਕਿਛ ਵਿਚੇ, ਵਿਚੇ ਨੂਰ ਹਵਾਈਆਂ।
ਵਿਚੇ ਸ੍ਰੀ ਕਰਤਾਰ ਬਿਰਾਜੇ, ਗੁਰ ਤੇ ਖ਼ਬਰਾਂ ਪਾਈਆਂ।
ਓਅੰ ਸੋਹੰ ਘਣੀਅਰ ਵਿਚੇ, ਵਿਚੇ ਘੋਰਾਂ ਲਾਈਆਂ।
ਵਿਚੇ ਨੂਰ ਵਰ੍ਹੇ ਝੜਿ ਲਾਈ, ਵਿਚੇ ਝਿਲਮਿਲਤਾਈਆਂ।
ਵਿਚੇ ਗੋਰਖ ਦੱਤ ਬਿਰਾਜਣ, ਵਿਚੇ ਅਲਹੁ ਖ਼ੁਦਾਈਆਂ।
ਵਿਚੇ ਨੂਰ ਮੁਹੰਮਦ ਖੇਲੇ, ਤੂ ਮੁੜ ਵੇਖ ਗੁਸਾਂਈਆਂ।
ਵਿਚੇ ਮੱਕੇ ਮਦੀਨੇ ਦਿੱਸਣ, ਵਿਚੇ ਕਿਤੇਬ ਇਲਾਹੀਆਂ।
ਦਿਲ ਦਾ ਭੇਤ ਬਿਨਾਂ ਗੁਰੂ ਨਾਹੀਂ, ਇਹ ਗੁਰ ਦੀਆਂ ਦਾਨਾਈਆਂ।
ਸ੍ਰੀ ਮਹਿਮਾ ਸ਼ਾਹ ਦਿਲਾਂ ਦਾ ਜਾਨੀ, ਧੰਨ ਤੇਰੀਆਂ ਬੇਪਰਵਾਹੀਆਂ।

7. ਅੰਤਰਿ ਤੀਰਥ ਅੰਮ੍ਰਿਤ ਭਰਿਆ, ਜੇ ਕੋ ਨਿਸਚੈ ਨ੍ਹਾਵੇ ਹੇ।
ਕੋਟਿ ਜਨਮ ਦੇ ਸੰਸੇ ਕਾਟੇ, ਦੀਪਕ ਗਿਆਨ ਜਗਾਵੇ ਹੇ।
ਸਗਲਿ ਅੰਧੇਰਾ ਛਿਨ ਮਹਿ ਨਾਸੇ, ਪਰਗਟ ਰੂਪ ਦਿਖਾਵੇ ਹੇ।
ਗਗਨ ਗਊ ਦੁਹਿ ਮਥ ਲੇ ਮਾਖਣ, ਕਿਰਤ ਸੰਜੋਗੀ ਖਾਵੇ ਹੇ।
ਚੜ੍ਹਤ ਬਿਹੰਗਮ ਤੱਤ ਵਿਰੋਲੇ, ਤ੍ਰਿਕੁਟੀ ਮਧ ਸਮਾਵੇ ਹੇ।
ਘੰਟਾ ਰੁਣ ਝੁਣ ਤਾਲ ਮ੍ਰਿਦੰਗਾ, ਸੋਹੰ ਸ਼ਬਦ ਸੁਹਾਵੇ ਹੇ।
ਓਅੰ ਅੰਤਰਿ ਏਕੋ ਸੁਆਮੀ, ਸਭ ਘਟ ਬ੍ਰਹਮ ਲਖਾਵੇ ਹੇ।
ਸਹੀ ਸਲਾਮਤਿ ਅੰਮ੍ਰਿਤ ਬਾਣੀ, ਪ੍ਰੇਮ ਪ੍ਰਵਾਹ ਚਲਾਵੇ ਹੇ।
ਸੂਖਮ ਧਾਰ ਵਹੈ ਘਟਿ ਗੰਗਾ, ਗਿਆਨ ਗੁਰੂ ਪ੍ਰਗਟਾਵੈ ਹੇ।
ਜਾਂ ਕੋ ਜੋਗੀ ਜ਼ੁਹਦ ਕਮਾਵੈ, ਸੁੰਨ ਸਿਖਾ ਕੋ ਧਾਵੇ ਹੇ।
ਥੋੜਾ ਬੋਲੈ ਆਸਣ ਦ੍ਰਿੜ੍ਹ ਕਰਿ, ਸੁੰਨ ਸਮਾਧਿ ਲਗਾਵੇ ਹੇ।
ਸ੍ਰੀ ਮਹਿਮਾ ਸ਼ਾਹ ਸ਼ਬਦ ਦੀ ਸਾਖਿਆ, ਅੰਮ੍ਰਿਤ ਬੈਣ ਅਲਾਵੇ ਹੇ।

8. ਸਾਧੋ! ਗਗਨ ਧੁਨਕਾਰ ਹੈ, ਸ਼ਬਦ ਝੁਨਕਾਰ ਹੈ,
ਸਿਫਤਿ ਜੈਕਾਰ ਦਰਬਾਰ ਸੋ ਹੈ।
ਜ਼ੁਹਦ ਦੇ ਘਾਟ ਹੈ, ਚਲਣ ਬਿਨ ਬਾਟ ਹੈ,
ਰੂਪ ਬਿਨ ਜਾਤ ਲੈ ਅਰਸ਼ ਮੋ ਹੈ।
ਅਜ਼ਗੈਬ ਦਾ ਮਹਲ ਹੈ, ਰਾਹ ਨ ਸਹਲ ਹੈ,
ਤਹਾਂ ਨਿੱਜ ਰੂਪ ਅਕਾਲ ਜੋ ਹੈ।
ਬਿਨਾ ਮੁਖ ਗਾਂਵਦਾ, ਨੈਣ ਬਿਨ ਪਾਂਵਦਾ,
ਬਿਨਾ ਸ੍ਰਵਣ ਸਰੋਤ ਟਣਕਾਰ ਪੋ ਹੈ।
ਕਿਰਤ ਬਿਨ ਦੇਹ ਹੈ, ਧਰਨ ਬਿਨ ਖੇਹ ਹੈ,
ਪੁਹਪਨ ਕੀ ਬਰਖ ਬਿਨ, ਘਟਾ ਹੋ ਹੈ।
ਕੁਦਰਤਿ ਦਮਕੇ ਹੈ, ਦਰਸ ਝਮਕੇ ਹੈ,

ਅੰਤਰ ਕਿਵਾਰ ਲੈ ਚਵਰ ਢੁਲੈ ਹੈ।
ਬ੍ਰਹਮ ਨਾ ਜੀਵ ਹੈ, ਬਿਸਨੁ ਨ ਸੀਵ ਹੈ,
ਰਟਨ ਕਰਤਿ ਨਹਿ ਜਾਨ ਕੋ ਹੈ।
ਦਸਤ ਬਿਨ ਕਰਤ ਹੈ, ਪਗਨ ਬਿਨ ਫਿਰਤ ਹੈ,
ਧੇਨੁ ਬਿਨੁ ਸੁਰਤਿ ਲੇ, ਅਮੀ ਚੋ ਹੈ।
ਨੀਰ ਬਿਨ ਗੰਗ ਹੈ, ਪੌਣ ਬਿਨ ਤਰੰਗ ਹੈ,
ਨ੍ਹਾਵਨ ਨਿਸੰਗ ਬਿਨਾ ਜਲ ਹੋ ਹੈ।
ਰਾਜ ਬਿਨ ਧੌਲ ਹੈ, ਬਿਨਾ ਦਲ ਕੌਲ ਹੈ,
ਤਹਿੰ ਵਸਦਾ ਸਣਦੇਹ ਸਾਹਿਬ ਅਲੋਹੈ।
ਭੌਰੇ ਬਿਨ ਗੂੰਜ ਹੈ, ਸਬਦੋ ਬਿਨ ਧ੍ਰੂੰਜ ਹੈ,
ਲਾਲਨ ਦੇ ਦਰਸ ਦੀ, ਬਿਨਾ ਫੁਲ ਬੋ ਹੈ।
ਧੌਲ ਖ਼ਿਲਕਾਇ, ਅਮੀ ਪੂਰਣ ਮਹਿਕਾਇ,
ਤਹਿ ਵਸੈ ਸ੍ਰੀ ਮਹਿਮਾ ਸ਼ਾਹ ਅਕਾਲ ਜੋ ਹੈ।

9. ਸੰਤਹੁ ਰਾਮ ਰਮਤ ਮਤਵਾਰੀ,
ਮਨਸਾ ਪੂਰਨਹਾਰ ਪਿਆਰੇ, ਤਉਂ ਦਰਸ਼ਨ ਤੇ ਬਲਿਹਾਰੀ।
ਤਉ ਦਰਸਨ ਕੀ ਪਿਆਸ ਮੇਰੇ ਮਨ, ਦੇਵਹੁ ਦਰਸ ਮੁਰਾਰੀ।
ਪੋਸਤ ਭੰਗ ਸ਼ਰਾਬਾਂ ਨਾਲਹੁੰ, ਪ੍ਰੇਮ ਪਿਆਲਾ ਭਾਰੀ।
ਪੇਵਕੜੇ ਘਰ ਬਾਲ ਕਹਾਵਤ, ਸਾਹੁਰੜੇ ਘਰਿ ਨਾਰੀ।
ਜਾ ਪੁਰ ਮਿਹਰ ਕਰੇ ਪ੍ਰਭੁ ਮੇਰਾ, ਸੋ ਧੰਨ ਕੰਤ ਪਿਆਰੀ।
ਮੈਂ ਮਨਿ ਪ੍ਰੀਤ ਲਗੀ ਗੁਰ-ਦਰਸ਼ਨ, ਹਰ ਮੇਲਹੁ ਗਿਰਵਰਧਾਰੀ।
ਸਭ ਸਖੀਆਂ ਮਿਲ ਖੇਲਨ ਹੋਰੀ, ਮੈਂ ਦਰਿ ਖੜੀ ਨਿਕਾਰੀ।
ਸ੍ਰੀ ਮਹਿਮਾ ਸ਼ਾਹ ਮਿਹਰ ਦੇ ਸਾਗਰ, ਮੈਂ ਕਰਮਹੀਣ ਨਿਸਤਾਰੀ।

10. ਦੇਸ ਦੇਸੰਤਰ ਨਾ ਕੋਈ ਮੇਰਾ, ਮੈਂ ਪਾਜੀ ਤੇਰੇ ਬਾਣੇ ਦਾ।
ਭੇਖੀ, ਮਕਰੀ, ਜੋਗੀ ਸਾਗੀ, ਹਾਂ ਬੰਦਾ ਤੇਰੇ ਭਾਣੇ ਦਾ।
ਲਖ ਲਖ ਪਾਪ ਕੀਤੇ ਮੈਂ ਪਾਪੀ, ਢਕ ਪੜਦਾ ਦੋਜ਼ਖ ਜਾਣੇ ਦਾ।
ਹੋਇ ਕਲਿਆਣਾ ਦਯਾ ਗੁਰ ਧਾਰੋ, ਬਖ਼ਸ਼ੋ ਛਿਦੂ ਨਿਮਾਣੇ ਦਾ।
ਮੈਂ ਪਰਦੇਸੀ ਤੇਰੇ ਲੜ ਲਾਗਾ, ਥਾਉਂ ਨ ਕਿਸੇ ਟਿਕਾਣੇ ਦਾ।
ਸ੍ਰੀ ਮਹਿਮਾ ਸ਼ਾਹ ਗੁਰਾ! ਦੇਸ ਨ ਕੋਈ, ਰੱਖ ਜਾਣ ਕੇ ਦੇਸ ਰੱਬਾਣੇ ਦਾ।

2. ਭਾਈ ਵੀਰ ਸਿੰਘ 'ਰੰਗਰੇਜ'

ਸੰਤ ਮਹਿਮੇ ਸ਼ਾਹ ਜੀ ਦੇ ਚੇਲੇ ਭੀ ਚੰਗੇ ਕਵੀ ਤੇ ਭਲੇ ਲੋਕ ਸਨ। ਇਨ੍ਹਾਂ ਵਿਚ ਭਾਈ ਵੀਰ ਸਿੰਘ 'ਰੰਗਰੇਜ' ਤੇ ਭਾਈ ਮਨ ਮਸਤਾਨ ਸਿੰਘ ਦਾ ਨਾਂ ਵਧੇਰੇ ਪ੍ਰਸਿੱਧ ਹੈ। ਭਾਈ ਵੀਰ ਸਿੰਘ (1784-1854 ਈ:) ਢੱਕ ਦਾ ਕੋਟਲਾ ਨਾਮੀ ਨਗਰ ਰਿਆਸਤ ਪਟਿਆਲੇ ਦੇ ਰਹਿਣ ਵਾਲੇ ਸਨ। ਇਨ੍ਹਾਂ ਨੇ ਘਰਬਾਰ ਛੱਡ ਕੇ ਸੰਤ ਮਹਿਮੇ

ਸ਼ਾਹ ਜੀ ਦੀ ਸੇਵਾ ਕੀਤੀ ਤੇ ਕਾਵਿ-ਵਿਦਿਆ ਦਾ ਗਿਆਨ ਪ੍ਰਾਪਤ ਕੀਤਾ। ਆਪ ਦੀ ਰਚਨਾ ਦੀ ਵੰਨਗੀ ਇਸ ਪ੍ਰਕਾਰ ਹੈ:

1. ਪਹਿਲੀ ਰੰਗਣ ਵਿਚ ਕਿਉਂ ਨਹੀਂ ਰੰਗਦਾ, ਸ੍ਰੀ ਗੁਰਾ! ਮੇਰੇ ਰੇਜੇ ਨੂੰ।
ਅਜਬ ਰੰਗੀਲੀ ਰੰਗਣ ਤੇਰੀ, ਉਮਰ ਵਿਹਾਈ ਰੇਜਾ ਭੇਜੇ ਨੂੰ।
ਹੁਣ ਕਿਉਂ ਗੁਰਾ! ਪਿਠ ਦਿੱਤੀ ਜਾਨੈਂ, ਕੱਢ ਕੇ ਮੇਰੇ ਕਲੇਜੇ ਨੂੰ।
ਦੱਤ, ਮੁਹੰਮਦ ਤੈਂ ਗੁਰਾ! ਤਾਰੇ, ਪੁਚਾਏ ਨੂਰ ਦੇ ਛੇਜੇ ਨੂੰ।
'ਸ੍ਰੀ ਮਹਿਮਾ ਸ਼ਾਹ' ਰੰਗਾਂ ਦੇ ਮਾਲਕ, ਰੰਗ ਦੇ ਨਿਥਾਂਵੇਂ ਦੇ ਰੇਜੇ ਨੂੰ।
2. ਸਿਆਹ, ਸਫ਼ੇਦ, ਜ਼ਰਦ, ਸੁਰਖਾਈ, ਝਿਲਮਿਲ ਰੰਗ ਤੇਰੀ ਰੈਣੀ ਦੇ।
ਹੋਰਾਂ ਨੂੰ ਦਿੰਨਾ ਏ ਗੁਰੂ ਜੀ ਰੇਜੇ, ਰੰਗ ਰੰਗ ਵਿਚ ਤ੍ਰਿਬੈਣੀ ਦੇ।
ਰੇਜਾ ਮੇਰਾ ਰੰਗ ਦੇ ਗੁਰੂ ਜੀ, ਵਿਚ ਅਮੀਂ ਰੰਗ ਦੇਣੀ ਦੇ।
ਫੰਧਕ, ਠੱਗ ਸੱਜਣ ਗੁਰਾਂ ਰੰਗੇ, ਕੱਟ ਕੱਟ ਪਾਪ ਨਾਲ ਛੈਣੀ ਦੇ।
ਬ੍ਰਹਿਮਾ ਬਿਸ਼ਨੁ ਮਹਾਂਦੇਵ ਰੰਗੇ, ਚੌਦਾਂ ਭਵਨ ਪਰਚੈਣੀ ਦੇ।
'ਸ੍ਰੀ ਮਹਿਮਾ ਸ਼ਾਹ' ਰੰਗੋ ਮੇਰਾ ਰੇਜਾ, ਪ੍ਰਭੂ ਆਪਣੀ ਰੰਗਲੀ ਰੈਣੀ ਦੇ।
3. ਹਮ ਦਰਵੇਸ਼ ਭੇਖ ਕੀਏ ਭਗਵੇ, ਰੱਬ ਮਿਲਣੇ ਦੀ ਆਸਾ ਵੇ।
ਨਾਉਂ ਨ ਗਾਉਂ ਨ ਥਾਉਂ ਹਮਾਰਾ, ਹੈ ਦੀਆ ਰਾਮ ਬਨਵਾਸਾ ਵੇ।
ਫਿਰਹਿੰ ਬਉਰਾਏ ਬਿਰਹੁ ਬਹਿਕਾਏ, ਲੋਕ ਕਰਤ ਹੈਂ ਹਾਸਾ ਵੇ।
ਨ ਪਰਵਾਹ ਅੱਲਾਹ ਬਿਨ ਸਾਧੋ, ਭਰ ਪੀਆ ਸਬਰ ਦਾ ਕਾਸਾ ਵੇ।
ਹਾਂ ਅਨਾਥ, ਨਾਥ ਨਹੀਂ ਕੋਈ, ਲੈ ਲਿਆ ਗੋਵਿੰਦ ਦਾ ਪਾਸਾ ਵੇ।
ਸਗਲੇ ਬਾਣੇ ਹਮ ਪਹਿਚਾਣੇ, ਕਿਵੇਂ ਦੇਵੇ ਰਾਮ ਦਿਲਾਸਾ ਵੇ।
ਜਨ 'ਰੰਗਰੇਜ' ਦਾਤ ਇਹ ਮਾਂਗੈ, ਹੋਵਾਂ ਦਾਸਨ ਦਾਸਾ ਵੇ।
4. ਪ੍ਰੀਤਿ ਪੀਆ ਸੰਗ ਕਰ ਰੀ ਸਜਨੀ! ਪ੍ਰੀਤਿ ਪੀਆ ਸੰਗ ਕਰ ਰੀ।
ਜੇ ਪੀਆ ਤੈਨੂੰ ਦੂਰ ਦੂਰ ਕਰਦਾ, ਤਉ ਭੀ ਚਰਣ ਗਹਿ ਫਰ ਰੀ।
ਪ੍ਰਾਣੋਂ ਕੀ ਸੇਜ ਬਨਾ ਰੀ, ਸਜਨੀ, ਸੀਸ ਕਾਟਿ ਆਗੇ ਧਰ ਰੀ।
ਪ੍ਰੀਤ ਪੀਆ ਸੰਗਿ ਕਰ ਰੀ।
ਅਪਨੇ ਪੀਆ ਦਰ ਪੀਸ ਰੀ ਸਜਨੀ! ਅਪਨੇ ਪੀਆ ਦਰ ਪੀਸ ਰੀ।
ਬਿਰਥਾ ਨ ਜਾਇ ਘਾਲ ਤੁਮ੍ਹਾਰੀ, ਹੋਇ ਦਇਆਲ ਜਗਦੀਸ਼ ਰੀ।
ਦੀਨਾਨਾਥ ਦਯਾਲ ਹੈ ਸਜਨੀ! ਪ੍ਰੀਤਿ ਕਰਹੁ ਸੰਗ ਈਸ ਰੀ।
ਦੇਵੈਗਾ ਨਉ ਨਿਧਿ ਬਹੁਤ ਹੀ, ਸਿਰ ਕਟਿ ਦੇਵਹੁ ਫੀਸ ਰੀ।
ਬੇਗਮ ਪੁਰ ਹੋਇ ਵਾਸ ਤੁਮ੍ਹਾਰਾ, ਪਹੁੰਚਹੁ ਜਾਇ ਇਕੀਸ ਰੀ।
ਸ੍ਰੀ ਰੰਗ ਸਾਹਿਬ ਝਿਮਝਿਮ ਬਰਸੇ, ਪੀਆ ਪੀਆ ਨਾਮ ਪਰੀਸ ਰੀ।

3. ਭਾਈ ਮਨ ਮਸਤਾਨ ਸਿੰਘ

ਇਹ ਵੀ ਢੱਕ ਕੋਟਲਾ, ਰਿਆਸਤ ਪਟਿਆਲਾ ਦੇ ਵਸਨੀਕ ਸਨ। ਆਪ ਦਾ

ਜਨਮ ਤਕਰੀਬਨ1793 ਈ: ਵਿਚ ਭਾਈ ਗੁਰਬਖਸ਼ ਸਿੰਘ ਦੇ ਘਰ ਹੋਇਆ। ਸੰਤ ਮਹਿਮੇ ਸ਼ਾਹ ਜੀ ਦੀ ਸੇਵਾ ਵਿਚ ਲੋਪੋਂ ਚਲੇ ਗਏ। ਆਪ ਨੂੰ ਸੰਗੀਤ ਦਾ ਵਿਸ਼ੇਸ਼ ਸ਼ੌਕ ਸੀ। ਸਦਾ ਸਿਤਾਰ ਵਜਾਉਣ ਵਿਚ ਮਸਤ ਰਹਿੰਦੇ ਸਨ ਤੇ ਕਦੀ ਕਦਾਈਂ ਇਸ ਰੰਗ ਵਿਚ ਮਸਤ ਹੋ ਕੇ ਨੱਚਣ ਵੀ ਲੱਗ ਪੈਂਦੇ ਸਨ। 1850 ਈ: ਕੱਤਕ ਸੁਦੀ ਦਸਮੀ ਨੂੰ ਆਪ ਦਾ ਲੋਪੋਂ ਹੀ ਦਿਹਾਂਤ ਹੋਇਆ। ਆਪ ਦੀ ਇਥੇ ਹੀ ਸਮਾਧ ਹੈ। ਕੁਝ ਕੁ ਕਾਵਿ-ਵੰਨਗੀਆਂ ਇਉਂ ਹਨ :

ਤੇਰੀ ਬੈਰਾਗਣਿ ਮੈਂ ਆਪ ਥੀਵਾਂ, ਮੈਨੂੰ ਲੈ ਚਲ ਆਪਣੇ ਦੇਸ਼।
ਘਰ ਬਣ ਮੈਨੂੰ ਭਾਵਹਿ ਨਾਹੀ, ਲਗ ਰਹਿਆ ਤੇਰਾ ਉਪਦੇਸ਼।
ਲੋਕ ਲਾਜ ਦੀ ਕਾਣ ਨ ਕਰਸਾਂ, ਬਾਂਦੀ ਮੈਂ ਰਹਾਂਗੀ ਹਮੇਸ਼।
ਹਾਰ ਸ਼ਿੰਗਾਰ ਸਭ ਦੂਰ ਕਰਾਂਗੀ, ਲੈ ਲਾਂ ਗੀ ਭਗਵਾਂ ਭੇਸ।
ਤੁਹਿ ਵਿਛੜੇ ਇਕ ਪਲ ਨਹੀਂ ਜੀਵਾਂ, ਮੈਨੂੰ ਛੱਡ ਨ ਜਾਈਂ ਪਰਦੇਸ।
ਮਨ ਮਸਤਾਨ ਦੀ ਜਿੰਦੜੀ ਕਮਲੀ, ਤੇਰਾ ਨਾਮ ਜਪੂੰਗੀ ਹਮੇਸ਼।

4. ਭਾਈ ਖੂਬ ਦਯਾਲ ਸਿੰਘ

ਇਹ ਬਾਬਾ ਵੀਰ ਸਿੰਘ 'ਰੰਗਰੇਜ' ਦੇ ਚੇਲੇ ਸਨ। ਇਨ੍ਹਾਂ ਦਾ ਜਨਮ 1830 ਈ: ਤੇ ਦਿਹਾਂਤ 1868 ਈ: ਵਿਚ ਲੋਪੋਂ ਹੀ ਹੋਇਆ। ਆਪ ਦਾ ਇਕ ਗੀਤ ਪੇਸ਼ ਹੈ :

ਬੰਗਲਾ ਅਜਬ ਬਣਿਆ ਗੁਲਜ਼ਾਰ, ਜਿਸ ਵਿਚ ਵਸਹਿ ਜੀ ਕਰਤਾਰ।
ਇਸ ਬੰਗਲੇ ਵਿਚ ਲਾਲ ਜੜੇ ਹੈਂ, ਪਰਖੇ ਪਰਖਣਹਾਰ।
ਇਸ ਬੰਗਲੇ ਦੇ ਨੌਂ ਦਰਵਾਜ਼ੇ, ਦਸਵਾਂ ਰਖਿਆ ਮਾਰ।
ਪੰਚ ਤੱਤ ਦਾ ਬੰਗਲਾ ਬਣਿਆ, ਹੈ ਬੰਗਲਾ ਪੁਰ ਕਾਰ।
ਇਸ ਬੰਗਲੇ ਵਿਚ ਸਸੀਅਰ ਸੂਰਜ, ਨਿਸ ਦਿਨ ਚਢਤ ਹਜ਼ਾਰ।
ਇਸ ਬੰਗਲੇ ਮਹਿ ਬਿਸ਼ਨੁ ਬ੍ਰਹਿਮਾ, ਅਸ਼ਟ-ਭੁਜੀ ਮੁਖ ਚਾਰੁ।
'ਖੂਬ ਦਯਾਲ' ਰਚੀ ਵਿਚ ਬੈਠਾ, ਜਿਨ ਇਹ ਰਚੀ ਬਹਾਰ।

5. ਭਾਈ ਮਾਨ ਸਿੰਘ

ਇਹ ਪਟਿਆਲੇ ਦੇ ਅਮੀਰ ਘਰਾਣੇ ਵਿੱਚੋਂ ਸਨ ਤੇ ਬਾਬਾ ਵੀਰ ਸਿੰਘ 'ਰੰਗਰੇਜ' ਦੇ ਪ੍ਰੇਮੀ ਸਨ। ਕਾਵਿ-ਵੰਨਗੀ ਇਸ ਪ੍ਰਕਾਰ ਹੈ:

ਬਾਝੁ ਪਿਆਰੇ! ਰਾਤੀਂ ਹੋਈਆਂ ਵੱਡੀਆਂ।
ਉਮਰ ਸੁਹਾਵੀ ਬੀਤੀ ਸਾਰੀ, ਮਾਸ ਨੇ ਛੱਡੀਆਂ ਹੱਡੀਆਂ।
ਕਾਲੇ ਕੇਸ ਭਏ ਸਿਰ ਚਿੱਟੇ, ਅੱਖੀਂ ਪਤਾਲੀਂ ਗੱਡੀਆਂ।
ਮਤ ਹੁਈ ਬਉਰੀ ਸਿਰ ਪਗ ਕੰਬੇ, ਸੰਗ ਸਹੇਲੀ ਲੱਡੀਆਂ।
ਸਗਲੇ ਹੁਸਨ ਜ਼ਹੂਰ ਭੁਲਾਨੇ, ਜਾਂ ਬਿਰਧ ਬਹਾਰਾਂ ਛੱਡੀਆਂ।
ਮਾਨ ਸਿੰਘ ਅੰਤ ਜਿੰਦੜੀ ਘੇਰੀ, ਜਾਂ ਪਾਪ ਗਵਾਹੀਆਂ ਕੱਢੀਆਂ।

ਮਹਾਤਮਾ ਬਖਤ ਮੱਲ ਦੀ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਜਿਥੇ ਨਵੀਂ ਵਿਚਾਰਧਾਰਾ ਤੇ ਨਵੇਂ ਮੱਤ ਨੂੰ ਜਨਮ ਦਿੱਤਾ ਹੈ, ਉਥੇ ਇਸ ਬਾਣੀ ਦੇ ਪ੍ਰਭਾਵ ਹੇਠ ਅਧਿਆਤਮਕ ਭਾਵਨਾ ਵਾਲਾ ਮਣਾਂ ਮੂੰਹੀਂ ਸਾਹਿੱਤ ਵੀ ਸਿਰਜਿਆ ਗਿਆ ਹੈ, ਜਿਸ ਵੱਲ ਸਾਹਿੱਤ-ਖੋਜੀਆਂ ਨੇ ਅਜੇ ਲੋੜੀਂਦਾ ਧਿਆਨ ਨਹੀਂ ਦਿੱਤਾ। ਇਹ ਮੱਧਕਾਲੀਨ ਧਾਰਮਿਕ ਸਾਹਿੱਤ ਬਹੁਤ ਅਪ੍ਰਕਾਸ਼ਤ ਹੈ ਤੇ ਕੇਵਲ ਹੱਥ-ਲਿਖਤਾਂ ਦੇ ਰੂਪ ਵਿਚ ਹੀ ਸੁਰੱਖਿਅਤ ਹੈ। ਮਹਾਤਮਾ ਬਖਤ ਮੱਲ ਦੀ ਕਾਵਿ-ਰਚਨਾ ਵੀ ਇਸੇ ਪ੍ਰਕਾਰ ਦੀ ਹੈ, ਜੋ ਪਾਠਕਾਂ ਦੇ ਧਿਆਨ ਗੋਚਰੇ ਨਹੀਂ ਹੋਈ।

ਇਸ ਮਹਾਤਮਾ ਦੇ ਜੀਵਨ ਬਾਰੇ ਤਾਂ ਅਸੀਂ ਬਹੁਤਾ ਨਹੀਂ ਜਾਣਦੇ। ਇੰਨਾ ਕੁ ਸਾਨੂੰ ਪਤਾ ਹੈ ਕਿ ਬਖਤ ਮੱਲ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਸੀ, ਜੋ ਕਿ ਉਦਾਸੀ ਸਾਧੂ ਸੀ। ਇਹ ਢੇਰ ਚਿਰ ਸਿੱਖੀ-ਪ੍ਰਚਾਰ ਦੀ ਸੇਵਾ ਕਰਦਾ ਰਿਹਾ। ਗੁਰੂ ਤੇਗ਼ ਬਹਾਦਰ ਜੀ ਦੇ ਜ਼ਮਾਨੇ ਇਹ ਮਸੰਦ ਥਾਪਿਆ ਗਿਆ ਅਤੇ ਕਾਬਲ ਤਕ ਫਿਰ ਤੁਰ ਕੇ ਇਸ ਜ਼ਿੰਮੇਵਾਰੀ ਨੂੰ ਨਿਭਾਉਂਦਾ ਰਿਹਾ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਦੀ ਸੋਧ-ਸੁਧਾਈ ਕੀਤੀ ਤਾਂ ਇਕ ਆਮ ਹੁਕਮਨਾਮਾ ਜਾਰੀ ਕੀਤਾ ਕਿ ਹਰ ਮਸੰਦ ਨੂੰ ਪਕੜ ਕੇ ਅਨੰਦਪੁਰ ਸਾਹਿਬ ਵਿਚ ਪੇਸ਼ ਕੀਤਾ ਜਾਵੇ। ਬਹੁਤ ਮਸੰਦ ਮਾੜੇ ਆਚਾਰ ਦੇ ਸਨ ਤੇ ਕਈ ਇਨ੍ਹਾਂ ਵਿਚ ਅੱਛੇ ਵੀ ਸਨ, ਜਿਹਾ ਕਿ ਭਾਈ ਫੇਰੂ ਜੋ ਕਿ ਖ਼ੁਦ ਦਾੜ੍ਹੀ ਫੜ ਕੇ ਸਤਿਗੁਰੂ ਦੇ ਪੇਸ਼ ਹੋ ਗਿਆ ਸੀ। ਭਾਈ ਬਖਤ ਮੱਲ ਬਜ਼ੁਰਗ ਉਮਰ ਦਾ ਮਸੰਦ ਸੀ ਤੇ ਉਂਜ ਵੀ ਨੇਕ ਪੁਰਸ਼ ਸੀ। ਇਹ ਜ਼ਨਾਨਾ ਭੇਸ ਧਾਰ ਕੇ ਚੋਰੀ ਛਿਪੀਂ ਮਾਤਾ ਗੁਜਰੀ ਜੀ ਪਾਸ ਜਿਵੇਂ-ਕਿਵੇਂ ਅਨੰਦਪੁਰ ਹਾਜ਼ਰ ਹੋਇਆ।

ਮਾਤਾ ਜੀ, ਜੋ ਕਿ ਇਸ ਦੇ ਨੇਕ ਚਲਨ ਤੋਂ ਵਾਕਫ਼ ਸਨ, ਉਨ੍ਹਾਂ ਸਾਰੀ ਗੱਲ ਸੁਣ ਕੇ ਇਸ ਨੂੰ ਗੁਰੂ ਸਾਹਿਬ ਦੇ ਹਜ਼ੂਰ ਪੇਸ਼ ਹੋਣ ਲਈ ਭੇਜ ਦਿੱਤਾ। ਇਹ ਉਵੇਂ ਹੀ ਜ਼ਨਾਨਾ ਵੇਸ ਵਿਚ ਜਾ ਹਾਜ਼ਰ ਹੋਇਆ ਤਾਂ ਸਿੱਖ ਸੰਗਤ ਬਹੁਤ ਹੱਸੀ। ਸਤਿਗੁਰੂ ਨੇ ਸਾਰੀ ਅਸਲੀਅਤ ਸਮਝ ਕੇ ਇਸ ਨੂੰ ਸਿਰੋਪਾਓ ਬਖ਼ਸ਼ਿਆ ਤੇ ਪ੍ਰਸੰਸਾ ਕੀਤੀ। ਉਦਾਸੀ ਸਾਧੂਆਂ ਦੇ ਚਾਰ ਧੂਣੇ ਤੇ ਛੇ ਬਖ਼ਸ਼ਸ਼ਾਂ ਹਨ। ਛੇ ਬਖ਼ਸ਼ਸ਼ਾਂ ਵਿਚ ਸੁਥਰੇ ਸ਼ਾਹੀ, ਸੰਗਤ ਸਾਹਿਬੀਏ, ਜੀਤ ਮੱਲੀਏ, ਬਖਤ ਮੱਲੀਏ, ਭਗਤ ਭਗਵਾਨੀਏ ਤੇ ਮੀਰਾਂ ਸ਼ਾਹੀਏ ਪ੍ਰਸਿੱਧ ਹਨ। ਬਖਤ ਮੱਲੀਏ ਉਦਾਸੀ ਸਾਧੂਆਂ ਵਿਚ ਅਜੇ ਵੀ ਇਹ ਰਿਵਾਜ ਹੈ ਕਿ ਜਦੋਂ ਕੋਈ ਨਵਾਂ ਮਹੰਤ ਗੱਦੀ-ਨਸ਼ੀਨ ਹੁੰਦਾ ਹੈ ਤਾਂ ਉਹ ਜ਼ਨਾਨਾ ਲਿਬਾਸ ਪਾ ਕੇ ਹੀ ਬਿਰਾਜਮਾਨ ਹੁੰਦਾ ਹੈ।

ਮਹਾਤਮਾ ਬਖਤ ਮੱਲ ਅੱਛਾ ਕਵੀ ਸੀ, ਜਿਸ ਦੀ 10-15 ਰਾਗਾਂ ਵਿਚ ਬਾਣੀ ਮਿਲਦੀ ਹੈ, ਪਰੰਤੂ ਇਹ ਅਜੇ ਤਕ ਛਪੀ ਨਹੀਂ। ਮੇਰੇ ਪਾਸ ਇਕ ਹੱਥ-ਲਿਖਤ ਖਰੜੇ ਵਿਚ ਇਹ ਬਾਣੀ ਦਰਜ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਵਕਤ ਵੀ ਕਾਵਿ-ਰਚਨਾ ਕਿਸ ਤਰ੍ਹਾਂ ਵਿਚਾਰ ਵਾਲੀ ਤੇ ਸ਼ਬਦਾਵਲੀ ਦੇ ਪੱਖ ਤੋਂ ਗੁਰਬਾਣੀ ਵਾਲੀ ਪਰੰਪਰਾ ਤੋਂ ਪ੍ਰਭਾਵਿਤ ਸੀ। ਇਸ ਨੂੰ ਅਸੀਂ ਨਕਲ ਨਹੀਂ ਕਹਿ ਸਕਦੇ। ਨਕਲ ਕਰਨ ਵਾਲੇ ਵੀ ਹੋਏ ਹਨ, ਜਿਨ੍ਹਾਂ ਕੱਚੀ ਬਾਣੀ ਲਿਖੀ, ਪਰ ਅਜਿਹੇ ਸੰਤ ਭਗਤ ਕਵੀ ਵੀ ਹੋਏ ਜੋ ਸੁਤੰਤਰ ਤੌਰ 'ਤੇ ਮੌਲਿਕ ਰਚਨਾ ਕਰਦੇ ਰਹੇ। ਇਨ੍ਹਾਂ ਵਿਚ ਕੁਝ ਸੰਤ-ਭਾਸ਼ਾ ਵਿਚ ਹੈ ਤੇ ਕੁਝ ਨਿਰੋਲ ਪੰਜਾਬੀ ਵਿਚ, ਪਰ ਇਹ ਸਾਰਾ ਪੰਜਾਬੀ ਸਾਹਿੱਤ ਦਾ ਪੁਰਾਤਨ ਵਿਰਸਾ ਹੈ, ਜਿਸ ਦੀ ਸੰਭਾਲ ਦੀ ਲੋੜ ਹੈ।

ਬਖਤ ਮੱਲ ਨੇ ਆਪਣੀ ਬਾਣੀ ਵਿਚ ਆਪਣਾ ਨਾਂ ਥਾਂ-ਥਾਂ 'ਬਖਤ-ਗ਼ੁਲਾਮ' ਕਰਕੇ ਦਿੱਤਾ ਹੈ। ਗ਼ੁਲਾਮ ਦਾ ਅਰਥ ਹੈ ਕਿ ਦਾਸ, ਸੇਵਕ। ਹੱਥ ਲਿਖਤ ਪੋਥੀ ਵਿਚ ਸਿਰਲੇਖ ਇਸ ਪ੍ਰਕਾਰ ਦਾ ਵੀ ਮਿਲਦਾ ਹੈ—'ਕਾਫ਼ੀ ਬਖਤ ਮੱਲ ਕੀ' ਜਾਂ 'ਆਸਾਵਰੀ ਬਖਤ ਮੱਲ ਕੀ' ਆਦਿ। ਸੋ, ਬਖਤ ਗ਼ੁਲਾਮ ਲਿਖਣਾ ਇਵੇਂ ਹੀ ਹੈ, ਜਿਵੇਂ ਨਾਨਕ ਦਾਸ—ਨਾਨਕ ਦਾਸ ਨਾਲ ਨਹੀਂ, ਨਾਨਕ ਦੇ ਨਾਲ ਨਿਮ੍ਰਤਾ ਲਈ ਦਾਸ ਪਦ ਜੋੜਿਆ ਗਿਆ ਹੈ। ਸੋ, ਕਵੀ ਦਾ ਬਖਤ ਗ਼ੁਲਾਮ ਲਿਖਣਾ ਕੇਵਲ ਉਸ ਦੀ ਆਜਜ਼ੀ ਦਾ ਸੂਚਕ ਹੈ। ਵੈਸੇ ਉਸ ਦਾ ਨਾਮ ਬਖਤ ਮੱਲ ਹੀ ਸੀ।

ਇਥੇ ਇਸ ਰਚਨਾ ਦੀਆਂ ਕਾਵਿ-ਵਿਸ਼ੇਸ਼ਤਾਵਾਂ ਦੀ ਚਰਚਾ ਕਰਨ ਦਾ ਬਹੁਤਾ ਲਾਭ ਨਹੀਂ, ਕਿਉਂਕਿ ਜੈਸਾ ਕਿ ਅਸੀਂ ਪਹਿਲੇ ਕਹਿ ਚੁੱਕੇ ਹਾਂ ਕਿ ਇਸ ਦੀ ਵਿਚਾਰਧਾਰਾ ਅਧਿਆਤਮਵਾਦੀ ਹੈ ਤੇ ਮੱਧਕਾਲੀਨ ਅਧਿਆਤਮਕ ਕਵਿਤਾ ਵਾਂਗ ਇਸ ਵਿਚ ਸ਼ਬਦਾਵਲੀ ਤੇ ਬਿੰਬਾਵਲੀ ਵੀ ਉਸੇ ਭਾਂਤ ਦੀ ਵਰਤੀ ਗਈ ਹੈ।

ਰਾਗਾਂ ਵਿਚ ਲਿਖਣ ਦੀ ਆਮ ਰੀਤੀ ਸੀ ਤੇ ਇਸ ਸੰਤ-ਕਵੀ ਨੇ ਵੀ ਰਾਗਾਂ ਦਾ ਪ੍ਰਯੋਗ ਕੀਤਾ ਹੈ। ਇਸ ਤੋਂ ਇਲਾਵਾ 'ਆਸਾਵਰੀ' ਕਾਵਿ-ਰੂਪ ਵੀ ਕਾਫ਼ੀ ਵਰਤਿਆ ਹੈ, ਭਾਵੇਂ ਆਸਾਵਰੀ ਵੀ ਇਕ ਰਾਗ ਹੀ ਹੈ, ਪਰ ਇਸ ਰਾਗ ਦਾ ਇਕ ਵਿਸ਼ੇਸ਼ ਛੰਦ ਰੂਪ ਪ੍ਰਚਲਿਤ ਰਿਹਾ ਹੈ, ਜਿਸ ਨੂੰ 'ਆਸਾਵਰੀ' ਕਿਹਾ ਜਾਂਦਾ ਰਿਹਾ ਹੈ। ਇਹ ਆਸਾਵਰੀਆਂ ਹੋਰ ਵੀ ਸੇਵਾ ਪੰਥੀ, ਸਾਧੂ ਕਵੀਆਂ ਅਨੇਕਾਂ ਨੇ ਲਿਖੀਆਂ ਹਨ ਜੋ ਕਿ ਅਸਾਂ *ਪੰਜਾਬੀ ਮਾਝਾਂ* ਵਿਚ ਸੰਕਲਿਤ ਤੇ ਸੰਪਾਦਿਤ ਕਰ ਕੇ (1960 ਈ.) ਛਾਪੀਆਂ ਸਨ। ਇਸ ਕਵੀ ਦੀਆਂ ਆਸਾਵਰੀਆਂ ਵੀ ਰਸ ਭਿੰਨੀਆਂ ਹਨ ਤੇ ਅੰਤ 'ਤੇ ਅਸਾਂ ਉਨ੍ਹਾਂ ਦੀ ਵੰਨਗੀ ਵੀ ਦਿੱਤੀ ਹੈ।

ਇਸ ਅਪ੍ਰਕਾਸ਼ਿਤ ਕਵੀ ਦੀ ਬਾਣੀ ਦੀ ਵੰਨਗੀ ਇਸ ਪ੍ਰਕਾਰ ਹੈ:

ਸਲੋਕ : **ਮਨਸਾ ਵਾਚਾ ਕਰਮਨਾ, ਬਖਤ ਗੁਲਾਮ ਗੁਲਾਮ।**
ਸਵਾਮੀ ਕਾ ਕੁਲ ਗੋਤ ਸੰਪਦਾ, ਸਭ ਗੋਲੇ ਧਨ ਧਾਮ।

ਮਲਾਰ : **ਵੇਖੋ ਆਏ ਹਰਿ ਜਸ ਸਾਵਣ,**
ਅਨਭਉ ਝੜੀ ਲਾਏ ਸੁਖ ਬਰਸਿਉ, ਬੂੰਦ ਬੂੰਦ ਹਰਿ ਪਾਵਨ।੧।ਰਹਾਉ।

ਦਸੋ ਦਿਸ਼ਾ ਮੰਗਲ ਪ੍ਰਕਾਸ਼ਿਓ, ਗਰਜਿ ਗਰਜਿ ਹਰਿ ਗਾਵਨ।
ਚਾਤ੍ਰਿਕ ਕੋਇਲ ਮੋਰ ਸਾਧ ਸਭ, ਹਰਖਿ ਭਏ ਹਰਿ ਭਾਵਨ ।੧।
ਅਸਥਾਵਰ ਜੰਗਮ ਧਰਤੀ ਨਭ, ਰੋਮ ਰੋਮ ਬਿਗਸਾਵਨ।
'ਬਖਤ ਗ਼ੁਲਾਮ' ਸਿਆਮਘਨ ਨਿਰਖਤ, ਚੂਕੇ ਆਵਨ ਜਾਵਨ ।੨।

ਸਾਰੰਗ ਬਿਲਾਵਲ : ਕਵਨ ਕਹੌਂ ਤੇਰੇ ਉਪਕਾਰ।
ਬਚਨ ਸੁਨਤ ਬੁਧਿ ਰਹੇ ਹਿਰਾਨੇ, ਵਾਰ ਵਾਰ ਜਾਉਂ ਬਲਿਹਾਰ ।੧।ਰਹਾਉ।
ਮਨ ਤਨ ਰੋਮ ਰੋਮ ਸੁਖ ਸਾਗਰ, ਚਿਦਾਨੰਦ ਕਛੁ ਵਾਰਿ ਨ ਪਾਰਿ।
ਮੇਲਾ ਗੁਰ ਮਿਲਿ ਭਯਾ ਸੁਹੇਲਾ, ਨਿਰਾਕਾਰ ਸੁਖ ਧਰੇ ਅਧਾਰ ।੧।
ਸਫਲ ਜਨਮ ਜੀਵਣ ਪਲ ਮੁਰਤੁ, ਗੁਰੂ ਗੁਰੂ ਜਪਿ ਦਿਨ ਰੈਣਾਰੁ।
ਗੁਰ ਮਿਲਿ ਭਈ ਸੁਹੇਲੀ ਜਾਤ੍ਰਾ, ਸਾਧਸੰਗਤਿ ਕੇ ਚਰਣ ਰਵਾਰ ।੨।
ਦੀਜੈ ਦਾਨ ਮੋਹਿ ਦੀਨ ਕਉ, ਸਭ ਕੇ ਚਰਨ ਕਮਲ ਕੋ ਪਿਆਰ।
ਸਾਧ ਸੰਗਤਿ ਮਹਿ ਵਾਸਾ ਪਾਵਉਂ, ਮਨ ਤਨ ਰਹੈ ਨ ਕੋਈ ਭਾਰ ।੩।
'ਬਖਤ ਗ਼ੁਲਾਮ' ਤੇਰਾ ਕੁਲ ਵਾਧੀ, ਕਿਸੇ ਨ ਜੋਗਾ ਖਰਾ ਠਕਾਰੁ।
ਦਰਿ ਪਰਿਆ ਕੋ ਰਹੈ ਨਾ ਖਾਲੀ, ਪਰਮ ਦਯਾਲ ਜਜਮਾਨ ਉਦਾਰ ।੪।

ਧਨਾਸਰੀ : ਨਮੋ ਨਮੋ ਸੰਤਨ ਸੁਖਦਾਈ।
ਯਦਪਿ ਸਰਬ ਦਾਤਾਰ ਦਾਨ ਨਿਧਿ, ਸੰਤਨ ਕੇ ਨਿਜ ਬਾਲ ਸਖਾਈ ।੧।ਰਹਾਉ।
ਪਤਿਤ ਉਧਾਰਨ ਸਰਬ ਸਧਾਰਨ, ਸੰਤਨ ਸੌ ਕਛੁ ਜੋ ਬਨਿ ਆਈ।
ਤੂ ਜਾਨਹਿ ਕੇ ਕੁਛ ਕੁਛ ਵੈ ਭੀ, ਜੇਹੀ ਤੁਧ ਕੀਤੀ ਰੁਸ਼ਨਾਈ ।੧।
'ਬਖਤ ਗ਼ੁਲਾਮ' ਗੁਲਾਮ ਬਿਚਾਰਾ, ਕਿਤ ਮੁਹਿ ਕਹਿ ਤੇਰੇ ਗੁਣ ਗਾਈ।
ਸ੍ਰੋਤਾ ਬਕਤਾ ਸੁਆਮੀ ਸੇਵਕ, ਦੁਹੀਂ ਸਿਰੀਂ ਤੂੰ ਹੈ ਰਘੁਰਾਈ ।੨।

ਧਨਾਸਰੀ : ਪ੍ਰਭੂ ਜੀ! ਮੈਂ ਮਤਿ ਹੀਨ ਤੁਮਾਰਾ।
ਭਾਇ ਭਗਤਿ ਨੂੰ ਮਹਾਂ ਆਲਸੀ, ਖਾਵਣ ਨੂੰ ਹੁਸ਼ਿਆਰਾ ।੧।ਰਹਾਉ।
ਕਰਮ ਧਰਮ ਕਛੁ ਹੋਇ ਨ ਆਵਹਿ, ਲਾਲਚਿ ਲੰਪਟਿ ਸਾਰਾ।
ਬਿਖੈ ਬਾਸਨਾ ਲੀਏ ਡੋਰੋਂ, ਬਹੁਤਾ ਰਾਖੋਂ ਗਾਰਾ ।੧।
ਗਿਆਨ ਧਿਆਨ ਬਿਦਿਆ ਬੁਧਿ ਨਾਹੀ, ਗੁਣ ਸੰਜਮ ਨਹੀਂ ਸੇਵਾ।
ਪਸ਼ੁਪਾਲ ਪਤਿਤਨ ਕੇ ਪਾਵਨ, ਸਤਿਗੁਰ ਸੁਆਮੀ ਦੇਵਾ ।੨।
ਬਖਤ ਗੁਲਾਮ ਕਹਾਂ ਲਉ ਗਾਵਹਿ, ਤੇਰੇ ਦਾਨ ਅਪਾਰ।
ਪਤਿਤਨ ਕੇ ਸੰਘਾਤੀ ਦੇਖੇ, ਪਾਵਨ ਬਿਰਦੁ ਸੰਮਾਰ ।੩।

ਧਨਾਸਰੀ : ਪਾਤੀ ਲਿਖੋਂ ਲਿਖਨ ਨਹੀਂ ਆਵੈ।
ਕਾਗਤਿ ਕਲਮ ਸਿਆਹੀ ਪਰਿ ਹੀ, ਹੀਅਰਾ ਬਲਿ ਬਲਿ ਜਾਵੈ ।੧।ਰਹਾਉ।
ਕਹਨਿ ਧਿਆਇਨਿ ਘਰ ਹੀ ਭੀਤਰਿ, ਹਰਖਿ ਹਰਖਿ ਬੇ ਮਾਵੈ।
ਘਟ ਘਟਿ ਭੀਤਰ ਤੇਰੋ ਬਾਸਾ, ਇਹ ਅਚਰਜੁ ਕਹਿਓ ਨਾ ਜਾਵੈ ।੧।
ਸਰਬ ਦਯਾਲ ਸਰਬ ਸੁਖਦਾਈ, ਤੁਹੀ ਮੇਰੇ ਮਨ ਭਾਵੈ।
'ਬਖਤ ਦਾਸੁ' ਦਾਸਨ ਕੋ ਕਰੀਓ ਇਹ ਦਾਨ ਭਿਖਾਰੀ ਪਾਵੈ ।੨।

ਧਨਾਸਰੀ : ਕਹਾਂ ਕਹਉ ਅਪਨੀ ਅਧਮਾਈ।
ਦੇਖ ਦਰਸ ਮਨਿ ਅਨਦੁ ਭਯੋ ਹੈ, ਮਹਾਂ ਪ੍ਰਭੂ ਕੀ ਸੁੰਦਰਤਾਈ ।੧।ਰਹਾਉ।

ਅਘ ਅਸੰਖ ਹਮ ਕਰਹਿ ਸੁਭਾਈ। ਬਖਤ ਪ੍ਰਭੂ ਕੀ ਸਭ ਭਰਿ ਪਾਈ।
ਲਖ ਸਿਖ ਲਉ ਹਮ ਅਤਿ ਕਪਟਾਈ। ਸਦਾ ਦਯਾਲੁ ਸਤਿਗੁਰ ਸੁਖਦਾਈ।੨।
ਸਰਮਦਾਨ ਨਿਧਿ ਟੇਕ ਟਿਕਾਈ। ਜੋ ਆਵੈ ਤਿਸੁ ਲੇਤ ਮਿਲਾਈ।੩।
ਪਤਿਤਨ ਇਹੁ ਪਤੀਆ ਲਿਖ ਪਾਈ। ਪਤਿਤ ਉਧਾਰਨ ਸੰਤ ਸਹਾਈ।
ਬਖਤ ਗ਼ੁਲਾਮ ਬਲੇ ਬਲਿ ਜਾਈ। ਤੇਰੀ ਮਹਿਮਾ ਤੁਧ ਬਨਿਆਈ।੪।

ਧਨਾਸਰੀ : ਮੈ ਸਭਿ ਪਤਿਤਨ ਕੋ ਸਿਰਦਾਰੁ।
ਅਉਰ ਸਭੈ ਕਛੂ ਸੁਕਚ ਕਮਾਵੈ, ਮੈਂ ਸਭ ਮਾਹਿ ਉਦਾਰੁ।੧।ਰਹਾਉ।
ਕਰੂਪ ਕੁਦਰਸਨਿ ਅਜਾਨ ਅਗਿਆਨੀ, ਬਹੁਤ ਰਾਖੋ ਭਾਰੇ।
ਸਰਣਾਗਤ ਕੀ ਲਾਇਕ ਨਾਹੀਂ, ਜਿਉਂ ਭਾਵੀ ਤਿਉਂ ਸਾਰੇ।੧।
ਹਾਥ ਦੁਮਾਲਾ ਕਾਖੇ ਫਿਰਹੋਂ, ਦੀਠੁ ਅਧਮੁ ਬੇਕਾਰੁ।
ਖਲਕਿ ਅੰਦਰਿ ਮਾਵਾਂ ਨਾਹੀਂ, ਪਾਵਨ ਬਿਰਦ ਸੰਭਾਰ।੨।
ਕੀਆ ਨੇਕੁ ਪਛਾਨਤ ਨਾਹੀਂ, ਅਕਿਰਤਘਣਾ ਕਾ ਚਾਰੁ।
ਅਨੇਕ ਬਾਰ ਭੂਲੋਂ ਪਲਿ ਪਲਿ ਮੈਂ, ਨੇਕੁ ਨ ਕਰੋ ਸੰਭਾਰ।੩।
'ਬਖਤ ਗੁਲਾਮ' ਬਿਚਾਰਾ ਤੇਰਾ, ਪਰਿਓ ਰਹਤ ਹੈ ਦੁਆਰ।
ਜੈਸਾ ਕੈਸਾ ਤੁਮਰਾ ਕਰੀਅਤ, ਰਾਖਉ ਸਰਣਿ ਮੁਰਾਰਿ।੪।

ਸੋਰਠਿ : ਸਤਿਗੁਰੂ ਭਲੀ ਕੀਨੀ ਮੀਤ।
ਕ੍ਰਿਪਾ ਕਰਕੇ ਲਾਇ ਲੀਓ, ਚੀਤੁ ਅਪਨੇ ਚੀਤਿ।੧।ਰਹਾਉ।
ਨੈਨ ਨੈਨਨ ਲਾਇ ਰਾਖੇ, ਬੈਨ ਬੈਨਨ ਮਾਹਿ।
ਸੁਰਤਿ ਸਬਦਿ ਬਿਵਾਹ ਦੀਨੀ, ਆਪ ਅਪਨੇ ਦਾਇ।੧।
ਹਾਥ ਹਾਥਨ ਲਾਇ ਰਾਖੇ, ਪਾਇ ਪਾਇਨ ਸਾਥਿ।
ਅੰਗਿ ਅੰਗਿ ਸਰਬੰਗ ਸੁਾਮੀ, ਭਲੇ ਦੀਨਾ ਨਾਥ।੨।
ਸੀਸੁ ਅਪਨੇ ਚਰਣ ਸੇਤੀ, ਪਕੜਿ ਕੀਨੋ ਜੂਟ।
ਵਾਹੁ ਵਾਹੁ ਏਹ ਦਾਨ ਤੇਰੇ, ਲੂਟ ਊਪਰਿ ਲੂਟਿ।੩।
'ਬਖਤ ਗੁਲਾਮ' ਨਿਜ ਦਾਨ ਤੇਰੇ, ਕਰੈ ਕਹਾਂ ਉਚਾਰ।
ਮੁਖ ਥੋਰਾ ਏਹੁ ਗੱਲ ਵੱਡੀ, ਵਾਰਿ ਵਾਰਿ ਭੀ ਵਾਰਿ।੪।

ਸੋਰਠਿ : ਸਾਚੀ ਸੰਤਨ ਕੀ ਨੀਸਾਣੀ।
ਆਪ ਖੋਇ ਅਪਰੰਪਰ ਰਾਖੇ, ਪਾਵਹਿ ਪਦੁ ਨਿਰਬਾਣੀ।੧।ਰਹਾਉ।
ਸੰਤਨ ਕਾ ਧਨ ਰਾਮ ਨਾਮ ਹੈ, ਜੀ ਕੀ ਉਤਮ ਬਾਣੀ,
ਹਰਿ ਕਾ ਸਰਬਸੁ ਸੰਤ ਪਿਆਰੇ, ਜਿਨਿ ਜਾਨੀ ਤਿਨਿ ਜਾਨੀ।
'ਬਖਤ ਗ਼ੁਲਾਮ' ਤਿਨਕੇ ਪਗ ਊਪਰਿ, ਬਾਰ ਬਾਰ ਕੁਰਬਾਨੀ।
ਭਗਤ ਭਗਵੰਤ ਭੇਦ ਕਿਛੁ ਨਹੀਂ, ਸੁਣਹੁ ਰੰਕ ਰਾਜਾਨੀ।

ਰਾਗ ਆਸਾ ਸੁਖਰਾਸਾ :
ਬੇਣੀ ਸੰਗਮੁ ਪਾਇਆ, ਗੁਰ ਕਿਰਪਾ ਧਾਰੀ
ਸੋਹੰ ਸੋਹੰ ਗਾਇਆ, ਆਤਮ ਬੀਚਾਰੀ।੧।
ਹਰਿ ਜਨ ਪਾਵਨ ਪਰਸਤੇ ਮੈਂ ਮੇਰੀ ਖੋਈ।
ਸਤਿਗੁਰ ਚਰਨੀਂ ਲਗਿਆਂ, ਦੁਖ ਰਹਿਆ ਨ ਕੋਈ।੧।ਰਹਾਉ।

ਚਉਪਟਿ ਖੇਹੁ ਬਸਾਇਆ, ਗੁਰ ਆਗਿਆ ਭਾਈ।
ਅਪਨਾ ਕਰ ਬੈਠਾਇਆ, ਸਤਿਗੁਰ ਵਡਿਆਈ।੨।
ਨਾਮੁ ਦਾਨੁ ਨਿਜ ਬਖਸ਼ਿਆ, ਅਖੁਟ ਖਜ਼ਾਨਾ।
ਝੜੀ ਲਾਇ ਸੁਖ ਬਰਸਿਆ, ਹਰਿ ਜਸੁ ਬਿਗਿਆਨਾ।੩।
ਬਿਨੁ ਸੇਵਾ ਬਿਨ ਚਾਕਰੀ, ਹਰਿ ਦਾਨ ਦਇਆਲ।
ਅਪਨਾ ਜਾਣਿ ਨਿਵਾਜਿਓ, ਕੰਗਾਲੁ ਨਿਹਾਲੁ।੪।
ਬਖਸੀਸ ਵਜਹੁ ਦੇ ਤੋਖਿਓ, ਹਰਿ ਸਹਿਜ ਸੁਭਾਇ।
'ਬਖਤ ਗ਼ੁਲਾਮ' ਗ਼ੁਲਾਮ ਹੈ, ਖਿਨੁ ਖਿਨੁ ਬਲਿ ਜਾਇ।੫।

ਭੀਮ ਪਲਾਸੀ : ਝੁਰਮਟ ਖੇਡ ਲੈ ਖੇਡਿ ਪਈ ਦਿਨ ਚਾਰਿ।
ਖੇਡਿ ਖੇਡਿ ਸਹੀਆਂ ਘਰ ਗਈਆਂ, ਆਪੋ ਆਪਣੀ ਵਾਰਿ।੧।ਰਹਾਉ।
ਚਾਉ ਪਇਆ ਮੂੰਹ ਮੰਗਾਵਾਂ ਮਿਲਿ ਜੁਗਾਮਾਈ ਘਰ ਸਾਰਿ।
ਪਗਿ ਪਈ ਪਿੜ ਵਖਤ ਪਰਿ, ਗੁਰ ਮੁਰਸ਼ਦ ਲਈ ਸੰਭਾਰਿ।

ਰਾਗ ਆਸਾ :
ਸਭ ਜਗੁ ਦੇਖਿਓ ਆਪਨਾ ਸੁਆਮੀ,
ਮਨ ਬਚ ਕਰਮ ਡੰਡਉਤ ਬੰਦਨਾ, ਭਏ ਅਮੋਲ ਗੁਲਾਮੀ।੧।ਰਹਾਉ।
ਘਟਿ ਘਟਿ ਅੰਤਰਿ ਸਰਬ ਨਿਰੰਤਰਿ, ਪੂਰਨਿ ਅੰਤਰਿਜਾਮੀ,
ਹਾਰਿ ਮਾਨ ਸਿਰਿ ਚਰਨੀ ਲਾਇਆ, ਭੂਲੇ ਕਾਮੁ ਅਕਾਮੀ।੧।
ਹਾਰ ਜੀਤਿ ਸਗਲੀ ਹੈ ਤੇਰੀ, ਮੈਂ ਨਾਹੀਂ ਮੈਂ ਨਾਹੀਂ,
ਬਖਤ ਗੁਲਾਮੁ ਤੇਰੇ ਸੁਕਰਾਨੇ ਗਾਵੈਂ ਸਾਈਂ ਸਾਈਂ।੨।

ਸਭ ਜਗੁ ਦੇਖਿਓ ਆਪਨਾ ਪਿਆਰਾ,
ਡੰਡਉਤ ਬੰਦਨ ਭਈ ਨਿਰੰਤਰਿ, ਪਲੁ ਪਲੁ ਚਰਨ ਜੁਹਾਰਾ।੧।ਰਹਾਉ।
ਆਪਾ ਖੋਵਤਿ ਲਾਹਾ ਪਾਇਆ, ਲਾਹੇ ਪੈਰ ਨਾ ਭਾਰਾ,
ਦਿਰਸਟਿ ਕਰੇ ਸ੍ਰੀ ਸਤਿਗੁਰ ਪੂਰਾ, ਨਦਰੀ ਕਰੇ ਉਧਾਰਾ।੧।
ਜਿਨਿ ਦਿਆਲ ਇਹ ਰਚਨ ਰਚਾਇਆ, ਸੋਈ ਖੇਵਨਹਾਰਾ,
'ਬਖਤ ਗ਼ੁਲਾਮੁ' ਪਾਇ ਧਰਿ ਬੋਹਿਥ, ਸਹਜੈ ਉਤਰੇ ਪਾਰਾ।੨।੨।੪੧।

ਸਭ ਜਗੁ ਦੇਖਿਓ ਅਪਨਾ ਸਾਈਂ,
ਮਨ ਬਚ ਕਰਮੁ ਡੰਡਉਤ ਬੰਦਨਾ, ਭਾਉ ਭਗਤਿ ਬਨਿਆਈ।੧।ਰਹਾਉ।
ਸਭਹੀਂ ਸੋ ਸਭਹੀਂ ਸਾਸਾਥਾ, ਸਭ ਮਹਿ ਰਹਿਆ ਸਮਾਈ।
ਸਭ ਕਾ ਸਖਾ ਮੀਤਿ ਅਤਿ ਪਿਆਰਾ, ਆਪਿ ਆਨਿ ਨਹੀਂ ਗਾਈ।੧।
ਸਾਧ ਅਸਾਧ ਗਿਆਨ ਅਗਿਆਨੀ, ਕਾਹੂ ਕਉ ਨਹੀਂ ਦੇਖੈ,
ਤਨ ਤੇ ਨਿਆਰਾ ਮਨ ਤੇ ਨਿਆਰਾ, ਪਰਾਨ ਪਿਆਰੇ ਪੇਖੈ।੨।
ਅੰਗ ਸੰਗ ਸਰਬੰਗ ਨਿਵਾਸੀ, ਰੋਮ ਰੋਮ ਰਮਰਾਮਾ,
ਤੇਰੇ ਜਾਨਣੁ ਕੇ ਹਿਤ ਭਾਸਿਉ, ਪਰਾ ਭਾਸ ਕਛੂ ਧਾਮਾ।੩।
ਬਖਤ ਵਖਤ ਇਹ ਪਰਮ ਅਮੋਲਕੁ, ਸਤਿਗੁਰ ਸਰਨ ਪਛਾਤਾ,
ਨਿਰਭਉ ਨਿਰੰਕਾਰ ਨਿਰੰਜਨ, ਰਾਖਨ ਕਉ ਦੇ ਹਾਥਾ।੪।੩।੪੨।

ਹਰਿ ਹਰਿ ਸਿਮਰਨਿ ਜਨ ਕੀ ਜੀਵਨ,
ਆਨ ਸੁਆਦ ਸਭ ਬਿਖ ਕੀ ਵਾੜੀ, ਹਰਿ ਰਸੁ ਅੰਮ੍ਰਿਤ ਪੀਵਨ।੧।ਰਹਾਉ।
ਹਰਿ ਰਸ ਖਾਵਣੁ ਹਰਿ ਰਸ ਪੈਨਣਿ, ਹਰਿ ਹਰਿ ਫਾਟੇ ਸੀਵਨ।੨।
ਹਰਿ ਹਰਿ ਨਾਮੁ ਸਦਾ ਸੁਖਦਾਈ, ਨਿਧਰਿਆ ਧਿਰ ਥੀਵਨ।੩।
ਹੋ ਹੋ ਹਰਿ ਭਜੁ 'ਬਖਤ ਗੁਲਾਮਾ', ਜੇ ਚਾਹੇਂ ਜਗਿ ਜੀਵਨ।੪।

ਬਿਹਾਗੜਾ :

ਜੀਉ ਵੇ ਜੀਵੜਿਆ ਜੀਉ, ਵੇ ਜੀਵਤ ਹੀ ਮਰਿ ਜੀਉ ਵੇ।
ਪਹਿਲੇ ਮਰਣੁ ਮਰਣਿ ਤੇ ਜੀਵਣ, ਜੁਗਿ ਜੁਗਿ ਅਸਥਿਰ ਥੀਉ ਵੇ
ਬਿਨ ਮੁਏ ਜੀਵਣ ਨਹੀਂ ਪਾਈਐ, ਮਨਿ ਤਨਿ ਸੁਖੁ ਨ ਹੋਈ।
ਜੀ ਮੁਏ ਤ ਜੀਵਣੁ ਪਾਇਆ, ਨਿਰਭੈ ਇਨ ਬਿਧਿ ਹੋਈ।੧।
ਧ੍ਰਿਗ ਜੀਵਣੁ ਜਿਤ ਮੁਏ ਥੇ, ਧੰਨ ਮਰਣਾ ਜਿਤੁ ਜੀਏ।
ਸੰਸੇ ਸ਼ੋਕ ਮਿਟੇ ਭ੍ਰਮ ਚੂਕਾ, ਨਿਰਮਲ ਆਤਮ ਥੀਏ।੨।
ਸੋਇ ਸੁਣੰਦੀ ਜਿਸ ਦੀ ਮਾਏ, ਸੋ ਸ਼ਹੁ ਅੱਖੀਂ ਡਿਠਾ।
ਰਗਿ ਰਗਿ ਅੰਦਰਿ ਆਪ ਸਮਾਣਾ, ਲੂੰ ਲੂੰ ਅੰਦਰਿ ਵੁਠਾ।੩।
ਬਲਿ ਬਲਿ ਸਤਿਗੁਰ ਕੇ ਬਲਿਹਾਰੇ, ਜਿਨਿ ਇਹੁ ਸੋਝੀ ਪਾਈ
'ਬਖਤ ਗੁਲਾਮ' ਸੋਈ ਵਰੁ ਪਾਇਆ, ਜੋ ਸਭ ਮਹਿ ਰਹਿਆ ਸਮਾਈ।੪।

ਬਿਹਾਗੜਾ :

ਪਾਇਆ ਦਿਲ ਦਰਿਆਉ ਅਪਾਰਾ।
ਵਾਰੁ ਪਾਰੁ ਜੀ ਕਾ ਕਛੂ ਨਾਹੀ, ਏਕ ਅਖੰਡਤ ਸਾਰਾ।੧।ਰਹਾਉ।
ਹਰਿ ਰਸ ਹਰਿ ਜਸ ਅੰਮ੍ਰਿਤ ਭਰਿਆ, ਨਿਰਮਲ ਜੀ ਕੀ ਧਾਰਾ।
ਆਪਿ ਆਨਿ ਦੋ ਕੂਲ ਬਿਛਾਰੇ, ਤਾਂ ਕੀ ਧਾਰਾ ਮਝਾਰਾ।੧।
ਨਿਤਿ ਨਿਤਿ ਮੰਗਲ ਅਨਦ ਵਧਾਵਾ, ਸਦਾ ਸਦਾ ਜੈਕਾਰਾ।
ਦਰਸਨੁ ਪਰਸਨੁ ਮਜਨੁ ਸਾਚਾ, ਮਿਟਿ ਗਏ ਸਗਲਿ ਬਿਕਾਰਾ।੨।
ਸਾਧ ਭਗਤ ਸੰਗਤਿ ਮਿਲ ਬਿਗਸੇ, ਗਾਵੈ ਗਾਵੈਂ ਪਿਆਰਾ।
ਜਨਮ ਮਰਨ ਕਾ ਦਰਦ ਬਿਨਸਿਆ, ਘਰਿ ਆਯਾ ਘਰ ਵਾਰਾ।੩।
ਬਚਨ ਅਗੋਚਰ ਕਹਿਓ ਨਾ ਜਾਈ, ਮਨ ਚਿਤ ਬੁਧਿ ਕਥਿ ਹਾਰਾ।
ਸੁਖ ਅਨੰਤ ਕੀ ਮਿਤਿ ਕਿਆ ਗਾਵੈ, 'ਬਖਤ ਗ਼ੁਲਾਮ' ਬਿਚਾਰਾ।੪।

ਬਿਹਾਗੜਾ :

ਤੁਸਾਡੀ ਦਇਆ ਰਹੀ ਧੁਰ ਮੱਲਿ।
'ਬਖਤ ਗ਼ੁਲਾਮ' ਤੇ ਦੋਇ ਦਗੇਰਾ, ਅਬਦਲ ਆਈ ਚਲਿ।੧।ਰਹਾਉ।
ਅੰਦਰਿ ਬਾਹਰਿ ਸਰਬ ਨਿਰੰਤਰ, ਬਿਆਪ ਰਹੀ ਇਹ ਗੱਲ।
'ਬਖਤ ਗ਼ੁਲਾਮ' ਨੇ ਓਟ ਤੁਸਾਡੀ, ਪਾਇਆ ਵੱਡਾ ਝੱਲ।

ਬਿਹਾਗੜਾ :

ਤੇਰੀ ਚਰਣਧੂੜਿ ਦਾ ਚਾਉ।
ਗਿਆਨ ਧਿਆਨ ਜਪ ਤਪ ਸਭ ਸੰਜਮ, ਵਾਹੁ ਤੁਸਾਡਾ ਭਾਉ।੧।

ਪ੍ਰੇਮ ਤੁਸਾਡਾ, ਨੇਮ ਅਸਾਡਾ, ਦਾਉ ਦਾਉ ਪਰਿ ਦਾਉ।
'ਬਖਤ ਗ਼ੁਲਾਮ' ਪੈਰਾਂ ਦਾ ਤਕੀਆ, ਹੋਰ ਥਾਂਉਂ ਨਹੀਂ ਗਾਉਂ।

ਭੈਰਉ :

ਧੰਨ ਸਿਖੁ ਜਿਨ ਸਤਿਗੁਰ ਜਾਤਾ। ਗੁਰ ਪ੍ਰਸਾਦਿ ਸਤਿਗੁਰੁ ਪਛਾਤਾ।੧।
ਗੁਰਮੁਖਿ ਜਪਿਆ ਏਕੰਕਾਰੁ। ਗੁਰਮੁਖਿ ਪਾਇਆ ਅਪਰ ਅਪਾਰ।
ਗੁਰਮੁਖਿ ਘਟਿ ਘਟਿ ਗੁਰੂ ਪਛਾਤਾ। ਆਪੁ ਮੇਟਿ ਏਕੋ ਹੀ ਜਾਤਾ।੧।ਰਹਾਉ।
ਗੁਰਮੁਖਿ ਜਪਿਆ ਸਾਸਿ ਗਿਰਾਸਿ। ਗੁਰਮੁਖਿ ਰੋਮ ਰੋਮ ਹਰਿ ਬਾਸ।
ਗੁਰਮੁਖਿ ਸਭ ਦੇਵਨ ਕੋ ਦੇਵ। ਗੁਰਮੁਖਿ ਪਾਇਆ ਅਲਖ ਅਭੇਵ।
ਗੁਰਮੁਖਿ ਮੇਰਾ ਤੇਰਾ ਗਾਇਆ। ਗੁਰਮੁਖਿ ਬ੍ਰਹਮ ਦਰੇਰਾ ਦਇਆ।
ਗੁਰਮੁਖਿ ਅਪਰ ਅਪਾਰ ਪਛਾਤਾ। ਗੁਰਮੁਖਿ ਕੀ ਸਭ ਮਿਟੀ ਭਰਾਤਾ।
ਗੁਰਮੁਖਿ ਨਿਜ ਸਰੂਪ ਪਹਿਚਾਨਾ। ਗੁਰਮੁਖਿ ਸਾਚਾ ਤਾਨਾ ਬਾਨਾ।
ਗੁਰਮੁਖਿ ਕੀ ਬਾਂਤਿ ਅਪਰ ਅਪਾਰ। 'ਬਖਤ ਗ਼ੁਲਾਮ' ਸਦਾ ਬਲਿਹਾਰ।

ਮਹੀ ਜਕੜੀ :

'ਜਕੜੀ' ਕੈਸਾ ਕਾਵਿ-ਰੂਪ ਸੀ, ਇਸ ਦਾ ਸਾਨੂੰ ਪਤਾ ਨਹੀਂ। ਬਖ਼ਤ ਗ਼ੁਲਾਮ ਨੇ ਕੁਝ 'ਜਕੜੀਆਂ' ਵੀ ਲਿਖੀਆਂ ਹਨ :

ਗੁਰ ਸਿਖਹੁ ਹਰਿ ਪਿਆਰਿਹੋ ਗੁਰ ਕ੍ਰਿਪਾਧਾਰੀ।
ਚਰਣ ਸਰਣ ਸੰਗੇ ਰਖੇ, ਸੰਤਨ ਸੁਖਕਾਰੀ।
ਪੂਰਨ ਕ੍ਰਿਪਾਨਿਧਿ ਭਏ, ਆਏ ਬਨਵਾਰੀ।
ਖੇਲਿ ਲੇਹੁ ਹਰਿ ਪਿਆਰਿਆ, ਇਹ ਖੇਲਨਵਾਰੀ।੧।ਰਹਾਉ।
ਅਸੀਂ ਤੁਸਾਂ ਥੇ ਕਦੇ ਨਹੀਂ ਨਿਆਰੇ ਹੋ ਭਾਈ।
ਤੁਮਰੇ ਦਾਸਹੁ ਕੇ ਗ਼ੁਲਾਮ, ਘਰਿ ਛਡੂ ਨ ਜਾਈ।੨।
ਪੈਰੀਂ ਪਉਣਾ ਸਰਬ ਸਰਬ ਸੰਗਤਿ ਸੁਖਦਾਈ।
ਈਹਾਂ ਊਹਾਂ ਜਹਾਂ ਤਹਾਂ, ਸਤਿਗੁਰ ਸਰਣਾਈ।੩।
ਬਾਲਕ ਵਾਂਗੂ ਪਾਲਦਾ, ਕਿਛੁ ਕਹਿਆ ਨ ਜਾਈ।
'ਬਖਤ ਗ਼ੁਲਾਮ' ਗ਼ੁਲਾਮ ਹੈ, ਸੰਤਨ ਸਰਣਾਈ।੪।

ਧਨਾਸਰੀ ਜਕੜੀ :

ਸਹੁ ਡਿਠਾ ਮਾਏ ਸੋਹਣਾ। ਪੇਖਿ ਦਰਸ਼ ਮੇਰਾ ਮਨ ਮੋਹਣਾ।੧।ਰਹਾਉ।
ਸਹੁ ਮਿਲੇ ਵਜੀ ਬਧਾਈਆਂ, ਨਿਤ ਨਵਤਨ ਜੋਤਿ ਸਬਾਈਆ।
ਮਨ ਚਿਟੀ ਆਸ ਪੁਜਾਈਆ।੧। ਨਿਤ ਨਵਤਨ ਪ੍ਰੇਮ ਸਵਾਇਆ,
ਰਸ ਪ੍ਰੇਮ ਮੰਗਲ ਗੁਨ ਗਾਇਆ, ਪਿਰੁ ਪੂਰਨ ਸਰਬ ਸਮਾਇਆ।੨।
ਸ਼ਹ ਭਾਣੀ ਤਾਂ ਸ਼ੀਗਾਰੀਆ, ਤਾਂ ਗਲਿ ਸੇਤੀ ਲਾਇ ਸਵਾਰੀਆ।
ਘਰਿ ਸੋਹੈ ਹਰਿ ਵਰੁ ਨਾਰੀਆ।੩।
'ਬਖਤ ਗ਼ੁਲਾਮ' ਗ਼ੁਲਾਮ ਹੈ, ਨਿਸ ਦਿਨ ਤੇਰੀ ਸਾਮ ਹੈ।
ਹਰਿ ਸੇਵਕ ਕੇ ਨਿਜ ਧਾਮ ਹੈ।੪।

ਕਾਫ਼ੀ :

ਇਤ ਭਰਵਾਸੜੇ ਹਉ ਜੀਵਾਂ।
ਸਜਣ ਆਇਆ ਫਜ਼ਲ ਤੇ ਹਉ ਜੀਵਾਂ
ਸੁਖ ਸੁਖੇਂਦੀ ਸੋ ਸ਼ਹੁ ਪਾਇਆ, ਪ੍ਰੇਮ ਪਿਆਲੜਾ ਪੀਵਾਂ
'ਬਖਤ ਗ਼ੁਲਾਮ' ਯਾਰਾਂ ਦੇ ਸਦਕੇ ਘੋਲੀ ਘੋਲੀ ਥੀਵਾਂ।

ਕਾਫ਼ੀ ਦੇਵਗੰਧਾਰੀ :

ਵੇਖੋ ਕੇਹਾ ਇਸ਼ਕ ਰੰਗੀਲਾ।
ਜਿਤ ਵਲਿ ਦੇਖਾਂ ਤਿਤ ਵਲ ਦਿਸਦਾ, ਇਕੋ ਛੈਲ ਛਬੀਲਾ।੧।ਰਹਾਉ।
ਆਪੇ ਸਯਾਮ ਸੇਤ ਫੁਨ ਆਪੇ, ਆਪੇ ਸਾਵਾ ਪੀਲਾ।੧।
'ਬਖਤ ਗ਼ੁਲਾਮ' ਕਿ ਆਖਿ ਸੁਣਾਏ, ਆਪਣੇ ਮਨ ਦਾ ਹੀਲਾ।੨।

ਵੇਖੋ ਕੇਹਾ ਇਸ਼ਕ ਨਿਮਾਣਾ।
ਚੁਖ ਕੁ ਅੰਗ ਜਿਨ੍ਹਾਂ ਦੇ ਲਗਾ, ਲੂੰ ਲੂੰ ਅੰਦਰਿ ਧਾਣਾ।੧।ਰਹਾਉ।
ਕੁਝ ਨ ਜਾਤਾ ਕਿਥੋਂ ਆਇਆ, ਕੀਤੋਸੁ ਆਇ ਪਇਆਣਾ।੧।
ਕੀ ਆਖਹਿ ਕੀ ਆਖਿ ਵਖਾਣਹਿ, ਬਖਤ ਗੁਲਾਮ ਨਿਮਾਣਾ। ਰੋਬਾਣਾ।੨।

ਸਜਣਾ! ਗੱਲ ਆਖਣ ਦੀ ਨਾਹੀ।੧।
ਸੋ ਸੁਖ ਦੇਖੇ ਹੀ ਬਣਿ ਆਵਹਿ, ਜੁ ਬੀਤੇ ਦੁਇ ਮਾਹੀ।੧।ਰਹਾਉ।
ਦੋਹਾਂ ਅੰਦਰਿ ਦੁੰਹ ਥੀਂ ਨਿਆਰਾ, ਆਇ ਨ ਜਾਹਿ ਕੜਾਂਹੀ।੧।
'ਬਖਤ ਗ਼ੁਲਾਮ' ਬੂੰਦ ਜਿਉਂ ਦਰਿਆ, ਢੂੰਡਿਆਂ ਲਭਦੀ ਨਾਹੀ।੨।

ਸੱਜਣਾ ! ਜਿਉਂ ਬੀਤੀ ਤਿਉਂ ਬੀਤੀ।
ਹੈ ਗੁਜ਼ਰਾਨ ਜਹਾਨ ਨ ਜਾਣੈ, ਅਸਾਂ ਏਹਾਂ ਮਾਲੂਮ ਕੀਤੀ।੧।ਰਹਾਉ।
ਸੁਰਤਿ ਦੀ ਸੂਈ ਪ੍ਰੇਮ ਦੇ ਧਾਗੇ, ਖਿਮਾ ਗੋਦੜੀ ਸੀਤੀ।
ਗਯਾ ਸੀਤ ਭਰਮ ਸਭ ਮਨ ਕਾ, ਅਸਾਂ ਓਢ ਸਿਰੇ ਪਰਿ ਲੀਤੀ।੧।
ਦੂਰ ਭਈ ਮੇਰੇ ਮਨ ਕੀ ਚਿੰਤਾ, ਅਸਾਂ ਪ੍ਰੇਮ ਪਿਆਲੜਾ ਪੀਤੀ।
'ਬਖਤ ਗ਼ੁਲਾਮ' ਸਾਧ ਕੀ ਸੰਗਤਿ, ਅਸਾਂ ਹਾਰੀ ਬਾਜ਼ੀ ਜੀਤੀ।੨।

ਆਸਾਵਰੀ :

ਸਜਣ ਕੇਹਾ ਲਾਇਓ ਨੇਹਾ।
ਉਠਣੁ ਬਹੁਣੁ ਅਲੀਉ ਨ ਆਵੈ, ਕਦੇ ਨ ਥੀਂਦਾ ਬੇਹਾ।੧।ਰਹਾਉ।
ਜਿਧਰ ਦੇਖਾਂ ਤਿਧਰ ਦਿਸੈ, ਕੂਕਹਿ ਏਹਾ ਏਹਾ
'ਬਖਤ ਗ਼ੁਲਾਮ' ਸਭ ਧੀਰ ਛਡਿ, ਢਹਿ ਪੈਰੀਂ ਪਇਆ ਸੁ ਦੇਹਾ।

ਸੱਜਣਾ! ਕੇਹੀ ਮੈਂ ਤਨਿ ਲਾਈ।
ਲਗੀ ਛੋਡਹਿ ਨਾਹੀ ਇਕ ਪਲ, ਦੇਹੀ ਪ੍ਰੀਤਿ ਵਧਾਈ।੧।ਰਹਾਉ।
ਅੰਦਰਿ ਬਾਹਰਿ ਬਾਹਰਿ ਅੰਦਰਿ, ਪ੍ਰੇਮ ਠਗਉਰੀ ਪਾਈ।
'ਬਖਤ ਗ਼ੁਲਾਮ' ਪੈਰਾਂ ਦੇ ਉੱਤੇ, ਪੁਨਿ ਪੁਨਿ ਮਾਥਾ ਲਾਈ।

ਸੱਜਣਾ! ਆਵਣੁ ਦੀ ਕਰਿ ਕਾਈ।
ਪ੍ਰੀਤਿ ਪੁਰਾਤਨ ਜਨਮ ਜਨਮ ਦੀ, ਨਈ ਨਈ ਹਰਿ ਧਾਈ।੧।ਰਹਾਉ।

ਮਨਿ ਤਨ ਅੰਦਰਿ ਤੂ ਭਰਿ ਬੈਠਾ, ਤਉ ਪ੍ਰੀਤਿ ਅਧਿਕਾਰੀ।
'ਬਖਤ ਗ਼ੁਲਾਮ' ਨ ਕਛੁ ਬਿਚਾਰਾ, ਹਰਤ ਰਹਿਓ ਹਿਰਾਈ।

ਵੇਖਹੁ ਕੈਹਾ ਨੇਹੁ ਨਿਰੋਲਾ।
ਅੰਦਰਿ ਬਾਹਰਿ ਭਰਪੂਰਿ ਬੈਠਾ, ਇਕੋ ਅਗਮ ਅਤੋਲਾ।
ਮਿਲਣੇ ਵਿਚਿ ਵਿਛੋੜਾ ਦਿਖਾਵੈ, ਵਿਚਿ ਵਿਛੋੜੇ ਮੇਲਾ।
'ਬਖਤ ਗ਼ੁਲਾਮ' ਸੰਭਾਰਿ ਨ ਕਾਈ, ਕੋ ਠਾਕੁਰ ਕੋ ਗੋਲਾ।
ਸਭ ਜਗ ਦੇਖਿਓ ਅਪਨਾ ਪਿਆਰਾ।
ਡੰਡਉਤ ਬੰਦਨਾ ਭਈ ਨਿਰੰਤਰ, ਪਲ ਪਲ ਚਰਨ ਜੁਹਾਰਾ ।੧।ਰਹਾਉ।
ਆਪਾ ਖੋਵਨੁ ਲਾਹਾ ਪਾਇਆ, ਲਾਹੇ ਪੈਰ ਨ ਭਾਰਾ।
ਦਸਤਗੀਰ ਸ੍ਰੀ ਸਤਗੁਰਿ ਪੂਰਨ, ਨਜ਼ਰੀਂ ਕਰੇ ਉਧਾਰਾ ।੨।
ਜਿਨ ਦਯਾਲ ਇਹ ਰਚਨੁ ਰਚਾਇਆ, ਸੋਈ ਖੇਵਣਹਾਰਾ
'ਬਖਤ ਗ਼ੁਲਾਮ' ਪਾਇ ਦਿੜ੍ਹ ਖੇਵਟੁ, ਸਹਜੇ ਉਤਰੇ ਪਾਰਾ ।੩।

ਇਥੈ ਉਥੈ ਜਿਥੈ ਕਿਥੈ, ਤੇਰਾ ਤਾਣ ਸਤਾਣਾ
ਸੈ ਅਸਰਥੋਂ ਕੁਝ ਨ ਸਰਿਆ, ਤੂੰ ਵਡਦਾਤਾ ਦਾਣਾ।
ਸਮਝ ਨ ਸਕਾਂ ਤੇਰੀਆਂ ਦਾਤੀਂ, ਮਹਾਂ ਮੂੜ੍ਹ ਅਗਿਆਨਾ।
'ਬਖਤ ਵਖਤ' ਤੇਰੇ ਥੋਂ ਘੋਲੇ, ਕਰਿ ਸੁ ਟੇਕ ਰੱਬਾਣਾ।

ਹਸਿ ਨ ਸਕਾਂ ਰੋਣੁ ਨ ਆਵੈ, ਦਰਦਿ ਦਿਵਾਨੀ ਕੀਤੀ
ਕਰਮ ਧਰਮ ਕੋ ਰਹਿਣ ਨ ਦਿਤਾ, ਸੁਧ ਬੁਧਿ ਸਭ ਹਿਰ ਲੀਤੀ
ਬਿਰਹੋਂ ਬਿਖ ਦੀ ਗੰਢੀ, ਅੰਮ੍ਰਿਤ ਕਰ ਕੇ ਪੀਤੀ
'ਬਖਤ ਗ਼ੁਲਾਮ' ਮਨ ਤਨ ਸਰਬੰਸ, ਕਰਿ ਕੁਰਬਾ ਸਸਤੀ ਲੀਤੀ।

ਮਹਾਤਮਾ ਬੁੱਧ ਤੇ ਉਨ੍ਹਾਂ ਦੀ ਸਿੱਖਿਆ

ਮਹਾਤਮਾ ਬੁੱਧ (563-483 ਈ: ਪੂ:) ਦੀ ਮਨੋਹਰ ਸ਼ਖ਼ਸੀਅਤ ਦਾ ਮਧੁਰ ਪ੍ਰਭਾਵ ਭਾਰਤ ਵਿਚ ਹੀ ਨਹੀਂ, ਏਸ਼ੀਆ ਭਰ ਵਿਚ ਛਾਇਆ ਹੋਇਆ ਹੈ। ਉਹ ਸ਼ਾਇਦ ਪਹਿਲੇ ਮਨੁੱਖਵਾਦੀ ਮਹਾਂਪੁਰਸ਼ ਸਨ, ਜਿਨ੍ਹਾਂ ਰਵਾਇਤੀ ਮਜ਼੍ਹਬ ਦੀ ਦੇਵੀ ਦੇਵ ਪੂਜਾ ਤੇ ਹੋਰ ਰੀਤ ਰਸਮ ਨੂੰ ਛੱਡ ਛਡਾ ਕੇ ਨਿਰੋਲ ਸਦਾਚਾਰ ਨੂੰ ਸਰਬੋਤਮ ਧਰਮ ਦਰਸਾਇਆ। ਉਹ ਆਪ ਭਾਵੇਂ ਅਨਾਤਮਵਾਦੀ ਸਨ, ਪਰ ਉਨ੍ਹਾਂ ਸਦਾਚਾਰ ਤੇ ਸ਼ਿਸ਼ਟਾਚਾਰ ਦੀਆਂ ਉਨ੍ਹਾਂ ਉੱਚੀਆਂ ਸਿਖਰਾਂ ਨੂੰ ਛੋਹਿਆ ਕਿ ਉਹ ਖ਼ੁਦ 'ਦੇਵਤਾ' ਬਣ ਗਏ ਤੇ ਉਨ੍ਹਾਂ ਦੇ ਕਰੋੜਾਂ ਪੁਜਾਰੀ ਹੋਏ। ਅੱਜ ਵੀ ਉਨ੍ਹਾਂ ਦੀ ਏਕਾਗਰਚਿਤ ਦੇਵੀ ਮੂਰਤੀ ਸ਼ਾਂਤੀ ਤੇ ਟਿਕਾਉ ਦੀ ਪ੍ਰਤੀਕ ਹੈ। ਜੇ ਇਹ ਕਹੀਏ ਕਿ ਭਾਰਤੀ ਸੰਸਕ੍ਰਿਤੀ ਦੇ ਇਤਿਹਾਸ ਵਿਚ ਸੁਨਹਿਰੀ ਯੁੱਗ ਲਿਆਉਣ ਦਾ ਸਿਹਰਾ ਵੀ ਉਨ੍ਹਾਂ ਦੇ ਸਿਰ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ। ਮਹਾਤਮਾ ਬੁੱਧ ਤੋਂ ਪਹਿਲਾਂ ਛਤ੍ਰੀ ਲੋਕ ਰਾਜ ਦੇ ਜਾਚਕ ਤੇ ਬ੍ਰਾਹਮਣ ਮੁਕਤੀ ਦੇ ਜਾਚਕ (ਮੰਗਤੇ) ਸਨ। ਪ੍ਰੋਹਿਤ ਜਮਾਤ ਇਤਨੀ ਕਰਮ-ਕਾਂਡੀ ਹੋ ਗਈ ਸੀ ਕਿ ਉਹ ਸਿਵਾਏ ਦੇਵੀ ਦੇਵਤਿਆਂ ਨੂੰ ਜਾਨਵਰਾਂ ਦੀ ਕੁਰਬਾਨੀ ਦੇਣ ਦਿਵਾਉਣ ਦੇ ਜਾਂ ਹੋਮ ਯੱਗ ਕਰਨ ਦੇ ਹੋਰ ਕਿਸੇ ਧਰਮ ਕਰਮ ਤੋਂ ਜਾਣੂ ਨਹੀਂ ਸੀ। ਰਾਜੇ ਤ੍ਰਿਸ਼ਨਾਲੂ ਹੋਏ, ਚੱਕਰਵਰਤੀ ਬਣਨ ਦੀ ਹਵਸ ਪੂਰੀ ਕਰਨ ਲਈ ਅਸ੍ਵਮੇਧ ਜਾਂ ਗੌ-ਮੇਧ ਕਰ ਕੇ ਨਿਤ ਹਜ਼ਾਰਾਂ ਪਸ਼ੂਆਂ ਦਾ ਲਹੂ-ਲੁਹਾਣ ਕਰਦੇ ਸਨ। ਆਮ ਪਰਜਾ ਪ੍ਰੋਹਿਤਾਂ ਦੇ ਜਾਲ ਵਿਚ ਫਸੀ ਇਨ੍ਹਾਂ ਕਰਮ-ਕਾਂਡਾਂ ਵਿੱਚੋਂ ਨਿਕਲਣ ਜੋਗੀ ਨਹੀਂ ਸੀ। ਜੀਵਨ ਦੀ ਅਸਲ ਬੀਮਾਰੀ ਵੱਲ ਕਿਸੇ ਦਾ ਧਿਆਨ ਨਹੀਂ ਸੀ।

ਸਾਕੀ ਮੁਨੀ ਗੌਤਮ ਨੇ ਆਪਣੇ ਅਨੁਭਵ ਤੋਂ ਜਾਚਿਆ ਕਿ ਜੁਆਨੀ ਬੁਢੇਪੇ ਦਾ ਸ਼ਿਕਾਰ ਹੈ, ਕੰਚਨ ਕਾਇਆ ਰੋਗਾਂ ਦਾ ਤੇ ਜ਼ਿੰਦਗੀ ਮੌਤ ਦਾ ਗ੍ਰਾਸ ਬਣਨ ਵਾਲੀ ਹੈ, ਇਸ ਦੁੱਖ ਦਾ ਕੋਈ ਹੱਲ ਜ਼ਰੂਰ ਲੱਭਣਾ ਚਾਹੀਦਾ ਹੈ। ਚੁਨਾਂਚਿ 28 ਵਰ੍ਹੇ ਦੀ ਉਮਰ ਵਿਚ ਗੌਤਮ ਆਪਣਾ ਰਾਜ ਮਹਿਲ ਤੇ ਪਰਿਵਾਰ ਛੱਡ ਕੇ ਜੰਗਲ ਵਿਚ ਤਪ ਕਰਨ ਚਲੇ ਗਏ। 7 ਸਾਲ ਦੀ ਤਪੱਸਿਆ ਬਾਅਦ ਗਯਾ ਦੇ ਮੁਕਾਮ 'ਤੇ ਬੋਧੀ ਬ੍ਰਿਛ ਹੇਠ ਉਨ੍ਹਾਂ ਨੂੰ ਚਾਨਣ ਹੋਇਆ ਤੇ ਉਹ 'ਬੁੱਧ' ਕਹਿਲਾਏ। 'ਬੁੱਧ' ਦਾ ਸ਼ਬਦੀ ਅਰਥ ਹੈ—'ਪ੍ਰਕਾਸ਼ਵੰਤ' ਜਾਂ 'ਗਿਆਨਵੰਤ ਪੁਰਸ਼'।

ਇਸ ਤੋਂ ਪਿੱਛੋਂ ਬਨਾਰਸ ਪਾਸ ਸਾਰਨਾਥ ਆ ਕੇ ਆਪ ਨੇ ਆਪਣੇ ਪੰਜ

ਚੇਲਿਆਂ ਨੂੰ ਇਹ ਗਿਆਨ ਦਿੱਤਾ ਤੇ ਫਿਰ ਇਸੇ ਤਰ੍ਹਾਂ 30-40 ਵਰ੍ਹੇ ਪ੍ਰਚਾਰ ਕੀਤਾ। ਇਹ ਗਿਆਨ ਕੀ ਸੀ, ਇਹ 'ਤ੍ਰਿਪਿਟਕ' ਵਿਚ ਆਏ ਬੁੱਧ-ਬਚਨਾਂ ਤੋਂ ਪ੍ਰਗਟ ਹੁੰਦਾ ਹੈ। ਪਹਿਲੇ ਚਾਰ ਸਚਾਈਆਂ ਨੂੰ ਸਮਝਣਾ ਜ਼ਰੂਰੀ ਹੈ, ਜਿਨ੍ਹਾਂ ਨੂੰ 'ਆਰਯ ਸੱਤ' ਕਿਹਾ ਗਿਆ ਹੈ :

1. ਦੁੱਖ;
2. ਦੁੱਖ ਦਾ ਕਾਰਨ ਹੈ—(ਤ੍ਰਿਸ਼ਨਾ);
3. ਦੁੱਖ ਦਾ ਇਲਾਜ ਸੰਭਵ ਹੈ;
4. ਦੁੱਖ ਨਾਸ ਕਰਨ ਦਾ ਮਾਰਗ ਹੈ।

ਇਸ ਕਰਤੱਵ ਮਾਰਗ ਦਾ ਦੂਜਾ ਨਾਮ ਹੀ ਅਸ਼ਟਾਂਗ ਮਾਰਗ ਹੈ। ਇਸ ਨੂੰ ਮੱਧਮ ਪ੍ਰਤਿਪਦਾ ਯਾ 'ਮੱਧਮ ਮਾਰਗ' (Middle Path) ਇਸ ਲਈ ਕਿਹਾ ਗਿਆ ਹੈ ਕਿਉਂਕਿ ਇਸ ਵਿਚ ਜੀਵਨ ਨੂੰ ਸਾਵਾਂ ਪੱਧਰਾ ਰੱਖਣ 'ਤੇ ਜ਼ੋਰ ਹੈ। ਮਹਾਤਮਾ ਬੁੱਧ ਦਾ ਫ਼ੁਰਮਾਨ ਹੈ : 'ਭਿਕਸ਼ੂ ਲਈ ਦੋ ਹੱਦਾਂ ਨਹੀਂ ਟੱਪਣੀਆਂ ਚਾਹੀਦੀਆਂ, ਅਤੀ ਵਿਸ਼ੇ-ਵਿਕਾਰ ਅੰਤ ਹਾਨੀ ਕਰਦੇ ਹਨ ਤੇ ਅੰਤੀ ਕਠਿਨ ਤਪ ਤਤਿਖੱਯਾ ਸਰੀਰ ਨੂੰ ਵਾਧੂ ਔਖਿਆਂ ਕਰਦੀ ਹੈ। ਇਹ ਦੋਵੇਂ ਫ਼ਜ਼ੂਲ ਹਨ।'

ਇਸੇ ਤਰ੍ਹਾਂ ਇਕ ਵਾਰ ਉਨ੍ਹਾਂ ਇਕ ਸੋਣ ਨਾਮ ਗਵੱਈਏ ਨੂੰ ਸਮਝਾਉਂਦਿਆਂ ਕਿਹਾ ਸੀ ਕਿ ਜਿਵੇਂ ਵੀਣਾ ਨੂੰ ਬਹੁਤਾ ਕੱਸਿਆਂ ਉਸ ਦੀਆਂ ਤਾਰਾਂ ਟੁੱਟ ਜਾਂਦੀਆਂ ਹਨ ਤੇ ਬਹੁਤਾ ਢਿੱਲਾ ਛੱਡਿਆਂ ਉਹ ਵੱਜਣ ਯੋਗ ਨਹੀਂ ਰਹਿੰਦੀ, ਇਸ ਲਈ ਦਰਮਿਆਨਾ ਤਰੀਕਾ ਠੀਕ ਹੈ ਕਿ ਇਸ ਨੂੰ ਨਾ ਬਹੁਤਾ ਕੱਸਿਆ ਜਾਵੇ ਤੇ ਨਾ ਢਿੱਲਾ ਹੀ ਛੱਡਿਆ ਜਾਵੇ। ਇਸੇ ਤਰ੍ਹਾਂ ਜੀਵਨ ਲਈ ਵੀ ਸਮਯਕ (ਮੌਕੇ ਮੁਤਾਬਿਕ) ਜਾਂ ਦਰਮਿਆਨਾ ਰਾਹ ਹੀ ਯੋਗ ਹੈ। ਇਸ ਦੇ ਅੱਠ ਅੰਗ ਹਨ :

1. ਸਮਾਨ ਦ੍ਰਿਸ਼ਟੀ—ਸਾਵਾਂ ਪੱਧਰਾ ਜੀਵਨ ਦ੍ਰਿਸ਼ਟੀਕੋਣ।
2. ਸਮਾਨ ਸੰਕਲਪ—ਸਾਵਾਂ ਪੱਧਰਾ ਸਹੀ ਫੁਰਨਾ।
3. ਸਮਾਨ ਬਾਣੀ—ਸਾਵਾਂ ਪੱਧਰਾ ਬੋਲ-ਬਚਨ।
4. ਸਮਾਨ ਕਰਮ—ਸਾਵਾਂ ਪੱਧਰਾ ਅਮਲ, ਵਰਤੋਂ।
5. ਸਮਾਨ ਉਪਜੀਵਿਕਾ—ਸਾਵਾਂ ਪੱਧਰਾ ਰੋਜ਼ਗਾਰ, ਕਾਰ-ਵਿਹਾਰ।
6. ਸਮਾਨ ਉੱਦਮ—ਸਾਵਾਂ ਪੱਧਰਾ ਯਤਨ, ਘਾਲ।
7. ਸਮਾਨ ਸਿਮ੍ਰਤੀ—ਸਾਵਾਂ ਪੱਧਰਾ ਚੇਤਾ, ਯਾਦਦਾਸ਼ਤ।
8. ਸਮਾਨ ਸਮਾਧੀ—ਸਾਵਾਂ ਪੱਧਰਾ ਟਿਕਾਉ, ਏਕਾਗਰਤਾ।

ਇਹ ਕੁਝ ਤਾਂ ਕਰਨਾ ਹੈ। ਜੋ ਨਹੀਂ ਕਰਨਾ, ਉਹ ਪੰਚਸ਼ੀਲ ਵਿਚ ਅੰਕਿਤ ਹੈ ਕਿ ਹਿੰਸਾ, ਚੋਰੀ, ਵਿਭਚਾਰ, ਝੂਠ ਤੇ ਮਦਪਾਨ ਨਹੀਂ ਕਰਨਾ। ਇਨ੍ਹਾਂ ਵਿੱਚੋਂ 'ਅਹਿੰਸਾ ਪਰਮੋ ਧਰਮ' ਕਹਿ ਕੇ ਸਤਿਕਾਰੀ ਗਈ। ਇਸ ਤਰ੍ਹਾਂ ਮਹਾਤਮਾ ਬੁੱਧ ਨੇ ਅਤਿ ਭੋਗਵਾਦੀ ਜਾਂ ਅਤਿ ਤਪਵਾਦੀ ਹੋਣ ਤੋਂ ਰੋਕ ਕੇ ਮਨੁੱਖ ਨੂੰ ਸੁੱਚੇ ਆਚਰਣ ਦਾ ਧਾਰਨੀ ਬਣਾਇਆ, ਤੇ ਇਹ ਦ੍ਰਿੜ੍ਹ ਕਰਾਇਆ ਕਿ ਇਸ ਮਾਰਗ ਉੱਤੇ ਚੱਲਣ ਨਾਲ ਹੀ ਨਿਰਬਾਣ ਪਦਵੀ ਪ੍ਰਾਪਤ ਹੋ ਸਕਦੀ ਹੈ। ਨਿਰਬਾਣ ਦਾ ਲਫ਼ਜ਼ੀ ਮਾਅਨਾ

'ਦੀਵਾ ਬੁੱਝਣਾ' ਹੈ। ਦੂਜੇ ਸ਼ਬਦਾਂ ਵਿਚ ਨਿਰਬਾਣ ਪਦਵੀ ਦਾ ਭਾਵ 'ਕੁਝ ਵੀ ਬਾਕੀ ਨ ਰਹਿਣਾ ਹੈ।' ਬੋਧੀ ਗ੍ਰੰਥਾਂ ਵਿਚ ਇਸ ਦਾ ਕੋਈ ਠੋਸ ਬਿਆਨ ਨਹੀਂ ਮਿਲਦਾ। ਇਹੋ ਕਿਹਾ ਹੈ ਕਿ ਨਾ ਉਥੇ ਜਨਮ ਹੈ, ਨਾ ਮਰਨ, ਨਾ ਆਵਾਗੌਣ ਹੈ ਤੇ ਨਾ ਕੋਈ ਦੁੱਖ।

ਮਹਾਂ ਕਵੀ ਅਵਘੋਸ਼ ਕਹਿੰਦਾ ਹੈ ਕਿ ਬੁਝਿਆ ਦੀਵਾ ਨਾ ਕਿਤੇ ਹੋਰ ਧਰਤੀ 'ਤੇ ਜਾਂਦਾ ਹੈ, ਨਾ ਅਸਮਾਨ ਨੂੰ, ਨਾ ਦਿਸ਼ਾ, ਨਾ ਬਿਦਿਸ਼ਾ ਨੂੰ, ਤੇਲ ਮੁੱਕਣ ਨਾਲ ਉਹ ਸ਼ਾਂਤ ਹੋ ਜਾਂਦਾ ਹੈ, ਇਸੇ ਤਰ੍ਹਾਂ ਗਿਆਨੀ ਪੁਰਸ਼ ਨਿਰਬਾਣ ਪ੍ਰਾਪਤ ਕਰ ਕੇ ਸ਼ਾਂਤੀ ਹਾਸਲ ਕਰਦਾ ਹੈ।

ਬੱਛ ਗੋਤ ਨੇ ਮਹਾਤਮਾ ਨੂੰ ਇਕ ਵਾਰ ਪੁੱਛਿਆ ਸੀ ਕਿ ਆਤਮਾ ਅਮਰ ਹੈ ਜਾਂ ਨਹੀਂ? ਆਪ ਨੇ ਤਿੰਨ ਵੇਰ ਪੁੱਛਣ 'ਤੇ ਵੀ ਕੋਈ ਜਵਾਬ ਨਹੀਂ ਸੀ ਦਿੱਤਾ। ਇਕ ਵਾਰ ਮਲੁੱਕ ਪੁੱਤਰ ਨੇ ਪੁੱਛਿਆ ਕਿ ਮੌਤ ਪਿੱਛੋਂ ਕੀ ਹੁੰਦਾ ਹੈ ? ਤਾਂ ਬੁੱਧ ਦਾ ਜਵਾਬ ਸੀ: 'ਮੈਂ ਜੋ ਕੁਝ ਪ੍ਰਗਟ ਕੀਤਾ ਹੈ, ਉਸ ਨੂੰ ਪੂਰੀ ਤਰ੍ਹਾਂ ਜਾਣਨ ਦਾ ਯਤਨ ਕਰੋ, ਜੋ ਅਪ੍ਰਗਟ ਹੈ, ਉਸ ਨੂੰ ਅਪ੍ਰਗਟ ਹੀ ਰਹਿਣ ਦਿਓ।'

ਬੋਧੀ ਸਿਧਾਂਤ ਕਿਸੇ ਚੀਜ਼ ਦੀ ਵੀ ਹਸਤੀ ਨਹੀਂ ਮੰਨਦਾ। ਉਹ ਕਹਿੰਦੇ ਹਨ ਕਿ ਜੋ ਕੁਝ ਹੋ ਰਿਹਾ ਹੈ, ਹੈ ਕੁਝ ਨਹੀਂ। ਜੋ ਹੈ, ਉਹ ਵੀ ਨਾਮ, ਰੂਪ ਕਰ ਕੇ ਹੀ ਹੈ, ਹਸਤੀ ਕਰ ਕੇ ਨਹੀਂ। ਇਸੇ ਨੂੰ 'ਛਣਿਕਵਾਦ' 'ਅਨਿੱਤਵਾਦ' ਜਾਂ 'ਸੁੰਨਵਾਦ' ਕਿਹਾ ਗਿਆ ਹੈ ਤੇ ਇਸੇ ਉੱਤੇ ਸਾਰੇ ਬੋਧੀ ਦਰਸ਼ਨ ਦੀ ਨੀਂਹ ਰੱਖੀ ਗਈ ਹੈ। 'ਕੁਝ ਨਾ ਮੰਨਣ' ਦਾ ਮੁੱਖ ਪ੍ਰਯੋਜਨ ਇਹ ਸੀ ਕਿ ਮਨੁੱਖ ਨੂੰ ਮਮਤਾ ਤੇ ਤ੍ਰਿਸ਼ਨਾ ਦਾ ਖ਼ਿਆਲ ਨਾ ਸਤਾਵੇ। ਮਹਾਤਮਾ ਬੁੱਧ ਨੇ ਤਾਂ ਇਕ ਵਾਰ ਇਥੋਂ ਤਕ ਵੀ ਆਖ ਦਿੱਤਾ ਸੀ ਕਿ ਮੇਰੇ ਉਪਦੇਸ਼ਾਂ ਦੀ ਵੀ ਤ੍ਰਿਸ਼ਨਾ (ਚਾਅ) ਨਾ ਕਰੋ, ਇਸ ਨਾਲ ਮੋਹ ਨਾ ਪਾਓ। ਭਿਕਸ਼ੂਓ! ਇਹ ਬੇੜਾ ਮੈਂ ਤੁਹਾਨੂੰ ਕੇਵਲ ਨਦੀ ਪਾਰ ਕਰਨ ਲਈ ਦਿੱਤਾ ਹੈ, ਕਿਤੇ ਇਸ ਨੂੰ ਮੋਢੇ ਉੱਤੇ ਨਾ ਚੁੱਕੀ ਫਿਰਿਓ।'

ਧਾਰਮਿਕ ਰੀਤ ਰਸਮਾਂ ਦੀ ਪਕੜ ਬਾਰੇ ਕਿਤਨਾ ਸੁੰਦਰ ਵਿਅੰਗ ਹੈ। ਬੁੱਧ ਮਤ ਵਿਚ ਬੁੱਧ, ਸੰਘ ਤੇ ਧੰਮ ਤਿੰਨਾਂ ਦੀ ਸ਼ਰਣ ਗ੍ਰਹਿਣ ਕਰਨ ਦੀ ਪ੍ਰੇਰਨਾ ਹੈ। ਬੋਧੀਆਂ ਦਾ ਮੰਤ੍ਰ ਹੈ:

1. ਬੁੱਧੰ ਸ਼ਰਣੰ ਗੱਛਾਮੀ—ਮੈਂ ਬੁੱਧ ਦੀ ਸ਼ਰਣ ਲੈਂਦਾ ਹਾਂ।
2. ਧੰਮੰ ਸ਼ਰਣੰ ਗੱਛਾਮੀ—ਮੈਂ ਧਰਮ ਦੀ ਸ਼ਰਣ ਲੈਂਦਾ ਹਾਂ।
3. ਸੰਘੰ ਸ਼ਰਣੰ ਗੱਛਾਮੀ—ਮੈਂ ਸੰਘ ਦੀ ਸ਼ਰਣ ਲੈਂਦਾ ਹਾਂ।

ਬੁੱਧ ਤੋਂ ਮੁਰਾਦ ਮਹਾਤਮਾ ਬੁੱਧ ਦੀ ਆਦਰਸ਼ਕ ਸ਼ਖ਼ਸੀਅਤ ਹੈ, ਸੰਘ ਦਾ ਭਾਵ ਹੈ—ਭਿਕਸ਼ੂਆਂ ਦੀ ਜਥੇਬੰਦੀ, ਧੰਮੰ ਦਾ ਅਰਥ ਹੈ ਧਰਮ, ਆਚਰਣ ਜਿਸ ਦੀ ਵਿਆਖਿਆ 'ਤ੍ਰਿਟਿਕ' ਵਿਚ ਮਿਲਦੀ ਹੈ।

ਬੋਧੀ ਸਾਹਿੱਤ—ਮਹਾਤਮਾ ਬੁੱਧ ਦੀ ਆਪਣੀ ਤਿਆਰ ਕੀਤੀ ਹੋਈ ਕੋਈ ਪੁਸਤਕ ਨਹੀਂ, ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੇ ਚੇਲਿਆਂ ਨੇ ਬੁੱਧ-ਬਚਨਾਂ ਨੂੰ ਸੰਕਲਿਤ ਕਰਨ ਦੇ ਯਤਨ ਕੀਤੇ ਅਤੇ ਇਹ ਬੋਧੀ ਸੰਮੇਲਨਾਂ ਸਮੇਂ ਮੁਕੰਮਲ ਕੀਤੇ

ਗਏ। ਪਹਿਲਾ ਸੰਮੇਲਨ ਮਹਾਂ ਕੱਸ਼ਪ ਦੀ ਪ੍ਰਧਾਨਗੀ ਹੇਠ ਰਾਜ ਗ੍ਰਹਿ ਅੰਦਰ 477 ਈ: ਪੂ: ਵਿਚ ਹੋਇਆ, ਜਿਸ ਵਿਚ ਪੰਜ ਸੌ ਭਿਕਸ਼ੂ ਸ਼ਾਮਿਲ ਸਨ। ਇਸੇ ਸਮੇਂ ਮਹਾਤਮਾ ਬੁੱਧ ਦੇ ਅਤਿ ਨਿਕਟਵਰਤੀ ਚੇਲੇ ਅਨੰਦ ਨੇ 'ਸੁੱਤ ਪਿਟਕ' ਤੇ ਉਪਾਲੀ ਨੇ 'ਬਿਨਯ ਪਿਟਕ' ਸੰਪਾਦਿਤ ਕੀਤਾ। 'ਅਭਿਧੰਮ ਪਿਟਕ' ਸੁੱਤ ਵਿੱਚੋਂ ਹੀ ਦਾਰਸ਼ਨਿਕ ਵਿਚਾਰ ਛਾਂਟ ਕੇ ਪਿੱਛੋਂ ਤਿਆਰ ਕੀਤਾ ਗਿਆ ਸੀ। ਬੋਧੀ ਵਿਦਵਾਨਾਂ ਦਾ ਦੂਸਰਾ ਵੱਡਾ ਸੰਮੇਲਨ 377 ਈ: ਪੂ: ਵਿਚ ਵੈਸ਼ਾਲੀ ਵਿਚ ਹੋਇਆ ਤੇ ਤੀਸਰਾ ਸੰਮੇਲਨ 242 ਈ: ਪੂ: ਵਿਚ ਮਹਾਰਾਜਾ ਅਸ਼ੋਕ ਨੇ ਪਾਟਲੀ ਪੁੱਤਰ ਵਿਚ ਕਰਵਾਇਆ। ਇਸੇ ਸਮੇਂ ਹੀ 'ਤ੍ਰਿਪਿਟਕ' ਨੂੰ ਅੰਤਿਮ ਰੂਪ ਦਿੱਤਾ ਗਿਆ, ਜੋ ਕਿ ਬੋਧੀਆਂ ਦੇ ਪੂਜਨੀਕ ਧਰਮ-ਗ੍ਰੰਥ ਹਨ। ਬੁੱਧ ਮਤ ਦੀਆਂ ਦੋ ਵੱਡੀਆਂ ਸੰਪ੍ਰਦਾਵਾਂ ਹਨ—ਹੀਨਯਾਨ ਤੇ ਮਹਾਯਾਨ। ਹੀਨਯਾਨ ਸੰਪ੍ਰਦਾ ਵਾਲੇ ਪਾਲੀ ਵਿਚਲੇ ਬੋਧੀ ਗ੍ਰੰਥਾਂ ਨੂੰ ਮੰਨਦੇ ਹਨ ਤੇ ਮਹਾਯਾਨ ਵਾਲਿਆਂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਰਾਜਾ ਕਨਿਸ਼ਕ ਸਮੇਂ ਇਹੋ ਧਰਮ-ਗ੍ਰੰਥ ਸੰਸਕ੍ਰਿਤ ਵਿਚ ਤਿਆਰ ਕਰਵਾਏ। ਪਹਿਲੀ ਈਸਵੀ ਸਦੀ ਵਿਚ ਰਾਜਾ ਕਨਿਸ਼ਕ (ਰਾਜ ਕਾਲ 78-101 ਈ:) ਦੇ ਯਤਨਾਂ ਨਾਲ ਜਲੰਧਰ ਵਿਚ ਚੌਥਾ ਬੋਧੀ ਸੰਮੇਲਨ ਬੁਲਾਇਆ ਸੀ। ਇਸ ਸਮੇਂ ਸੰਸਕ੍ਰਿਤ ਦਾ ਜ਼ੋਰ ਮੁੜ ਵੱਧ ਰਿਹਾ ਸੀ, ਇਸੇ ਕਰਕੇ ਅੱਗ੍ਰਗਾਮੀ ਬੋਧੀ ਵਿਦਵਾਨਾਂ ਇਸੇ ਵਿਚ ਆਪਣਾ ਭਲਾ ਜਾਣਿਆ ਕਿ ਬੋਧੀ ਸਿਧਾਂਤ ਸੰਸਕ੍ਰਿਤ ਵਿਚ ਪੇਸ਼ ਕੀਤੇ ਜਾਣ। ਹੁਣ ਬੋਧੀ ਵਿਚਾਰਧਾਰਾ ਦਾ ਅਧਿਐਨ ਕਰਨ ਲਈ ਕਈ ਜ਼ੁਬਾਨਾਂ ਵਿਚ ਸਾਹਿੱਤ ਮਿਲਦਾ ਹੈ, ਜਿਨ੍ਹਾਂ ਵਿੱਚੋਂ ਪਾਲੀ, ਸੰਸਕ੍ਰਿਤ, ਚੀਨੀ, ਤਿੱਬਤੀ ਤੇ ਸਿੰਹਲੀ ਮੁੱਖ ਹਨ। ਲਗਭਗ ਪੰਜ ਹਜ਼ਾਰ ਬੋਧੀ ਲਿਟਰੇਚਰ ਦੇ ਖਰੜੇ ਤਿੱਬਤ ਵਿਚ ਮਿਲੇ ਹਨ ਤੇ ਡੇਢ ਹਜ਼ਾਰ ਤੋਂ ਉੱਤੇ ਗ੍ਰੰਥ ਚੀਨੀ ਭਾਸ਼ਾ ਵਿਚ ਪ੍ਰਾਪਤ ਹਨ।

ਵਿਦੇਸ਼ੀ ਹਮਲਿਆਂ ਕਾਰਨ ਹੋਈ ਤਬਾਹੀ ਕਰਕੇ ਬੋਧੀ ਸਾਹਿੱਤ ਭਾਰਤ ਵਿਚ ਉਤਨਾ ਨਹੀਂ ਮਿਲਦਾ, ਜਿਤਨਾ ਕਿ ਮਿਲਣਾ ਚਾਹੀਦਾ ਸੀ। ਤ੍ਰਿਪਿਟਕ ਮੂਲ ਰੂਪ ਵਿਚ ਪਾਲੀ ਵਿਚ ਹਨ। ਮਹਾਤਮਾ ਬੁੱਧ ਨੇ ਲੋਕ ਭਾਸ਼ਾ ਨੂੰ ਹੀ ਆਪਣੀ ਸਿੱਖਿਆ ਦਾ ਮਾਧਿਅਮ ਬਣਾਇਆ ਸੀ। ਆਪ ਨੇ ਆਪਣੇ ਚੇਲਿਆਂ ਨੂੰ ਧੀਰਜ ਦਿੰਦਿਆਂ ਇਕ ਵਾਰ ਕਿਹਾ ਸੀ—ਮੇਰੇ ਚਲਾਣੇ ਪਿੱਛੋਂ ਕੋਈ ਇਹੋ ਨਾ ਸੋਚੇ ਕਿ ਸਾਡਾ ਗੁਰੂ ਆਚਾਰਯ ਕੋਈ ਨਹੀਂ, ਸੰਘ ਦੇ ਮੂਲ ਸਿਧਾਂਤ ਦੇ ਨਿਯਮ ਹੀ ਤੁਹਾਡੇ ਆਚਾਰਯ ਹਨ।

ਇਹ ਨਿਯਮ ਉਪਨਿਯਮ ਤੇ ਇਨ੍ਹਾਂ ਦੀ ਸਵਿਸਤ੍ਰਿਤ ਵਿਆਖਿਆ ਅਤੇ ਮਹਾਤਮਾ ਬੁੱਧ ਦੀਆਂ ਜੀਵਨ-ਗਾਥਾਵਾਂ ਸਭ 'ਤ੍ਰਿਪਿਟਕ' ਵਿਚ ਮਿਲਦੀਆਂ ਹਨ। ਪਰ ਇਹ ਖ਼ਿਆਲ ਰਹੇ ਕਿ ਤ੍ਰਿਪਿਟਕ ਕੋਈ ਇਕ ਗ੍ਰੰਥ ਨਹੀਂ; ਸਗੋਂ ਇਹ ਤਾਂ ਅਨੇਕਾਂ ਛੋਟੇ ਵੱਡੇ ਗ੍ਰੰਥਾਂ ਦਾ ਸੰਕਲਨ ਹੈ ਜੋ ਕਿ ਮਹਾਂ ਭਾਰਤ ਤੋਂ ਵੀ ਤਿੱਗਣਾ ਹੈ।

ਦਰਅਸਲ ਅੱਜ ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਪੁਸਤਕਾਂ ਦੀ ਬੀੜ ਬੰਨ੍ਹਣ ਜਾਂ ਗੁੰਦ ਕੇ ਜਿਲਦ ਕਰਨ ਦਾ ਰਿਵਾਜ ਨਹੀਂ ਸੀ, ਜ਼ਿਆਦਾਤਰ ਭੋਜ ਪੱਤਰਾਂ ਆਦਿ 'ਤੇ ਲਿਖ ਕੇ ਸਾਰੀ ਸਮੱਗਰੀ ਨੂੰ ਵਿਸ਼ੇਵਾਰ ਵੰਡ ਕੇ ਅੱਡ ਅੱਡ ਪਟਾਰੀਆਂ ਵਿਚ ਪਾ ਲਿਆ ਜਾਂਦਾ ਸੀ। ਤ੍ਰਿਪਿਟਕ ਦਾ ਅਰਥ ਹੈ—ਤਿੰਨ ਪਟਾਰੀਆਂ।

ਇਹ ਹਨ—ਸੁੱਤ, ਬਿਨਯ, ਅਭਿਧੰਮ।

ਸੁੱਤ ਦਾ ਲਫ਼ਜ਼ੀ ਮਾਅਨਾ ਸ੍ਰੇਸ਼ਟ ਬਚਨ ਹੈ, 'ਸੁੱਤ ਪਿਟਕ' ਵਿਚ ਬੋਧੀ ਭਿਖਸ਼ੂਆਂ ਲਈ ਬੁੱਧ ਦੇ ਸੁੰਦਰ ਬਚਨ ਦਰਜ ਹਨ। ਇਸ ਦਾ ਪਹਿਲਾ ਨਾਮ 'ਧੰਮ ਪਿਟਕ' ਵੀ ਸੀ।

'ਬਿਨਯ ਪਿਟਕ' ਵਿਚ ਬੋਧੀ ਜਗਿਆਸੂਆਂ ਲਈ ਆਚਾਰ ਵਿਹਾਰ ਦੀ ਸਿੱਖਿਆ ਹੈ। 'ਅਭਿਧੰਮ ਪਿਟਕ' ਵਿਚ ਬੋਧੀ ਸਿਧਾਂਤਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ ਹੈ ਤੇ ਇਹ ਢੇਰ ਚਿਰ ਪਿੱਛੋਂ ਸੰਕਲਿਤ ਹੋਇਆ ਸੀ। ਬੁੱਧ ਦਰਸ਼ਨਾ ਚਾਰਯਾ ਵਿਚ ਨਾਗ ਸੇਨ, ਨਾਮਾਰਜੁਨ, ਆਰਯਦੇਵ, ਬਸੂ ਬੰਧੂ, ਦਿਗ੍ ਨਾਗ, ਧਰਮ ਕੀਰਤਿ, ਸ਼ਾਂਤ ਰੱਛਿਤ ਚੰਦ੍ਰਕੀਰਤਿ ਆਦਿ ਦੇ ਨਾਮ ਵਰਣਨ ਯੋਗ ਹਨ, ਜਿਨ੍ਹਾਂ ਇਨ੍ਹਾਂ ਵਿਚਾਰਾਂ ਨੂੰ ਆਪਣੇ ਆਪਣੇ ਤਰੀਕੇ ਨਾਲ ਦਾਰਸ਼ਨਿਕ ਰੂਪ ਵਿਚ ਪੇਸ਼ ਕੀਤਾ।

ਬੋਧੀ ਦੇ ਪ੍ਰਧਾਨ ਤੀਰਥ—ਕਪਲਵਸਤੂ, ਗਇਆ, ਸਾਰਨਾਥ (ਬਨਾਰਸ) ਕੁਸ਼ੀਨਗਰ, ਵੈਸ਼ਾਲੀ, ਰਾਜ ਗ੍ਰਿਹ, ਸ੍ਰਾਵਸਤੀ ਆਦਿ ਹਨ।

ਤ੍ਰਿਪਿਟਿਕ ਵਿਚ ਕੀ ਕੁਝ ਹੈ, ਇਸ ਦਾ ਵੇਰਵਾ ਇਸ ਪ੍ਰਕਾਰ ਹੈ:

1. ਸੁੱਤ ਪਿਟਕ ਵਿਚ ਪੰਜ ਨਿਕਾਯ ਸ਼ਾਮਲ ਹਨ:

1. ਦੀਘਨਿਕਾਯ—34 ਸੁੱਤ।
2. ਮੱਝਿਮ ਨਿਕਾਯ—152 ਸੁੱਤ।
3. ਸੰਯੁੱਤ ਨਿਕਾਯ—56 (7762 ਸੁੱਤ)।
4. ਅੰਗੁੱਤਰ ਨਿਕਾਯ—11 ਨਿਪਾਤ (9557 ਸੁੱਤ)।
5. ਖੁੱਦਕ ਨਿਕਾਯ—15 ਗ੍ਰੰਥ।

ਖੁੱਦਕ ਨਿਕਾਯ ਵਿਚ 15 ਪੁਸਤਕਾਂ ਇਹ ਹਨ:

1. ਖੁੱਦਕ ਪਾਠ; 2. ਧੰਮ ਪਦ; 3. ਉਦਾਨ; 4. ਇਤਿਬੁਤਕ; 5. ਸੁਤ ਨਿਪਾਤ; 6. ਵਿਮਾਨ ਵੱਥੂ; 7. ਪੇਤ ਵੱਥੂ; 8. ਥੇਰ ਗਾਥਾ (ਭਿਖੂ ਗੀਤ); 9. ਥੇਰੀ ਗਾਥਾ (ਭਿਖੁਣੀ ਗੀਤ); 10 ਜਾਤਕ (547 ਕਹਾਣੀਆਂ); 11. ਨਿਦੇਸ; 12. ਪਟਿਸੰਭਦਾ ਮੱਗ; 13. ਅਪਦਾਨ; 14. ਬੁੱਧ ਬੰਸ (24 ਬੁੱਧਾਂ ਦੀ ਕਹਾਣੀ); 15. ਚਰਿਯਾ ਪਿਟਕ (ਗੌਤਮ ਦੇ ਪਿਛਲੇ ਜਨਮਾਂ ਦੀ ਕਹਾਣੀ)

2. ਬਿਨਯ ਪਿਟਕ ਦੇ ਇਹ ਭਾਗ ਹਨ:

(ੳ) ਸੁਤ ਵਿਭੰਗ 1. ਭਿੱਖੂ ਵਿਭੰਗ

2. ਭਿੱਖੁਨੀ: ਖੰਧਕ-ਮਹਾ ਵੱਗ, ਦੁੱਲ ਵੱਗ

(ਅ) ਪਰਿਵਾਰ (ਪਰਿਸਿਸ਼ਟ)

ਵਿਭੰਗਾਂ ਵਿਚ ਭਿਖੂਆਂ ਲਈ ਰਹਿਤ ਮਰਯਾਦਾ ਹੈ ਤੇ ਖੰਧਕਾਂ ਵਿਚ ਸੰਘ ਜਾਂ ਜਥੇਬੰਦੀ ਦੇ ਨੇਮ ਹਨ।

3. ਅਭਿਧੰਮ ਪਿਟਕ ਵਿਚ ਸੱਤ ਰਚਨਾਵਾਂ ਹਨ:

1. ਧੰਮ ਸੰਗੁਨੀ, 2. ਵਿਭੰਗ, 3. ਧਾਤੂ ਕਥਾ, 4. ਪੁੱਗਲ ਪੰਞੱਤਿ, 5. ਕਥਾ ਵੱਥੂ, 6. ਯਮਕ, 7. ਪੱਠਾਨ।

ਇਨ੍ਹਾਂ ਵਿਚ ਵਧੇਰੇ ਬੋਧੀ ਸ਼ਾਸਤ੍ਰਾਰਥ ਦਰਜ ਹਨ।

ਇਹ ਹੈ ਬੋਧੀ ਧਰਮ ਗ੍ਰੰਥਾਵਲੀ—ਤ੍ਰਿਪਿਟਕ, ਜਿਸ ਵਿਚ ਬੁੱਧ ਦੇ ਜੀਵਨ ਸਿਧਾਂਤਾਂ ਨੂੰ ਕਈ ਤਰ੍ਹਾਂ ਨਾਲ ਪੇਸ਼ ਕੀਤਾ ਗਿਆ ਹੈ।

ਮਹਾਤਮਾ ਬੁੱਧ ਦਾ ਸਿੱਖਿਆ ਢੰਗ ਬੜਾ ਹੀ ਪ੍ਰਭਾਵਸ਼ਾਲੀ ਸੀ ਤੇ ਉਹ ਜਗਿਆਸੂ ਨੂੰ ਬੜੇ ਸਿੱਧੇ ਸਾਦੇ ਤੇ ਕਲਾਤਮਕ ਤਰੀਕੇ ਨਾਲ ਆਪਣੀ ਗੱਲ ਮਨਵਾਉਂਦੇ ਸਨ ਤੇ ਇਹ ਹੁਨਰ ਸਾਖੀਆਂ ਤੇ ਸੰਵਾਦਾਂ ਵਿਚ ਅਜੇ ਵੀ ਜਿਊਂਦਾ ਜਾਗਦਾ ਹੈ। ਮਿਸਾਲ ਵਜੋਂ ਕੁਝ ਵਾਰਤਾਲਾਪ ਧਿਆਨ ਯੋਗ ਹਨ:

1. ਇਕ ਵਾਰ ਕ੍ਰਿਸ਼ਾ ਗੋਤਮੀ ਦਾ ਬੱਚਾ ਮਰ ਗਿਆ, ਉਹ ਮਹਾਤਮਾ ਜੀ ਪਾਸ ਲੈ ਗਈ ਤੇ ਆਖਣ ਲੱਗੀ ਕਿ ਇਸ ਨੂੰ ਜਿਊਂਦਾ ਕਰ ਦਿਓ। ਬੁੱਧ, ਮਾਂ ਦੀ ਮਮਤਾ ਤੋਂ ਜਾਣੂ ਸਨ। ਕਹਿਣ ਲੱਗੇ ਕਿ ਇਕ ਤੋਲਾ ਰਾਈ ਲੈ ਕੇ ਆਓ ਪਰ ਲਿਆਉਣ ਉਸ ਘਰੋਂ ਜਿਸ ਘਰ ਵਿਚ ਕੋਈ ਮੌਤ ਨਾ ਹੋਈ ਹੋਵੇ। ਗੋਤਮੀ ਸਾਰਾ ਪਿੰਡ ਗਾਹ ਬੈਠੀ ਕੋਈ ਐਸਾ ਘਰ ਨਾ ਮਿਲਿਆ ਜਿਥੇ ਮੌਤ ਨੇ ਫੇਰਾ ਨਾ ਪਾਇਆ ਹੋਵੇ। ਅੰਤ ਉਸ ਨੂੰ ਇਸੇ ਚੱਕਰ ਵਿਚ ਗਿਆਨ ਹੋ ਗਿਆ ਕਿ ਮੌਤ ਇਕ ਜ਼ਰੂਰੀ ਅਮਲ ਹੈ, ਇਹ ਕੋਈ ਮੇਰੀ ਬੱਚੇ ਨਾਲ ਅਨੋਖੀ ਗੱਲ ਨਹੀਂ ਹੋਈ।

2. ਇਕ ਵਾਰ ਬੋਧੀ ਭਿਕਸ਼ੂਆਂ ਨੇ ਚੁਮਾਸੇ ਵਿਚ ਪੂਰਨ ਮੌਨ ਰੱਖਿਆ ਤੇ ਬੜੇ ਗਰਵ ਨਾਲ ਮਹਾਤਮਾ ਬੁੱਧ ਜੀ ਨੂੰ ਦੱਸਿਆ ਕਿ ਅਸੀਂ ਇਸ ਵਾਰੀ ਸਾਰਾ ਚੁਮਾਸਾ ਮੌਨ ਧਾਰੀ ਰੱਖਿਆ ਹੈ। ਮਹਾਤਮਾ ਬੁੱਧ ਮੁਸਕਰਾਏ, ਆਖਣ ਲੱਗੇ: 'ਭਿਕਸ਼ੂਓ! ਤੁਹਾਡੇ ਤੇ ਪਸ਼ੂਆਂ ਵਿਚ ਕੀ ਭੇਦ ਹੈ? ਇਸ ਸਵਾਲ ਨੇ ਸਾਰੇ ਮੌਨ ਉੱਤੇ ਮਿੱਟੀ ਪਾ ਦਿੱਤੀ।

3. ਇਕ ਵਾਰ ਕਿਸੇ ਨੇ ਬੁੱਧ ਨੂੰ ਮੰਦਾ ਚੰਗਾ ਆਖਿਆ, ਗਾਲ੍ਹਾਂ ਦਿੱਤੀਆਂ ਤਾਂ ਮਹਾਤਮਾ ਜੀ ਨੇ ਅੱਗੋਂ ਕਿਹਾ ਕਿ ਜੇ ਕੋਈ ਕਿਸੇ ਨੂੰ ਕੋਈ ਚੀਜ਼ ਦੇਵੇ, ਉਹ ਪ੍ਰਵਾਨ ਨਾ ਕਰੇ ਤਾਂ ਉਹ ਚੀਜ਼ ਕਿਥੇ ਜਾਂਦੀ ਹੈ ਤਾਂ ਉਸ ਨੇ ਕਿਹਾ ਕਿ ਉਹ ਦੇਣ ਵਾਲੇ ਦੇ ਪਾਸ ਹੀ ਪਰਤ ਜਾਂਦੀ ਹੈ ਤਾਂ ਬੁੱਧ ਕਹਿਣ ਲੱਗੇ ਕਿ ਜੋ ਤੂੰ ਸਾਨੂੰ ਮੰਦੇ ਬੋਲ ਬੋਲੇ ਹਨ, ਤੇਰੀ ਇਹ ਸੁਗਾਤ ਸਾਨੂੰ ਪ੍ਰਵਾਨ ਨਹੀਂ, ਇਸ ਲਈ ਇਹ ਤੂੰ ਵਾਪਸ ਸੰਭਾਲ ਲੈ। ਗੂੰਜ ਆਪਣੇ ਮੂਲ ਵੱਲ ਤੇ ਪਰਛਾਵਾਂ ਆਪਣੇ ਅਸਲ ਵੱਲ ਪਰਤ ਜਾਂਦਾ ਹੈ। ਇਹ ਸੁਣ ਕੇ ਉਹ ਸ਼ਰਮਿੰਦਾ ਹੋ ਗਿਆ ਤੇ ਸ਼ਰਨੀਂ ਪੈ ਗਿਆ।

4. ਭਾਰਦਵਾਜ ਇਕ ਵੱਡਾ ਜ਼ਿਮੀਂਦਾਰ ਸੀ। ਮਹਾਤਮਾ ਬੁੱਧ ਉਸ ਦੇ ਦੁਆਰ 'ਤੇ ਭਿੱਖਿਆ ਮੰਗਣ ਗਏ। ਉਸ ਨੇ ਕਿਹਾ ਕਿ ਤੁਸੀਂ ਆਪ ਬੀਜ ਕੇ ਕਿਉਂ ਨਹੀਂ ਖਾਂਦੇ? ਅੱਗੋਂ ਮਹਾਤਮਾ ਨੇ ਜਵਾਬ ਦਿੱਤਾ ਕਿ ਮੈਂ ਖਾਂਦਾ ਤਾਂ ਬੀਜ ਕੇ ਹਾਂ, ਪਰ ਮੇਰੀ ਖੇਤੀਬਾੜੀ ਹੋਰ ਹੈ, ਮੈਂ ਧਰਮ ਦੀ ਖੇਤੀ ਬੀਜਦਾ ਹਾਂ, ਜਿਸ ਨੂੰ ਤਪੱਸਿਆ ਦੀ ਬਾਰਿਸ਼ ਨਾਲ ਸਿੰਜਿਆ ਜਾਂਦਾ ਹੈ। ਮੇਰੇ ਪਾਸ ਗਿਆਨ ਦਾ ਹਲ ਤੇ ਉੱਦਮ ਦਾ ਗੱਡਾ ਹੈ, ਜਿਸ 'ਤੇ ਮਾਲ ਲੱਦ ਕੇ ਮੈਂ ਲੋਕਾਂ ਨੂੰ ਅੰਨ ਵੰਡਦਾ ਹਾਂ।

5. ਇਕ ਵਾਰ ਰੋਹਣੀ ਨਦੀ ਦੇ ਪਾਣੀ ਪਿੱਛੇ ਦੋ ਧਿਰਾਂ ਵਿਚਾਲੇ ਝਗੜਾ ਹੋ ਗਿਆ। ਲੋਕ ਡਾਂਗਾਂ ਲੈ ਕੇ ਆ ਗਏ। ਮਹਾਤਮਾ ਬੁੱਧ ਦੋਹਾਂ ਦੇ ਵਿਚਾਲੇ ਖੜੇ ਹੋ ਗਏ। ਉਨ੍ਹਾਂ ਪੁੱਛਿਆ ਕਿ ਇਹ ਲੜਾਈ ਕਾਹਦੇ ਵਾਸਤੇ ਹੈ? ਜੀ ਪਾਣੀ ਵਾਸਤੇ।

ਪਾਣੀ ਦਾ ਮੁੱਲ ਕੀ ਹੈ? ਜਵਾਬ ਸੀ 'ਕੁਝ ਵੀ ਨਹੀਂ'। ਫਿਰ ਤੁਹਾਡੇ ਤੇ ਤੁਹਾਡੀਆਂ ਸੁਆਣੀਆਂ ਦੀ ਕੀ ਕੀਮਤ ਹੈ? ਉਹ ਤਾਂ ਮਹਾਰਾਜ! ਬੇ-ਅੰਦਾਜ਼ ਹੈ, ਪਾਣੀ ਤਾਂ ਇਕ ਤੁੱਛ ਚੀਜ ਹੈ। ਕੀ ਫਿਰ ਤੁਸੀਂ ਇਸ ਤੁੱਛ ਪਾਣੀ ਲਈ ਜਾਨਾਂ ਦੇਣ ਲੱਗੇ ਹੋ, ਜਿਸ ਪਾਣੀ ਨੇ ਥੋੜੇ ਚਿਰ ਨੂੰ ਵਹਿ ਕੇ ਸਮੁੰਦਰ ਵਿਚ ਰਲ ਜਾਣਾ ਹੈ? ਇਹ ਸੁਣ ਕੇ ਸਭ ਸ਼ਾਂਤ ਹੋ ਗਏ।

6. ਇਕ ਵਾਰ ਉਨ੍ਹਾਂ ਆਸ਼ਵਲਾਯਨ ਨੂੰ ਪੁੱਛਿਆ ਕਿ ਜੇਕਰ ਬ੍ਰਾਹਮਣ ਖੜ੍ਹੀ ਇਕੱਠੇ ਹੋ ਕੇ ਸਾਲ, ਪਦਮ, ਚੰਦਨ ਆਦਿ ਦੀ ਲੱਕੜੀ ਬਾਲਣ ਤੇ ਭੀਲ ਚੰਡਾਲ ਆਦਿ ਸ਼ਾੜ ਛਿਛਰਾ ਤੇ ਰਿੰਡ ਬਾਲਣ, ਤਾਂ ਕੀ ਇਨ੍ਹਾਂ ਦੋਹਾਂ ਦੀ ਬਾਲੀ ਅੱਗ ਸਮਾਨ ਨਹੀਂ? ਕੀ ਇਨ੍ਹਾਂ ਵਿਚ ਇੱਕੋ ਜਿਹਾ ਤੇਜ ਨਹੀਂ? ਉਸ ਨੇ ਜਵਾਬ ਦਿੱਤਾ— 'ਮਹਾਰਾਜ। ਸਭ ਦੀ ਬਾਲੀ ਅੱਗ ਵਿਚ ਹੀ ਤੇਜ ਹੈ ਤੇ ਸਭ ਤੋਂ ਹੀ ਅੱਗ ਵਾਲਾ ਕੰਮ ਸਮਾਨ ਲਿਆ ਜਾ ਸਕਦਾ ਹੈ।' 'ਭਾਈ! ਇਹੋ ਗੱਲ ਮਨੁੱਖੀ ਸਮਾਨਤਾ ਦੀ ਹੈ', ਮਹਾਤਮਾ ਬੁੱਧ ਨੇ ਹੱਸ ਕੇ ਕਿਹਾ।

7. ਭਿਖਸ਼ੂਓ! ਜੇ ਕੋਈ ਆਦਮੀ ਸੜਦੀ ਚੁਆਤੀ ਲੈ ਕੇ ਆਵੇ ਤੇ ਕਹੇ ਕਿ ਮੈਂ ਇਸ ਨਾਲ ਗੰਗਾ ਨੂੰ ਅੱਗ ਲਾ ਦੇਣੀ ਹੈ ਤਾਂ ਕੀ ਤੁਸੀਂ ਇਹ ਮੰਨ ਸਕਦੇ ਹੋ?

'ਨਹੀਂ ਭੰਤੇ! ਕਿਉਂਕਿ ਗੰਗਾ ਤਾਂ ਅਥਾਹ ਡੂੰਘੀ ਹੈ ਤੇ ਠੰਡੀ ਠਾਰ ਹੈ, ਇਹ ਚੁਆਤੀਆਂ ਨਾਲ ਸੜ ਨਹੀਂ ਸਕਦੀ। ਇਹ ਤਾਂ ਉਹ ਆਦਮੀ ਫ਼ਜ਼ੂਲ ਹੀ ਕੋਸ਼ਿਸ਼ ਕਰ ਰਿਹਾ ਹੋਵੇਗਾ।' ਬੁੱਧ ਨੇ ਕਿਹਾ, 'ਭਿਖਸ਼ੂਓ! ਇਸੇ ਤਰ੍ਹਾਂ ਤੁਸੀਂ ਨਫ਼ਰਤ ਤੇ ਕ੍ਰੋਧ ਨੂੰ ਆਪਣੇ ਹਿਰਦੇ ਦੀ ਪ੍ਰੀਤ ਗੰਗਾ ਵਿਚ ਸ਼ਾਂਤ ਕਰ ਦਿਓ। ਜ਼ਿੰਦਗੀ ਦਾ ਇਹੋ ਭੇਦ ਹੈ।'

ਇਸ ਤਰ੍ਹਾਂ ਦੀਆਂ ਅਨੇਕਾਂ ਕਥਾ ਕਹਾਣੀਆਂ ਬੋਧੀ ਸਾਹਿੱਤ ਦਾ ਸ਼ਿੰਗਾਰ ਹਨ।

ਅਪਭ੍ਰੰਸ਼ ਅਤੇ ਇਸ ਦੀ ਕਾਵਿ-ਵੰਨਗੀ

ਇਸ ਗੱਲ ਨੂੰ ਲਗਪਗ ਸਾਰੇ ਭਾਸ਼ਾ-ਵਿਗਿਆਨੀਆਂ ਨੇ ਪਰਵਾਨ ਕੀਤਾ ਹੈ ਕਿ ਸਾਡੀਆਂ ਉੱਤਰੀ ਭਾਰਤ ਦੀਆਂ ਆਧੁਨਿਕ ਭਾਸ਼ਾਵਾਂ ਦੀ ਜਨਨੀ ਅਪਭ੍ਰੰਸ਼ ਹੈ। ਇਸ ਦੀ ਸ਼ਬਦਾਵਲੀ ਤੇ ਵਿਆਕਰਣਕ ਨੇਮਾਵਲੀ ਨਾਲ ਮਿਲਾਨ ਕਰ ਕੇ ਇਹ ਗੱਲ ਵਧੇਰੇ ਸਪੱਸ਼ਟ ਹੋ ਜਾਂਦੀ ਹੈ। ਇਹ ਠੀਕ ਹੈ ਕਿ ਮੁਸਲਮਾਨੀ ਹੱਲਿਆਂ ਕਾਰਨ ਭਾਰਤੀ ਸਭਿਅਤਾ ਵਿਚ ਇਕ ਪ੍ਰਤਿਕਰਮ ਪੈਦਾ ਹੋਇਆ, ਜਿਸ ਦੇ ਸਿੱਟੇ ਵਜੋਂ ਇਥੋਂ ਦੇ ਨਿਵਾਸੀਆਂ ਦਾ ਝੁਕਾਅ ਪ੍ਰਾਚੀਨ ਸੰਸਕ੍ਰਿਤ ਸ਼ਬਦਾਵਲੀ ਵੱਲ ਵਧਿਆ, ਇਸ ਕਰਕੇ ਮੁੜ ਤਤਸਮ ਪਦ ਕਾਫ਼ੀ ਸੰਖਿਆ ਵਿਚ ਪ੍ਰਚਲਿਤ ਹੋਏ। ਦੂਸਰੇ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਦੇ ਮੁੱਦਈ ਆਮ ਤੌਰ 'ਤੇ ਲੋਕ-ਲਹਿਰਾਂ ਦੇ ਬਾਨੀ ਸਨ, ਜਿਵੇਂ ਮਹਾਤਮਾ ਬੁੱਧ, ਮਹਾਂਵੀਰ ਤੇ ਹੋਰ ਸੰਤ ਸਾਧੂ, ਕਿਉਂਕਿ ਬ੍ਰਾਹਮਣ, ਸੰਸਕ੍ਰਿਤ ਨੂੰ ਹੀ ਆਪਣੀ ਸਾਂਸਕ੍ਰਿਤਕ ਭਾਸ਼ਾ ਮੰਨਦੇ ਸਨ, ਇਸ ਕਰਕੇ ਜਦੋਂ ਬ੍ਰਾਹਮਣੀ ਮਤ ਨੇ ਫਿਰ ਜ਼ੋਰ ਪਕੜਿਆ ਤਾਂ ਅਪਭ੍ਰੰਸ਼ ਆਦਿ ਦਾ ਪ੍ਰਭਾਵ ਫਿਰ ਘਟਦਾ ਗਿਆ। ਪਰ ਅਜੋਕੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਦੱਸਦੀ ਹੈ ਕਿ ਅਪਭ੍ਰੰਸ਼ ਕਿਸ ਤਰ੍ਹਾਂ ਤੇ ਕਿੰਨੀ ਇਨ੍ਹਾਂ ਭਾਸ਼ਾਵਾਂ ਦੇ ਨੇੜੇ ਸੀ। ਫਿਰ ਇਸ ਵਿਚ ਜਿਸ ਤਰ੍ਹਾਂ ਮਨੋਹਰ ਸਾਹਿਤ ਦੀ ਰਚਨਾ ਹੋਈ, ਉਹ ਵੀ ਕਮਾਲ ਦੀ ਗੱਲ ਹੈ। ਉਦਿਓਤਨ ਸੂਰੀ (778 ਈ:) ਅਪਭ੍ਰੰਸ਼ ਦੀ ਸਿਫ਼ਤ ਕਰਦਾ ਕਹਿੰਦਾ ਹੈ : 'ਅਪਭ੍ਰੰਸ਼ ਕਾਵਿ ਭਾਵੇਂ ਨਿਰੋਲ ਹੋਵੇ ਤੇ ਭਾਵੇਂ ਸੰਸਕ੍ਰਿਤ, ਪ੍ਰਾਕ੍ਰਿਤ ਨਾਲ ਰਲਿਆ ਮਿਲਿਆ ਹੈ, ਭਾਵੇਂ ਕੋਮਲ ਹੋਵੇ ਤੇ ਭਾਵੇਂ ਅਕੋਮਲ, ਬਰਸਾਤੀ ਪਹਾੜੀ ਨਾਲੇ ਵਾਂਗ ਉਛਲਦਾ-ਉਛਲਦਾ ਬੇਰੋਕ ਵਹਿੰਦਾ ਹੈ ਅਤੇ ਗ਼ੁੱਸੇ ਹੋਈ ਗੋਰੀ ਦੀਆਂ ਗੱਲਾਂ-ਬਾਤਾਂ ਵਾਂਗ ਫਿਰ ਵੀ ਮਨੋਹਰ ਲੱਗਦਾ ਹੈ।* ਅੱਠਵੀਂ ਸਦੀ ਤੋਂ ਪਿੱਛੋਂ ਇਸ ਵਿਚ ਬੇਅੰਤ ਸਾਹਿੱਤ ਰਚਿਆ ਗਿਆ ਤੇ ਇਸ ਦੇ ਅਨੰਤ ਭੰਡਾਰ ਮਿਲ ਵੀ ਗਏ ਹਨ। ਇਸ ਸਾਹਿੱਤ-ਭੰਡਾਰ ਨੂੰ ਵੇਖ ਕੇ ਖੋਜੀ ਵਿਦਵਾਨਾਂ ਨੂੰ ਕਈ ਭਾਸ਼ਾ-ਵਿਗਿਆਨਕ ਤੇ ਸਾਹਿੱਤਕ ਵਿਕਾਸ ਦੇ ਮਾਮਲਿਆਂ ਬਾਰੇ ਆਪਣੀ ਰਾਇ ਬਦਲਣੀ ਪਈ ਹੈ। ਪੰਜਾਬੀ ਪਾਠਕਾਂ ਲਈ ਇਸ ਦਾ ਮਹੱਤਵ ਇਸ ਲਈ ਸਭ ਤੋਂ ਵੱਧ ਹੈ ਕਿਉਂਕਿ ਇਸ ਦਾ ਰਿਸ਼ਤਾ ਪੰਜਾਬ ਦੀ ਬੋਲੀ ਨਾਲ ਵਧੇਰੇ ਰਿਹਾ ਹੈ। ਕਾਵਿ ਮੀਮਾਂਸਾ ਦਾ ਕਰਤਾ ਰਾਜਸ਼ੇਖਰ (880-920) ਕਹਿੰਦਾ ਹੈ ਕਿ ਅਪਭ੍ਰੰਸ਼

---

* *ਅਪਭ੍ਰੰਸ਼ ਕਾਵਿ ਤ੍ਰਯੀ*, ਪੰਨੇ 96-99.

ਦੀ ਵਰਤੋਂ ਮਰੂ, ਟੱਕ (ਪੂਰਬੀ ਪੰਜਾਬ) ਤੇ ਭਦਾਨਕ (ਜ਼ਿਲ੍ਹਾ ਜੇਹਲਮ ਦਾ ਭਦ੍ਰਾਵਤੀ ਵਾਲਾ ਹਿੱਸਾ) ਵਿਚ ਆਮ ਹੈ।

ਅਪਭ੍ਰੰਸ਼ ਦੇ ਨਾਗਰ, ਉਪਨਾਗਰ ਤੇ ਬ੍ਰਾਚੜ ਤਿੰਨ ਭੇਦ ਕੀਤੇ ਗਏ ਹਨ। ਨਾਗਰ ਰਾਜਸਥਾਨ ਤੇ ਗੁਜਰਾਤ ਵਿਚ ਉਪਨਾਗਰ ਪੰਜਾਬ ਤੇ ਮਾਲਵਾ ਪ੍ਰਾਂਤ ਵਿਚ ਅਤੇ ਬ੍ਰਾਚੜ ਸਿੰਧ ਵਿਚ ਪ੍ਰਚਲਿਤ ਸੀ। ਇਕ ਤਰ੍ਹਾਂ ਨਾਗਰ ਜਾਂ ਪੱਛਮੀ ਅਪਭ੍ਰੰਸ਼ ਉੱਤਰੀ ਹਿੰਦ ਦੀ ਪ੍ਰਮਾਣਿਕ ਸਾਹਿੱਤਕ ਭਾਸ਼ਾ ਸੀ, ਜਿਸ ਦਾ ਦਸਵੀਂ ਤੋਂ ਬਾਰ੍ਹਵੀਂ ਤੇਰ੍ਹਵੀਂ ਸਦੀ ਤਕ ਤਕੜਾ ਪ੍ਰਭਾਵ ਰਿਹਾ। ਅੱਦਰਮਾਣ ਵਰਗੇ ਪੰਜਾਬੀ ਕਵੀਆਂ ਵੀ ਇਸ ਵਿਚ ਢੇਰ ਸਾਰਾ ਹਿੱਸਾ ਪਾਇਆ ਤੇ ਹੋਰ ਪ੍ਰਾਂਤਾਂ ਦੇ ਕਵੀ ਵੀ ਇਸ ਵਿਚ ਆਪਣੇ ਭਾਵ ਪ੍ਰਗਟਾਉਂਦੇ ਰਹੇ।

ਪ੍ਰਸਿੱਧ ਵਿਆਕਰਣੀ ਸ਼੍ਰੀ ਹੇਮਚੰਦ੍ਰ (1088-1172) ਨੇ 1142 ਈ: ਤੋਂ ਪਹਿਲਾਂ 'ਸਿੱਧ ਹੈਮ ਸ਼ਬਦਾਨੁਸ਼ਾਸਨ' ਵਿਆਕਰਣ ਲਿਖਿਆ। ਇਸ ਦੇ ਅੰਤਿਮ ਅਧਿਆਇ ਵਿਚ 329 ਤੋਂ 443 ਤਕ—120 ਸੂਤਰਾਂ ਵਿਚ ਅਪਭ੍ਰੰਸ਼ ਦਾ ਵਿਆਕਰਣ ਲਿਖਿਆ ਹੈ ਤੇ ਉਨ੍ਹਾਂ ਨੇਮਾਂ ਦੀ ਵਰਤੋਂ ਦੀਆਂ ਮਿਸਾਲਾਂ ਦੇਣ ਲਈ 175 ਦੂਹੇ (ਦੋਹਰੇ) ਵੀ ਦਿੱਤੇ ਹਨ। ਇਸ ਤੋਂ ਇਲਾਵਾ ਇਸੇ ਲੇਖਕ ਨੇ 'ਦੇਸੀ ਨਾਮ ਮਾਲਾ' ਸ਼ਬਦ-ਕੋਸ਼ ਲਿਖ ਕੇ ਇਕ ਤਰ੍ਹਾਂ ਅਪਭ੍ਰੰਸ਼ ਸ਼ਬਦਾਵਲੀ ਨੂੰ ਸਦਾ ਲਈ ਸੰਭਾਲ ਦਿੱਤਾ। ਤ੍ਰਿਵਿਕ੍ਰਮ (ਚੌਧਵੀਂ ਸਦੀ) ਤੇ ਮਾਰਕੰਡੇ (17ਵੀਂ ਸਦੀ) ਨੇ ਵੀ ਅਪਭ੍ਰੰਸ਼ ਦੇ ਵਿਆਕਰਣਕ ਨੇਮ ਦਿੱਤੇ ਹਨ। ਇਸ ਸਮੱਗਰੀ ਨੂੰ ਸਾਹਮਣੇ ਰੱਖ ਕੇ ਅੱਜ ਦੇ ਭਾਸ਼ਾ-ਵਿਗਿਆਨੀ ਸਹੀ ਸਿੱਟੇ ਕੱਢ ਸਕਦੇ ਹਨ।

ਪੰਜਾਬੀ ਪਾਠਕਾਂ ਦੀ ਦਿਲਚਸਪੀ ਲਈ ਕੁਝ ਕੁ ਕਾਵਿ-ਵੰਨਗੀ ਅੱਗੇ ਦਿੱਤੀ ਜਾਂਦੀ ਹੈ:

ਰਾਜਾ ਮੁੰਜ

ਅੰਮਣਿਓ ਸੰਦੇਸੜਿਓਂ, ਤਾਰਜ ਕੰਨ੍ਹ ਕਹਿੱਜ
ਜਗ ਦਾਲਿ ਦਿੰਹਿ ਡੁਬਿਅਂ, ਬਲਿ ਬੰਧਣਹ ਮੁਹਿੱਜ।

ਸਾਡਾ ਸੁਨੇਹਾ ਤਾਹਨਗਰ ਕਾਨ੍ਹ ਨੂੰ ਜਾ ਕੇ ਕਹਿਣਾ ਕਿ ਦੁਨੀਆਂ ਦਰਿੱਦਰ ਹੇਠ ਡੁੱਬ ਰਹੀ ਹੈ (ਕਿਰਪਾ ਕਰਕੇ) ਉਹ ਰਾਜਾ ਬਲੀ (ਜੋ ਕਿ ਪ੍ਰਸਿੱਧ ਦਾਨੀ ਸੀ) ਦੇ ਬੰਧਨ ਢਿੱਲੇ ਕਰ ਦੇਣ।

ਮੁੰਜ ਖਡੱਲਾ ਦੋਰੜੀ, ਪੇਖੇਸਿ ਨ ਗੰਮਾਰਿ
ਆਸਾਢਿ ਘਣ ਗੱਜੀਇੰ, ਚਿਖਿਲਿ ਹੋਸੇਅਵਾਰਿ।

ਮੁੰਜ, ਮਾਲਵੇ ਦਾ ਰਾਜਾ ਸੀ। ਉਸ ਦਾ ਕਿਸੇ ਨਾਲ ਪ੍ਰੇਮ ਸੀ ਤਾਂ ਉਸ ਪਾਸ ਉਹ ਰੋਜ਼ ਕੋਹਾਂ ਚੱਲ ਕੇ ਜਾਂਦਾ। ਫਿਰ ਉਸ ਨੇ ਆਉਣਾ ਜਾਣਾ ਛੱਡ ਦਿੱਤਾ ਤਾਂ ਉਸ ਪ੍ਰੇਮਿਕਾ ਨੇ ਲਿਖ ਕੇ ਘੱਲਿਆ: 'ਹੇ ਮੁੰਜ! ਪ੍ਰੀਤ ਦੀ ਡੋਰ ਢਿੱਲੀ ਪੈ ਗਈ ਜਾਪਦੀ ਹੈ। ਗਵਾਰ! ਤੂੰ ਨਹੀਂ ਵੇਖ ਰਿਹਾ ਕਿ ਹਾੜ ਵਿਚ ਬੱਦਲ ਗਰਜਣ ਨਾਲ ਧਰਤੀ ਤਿਲਕਣੀ ਹੋ ਜਾਵੇਗੀ?'

ਰਾਜੇ ਮੁੰਜ ਨੇ, ਤੈਲੰਗ ਦੇਸ ਦੇ ਰਾਜਾ ਤੈਲਪ ਉੱਤੇ ਚੜ੍ਹਾਈ ਕਰ ਦਿੱਤੀ। ਗੋਦਾਵਰੀ ਪਾਰ ਉਸ ਦੀ ਫ਼ੌਜ ਛਲ ਨਾਲ ਮਾਰੀ ਗਈ ਤੇ ਮੁੰਜ ਨੂੰ ਤੈਲਪ ਨੇ ਮੁੰਜ ਨਾਲ ਬੰਨ੍ਹ ਕੇ ਕੈਦ ਕਰ ਲਿਆ ਤੇ ਲੱਕੜੀ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਤੈਲਪ ਦੀ ਭੈਣ ਮ੍ਰਿਣਾਲਵਤੀ ਦਾ ਮੁੰਜ ਨਾਲ ਪ੍ਰੇਮ ਹੋ ਗਿਆ। ਇਕ ਦਿਨ ਮੁੰਜ ਸ਼ੀਸ਼ੇ ਵਿਚ ਮੂੰਹ ਦੇਖ ਰਿਹਾ ਸੀ ਕਿ ਉਹ ਵੀ ਪਿੱਛੋਂ ਆ ਗਈ ਤਾਂ ਉਸ ਨੂੰ ਮੁੰਜ ਦੀ ਜੁਆਨੀ ਤੇ ਆਪਣੀ ਅੱਧਖੜ ਉਮਰ ਦੇਖ ਕੇ ਕੁਝ ਉਦਾਸੀ ਹੋਈ। ਉਸ ਵਕਤ ਮੁੰਜ ਨੇ ਇਹ ਦੂਹਾ ਉਚਾਰਿਆ:

ਮੁੰਜ ਭਣਇ ਮੁਣਾਲਵਇ, ਜੁੱਬਣ ਗਇਉ ਨ ਝੂਰਿ
ਜਇ ਸੱਕਰ ਸਇ ਖੰਡ ਥਿਯ, ਤੋ ਇਸ ਮੀਠੀ ਚੂਰਿ।

ਮੁੰਜ ਕਹਿੰਦਾ ਹੈ: 'ਹੇ ਮ੍ਰਿਣਾਲਵਤੀ! ਗਈ ਜੁਆਨੀ ਦੀ ਚਿੰਤਾ ਮਤ ਕਰ। ਜੇ ਸ਼ੱਕਰ ਦੇ ਸੌ ਟੋਟੇ ਵੀ ਹੋ ਜਾਣ ਤਾਂ ਉਹ ਚੂਰ ਚੂਰ ਹੋਈ ਵੀ ਮਿੱਠੀ ਹੀ ਰਹਿੰਦੀ ਹੈ।'

ਝਾਲੀ ਤੁਟੀ ਕਿੰਨ ਮੁਉ, ਕਿੰਨ ਹੁਯਉ ਛਾਰ ਪੁੰਜ
ਹਿੰਡਇ ਦੋਰੀਬੰਧੀਅਉ, ਜਿਸ ਮੰਕੜ ਤਿਮ ਮੁੰਜ।

ਅੱਗ ਵਿਚ ਜਲ ਕੇ ਜਾਂ ਫਾਂਸੀ ਦੀ ਰੱਸੀ ਟੁੱਟ ਕੇ ਮੈਂ ਕਿਉਂ ਨਾ ਮਰ ਗਿਆ ? ਭਸਮ ਕਿਉਂ ਨਾ ਹੋ ਗਿਆ। ਰੱਸੀ ਨਾਲ ਬੰਨ੍ਹਿਆ ਜਿਵੇਂ ਬਾਂਦਰ ਨੱਚਦਾ ਫਿਰਦਾ ਹੈ, ਤਿਵੇਂ ਮੁੰਜ ਭਟਕਦਾ ਫਿਰਦਾ ਹੈ।

ਭੋਲੀ ਮੁੰਧਿ ਮਾ ਗੱਬੁ ਕਰਿ, ਪਿਖਵਿ ਪੜੂ ਗੁਪਾਂਇ
ਚਉਦਸਇ ਸਇਂ ਛਹੁਤਰਖੁੰ, ਮੁੱਜਹ ਗਯਹ ਗਯਾਹਿਂ।

ਇਕ ਵੇਰ ਮੁੰਜ ਕਿਸੇ ਗਲੀ ਵਿਚ ਮੰਗਦਾ ਲੰਘ ਰਿਹਾ ਸੀ। ਉਸ ਦੇ ਹੱਥ ਵਿਚ ਪੱਤਿਆਂ ਦਾ ਡੂਨਾ ਸੀ। ਕਿਸੇ ਜ਼ਨਾਨੀ ਨੇ ਉਸ ਨੂੰ ਲੱਸੀ ਤਾਂ ਪਿਲਾ ਦਿੱਤੀ ਪਰ ਭਿੱਖਿਆ ਨਾ ਦਿੱਤੀ। ਉਸ ਸਮੇਂ ਮੁੰਜ ਨੇ ਕਿਹਾ:

ਹੇ ਭੋਲੀ ਮੁਗਧੇ! ਹੰਕਾਰ ਨ ਕਰ, ਮੇਰੇ ਹਥ ਵਿਚ ਡੂਨਾ ਦੇਖ ਕੇ।
ਮੁੰਜ ਦੇ ਪੂਰੇ ਚੌਦਾਂ ਸੌ ਛਿਹੱਤਰ ਹਾਥੀ ਚਲੇ ਗਏ
ਜਾ ਮੁੰਜ ਮਤਿ ਪਛਇ ਸੰਪਜਇ, ਸਾ ਮਤਿ ਪਹਿਲੀ ਹੋਇ
ਮੁੰਜ ਭਣਇ ਮੁਣਾਲਵਇ! ਵਿਘਨ ਨ ਵੇਢਇ ਕੋਇ।

ਹੇ ਮ੍ਰਿਣਾਲਵਤੀ! ਜੋ ਮਤ ਪਿੱਛੋਂ ਜਾ ਕੇ ਆਉਂਦੀ ਹੈ, ਜੇ ਪਹਿਲਾਂ ਹੀ ਆ ਜਾਵੇ ਤਾਂ ਫਿਰ ਕੋਈ ਵਿਘਨ ਆ ਕੇ ਘੇਰਾ ਨਹੀਂ ਪਾਉਂਦਾ।

ਸਾਇਰ ਖਾਈ, ਲੰਕ ਗਢ, ਗਢਵਾਇ ਦਹਸਿਰ ਰਾਉ
ਭੱਗ ਖਯ ਸੋ ਭਜਿ ਗਇ, ਮੁੰਜਮ ਕਰਿ ਵਿਸਾਉ।

ਸਮੁੰਦਰ ਦੀ ਖਾਈ, ਲੰਕਾ ਵਰਗੇ ਗੜ੍ਹ ਵਾਲਾ ਰਾਵਣ ਭਾਗਾਂ ਦੇ ਖੈ ਹੋਣ 'ਤੇ ਖ਼ਤਮ ਹੋ ਗਿਆ, ਇਸ ਲਈ ਹੇ ਮੁੰਜ! ਬਹੁਤਾ ਇਨ੍ਹਾਂ ਚੀਜ਼ਾਂ 'ਤੇ ਭਰੋਸਾ ਨਾ ਕਰ।

ਬਾਂਹ ਬਿਛੋੜਵਿ ਜਾਹਿ ਤੁੰਹ, ਹਉ ਤੇਵੰਇ ਕੋ ਦੋਸੁ
ਹਿਅਇਠਿਇ ਜਹਿ ਨੀਸਰਹਿ; ਜਾਣਉ ਮੁੰਜ ਸਰੋਸੁ।

ਤੁਸੀਂ ਬਾਂਹ ਛੁਡਾ ਕੇ ਤਾਂ ਚਲੇ ਚੱਲੇ ਹੋ, ਮੈਂ ਦੋਸ਼ ਕੀ ਦੇ ਸਕਦਾ ਹਾਂ। ਹਾਂ, ਜੇਕਰ ਮੇਰੇ ਦਿਲ ਵਿੱਚੋਂ ਵੀ ਭੱਜ ਜਾਓ, ਫਿਰ ਮੈਂ ਸਮਝਾਂਗਾ ਕਿ ਤੂੰ ਗ਼ੁੱਸੇ ਹੈਂ।

ਰਾਜਾ ਭੋਜ ਦੇ ਦਰਬਾਰੀ ਕਵੀ ਦੀ ਰਚਨਾ

ਕਾਣ ਵਿ ਬਿਰਹ ਕਰਾਲਇੰ, ਪਇ ਉਡਾਵਿ ਯਉ ਵਰਾਉ
ਸਹਿ ਅਚੱ ਭੂਉ ਦਿਠ ਮਇੰ, ਕੰਠ ਵਿਲਲਇ ਕਾਉ।

ਕਿਸੇ ਬਿਰਹਣੀ ਨੇ ਪਹਿਲੇ ਤਾਂ ਖਿੱਝ ਕੇ ਪਤੀ ਨੂੰ ਤੋਰ ਦਿੱਤਾ, ਫਿਰ ਪਛਤਾ ਕੇ ਕਹਿਣ ਲੱਗੀ : ਹੇ ਸਖੀ! ਮੈਂ ਹੈਰਾਨ ਹਾਂ, ਹੁਣ ਮੈਂ ਕਿਸ ਦੇ ਕੰਠ ਦਾ ਸਹਾਰਾ ਲਵਾਂ ?

ਨਵ ਜਲ ਭਰੀਆ ਮੱਗੜਾ, ਗਜਣਿ ਧੜ ਕਈ ਮੇਹ
ਇਥੰਤਰਿ ਜਹਿ ਆਵਸਿਇ, ਤਉ ਜਾਣੀਸਿਸਿ ਨੇਹੁ।

ਰਾਹ ਨਵੇਂ (ਬਰਸਾਤੀ) ਪਾਣੀ ਨਾਲ ਭਰੇ ਪਏ ਹਨ, ਅਸਮਾਨ ਵਿਚ ਬੱਦਲ ਗੜ੍ਹਕਦਾ ਹੈ। ਇਸ ਵੇਲੇ ਜੇ ਤੂੰ ਆਵੇਂ ਤਾਂ ਪ੍ਰੇਮ ਸਮਝਿਆ ਜਾਏਗਾ।

ਮਾਣੂਸੜਾ ਦਸ ਦਸ ਦਸਾ, ਸੁਨਿਅਇ ਲੋਅ ਪ੍ਰਸਿੱਧ
ਮਇ ਕੰਤਹਿ ਇੱਕਜ ਦਸਾ, ਅਵਰਿ ਤੇ ਚੋਰਹਿੰ ਲਿਧ।

ਮਨੁੱਖ ਦੀਆਂ ਦਸ ਦਸ ਹਾਲਤਾਂ ਲੋਕ-ਪ੍ਰਸਿੱਧ ਸੁਣੀਆਂ ਜਾਂਦੀਆਂ ਹਨ, ਮੇਰੇ ਕੰਤ ਦੀ ਇੱਕੋ ਦਸ਼ਾ ਹੈ—ਦਰਿੱਦਰਤਾ। ਮਾਲੂਮ ਹੁੰਦਾ ਹੈ, ਦੂਜੀਆਂ ਸਭ ਚੋਰਾਂ ਨੇ ਚੁਰਾ ਲਈਆਂ ਹਨ।

ਕਸੁ ਕਰੁਰੇ ਪੁਤ੍ਰ ਕਲਤ੍ਰ ਧੀ, ਕਸੁ ਕਰੁ ਰੇ ਕਰਸਣ ਵਾੜੀ
ਏਕਲਾ ਆਇਬੋ ਏਕੇਲਾ ਜਾਇਬੋ, ਹਾਥ ਪਗ ਵੇ ਝਾੜੀ।

ਇਹ ਪੁੱਤ ਧੀਆਂ ਕਿਸ ਦੇ ਹਨ? ਖੇਤੀ ਬਾਗ਼ ਬਗੀਚੇ ਕਿਸ ਦੇ ਹਨ? ਇਕੱਲਿਆਂ ਆਉਣਾ ਤੇ ਇਕੱਲਿਆਂ ਜਾਣਾ ਤੇ ਜਾਣਾ ਵੀ ਹੱਥ ਪੈਰ ਝਾੜ ਕੇ ਹੈ।

ਆਪਣ ਪਇ ਪ੍ਰਭੂ ਹੋਇਅੰ, ਕੈ ਪ੍ਰਭੂ ਕੀਜਈ ਹਾਥਿ
ਕਜੁ ਕਰਿਵਾ ਮਾਣੂਸਹ, ਬੀਜਉ ਮਾਗੁ ਨ ਆਥਿ।

ਜਾਂ ਤਾਂ ਆਪ ਸਮਰੱਥ ਹੋਵੇ ਜਾਂ ਕਿਸੇ ਸਮਰੱਥ ਦੇ ਹੱਥ ਦੇਵੇ। ਕੰਮ ਕਰਨ ਲਈ ਮਨੁੱਖਾਂ ਵਾਸਤੇ ਕੋਈ ਹੋਰ ਦੂਜਾ ਰਾਹ ਨਹੀਂ ਹੈ।

ਨਵਿ ਮਾਰੀਅਏ ਨਵਿ ਚੋਰੀਅਇ, ਪਰਦਾਰ ਗਮਣ ਨਿਵਾਰਅਇ
ਥੋਵਾ ਬਿਹੁ ਥੋਵੰ ਦਾਇ ਯਏ, ਇਮ ਸੀਗੱ ਟਗਮਗੁ ਜਾਈਅਇ।

ਨਾ ਕਿਸੇ ਨੂੰ ਮਾਰੀਏ, ਨਾ ਚੋਰੀ ਕਰੀਏ, ਪਰ-ਇਸਤ੍ਰੀ ਗਮਨ ਵੀ ਛੱਡ ਦੇਈਏ। ਥੋੜ੍ਹੇ ਤੋਂ ਥੋੜ੍ਹਾ ਦਾਨ ਵੀ ਜ਼ਰੂਰ ਕਰੀਏ, ਇਉਂ ਝਟਪਟ ਸੁਰਗ ਨੂੰ ਜਾਈਦਾ ਹੈ।

ਸੋਮਪ੍ਰਭੁ ਸੂਰੀ

ਮਾਣਿ ਪਣਠਇ ਜਇ ਨ ਤਣੁ, ਤੋ ਦੇਸੜਾ ਚਇੱਜ
ਮਾ ਦੁੱਜਨ ਕਰ ਪਲਵਿਹਿੰ, ਦੰਸਿਜੰਤੁ ਭਮਿੱਜ।

ਜੇ ਮਾਨ ਭੰਗ ਹੋਵੇ ਤਾਂ ਸਰੀਰ ਤਿਆਗ ਦੇਣਾ ਚਾਹੀਏ। ਜੇ ਸਰੀਰ ਨਾ ਤਿਆਗਣਾ ਹੋਵੇ ਤਾਂ ਦੇਸ-ਤਿਆਗ ਤਾਂ ਜ਼ਰੂਰੀ ਹੈ। ਦੁਰਜਨਾਂ ਦੇ ਹੱਥਾਂ ਵਿਚ ਮੱਤ ਖੇਡੋ।

ਤੀਅਹ ਤਿੰਨੀ ਪਿਆਰਾਇੰ, ਕਲੀ ਕੱਜਲ ਸਿੰਦੂਰ
ਅਨਇ ਤਿੰਨੀ ਪਿਆਰਇੰ, ਦੁਧੁ ਜੰਵਾਇ ਊ ਤੂਰੁ।

ਇਸਤ੍ਰੀਆਂ ਨੂੰ ਤਿੰਨ ਚੀਜ਼ਾਂ ਪਿਆਰੀਆਂ ਹਨ—ਝਗੜਾ, ਕੱਜਲ ਤੇ ਸੰਧੂਰ। ਹੋਰਾਂ ਨੂੰ ਤਿੰਨ ਇਹ ਚੀਜ਼ਾਂ ਪਿਆਰੀਆਂ ਹਨ—ਦੁੱਧ, ਜੁਆਈ ਤੇ ਵਾਜਾ।

ਕਾਣਣ ਸਿਰਿ ਸੋਹਇ ਅਰੁਣ, ਨਵ ਪੱਲਵ ਪਰਿਣਧ
ਨੰ ਰੱਤੰ, ਸੁਯ ਪਾਵਰਿਯ, ਮਹੁ ਪਿਯਤਮ ਸੰਬਧ।

ਲਾਲ ਲਾਲ ਨਵੇਂ ਪੱਤਿਆਂ ਨਾਲ ਕੱਜੀ ਹੋਈ ਜੰਗਲ ਦੀ ਸ਼ੋਭਾ ਕੈਸੀ ਫਬ ਰਹੀ ਹੈ। ਮਾਨੋ ਸੂਹੇ ਸਾਲੂ ਵਿਚ ਸਜੀ ਬਸੰਤ ਰੂਪੀ ਸੁੰਦਰੀ ਪ੍ਰੀਤਮ ਨਾਲ ਲੱਗ ਰਹੀ ਹੈ।

ਵੇਸ ਵਿਸਿਠਇ ਵਾਰਿ ਯਇ, ਜਇ ਵਿ ਮਣੋਹਰ ਗੱਤ
ਗੰਗਾ ਜਲ ਪਖਾਲਿਯ, ਵਿ ਸੁਣਿਹਿ ਕਿ ਹੋਇ ਪਵਿੱਤ।

ਵਿਸ਼ੇਸ਼ ਵੇਸ ਵਾਲੇ ਤੋਂ ਬਚੋ, ਭਾਵੇਂ ਸਰੀਰ ਸੁੰਦਰ ਵੀ ਹੋਵੇ। ਗੰਗਾ ਵਿਚ ਨ੍ਹਾਤੀ ਕੁੱਤੀ ਕਦੇ ਪਵਿੱਤਰ ਨਹੀਂ ਹੁੰਦੀ।

ਪਿਯ: ਹਉਂ ਥੱਕਇ ਸਯਲੁ ਦਿਣੁ, ਤੁਹ ਬਿਰਹੱਮ ਕਿਲੰਤ
ਥੋੜਇ ਜਲ ਜਿਮ ਮੱਛਲਇ, ਤਲੋਵਿਲਿ ਕਰੰਤ।

ਹੇ ਪ੍ਰੀਤਮ! ਮੈਂ ਸਾਰਾ ਦਿਨ ਤੇਰੇ ਬਿਰਹੁੰ ਦੀ ਅੱਗ ਵਿਚ ਸੜਦੀ ਰਹੀ, ਜਿਵੇਂ ਥੋੜ੍ਹੇ ਪਾਣੀ ਵਿਚ ਮੱਛੀ ਤਿਲਮਿਲਾਉਂਦੀ ਹੈ।

ਮਇੰ ਜਾਣਿਅਉ ਪਿਯ ਬਿਰਹਇਉ, ਕਵਿ ਧਰ ਹੋਇ ਬਿਆਲਿ
ਨਵਰਿ ਮਯੰਕੁ ਵਿ ਤਹ ਤਵਇ, ਜਹ ਦਿਣੀਅਰੁ ਖਯ ਕਾਲਿ।

ਮੈਂ ਸਮਝਿਆ ਸੀ ਕਿ ਪ੍ਰੀਤਮ-ਬਿਰਹਣੀ ਨੂੰ ਕਿਵੇਂ ਰਾਤ ਨੂੰ ਟੇਕ ਆਵੇਗੀ, ਪਰ ਰਾਤ ਦਾ ਚੰਦ ਵੀ ਪਰਲੋ ਦੇ ਸੂਰਜ ਵਾਂਗ ਤਪ ਰਿਹਾ ਹੈ।

ਅੱਜ ਵਿਹਾਣਉ ਅਜ ਦਿਣੁ, ਅਜ ਸੁਵਾਉ ਪਵੱਤੁ
ਅਜ ਗਲ ਖਿਉ ਸਯਲੁ ਦੁਹ, ਜੰ ਤੁਹੁ ਮਹਿ ਘਰਿ ਪੱਤੁ।

ਅੱਜ ਸਵੇਰਾ ਹੋਇਆ, ਮੇਰੇ ਲਈ ਅੱਜ ਦਿਨ ਚੜ੍ਹਿਆ ਤੇ ਜਦ ਹਵਾ ਚੱਲੀ ਤਾਂ ਅੱਜ ਮੈਂ ਸਾਰੇ ਦੁੱਖ ਨੂੰ ਗਲ-ਹੱਥਾ ਦੇ ਕੇ ਕੱਢ ਦਿੱਤਾ ਜਦੋਂ ਕਿ ਤੂੰ ਮੈਨੂੰ ਪ੍ਰਾਪਤ ਹੋ ਗਿਆ, ਘਰ ਆ ਗਿਆ।

ਪੁਤ ਜੁ ਰੰਜਾਇ ਜਣਯਮਣ, ਥੀ ਆਰਾਹਇ ਕੰਤੁ
ਭਿੱਚੁ ਪਸੰਨੁ ਕਰਇ ਪਹੁ, ਇਹੁ ਭੱਲਿਮ ਪਜੰਤੁ।

ਪੁੱਤ ਉਹ ਜੋ ਪਿਤਾ ਦਾ ਮਨ ਖ਼ੁਸ਼ ਕਰੇ, ਇਸਤ੍ਰੀ ਉਹ ਜੋ ਕੰਤ ਨੂੰ ਅਰਾਧੇ, ਯਾਦ ਰੱਖੇ। ਨੌਕਰ ਉਹ ਜੋ ਆਪਣੇ ਸੁਆਮੀ ਨੂੰ ਪ੍ਰਸੰਨ ਕਰੇ। ਇਹ ਸਭ ਭਲਾਈ ਨੂੰ ਪ੍ਰਾਪਤ ਹੁੰਦੇ ਹਨ।

ਮਰਗਯ ਵੰਨਹ ਪਿਯਹ ਉਰ, ਪਿਯ ਚੰਪਯਪਹ ਦੇਹ
ਕਸਵੱਟਇ ਦਿਨਿਯ ਸਹਇ, ਨਾਇ ਸੁਵੰਨਹ ਰੇਹ।

ਮਰਕਤ ਵਰਨ ਦੇ (ਸਾਉਲੇਹ ਪੀਆ) ਦੀ ਛਾਤੀ 'ਤੇ ਚੰਪਾ ਦੀ ਸੋਭਾ ਵਾਲੀ ਸੁੰਦਰੀ ਇਉਂ ਲੇਟੀ ਪਈ ਹੈ, ਜਿਵੇਂ ਕਸਵੱਟੀ 'ਤੇ ਸੋਨੇ ਦੀ ਰੇਖਾ ਹੁੰਦੀ ਹੈ।

ਚੂੜਉ ਚੁੰਨੀ ਹੋਇਸਇ, ਮੁਧਿ ਕਵੋਲਿ ਨਿਹਿਤੁ
ਸਾਸਾਨਲਿਣ ਲੁਲਕਿਯਉ ਵਾਹ ਸਲਿਲ ਸੰਸਿਤੁ।

ਹੇ ਮੁੰਧੇ ! ਕਲੋਪਾਂ 'ਤੇ ਰੱਖਿਆ ਹੋਇਆ ਚੂੜਾ ਤੇਰੇ ਹੌਕਿਆਂ ਦੀ ਅੱਗ ਨਾਲ ਤੇ ਵਹਿੰਦੇ ਤੱਤੇ ਹੰਝੂਆਂ ਨਾਲ ਚੂਰ-ਚੂਰ ਹੋ ਜਾਵੇਗਾ।

ਜੇ ਪਰਦਾਰ ਪਰੰਮੁਹਾ ਤੇ ਵੁਚਹਿੰ ਨਰਸੀਹ
ਜੇ ਪਰਿ ਰੰਭਹਿ ਪਰ ਰਮਣਿ, ਤਾਹਿੰ ਫੁਸਿਜਇ ਲੀਹ।

ਜੋ ਪਰ-ਇਸਤ੍ਰੀ ਤੋਂ ਪਰ੍ਹੇ ਮੁੱਖ ਰੱਖਦੇ ਹਨ, ਉਹ ਕਹੇ ਜਾਂਦੇ ਹਨ—ਸ਼ੇਰ ਆਦਮੀ। ਜੋ ਪਰ-ਇਸਤ੍ਰੀਆਂ ਭੋਗਦੇ ਹਨ, ਉਨ੍ਹਾਂ ਦੀ ਪੂਛ ਕੱਟੀ ਜਾਂਦੀ (ਰਹਿੰਦੀ) ਹੈ।

ਅੰਮੇ ਥੋੜਾ ਰਿਉ ਬਹੁਯ, ਇਉਂ ਕਾਇਰ ਚਿੰਤੰਤਿ
ਮੁਧਿ ਨਿਹਾਲਹਿ ਗਯਣਯਲੁ, ਕਇ ਉਜੋਉ ਕਰੰਤਿ।

'ਅਸੀਂ ਥੋੜ੍ਹੇ ਹਾਂ, ਵੈਰੀ ਬਹੁਤੇ ਹਨ', ਇਉਂ ਕਾਇਰ ਹੀ ਸੋਚਦੇ ਹਨ। ਹੇ ਮੁੰਧੇ! ਅਕਾਸ਼ ਵੱਲ ਤੱਕ। ਪ੍ਰਕਾਸ਼ ਕੌਣ ਕਰਦਾ ਹੈ, ਇਕ ਚੰਦ ਜਾਂ ਬਹੁ ਤਾਰੇ ?

ਸੋ ਜਿ ਵਿਅੱਖਣੁ ਅੱਖਿਆਇ, ਛਜਇ ਸੋਜਿ ਛਇਲੁ
ਉਪਰ ਪਠਿਓ ਪਹਿ ਠਵਇ, ਚਿਤੁ ਜੁ ਨੇਹ ਗਹਿਲੁ।

ਉਹੋ ਜੀਅ ਸਿਆਣਾ ਕਿਹਾ ਜਾਂਦਾ ਹੈ, ਉਹੋ ਸੋਭਦਾ ਹੈ, ਉਹੋ ਭੈੜੇ ਮਾਰਗ 'ਤੇ ਚੱਲਦੇ ਨੂੰ ਠੀਕ ਰਾਹ 'ਤੇ ਲਿਆਉਂਦਾ ਹੈ, ਜੋ ਪ੍ਰੇਮ ਦਾ ਮਤਵਾਲਾ ਹੋਵੇ।

ਜੰ ਮਣੁ ਮੂਢਹ ਮਾਣੁਸਹ, ਵੰਛਹਿ ਦੁਲਹ ਵੱਥੁ
ਤੰ ਸਸਿ ਮੰਡਲ ਗਹਣ ਕਿਹਿੰ, ਗਯਣਿ ਪਸਾਰਇ ਹੱਥੁ।

ਮਨੁੱਖ ਦਾ ਮੂਰਖ ਮਨ ਜਦੋਂ ਦੁਰਲੱਭ ਚੀਜ਼ਾਂ ਦੀ ਇੱਛਾ ਕਰਦਾ ਹੈ, ਉਹ ਇਉਂ ਹੀ ਹੈ ਜਿਵੇਂ ਕੋਈ ਚੰਦ ਪਕੜਨ ਲਈ ਅਸਮਾਨ ਵੱਲ ਹੱਥ ਪਸਾਰੇ।

ਹੇਮ ਚੰਦ੍ਰ

ਰੇ ਮਨ! ਕਰਸਿ ਕਿ ਆਲਡੀ, ਵਿਸ ਯਾ ਅਛਹੁ ਦੂਰਿ
ਕਰਵਇ ਅਛਹ ਰੁੰਧਿਅਇੰ, ਕਵਉਂ ਖ਼ਿਵ ਫਲ ਭੂਰਿ।

ਹੇ ਮਨ! ਤੂੰ ਆਲਸ ਕਿਉਂ ਕਰਦਾ ਹੈਂ? ਵਿਸ਼ਿਓ! ਤੁਸੀਂ ਮੈਥੋਂ ਦੂਰ ਰਹੋ। ਹੇ ਕੰਨੋਂ! ਤੁਸੀਂ ਰੁਕੇ ਹੋਏ ਰਹੋ ਤਾਂਕਿ ਮੈਂ ਸ਼ਿਵ ਫਲ–ਮੁਕਤੀ ਪਾ ਲਵਾਂ।

ਤੇ ਧੰਨਾ ਕੰਨੁਲੜਾ, ਹਿਅਉਲਾ ਤਿ ਕਯੱਥ
ਜੋ ਖਣਿ ਖਣਿਵਿ ਨਵੁਲਡਅ, ਘੁੰਟਹਿ ਧਰਹਿਂ ਸੁਅੱਥੁ।

ਉਹ ਕੰਨ ਧੰਨ ਹਨ, ਉਹ ਹਿਰਦਾ ਕਿਰਤਾਰਥ ਹੈ ਜੋ ਛਿਨ ਛਿਨ ਨਵੇਂ ਸ੍ਰੇਸ਼ਟ ਅਰਥਾਂ ਦੇ ਘੁਟ ਪੀਂਦਾ ਤੇ ਧਾਰਨ ਕਰਦਾ ਹੈ।

ਢੋਲਾ। ਮਇਂ ਤੁ ਹੁੰ ਵਾਰਿਆ, ਮਾ ਕੁਰ ਦੀਹਾ ਮਾਣੁ
ਨਿੱਦਏ ਗਮਈ ਰੱਤੜੀ, ਦੜਵੜ ਹੋਇ ਵਿਹਾਣੁ।

ਢੋਲ! ਮੈਂ ਤੇਥੋਂ ਸਦਕੇ ਜਾਂਦੀ ਹਾਂ। ਬਾਹਲਾ ਮਾਣ ਨਾ ਕਰ, ਰਾਤ ਨੀਂਦ ਵਿਚ ਲੰਘ ਜਾਏਗੀ ਤੇ ਝੱਟਪਟ ਸਵੇਰਾ ਹੋ ਜਾਵੇਗਾ।

ਬਿਟੀਏ! ਮਇਂ ਭਣਿਯ ਤੁੰਹ, ਮਾ ਕੁਰੁ ਬੰਕੀ ਦਿਠਿ
ਪੁਤਿ ਸਕੰਣੀ ਭੱਲਿ ਜਿੰਵ, ਮਾਰਇ ਹਿਅਇ ਪਵਿਠਿ।

ਮੈਂ ਤੈਨੂੰ ਆਖਦੀ ਹਾਂ: 'ਬੇਟੀ! ਆਪਣੀ ਨਜ਼ਰ ਬਾਂਕੀ ਮਤ ਕਰ! ਇਹ ਨਜ਼ਰ ਨੁਕੀਲੇ ਭਾਲੇ ਵਾਂਗ ਹਿਰਦੇ ਨੂੰ ਚੀਰ ਸੁੱਟਦੀ ਹੈ।'

ਏਇ ਤਿ ਘੋੜਾ ਏਹ ਥਲਿ, ਏਹ ਤਿ ਨਿਸੀਆ ਖੱਗ
ਏਥੁ ਮੁਣੀਸਮ ਜਾਣੀਅਇ, ਜੋ ਨਵ ਵਾਲਇ ਵੱਗ।

ਏਹੋ ਘੋੜੇ ਹਨ, ਇਹੋ ਰਣਭੂਮੀ ਤੇ ਇਹੋ ਤਿੱਖੀ ਤਲਵਾਰ ਹੈ, ਜਿਥੇ ਸੂਰਮੇ ਦੀ ਮਰਦਾਨਗੀ ਜਾਣੀ ਜਾਂਦੀ ਹੈ, ਜੋ ਇਥੋਂ ਵਾਗਾਂ ਨ ਵਲਾਵੇ (ਮੋੜੇ)।

ਅੰਗਹਿ ਅੰਗ ਨ ਮਿਲਿਅਉ ਹਲਿ ਅਹਰੇਂ ਅਹਰੁ ਨ ਪਤੁ
ਪਿਯ ਜੋਅੰਤਿਹੇ ਮੁਹ ਕਮਲ, ਏਂਵਇ ਸੁਰਉ ਸਮਤੁ।

ਹੇ ਸਖੀ! ਨਾ ਅੰਗ ਨਾਲ ਅੰਗ ਮਿਲਾਇਆ, ਨਾ ਅਧਰ ਨਾਲ ਅਧਰ। ਪ੍ਰੀਤਮ ਦਾ ਮੁੱਖ ਕੰਵਲ ਦੇਖਦਿਆਂ ਹੀ ਸਾਡਾ ਵਸਲ ਸੰਪੂਰਣ ਹੋ ਗਿਆ।

ਜੇ ਮਹੁ ਦਿੰਣਾ ਦਿਹਅੜਾ, ਦਇਏਂ ਪਵਸੰਤੇਣ
ਤਾਣ ਗਣੰਤਿਏ ਅੰਗਲਿਉ, ਜਜਰਿਅਉ ਨਹੇਣ।

ਪਤੀ ਨੇ ਜੋ ਪਰਦੇਸ ਜਾਂਦਿਆਂ ਦਿਨ ਦਿੱਤੇ ਸਨ, ਉਨ੍ਹਾਂ ਦੀ ਗਿਣਤੀ ਕਰਦਿਆਂ ਕਰਦਿਆਂ ਉਂਗਲੀਆਂ ਨਹੁੰਆਂ ਤਕ ਜਰਜਰੀਆਂ ਹੋ ਗਈਆਂ ਹਨ।

ਸਾਇਰੁ ਉਪਰਿ ਤਣੁ ਧਰਇ, ਤਲਿ ਘੱਲਇ ਰਯਣਾਇ
ਸਾਮਿ ਸੁਭਿਚੁਵਿ ਪਰਿਹਰਇ, ਸੰਮਾਣੇਇ ਖਲਾਇਂ।

ਸਾਗਰ ਉਪਰ ਤਾਂ ਤ੍ਰਿਣਾਂ ਕੱਖਾਂ ਨੂੰ ਤਰਾ ਕੇ ਰੱਖਦਾ ਹੈ ਤੇ ਰਤਨਾਂ ਨੂੰ ਹੇਠ ਘੱਲ ਦੇਂਦਾ ਹੈ। ਸੁਆਮੀ ਚੰਗੇ ਸੇਵਕ ਨੂੰ ਛੱਡੀ ਜਾਂਦਾ ਹੈ ਤੇ ਮੂਰਖਾਂ ਨੂੰ ਸਨਮਾਨ ਦੇਂਦਾ ਹੈ।

ਗੁਣਹਿਂ ਨ ਸੰਪਇ ਕਿੱਤਿਪਰ, ਫਲ ਲਿਹਿਆ ਭੁਜੰਤਿ
ਕੇਸਰਿ ਨ ਲਹਈ ਬੋਡਿਅਵਿ, ਗਯ ਲੱਖੇਹਿਂ ਘੇਪੰਤਿ।

ਗੁਣਾਂ ਨਾਲ ਸੰਪੱਤੀ ਨਹੀਂ ਮਿਲਦੀ, ਕੀਰਤੀ ਭਾਵੇਂ ਮਿਲ ਜਾਵੇ। ਸਭ ਆਪਣਾ ਲਿਖਿਆ ਕਰਮ-ਫਲ ਹੀ ਭੋਗਦੇ ਹਨ। ਸ਼ੇਰ ਦੀ ਕੋਈ ਕੌਡੀ ਕੀਮਤ ਨਹੀਂ ਪਾਉਂਦਾ, ਹਾਥੀ ਲੱਖਾਂ ਨੂੰ ਵਿਕਦੇ ਹਨ।

ਜੋ ਗੁਣ ਗੋਵਇ ਅਾਪਣਾ, ਪਯਿਡਾ ਕਰ ਇਪਰਸ
ਤਸੁ ਹਉ ਕਲਿਜੁਗਿ ਦੁੱਲ ਹੇ, ਬਲਿ ਕਿਜਉਂ ਸੁਅਣਸੁ।

ਜੋ ਆਪਣੇ ਗੁਣ ਛੁਪਾਉਂਦਾ ਤੇ ਦੂਜੇ ਦੇ ਗੁਣ ਪ੍ਰਗਟ ਕਰਦਾ ਹੈ, ਕਲਜੁਗ ਵਿਚ ਐਸੇ ਦੁਰਲੱਭ ਸੱਜਣ ਪੁਰਸ਼ ਦੇ ਮੈਂ ਬਲਿਹਾਰ ਜਾਂਦਾ ਹਾਂ।

ਧਵਲੁ ਵਿਸੂਰਇ ਸਾਮਿਅਹੋ, ਗਰੂਆ ਭਰੁ ਪਿਖੇਵਿ
ਹਉਂ ਕਿਉਂ ਨ ਜੁਤਉਂ ਦੁਹੁੰ ਦਿਸਿਹਂ, ਖੰਡਇੰ ਦੋਣਿ ਕਰੇਵਿ।

ਕਿਸੇ ਕਿਸਾਨ ਸੁਆਮੀ ਦਾ ਧੌਲ-ਬਲਦ ਜ਼ਿਆਦਾ ਭਾਰ ਦੇਖ ਕੇ ਝੂਰਦਾ ਹੈ ਕਿ ਮੈਂ ਹੀ ਦੋ ਟੋਟੇ ਹੋ ਕੇ ਦੋਹੀਂ ਪਾਸੀਂ ਕਿਉਂ ਨਹੀਂ ਜੋੜਿਆ ਗਿਆ। (ਇਕ ਪਾਸੇ ਕੋਈ ਮਰੀਅਲ ਬੈਲ ਜੁੜਿਆ ਹੋਇਆ ਹੈ। ਸੁਆਮੀ ਭਗਤ ਬੈਲ ਦੋਹੀਂ ਪਾਸੀਂ ਜੁੜ ਕੇ ਸੁਆਮੀ ਲਈ ਆਪਣਾ ਸਭ ਕੁਝ ਨਿਛਾਵਰ ਕਰਨਾ ਚਾਹੁੰਦਾ ਹੈ)।

ਵਿਪਿਅ ਆਰਉ ਜਇਵਿ ਪਿਉ ਤੋਵਿ ਤੰ ਆਣਹਿ ਅੱਜੁ
ਅੱਗਿਣ ਕਢਾ ਜਇਵਿ ਘਰੁ, ਤੋ ਤੇਂ ਅਗਿੰ ਕਜੁ।

ਚਾਹੇ ਉਹ ਦੁਪਿਆਰਾ ਹੈ ਜਾਂ ਪਿਆਰਾ, ਫਿਰ ਭੀ ਉਸ ਨੂੰ ਅੱਜ ਘਰ ਜ਼ਰੂਰ ਲਿਆ। ਭਾਵੇਂ ਅੱਗ ਨੇ ਘਰ ਦਾਹ ਦਿੱਤਾ ਹੋਵੇ ਫਿਰ ਵੀ ਉਸ ਤਕ ਕੰਮ ਪੈਂਦਾ ਹੈ।

ਜਿਵੇਂ ਜਿਵੇਂ ਬੰਕਿਮ ਲੋਅਣਹਂ, ਣਿਰੁ ਸਾਮਲਿ ਸਿਖੇਇ
ਤਿਵੇਂ ਤਿਵੇਂ ਵੰਮਹੁ ਨਿਅਯ ਸਰੁ, ਖਰ ਪਥਰਿ ਤਿਖੇਇ।

ਜਿਉਂ ਜਿਉਂ ਸਾਂਵਲ ਸੁੰਦਰੀ, ਬਾਂਕੇ ਨੈਣਾਂ ਤੋਂ ਕਟਾਖਯ ਸਿੱਖਦੀ ਹੈ, ਤਿਉਂ ਤਿਉਂ ਕਾਮ ਦੇਵ ਆਪਣੇ ਤੀਰਾਂ ਨੂੰ ਪੱਥਰ ਉੱਤੇ ਤਿੱਖਿਆਂ ਕਰਦਾ ਹੈ।

ਸੰਗਰ ਸਏਹਿੰ ਜੁ ਵਣਿਅਇ, ਦੇਖੁ ਅੰਮ੍ਹਾਰਾ ਕੰਤੁ
ਅਇ ਮੱਤਹੰ ਚਤੰ ਕੁਸਹੰ, ਗਯ ਕੁੰਭਇੰ ਦਾਰੰਤੁ।

ਲੜਾਈਆਂ ਪੈਣ 'ਤੇ ਸਾਡਾ ਕੰਤ ਮਸਤ ਹਾਥੀਆਂ ਦੇ ਕੁੰਭਾਂ ਨੂੰ ਭੰਨ ਰਿਹਾ ਹੈ।

ਅੰਨ ਜੁ ਤੁਛਉਂ ਤਹੇ ਧਣਹੇ, ਤੰ ਅਖਣਹ ਨ ਜਾਇ
ਕਟਰਿ ਥਣੰਤਰੁ ਮੁਧਬਹੇ, ਜੇ ਮਣੁ ਵਿਚਿ ਨ ਮਾਇ।

ਬਿਰਹੁ ਵਿਚ ਕਮਜ਼ੋਰ ਹੋਈ ਉਸ ਨਾਇਕਾ ਦੀ ਤੁੱਛਤਾ ਨੂੰ ਦੱਸਿਆ ਨਹੀਂ ਜਾ ਸਕਦਾ। ਹੈਰਾਨੀ ਹੈ ਕਿ ਉਸ ਮੁਗਧਾ ਦੀ ਛਾਤੀ ਇਤਨੀ ਲਿਹ ਕੇ ਕਮਜ਼ੋਰ ਹੋਈ ਜਾਪਦੀ ਹੈ ਕਿ ਉਸ ਵਿਚ ਮਨ ਵੀ ਨਹੀਂ ਸਮਾਉਂਦਾ ਦਿੱਸਦਾ।

ਫੋਡੇਂਤਿ ਹਿਯੜਉ ਅਪਤਉਂ, ਤਾਹਿੰ ਪਰਾਈ ਕਵਣ ਘਣ
ਰਖੇ ਜਹੁ ਲੋਅਹੋ ਅਪਣਾ, ਬਾਲਹੇ ਜਾਇਆ ਬਿਸਮ ਥਣ।

ਜਿਨ੍ਹਾਂ ਆਪਣਾ ਹੀਆ ਭੰਨਿਆ, ਉਨ੍ਹਾਂ ਨੂੰ ਦੂਜਿਆਂ ਤਕ ਕੀ। ਲੋਕੋ! ਸੁੰਦਰੀ ਦੇ ਜਾਏ ਉੱਚੇ ਸਤਨਾਂ ਤੋਂ ਆਪਣੇ ਆਪ ਨੂੰ ਬਚਾਇਓ।

ਭਲਾ ਹੁਆ ਜੁ ਮਾਰਿਆ, ਬਹਿਣਿ ਮਹਾਰਾ ਕੰਤੁ
ਲੱਜੇ ਜੰ ਤੁ ਵਯੰਸਿਅਹੁ, ਜਇ ਭੱਗਾ ਘਰੁ ਅੰਤੁ।

ਹੇ ਸਖੀ! ਚੰਗਾ ਹੋਇਆ ਜੋ ਮੇਰਾ ਕੰਤ ਜੰਗ ਵਿਚ ਮਾਰਿਆ ਗਿਆ। ਮੈਨੂੰ ਆਪਣੇ ਹਾਣ ਦੀਆਂ ਸਹੇਲੀਆਂ ਸਾਹਮਣੇ ਸ਼ਰਮਾਉਣਾ ਪੈਣਾ ਸੀ, ਜੇਕਰ ਉਹ ਭੱਜ ਕੇ ਘਰ ਆ ਜਾਂਦਾ।

ਵਾਯਸੁ ਉੱਡਾਵੰਤੀਏ, ਪੀਉ ਦਿੱਠਉ ਸਹਸੱਤਿ
ਅਧਾ ਵਲਿਆ ਮਹਿਹਿ ਗਾਇ, ਅਧਾ ਫੁਟ ਤੱੜਤਿ।

ਪੀਆ ਦੀ ਉਡੀਕ ਵਿਚ ਕਾਂ ਉਡਾਉਂਦੀ ਨਾਇਕਾ ਨੇ ਅਚਾਨਕ ਪ੍ਰੀਤਮ ਨੂੰ ਆਉਂਦਿਆਂ ਤੱਕਿਆ। ਅੱਧੀਆਂ ਚੂੜੀਆਂ ਧਰਤੀ 'ਤੇ ਡਿੱਗ ਪਈਆਂ ਤੇ ਅੱਧੀਆਂ ਤੜੱਕ ਕਰਦੀਆਂ ਉਸੇ ਵੇਲੇ ਟੁੱਟ ਗਈਆਂ। ਇਸ ਦਾ ਭਾਵ ਇਹ ਹੈ ਕਿ ਪਹਿਲੇ ਬਿਰਹੁੰ ਵਿਚ ਕਮਜ਼ੋਰ ਹੋਈ ਸੁੰਦਰੀ ਦੀ ਬਾਂਹ ਇਤਨੀ ਪਤਲੀ ਪੈ ਗਈ ਸੀ ਕਿ ਚੂੜੀਆਂ ਬਾਂਹ ਹੁਲਾਰਨ ਨਾਲ ਨਿਕਲ ਡਿੱਗਦੀਆਂ ਸਨ। ਜਦੋਂ ਉਸ ਨੇ ਪੀਆ ਨੂੰ ਤੱਕਿਆ ਤਾਂ ਇਤਨੀ ਖ਼ੁਸ਼ ਹੋਈ ਕਿ ਸਰੀਰ ਫੁਲਿਆ ਨ ਸਮਾਇਆ, ਬਾਹਾਂ ਦੀਆਂ ਚੂੜੀਆਂ ਉਸੇ ਸਮੇਂ ਟੁੱਟ ਗਈਆਂ।

ਜਇ ਤਹੋ ਤੁਟਉ ਨੇਹੜਾ, ਮਇੰ ਸਹੁੰ ਨਵਿ ਤਿਲ ਤਾਰ
ਤੰ ਕਿਹੇ ਬੰਕੇਹਿੰ ਲੋਅਣੇਹਿੰ ਜੋਇਜਉਂ ਸਯ ਵਾਰ।

ਜੇਕਰ ਤੇਰਾ ਮੇਰੇ ਨਾਲੋਂ ਨੇਹੁੰ ਟੁੱਟ ਹੀ ਗਿਆ ਹੈ, ਹੇ ਤਿਲ ਸਮਾਨ ਅੱਖ-ਪੁਤਲੀ ਵਾਲੇ! ਤਾਂ ਮੈਨੂੰ ਸੌ ਸੌ ਵਾਰ ਕਿਉਂ ਬਾਂਕੇ ਨੈਣਾਂ ਨਾਲ ਵੇਖਿਆ ਜਾਂਦਾ ਹੈ।

ਜਹਿਂ ਕਪਿਜਇ ਸਰਿਣ ਸਰੁ ਛਿਜਇ ਖਗਿਣ ਖੱਗੁ
ਤਹਿਂ ਤੇਹਇ ਭੜ ਘਡ ਨਿਵਹਿ, ਕੰਤੁ ਪਿਆਸਇ ਮੱਗੁ।

ਜਿਥੇ ਤੀਰ ਤੀਰਾਂ ਨਾਲ ਤੇ ਤੇਗ਼ ਤੇਗ਼ਾਂ ਨਾਲ ਕੱਟੀਆਂ ਜਾਂਦੀਆਂ ਹਨ, ਉਥੇ ਸੂਰਮਿਆਂ ਦੇ ਭੇੜ ਵਿਚ ਮੇਰਾ ਕੰਤ ਰਾਹ ਪ੍ਰਕਾਸ਼ਦਾ ਹੈ।

ਏਕਹਿ ਅੱਖਿਹਿੰ ਸਾਵਣੁ ਅੰਨਹਿ ਭੱਦਵਉਂ
ਮਾਹਉ ਮਹੀਅਲ ਸੱਥਰਿ, ਗੰਡਥਲੇ ਸਰਉਂ।
ਅੰਗਿਹਿ ਗਿਮੁ ਸੁਹਛੀ ਤਿਲਵਣਿ ਮੱਗ ਸਿਰ
ਤਹੇ ਮੁਧੇ ਮੁਹ ਪੰਕਇ, ਆਵਾਸਿਉ ਸਿਸਿਰੁ।

ਇੱਕੋ ਸੁੰਦਰੀ ਦੀ ਅਵਸਥਾ ਵਿਚ ਸਾਰੀਆਂ ਰੁੱਤਾਂ ਦਾ ਵਾਸਾ ਹੈ। ਇਕ ਅੱਖ ਸਾਵਣ ਤੇ ਦੂਜੀ ਭਾਦੋਂ ਬਣੀ ਹੋਈ ਹੈ (ਹੰਝੂਆਂ ਦੀ ਧਾਰਾ ਨਾਲ) ਧਰਤੀ ਉੱਤੇ ਨਵੇਂ ਨਵੇਂ ਪੱਤਿਆਂ ਦਾ ਸੱਥਰ ਵਿਛਾਇਆ ਹੋਇਆ ਹੈ। ਇਹ ਬਸੰਤ ਹੈ, ਗੱਲ੍ਹਾਂ ਰੱਤ ਹੀਣ ਹੋ ਕੇ ਚਿਪਕੀਆਂ ਪਈਆਂ ਹਨ, ਇਹ ਸਰਦ ਰੁੱਤ ਹੈ। ਅੰਗ ਅੰਗ ਮੁਰਝਾਉਣ ਕਰਕੇ ਗ੍ਰੀਖਮ, ਤਿਲ ਕੱਟੇ ਖੇਤ ਵਾਂਗ ਸੁੱਖਾਂ ਵੱਲੋਂ ਹਿਰਦਾ ਸੁੰਨਾ ਹੈ, ਇਹ ਹੇਮੰਤ ਰੁੱਤ ਹੈ।

ਉਸ ਦਾ ਮੂੰਹ ਮੁਰਝਾਇਆ ਹੋਇਆ ਇਹ ਸਿਸਰ ਰੁੱਤ ਹੈ। ਪਾਲੇ ਵਿਚ ਆਮ ਤੌਰ 'ਤੇ ਕੰਵਲ ਮੁਰਝਾ ਹੀ ਜਾਂਦਾ ਹੈ।

ਹਿਯੜਾ ਫੁਟਿ ਤੜਤਿ ਕਰਿ, ਕਾਲੱਖੇਵੇਂ ਕਾਇ
ਦੇਖਉਂ ਹਯ ਖਿਹਿ ਕਹਿਂ ਠਵਇ, ਪਇਂ ਵਿਣੁ ਦੁਖ ਸਿਆਇਂ।

ਹੇ ਹਿਰਦੇ! ਤੂੰ ਤੜੱਕ ਕਰਕੇ ਫਟ ਜਾ, ਕਿਉਂ ਐਵੇਂ ਸਮਾਂ ਲੰਘਾ ਰਿਹਾ ਹੈਂ ? ਮੈਂ ਦੇਖਾਂਗਾ ਬਿਧਨਾ ਇਤਨੇ ਦੁੱਖਾਂ ਨੂੰ ਕਿਥੇ ਆਸਰਾ ਦੇਵੇਗਾ। ਭਾਵ ਕਿ ਬਹੁਤੇ ਦੁੱਖ ਤਾਂ ਮੇਰੇ ਦਿਲ ਦੇ ਆਸਰੇ ਹੀ ਰਹਿੰਦੇ ਹਨ, ਜੇ ਇਹ ਫੁੱਟ ਜਾਏ ਤਾਂ ਦੁੱਖਾਂ ਲਈ ਵੀ ਕੋਈ ਟਿਕਾਣਾ ਮਿਲਣਾ ਔਖਾ ਹੋ ਜਾਵੇਗਾ।

ਏਹ ਕੁਮਾਰੀ ਏਹੋ ਨਰ, ਏਹੁ ਮਣੋਰਾ ਠਾਣੁ
ਏਹਉ ਬਢ ਚਿੰਤੰਤਾ ਹੈ, ਪਛਹ ਹੋਇ ਵਿਹਾਣੁ।

ਇਹ ਮੁਟਿਆਰ ਹੈ, ਇਹ ਆਦਮੀ ਹੈ, ਇਹ ਸੋਹਣੀ ਥਾਂ ਹੈ। ਮੂਰਖਾਂ ਨੂੰ ਇਉਂ ਚਿੰਤਨ ਕਰਦਿਆਂ ਹੀ ਸਵੇਰਾ ਹੋ ਜਾਂਦਾ ਹੈ।

ਜਇ ਪੁਛਇ ਘਰ ਬੱਡਾਈ, ਤੋ ਬਡਾ ਘਰ ਓਇ
ਬਿਹਲਿਯ ਜਣ ਅਭਿ ਉਧਰਣੁ, ਕੰਤੂ ਕੁਡੀਰਇ ਜੋਇ।

ਜੇ ਪੁੱਛਦੇ ਹੋ, ਵੱਡਾ ਘਰ ਕਿਹੜਾ ਹੁੰਦਾ ਹੈ ਤਾਂ ਵੱਡਾ ਘਰ ਉਹ ਹੈ, ਜਿਥੇ ਕੁਟੀਆ ਵਿਚ ਬੈਠਾ ਮੇਰਾ ਕੰਤ ਵਿਆਕੁਲ ਲੋਕਾਂ ਨੂੰ ਧੀਰਜ ਦੇ ਰਿਹਾ ਹੈ।

ਸਾਹੁ ਵਿ ਲੋਉ ਤੜਫੜਇ, ਬਡੱਤਣੋਂ ਤਣੇਣ
ਬਡੱਪਣ ਪਰਿ ਪਾਵਿਅਇ, ਹੱਥਿਂ ਮੋਕਲ ਡੇਣ।

ਵਡਿਆਈ ਲਈ ਸਭ ਕੋਈ ਤੜਫਦਾ ਹੈ, ਪਰੰਤੂ ਵਡਿਆਈ ਹੱਥ ਮੋਕਲਾ ਕਰਨ 'ਤੇ ਹੀ (ਦਾਨ ਨਾਲ) ਪਾਈ ਜਾਂਦੀ ਹੈ।

ਸੁ ਪੁਰਸ ਕੰਮੁਹੇ ਅਣੁਹਰਹਿਂ, ਭਣ ਕੱਜੇ ਕਵਣੇਣ
ਜਿਵ ਜਿਵ ਬਡੁਤਣੁ ਲਹਰਿਂ, ਤਿਵ ਤਿਵ ਨਵਹਿਂ ਸਿਰੇਣ।

ਚੰਗੇ ਪੁਰਸ਼ ਧਾਨਾਂ ਵਾਂਗ ਹੁੰਦੇ ਹਨ। ਉਹ ਜਿਉਂ ਜਿਉਂ ਵਡਿਆਈ ਹਾਸਲ ਕਰਦੇ ਹਨ, ਤਿਉਂ ਤਿਉਂ ਨਿੰਵਦੇ ਜਾਂਦੇ ਹਨ।

ਭਮਰੁ! ਮ ਰੁਣਝੁਣਿ ਰਣਡਇ ਸਾ ਦਿਸਿ ਜੋਈ ਮ ਰੋਇ
ਸਾ ਮਾਲਇ ਦੇਸੰਤਰਿਆ, ਜਸੁ ਤੁੰਹੁ ਮਰਹਿ ਵਿਓਇ।

ਭੌਰੇ! ਜੰਗਲ ਵਿਚ ਗੁੰਜਾਰ ਨਾ ਪਾ ਤੇ ਉਸ ਦਿਸ਼ਾ ਨੂੰ ਤੱਕ ਕੇ ਵੀ ਨਾ ਰੋ। ਤੂੰ ਜਿਸ ਦੇ ਵਿਛੋੜੇ ਵਿਚ ਮਰਦਾ ਫਿਰਦਾ ਹੈਂ, ਉਹ ਮਾਲਤੀ ਹੋਰ ਇਲਾਕੇ ਵਿਚ ਹੈ।

ਮਹੁ ਹੀਅਉ ਤਈਂ ਤਾਏ ਤੰਹ, ਸਵਿ ਅੰਨੇ ਵਿਨ ਡਿਜਇ
ਪਿਯ ਕਾਇਂ ਕਰਉਂ ਹਉਂ ਕਾਇ ਤੁਹਿਂ, ਮੱਛੇ ਮੱਛੁ ਗਿਲਿਜੱਇ।

ਮੇਰਾ ਦਿਲ ਤੂੰ ਲੀਤਾ ਤੇ ਤੇਰਾ ਉਸ ਨੇ ਲੀਤਾ, ਉਹ ਵੀ ਹੋਰ ਕਿਸੇ ਦੇ ਇਸ਼ਾਰੇ

'ਤੇ ਨਚਾਈ ਜਾਂਦੀ ਹੈ। ਪੀਆ! ਤੂੰ ਕੀ ਕਰ ਸਕਦਾ ਹੈਂ ਤੇ ਮੈਂ ਕੀ ਕਰ ਸਕਦੀ ਹਾਂ, ਮੱਛ ਨੇ ਮੱਛ ਨਿਗਲ ਲਿਆ।

ਪਇੰ ਮਇੰ ਬੇਹਿਵਿ ਰਣਗਯਹਿੰ ਕੋ ਜਯ ਸਿਰਿ ਤਕੇਇ
ਕੇਸਹਿੰ ਲੇਪਿਣੁ ਜਮ-ਘਰਣੀ, ਭਣ ਸੁਹੁ ਕੋ ਥਕੇਇ।

ਦੋ ਸੂਰਮੇ ਆਪਸ ਵਿਚ ਗੱਲਬਾਤ ਕਰਦੇ ਕਹਿੰਦੇ ਹਨ, 'ਤੇਰੇ ਤੇ ਮੇਰੇ ਦੋਹਾਂ ਰਣ ਵਿਚ ਆਏ ਸੂਰਮਿਆਂ ਵਿਚੋਂ ਫ਼ਤਹੇ ਦੇਵੀ ਨੂੰ ਕੌਣ ਤੱਕਦਾ ਹੈ? ਜਮ ਦੇ ਘਰਵਾਲੀ ਮੌਤ ਨੂੰ ਕੇਸਾਂ ਤੋਂ ਫੜ ਕੇ ਸੁੱਖ ਨਾਲ ਕੌਣ ਵੱਸ ਸਕਦਾ ਹੈ?

ਪਇੰ ਮੇਲੰਤ ਹੇ ਮਹੁ ਮਰਣੁ, ਮਇੰ ਮੇਂ ਲੰਤਹੋ ਤੁਝੁ
ਸਾਰਸ ਜਸੁ ਜੋ ਬੇਗਲਾ, ਸੋਵਿ ਕਿਰਦੰਤਹੋ ਸੁਝੁ।

ਹੇ ਸਾਰਸ! ਤੈਨੂੰ ਛੱਡਦਿਆਂ ਮੇਰਾ ਮਰਣ ਹੋ ਰਿਹਾ ਹੈ ਤੇ ਮੈਨੂੰ ਛੱਡਦਿਆਂ ਤੇਰਾ ਮਰਣ ਹੋ ਰਿਹਾ ਹੈ। ਜਿਸ ਦਾ ਵੀ ਜੋ ਕੋਈ ਦੂਰ ਹੈ, ਉਹ ਮੌਤ ਕਰ ਦੇਣ ਵਾਲਾ ਹੈ, ਭਾਵ ਕਿਸੇ ਦਾ ਵਿਛੋੜਾ ਵੀ ਮੌਤ ਤੋਂ ਘੱਟ ਨਹੀਂ।

ਜਇ ਭੱਗਾ ਪਾਰੱਕੜਾ, ਤੋ ਸਹਿ ਮਝੁ ਪਿਏਣ
ਅਹ ਭੱਗ ਅਮਹੰਤਣਾ, ਤੋ ਤੋਂ ਮਰਿ ਅੜੇਣ।

ਹੇ ਸਖੀ! ਜੇਕਰ ਦੂਸਰੇ ਪਾਸੇ ਦੇ ਦੌੜੇ ਹਨ ਤਾਂ ਮੇਰੇ ਪੀਆ ਕਰਕੇ ਭੱਜੇ ਹਨ, ਜੇ ਆਪਣੇ ਪਾਸੇ ਦੇ ਦੌੜੇ ਹਨ ਤਾਂ ਉਸ ਦੇ ਮਾਰੇ ਜਾਣ ਕਰਕੇ ਦੌੜੇ ਹੋਣਗੇ।

ਬਪੀਹਾ ਪਿਉ ਪਿਉ ਭਣਵਿ, ਕਿੱਤਉ ਰੁਅਹਿ ਹਯਾਸ
ਤੁਹ ਜਲਿ ਮਹ ਪੁਣੁ ਵੱਲਹੀ, ਬਿੰਹੁਵਿ ਨ ਪੂਰਿਅ ਆਸ।

ਪਪੀਹਾ! 'ਪੀਆ ਪੀਆ' ਕਰਕੇ ਤੂੰ ਕਿਤਨੀ ਵਾਰ ਰੋਇਆ ਹੈਂ। ਤੇਰੀ ਸ੍ਵਾਂਤਿ ਜਲ ਦੀ ਤੇ ਮੇਰੀ ਪੀਆ ਦੀ ਪਿਆਸ ਪੂਰੀ ਨਾ ਹੋ ਸਕੀ।

ਬਪੀਹਾ! ਕਇੰ ਬੋਲਿਏਣ, ਨਿੱਘਣ ਵਾਰਇ ਵਾਰ
ਸਾਯਰ ਭਰਿਅਇ ਵਿਮਲ ਲਹਹਿ ਨ ਏਕਹਿ ਧਾਰ।

ਹੇ ਪਪੀਹੇ! ਬਾਰ ਬਾਰ ਬੋਲਣ ਦਾ ਕੀ ਫ਼ਾਇਦਾ, ਨਿਰਮਲ ਜਲ ਨਾਲ ਸਮੁੰਦਰ ਭਰੇ ਪਏ ਹਨ, ਤੈਨੂੰ ਇਕ ਵੀ ਬੂੰਦ ਨਹੀਂ ਮਿਲ ਰਹੀ।

ਖੱਗ ਵਿਸਾਹਿਉਂ ਜਹਿੰ ਲਹਉਂ, ਪਿਯ ਤਹਿੰ ਦੇਸਹਿੰ ਜਾਹੁੰ
ਰਣ ਦੁੱਭਿਖੇ ਭਗਾਈਂ, ਵਿਣੁ ਜੁੱਝੇ ਨ ਬਲਾਹੁੰ।

ਜਿਥੇ ਤਲਵਾਰ ਨਾਲ ਹੀ ਉਪਜੀਵਕਾ ਮਿਲੇ, ਪ੍ਰੀਤਮ! ਉਸ ਦੇਸ ਚਲੋ। ਇਥੋਂ ਤਾਂ ਜੰਗ ਦਾ ਕਾਲ ਪੈ ਜਾਣ ਕਰਕੇ ਦਿਲ ਟੁੱਟ ਗਿਆ ਹੈ, ਬਿਨਾ ਲੜੇ ਸੁਆਦ ਨਹੀਂ ਆ ਰਿਹਾ।

ਭਮਰਾ! ਏਥ ਵਿ ਲਿੰਬੜਇ, ਕੇਵਿ ਦਿਅਹੜਾ ਬਿਲੰਬੁ
ਘਣ ਪੱਤਲੁ ਛਾਇਆ ਬਹੁਲੁ, ਫੁਲਹਿ ਜਾਮ ਕਯੰਬੁ।

ਹੇ ਭੌਰੇ! ਕੁਝ ਦਿਨ ਇਸ ਨਿੰਮ ਦੇ ਬਿਰਛ 'ਤੇ ਠਹਿਰ ਲੈ, ਜਿਤਨਾ ਚਿਰ ਘਣੇ ਪੱਤਿਆਂ ਵਾਲਾ ਤੇ ਸੰਘਣੀ ਛਾਂ ਵਾਲਾ ਕਦੰਬ ਪ੍ਰਫੁੱਲਤ ਨਹੀਂ ਹੁੰਦਾ।

ਸੰਤਾ ਭੋਗ ਜੁ ਪਰਹਰਇ, ਤਸੁ ਕੰਤਹੋ ਵਲਿ ਕੀਸੁ
ਤਸੁ ਦੈ ਵੈਣ ਵਿ ਮੁੰਡਿਅਉ, ਜਸੁ ਖਲਿਹਡਉ ਸੀਸੁ।

ਉਸ ਕੰਤ ਤੋਂ ਮੈਂ ਸਦਕੇ ਜਾਂਦੀ ਹਾਂ ਜੋ ਭੋਗਾਂ ਦੇ ਹੁੰਦਿਆਂ-ਸੁੰਦਿਆਂ ਫਿਰ ਵੀ ਤਿਆਗੀ ਹੈ। ਵਿਧਾਤਾ ਨੇ ਹੀ ਉਸ ਦਾ ਸਿਰ ਮੁੰਡ ਦਿੱਤਾ ਹੈ। ਜਿਸ ਦਾ ਸਿਰ ਪਹਿਲੇ ਹੀ ਗੰਜਾ ਹੈ, ਭਾਵ ਜੇ ਗੰਜਾ ਆਖੇ ਕਿ ਮੈਂ ਸਿਰ ਮੁਨਾ ਕੇ ਸੰਨਿਆਸੀ ਹੋ ਗਿਆ ਹਾਂ ਤਾਂ ਇਹ ਗ਼ਲਤ ਹੈ। ਅਸਲ ਸੰਨਿਆਸੀ ਤਾਂ ਉਹ ਹੈ ਜੋ ਭੋਗਾਂ ਵਿਚ ਰਹਿ ਕੇ ਵੀ ਨਿਰਲੇਪ ਰਹੇ।

ਹਿਅਇ ਖੁੜੁੱਕਇ ਗੋਰੜੀ, ਗੈਣਿ ਘੁਡੁਕਇ ਮੇਹ
ਵਾਸਾ ਰੱਤਿ ਪਵਾਸੁਆਹੇ, ਬਿਖਮਾ ਸੰਕਡੁ ਏਹੁ।

ਦਿਲ ਵਿਚ ਗੋਰੀ ਖਟਕਦੀ ਹੈ ਤੇ ਅਕਾਸ਼ ਵਿਚ ਬੱਦਲ ਗਰਜਦਾ ਹੈ। ਪਰਦੇਸੀਆਂ ਲਈ ਬਰਸਾਤ ਵਾਲੀ ਰਾਤ ਸੱਚਮੁੱਚ ਹੀ ਅਤਿ ਔਖੀ ਹੁੰਦੀ ਹੈ।

ਪੁੱਤੇ ਜਾਇੰ ਕਵਣੁ ਗੁਣ, ਅਵਗੁਣ ਕਵਣੁ ਮੁਏਣ
ਜਾ ਬੱਧੀ ਕੀ ਭੁੰਇੜੀ, ਚੰਪਿੱਜਇ ਅਵਰੇਣ।

ਉਸ ਪੁੱਤਰ ਦੇ ਜੰਮੇ ਦਾ ਕੀ ਲਾਭ, ਮਰੇ ਦਾ ਕੀ ਨੁਕਸਾਨ, ਜਿਸ ਦੇ ਬਾਪ ਦੀ ਭੌਂ ਹੋਰਾਂ ਵੱਲੋਂ ਦੱਬੀ ਜਾ ਰਹੀ ਹੋਵੇ।

ਅੰਮੀਏ ਸਥਾਵਥੇਹਿੰ ਸੁਧਿ ਚਿੰਤਿਜਾਇ ਮਾਣੁ
ਪਿਜ ਦਿਠੇਣ ਹਲੋਹਲੇਣ, ਕੋ ਚੇਅਇ ਅਪਾਣੁ?

ਹੇ ਅੰਮੀ! ਸੁਖ-ਸਾਂਦ ਦੀ ਹਾਲਤ ਵਿਚ ਮਾਨ ਜਾਂ ਨਾਜ਼ ਨਖ਼ਰਾ ਕਰਨਾ ਬਣਦਾ ਹੈ। ਪੀਆ ਦੇ ਦੇਖਣ ਸਾਰ ਜਦ ਹਲਚਲ ਮਚ ਜਾਂਦੀ ਹੈ, ਤਾਂ ਆਪਣਾ ਆਪ ਕਿਸ ਨੂੰ ਸੁੱਝਦਾ ਹੈ?

ਕੇਮ ਸਮੱਪਉ ਦੁੱਠ ਦਿਣ, ਕਿਸ ਰਇਣੀ ਛੁਡੁ ਹੋਇ
ਨਵ ਬਹੁ-ਦੰਸਣ ਲਾਲਸਉ, ਵਹਇ ਮਣੋਰਹ ਸੋਇ।

ਨਵੇਂ ਕੰਤ ਦੇ ਮਨ ਵਿਚ ਇਹ ਮਨੋਂ ਸੰਕਲਪ ਉੱਠ ਰਹੇ ਹਨ ਕਿ ਕਿਵੇਂ ਦੁਸ਼ਟ ਦਿਨ ਖ਼ਤਮ ਹੋਵੇ ਤੇ ਕਿਵੇਂ ਜਲਦੀ ਰਾਤ ਪੈ ਜਾਵੇ ਤਾਕਿ ਆਪਣੀ ਨਵੀਂ ਵਹੁਟੀ ਦੇ ਦਰਸ਼ਨ ਕਰ ਸਕਾਂ।

ਓ ਗੋਰੀ ਮੁਹ ਨਿੱਜਿਅਉ, ਬਦਲਿ ਲੁਕੁ ਮਿਯੰਕੁ
ਅੰਨੁ ਵਿ ਜੋ ਪਰਿਹਵਿਯਤਣੁ, ਸੋ ਕਿੰਵ ਮਵਇੰ ਨਿਸੰਕੁ।

ਗੋਰੀ ਦੇ ਮੁਖ ਦੇ ਮੁਕਾਬਲੇ 'ਤੇ ਸ਼ਰਮਿੰਦਾ ਹੋਇਆ ਚੰਦ੍ਰਮਾ ਬੱਦਲਾਂ ਵਿਚ ਲੁਕਿਆ ਫਿਰਦਾ ਹੈ। ਜੋ ਹਾਰੇ ਹੋਏ ਹੋਣ, ਉਹ ਕਿਵੇਂ ਨਿਝੱਕ ਹੋ ਕੇ ਫਿਰ ਤੁਰ ਸਕਦੇ ਹਨ!

ਬਿੰਬਾਹਰਿ ਤਣ ਰਯਣ ਵਣ, ਕਿਹ ਠਿਉ ਸਿਰਿ ਆਣੰਦ
ਨਿਰੁਵਮ ਰਸੁ ਪਿਏਂ ਪਿਅਵਿ, ਜਣੁ ਸੇਸਹੋ ਦਿਣੀ ਮੁੰਦ।

ਬਿੰਬਫਲ ਜੇਹੇ ਲਾਲ ਬੁੱਲ੍ਹਾਂ 'ਤੇ ਦੰਦੀਆਂ ਦਾ ਚਟਾਕ (ਜ਼ਖ਼ਮ) ਕਿਵੇਂ ਲੱਗ ਗਿਆ? ਮਾਲੂਮ ਹੁੰਦਾ ਹੈ ਕਿ ਪੀਆ ਨੇ ਰਸ ਪੀ ਕੇ ਅਧਰਾਂ 'ਤੇ ਮੋਹਰਬੰਦੀ ਕਰ ਦਿੱਤੀ ਹੈ।

ਜਇ ਸੋ ਘੜਇ ਪ੍ਰਜਾਵਦੀ, ਕੇਥੁਵਿ ਲੇਖਣੁ ਸਿਖੁ
ਜੇ ਥੁਵਿ ਤੇ ਥੁਵਿ ਏਥੁ ਜਗ, ਭਣ ਤੋ ਸਹਿ ਸਾਰਿਖੁ।

ਜੇਕਰ ਪਰਜਾਪਤਿ ਕਿਤੋਂ ਵੀ ਸਿਖਿਆ ਲੈ ਕੇ ਉਸ ਨੂੰ ਘੜੇਗਾ, ਜਿਵੇਂ ਕਿਵੇਂ ਉਹ ਇਸ ਨਾਇਕਾ ਸਰੀਖੀ ਰਚਨਾ ਕਰ ਸਕੇਗਾ? (ਕਦਾਚਿਤ ਨਹੀਂ)।

ਤਿਲਹੰ ਤਿਲੱਤਣ ਤਾਉਂ ਪਰ, ਜਾਉਂ ਨ ਨੇਹ ਗਲੰਤਿ
ਨੇਹਿ ਪਣੱਠਇ ਤੇਜਿ ਤਿਲ, ਤਿਲ ਫਿੱਟਵਿ ਖਲ ਹੋਂਤਿ!

ਤਿਲਾਂ ਦਾ ਤਿਲਪਣ ਉਤਨਾ ਚਿਰ ਹੈ ਜਿਤਨਾ ਚਿਰ ਨੇਹ—ਤੇਲ ਰੱਖਦੇ ਹਨ। ਤੇਲ ਨਿਕਲਣ 'ਤੇ ਉਹੋ ਤਿਲ, ਖ਼ਲ (ਮੂਰਖ) ਹੋ ਜਾਂਦੇ ਹਨ।

ਬੰਭ ਤੇ ਬਿਰਲਾ ਕੇਵਿ ਨਰ, ਜੇ ਸੱਬੰਗ ਛੈਇਲ
ਜੇ ਬੰਕਾ ਤੇ ਬੰਚਯਰ, ਜੇ ਉਜੁਅ ਤੇ ਬੈਇਲ।

ਬੰਭ ਕਵੀ ਕਹਿੰਦਾ ਹੈ, ਸਭ ਤਰ੍ਹਾਂ ਪੂਰੇ ਛੈਲ ਤਾਂ ਕੋਈ ਵਿਰਲੇ ਆਦਮੀ ਹੀ ਹੁੰਦੇ ਹਨ। ਜੋ ਬਾਂਕੇ ਟੇਢੇ ਹੋਣ, ਉਹ ਠੱਗ ਹੁੰਦੇ ਹਨ ਤੇ ਸਿੱਧੇ ਸਾਦੇ ਲੋਕ ਬਿਲਕੁਲ ਬੈਲ ਸਮਾਨ ਹੁੰਦੇ ਹਨ।

ਅੰਸੁ ਜਲੇ ਪ੍ਰਾਇੰਵ ਗੋਰਿਅਹੇ, ਸਹਿ ਉਵੱਤਾ ਨਯਣ ਸ਼ਰ
ਤੇਂ ਸੰਮੁਹ ਸੰਪੇਸਿਆ, ਦੇਂਤਿ ਤਿਰਿਛੀ ਘੱਤ ਪਰ।

ਹੇ ਸਖੀ! ਗੋਰੀ ਦੇ ਨੈਣ—ਤੀਰ ਹੰਝੂਆਂ ਵਿਚ ਬੁਝਾਏ ਹੋਏ ਹਨ। ਭਾਵੇਂ ਉਹ ਸਿੱਧੀ ਚਾਲ ਵਾਲੇ ਦਿੱਸਦੇ ਹਨ ਪਰ ਉਨ੍ਹਾਂ ਦੀ ਮਾਰ ਤਿਰਛੀ ਹੈ।

ਪਿਯ ਸੰਗਮ ਕਉ ਨਿੱਦੜੀ, ਪਿਅਹੋ ਪਰੋਖਹੋ ਕੇਂਬ
ਮੈ ਵਿੰਨਿ ਵਿ ਵਿੰਨਾਸ਼ਿਆ, ਦਿੰਦ ਨ ਏਂਬ ਨ ਤੇਂਬ।

ਨਾ ਤਾਂ ਪੀਆ ਦੇ ਮੇਲ ਵਿਚ ਨੀਂਦ ਆਉਂਦੀ ਹੈ ਤੇ ਨਾ ਹੀ ਪੀਆ ਦੇ ਦੂਰ ਹੋਣ 'ਤੇ। ਮੈਂ ਦੋਵੇਂ ਤਰ੍ਹਾਂ ਹੀ ਤਬਾਹ ਹੋ ਗਈ। ਨੀਂਦ ਨਾ ਇਉਂ ਆਉਂਦੀ ਹੈ ਤੇ ਨਾ ਦੂਜੀ ਤਰ੍ਹਾਂ।

ਚੰਚਲੁ ਜੀਵਿਉ ਧ੍ਰੂਵ ਮਰਣੁ, ਪਿਯ ਰੂਸਿਜਇ ਕਾਇੰ
ਹੋਸਇੰ ਦਿਅਹਾ ਰੂਸਣਾ, ਦਿਵਇੰ ਵਰਿਸੱਜਾਇੰ।

ਜੀਵਨ ਚੰਚਲ—ਅਨਸਥਿਰ, ਮਰਣਾ ਨਿਸ਼ਚਤ ਹੈ, ਹੇ ਪੀਆ! ਰੁੱਠਿਆ ਕਿਉਂ ਜਾਂਦਾ ਹੈਂ? ਰੁੱਸਿਆਂ ਤਾਂ ਦਿਨ ਦਿੱਵਯ ਵਰਸ (ਸੌ ਵਰ੍ਹੇ) ਵਾਂਗ ਹੋ ਜਾਣਗੇ।

ਜਾਇੱਜ ਇ ਤਹਿੰ ਦੇਸੜਇ, ਲੱਭਇ ਪਿਯਹੋ ਪਮਾਣੁ
ਜਇ ਆਵਇ ਤੋ ਆਣਿਅਹਿ, ਅਹ ਬਾ ਤੋ ਜਿ ਨਿੱਬਾਣੁ।

ਉਸ ਦੇਸ ਵਿਚ ਜਾਈਏ, ਜਿਥੇ ਪੀਆ ਦਾ ਪਤਾ ਲੱਗੇ। ਜੇ ਪਤਾ ਮਿਲੇ ਤਾਂ ਲੈ ਆਈਏ, ਨਹੀਂ ਤਾਂ ਫਿਰ ਉਥੇ ਹੀ ਨਿਰਬਾਣ ਹਾਸਲ ਕਰ ਲਈਏ (ਮਰ ਮੁੱਕੀਏ)।

ਏਤਹੇ ਮੇਹ ਪਿਅੰਤਿ ਜਲੁ, ਏਤਹੇ ਬੜਵਾਨਲ ਆਵੱਟਹਿ
ਪੇਖੁ ਗਹੀਰਿਮ ਸਾਇਰਹੋ, ਏਕਵਿ ਕਣਿਅਂ ਨਾਹਿ ਉਹੱਟਇ।

ਇਧਰ ਬੱਦਲ ਪਾਣੀ ਪੀ ਰਹੇ ਹਨ, ਉਧਰ ਬੜਵਾਨਲ ਇਸ ਨੂੰ ਸੋਖ ਰਿਹਾ ਹੈ। ਸਾਗਰ ਦੀ ਗੰਭੀਰਤਾ ਦੇਖੋ, ਇਸ ਦੀ ਇਕ ਵੀ ਬੂੰਦ ਨਹੀਂ ਘਟਦੀ।

ਸਾਵ ਸਲੋਣੀ ਗੋਰੜੀ, ਨਵਖੀ ਕਵਿ ਵਿਸ ਗੰਠਿ
ਭੜੁ ਪਚਲਿਉ ਸੋ ਮਰਇ, ਜਾਸੁ ਨ ਲੱਗਇ ਕੰਠਿ।

ਸੁੰਦਰ ਲੋਚਨਾਂ ਵਾਲੀ ਗੋਰੀ ਅਨੋਖੀ ਤਰ੍ਹਾਂ ਦੀ ਜ਼ਹਿਰ ਦੀ ਗੰਢੀ ਹੈ। ਬਿਸ-ਗਾਂਠ ਤਾਂ ਜਿਸ ਦੇ ਗਲ ਲੱਗੇ, ਉਹ ਮਰਦਾ ਹੈ ਤੇ ਇਹ ਜਿਸ ਦੇ ਗਲ ਨਾ ਲੱਗੇ, ਉਹ ਮਰ ਜਾਂਦਾ ਹੈ।

ਹੀਅੜਾ ਪਇੰ ਏਹੁ ਬੋਲਿਅਉ, ਮਹੁ ਅੱਗਇ ਸਯ ਵਾਰ
ਫੁਟਿਸੁ ਪਿਏ ਪਵਸੰਤਿ ਹਉ, ਹਉ ਭੰਡਯ ਢੱਕਰਿ ਸਾਰ।

ਹੇ ਹਿਰਦੇ! ਤੂੰ ਮੈਨੂੰ ਸੌ ਵਾਰ ਕਿਹਾ ਕਿ ਪੀਆ ਦੇ ਪਰਦੇਸ ਜਾਣ 'ਤੇ ਮੈਂ ਫਟ ਜਾਵਾਂਗਾ। ਹੇ ਭੰਡ! ਹੇ ਹਠੀਲੇ ਢੱਕ! (ਭਾਵ ਪੱਥਰ ਪਖੰਡੀ, ਤੂੰ ਫਟਿਆ ਨਹੀਂ)।

ਗਇਉ ਸੁ ਕੇਸਰਿ ਪੀਅਹੁ ਜਲ, ਨਿਚਿੰਤਇੰ ਹਰਣਾਇੰ
ਜਸੁ ਕੇਰਏਂ ਹੁੰਕਾਰੜਏ, ਮੁਹਹੇ ਪੜੰਤਿ ਤ੍ਰਿਣਾਇੰ।

ਉਹ ਸ਼ੇਰ ਜੰਗਲ ਵਿੱਚੋਂ ਚਲਾ ਗਿਆ ਜਿਸ ਦੀ ਭਬਕਾਰ ਨਾਲ ਮੂੰਹੋਂ ਘਾਹ ਛੁਟ ਜਾਂਦਾ ਸੀ। ਹੇ ਮ੍ਰਿਗੋ ! ਹੁਣ ਨਿਸਚਿੰਤ ਹੋ ਕੇ ਪਾਣੀ ਪੀਓ।

ਸਿਰਿ ਜਰਖੰਡੀ ਲੋਅੜੀ, ਗਲਿ ਮਨਿਆੜਾ ਨਬੀਸ
ਤੋ ਵੀ ਗੋਠੜਾ ਕਰਾਵਿਆ, ਮੁੱਧਏ ਉਠ ਬਈਸ।

ਸਿਰ 'ਤੇ ਫਟੀ ਪੁਰਾਣੀ ਜਰਜਰੀ ਲੋਈ ਹੈ, ਗਲ ਵਿਚ ਵੀਹ ਮਣਕੇ ਵੀ ਨਹੀਂ, ਫਿਰ ਵੀ ਇਹ ਅੱਲ੍ਹੜ ਮੁਟਿਆਰ ਸੱਥ ਦੇ ਮੁੰਡਿਆਂ ਦੀ ਊਠਕ ਬੈਠਕ ਕਰਾ ਰਹੀ ਹੈ (ਭਾਵ, ਗ਼ਰੀਬ ਹੋਣ ਦੇ ਬਾਵਜੂਦ ਸੁੰਦਰਤ਼ਾ ਖਿੱਚੀ ਫਿਰਦੀ ਹੈ)।

ਢੋਲਾ! ਏਹ ਪਰਿਹਾਸੜੀ! ਅਇ ਭਣ ਕਵਣਹਿੰ ਦੇਸ
ਹਊ ਭਿਜਊ ਤਊ ਕੇਹਿੰ ਪਿਅ; ਤੁਹੁੰ ਪੁਣੁ ਅੰਨਹਿ ਰੇਸਿ।

ਢੋਲਾ! ਇਹ ਕੀ ਮਖ਼ੌਲ ਹੈ, ਇਹ ਕਿਹੜੇ ਦੇਸ ਦੀ ਚਾਲ, ਰੀਤੀ ਹੈ। ਮੈਂ ਤੇਰੇ ਲਈ ਮਰ ਰਹੀ ਹਾਂ, ਤੇ ਤੂੰ ਹੋਰ ਲਈ।

ਪਹਿਆ ਦਿਠੀ ਗੋਰੜੀ, ਦਿਠੀ ਮੱਗੁ ਨਿਅੰਤੁ
ਅੰਸੂ ਸਾਸੇਹਿ ਕੰਚੂਆ, ਤਿੰਤੂ ਵਾਣ ਕਰੰਤ।

ਹੇ ਰਾਹੀ! ਤੂੰ ਉਹ ਗੋਰੀ ਵੇਖੀ ਹੈ? ਹਾਂ, ਦੇਖੀ ਹੈ; ਹੰਝੂਆਂ ਤੇ ਹੌਕਿਆਂ ਨਾਲ ਆਪਣੀ ਚੋਲੀ ਨੂੰ ਗਿੱਲਾ ਕਰਦੀ ਤੇ ਸੁਕਾਉਂਦੀ ਹੋਈ।

ਪੀਆ ਆਇਉ ਸੁਅ ਬਤੜੀ, ਝੁਣ ਕੰਨੜਇ ਪਇਠ
ਤਹੋ ਬਿਰਹਹੋ ਨਾਸੰਤਅਹੋ, ਧੂਲੜਿਆਵਿ ਨ ਦਿਠ।

ਪੀਆ ਦੇ ਆਉਣ ਦੀ ਵਾਰਤਾ ਜਦੋਂ ਬਿਰਹੁੰ ਨੇ ਸੁਣੀ ਤਾਂ ਉਹ ਅਜਿਹਾ ਭੱਜਿਆ ਕਿ ਉਸ ਦੀ ਭੱਜੇ ਜਾਂਦੇ ਦੀ ਧੂੜ ਵੀ ਨਹੀਂ ਦਿੱਸੀ।

ਸਿਰ ਚੜਿਆ ਖੰਤਿ ਫਲਇੰ, ਪੁਣ ਡਾਲਇੰ ਮੋੜੰਤਿ
ਤੋ ਵਿ ਮਹਦ ਦੁਮਸਉਣਾਹੰ, ਅਵਰਾਹਿਊ ਨ ਕਰੰਤਿ।

ਪੰਛੀ, ਦਰੱਖ਼ਤ ਦੇ ਸਿਰ 'ਤੇ ਚੜ੍ਹ ਕੇ ਫਲ ਖਾਂਦੇ ਤੇ ਡਾਲੀਆਂ ਭੰਨਦੇ ਹਨ, ਫਿਰ ਵੀ ਵੱਡੇ ਦਰੱਖ਼ਤ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਉਂਦੇ।

ਸਾਧਾਂ ਦੇ ਮਾਤ੍ਰੇ

ਆਮ ਤੌਰ 'ਤੇ ਅੱਖਰਾਂ ਦੇ ਨਾਲ ਲੱਗਣ ਵਾਲੇ ਭਿੰਨ-ਭਿੰਨ ਚਿੰਨ੍ਹਾਂ ਨੂੰ 'ਮਾਤ੍ਰਾ' ਜਾਂ 'ਲਗ' ਕਿਹਾ ਜਾਂਦਾ ਹੈ ਜੋ ਕਿ ਵੱਖ-ਵੱਖ ਧੁਨਿ ਦੀ ਸੂਚਕ ਹੁੰਦੀ ਹੈ, ਜਿਵੇਂ ਕੰਨਾ, ਸਿਹਾਰੀ, ਬਿਹਾਰੀ ਆਦਿ। ਜੇ ਇਹ ਮਾਤਰਾਂ ਨਾ ਲੱਗੀਆਂ ਹੋਣ ਤਾਂ ਐਸੀ ਵਰਣਮਾਲਾ ਨੂੰ ਲੰਡੇ ਕਹਿ ਦਿੱਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨਾਲ ਕਿਸੇ ਕਿਸਮ ਦੀ ਪੁਛਲ ਨਹੀਂ ਹੁੰਦੀ ਤੇ ਉਨ੍ਹਾਂ ਦਾ ਪੜ੍ਹਨਾ ਵੀ ਔਖਾ ਹੁੰਦਾ ਹੈ।

ਜੇ ਅਸੀਂ ਅਪਭ੍ਰੰਸ਼ ਸਾਹਿੱਤ ਦੀ ਪਰੰਪਰਾ ਦੇਖੀਏ ਤਾਂ ਉਸ ਸਮੇਂ ਵਰਣਮਾਲਾ ਨੂੰ 'ਮਾਤ੍ਰਿਕਾ' ਵੀ ਕਹਿ ਦਿੱਤਾ ਜਾਂਦਾ ਸੀ, ਜਿਵੇਂ ਸਿੱਧਾਂ ਦੀ ਲਿਪੀ 'ਸਿਧ ਮਾਤ੍ਰਿਕਾ' ਕਹਾਉਂਦੀ ਸੀ ਤੇ ਇਸ ਦਾ ਚਰਚਾ ਗਿਆਰ੍ਹਵੀਂ ਸਦੀ ਵਿਚ ਅਰਬੀ ਵਿਦਵਾਨ ਐਲ. ਬਰੂਨੀ (ਦੇਹਾਂਤ 1030 ਈ:) ਨੇ ਵੀ ਕੀਤਾ ਹੈ। ਉਸ ਜ਼ਮਾਨੇ ਵਰਣਮਾਲਾ ਦੇ ਆਧਾਰ 'ਤੇ ਕਾਵਿ-ਰਚਨਾ ਕਰਨ ਦਾ ਵੀ ਰਿਵਾਜ ਸੀ। ਜਿਵੇਂ 'ਸ਼ਾਲਿੱਭਦ ਕੱਕ' ਪਉਮ ਕਵੀ ਰਚਿਤ 71 ਛੰਦਾਂ ਦੀ ਰਚਨਾ ਹੈ, ਜਿਸ ਵਿਚ ਹਰ ਦੂਹੇ ਦਾ ਆਦਿ ਵਰਣ ਕ, ਕਾ, ਖ, ਖਾ ਵਗੈਰਾ ਵਰਣਮਾਲਾ ਦੇ ਅੱਖਰ ਕ੍ਰਮ ਅਨੁਸਾਰ ਚੱਲਦਾ ਹੈ।

ਪ੍ਰਾਚੀਨ ਗੁਰਜ਼ਰ ਕਾਵਿ-ਸੰਗ੍ਰਹਿ (ਪੰਨਾ 67-71) ਵਿਚ ਇਕ 47 ਦੋਹਿਆਂ ਦੀ 'ਦੂਹਾ ਮਾਤ੍ਰਿਕਾ' ਨਾਮੀ ਰਚਨਾ ਮਿਲਦੀ ਹੈ। ਇਸ ਵਿਚ ਦੂਹਿਆਂ ਦੀ ਤਰਤੀਬ ਸੀਹਰਫ਼ੀ ਵਾਂਗ 'ਅ' ਤੋਂ 'ਕਸ਼' ਤਕ ਚੱਲਦੀ ਹੈ।[1]

ਇਸ ਸਮੱਗਰੀ ਤੋਂ ਦੋ ਗੱਲਾਂ ਜ਼ਾਹਰ ਹਨ ਕਿ ਮਾਤ੍ਰਿਕਾ ਦਾ ਭਾਵ ਵਰਣਮਾਲਾ ਜਾਂ ਲਿਪੀ ਸੀ ਤੇ ਦੂਜੇ ਵਰਣਮਾਲਾ ਦੇ ਆਸਰੇ ਕਾਵਿ-ਰਚਨਾ ਕਰਨ ਦੀ ਵੀ ਰੀਤੀ ਸੀ।

ਇਸ ਤੋਂ ਇਲਾਵਾ, ਤਾਂਤ੍ਰਿਕ ਮਤ ਵਿਚ ਅੱਖਰ, ਮਾਤ੍ਰਾ ਤੇ ਵਰਣਮਾਲਾ ਨੂੰ ਇਕ ਧਾਰਮਿਕ ਮਹੱਤਵ ਪ੍ਰਾਪਤ ਸੀ। ਤਾਂਤ੍ਰਿਕ ਇਕ ਗੁਪਤ ਮਤ ਸੀ ਜਿਸ ਵਿਚ ਏਕਾਖਰੀ ਮੰਤ੍ਰ ਆਮ ਸਨ ਤੇ ਹਰ ਅੱਖਰ ਦੇ ਇਕ ਵਿਸ਼ੇਸ਼ ਅਰਥ ਲਏ ਜਾਂਦੇ ਸਨ। ਇਸ ਕਰਕੇ 'ਮਾਤ੍ਰਿਕਾ' ਇਕ ਤਰ੍ਹਾਂ ਦੀ ਵਿਦਿਆ ਵੀ ਸੀ। *ਸੁਛੰਦ ਤੰਤ੍ਰ* ਵਿਚ ਲਿਖਿਆ ਹੈ :

'ਨ ਵਿਦਿਆ ਮਾਤ੍ਰਿਕਾ ਪਰਾ:।'

ਅਰਥਾਤ ਮਾਤ੍ਰਿਕਾ ਤੋਂ ਪਰ੍ਹੇ ਕੋਈ ਹੋਰ ਵਿਦਿਆ ਨਹੀਂ।

ਡਾ: ਸ਼ਿਵਸ਼ੰਕਰ ਅਵਸਥੀ ਨੇ *ਮੰਤ੍ਰ ਔਰ ਮਾਤ੍ਰਿਕਾਓਂ ਕਾ ਰਹੱਸ* (1966) ਪੁਸਤਕ

---

1. *ਅਪ੍ਰਭੰਸ਼ ਸਾਹਿਤ*, ਹਰਬੰਸ ਕੋਛੜ, ਪੰਨਾ 372.

ਵਿਚ ਇਸ ਬਾਰੇ ਕਾਫ਼ੀ ਚਰਚਾ ਕੀਤਾ ਹੈ। ਤਾਂਤ੍ਰਿਕ ਸਾਹਿੱਤ ਵਿਚ ਇਸ ਸਬੰਧੀ ਅਨੇਕ ਪ੍ਰਕਾਰ ਦੇ ਗ੍ਰੰਥ ਲਿਖੇ ਮਿਲਦੇ ਹਨ, ਜਿਵੇਂ ਮਾਤ੍ਰਿਕਾ ਨਾਮ ਮਾਲਾ, ਮਾਤ੍ਰਿਕਾ ਬਿਲਾਸ ਤੇ ਮਾਤ੍ਰਿਕਾ ਲਿਘੰਟੂ ਆਦਿ।

ਤੰਤ੍ਰਾਂ ਅਨੁਸਾਰ 'ਮਾਤ੍ਰਿਕਾ' ਪਰਮ ਦੇਵੀ ਵੀ ਹੈ ਜੋ ਕਿ ਸਾਰੇ ਮੰਤ੍ਰਾਂ ਦੀ ਜਨਮ-ਦਾਤੀ ਮੰਨੀ ਗਈ ਹੈ:

'ਮੰਤ੍ਰਾਣਾਂ ਮਾਤਿ ਭੂਤਾ ਚ ਮਾਤ੍ਰਿਕਾ ਪਰਮੇਸ਼੍ਵਰੀ।

ਜੇ ਗਹੁ ਨਾਲ ਵਾਚੀਏ ਤਾਂ ਇਹ ਲੋਕ ਸਾਰੀ ਵਰਣਮਾਲਾ ਨੂੰ ਅੱਠ ਨੌਂ ਭਾਗਾਂ ਵਿਚ ਲੈਂਦੇ ਹਨ ਤੇ ਫਿਰ ਹਰ ਭਾਗ ਦੀ ਵੱਖ-ਵੱਖ ਦੇਵੀ ਨੀਅਤ ਹੈ। ਜਿਵੇਂ ਕਿ:

1. ਅਵਰਗ	ਮਹਾਂ ਲੱਛਮੀ
2. ਕਵਰਗ	ਬ੍ਰਾਹਮੀ
3. ਚਵਰਗ	ਮਹੇਸ਼੍ਵਰੀ
4. ਟਵਰਗ	ਕੁਮਾਰੀ
5. ਤਵਰਗ	ਵੈਸ਼ਣਵੀ
6. ਪਵਰਗ	ਬਾਰਾਹੀ
7. ਯਵਰਗ	ਏਂਦ੍ਰੀ
8. ਸਵਰਗ	ਚਾਮੁੰਡਾ

ਇਸ ਤੋਂ ਅੱਗੇ ਹੋਰ ਅੱਖਰਾਂ ਦਾ ਵੱਖਰਾ-ਵੱਖਰਾ ਦੇਵਤਾ ਹੈ, ਵੱਖਰਾ ਉਸ ਦਾ ਰੰਗ ਤੇ ਵੱਖਰੀ ਹੀ ਉਸ ਦੀ ਜਾਪ-ਵਿਧੀ ਤੇ ਫਲ ਹੈ। ਇਹ ਲੋਕ, ਅੱਖਰਾਂ ਦੀ ਪੂਜਾ ਦੇ ਇਤਨੇ ਸ਼ੌਕੀਨ ਤੇ ਸ਼ਰਧਾਲੂ ਹੋ ਗਏ ਕਿ ਇਹੋ ਏਕਾਖਰੀ ਮੰਤ੍ਰ ਲਿਖ ਲਿਖ ਕੇ ਸੰਭਾਲਣ ਲੱਗੇ ਤੇ ਇਹੋ ਲਿਖੇ ਹੋਏ ਮੰਤ੍ਰ, ਤੰਤ੍ਰ ਕਹਾਏ। ਤਿੱਬਤ, ਚੀਨ, ਜਾਪਾਨ ਆਦਿ ਵਿਚ ਅਜਿਹੇ ਸੈਂਕੜੇ ਗ੍ਰੰਥ ਮਿਲੇ ਹਨ, ਜਿਨ੍ਹਾਂ ਵਿਚ ਇਸੇ ਵਿਧੀ ਨਾਲ ਅੱਖਰਾਂ ਨੂੰ ਚਿਤਰਿਆ ਗਿਆ ਹੈ।

ਜਦੋਂ ਮਾਤ੍ਰਿਕਾ (ਲਿਪੀ) ਤੇ ਅੱਖਰਾਂ ਦਾ ਇਤਨਾ ਧਾਰਮਿਕ ਮਹੱਤਵ ਮੰਨਿਆ ਜਾਂਦਾ ਹੋਵੇ ਤਾਂ ਲਾਜ਼ਮੀ ਸੀ ਕਿ ਇਸ ਦਾ ਸਾਹਿੱਤਿਕ ਜਗਤ ਵਿਚ ਵੀ ਪ੍ਰਵੇਸ਼ ਹੁੰਦਾ, ਚੁਨਾਂਚਿ ਮਾਤ੍ਰਿਕਾ ਨਾਮ ਹੇਠ ਇਕ ਕਾਵਿ-ਰੂਪ ਪ੍ਰਚਲਿਤ ਹੋਇਆ, ਜਿਸ ਦੀ ਅਪਭ੍ਰੰਸ਼ ਤੇ ਰਾਜਸਥਾਨੀ ਵਿਚ ਅਨੇਕ ਭਾਂਤੀ ਵੰਨਗੀ ਮਿਲਦੀ ਹੈ। ਸਾਡੇ ਸਾਹਿੱਤ ਵਿਚ ਓਅੰਕਾਰ, ਪਟੀ, ਕਕਹਿਰਾ, ਬਾਵਨ ਅੱਖਰੀ ਜਾਂ ਪੈਂਤੀਸ ਅੱਖਰੀ ਆਦਿ ਜੋ ਰਚਨਾ ਮਿਲਦੀ ਹੈ, ਇਹ ਸਭ ਮਾਤ੍ਰਿਕਾ ਕਾਵਿ-ਰੂਪ ਦੀ ਆਲ ਔਲਾਦ ਹੈ।

ਸੋ, ਤਾਂਤ੍ਰਿਕ ਪਰੰਪਰਾ ਅਨੁਸਾਰ ਅੱਖਰ ਕਿਸੇ ਵਿਸ਼ੇਸ਼ ਭਾਵ ਦਾ ਪ੍ਰਤੀਕ ਸੀ ਤੇ ਉਸੇ ਅਨੁਸਾਰ ਉਸ ਦੀ ਵਿਆਖਿਆ ਕੀਤੀ ਜਾਂਦੀ ਸੀ। ਇਨ੍ਹਾਂ ਅੱਖਰਾਂ ਨਾਲ ਲੱਗਣ ਵਾਲੀਆਂ ਖ਼ਾਸ ਨਿਸ਼ਾਨੀਆਂ ਮਾਤ੍ਰਾ ਕਹਾਉਂਦੀਆਂ ਸਨ ਤੇ ਇਨ੍ਹਾਂ ਮਾਤ੍ਰਾਂ ਨੂੰ ਧਾਰਨ ਕਰਨ ਕਰਕੇ ਹੀ ਇਸ ਨੂੰ 'ਮਾਤ੍ਰਿਕਾ' ਕਿਹਾ ਜਾਂਦਾ ਸੀ।

ਸੋ, ਮਾਤ੍ਰਾ ਇਕ ਤਰ੍ਹਾਂ ਅੱਖਰਾਂ ਦੇ ਧਾਰਨ ਕਰਨ ਵਾਲੇ ਚਿੰਨ੍ਹ ਸਨ, ਜਿਸ ਨਾਲ ਉਨ੍ਹਾਂ ਦੀ ਧੁਨ ਵਿਚ ਫ਼ਰਕ ਪੈਂਦਾ ਸੀ। ਇਸੇ ਤਰ੍ਹਾਂ ਭਾਰਤ ਦੇ ਤਮਾਮ ਬਿਰਕਤਪੰਥੀ

ਸੰਤਾਂ ਸਾਧਾਂ ਨੇ ਆਪਣੇ ਆਪਣੇ ਮਤਾਂ ਦੇ ਵਿਸ਼ੇਸ਼ ਚਿੰਨ੍ਹ ਥਾਪੇ, ਜਿਨ੍ਹਾਂ ਨੂੰ ਧਾਰਨ ਕਰਨਾ ਜ਼ਰੂਰੀ ਸਮਝਿਆ ਗਿਆ ਤੇ ਇਹੋ ਚਿੰਨ੍ਹ ਹੀ 'ਮਾਤ੍ਰਾ' ਕਹੇ ਜਾਣ ਲੱਗੇ।

ਜਦੋਂ ਇਹ ਭੇਖ ਦੇ ਚਿੰਨ੍ਹ ਕੇਵਲ ਬਾਹਰੀ ਅਡੰਬਰ ਬਣ ਕੇ ਰਹਿ ਗਏ ਤਾਂ ਇਨ੍ਹਾਂ ਚਿੰਨ੍ਹਾਂ ਨੂੰ ਲੈ ਕੇ ਹਰ ਸੰਤ ਸਾਧੂ ਨੇ ਅੰਦਰੂਨੀ ਦੈਵੀ ਗੁਣਾਂ ਦੇ ਧਾਰਨ ਉੱਤੇ ਜ਼ੋਰ ਦਿੱਤਾ ਤੇ ਪ੍ਰਤੀਕ ਆਪਣੇ ਭੇਖ ਦੇ ਚਿੰਨ੍ਹਾਂ ਦਾ ਵਰਤਣਾ ਹੀ ਠੀਕ ਸਮਝਿਆ।

ਇਸ ਤਰ੍ਹਾਂ ਪ੍ਰਤੀਕਾਤਮਕ ਰੂਪ ਵਿਚ 'ਮਾਤ੍ਰਾ ਸਾਹਿੱਤ' ਦਾ ਜਨਮ ਹੋਇਆ, ਜਿਸ ਵਿਚ ਸੰਤਾਂ ਸਾਧਾਂ ਨੇ ਆਪਣੇ ਆਪਣੇ ਅੰਦਰੂਨੀ ਨਿਸਚੇ ਤੇ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਇਹ ਸਾਹਿਤਿਕ ਪਰੰਪਰਾ ਇਤਨੀ ਪ੍ਰਫੁੱਲਤ ਹੋਈ ਕਿ ਸਿੱਧਾਂ, ਨਾਥਾਂ, ਜੋਗੀਆਂ, ਵੈਰਾਗੀਆਂ ਤੇ ਉਦਾਸੀ ਸਾਧੂਆਂ ਨੇ ਆਪਣੇ ਆਪਣੇ ਮਾਤ੍ਰੇ ਲਿਖੇ ਤੇ ਉਨ੍ਹਾਂ ਵਿਚ ਇਕ ਤਰ੍ਹਾਂ ਆਪਣੇ ਮਤ ਦਾ ਵਿਧਾਨ ਦੁਹਰਾਇਆ ਅਤੇ ਆਪਣੇ ਸ਼ਿਸ਼ਾਂ ਨੂੰ ਦ੍ਰਿੜ੍ਹਾਇਆ ਕਿ ਇਹ ਗੱਲਾਂ ਧਾਰਨ ਕਰਨੀਆਂ ਜ਼ਰੂਰੀ ਹਨ।

ਬਾਬਾ ਸ੍ਰੀ ਚੰਦ ਜੀ ਦੇ ਨਾਂ 'ਤੇ ਮਿਲਦੀ ਮਾਤ੍ਰਾ ਦੇ ਅੰਤ ਵਿਚ ਦਰਜ ਹੈ:

ਐਸੀ ਮਾਤ੍ਰਾ ਪਹਰੈ ਕੋਇ। ਆਵਾਗਵਨ ਮਿਟਾਵੈ ਸੋਇ।

ਇਸ ਤੋਂ ਜ਼ਾਹਰ ਹੈ ਕਿ ਮਾਤ੍ਰਾ ਇਕ ਤਰ੍ਹਾਂ ਧਾਰਨ ਵਾਲੀ ਜਾਂ ਪਹਿਰਨ ਵਾਲੀ ਚੀਜ਼ ਸੀ ਤੇ ਇਕ ਥਾਂ ਇਹ ਸੰਕੇਤ ਪਹਿਰਾਵੇ ਲਈ ਵੀ ਵਰਤਿਆ ਮਿਲਦਾ ਹੈ:

ਤਹਿੰ ਦੁਇ ਸਾਧ ਆਏ ਬੀਚਾਰੀ। ਅਤਿ ਪ੍ਰਸੰਨ ਹੁਇ ਤਿਨਹਿ ਨਿਹਾਰੀ।
ਮਾਤ੍ਰਾ ਤਿਨ ਕੀ ਖੋਲ੍ਹਣ ਲਾਗਾ। ਦਰਸਨ ਦੇਖਿ ਭਾਗੁ ਮਸਤਕ ਜਾਗਾ।

(ਪ੍ਰੇਮ ਅੰਬੋਧ, 1693 ਈ.)

ਸਿੱਖਾਂ ਦੇ ਪੁਰਾਤਨ ਪ੍ਰਚਾਰਕ ਉਦਾਸੀ ਸਾਧੂ ਸਨ। ਹਾਲਾਤ ਅਨੁਸਾਰ ਇਨ੍ਹਾਂ ਨੂੰ ਬਿਰਕਤ ਰਹਿਣਾ ਪੈਂਦਾ ਸੀ। ਸੋ ਉਦਾਸੀ ਮਹਾਤਮਾਵਾਂ ਨੇ ਕਈ ਕਿਸਮ ਦੇ ਮਾਤ੍ਰੇ ਲਿਖ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ। ਬਾਬਾ ਸ੍ਰੀ ਚੰਦ, ਬਾਬਾ ਗੁਰਦਿੱਤਾ ਤੇ ਬਾਬਾ ਬਾਲੂ ਹਸਨਾ ਆਦਿ ਦੇ ਨਾਮ 'ਤੇ ਅਨੇਕਾਂ ਮਾਤ੍ਰੇ ਪ੍ਰਾਪਤ ਹਨ, ਜਿਨ੍ਹਾਂ ਦੀ ਗਿਣਤੀ ਚੌਵੀ ਤਕ ਦੱਸੀ ਜਾਂਦੀ ਹੈ।

ਇਨ੍ਹਾਂ ਮਾਤ੍ਰਾਂ ਦੇ ਰਚਣ ਦਾ ਮੁੱਖ ਪ੍ਰਯੋਜਨ ਇਹੋ ਸੀ ਕਿ ਧਾਰਮਿਕ ਸਾਧਕ ਬਾਹਰਲੀ ਰਹਿਤ ਦੀ ਥਾਂ ਅੰਦਰਲੀ ਰਹਿਤ ਉੱਤੇ ਵਧੇਰੇ ਜ਼ੋਰ ਦੇਣ।

ਬਾਵਾ ਗੁਲਾਬ ਦਾਸ ਨੇ ਵੀ ਮਾਤ੍ਰਾ ਲਿਖੀ ਸੀ।

ਸੁਆਮੀ ਯੋਗੀਂਦ੍ਰਾ ਨੰਦ ਨੇ *ਮਾਤ੍ਰਾ ਸ਼ਾਸਤ੍ਰ* ਪੁਸਤਕ ਵਿਚ ਪੁਰਾਤਨ ਵੈਦਿਕ ਮੰਤ੍ਰਾਂ ਨਾਲ ਜੋੜ ਕੇ ਇਸ ਦਾ ਅਰਥ ਪਰਮਾਰਥ ਵਰਣਨ ਕੀਤਾ ਹੈ ਤੇ ਇਹ ਰਚਨਾ ਸ੍ਰੀ ਸਾਧੂ ਬੇਲਾ ਆਸ਼੍ਰਮ, ਬਨਾਰਸ ਵੱਲੋਂ (2010 ਬਿ:) ਪ੍ਰਕਾਸ਼ਿਤ ਹੈ।

ਇਥੇ ਅਸੀਂ ਕੁਝ ਪੁਰਾਤਨ ਮਾਤ੍ਰੇ ਦਿੰਦੇ ਹਾਂ ਜੋ ਕਿ ਪ੍ਰਾਚੀਨ ਹੱਥ-ਲਿਖਤਾਂ ਵਿੱਚੋਂ ਉਤਾਰੇ ਗਏ ਹਨ। ਇਨ੍ਹਾਂ ਦੀ ਪ੍ਰਮਾਣਿਕਤਾ ਸੰਬੰਧੀ ਦਾਅਵੇ ਨਾਲ ਇਹ ਕਹਿਣਾ ਔਖਾ ਹੈ ਕਿ ਇਹ ਉਨ੍ਹਾਂ ਮਹਾਂਪੁਰਸ਼ਾਂ ਦੀ ਹੀ ਕ੍ਰਿਤ ਹਨ, ਜਿਨ੍ਹਾਂ ਦੇ ਨਾਂ ਉੱਤੇ ਇਹ ਪ੍ਰਚਲਿਤ ਹਨ:

1. ਮਾਤ੍ਰਾ ਜੋਗੀਆਂ ਕੀ

ਗੋਰਖਨਾਥ ਦੇ ਨਾਮ ਉੱਤੇ ਇਕ 'ਪੰਚਮਾਤ੍ਰਾ' ਵੀ ਮਿਲਦੀ ਹੈ ਤੇ 'ਗੋਰਖ ਬਾਣੀ' ਵਿਚ ਜੋਗੀਆਂ ਦੀ ਅਭੈਮਾਤ੍ਰਾ ਇਉਂ ਦਰਜ ਹੈ:

ਓਅੰ ਅਕੁਲ ਪੰਥ, ਅਕਲਿ ਕਾ ਮਾਰਗ, ਸਤ ਭੋਮਿ, ਸਹਜ ਆਸਨ, ਪ੍ਰਾਣ ਜੋਗੀ ਪਵਨ ਗੁਟਿਕਾ, ਨਿਜ-ਭਵਨ ਗੁਫਾ, ਸੰਜਮ ਕੁਪੀਨ, ਮਰਜਾਦਾ ਮੇਖਲੀ, ਨਿਹਕੇਵਲ ਜਗੌਟਾ, ਜੁਗਤਿ ਉਡਯਾਣੀ, ਸਾਚ ਮੁਦ੍ਰਾ, ਸੀਲ ਕੰਥਾ, ਖਿਮਾਂ ਟੋਪੀ, ਜਰਨਾ ਅਧਾਰੀ, ਅੰਤਰਿਗਤਿ ਝੋਲੀ, ਧੀਰਜ ਡੰਡ, ਬਿਬੇਕ ਫਾਹੁੜੀ, ਤਪ ਚਕ੍ਰ, ਮੂਲ ਕਮੰਡਲ, ਮਨ ਉਦਿਕ, ਮਹਾਂ ਅੰਮ੍ਰਿਤ ਭੋਜਨ, ਦਯਾ ਰਹਰਾਸਿ, ਬਿਚਾਰ ਪੁਸਤਕ, ਜਿਭਿਯਾ ਰਸਾਯਨ, ਸਰਬੰਗੀ ਕਲਾ, ਵਿਦਿਆ ਕਾਲ-ਬੰਚਣੀ, ਨ੍ਰਿਪੈ ਨਗਰੀ, ਅਕਲ ਬਨਖੰਡ, ਨਿਰਾਸ ਮਢੀ, ਅਤੀਤ ਦੇਵਤਾ, ਗਿਆਨ ਦੀਪਕ, ਅਕਲ ਪਰੈਹਨੀ, ਅਜਾਚਿਕ ਭਿਖਿਆ, ਸ਼ਬਦ ਸੀਂਗੀ, ਅਨਹਦ ਕਿੰਗਰੀ, ਸਿਆਮ ਸਰੋਵਰ, ਅੰਮ੍ਰਿਤ ਪਿਆਲਾ, ਨਿਹਚਲ ਰਿਧੀ, ਸਤਿ ਕਰਾਮਾਤਿ, ਮੁਕਤਿ ਸਿਧਿ, ਅਲੇਖ ਧਿਆਨ, ਅਟਲ ਸਮਾਧਿ, ਨਿਰਾਹਾਰ ਤਰੂਵਰ। ਜੁੱਗ ਪਲਵ ਅਮੀ ਫਲ।

ਇਤਿ ਅਭੈ ਮਾਤ੍ਰਾ ਸੰਪੂਰਣੰ

2. ਮਾਤ੍ਰਾ ਬਾਵੇ ਚਰਪਟਨਾਥ ਕੀ

ਸੇਲੀ ਨ ਬਾਧਹੁ ਨ ਪਹਿਰੋਂ ਮ੍ਰਿਗਾਨੀ
ਖਫਨੀ ਨ ਓਢਹੁ ਜੁ ਹੋਵੈ ਪੁਰਾਨੀ।
ਬਿਭੂਤਿ ਨ ਲਗਾਊਂ ਜੁ ਉਤਰਿ ਉਤਰਿ ਜਾਇ।
ਖਰ ਜਿਉ ਲੇਟੈ ਮੇਰੀ ਬਲਾਇ।
ਦੁਆਰਾ ਦੇਖ ਧੂੰਣੀ ਨ ਪਾਊਂ।
ਸੰਧਿਆ ਦੇਖਿ ਸਿੰਙੀ ਨਾ ਵਜਾਊਂ।
ਗ੍ਰਿਹਿ ਗ੍ਰਿਹਿ ਕੂਕਰੇ ਦੀ ਨਯਾਂਈ ਮਾਂਗਨੇ ਨ ਜਾਊਂ।
ਭੇਖ ਕਾ ਜੋਗੀ ਕਦੇ ਨ ਕਹਾਊਂ।
ਆਤਮਾ ਕਾ ਜੋਗੀ ਚਰਪਟ ਮੇਰਾ ਨਾਉਂ। ਗੁਰਪ੍ਰਸਾਦਿ ਸਚਿ ਸਮਾਊ।
ਇਕ ਸੇਤ ਪਟਾ ਇਕ ਲਾਲ ਪਟਾ ਤਿਲਕ ਜਨੇਊ ਲੰਮੜ ਜਟਾ।
ਇਕ ਮੂੰਡ ਮੂੰਡਾਏ ਕੰਨ ਫਟਾ। ਚੀਨਤ ਨਾਹੀ ਉਲਟ ਘਟਾ।
ਭੂਲੇ ਚਰਪਟ ਸਭ ਪੇਟ ਨਟਾ। ਆਵੇਗੀ ਜਬ ਕਾਲ ਘਟਾ।
ਤਬ ਛਡਿ ਜਾਹਿੰਗੇ ਲਟਾ ਪਟਾ।
ਰਾਤੀ ਖਿੰਥਾ ਝੋਲ ਮਝੋਲ। ਦਸਤਿ ਫਹੋੜੀ ਮੁਖ ਤੇ ਬੋਲ।
ਖਾਇਆ ਪੀਆ ਕੀਆ ਭੋਗ। ਸਤਿਗੁਰ ਮੇਟੇ ਸੋਗ ਵਿਜੋਗ।
ਊਠ ਚਲੇ ਕਛੁ ਬਾਤ ਨ ਪੂਛੇ ਕਹੋ ਕਹਾਂ ਤੁਮ ਜਾਨਾ।
ਜਹਾਂ ਜਾਨਾ ਤਹਾਂ ਜਾਇ ਪਹੁਚੇ ਚਾਹ ਨਹੀਂ ਕੁਛ ਖਾਨਾ।

ਜਹਾਂ ਪੜਿਓ ਮੂਸਲਾ, ਤਹਾਂ ਮੇਖ ਕੂਸਲਾ,
ਕਿਆ ਬਸਤੀ ਕਿਆ ਉਦਿਆਨਾ।
ਬੋਲੇ ਚਰਪਟ ਸਮਝੋ ਗੋਰਖ ਕਿਨੇ ਵਿਰਲੇ ਜੋਗੀ ਜੋਗ ਕਮਾਨਾ।

3. ਮਾੜ੍ਹਾ ਬੈਰਾਗੀਆਂ ਕੀ

ਸੁਆਮੀ ਰਾਮਾਨੰਦ ਦੇ ਧਰਮ-ਗੁਰੂ ਰਾਘਵਾਨੰਦ ਕ੍ਰਿਤ 'ਸਿਧਾਂਤ ਪੰਚ ਮਾੜ੍ਹਾ' ਦਾ ਹੱਥ ਲਿਖਤ ਖਰੜਾ ਨਾਗਰੀ ਪ੍ਰਚਾਰਿਣੀ ਸਭਾ, ਕਾਸ਼ੀ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ। ਇਸ ਦੇ 12 ਪੱਤਰੇ ਸਨ, ਹੁਣ ਕੇਵਲ ਅੱਠ ਪ੍ਰਾਪਤ ਹਨ। ਪਾਠ ਗ਼ਲਤ-ਮਲਤ ਤੇ ਅਧੂਰਾ ਹੈ। ਸ਼ਾਇਦ ਇਹ ਰਚਨਾ ਰਾਘਵਾਨੰਦ ਦੀ ਕ੍ਰਿਤ ਤਾਂ ਨਾ ਹੋਵੇ, ਕਿਸੇ ਵੈਰਾਗੀ ਸਾਧੂ ਦੀ ਰਚੀ ਹੋਵੇ। ਪਰ ਇਸ ਪ੍ਰਸੰਗ ਵਿਚ ਇਸ ਦੀਆਂ ਕੁਝ ਸਤਰਾਂ ਧਿਆਨ ਦੇਣ ਯੋਗ ਹਨ :

ਓਅੰ ਸਤਿ ਸਬਦ ਕਰੇ ਸਤਿਯੁਗ ਬ੍ਰਤਾ।
ਹਸਤਾ ਵੀਨਾ ਸਤਿਗੁਰ ਕਰਤਾ।
ਸਤਿਗੁਰ ਕਰਤੇ ਬੁਧਿ ਆਪਾਰ।
ਕੰਠ ਸਰਸ੍ਵਤੀ ਧਰਊਂ ਅਪਾਰ।....
ਮੂੰਜ ਕੋ ਆਡਬੰਦ ਬੱਜ੍ਰ ਕੁਪੀਨ,
ਇਸ ਬਿਧਿ ਜੋਗੀ ਇੰਦ੍ਰੀ ਜੀਤ।
ਮੂੰਜ ਕੋ ਜਨੇਊ ਬਨੋ ਲਰ ਤੀਨ।
ਕਾਯਾ ਪ੍ਰਬੀਨ ਬੀਸਵਾ ਰਾਖਾ ਤੀਨ।
ਦੁਆਦਸ ਤਿਲਕ ਛਾਪਾ ਰਾਜੇ।
ਦੇਖਤ ਰੂਪ ਸਕਲ ਭੈ ਭਾਜੇ।
ਤੁਲਸੀ ਕੀ ਮਾਲਾ ਹਾਥਿ ਸੁਮਰਣੀ।
ਰੋਮ ਰੋਮ ਜੋਗੇਸੁਰ ਵਰਣੀ।
ਕਾਨ ਸ੍ਰਵਣੀ ਜੰਤ੍ਰ ਢੇਢੀ ਮੁਦ੍ਰਾ।
ਯੋਗੇਸਰ ਕੂੰ ਕਾਲ ਨ ਝੰਪੇ ਨੀਂਦ੍ਰਾ।
ਸਿਰ ਪਰ ਚੋਟੀ ਜਟਾ ਵਧਾਵਹਿੰ।
ਯੋਂ ਵਿਧਿ ਜੋਗੀ ਬਿਭੂਤਿ ਚਢਾਵਹਿੰ।
ਧਰਮ ਕਰਿ ਆਸਣੁ ਬਾਦੂ ਮ੍ਰਿਗਛਾਲਾ।
ਪੀਤਾਮ੍ਰ ਰਾਖੇ ਜੋਗੀਸਰੁ ਮਤਵਾਲਾ.....
.....ਖੇਚਰੀਂ ਕਰਤੌਂ ਗੁਰ ਕੀ ਆਣੈ।
ਸੁਗੁਰਾ ਹੋਇ ਸੁ ਸ਼ਬਦ ਕੂ ਮਾਣੈ।
ਨੁਗੁਰਾ ਹੋਇ ਤ ਉਪਰਿ ਚਾਲਾ।
ਚਾਲਤੇ ਖਟ ਦਰਸ਼ਨ ਮੋਂ ਕੋ ਕਾਲਾ।

4. ਮਾੜ੍ਹਾ ਲਾਲ ਸ਼ਹਿਬਾਜ਼ਗੜ੍ਹੀਏ ਨਾਲ ਹੋਈ

ਦਿਲ ਸਾਫ ਸਾਫੀ ਟੋਪੀ ਧਰੂੰਗਾ,
ਬਿਖਤਰੇ ਸ਼ਹਿਰ ਮੈਂ ਬਿਖਤਰੇ ਰਹੂੰਗਾ।
ਖ਼ੁਫ਼ ਕੋ ਗਵਾਇ ਕਰ ਖ਼ਫਨੀ ਲਈ ਹੈ।
ਮੁਰਸ਼ਦ ਹਮਨ ਕੋ ਮਿਹਰਿ ਕਰਿ ਦਈ ਹੈ।
ਅਉਰੇ ਜੁਦਾਈ ਜੁਦਾਈ ਲਿੰਗੋਟੀ ਧਰੂੰਗਾ।
ਜੰਗਲ ਬਿਬਾਨੇ ਮੈਂ ਜਾ ਕਰਿ ਮਰੂੰਗਾ।
ਮਨ ਮੂੰਡ ਬਾਰਕ ਕੀਆ ਏਕ ਚੇਲਾ।
ਖੁਦਾ ਸਿਉਂ ਮਿਲੇ ਜਾਇ ਨਹੀਂ ਅਉਰ ਮੇਲਾ।
ਐਸੇ ਮਕਾਂ ਪਰ ਜਾਕਰਿ ਬਹੈਂਗੇ।
ਉਲਟੇ ਜ਼ਮਾਨਾ ਪਰੂ ਹਮ ਨ ਉਠਹਿੰਗੇ।
ਬਗੁਲੀ ਨਾਉਂਦ ਕੀ ਲੀਆ ਹਾਥ ਕਾਸਾ।
ਮੰਗੋ ਖ਼ੈਰ ਖ਼ੂਬੀ ਗਈ ਛਾਡਿ ਆਸਾ।
ਸਚ ਕੇ ਅਮਲ ਕਾ ਲੀਆ ਹਾਥਿ ਸੋਟਾ
ਭਏ ਪਾਕ ਦਾਮਨ ਗਇਓ ਕਰਮ ਖੋਟਾ।
ਸਚ ਕੇ ਮਕਾਂ ਪਰ ਕੀਓ ਜਾਇ ਡੇਰਾ।
ਮੁਹਕਮ ਭਏ ਮਿਟਿਓ ਝੂਠ ਝੇਰਾ।
ਸੁਖ਼ਨ ਸਚ ਤਾਗੇ ਲਗੇ ਖ਼ੂਬ ਖਿੰਥਾ,
ਸਦਾ ਅਵਲਿ ਤੁਸੀ ਜੋਰੇ ਰੋਜ਼ ਪੰਥਾ।
ਸਬਰ ਕੀ ਜੁ ਸੇਲੀ ਭਲੀ ਸੀਸ਼ ਸੋਹੈ,
ਮਿਹਰ ਕਾ ਜੋ ਬਟੂਆ ਨਹੀਂ ਕੋਈ ਮੋਹੈ।
ਇਹੀ ਹਾਥ ਤੂੰਬਾ ਜੋ ਫਰੂਆ ਹਮਾਰਾ,
ਦੁਨੀਆ ਜੁਦਾਈ ਸਦਾ ਹੀ ਕਿਨਾਰਾ।
ਰੋਜ਼ੀ ਹਮੇਸ਼ਾ ਸਾਹਿਬ ਦਿਹੰਦ ਹੈ,
ਆਲਮ ਤਮਾਮੀ ਕਿਸੇ ਕੀ ਨ ਬੰਧਿ ਹੈ।
ਉਨ ਕੀ ਖਬਰ ਲੇ ਹਮਰੀ ਭੀ ਲੇਗਾ।
ਮਿਹਰ ਦੀ ਨਜ਼ਰ ਸਿਉਂ ਹਮਨ ਕੋ ਭੀ ਦੇਗਾ।
ਸਦਾ ਯਾਦ ਸਾਈਂ ਕਦੀ ਨ ਜੁਦਾਈ,
ਦਿਲਿ ਸਾਫਿ ਜਪਨੀ ਜਪੂੰਗਾ ਰੇ ਭਾਈ।
ਦੁਨੀਆ ਕਿਨਾਰੇ ਸੋ ਕਾਮਲ ਫਕੀਰੀ,
ਬਸੇ ਬੀਚ ਦੁਨੀਆ ਸੋ ਸਾਰੀ ਅਮੀਰੀ।
ਜਤ ਕੀ ਜ਼ੰਜੀਰੀ ਹਮਨ ਪਹਿਰ ਰਾਖੀ,
ਖਲੜਾ ਖਲਾਸੀ ਖੁਦਾਇ ਲੋਕ ਸਾਖੀ।

ਇਕੁ ਮੋਰ ਛੜ ਲੀਏ ਹਾਥਿ ਆਏ,
ਅਮਲ ਖੂਬ ਖਾਸੇ ਸੋ ਸਿਰ ਪਰ ਝੁਲਾਏ।
ਪਊਏ ਸਦਾ ਪਾਕ ਗਈ ਸਭ ਪਲੀਤੀ,
ਗੋਦੜੀ ਪੁਸ਼ਾਕੀ ਭਲੀ ਭਾਂਤ ਸੀਤੀ।
ਚਾਰੋ ਰੰਗ ਚੁਨ ਕਰਿ ਚਾਰਿ ਕੁੰਟਿ ਮੈਂ ਲਗਾਏ।
ਜੋ ਪਹਿਰ ਆਏ ਸੋ ਮਾਥਾ ਨਿਆਏ।
ਧੂੰਆਂ ਗਰੀਬੀ ਸੈ ਆਗੇ ਲਗਾਇਆ,
ਸ਼ਬ ਰੋਜ਼ ਅੰਦਰਿ ਇਹੀ ਮੈਂ ਜਗਾਇਆ।
ਅਮਰ ਕਾ ਜੋ ਗੋਲਾ ਸਦਾ ਹਾਥ ਮੇਰੇ,
ਸਭ ਕੀ ਤੜਾਗੀ ਕਹਹੁ ਕੌਣ ਫੇਰੇ।
ਬੁਰਿਆਈ ਸ਼ੋ ਬੰਦ ਰੋਜ਼ ਗੋਸ਼ੇ ਬੁੰਦੇਲੇ,
ਚੌਗਾਨ ਥਾਨੇ ਸਭੀ ਰੋਜ਼ ਖੇਲੇ।
ਕਾਮਲ ਫਕੀਰੀ ਨਹੀਂ ਹਿਰਸ ਜਾਂਕੇ।
ਕਹੈ ਦਾਸ ਨਾਨਕ ਕੁਰਬਾਨ ਜਾਉਂ ਤਾਂਕੇ।

5. ਮਾਤ੍ਰਾ ਬਾਬੇ ਸਿਰੀਚੰਦ ਕੀ

ਬਾਲੇ! ਕਿਸ ਕਾ ਮੂੰਡਿਆ ਕਿਸ ਮੁੰਡਾਇਆ।
ਕਿਸ ਕਾ ਭੇਜਿਆ ਨਗਰੀ ਪਹਿ ਆਇਆ।
ਸ਼ਬਦ ਕਾ ਮੂੰਡਿਆ ਸਿਦਕ ਕਾ ਮੁੰਡਾਇਆ।
ਸਤਿਗੁਰ ਕਾ ਭੇਜਿਆ ਨਗਰੀ ਪਹਿ ਆਇਆ।
ਚੇਤਉਂ ਨਗਰੀ ਤਾਰਉਂ ਗਾਉਂ।
ਸਦਾ ਅਲਖ ਕਾ ਸਿਮਰਉਂ ਨਾਉਂ।
ਗੁਰ ਅਬਿਨਾਸੀ ਖੇਲ ਰਚਾਇਆ।
ਅਗਮ ਨਿਗਮ ਕਾ ਪੰਥ ਬਤਾਇਆ।
ਗਿਆਨ ਕੀ ਗੋਦੜੀ ਖਿਮਾ ਕੀ ਟੋਪੀ।
ਜਤ ਕਾ ਆੜਬੰਦ ਸੀਲ ਲਿੰਗੋਟੀ।
ਅਕਾਲ ਖਿੰਥਾ ਨਿਰਾਸ ਝੋਲੀ।
ਜੁਗਤਿ ਕਾ ਟੋਪ ਗੁਰਮੁਖੀ ਬੋਲੀ।
ਧਰਮ ਕਾ ਚੋਲਾ ਸਤਿ ਕੀ ਸੇਲੀ।
ਮਿਰਜਾਦ ਮੇਖਲੀ ਲੈ ਗਲੇ ਮੇਲੀ।
ਧਿਆਨ ਕਾ ਬਟੂਆ ਨਿਰਤ ਕਾ ਸੂਈਦਾਨ।
ਬ੍ਰਹਿਮ ਅੰਚਲਾ ਲੈ ਪਹਿਰੇ ਸੁਜਾਨ।
ਬਹੁ ਰੰਗੀ ਮੋਰ-ਛੜ ਨਿਰਲੇਪ ਬਿਰਤੀ।
ਨਿਰਭਉ ਜਗ ਡੋਰ, ਨਹੀਂ ਕੋ ਦ੍ਰਿਸ਼ਟੀ।

ਜਾਪ ਜਗੋਟਾ ਸਿਫਤ ਉਡਾਣੀ।
ਸਿੰਙੀ ਸ਼ਬਦ ਅਨਾਹਦ ਗੁਰਬਾਣੀ।
ਸਰਮ ਕੀਆਂ ਮੁੰਦ੍ਰਾ ਸਿਵ ਭਭੂਤਾ।
ਹਰਿ ਭਗਤਿ ਮ੍ਰਿਗਾਨੀ ਲੈ ਪਹਿਰੇ ਗੁਰ ਪੂਤਾ।
ਸੰਤੋਖ ਸੂਤ ਬਿਬੇਕ ਤਾਗੇ।
ਅਨੇਕ ਟਲੀ ਤਹਾਂ ਲਾਗੇ।
ਸੁਰਤਿ ਕੀ ਸੂਈ ਲੈ ਸਤਿਗੁਰ ਸੀਵਹਿ।
ਜੋ ਰਾਖਹਿ ਸੋ ਨਿਰਭਉ ਥੀਵਹਿ।
ਸਿਆਹ ਸੁਪੇਦ ਜ਼ਰਦ ਸੁਰਖਾਈ।
ਜੋ ਲੇ ਪਹਿਰੈ ਸੋ ਗੁਰਭਾਈ।
ਤ੍ਰੈਗੁਣ ਚਖਮਖ ਅਗਨਿ ਮਥਿ ਪਾਈ।
ਦੁਖ ਸੁਖ ਧੂਣੀ ਦੇਵ ਜਲਾਈ।
ਸੰਜਮ ਕ੍ਰਪਾਲੀ ਸੋਭਾ ਧਾਰੀ।
ਚਰਨ ਕਵਲ ਮੈਂ ਸੁਰਤਿ ਹਮਾਰੀ।
ਭਾਉ ਭੋਜਨ ਅੰਮ੍ਰਿਤ ਕਰਿ ਖਾਇਆ।
ਭਲਾ ਬੁਰਾ ਨਹੀਂ ਮਨ ਵਸਾਇਆ।
ਪਾਤ੍ਰ ਵਿਚਾਰ ਫਰੂਆ ਬਹੁ ਗੁਣਾ।
ਕਰਮੰਡਲ ਤੂੰਬਾ ਕਿਸਤੀ ਘਣਾ।
ਅੰਮ੍ਰਿਤ ਪਿਆਲਾ ਉਦਕ ਮਨ ਦਇਆ।
ਜੋ ਪੀਵੈ ਸੋ ਸੀਤਲ ਭਇਆ।
ਇੜਾ ਮੈਂ ਆਵਹਿ ਪਿੰਗਲਾ ਮੈਂ ਜਾਵਹਿ।
ਸੁਖਮਨਾ ਕੈ ਘਰਿ ਸਹਿਜ ਸਮਾਵੈ।
ਨਿਰਾਸ ਮਨਿ ਨਿਰੰਤਰ ਧਿਆਨ।
ਨਿਰਭਉ ਨਗਰੀ ਗੁਰਦੀਪਕੁ ਗਿਆਨੁ।
ਅਸਥਿਰ ਰਿਧਿ ਅਮ੍ਰਪਤਿ ਡੰਡਾ।
ਧੀਰਜ ਫਾਹੋੜੀ ਤਪ ਕਰ ਖੰਡਾ।
ਵਸ ਕਰ ਆਸਾ ਸਮਦ੍ਰਿਸਟਿ ਚੁਗਾਨ।
ਹਰਖ ਸੋਗ ਨਹੀਂ ਮਨ ਮੈਂ ਆਨ।
ਸਹਿਜ ਬੈਰਾਗੀ ਕਰਹਿ ਬੈਰਾਗ।
ਮਾਇਆ ਮੋਹਨੀ ਸਕਲ ਤਿਆਗ।
ਨਾਮ ਕੀ ਪਾਖਰ ਪੌਣ ਦਾ ਘੜਾ।
ਨਿਹ ਕਰਮ ਜੀਨ ਤਤ ਕਾ ਜੋੜਾ।
ਨਿਰਗੁਣ ਢਾਲ ਗੁਰ ਸਬਦ ਕਮਾਨ।
ਅਕਲਪ ਸੰਜੋ ਪ੍ਰੀਤਿ ਕੇ ਬਾਣ।

ਅਕੁਲ ਕੀ ਬਰਛੀ ਗੁਣਾਂ ਕੀ ਕਟਾਰੀ।
ਮਨ ਕੋ ਮਾਰ ਕਰਹੁ ਅਸਵਾਰੀ।
ਬਿਖਮ ਗੜ੍ਹ ਤੋੜਿ ਨਿਰਭਉ ਘਰਿ ਆਵਹਿ।
ਨਉਬਤਿ ਸੰਖ ਨਗਾਰਾ ਵਾਵਹਿ।
ਗੁਰ ਅਬਿਨਾਸੀ ਸੂਛਮ ਬੇਦ।
ਨਿਰਬਾਣ ਬਿਦਿਆ ਅਪਾਰ ਭੇਦ।
ਅਖੰਡਤਿ ਜੰਬੂ ਨਿਰਮਲ ਧੋਤੀ।
ਸੋਹੰ ਜਾਪੁ ਸਚੁ ਮਾਲ ਪਰੋਤੀ।
ਸਿਖਿਆ ਗੁਰ ਮੰਤ੍ਰ ਗਾਇਤ੍ਰੀ ਹਰਿਨਾਮ।
ਨਿਹਚਲ ਆਸਲ ਕਰ ਬਿਸਰਾਮ।
ਤਿਲਕ ਸੰਪੂਰਣ ਤਰਪਣ ਜਸੁ।
ਪੂਜਾ ਪਰੇਮ ਭੋਗ ਮਹਾਂ ਰਸੁ।
ਨਿਰਵੈਰ ਸੰਧਿਆ ਦਰਸਨ ਛਾਪ।
ਬਾਦ ਬਿਬਾਦ ਮਿਟਾਵੈ ਆਪ।
ਪ੍ਰੀਤ ਪੀਤੰਬਰ ਮਨ ਮ੍ਰਿਗ ਛਾਲਾ।
ਚੀਤ ਚਤੰਬਰ ਰੁਣਝੁਣ ਮਾਲਾ।
ਬੁਧਿ ਬਘੰਬ੍ਰ ਕੁਲਹਾ ਪੁਸਤੀਨ।
ਖੌਸ ਖੜਾਵਾਂ ਏਹ ਮਤਿ ਲੀਨ।
ਚੂੜਾ ਤੋੜਾ ਅਉਰ ਜੰਜੀਰ।
ਪਹਿਰੇ ਨਾਨਕ ਸ਼ਾਹ ਫਕੀਰ।
ਜਟਾਜੂਟ ਮੁਕਟ ਸਿਰ ਹੋਇ।
ਮੁਕਤਾ ਫਿਰੇ ਬੰਧਨ ਨਹੀਂ ਕੋਇ।
ਨਾਨਕ ਪੂਤਾ ਸ੍ਰੀ ਚੰਦ ਬੋਲੈ।
ਜੁਗਤਿ ਪਛਾਣੈ ਤੱਤ ਵਿਰੋਲੈ।
ਐਸੀ ਮਾਤ੍ਰਾ ਲੈ ਪਹਿਰੇ ਕੋਇ।
ਆਵਾਗਉਣ ਮਿਟਾਵਹਿ ਸੋਇ।

6. ਮਾਤ੍ਰਾ ਬਾਬਾ ਗੁਰਦਿਤੇ ਜੀ ਕਾ

ਓਅੰ ਟੋਪੀ ਕਹੈ ਖਿਮਾ ਨਾਮ ਮੇਰਾ।
ਧਰਤੀ ਮਾਹਿ ਬਸੇਰਾ ਮੇਰਾ।
ਧਰਤਿ ਮਾਰਗ ਕੋ ਲੇਹੁ ਪਛਾਣ।
ਹਰਖ ਸੋਗ ਨਹੀਂ ਮਨ ਮੇਂ ਆਣਿ।
ਇਹ ਮਾਰਗ ਟੋਪੀ ਕਾ ਭਾਈ।
ਨਾਨਕ ਜੋ ਚਾਹੇ ਸੁ ਲਏ ਪਾਈ।੧।

ਸੇਲੀ ਕਹੈ ਸੀਲ ਕਉ ਰਾਖ।
ਐਸਾ ਮਾਰਗ ਮਨ ਮੈਂ ਭਾਖ।
ਚੋਰੀ ਯਾਰੀ ਨਿੰਦਿਆ ਪਰਹਰੈ।
ਕਾਮ ਕਰੋਧ ਮਦ ਮੂਲ ਨ ਧਰੈ।
ਸੀਲ ਮਾਰਗ ਕਾ ਪੈਂਡਾ ਏਹੁ।
ਨਾਨਕ ਕਹੈ ਸੇਲੀ ਸਮਝ ਕਰਿ ਲੇਹੁ।੨।
ਖ਼ਫਨੀ ਕਹੈ ਬਾਤ ਹੈ ਏਹੁ।
ਖ਼ਫਨ ਨਾਮ ਮੇਰਾ ਸੁਨਿ ਲੇਹੁ।
ਮ੍ਰਿਤਕ ਮਾਰਗ ਤਾਂ ਕੋ ਕਹੀਐ।
ਖਾਣ ਪੀਣ ਤੇ ਸਬਰ ਕਰਿ ਰਹੀਐ।
ਕੋਈ ਲੈ ਆਵੈ ਕੋਈ ਖਿਲਾਵੈ।
ਕਹੁ ਨਾਨਕ ਇਹ ਮਾਰਗ ਖ਼ਫਨੀ ਸਮਝਾਵੈ।੩।
ਗੋਦੜੀ ਕਹੈ ਸਮਝ ਮਨਿ ਧਿਆਇ।
ਗੋਦੜ ਹੁਇ ਮਾਟੀ ਰਲਿ ਜਾਇ।
ਗੋਦੜੀ ਮਾਰਗ ਖਾਕ ਹੈ ਨਾਉ।
ਕਲਰ ਧਰਨੀ ਕਰ ਬਿਸਰਾਮ।
ਗੋਦੜੀ ਕਹੈ ਏਹੁ ਨੀਸਾਣੀ।
ਨਾਨਕ ਪ੍ਰਗਟ ਕਰ ਦਿਖਲਾਨੀ।੪।
ਫਾਹੁੜੀ ਕਹੈ ਸੁਨੋ ਭਾਈ ਸਾਧੋ।
ਐਸਾ ਨਾਮ ਲੇ ਮਨਹਿ ਅਰਾਧੋ।
ਸ਼ਾਦੀ ਗ਼ਮੀ ਤੇ ਮੁਖ ਨ ਮੋੜਹੁ।
ਕਰ ਮਸਤਕ ਹਥ ਸੀਧੇ ਜੋੜਹੁ।
ਐਸਾ ਸੇਵਕ ਹੋਵੈ ਕੋਈ।
ਨਾਨਕ ਸਹਿਜੇ ਮੁਕਤਾ ਸੋਈ।੫।
ਓਅੰ ਅਗਨਿ ਕਾ ਕੋਟ ਪਵਨ ਕਾ ਗੋਲਾ ਧਰਤਿ ਸੇਜ ਵਿਛਾਈ।
ਊਪਰਿ ਆ ਬੈਠੇ ਨਾਨਕ ਅਬਿਨਾਸੀ,
ਦਸਤ ਫਾਹੁੜੀ ਕੰਧੇ ਲੱਠਾ
ਨਉਂ ਨਾਥ ਚਉਰਾਸੀ ਸਿਧਹਿੰ, ਮਿਲਿ ਕੀਆ ਧੂਣੀ ਕਾ ਮਤਾ।
ਕਵਣ ਕਵਣ ਕੀ ਧੂਣੀ–ਲਕੜੀ ਕੀ ਧੂਣੀ, ਮੋਂਢਣ ਕੀ ਧੂਣੀ
ਗੋਬਰ ਕੀ ਧੂਣੀ ਬਡੇ ਜਨਾਵਰ ਹਾਥੀ ਕੀ ਲਿੱਦ ਕੀ ਧੂਣੀ
ਕਵਣ ਆਸਣ ਆਣੀ, ਕਵਣ ਆਸਣ ਮੇਲੀ
ਕਵਣ ਆਸਣ ਸੁਲਘਾਈ ਕਵਣ ਆਸਣ ਤਾਪੀ।
ਕਪਾਲ ਆਸਣ ਆਣੀ ਕਾਗ ਆਸਣ ਮੇਲੀ
ਸਹਿਜ ਆਸਣ ਸੁਲਘਾਈ ਸੁਖ ਆਸਣ ਤਾਪੀ।

ਚਾਰਹੁ ਧੂਣੀ ਸੰਪੂਰਨ ਹੋਈ।
ਜੀਅ ਜੰਤ ਜਲੇ ਮੋਖ ਮੁਕਤਿ ਪਾਵੈ।
ਤਉ ਨਾਨਕ ਬਾਲ ਗੁਪਾਲ ਧੂਣੀ ਆਣਿ ਲਗਾਵੈ।੬।
ਫਹੁਆ ਪੱਤ੍ਰ ਔਰ ਕਪਾਲੀ।
ਸਰਦੀ ਗਰਮੀ ਸਿਰ ਪਰ ਝਾਲੀ।
ਅਉਰ ਬਿਚਾਰ ਨ ਮਨ ਮੈਂ ਕਰਉਂ।
ਚਰਨ ਕਮਲ ਪਰ ਲੈ ਚਿਤ ਧਰਉਂ।
ਸੀਲ ਸੰਤੋਖ ਕੀ ਭਿਛਿਆ ਖਾਇ।
ਤਉ ਨਾਨਕ ਜੋਗੀ ਜੋਗੁ ਕਮਾਇ।੭।
ਮੋਰ ਛੜ ਲੈ ਐਸੀ ਸਾਖ ਬਤਾਵੈ।
ਬਹੁ ਰੂਪ ਰੰਗ ਮਿਲਿ ਏਕ ਧਿਆਵੈ।
ਇਕ ਮਨ ਇਕ ਚਿਤ ਹੋਇਕੈ ਗਾਵੈ।
ਗੁਰਮੁਖਿ ਹੋਇ ਸੁਮਾਰਗ ਪਾਵੈ।
ਕਹੁ ਨਾਨਕ ਗੁਰਮੁਖਿ ਕੀ ਬਾਤ।
ਬਿਨ ਸਤਿਗੁਰ ਕਿਨੈ ਨਾ ਪਾਈ ਗਿਆਤ।੮।
ਝੋਲੀ ਕਉ ਲੇ ਸੰਗਿ ਚਲਾਵੈ।
ਤਾਂਕਾ ਅਰਘ ਏਹੀ ਕਹਾਵੈ।
ਝੋਲੀ ਕਾਇਆ ਨਾਮ ਭਣਿਜੈ।
ਦਸ ਇੰਦ੍ਰੀ ਕੀ ਮੈਲ ਥਕਿਜੈ।
ਦਸ ਇੰਦ੍ਰੀ ਕੀ ਮੈਲ ਜਿਨ ਖੋਈ।
ਨਾਨਕ ਝੋਲੀ ਰਾਖ ਸੋਈ।੯।
ਧੂਣੀ ਕਹੈ ਜੁ ਮੁਝ ਕੋ ਤਾਪ।
ਸਤਿਨਾਮੁ ਲੇ ਮਨ ਮੇਂ ਭਾਖ।
ਅਵਧੂਤ ਹੋਇ ਮਸਾਣ ਜਗਾਵੈ।
ਕਾਇਆ ਮਾਰਗ ਮਨ ਨ ਡੁਲਾਵੈ।
ਸੁੰਨ ਮੰਡਲ ਮਹਿ ਧਿਆਨ ਲਗਾਵੈ।
ਤਉ ਨਾਨਕ ਅਗਮ ਨਿਗਮ ਕੀ ਧੂਣੀ ਤਪਾਵੈ।੧੦।
ਸਤ ਕੀ ਮੁੰਦ੍ਰਾ ਲੈ ਕੰਨੀਂ ਪਾਇ।
ਧਿਆਨ ਬਿਭੂਤਿ ਲੇ ਅੰਗ ਚੜ੍ਹਾਇ।
ਅਕਾਲ ਖਿੰਥਾ ਲੈ ਪਹਿਰੇ ਕੋਈ।
ਸਿੰਗੀ ਸ਼ਬਦ ਅਨਾਹਦ ਦ੍ਰਿੜ ਹੋਈ।
ਕੁਆਰੀ ਕਾਇਆ ਜੋਗ ਵਰ ਪਾਇਆ।
ਤਉ ਨਾਨਕ ਆਦਿ ਪੁਰਖ ਕਾ ਦਰਸ਼ਨ ਪਾਇਆ।੧੧।
ਮਾਲਾ ਕਹੈ ਜੁ ਮੁਝ ਕੋ ਫੇਰਿ।

ਇਸ ਮਨ ਗਾਢ ਕੋ ਉਲਟ ਕਰ ਘੇਰਿ।
ਮਨ ਮਵਾਸ ਕੋ ਬੰਧਨ ਪਾਇ।
ਸਗਲ ਕਾਇਆ ਲਵੇ ਠਹਿਰਾਇ।
ਦੋਹੀ ਸਤਿਨਾਮ ਕੀ ਹੋਈ।
ਨਾਨਕ ਮਾਲਾ ਰਾਖੈ ਸੋਈ।੧੨।
ਸੋਹਾਗਣਿ ਹੋਇ ਕੈ ਚੂੜਾ ਪਾਵੈ।
ਮੌਲੀ ਮਹਿੰਦੀ ਸੁਰਮਾ ਮਟਕਾਵੈ।
ਬਿਨ ਸੁਹਾਗ ਜੋ ਚੂੜਾ ਪਾਵੈ।
ਦੁਰਾਚਾਰ ਉਹ ਨਾਰਿ ਕਹਾਵੈ।
ਕਰਿ ਸ਼ੀਂਗਾਰ ਪੀਆ ਅੰਗ ਲਗਾਵੈ।
ਥਿਰ ਸੁਹਾਗ ਨਾਨਕ ਜਨ ਪਾਵੈ।੧੩।
ਮ੍ਰਿਗਛਾਲਾ ਕਹੈ ਮੁਝ ਕੋ ਲੇਹੁ।
ਦੂਜੇ ਸੇਤੀ ਅੰਗ ਨ ਦੇਹਿ।
ਉਢੇ ਪਸਤੀਨ ਔਰ ਚਿਤੰਬਰ...ਸ਼ੇਰ ਬਘੰਬਰ
ਰਹੇ ਬਿਬਾਣੇਂ ਮੜ੍ਹੀ ਮਸਾਣੀ
ਸੀਤ ਘਾਮ ਲੇ ਸਿਰ ਪਰ ਝਾਲ
ਮ੍ਰਿਗ ਮਾਰਿ ਮ੍ਰਿਗਾਨ ਚਲਾਏ।
ਤਉ ਨਾਨਕ ਐਸਾ ਜੋਗੀ ਮੁਕਤ ਸਦਾਏ।੧੪।
ਜੋ ਕੋਈ ਲੇ ਪਹਿਰੇ ਜ਼ੰਜੀਰ।
ਦੁਖ ਸੁਖ ਸਮ ਕਰਿ ਸਹੈ ਸਰੀਰ।
ਅਹਿਰਣ ਨਿਆਈਂ ਇਹ ਮਨ ਕਰੈ।
ਸ਼ਬਦ ਹਥੌੜਾ ਲੇ ਹਥਿ ਘੜੈ।
ਲੋਹੇ ਵਾਂਗੁ ਇਹ ਮਨ ਘੜੈ।
ਨਾਨਕ ਸਤਿਗੁਰ ਪੂਰਾ ਮਿਲੈ ਤਾਂ ਸੋਝੀ ਪੜੈ।੧੫।

7. ਮਾਤ੍ਰਾ ਹਰੀਏ ਜੀ ਕੀ

ਮਾਲਵੇ ਦੇ ਸਾਧੂ ਕਵੀ ਬਾਵਾ ਹਰੀਏ (17ਵੀਂ ਸਦੀ) ਦੀ ਮਾਤ੍ਰਾ 102 ਛੰਦਾਂ ਦੀ ਲੰਮੀ ਰਚਨਾ, ਅਪ੍ਰਕਾਸ਼ਿਤ ਹੈ। ਵੰਨਗੀ ਵਜੋਂ ਕੁਝ ਸਤਰਾਂ ਪੇਸ਼ ਹਨ:

ਏਕ ਨਗਰੀ ਪੰਜਿ ਸਿਕਦਾਰਾ।
ਗੁਰ ਭਉ ਸਿਸਿ ਵੱਜੇ ਕੁਠਾਰਾ।
ਭੇਖ ਕੀ ਲਾਜ ਬਹੁਤ ਸ਼ਰਮਾਣੇ।
ਛੋਡੀ ਵੇ ਪਾੜੀ ਤਬਿ ਰਸ ਭਾਣੇ।੩।
ਕਿਉਂ ਕਰਿ ਛੋਡਿ ਨਿਕਥਾ ਮਨੂਆ।
ਕਿਉਂ ਕਰਿ ਪੁਰਖਾ ਜੋਗੀ ਹੂਆ।੪।

ਗਿਆਨੁ ਖੜਗੁ ਵੱਜਿਆ ਜਦਿ ਭਾਈ।
ਸਬਦੇ ਧਿਆਨਿ ਮੈਲੁ ਗਵਾਈ।
ਸਾਧੂ ਬੈਠਕ ਭਏ ਉਦਾਸੀ।
ਗੁਰ ਉਪਦੇਸ਼ਿ ਜੋਗ ਨਿਵਾਸੀ।੫।
ਕਵਣ ਭੇਖੁ ਕਿਆ ਬਸਤ੍ਰ ਲੀਆ।
ਕਵਣੁ ਸੁ ਟੂਕਾ ਕਿਆ ਤੇ ਸੀਆ।੬।
ਨਿਰੰਜਨੁ ਭੇਖ ਸਿਉ ਬਸਤ੍ਰ ਲੀਤਾ।
ਰਦੁ ਟੂਕਾ ਅਮਿਓ ਕਰਿ ਪੀਤਾ।੭।
ਕਿਉਂ ਕਰਿ ਪੁਰਖਾ ਖਫ਼ਨੀ ਪਹਰੀ,
ਕਿਉਂ ਕਰਿ ਗੋਦੜੁ ਲੀਆ।
ਕਿਉਂ ਕਰਿ ਪੁਰਖਾ ਲਈ ਅਧਾਰੀ,
ਕਿਉਂ ਕਰਿ ਕਾਸੈ ਪੀਆ।੮।
ਮੁਰਦੇ ਹੋਇਕੇ ਖਫ਼ਨੀ ਪਹਰੀ,
ਓਵਰ ਹੋਇ ਕੈ ਖਿੰਥਾ।
ਗੁਰ ਕੀਰਤਿ ਕਉਂ ਲਈ ਅਧਾਰੀ,
ਕਾਸੇ ਸਰਬ ਮੰਗਾਤਾ।੯।
ਕਿਉਂ ਕਰਿ ਪੁਰਖਾ ਸੂਈ ਲੀਤੀ,
ਕਿਉਂ ਕਰਿ ਲੀਤਾ ਤਾਗਾ।
ਕਿਉਂ ਕਰਿ ਪੁਰਖਾ ਲਈ ਫਹੋੜੀ,
ਕਿਉਂ ਕਰਿ ਭਗਵੇ ਲਾਗਾ।੧੦।
ਸਾਫਨ ਸਾਭੁ ਹੋਇ ਕੈ ਸੂਈ ਲੀਤੀ,
ਨੀਕੇ ਹੋਇਕੇ ਤਾਗਾ।
ਭੁਇ ਖਰੇ ਹੋਇਕੇ ਲਈ ਫਹੋੜੀ,
ਗ਼ਰੀਬੀ ਭਗਵੇ ਲਾਗਾ।੧੧।
ਕਿਉਂ ਕਰਿ ਗੋਠੀਆ ਲੀਆ,
ਕਿਉਂ ਕਰਿ ਲੀਆ ਕਮਰਬੰਦਾ।
ਕਿਉਂ ਕਰਿ ਪੁਰਖਾ ਲਈ ਲੰਗੋਟੀ,
ਕਿਉਂ ਕਰਿ ਟੋਪੁ ਬਹੰਦਾ।੧੨।
ਆਪੁ ਸੰਗੋਇ ਗੋਠੀਆ ਲੀਆ।
ਭੈਆ ਸੰਤੋਖੀ ਕਮਰਬੰਦਾ।
ਬੂੰਦ ਰਖਿ ਲਈ ਲੰਗੋਟੀ,
ਭੁੰਡੀ ਟੋਪੁ ਬਣੰਦਾ।੧੩।
ਕਿਉਂ ਕਰਿ ਪੁਰਖਾ ਸਿਸੁ ਮੁਨਾਇਆ,
ਕਿਉਂ ਕਰਿ ਪਹਰੀ ਮਾਲਾ।

ਕਿਉਂ ਕਰਿ ਪੁਰਖਾ ਲਈ ਬੈਰਾਗਣਿ,
ਕਿਉਂ ਕਰਿ ਧੂੰਈ ਜਾਲਾ।੧੪।
ਵਿਥੀ ਪਾਈਆ ਤਾ ਸਿਸੁ ਮੁਨਾਇਆ,
ਨਿਰਮਲ ਹੋਇਕੇ ਮਾਲਾ।
ਮਨੁ ਬੈਰਾਗੀ ਲਈ ਬੈਰਾਗਣਿ,
ਅਹਲਾ ਧੂੰਦੀ ਜਾਲਾ।੧੫।
ਕਿਉਂ ਕਰਿ ਬੈਠਾ, ਕਿਉਂ ਉਠਿ ਧਾਇਆ,
ਕਿਤੁ ਮੁਖਿ ਮੰਗਿਆ, ਕਿਤੁ ਮੁਖਿ ਪਾਇਆ।੧੬।
ਦ੍ਰਿੜ ਕਰਿ ਬੈਠਾ, ਖੁਧਿਆ ਉਠਿ ਧਾਇਆ।
ਰਾਮ ਮੁਖ ਮੰਗਿਆ, ਅਗਨਿ ਮੁਖਿ ਖਾਇਆ।੧੭।
ਕਿਉਂ ਕਰਿ ਪੁਰਖਾ ਨਗਰੀ ਆਇਆ,
ਕਿਉਂ ਰਹਿਆ ਉਦਿਆਰੀ।
ਕਾਹੇ ਕਉ ਤਨਿ ਖਾਕ ਲਗਾਈ,
ਕਿਉਂ ਬੈਠਾ ਦਰਬਾਰੀ।੧੮।
ਦ੍ਰਿਸਟਿ ਪੇਖਣ ਕਉਂ ਨਗਰੀ ਆਏ,
ਬਿਰਕਤ ਰਹੇ ਉਦਿਆਰੀ।
ਗੁਰੁ ਰੀਝਾਵਣ ਕਉਂ ਤਨ ਧੂਰੀ ਲਗਾਈ,
ਦਰਸਨ ਕਉ ਦਰਬਾਰੀ।੧੯।
ਕਉਣੁ ਸੁ ਮੁਆ ਕਉਣੁ ਸੁ ਹੂਆ,
ਕਉਣੁ ਸੁ ਸੰਗਿ ਤੁਮਾਰੇ।
ਕਉਣੁ ਸੁ ਛੋਡਿ ਗਇਆ ਬੈਰਾਗੀ,
ਕਉਣ ਕਥਾ ਬੀਚਾਰੇ।੨੦।
ਮੂਆ ਅਗਿਆਨੁ ਗਿਆਨੁ ਘਰਿ ਆਇਆ,
ਗੁਰਬਚਨੁ ਸੰਗਿ ਹਮਾਰੇ।
ਦੂਆ ਛੋਡਿ ਗਇਆ ਬੈਰਾਗੀ,
ਸਭੁ ਸਬਦੁ ਬੀਚਾਰੇ।੨੧।

ਮਾਲਵੇ ਦਾ ਮਹਾਨ ਕਵੀ—ਬਾਵਾ ਹਰੀਆ

ਮਾਲਵੇ ਨੂੰ ਪੁਰਾਣੇ ਜ਼ਮਾਨੇ 'ਜੰਗਲ ਦੇਸ਼' ਕਿਹਾ ਜਾਂਦਾ ਸੀ। ਇਹ ਕੁਦਰਤੀ ਜੰਗਲ ਤਪੱਸਵੀਆਂ-ਬਿਰਕਤਾਂ, ਸਾਧੂਆਂ-ਸੰਤਾਂ ਦਾ ਨਿਵਾਸ ਸਥਾਨ ਸੀ ਤੇ ਉਨ੍ਹਾਂ ਦਾ ਵਿਰਸਾ ਅਜੇ ਤਕ ਮਲਵਈ ਧਰਤੀ ਅਤੇ ਇਥੋਂ ਦੇ ਨਿਵਾਸੀਆਂ ਨੇ ਸੰਭਾਲਿਆ ਹੋਇਆ ਹੈ। ਇਥੋਂ ਦੀ ਕਾਵਿ-ਰਚਨਾ ਦਾ ਦਰਿਆ ਦੋ ਮੁੱਖ ਧਾਰਾਵਾਂ ਵਿਚ ਵਗਦਾ ਆਇਆ ਹੈ—ਸੰਤ-ਕਾਵਿ-ਧਾਰਾ ਤੇ ਕਿੱਸਾ-ਕਾਵਿ-ਧਾਰਾ। ਸੰਤ-ਕਾਵਿ ਰੂਹਾਨੀਅਤ ਦਾ ਨਗ਼ਮਾ ਛੇੜਦਾ ਸੀ ਤੇ ਕਿੱਸਾ-ਕਾਵਿ ਦੁਨਿਆਵੀ ਕਹਾਣੀਆਂ ਸੁਣਾ ਕੇ ਲੋਕਾਂ ਦਾ ਮਨ ਬਹਿਲਾਉਂਦਾ ਸੀ। ਗੁਰੂ ਨਾਨਕ ਦੀ ਨਿਰੰਕਾਰੀ ਛੁਹ ਨੇ ਗੁਰੂ ਅੰਗਦ ਦੇਵ ਅੰਦਰ ਬਾਣੀ ਦਾ ਸੋਮਾ ਪ੍ਰਗਟਾਇਆ ਤੇ ਉਨ੍ਹਾਂ ਰੱਬੀ ਇਸ਼ਕ ਦੇ ਸਲੋਕ ਲਿਖ ਕੇ ਮਲਵਈ ਸਿੱਖਾਂ ਨੂੰ ਰੂਹਾਨੀਅਤ ਵੱਲ ਲਾਇਆ। ਇਸ ਤੋਂ ਬਾਅਦ ਅਨੇਕਾਂ ਸੰਤ, ਸਾਧੂ ਕਵੀ ਹੋਏ ਜੋ ਇਸ ਪਾਸੇ ਆਪਣੇ ਆਪਣੇ ਜੌਹਰ ਦਿਖਾਉਂਦੇ ਰਹੇ। ਇਨ੍ਹਾਂ ਵਿਚ ਭਾਈ ਬਹਿਲੋ, ਬਾਬਾ ਸਾਧੂ ਜਨ, ਬਾਵਾ ਹਰੀਆ, ਭਾਈ ਦਰਬਾਰੀ ਦਾਸ, ਸਾਧੂ ਸੂਰਦਾਸ ਤੇ ਸਾਧੂ ਦਯਾ ਸਿੰਘ ਆਰਫ਼ ਵਰਗੇ ਅਨੇਕਾਂ ਮਹਾਂ ਕਵੀ ਹੋਏ। ਇਨ੍ਹਾਂ ਕਵੀਆਂ ਵਿੱਚੋਂ ਬਾਵਾ ਹਰੀਆ ਜੀ ਸਬੰਧੀ ਵੀਚਾਰ ਸਰੋਤਿਆਂ ਨਾਲ ਸਾਂਝੇ ਕੀਤੇ ਜਾਂਦੇ ਹਨ।

ਬਾਵਾ ਹਰੀਆ ਮਾਲਵੇ ਦਾ ਮਸਤ ਮਲੰਗ ਸਾਧੂ ਸੀ, ਜੋ ਸਤਾਰ੍ਹਵੀਂ ਸਦੀ ਦੇ ਅੰਤ ਵਿਚ ਹੋਇਆ ਤੇ ਜਿਸ ਨੇ 'ਦੀਵਾਨੇ ਭੇਖ' ਦੀ ਗੁੱਡੀ ਅਸਮਾਨੇ ਚੜ੍ਹਾਈ ਤੇ ਬਾਣੀ ਦੀ ਨਦੀ ਵਗਾਈ। ਉਦਾਸੀ ਸਾਧੂਆਂ ਦੀਆਂ ਦੋ ਵਿਦਵਾਨ ਸ਼ਾਖ਼ਾਂ ਹਨ—ਦੀਵਾਨੇ ਤੇ ਸੇਵਾ-ਪੰਥੀ। ਦੀਵਾਨੇ ਸਾਧੂ ਮਾਲਵੇ ਵਿਚ ਤੇ ਸੇਵਾ-ਪੰਥੀ ਪੱਛਮੀ ਪੰਜਾਬ ਦੇ ਥਲਾਂ ਵਿਚ ਕਾਵਿ-ਗੁਲਜ਼ਾਰ ਖਿੜਾਉਂਦੇ ਰਹੇ ਹਨ। ਦੀਵਾਨਗੀ ਜਾਂ ਮਸਤਾਨਗੀ ਰੂਹਾਨੀ ਜੀਵਨ ਦਾ ਇਕ ਪੜਾਉ ਹੈ। ਜਦੋਂ ਜਗਿਆਸੂ ਸਾਧਕ ਆਪਣੇ ਅਨੋਖੇ ਰੰਗ ਵਿਚ ਰੰਗੀਜ ਕੇ ਦੁਨਿਆਵੀ ਕਾਰ-ਵਿਹਾਰ ਵੱਲੋਂ ਅਚੇਤ ਹੋ ਜਾਂਦਾ ਹੈ ਤੇ ਆਪਣੇ ਰੰਗ ਢੰਗ ਨਾਲ ਵਿਚਰਨਾ ਪਸੰਦ ਕਰਦਾ ਹੈ ਤਾਂ ਲੋਕ ਉਸ ਨੂੰ 'ਦੀਵਾਨਾ' ਆਖਦੇ ਹਨ। 'ਬੰਗਾਲ' ਦਾ 'ਬਾਉਲ', ਬਿਹਾਰ ਦਾ 'ਬਾਵਰੀ ਪੰਥ' ਤੇ ਸੂਫ਼ੀਆਂ ਦੇ 'ਮਸਤ ਕਲੰਦਰ' ਇਸੇ ਤਰ੍ਹਾਂ ਦੀਆਂ ਮਿਸਾਲਾਂ ਹਨ। ਗੁਰੂ ਨਾਨਕ ਸਾਹਿਬ ਨੇ ਕਿਹਾ ਹੈ :

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥
ਮੈ ਦੇਵਾਨਾ ਭਇਆ ਅਤੀਤੁ ॥ *(ਤਿਲੰਗ ਮ: ੧, ਪੰਨਾ 721)*

ਗੁਰੂ ਰਾਮਦਾਸ ਜੀ ਵੀ ਇਹੋ ਫ਼ੁਰਮਾਂਦੇ ਹਨ:

ਹਉ ਫਿਰਉ ਦਿਵਾਨੀ ਆਵਲ ਬਾਵਲ॥ *(ਦੇਵਗੰਧਾਰੀ ਮ: ੪, ਪੰਨਾ 527)*

ਮਾਲਵੇ ਵਿਚ ਕੋਟ ਫੱਤੇ ਲਾਗੇ ਇਕ ਭੂੰਦੜ ਨਗਰ ਹੈ, ਜਿਥੋਂ ਦਾ ਇਕ ਤਕੜਾ ਅਮੀਰ ਜ਼ਿਮੀਂਦਾਰ ਫ਼ਕੀਰ ਬਿਰਤੀ ਵਾਲਾ ਹੋਇਆ ਹੈ। ਗੋਤ ਦੇ ਨਾਮ 'ਤੇ ਉਸ ਦਾ ਭੂੰਦੜ ਨਾਂ ਪ੍ਰਸਿੱਧ ਹੈ। ਇਹ ਬਾਬਾ ਮਿਹਰਵਾਨ ਦਾ ਸ਼ਰਧਾਲੂ ਬਣਿਆ ਤੇ ਪਿੱਛੋਂ ਗੁਰੂ ਹਰਿ ਰਾਏ ਜੀ ਦਾ ਸੇਵਕ ਹੋਇਆ। ਇਸ ਦਾ ਚੇਲਾ ਭਾਈ ਬਾਲਾ ਹੋਇਆ ਤੇ ਅੱਗੇ ਭਾਈ ਬਾਲੇ ਦਾ ਚੇਲਾ ਬਾਵਾ ਹਰੀਆ ਜਾਂ ਹਰੀਦਾਸ ਸੀ। ਬੱਲੂਆਣੇ ਪਿੰਡ ਦੀ ਰਵਾਇਤ ਇਹ ਦੱਸਦੀ ਹੈ ਕਿ ਬਾਲਾ ਤੇ ਹਰੀਆ ਦੋਵੇਂ ਸਿੱਧੂ ਜੱਟ ਤੇ ਸਕੇ ਭਰਾ ਸਨ। ਬਾਲਾ ਵੈਰਾਗਵਾਨ ਹੋ ਕੇ ਘਰ ਛੱਡ ਗਿਆ ਤੇ ਇਸ ਦੀ ਮੰਗੇਤਰ ਪਿੱਛੋਂ ਹਰੀਏ ਨੂੰ ਵਿਆਹੀ ਗਈ। ਹਰੀਆ ਵੀ ਕੁਝ ਸਮੇਂ ਬਾਅਦ ਫੱਕਰ ਸਾਧੂ ਹੋ ਕੇ ਘਰ-ਬਾਰ ਤਿਆਗ ਗਿਆ ਤੇ ਦੀਵਾਨੇ ਸਾਧੂਆਂ ਦਾ ਵੱਡਾ ਗੁਰੂ ਪੀਰ ਬਣਿਆ। ਇਸ ਦੀ ਸਮਾਧ ਫੱਕਰਸਰ ਥੇੜੀ ਵਿਚ ਬਣੀ ਹੋਈ ਹੈ, ਜਿਸ ਦੀ ਬੜੀ ਮਾਨਤਾ ਹੈ।

ਬਾਵਾ ਹਰੀਆ ਇਕ ਚੰਗਾ ਪੜ੍ਹਿਆ-ਲਿਖਿਆ ਸਾਧੂ ਮਹਾਤਮਾ ਸੀ, ਜਿਸ ਨੇ 20-25 ਰਾਗਾਂ ਵਿਚ ਚੰਗੀ ਚੋਖੀ ਕਵਿਤਾ ਲਿਖੀ। ਇਸ ਦੀ ਸਾਰੀ ਬਾਣੀ ਦਾ ਗ੍ਰੰਥ ਲਗਪਗ 700 ਪੱਤਰਿਆਂ ਦਾ ਹੈ, ਜੋ ਅਜੇ ਛਪਿਆ ਨਹੀਂ। ਇਸ ਦੀ ਸ਼ਬਦਾਵਲੀ ਤੇ ਵਿਚਾਰਵਲੀ ਗੁਰਬਾਣੀ ਤੋਂ ਪ੍ਰਭਾਵਿਤ ਹੈ। ਮਾਲੂਮ ਹੁੰਦਾ ਹੈ ਕਿ ਇਨ੍ਹਾਂ ਸੰਤਾਂ ਮਹਾਤਮਾਂ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਇਕ ਮਾਡਲ ਸੀ, ਜਿਸ ਦੇ ਆਧਾਰ 'ਤੇ ਇਹ ਕਾਵਿ-ਰਚਨਾ ਕਰਦੇ ਸਨ, ਤੇ ਇਹ ਆਪਣੇ ਆਪ ਨੂੰ ਕਹਿੰਦੇ ਵੀ 'ਨਾਨਕ ਪੰਥੀ' ਹੀ ਸਨ, ਜਿਵੇਂ ਕਿ ਲਿਖਿਆ ਹੈ:

ਨਾਨਕ ਪੰਥੀ ਹਰੀਆ ਕਹੀਐ, ਬਾਲੇ ਕੀ ਦਸਤਾਰੇ।
ਹਮਰੇ ਪਾਪਨ ਕਾ ਫਰੂ ਨਾ ਹੀ ਕੋਈ, 'ਹਰੀਆ' ਸਰਣਿ ਮੁਰਾਰੇ।

ਇਕ ਥਾਂ ਲਿਖਿਆ ਹੈ:

ਹਰੀਏ ਬਾਲੇ ਕੀ ਕੰਡ ਸਤਾਣੀ।
ਗਾਵਨਿ ਸਚਖੰਡ ਕੀ ਬਾਣੀ।
ਦੁੱਸਹੁ ਵਿਰੋਲੇ ਕਢੀਂਦੇ ਪਾਣੀ।
ਸਾਧੂ ਸੰਗਤ ਜਿਨ੍ਹਾਂ ਨਿਵੰਦੀ, ਗੁਰੂ ਨਾਨਕ ਦੇ ਇਤਬਾਰੀ॥27॥

ਇਕ ਗੱਲ ਹੋਰ, ਜਲ੍ਹਣ ਜੱਟ ਤੋਂ ਬਾਅਦ ਸ਼ਾਇਦ ਹਰੀਆ ਹੀ ਇਕ ਮਹਾਨ ਕਵੀ ਹੋਇਆ ਹੈ, ਜਿਸ ਨੇ ਆਪਣੇ ਸਿੱਧੂ ਜੱਟ ਹੋਣ ਦਾ ਚੰਗਾ ਚਰਚਾ ਕੀਤਾ ਹੈ:

ਐਸਾ ਪ੍ਰਭੂ ਸਾਲਾਹੀ ਮੇਰੇ, ਦੋਖੀ ਦੀ ਜੜ੍ਹ ਪੁੱਟੇ।
ਕਰਮ ਕਰੀਮਾ ਸੁਣਿ ਬੇਨਤੀ, ਮੇਰੀ ਰਖਹੁ ਹਰੀਏ ਜੱਟੇ।

ਇਕ ਥਾਂ ਬਾਵਾ ਹਰੀਆ ਇਹ ਵੀ ਲਿਖਦਾ ਹੈ ਕਿ ਜੱਟ ਜਾਤਿ ਐਸੀ ਹੈ, ਜਿਸ ਦੇ ਅੱਗੇ ਸਭੇ ਭਿਖਾਰੀਆਂ ਵਾਂਗ ਖਲੋਤੇ ਹਨ। ਕੋਈ ਐਸਾ ਨਹੀਂ ਜੋ ਇਸ ਦੀ ਉਦਾਰਤਾ ਤੋਂ ਵਰੋਸਾਇਆ ਨਾ ਹੋਵੇ।

ਕਵੀ ਦੇ ਆਪਣੇ ਸ਼ਬਦਾਂ ਵਿਚ ਸੁਣੋ:

ਸੰਤਹੁ ਮੇਰੀ ਜਾਤਿ ਕਾ ਸਭ ਕੋ ਮੰਗਣਹਾਰ,
ਬ੍ਰਾਹਮਣ ਮੰਗੈ ਦੱਖਣਾ, ਪੜ੍ਹਦਾ ਬੇਦ ਬੀਚਾਰ।
ਨਾਹੀਂ ਪਾਹੂ ਮੰਗਦਾ, ਉਘਾੜੇ ਕਈ ਬਾਰ,
ਠਾਕੁਰ ਮੰਗੈ ਨਾਲੀਏਰ, ਕਲਹੇ ਮੰਗੈ ਘੁਮਿਆਰ।
ਡੂਮ ਮੰਗੈ ਧੁਉ ਅਪੜਾ, ਨਾਹਿ ਵਲੇਂਦਾ ਤਾਰੁ,
ਤਾਲ ਪੂਰੇ ਮੁਚਕੰਨਹੀ, ਬੇੜੀ ਵਸਿ ਪੁਕਾਰੁ।
ਪਟਵਾਰੀ ਮੰਗੈ ਅਖੜਾ, ਤੁਰਕਾਣਾ ਸਿਕਦਾਰੁ,
ਹਟਿ ਤੋਲੇ ਘਟ ਬਾਣੀਆ, ਵੇਖਿ ਮੁਹੇ ਗਵਾਰ।
ਸਭ ਕੋ ਲਾਗੂ ਜੱਟ ਦਾ ਚੱਕ ਆਇਆ ਸਿਰਿ ਭਾਰੁ,
ਜਿਸ ਸਭਨਾਂ ਬਾਂਵਹੁ ਰਖਿਆ, ਧਨ ਬਾਲਾ ਪੁਰਖ ਅਪਾਰੁ।

ਇਸ ਕਵੀ ਨੇ ਗੁਰਬਾਣੀ ਨੂੰ ਆਦਰਸ਼ ਬਣਾ ਕੇ ਜਪੁ, ਸੁਖਮਨੀ, ਆਸਾ ਦੀ ਵਾਰ ਤੇ ਬਾਰਾਂਮਾਹ ਆਦਿ ਵੀ ਲਿਖੇ ਹਨ। ਇਸ ਤੋਂ ਪਿੱਛੋਂ ਸਾਧੂ ਜਨ ਤੇ ਭਾਈ ਦਰਬਾਰੀ ਆਦਿ ਨੇ ਵੀ ਐਸਾ ਕੀਤਾ ਹੈ ਪਰ ਇਸ ਨਕਲ ਦਾ ਇਹ ਪੱਖ ਵੀ ਹੈ ਕਿ ਇਹ ਕਾਵਿ ਰੂਪ ਇਕ ਤਰ੍ਹਾਂ ਆਦਰਸ਼ ਬਣ ਗਏ ਸਨ, ਜਿਸ ਕਰਕੇ ਆਮ ਸਾਧੂ ਕਵੀ ਇਨ੍ਹਾਂ ਨੂੰ ਅਪਣਾਉਣਾ ਜ਼ਰੂਰੀ ਸਮਝਦੇ ਹਨ।

ਇਸ ਤੋਂ ਇਲਾਵਾ, ਹਰੀਏ ਨੇ ਕਾਫ਼ੀ ਮੌਲਿਕ ਰਚਨਾ ਵੀ ਰਚੀ ਹੈ, ਜਿਸ ਦੀ ਆਪਣੀ ਵਡਿਆਈ ਹੈ ਤੇ ਇਸ ਤੋਂ ਉਸ ਦੀ ਕਾਵਿ-ਪ੍ਰਤਿਭਾ ਵੀ ਪ੍ਰਗਟ ਹੁੰਦੀ ਹੈ। ਗਉੜੀ ਰਾਗ ਦਾ ਸ਼ਬਦ ਹੈ:

ਪੁਛਿ ਨ ਪਉਂਦੇ ਮਾਮਲੇ, ਭਲੇ ਨਾ ਲੱਭਨਿ ਮੁਲ ਵੇ ਬੇਲੀਆ,
ਪਗਾਂ ਲੱਖ ਨਿਹਾਲੀਆਂ, ਕਾਇ ਨਾ ਪ੍ਰਿਆ ਤੁਲ ਵੇ।
ਮੈਂ ਮਿਲ ਆਹੇ ਆਇਕੇ ਖੋਲ੍ਹਿ ਕਪਣ ਕਿਵਾੜ।੧।ਰਹਾਉ।
ਕੰਨੀ ਪਾਏ ਕੋਕਲੇ, ਡਿਠਾ ਸਭ ਸੰਸਾਰ,
ਲੰਮੀ ਨਜ਼ਰ ਨਿਹਾਲਿਆ, ਪ੍ਰਿਆ ਤੁਲ ਨ ਦੀਦਾਰੁ।੨।
ਪਿਰ ਕਾਰਣਿ ਥਲਿ ਚੜ੍ਹਾਂ, ਬੇਤ ਭਿ ਢੂੰਡੀ ਸਭੁ,
ਦੇਖੇ ਪਰਬਤ ਡੂਗਰਾ, ਪ੍ਰਿਆ ਤੁਲ ਅਲਭੁ।੩।
ਪੰਖੀ ਕਰਕੇ ਉਡਰਾਂ, ਉਡਿ ਉਡਿ ਚੜ੍ਹਾਂ ਅਕਾਸ਼,
ਸਿਧ ਸਮਾਧੀ ਸਭ ਭਵਾਂ, ਕੋਇ ਨ ਪ੍ਰਿਆ ਦੀ ਰਾਸਿ।
ਆਪੇ ਆਵਹੁ ਕਿਸੇ ਦਿਨ, ਮੇਰਾ ਜੀਅੜਾ ਭਯਾ ਉਦਾਸ।
ਜਿਸਨੂੰ ਆਈ ਸੋ ਬੁਝਿਆ, ਕੋ ਜਾਣੇ ਸਹੁ ਗੁਣ ਤਾਸ।

ਇਹ ਤਾਂ ਕਵੀ ਨੇ ਆਪਣੇ ਮਨ ਦੀ ਤਾਂਘ ਦਰਸਾਈ ਹੈ ਕਿ ਕਿਸ ਤਰ੍ਹਾਂ ਉਹ ਪ੍ਰਭੂ-ਪਿਆਰ ਲਈ ਵਿਆਕੁਲ ਤੇ ਉਸ ਦੇ ਦਰਸ਼ਨ ਦਾ ਮੁਤਲਾਸ਼ੀ ਹੈ।

ਜਿਸ ਤਰ੍ਹਾਂ ਹੋਰ ਸੰਤ ਸੂਫ਼ੀ ਕਵੀਆਂ ਨੇ ਪਰਮੇਸ਼ਰ ਨੂੰ ਸਰਬ-ਵਿਆਪਕ ਜਾਣ ਕੇ ਮਨੁੱਖੀ ਏਕਤਾ ਦੀ ਤਸਵੀਰ ਉਲੀਕੀ ਹੈ, ਇਸੇ ਤਰ੍ਹਾਂ ਬਾਵਾ ਹਰੀਆ ਵੀ ਆਪਣੇ

ਸਮੇਂ ਦੇ ਮਜ਼ਬੀ ਭਿੰਨ ਭੇਦਾਂ ਨੂੰ ਇਕ ਪਾਸੇ ਕਰਕੇ ਜ਼ਿੰਦਗੀ ਦੀ ਏਕਤਾ ਦਾ ਸਬਕ ਦ੍ਰਿੜ੍ਹਾਉਂਦਾ ਹੈ:

ਰਾਮ ਰਹੀਮ ਏਕ ਤੂੰ, ਭੁਲ ਆਖਣਿ ਦੂਜਾ,
ਆਪੇ ਕੀਤੇ ਗੜਵਾ, ਆਪੇ ਕੀਤੇ ਕੂਜਾ।
ਏਕ ਵੇਦ ਕੁਰਾਣ ਏਕ, ਸਭ ਏਕਾ ਪੂਜਾ,
ਸਾਈ ਗਾਇਤ੍ਰੀ ਆਰਤੀ, ਸਾ ਬਾਂਗ ਨਿਵਾਜਾ,
ਦੂਆ ਜਾਣੈ ਸੋ ਭੁੱਲਾ, ਸਭ ਤੇਰੇ ਸਾਜਾ।

ਬਾਵਾ ਹਰੀਆ ਐਸਾ ਕਵੀ ਨਹੀਂ ਕਿ ਉਹ ਕੇਵਲ ਅਧਿਆਤਮਕ ਸ਼ਬਦਾਵਲੀ ਤਕ ਹੀ ਮਹਿਦੂਦ ਹੈ, ਉਹ ਆਪਣੇ ਰੱਬੀ ਪ੍ਰੇਮ ਨੂੰ ਹੀਰ ਰਾਂਝੇ ਦੇ ਰੂਪਕ ਵਿਚ ਵੀ ਬਹੁਤ ਸੋਹਣੀ ਤਰ੍ਹਾਂ ਪੇਸ਼ ਕਰਦਾ ਹੈ। ਹੀਰ, ਮਨੁੱਖ ਦੀ ਤੜਪਦੀ ਆਤਮਾ ਹੈ, ਜੋ ਆਪਣੇ ਮਹਿਬੂਬ ਨੂੰ ਰਾਂਝਣ ਦੇ ਰੂਪ ਵਿਚ ਚਿਤਵਦੀ ਉਸ ਦਾ ਦੀਦਾਰ ਲੋਚਦੀ ਹੈ। ਸ਼ਾਇਦ, ਮਾਲਵੇ ਵਿਚ ਅਜੇ ਹੀਰ ਦਾ ਕਿੱਸਾ ਪ੍ਰਸਿੱਧ ਨਹੀਂ ਸੀ ਹੋਇਆ, ਪਰ ਕਾਵਿ-ਜਗਤ ਵਿਚ ਇਸ ਦਾ ਪ੍ਰਤੀਕ ਕਾਫ਼ੀ ਨਾਂ ਪਾ ਗਿਆ ਸੀ। ਬਾਵਾ ਹਰੀਆ ਲਿਖਦਾ ਹੈ:

ਰਾਂਝੇ ਕਾਰਣਿ ਸਿਸੁ ਮੁਨਾਯਾ, ਜੋਗਿਣ ਹੁਇ ਫਿਰਿਆਈ।
ਦਰਿ ਦਰਿ ਮੰਗਾਂ ਭਿਖ ਗਦਾਈ, ਲਭ ਜੂਠੀ ਲੈ ਖਾਈ।
ਸਭਨੀ ਸੇਜੀਂ ਰਾਂਝਾ ਰਵਿਆ, ਖ਼ਾਲੀ ਸੇਜ ਨ ਕਾਈ।
ਅਸਾਂ ਸੇਜ ਨਾ ਆਵੈ ਰਾਂਝਾ, ਅਵਗੁਣ ਕੋ ਨਾ ਭਰਾਈ।
ਕਹੈ ਫਕੀਰ ਖੁਦਾਈ ਹਰੀਆ, ਇਕ ਤਿਲ ਝਾਕਹੁ ਗਾਈ।
ਸਿੱਸੁ ਧੁਨਾਇ ਘੱਤਾਂ ਗਲਿ ਮਾਲਾ, ਅਠਸਠਿ ਤੀਰਥ ਨ੍ਹਾਵਾਂ।
ਪੰਡਿਤ ਸੱਦਿ ਕਢਾਈ ਵੇਦਾਂ, ਅੱਠੇ ਪਹਿਰ ਵਚਾਵਾਂ।
ਵਿਚਿ ਮਸਤੀ ਘੱਤਾਂ ਡੇਰਾ, ਸ਼ਰ੍ਹਾ ਸ਼ਰੀਅਤ ਸੋਂ ਧਾਵਾਂ।
ਨੀਲ ਤਹਿਮਦੁ ਤੇੜਿ ਵਲਾਈਂ ਹੱਜ ਮੱਕੇ ਨੂੰ ਜਾਵਾਂ।
ਹਰੀਏ ਸ਼ੰਗਾਰ ਸਭ ਹੀ ਫੀਕੇ, ਜੇ ਮਾਹੀ ਇਕਸੁ ਨ ਭਾਵਾਂ।
ਪੀਤੀ ਭੰਗ ਜਿਵੇਂ ਦੀਵਾਨੀ, ਧੀਆ ਚੂਚਕਾ ਤੇਰੀ।
ਲਾਇ ਬਿਭੂਤ ਫਿਰਾਂ ਵਿਚ ਗਲੀਆਂ, ਜੋਗੀ ਵਾਂਗੂ ਫੇਰੀ।
ਨਾਊਂ ਸੇ ਨੰਗਰ ਹੋਣਿ ਉਦਾਲੇ, ਤਾੜੀ ਮਾਰਿ ਉਡਾਇਨਿ ਕੇਰੀ।
ਕੋਈ ਸਾਕ ਨ ਦੇਵੇ ਆਦਰ, ਸਭ ਕੋ ਕਹੈ ਪਰੇਰੀ।
ਹਰੀਆ ਮੈਂ ਜੇਵਡ ਨਾਹੀ ਪਟਰਾਣੀ, ਜੇ ਰਾਂਝਾ ਆਖੇ 'ਮੇਰੀ'।

ਬਾਵੇ ਹਰੀਏ ਦੀ ਐਸੀ ਉੱਚੀ ਸੁੱਚੀ ਕਵਿਤਾ ਮਾਲਵੇ ਦਾ ਹੀ ਮਾਣ ਨਹੀਂ, ਸਗੋਂ ਪੰਜਾਬੀ ਸਾਹਿੱਤ ਦੀ ਵੀ ਸ਼ਾਨ ਹੈ। ਲੋੜ ਹੈ ਕਿ ਇਸ ਸ਼ਿੰਗਾਰ-ਸਮੱਗਰੀ ਦੇ ਰਤਨ ਜਵਾਹਰਾਂ ਨੂੰ ਪ੍ਰਕਾਸ਼ਿਤ ਕਰ ਕੇ ਜੌਹਰੀਆਂ ਸਾਹਮਣੇ ਲਿਆਂਦਾ ਜਾਵੇ।

ਅਸੀਂ ਇਥੇ ਵੰਨਗੀ ਵਜੋਂ ਕੁਝ ਛੰਦ ਦਿੰਦੇ ਹਾਂ:

ਭੈਰਉ

ਮੈਂ ਘਰਿ ਰਾਮੁ ਹਉ ਕਹੀਂ ਨ ਜਾਉਂ
ਗੁਰਪ੍ਰਸਾਦੀ ਲੇਵਉਂ ਹਰਿ ਨਾਉਂ ।੧।ਰਹਾਉ।
ਪਾਹਨ ਨਹੀਂ ਪੂਜਉਂ ਗੰਗਾ ਨਹੀਂ ਨ੍ਹਾਵਾਂ
ਆਪਨਾ ਰਮਈਆ ਘਰੇ ਲਡਾਵਾਂ ।੧।
ਮੜ੍ਹੀ ਮਸਾਣੀ ਨ ਗੋਰੈ ਜਾਤੀ
ਅਪਨਾ ਰਮਈਆ ਗਾਵਾਂ ਦਿਨ ਰਾਤੀਂ ।੨।
ਖਾਨ ਜੋਗ ਨ ਪੂਜਉਂ ਦੇਵਾ।
ਨਿਸਿ ਦਿਨ ਗਾਵਾਂ ਅਲਖ ਅਭੇਵਾ ।੩।
ਸਉਣ ਸ਼ਗਨ ਨ ਮਾਨਉ ਵਾਰ।
ਕਾਜ ਸਵਾਰੇ ਮੇਰੇ ਸਿਰਜਨਹਾਰ ।੪।
'ਹਰੀਆ' ਬਿਨਵੈ ਸੁਨਹੁ ਜਨ ਭਾਈ,
ਏ ਅਕਥ ਕਥਾ ਹੈ ਗੁਰ ਤੇ ਪਾਈ ।੫।

ਮਲਾਇਰ

ਮੈਂ ਸਹ ਮਿਲਣ ਕੀ ਚਾਈ
ਜੇ ਕੋ ਦਸੈ ਮੇਰਾ ਪ੍ਰੀਤਮ ਪਿਆਰਾ
ਹਉਂ ਤਿਸ ਬਲਿ ਬਲਿ ਜਾਈ ।੧।ਰਹਾਉ।
ਉਭ ਉਤਨੀ ਪਇਆਲ ਭਿ ਤੱਕੀ, ਤੱਕੀ ਧਰਣਿ ਸਬਾਈ
ਤਉ ਸਹ ਕਾਰਣਿ ਭਈ ਉਡੀਣੀ, ਬਿਨ ਮਿਲਿਆਂ ਧੁਖ ਨ ਜਾਈ ।੧।
ਕੋਈ ਦਸੇ ਬੇਦ ਪੁਰਾਨੇ ਕੋਈ ਤੀਰਥ ਨ੍ਹਾਈ
ਕੋਈ ਆਖੇ ਮੋਨ ਬਿਬਾਨੀ, ਕੋਈ ਜਗੁ ਕਮਾਈ ।੨।
ਕੋਈ ਦਸੇ ਜੈਨ ਮਾਰਗਿ, ਰਖਹੁ ਜੀਅ ਨ ਘਾਈ
ਰਹਹੁ ਕੁਚੀਲ ਪੀਵਹੁ ਮਲਵਾਣੀ, ਪਾਵਕ ਪਾਇ ਨ ਪਾਈ ।੩।
ਕੋਈ ਦਸੇ ਕਿਤੇਬ ਕੁਰਾਣੇ, ਲਿਖਿਆ ਇਲਮ ਖੁਦਾਈ
ਤੀਹ ਰੋਜ਼ੇ ਪੰਜ ਨਿਵਾਜਾਂ, ਕਾਬਾ ਤੁਲਹਿ ਸਜਿ ਨਿਵਾਈ ।੪।
ਸਭ ਕੋ ਭਰਿਆ ਫੂਕੇ ਡਕੇ, ਖਾਲੀ ਦ੍ਰਿਸਟਿ ਨ ਪਾਈ
ਆਪਿ ਸਲਾਹ ਡਿਠੀ ਮੈਂ ਘਣੀਆ, ਮਿਠੀ ਭਾਤਿ ਲਗਾਈ ।੫।
ਹਉਂ ਗੁਰ ਪੂਛਿ ਕਰਉਂ ਬੇਨਤੀ, ਮੋਕਉ ਦੇਹੁ ਬਤਾਈ
ਗੁਰ ਕਾ ਸਬਦੁ ਕਹੈ ਸੁਣ ਮਨ ਮੂੜੇ, ਸਾਧੂ ਸੰਗਿ ਵਸਾਈ ।੬।
ਸ਼ਹੁ ਨੇੜੇ ਕਿ ਦੂਰ ਦਸੀਂਦਾ, ਗੋਵਾਕਿ ਲਖਿਆ ਨ ਜਾਈ
ਜਾ ਕੇ ਮਸਤ ਕਿ ਭਾਗੁ ਘਣੇਰਾ, ਤਾਂ ਕੂੰ ਦੇਹਿ ਦਿਖਾਈ ।੭।
ਹਮਰੇ ਭਾਗਾ ਕੀ ਕਿਆ ਗਣਤੀ, ਤੁਮ ਸਰਣੀ ਬਿਰਦ ਰਖਾਈ
ਪ੍ਰਭੂ ਕਲਾਣੇ ਨੀਚਕੁ 'ਹਰੀਆ', ਮੰਗਤਿ ਜਾਤਿ ਨ ਜਾਈ ।੮।

ਗਉੜੀ

ਦੇਖੁ ਚਲਿਤ ਮਨ ਮੋਰਿਆ, ਐਉਂ ਬਿਨਸਤ ਸੈਸਾਰੁ ਰੇ।
ਨਾਮ ਵਿਹੂਣੇ ਆਦਮੀ, ਦਿਸਨਿ ਕੇਹੀ ਭਿਤਿ।

ਜਿਉਂ ਚੋਹ ਮੁੰਦੇ ਦੇ ਬੋਲੜੇ, ਭਨੇ ਛਪਿਆ ਵਿਚਿ।੧।
ਛੇਤੀ ਛੇਤੀ ਪੁਣੀਐ ਧੁਣੀਆਂ, ਨਿਹਤੀਆਂ ਪਾਸਿ ਰੇ
ਗੋਆ ਛੋਡਿ ਜੁਲਾਹਿਆ, ਉਪਰਹੁ ਦੱਬੀ ਘਾਸ ਰੇ।੨।
ਹਰਣ ਚਰੈ ਵਿਚਿ ਹਰਣੀਆਂ, ਮਾਰੇ ਕਰਲਿ ਅਕਾਸ਼ ਰੇ
ਖਿਨ ਮਹਿ ਪੋਟਲੀ ਹੋਇ ਪਿਆ, ਅਹੇੜੀ ਕੇਰੇ ਫਾਸਿ ਰੇ।੩।
ਜੋਗੀ ਆਸਣੁ ਘਤਿਆ, ਧੂੰਆਂ ਧੁਖੈ ਬਾਰ ਰੇ
ਜਿਉਂ ਮੇਘ ਵੁਠੇ ਉਹ ਬੁਝਿ ਗੋਆ, ਸੇਕ ਨ ਲਗੋ ਅੰਗਾਰ ਰੇ।੪।
ਰਘੁ ਰਾਜਾ ਹਉਮੈਂ ਬਿਨਸਿਓ, ਜਿਉਂ ਗਜ ਬਿਨਸਿਓ ਕਾਮ ਰੇ
ਸੋ ਨਰੁ ਜੂਨਿ ਭਵਾਈਅਹਿ, ਜਿਸ ਚਿਤ ਨ ਆਵੈ ਸ਼ਾਮ ਰੇ।੫।
ਸਾਧੂ ਸਰਣ ਨ ਬਿਨਸਈ, ਜੋ ਜਨ ਸਿਮਰੈ ਰਾਮ ਰੇ
'ਹਰੀਆ' ਤਿਸ ਸਰਣਾਗਤੀ, ਪਾਹੇ ਥਿਰ ਬਿਸਰਾਮ ਰੇ।੬।

ਭੈਰਉ

ਤਉ ਦਰਸ਼ਨ ਕੀ ਬਹੁਤ ਪਿਆਸ।
ਕ੍ਰਿਪਾਨਿਧਾਨ ਪੂਰਹੁ ਮੇਰੀ ਆਸ।
ਮੈਂ ਤੇਰੀ ਧਰਤੀ ਤੂ ਇੰਦੁ ਭਤਾਰੁ।
ਮਿਹਰ ਕਰਿ ਬਰਸਹੁ ਅੰਮ੍ਰਿਤ ਧਾਰ।੧।
ਹਉਂ ਤੇਰੀ ਚਕਵੀ ਤੂ ਚਕਵਾ ਮੇਰਾ।
ਖੋਲਿ ਕਿਵਾੜ ਮਿਲਹੁ ਸਵੇਰਾ।੨।
ਹਉਂ ਤੇਰੀ ਸਾਇਰਿ ਤੂ ਮੇਰਾ ਸਾਇਰ।
ਰਾਹੁ ਸੰਗੀਤੇ ਨ ਪਹੁੰਚੈ ਕਾਇਰੁ।੩।
ਹਉਂ ਤੇਰੀ ਚਾਤ ਕਿ ਤੂ ਮੇਰਾ ਪਾਨੀ।
ਅੰਮ੍ਰਿਤ ਬੂੰਦ ਮਿਲੈ ਤ੍ਰਿਪਤਾਨੀ।੪।
ਹਉਂ ਤੇਰਾ ਮਾਗਨਿ ਤੂ ਦਾਤਾਰੁ।
ਛਕਿ ਦਰਸ਼ਨ ਕਰੀ ਕੈ ਵਾਰ।੫।
ਹਉਂ ਤੇਰੀ ਸਰੀਅਤਿ ਤੂ ਨਉ ਸਹੁ ਮੇਰਾ।
ਮਿਲਹੁ ਪਿਆਰੇ ਅਬਹੀ ਵੇਰਾ।੬।
ਹਉਂ ਤੇਰੀ ਬਾਂਦੀ ਨਾਉ ਦਉਲਤਿ ਆਗੀ।
ਚਰਨ ਪਲੋਵਾਂ ਦੀਜਹਿ ਵਾਰੀ।੭।
ਦਰਸ਼ਨ ਕਾਰਣਿ ਮਨੁ ਲੋਭਾਵੈ।
ਮਿਲਹੁ ਪਿਆਰੇ 'ਹਰੀਆ' ਅਘਾਵੈ।੮।

ਇਹ ਤਾਂ ਅਧਿਆਤਮਕ ਕਾਵਿ ਦਾ ਨਮੂਨਾ ਹੈ। ਹੀਰ ਦੀ ਆਤਮਾ ਵਿਚ ਬੈਠ ਕੇ ਉਸ ਨੇ ਆਪਣੇ ਇਸ਼ਕ ਹਕੀਕੀ ਦਾ ਰਾਗ ਇਸ਼ਕ ਮਜ਼ਾਜੀ ਦੇ ਰੂਪ ਵਿਚ ਜਿਵੇਂ ਗਾਵਿਆ ਹੈ, ਉਹ ਹੀਰ ਦੇ ਸਲੋਕਾਂ ਤੋਂ ਪ੍ਰਗਟ ਹੈ। ਇਸ ਦਾ ਸੁਆਦ ਵੀ ਚੱਖਣ ਯੋਗ ਹੈ:

ਸਲੋਕ ਹੀਰ ਦੇ

ਸੁਣ ਨੀ ਹੀਰੇ ਗਾਲਿ ਅਸਾੜੀ ਖੇੜਾ ਤਊ ਕੂੰ ਹੇਰੇ
ਗੰਢੀ ਖੋਲ੍ਹੈ ਤੇ ਸਾਹਾ ਸੋਧੇ, ਆਵੇ ਤ੍ਰੈ ਤ੍ਰੈ ਫੇਰੇ।
ਜਿਨ੍ਹਾਂ ਸੇਤੀ ਤਊ ਨੇਹੁ ਲਾਗੋ, ਸੋਅ ਸਨਿ ਲੋਕ ਘਣੇਰੇ
ਹੋਛੀ ਮਤਿ ਫਿਰਹਿ ਦਿਵਾਨੀ, ਦਿਲ ਵਿਚ ਜਾਣਹਿ ਮੇਰੇ।
ਜੇ ਦਿਨੁ ਖੇੜਾ ਰਬੁ ਨਾ ਪਾਏ, ਸੀ ਓੜਕ ਨ ਹੈ ਤੇਰੇ
ਹਰੀਆ ਤਾਂ ਤੇ ਧੀਰੀ ਥੀਵੀਂ, ਜਾ ਮਾਹੀ ਘਿੰਨੇ ਫੇਰੇ।੧।
ਸੁਣਿ ਨੀ ਹੀਰ ਗਾਲਿ ਅਸਾੜੀ ਖੇੜਾ ਤੁਧ ਹਿਰੇਂਦਾ
ਅਗਿਹੁ ਡੇਖੇ ਤੇ ਪਿਛਹੁ ਡੇਖੇ, ਵਖਤ ਤ੍ਰੇਏ ਪੁਰੇਂਦਾ।
ਹਭੇ ਲੋਕ ਵਿਡਾਣੇ ਅਸਨਿ, ਹੈ ਕੋ ਵਰਜੇਂਦਾ,
ਭੂਪਤਿ ਨਰਪਤਿ ਮੋਨਿ ਮੁਨੀਸਰ, ਸਗਲੀ ਦਾਹਣੇ ਦਾ।
'ਹਰੀਆ' ਤਾਂ ਕੇ ਨਿਕਟਿ ਨਾ ਆਵੇ, ਜੋ ਮਾਹੀਰੰਮੁ ਲਾਇੰਦਾ।੨।
ਸੁਣਿ ਨੀ ਹੀਰੇ ਗਾਲਿ ਅਸਾੜੀ, ਹਿਕੁ ਸੰਦੇਸ਼ਾ ਮੇਰਾ
ਖੇੜਿਆਂ ਨਾਲਿ ਗਲੀਆਏ ਡਾਕੀ, ਏਹ ਬਾਬਲ ਚੂਚਕ ਤੇਰਾ
ਅਛਰ ਨਾਉਂ ਤੌਂਡੀ ਬਹੁ ਘਾਤੀ, ਵਕੀਲਾਂ ਸਦਾ ਡੇਰਾ।
ਦਰੀਆ ਕਲੰਦਰ ਖੇੜਿਆਂ ਵਾਲਾ, ਤ੍ਰੈ ਵਖਤ ਕਰੇਦਾ ਫੇਰਾ
ਹਭੇ ਸਾਥਿ ਖੇੜਿਆਂ ਦੇ ਸਾਥੀ, ਨਾ ਤਾਰੀ ਤਰੁ ਸਵੇਰਾ
'ਹਰੀਆ' ਅਛ ਛੁਟਣੁ ਨਾਹੇ, ਮਾਹੀ ਓਲ੍ਹਾ ਤੇਰਾ।੩।
ਜਿਨ੍ਹਾਂ ਓਟ ਮਾਂਹੀ ਦੀ ਘਿੱਧੀ, ਸੇ ਸੁਹੇਲੇ ਜਗੇ
ਰੋਗ ਦੋਗ ਰਹਿਆ ਨ ਕੋਈ, ਦੁਧ ਜਿਵੇਹੇ ਬੱਗੇ।
ਗੋਆ ਜੰਗਲ ਨਿਰਮਲ ਕਾਇਆ, ਸਦਾ ਗਾਵਨਿ ਉਸ ਰਗੇ
ਜਿਨ੍ਹਾਂ ਨੂੰ ਮਾਹੀ ਅਪਣੀ ਆਏ, ਦੂਜੇ ਕੇਹੀ ਨ ਠਗੇ
'ਹਰੀਆ' ਤਿਨਕੀ ਸੋਭਾ ਵਰਨ ਨ ਸਕਾਂ, ਜੋ ਦਾਵਣਿ ਮਾਹੇ ਲਗੇ।੪।
ਦਾਵਣਿ ਲਗੀ ਸਾ ਸਭਾਗੀ, ਚੰਚਲਿ ਸਾਈ ਨਾਰੀ
ਗੋਆ ਜੰਗਲੁ ਰਇਆ ਨ ਕੋਈ, ਅਪਣੇ ਕੰਤੁ ਸੀਮਾਰੀ।
ਮਾਵ ਸਿਆਲੀ ਆਈ ਗਣੀਐ, ਜਾਕੂੰ ਮਿਲੀਐ ਵਾਰੀ
ਪੱਲੁ ਛੁਟਾ ਖੇੜਿਆਂ ਨਾਲਹੁ, ਲਗੀ ਕੰਤ ਪਿਆਰੀ
'ਹਰੀਆ' ਜੋ ਕੰਤਿ ਪਰਣਾਈ ਰਾਂਝੇ, ਥੀਵੈ ਨ ਵਤਿ ਕੁਆਰੀ।੫।
ਜਾਂ ਜਾਂ ਤੌੜੀ ਤੂ ਹੀਰ ਕੁਵਾਰੀ, ਤਾਂ ਕੈਸਾ ਭਰਵਾਸਾ
ਖੇੜਿਆਂ ਨਾਲਹੁ ਨ ਪੱਲੁ ਛੁੱਟਾ, ਖੁਲ੍ਹ ਖਿਲਹਿ ਮਤ ਹਾਸਾ,
ਬਾਂਹ ਲਡਾਇ ਚਲਹਿ ਵਿਚ ਸਹਿਜ ਮਿਲਿਓ ਕਉਣ ਦਿਲਾਸਾ।
ਲੋਹੇ ਆਰੇ ਸਿਆਲ ਧੁਰਹ ਕੇ, ਕਰਿ ਵਿਸਾਹੁ ਨ ਮਾਸਾ
ਜਾਂ ਰਾਂਝਾ ਢੁਕਿ ਲੇਵੈ ਹੀਰ ਫੇਰੇ, ਤਾਂ ਸੁਕਰਾਣੀ 'ਹਰੀਦਾਸਾ'।੬।
ਤਾਂ ਤਾਂ ਹੀਰ ਰਾਂਝਣ ਦੀ ਨ ਥੈ, ਜਾਂ ਜਾਂ ਹੀਰ ਕੁਵਾਰੀ
ਖੇੜਾ ਨਿਤ ਵਲੇਂਦਾ ਵਤੇ, ਖਿਲਹਿ ਕਿਉਂ ਮੁਟਿਆਰੀ।
ਓਈ ਨੈਣ ਦੂਜੇ ਸੇ ਲਾਇਹਿ, ਸੰਗਹਿ ਲੋਕ ਪਚਾਰੀ

ਇਸ਼ਕੇ ਆਸ਼ਕ ਤਾਂ ਤੂੰ ਥੀਵਹਿ, ਧ੍ਰੁਹਿ ਘਿੰਨ ਦੋ ਧਾਰੀ।
'ਹਰੀਆ' ਤਾਂ ਭਰਵਾਸਾ ਹੀਰੇ ਜਾਂ ਰਲਿ ਰਾਂਝਣ ਬੈਸੋਂ ਖਾਰੀ।੭।
ਤਾਂ ਤੂੰ ਮਾਹਯਾ ਦੇਹ ਉਲ੍ਹਾਮੇ, ਜੇ ਧਾਵੂ ਕਰੀ ਹਉ ਹੋਰੀ,
ਲੋਕ ਗਲੀਆ ਇਨਿ ਖੇੜਿਆਂ ਸੇਤੀ, ਹੀਰ ਨ ਮੰਨੇ ਭੇਰੀ।
ਬਾਮ੍ਹਣ ਭੱਟ ਫਿਰਨਿ ਗੁੜ ਖਾਂਦੇ, ਵੀਰ ਹਵਾਵਨਿ ਖੇਰੀ
ਚੂਚਕ ਹੱਥਹੁ ਨ ਵਿਕਾਵਾਂ, ਕਹੀਂ ਕਬੂਲ ਨ ਚੋਰੀ।
ਲੋਕ, ਲੋਕਾਣੀ ਹਦੀ ਰਤੇ, ਅਸਾਂ ਤਹਿੰਡਾ ਜੋਰੀ
ਜੀਵੰਦੜੀ ਹੀਰ ਰਾਂਝਣ ਦੀ 'ਹਰੀਆ', ਮੁਈ ਭੀ ਤੇਡਾਂ ਥੋਰੀ।੮।
ਹਿਕੁ ਰਾਂਝਾ ਕਈ ਲਖ ਸਿਆਲੀ ਹਭੇ ਅਸਾਂ ਗਤੀ
ਹਿਕਿ ਅਤੜੀ ਬੈਸਿ ਲੇਵਨਿ ਝੁਕ ਨੇੜੇ ਸਿਆਲਿਆਂ ਕੋਲਹੁ ਮਤੀ।
ਇਕਿ ਕਰਨਿ ਸੀਗਾਰੁ ਆਸਣ ਬਹੁਤੇਰੇ, ਓਹੀਅਲੁ ਪਾਇ ਧਰਤੀ
ਇਕਿ ਸੁਖਾ ਸੁਖਨਿ ਤੇ ਸਾਂਡਾ ਪੂਰਨਿ, ਸਾਲਾਹਨਿ ਕਰ ਉਕਤੀ।
ਹਿਕਿ ਜਾਣਿ ਅਜਾਣਿ ਕੰਮੁ ਵਿਣਾਹਨਿ, ਗਫਲਤਿ ਘਰਿ ਘਰ ਵਤੀ
'ਹਰੀਆ' ਸੇਜ ਤਿਨਾਂ ਦੀ ਆਇਆ, ਜਿਨ੍ਹਾਂ ਭਾਗ ਮਥੇ ਤਿਲੁ ਰਤੀ।੯।
ਭਾਗਾਂ ਉਪਰਿ ਗੰਢਿ ਨ ਬੱਧੀ, ਨਉ ਸ਼ਹ ਆਸ ਨ ਛੋੜੀ
ਵੇਸਲਿ ਹੋਈ ਪਹੁ ਸੀਸਹਿ, ਚਿਤੁ ਉਪੱਠਾ ਮੋੜੀ।
ਤਲੇਂਦੀ ਢੂਲੇਂਦੀ ਅਢੜਾ ਪਾਇ, ਪੁਟੇ ਦੀ ਭੰਨੇ ਧੋੜੀ
ਥਾਪਿ ਉਥਾਪਣ ਹਾਰਾ ਨਉ ਸ਼ਹ, ਸਹਿ ਲੱਥਾ ਤਿਲੁ ਥੋੜੀ।
ਰਤੀ ਕਿਸ ਦੀ ਬੇਚਾਰੀ 'ਹਰੀਆ', ਦੇਵੈ ਲਖ ਕਰੋੜੀ।੧੦।
ਹਿਕੁ ਗਲੀ ਕਰਕੈ ਲੋਕ ਪਰਚਾਇਹਿ, ਹੀਰੇ ਮਾਹੀ ਭੇਉ ਨ ਆਇਆ
ਸੇਜੇ ਚੜਿ ਨ ਨਾਲਿ ਮਾਹੀ ਦੇ ਸੁੱਤੀ, ਨ ਤੂੰ ਹਿਰਾਹੁ ਘੜਾਇਆ।
ਬਾਹੁ ਲੀਆ ਨ ਸਰੁ ਤਾਰੂ ਤਰਿਆ, ਨ ਤੁਹ ਆਪੁ ਨਿਵਾਇਆ
ਗਫਲਤਿ ਸੋਤਿ ਰੈਣ ਵਿਹਾਣੀ, ਨਿਝਰੁ ਨ ਝਰਾਇਆ।
ਇਸ਼ਕੈ ਸਾਰ ਨ ਜਾਣਹਿ ਹੀਰੇ, ਐਉ ਭੈਆ ਕੰਤ ਪਰਾਇਆ
'ਹਰੀਆ' ਆਖ਼ਰ ਕੈਂਦੀ ਥੀਸੀ, ਝੂਠੀ ਮੁਖੁ ਸਰਮਾਇਆ।੧੧।
ਜਗ ਵਿਚਿ ਹੀਰ ਰਾਂਝਣ ਦੀ ਵਜੇ, ਨਾਉਂ ਪੈਆ ਹੈ ਤੇਰਾ
ਓਲ੍ਹੈ ਤਾਰੇ ਨਜ਼ਰਿ ਨ ਆਵਨਿ, ਥਣੈ ਵਡਿਆਈ ਮੇਰਾ।
ਅਵਗੁਣਿਆਰੀ ਸੋ ਵਸਾਏ, ਜੈਂਦਾ ਵਡਾ ਜੇਰਾ
ਖੇੜਾ ਟੱਕੁ ਹੀਰੇ ਕੂੰ ਚਾਹੇ, ਤ੍ਰੈ ਵਖਤ ਕਰੇ ਫੇਰਾ।
ਟੱਕੈ ਵਾਕਿ ਨ ਜਾਈ ਤਲਿਆ, ਜੌ ਹੋਵੈ ਸਉ ਦਹ ਸੇਰਾ
ਕਿਆ ਖੇੜਾ ਇਕ ਚਿਟੀ 'ਹਰੀਆ', ਭਉ ਭੰਗਾਣ ਹੈ ਸ਼ਹੁ ਮੇਰਾ।੧੨।

ਅਜ਼ਾਦੀ ਤੇ ਇਲਮ ਦੇ ਅਲਮਬਰਦਾਰ ਮਲਵਈ ਮਹਾਰਾਜੇ

ਕਿਸੇ ਕੌਮ ਨੂੰ ਸਾਵਧਾਨ ਤੇ ਸ਼ਕਤੀਮਾਨ ਕਰਨ ਲਈ ਲੋਕਾਂ ਦੇ ਦਿਲ-ਦਿਮਾਗ਼ ਨੂੰ ਤਕੜਿਆਂ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਦਿਮਾਗ਼ ਰੌਸ਼ਨ ਕਰਨ ਖ਼ਾਤਰ ਇਲਮ ਜਾਂ ਗਿਆਨ ਦੀ ਲੋੜ ਹੈ ਤੇ ਦਿਲ ਨੂੰ ਪ੍ਰਕਾਸ਼ਮਾਨ ਕਰਨ ਲਈ ਅਣਖ, ਆਨ ਤੇ ਅਜ਼ਾਦੀ ਦੀ ਸ਼ਮ੍ਹਾ ਜਗਾਉਣੀ ਪੈਂਦੀ ਹੈ। ਮਲਵਈ ਰਾਜਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਦਮਦਮਾ ਸਾਹਿਬ ਵਿਖੇ ਪੜ੍ਹਾਇਆ ਸਬਕ ਯਾਦ ਸੀ, ਜਿਨ੍ਹਾਂ ਉਥੇ 'ਲਿਖਣਸਰ' ਰਚ ਕੇ ਤੇ ਸਿੱਖਾਂ ਦੇ ਹੱਥ ਕਲਮਾਂ ਫੜਾ ਕੇ ਇਲਮ ਦੀ ਅਹਿਮੀਅਤ ਜਤਾਈ ਸੀ ਤੇ ਨਾਲ ਦੀ ਨਾਲ ਤੇਗ਼ਾਂ ਫੜਾ ਖ਼ਾਲਸਾ ਫ਼ੌਜ ਖੜੀ ਕਰ ਕੇ ਦੱਸ ਦਿੱਤਾ ਸੀ ਕਿ ਇਸ ਤੋਂ ਬਿਨਾਂ ਅਜ਼ਾਦੀ ਨੂੰ ਬਰਕਰਾਰ ਨਹੀਂ ਰੱਖਿਆ ਜਾ ਸਕਦਾ।

ਮਲਵਈ ਰਾਜੇ ਇਹੋ ਕਲਮ ਤੇ ਤੇਗ਼ ਦੀ ਯੋਜਨਾ ਅਪਣਾਉਂਦੇ ਰਹੇ ਤੇ ਰਿਆਸਤ ਨਾਭਾ ਦੇ ਰਾਜਿਆਂ ਇਸ ਪਾਸੇ ਕਈ ਵਿਸ਼ੇਸ਼ ਕਾਰਨਾਮੇ ਕਰ ਕੇ ਚੰਗਾ ਜਸ ਖੱਟਿਆ। ਸੋ, ਇਹ ਕਹਿਣਾ ਗ਼ਲਤ ਹੈ ਕਿ ਇਲਮ ਤੇ ਅਜ਼ਾਦੀ ਦੀ ਜਾਗ ਅੰਗਰੇਜ਼ਾਂ ਨੇ ਲਾਈ। ਸਾਡੇ ਸੂਰਬੀਰ ਪੁਰਖੇ, ਸਮੇਂ ਸਮੇਂ ਯਥਾਯੋਗ ਜਤਨ ਕਰਦੇ ਰਹੇ। ਇਹ ਫੂਲਕੀਆਂ ਰਿਆਸਤਾਂ ਉਨ੍ਹਾਂ ਦੇ ਕੀਤੇ ਸੁਤੰਤਰਤਾ ਸੰਗਰਾਮ ਦਾ ਹੀ ਸਿੱਟਾ ਸਨ, ਜਿਨ੍ਹਾਂ ਮੁਗ਼ਲਾਂ ਤੇ ਮੁਗ਼ਲ ਸਰਕਾਰ ਦੇ ਪਿੱਠੂਆਂ ਨੂੰ ਭਾਜੜ ਪਾ ਕੇ ਅਜ਼ਾਦੀ ਦਾ ਝੰਡਾ ਝੁਲਾਇਆ।

ਅੰਗਰੇਜ਼ ਆ ਗਏ, ਉਨ੍ਹਾਂ ਪਾਸ ਫ਼ੌਜਾਂ ਵਧੇਰੇ ਸਨ ਤੇ ਚਤੁਰਾਈਆਂ ਚਲਾਕੀਆਂ ਵੀ ਵਧੇਰੇ ਸਨ, ਪਰ ਫਿਰ ਵੀ ਇਹ ਰਾਜੇ ਆਪਣੇ ਕਿਲ੍ਹਿਆਂ 'ਤੇ ਡੱਟ ਕੇ ਪਹਿਰਾ ਦੇਂਦੇ ਰਹੇ। ਮਹਾਰਾਜਾ ਜਸਵੰਤ ਸਿੰਘ ਤੇ ਰਾਜਾ ਦੇਵਿੰਦਰ ਸਿੰਘ, ਸ਼ੇਰਿ-ਪੰਜਾਬ ਦੇ ਲਾਹੌਰ ਦਰਬਾਰ ਨਾਲ ਵਧੇਰੇ ਸਨੇਹ ਰੱਖਦੇ ਸਨ, ਜੋ ਅੰਗਰੇਜ਼ ਨੂੰ ਪਸੰਦ ਨਹੀਂ ਸੀ ਤੇ ਮੇਜਰ ਬ੍ਰਾਡਫੁਟ ਵਰਗੇ ਸ਼ੈਤਾਨ ਲੂਤੀਆਂ ਲਾਉਂਦੇ ਰਹਿੰਦੇ ਸਨ, ਇਸ ਕਰਕੇ ਰਾਜਾ ਦੇਵਿੰਦਰ ਸਿੰਘ ਨੂੰ ਆਪਣੀ ਰਿਆਸਤ ਛੱਡ ਕੇ ਜਲਾਵਤਨ ਹੋ ਕੇ ਮਥਰਾ ਰਹਿਣਾ ਪਿਆ। ਫਿਰ ਰਾਜਾ ਭਰਪੂਰ ਸਿੰਘ ਵਰਗੇ ਦਾਨੇ ਪੁਰਸ਼ ਅੱਗੇ ਆਏ, ਜਿਨ੍ਹਾਂ 1857 ਈ: ਦੇ ਗ਼ਦਰ ਸਮੇਂ ਕਈ ਬਹਾਦਰੀ ਦੇ ਕਾਰਨਾਮੇ ਕਰ ਕੇ ਰਿਆਸਤ ਦੀ ਖੁੱਸੀ ਹੋਈ ਅਜ਼ਮਤ ਮੁੜ ਬਹਾਲ ਕੀਤੀ ਤੇ 'ਸਤਾਰਾ-ਏ-ਹਿੰਦ' ਦਾ ਖ਼ਿਤਾਬ ਹਾਸਲ ਕੀਤਾ।

ਰਾਜਾ ਭਰਪੂਰ ਸਿੰਘ ਉਰਦੂ ਫ਼ਾਰਸੀ ਤੇ ਅੰਗਰੇਜ਼ੀ ਦੀ ਵੀ ਚੰਗੀ ਮੁਹਾਰਤ

ਰੱਖਦਾ ਸੀ। ਖ਼ੁਦ ਕਵੀ ਸੀ ਤੇ ਕਵੀਆਂ ਦਾ ਕਦਰਦਾਨ ਵੀ ਸੀ। ਗੁਾਲ ਭੱਟ ਲਾਹੌਰ ਦਰਬਾਰ ਤੋਂ ਆ ਕੇ ਨਾਭਾ ਦਰਬਾਰ ਵਿਚ ਹੀ ਟਿਕਿਆ ਸੀ। ਉਹ ਲਿਖਦਾ ਹੈ ਕਿ ਇਹ ਰਾਜਾ ਹਰ ਤਰ੍ਹਾਂ ਦੇ ਗੁਣਾਂ ਨਾਲ ਭਰਪੂਰ ਹੋਣ ਕਰਕੇ ਹੀ 'ਰਾਜਾ ਭਰਪੂਰ ਸਿੰਘ' ਕਹਿ ਕੇ ਪੁਕਾਰਿਆ ਜਾਂਦਾ ਹੈ, ਕਿਉਂਕਿ ਉਸ ਵਿਚ ਕਿਸੇ ਗੱਲ ਦੀ ਕਮੀ ਨਹੀਂ ਸੀ। ਉਹ ਲਿਖਦਾ ਹੈ:

ਕਾਹੂੰ ਤੇ ਨ ਕਮ ਇਹਤਮਾਮ ਹਰ ਕਾਮਨ ਮੇਂ,
ਕਬਹੂੰ ਨ ਹੋਇ ਕਮ, ਜਿਸਕੋ ਕਲਾਮ ਹੈ।
ਗਯਾਨ ਮੇਂ ਨ ਕਮ ਹਰਿ ਧਯਾਨ ਮੇਂ ਨ ਕਮ ਕਹੂੰ,
ਦਾਨ ਮੇਂ ਨ ਕਮ ਔ ਨ ਕਮ ਧਨ ਧਾਮ ਹੈ।
ਗੁਾਲ ਕਵਿ ਤੇਜ ਮੇਂ ਪ੍ਰਤਾਪ ਮੇਂ ਨ ਕਮ ਕਯੋਂ ਹੂੰ
ਹੁਕਮ ਮੇ ਨ ਕਮ ਨ ਕਮ ਇੰਤਜ਼ਾਮ ਹੈ।
ਯਾਂਹੀ ਤੇ ਗ਼ਰੀਬ ਕੇ ਨਿਵਾਜ ਗੁਰਦੇਵ ਜੂ ਨੇ
ਰਾਖਯੋ ਮਹਾਰਾਜਾ ਭਰਪੂਰ ਸਿੰਘ ਨਾਮ ਹੈ।

ਇਸ ਤੋਂ ਬਾਅਦ ਬੜਰੁੱਖਿਆਂ ਦੀ ਕਿਸਾਨ-ਮਿੱਟੀ ਦੀ ਕਿਸਮਤ ਜਾਗੀ ਤਾਂ ਮਹਾਰਾਜਾ ਹੀਰਾ ਸਿੰਘ ਤਖ਼ਤ ਉੱਤੇ ਬਿਰਾਜਮਾਨ ਹੋਏ। ਆਪ ਧਰਮਾਤਮਾ ਬਿਰਤੀ ਦੇ ਸਨ, ਇਸ ਲਈ ਉਨ੍ਹਾਂ ਧਰਮ-ਵਿੱਦਿਆ ਉੱਤੇ ਬਹੁਤ ਜ਼ੋਰ ਦਿੱਤਾ। ਤਰ੍ਹਾਂ ਤਰ੍ਹਾਂ ਦੇ ਗੁਣੀ ਗਿਆਨੀ, ਪੰਡਿਤ ਸੱਦ ਕੇ ਬਹਿਸਾਂ ਕਰਾਈਆਂ, ਗੋਸ਼ਟਾਂ ਹੋਈਆਂ ਤੇ ਵਿਦਵਾਨਾਂ ਨੂੰ ਸਨਮਾਨ ਪ੍ਰਦਾਨ ਕੀਤੇ। ਭਾਈ ਪ੍ਰੇਮ ਸਿੰਘ ਨੂੰ *ਬੁਧਿ ਬਾਰਧਿ ਗ੍ਰੰਥ* ਰਚਣ 'ਤੇ ਇਕ ਲੱਖ ਬੱਤੀ ਹਜ਼ਾਰ ਸੱਤ ਸੌ ਰੁਪਈਏ ਦਾ ਇਨਾਮ ਦਿੱਤਾ ਗਿਆ। ਭਾਈ ਕਾਨ੍ਹ ਸਿੰਘ ਤੇ ਮਿ: ਮੈਕਾਲਿਫ਼ ਦੀ ਜਿਤਨੀ ਸਰਪ੍ਰਸਤੀ ਆਪ ਨੇ ਕੀਤੀ, ਉਹ ਕਿਸੇ ਤੋਂ ਲੁਕੀ ਛਿਪੀ ਨਹੀਂ। ਭਾਈ ਕਾਨ੍ਹ ਸਿੰਘ ਜੀ ਨੂੰ ਸਰਕਾਰੀ ਖ਼ਰਚੇ 'ਤੇ ਲੰਡਨ ਭੇਜਿਆ ਗਿਆ ਤਾਕਿ ਮਿ. ਮੈਕਾਲਿਫ਼ ਦਾ ਗ੍ਰੰਥ *ਸਿੱਖ ਰਿਲੀਜਨ* ਭਲੀਭਾਂਤ ਸੰਪੂਰਨ ਹੋ ਸਕੇ। ਇਹ ਗ੍ਰੰਥ 1909 ਵਿਚ ਛਪ ਕੇ ਤਿਆਰ ਹੋਇਆ ਤਾਂ ਮਿ: ਮੈਕਾਲਿਫ਼ ਨੇ ਇਸ ਦਾ ਕਾਪੀ ਰਾਈਟ ਸ਼ੁਕਰਾਨੇ ਵਜੋਂ ਭਾਈ ਕਾਨ੍ਹ ਸਿੰਘ ਜੀ ਨੂੰ ਅਰਪਣ ਕਰ ਦਿੱਤਾ ਜੋ ਕਿ ਅੱਜ ਉਨ੍ਹਾਂ ਦੇ ਪਰਿਵਾਰ ਪਾਸ ਹੈ। ਫਿਰ ਖ਼ਾਲਸਾ ਕਾਲਜ ਦੀ ਉਸਾਰੀ ਲਈ ਜਿਵੇਂ ਮਹਾਰਾਜਾ ਹੀਰਾ ਸਿੰਘ ਜੀ ਨੇ ਘਾਲ ਘਾਲੀ, ਉਹ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣ ਲਾਇਕ ਹੈ।

ਇਸ ਉਪਰੰਤ ਆਪ ਦੇ ਲਾਇਕ ਸਪੁੱਤਰ ਮਹਾਰਾਜਾ ਰਿਪੁਦਮਨ ਸਿੰਘ ਗੱਦੀ ਉੱਤੇ ਬੈਠੇ, ਜਿਨ੍ਹਾਂ ਦੀ ਪੜ੍ਹਾਈ ਭਾਈ ਕਾਨ੍ਹ ਸਿੰਘ ਜੀ ਜੈਸੇ ਵਿਦਵਾਨ ਦੀ ਨਿਗਰਾਨੀ ਹੇਠ ਹੋਈ ਸੀ। ਆਪ ਆਤਮ ਸਨਮਾਨ ਵਾਲੇ ਦਾਨੇ ਤੇ ਦਾਨੀ ਪੁਰਸ਼ ਸਨ। ਅਨੰਦ ਮੈਰਿਜ ਐਕਟ ਆਪ ਨੇ ਹੀ ਪਾਸ ਕਰਾਇਆ ਤੇ ਇੰਡੀਅਨ ਨੈਸ਼ਨਲ ਸੋਸ਼ਲ ਕਾਨਫ਼ਰੰਸ, ਲਾਹੌਰ ਦੀ ਪ੍ਰਧਾਨਗੀ ਕਰਦਿਆਂ (31 ਦਸੰਬਰ 1909 ਈ:) ਸਮਾਜ ਸੁਧਾਰਾਂ ਉੱਤੇ ਆਪ ਨੇ ਵਿਸ਼ੇਸ਼ ਜ਼ੋਰ ਦਿੱਤਾ। ਪੰ: ਮਦਨ ਮੋਹਨ ਮਾਲਵੀਆ ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਲਈ ਇਕ ਲੱਖ ਰੁਪਿਆ ਦਾਨ ਵੀ ਦਿੱਤਾ। ਇਹ ਸਮਾਂ ਗ਼ਦਰ ਪਾਰਟੀ ਲਹਿਰ, ਅਕਾਲੀ

ਲਹਿਰ ਤੇ ਬੱਬਰ ਅਕਾਲੀ ਲਹਿਰ ਦੀ ਚੜ੍ਹਤ ਦਾ ਸੀ, ਜਿਸ ਕਰਕੇ ਦੇਸ਼ ਭਰ ਵਿਚ ਅਜ਼ਾਦੀ ਦੇ ਸ਼ੋਅਲੇ ਭੜਕ ਰਹੇ ਸਨ। ਨਨਕਾਣਾ ਸਾਹਿਬ ਦਾ ਸਾਕਾ ਹੋਇਆ ਤਾਂ ਸਾਰੇ ਪੰਜਾਬ ਨੇ ਸੋਗ ਵਜੋਂ ਕਾਲੀਆਂ ਪੱਗਾਂ ਬੰਨ੍ਹੀਆਂ ਅਤੇ ਮਹਾਰਾਜਾ ਰਿਪੁਦਮਨ ਸਿੰਘ ਲੋਕ-ਭਾਵਨਾ ਤੋਂ ਵੱਖਰੇ ਨਾ ਹੋਏ, ਸਗੋਂ ਉਨ੍ਹਾਂ ਵੀ ਕਾਲੀ ਦਸਤਾਰ ਸਜਾਈ। ਇਕ ਵਾਰ ਗਵਰਨਰ ਪੰਜਾਬ ਲੂਈ ਡੇਨ ਦੌਰੇ 'ਤੇ ਆਇਆ ਤੇ ਮਹਾਰਾਜਾ ਸਾਹਿਬ ਪਾਸ ਸੁਨੇਹਾ ਭੇਜਿਆ ਕਿ ਆ ਕੇ ਮਿਲੋ, ਪਰ ਸ੍ਵੈਮਾਨ ਤੇ ਅਣਖ ਆਨ ਦੇ ਪੁਤਲੇ ਮਹਾਰਾਜਾ ਰਿਪੁਦਮਨ ਸਿੰਘ ਨੇ ਜਵਾਬ ਘੱਲਿਆ ਕਿ ਮੈਂ ਵੀ ਇਸ ਸਮੇਂ ਰਿਆਸਤ ਦੇ ਦੌਰੇ 'ਤੇ ਹਾਂ, ਫਿਰ ਕਦੀ ਦਰਸ਼ਨ ਕਰਾਂਗਾ। ਅਜਿਹੀ ਗੱਲ ਫ਼ਿਰੰਗੀ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਅਖ਼ੀਰ 1923 ਈ: ਵਿਚ ਆਪ ਨੂੰ ਨਾਭੇ ਦਾ ਤਖ਼ਤ ਛੱਡਣਾ ਪਿਆ ਤੇ ਸਾਰੀ ਉਮਰ ਕੁਡਾਈਕੁਨਾਲ (ਮਦਰਾਸ) ਦੇ ਬੰਦੀਖ਼ਾਨੇ ਵਿਚ ਗੁਜ਼ਾਰਨੀ ਪਈ। ਨਾਭੇ ਦੀ ਪਰਜਾ ਤੇ ਬਾਕੀ ਪੰਜਾਬ ਨੇ ਜੈਤੋ ਦਾ ਮੋਰਚਾ ਲਾ ਕੇ ਆਪਣੇ ਮਹਿਬੂਬ ਮਹਾਰਾਜੇ ਨਾਲ ਹਮਦਰਦੀ ਪ੍ਰਗਟਾਈ, ਪਰ ਅੰਗਰੇਜ਼ ਟਸ ਤੋਂ ਮਸ ਨਾ ਹੋਇਆ। ਮੈਂ, ਨਾਭਾ ਨਿਵਾਸੀਆਂ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਅਜ਼ਾਦੀ ਦੇ ਮਹਾਨ ਯੋਧੇ ਦੇ ਨਾਮ 'ਤੇ 'ਰਿਪੁਦਮਨ ਕਾਲਜ' ਸਥਾਪਿਤ ਕਰ ਕੇ ਉਸ ਦੀ ਯਾਦ ਨੂੰ ਤਾਜ਼ਾ ਰੱਖਿਆ ਹੋਇਆ ਹੈ।

ਗਿਆਨੀ ਗਿਆਨ ਸਿੰਘ ਜੀ ਨੇ ਮਹਾਰਾਜਾ ਰਿਪੁਦਮਨ ਸਿੰਘ ਦੇ ਗੁਣਾਂ ਦਾ ਵਖਿਆਨ ਕਰਦਿਆਂ *ਰਿਪੁਦਮਨ ਪ੍ਰਕਾਸ਼* (1919 ਈ:) ਵਿਚ ਲਿਖਿਆ ਹੈ:

> **ਚੰਦ ਟਰੈ ਸੂਰਜ ਟਰੈ, ਟਰੇ ਜੇ ਸਕਲ ਜਹਾਨ।**
> **ਮਾਲਵੇਂਦ੍ਰ ਰਿਪੁਦਮਨ ਹਰਿ, ਟਰੇ ਨ ਅਪਨ ਜ਼ੁਬਾਨ।**
> **ਹਰਫ਼ਨ ਮੌਲਾ ਆਪ ਹੈਂ, ਸਰਬ ਗੁਣਾਂ ਕੀ ਖਾਨ।**
> **ਭੂਪਤਿ, ਧਰਮੀਂ, ਚਤੁਰ ਕਵਿ, ਕੋਵਿਦ ਨੀਤਿ ਨਿਧਾਨ।**
> **ਰਾਜ ਸਾਜ ਕੇ ਮੁੰਤਜ਼ਿਮ ਆਹਲਾ ਸ਼੍ਰੀ ਨਾਭੇਸ਼।**
> **ਪ੍ਰਜਾ ਖ਼ੁਸ਼ੀ ਸਭ ਆਪ ਕੀ, ਸੁਖੀ ਬਸਤ ਹੈ ਦੇਸ।**

(ਰਿਪੁਦਮਨ ਪ੍ਰਕਾਸ਼, ਪੰਨਾ 16)

ਆਪ ਦੇ ਲਾਇਕ ਸਪੁੱਤਰ ਮਹਾਰਾਜਾ ਪ੍ਰਤਾਪ ਸਿੰਘ ਪੱਛਮੀ ਵਿਦਿਆ ਤੇ ਵਾਤਾਵਰਣ ਵਿਚ ਪਲੇ ਹੋਣ ਕਾਰਨ ਰਿਆਸਤ ਦਾ ਪ੍ਰਬੰਧ ਸ਼ਾਂਤੀ ਪੂਰਵਕ ਚਲਾਉਂਦੇ ਰਹੇ। ਉਹ ਮੁਹੱਜ਼ਬ ਇਨਸਾਨ ਸਨ ਤੇ ਦਸ ਸਾਲ ਉਨ੍ਹਾਂ ਇਲਾਕੇ ਦੀ ਸੇਵਾ ਕੀਤੀ ਤੇ ਨੇਕਨਾਮੀ ਦਾ ਜਸ ਖੱਟਿਆ। ਅੱਜ ਲੋੜ ਹੈ ਕਿ ਰਿਆਸਤ ਨਾਭਾ ਦੇ ਮੁਖੀ ਮਹਾਰਾਜਿਆਂ ਦਾ ਲੋਕ-ਸੇਵਾਵਾਂ ਦਾ ਰਿਕਾਰਡ ਸੰਭਾਲਿਆ ਜਾਵੇ ਤੇ 'ਹੀਰਾ ਮਹੱਲ' ਵਿਚ ਲੋੜੀਂਦੀ ਯਾਦਗਾਰ ਸਥਾਪਿਤ ਕੀਤੀ ਜਾਵੇ, ਜਿਸ ਤੋਂ ਨਵੀਂ ਪੀੜ੍ਹੀ ਪ੍ਰੇਰਨਾ ਹਾਸਲ ਕਰਦੀ ਰਹੇ। ਮਹਾਰਾਜਾ ਹਨੂਵੰਤ ਸਿੰਘ ਇਹ ਬੀੜਾ ਉਠਾ ਕੇ ਨਾਭੇ ਦੇ ਪਤਵੰਤਿਆਂ ਦਾ ਸਹਿਯੋਗ ਪਾ ਕੇ ਇਸ ਨੂੰ ਪੁਨਰ-ਜੀਵਨ ਦੇ ਸਕਦੇ ਹਨ।

ਇਹ ਕੇਵਲ ਨਾਭਾ ਨਿਵਾਸੀਆਂ ਦੀ ਹੀ ਮੰਗ ਨਹੀਂ, ਸਗੋਂ ਇਹ ਸਾਰੇ ਪੰਜਾਬੀਆਂ ਦੀ ਇੱਛਾ ਹੈ ਕਿ ਅਣਖ ਆਨ ਤੇ ਅਜ਼ਾਦੀ ਲਈ ਕੁਰਬਾਨੀ ਕਰਨ ਵਾਲੇ ਮਹਾਂਪੁਰਸ਼ਾਂ ਦੀ ਯਾਦਗਾਰ ਕਾਇਮ ਕੀਤੀ ਜਾਵੇ।

ਵਿਆਹ ਸਮੇਂ ਦੀ ਲੋਕ-ਕਵਿਤਾ

ਮਨੁੱਖ ਦੀ ਸਮਾਜਿਕ ਜ਼ਿੰਦਗੀ ਨੂੰ ਸੁਚੱਜਾ ਤੇ ਸੁਹਾਵਣਾ ਬਣਾਉਣ ਲਈ ਮੁੱਖ ਤਿੰਨ ਸੰਸਕਾਰ ਦੱਸੇ ਗਏ ਹਨ—ਜਨਮ-ਸੰਸਕਾਰ, ਵਿਆਹ-ਸੰਸਕਾਰ ਤੇ ਮ੍ਰਿਤਕ-ਸੰਸਕਾਰ। ਪਹਿਲਾ ਤੇ ਆਖ਼ਰੀ ਸੰਸਕਾਰ ਦੋ ਐਸੇ ਹਨ, ਜਿਨ੍ਹਾਂ ਦੀ ਮਨੁੱਖ ਨੂੰ ਉੱਕਾ ਖ਼ਬਰਸਾਰ ਨਹੀਂ ਹੁੰਦੀ। ਨਵੇਂ ਜੀਵ ਦੇ ਇਸ ਦੁਨੀਆਂ ਵਿਚ ਪ੍ਰਵੇਸ਼ ਕਰਨ ਸਮੇਂ ਸਨੇਹੀ ਪਰਿਵਾਰ ਤੇ ਸਮਾਜ ਸੁਆਗਤ ਕਰਦਾ ਹੋਇਆ ਜਨਮ-ਸੰਸਕਾਰ ਕਰਦਾ ਹੈ ਪਰ ਨਵੇਂ ਬਾਲ ਨੂੰ ਇਹ ਸੋਝੀ ਨਹੀਂ ਹੁੰਦੀ ਕਿ ਇਹ ਸਭ ਕੁਝ ਮੇਰੀ ਹੀ ਖ਼ਾਤਰ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਜਦ ਜੀਵਨ-ਨਾਟਕ ਦਾ ਪਰਦਾ ਡਿੱਗਦਾ ਹੈ ਤੇ ਪ੍ਰਾਣੀ ਇਥੋਂ ਤੁਰ ਜਾਂਦਾ ਹੈ ਤਾਂ ਉਸ ਦੀ ਦੇਹੀ ਨੂੰ ਸਨਮਾਨ ਸਹਿਤ ਵਿਦਾਇਗੀ ਦੇਣ ਲਈ ਮ੍ਰਿਤਕ-ਸੰਸਕਾਰ ਕੀਤਾ ਜਾਂਦਾ ਹੈ। ਇਹ ਅੰਤਿਮ ਸੰਸਕਾਰ ਕੇਵਲ ਸਨੇਹੀ ਸਾਥੀਆਂ ਦੇ ਮਨੋਭਾਵਾਂ ਦੀ ਤਸੱਲੀ ਮਾਤਰ ਹੁੰਦਾ ਹੈ, ਮ੍ਰਿਤਕ ਪ੍ਰਾਣੀ ਨੂੰ ਇਸ ਦਾ ਕੋਈ ਪਤਾ ਨਹੀਂ ਹੁੰਦਾ। ਸੋ, ਇਹ ਦੋ ਸੰਸਕਾਰ ਅਜਿਹੇ ਹੁੰਦੇ ਹਨ ਜੋ ਕੀਤੇ ਤਾਂ ਭਾਵੇਂ ਮਨੁੱਖ ਦੀ ਖ਼ਾਤਰ ਹੀ ਜਾਂਦੇ ਹਨ ਪਰ ਉਸ ਨੂੰ ਉਨ੍ਹਾਂ ਦੀ ਕੋਈ ਖ਼ਬਰ ਸੁਰਤ ਨਹੀਂ ਹੁੰਦੀ। ਵਿਆਹ-ਸੰਸਕਾਰ ਹੀ ਐਸਾ ਹੈ, ਜਿਸ ਦੀ ਪ੍ਰਾਣੀ ਨੂੰ ਖ਼ਬਰਸਾਰ ਵੀ ਹੁੰਦੀ ਹੈ ਤੇ ਜਿਸ ਦਾ ਪ੍ਰਭਾਵ ਵੀ ਚਿਰਕਾਲੀਨ ਹੁੰਦਾ ਹੈ। ਧਰਮ-ਸੰਸਕਾਰ ਹਰ ਮਤ ਦਾ ਆਪਣਾ ਆਪਣਾ ਹੈ, ਜਿਸ ਦੁਆਰਾ ਜੀਵਨ-ਵਿਕਾਸ ਲਈ ਅਗਵਾਈ ਮਿਲਦੀ ਹੈ, ਪਰ ਇਥੇ ਅਸੀਂ ਇਸ ਦੀ ਚਰਚਾ ਨਹੀਂ ਕਰਦੇ। ਸੋ, ਵਿਆਹ-ਸੰਸਕਾਰ ਹੀ ਇਕ ਐਸੀ ਰੀਤੀ ਹੈ, ਜਿਸ ਦੁਆਰਾ ਪ੍ਰਾਣੀ, ਦੁਨੀਆਂਦਾਰੀ ਵਿਚ ਪ੍ਰਵੇਸ਼ ਕਰਦਾ ਹੈ। ਉਹ ਰੰਗ-ਰਲੀਆਂ ਵੀ ਮਨਾਉਂਦਾ ਹੈ ਤੇ ਸਹਿਜੇ ਸਹਿਜੇ ਕਈ ਸਿਆਪੇ (ਜ਼ਿੰਮੇਵਾਰੀਆਂ) ਵੀ ਗਲ ਪਾਉਂਦਾ ਹੈ। ਇਸ ਵਿਆਹ ਰੀਤੀ ਨੂੰ ਭਾਰਤੀ ਰਿਸ਼ੀਆਂ ਮੁਨੀਆਂ, ਸੰਨਿਆਸੀ ਵੈਰਾਗੀਆਂ, ਸਿੱਧਾਂ ਜੋਗੀਆਂ ਪ੍ਰਵਾਣ ਨਹੀਂ ਕੀਤਾ, ਕਿਉਂਕਿ ਉਹ ਸਮਝਦੇ ਹਨ ਕਿ ਇਸਤਰੀ ਇਕ ਮਾਇਆ ਜਾਲ ਹੈ, ਜਿਸ ਕਾਰਨ ਬੰਧਨ ਪੈਂਦੇ ਹਨ। ਇਸ ਕਰਕੇ ਇਨ੍ਹਾਂ ਵਿਰਕਤ-ਪੰਥੀਆਂ ਨੇ ਗ੍ਰਿਸਤ ਮਾਰਗ ਦੀ ਖੁੱਲ੍ਹ ਕੇ ਨਿਖੇਧੀ ਕੀਤੀ, ਪਰੰਤੂ ਸਿੱਖ ਗੁਰੂ ਸਾਹਿਬਾਨ ਨੇ ਸਮਾਜਿਕ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਅਨੁਭਵ ਕਰਦਿਆਂ ਵਿਆਹ-ਮਰਿਆਦਾ ਦੀ ਵਡਿਆਈ ਨੂੰ ਪੁਨਰ-ਸਥਾਪਿਤ ਕੀਤਾ। ਉਹ ਖ਼ੁਦ ਗ੍ਰਿਹਸਤੀ ਬਣੇ ਤੇ ਆਪਣੇ ਸਿੱਖਾਂ ਨੂੰ ਗ੍ਰਿਹਸਤੀ ਜੀਵਨ ਬਿਤਾਉਣ ਦੀ ਪ੍ਰੇਰਨਾ ਕੀਤੀ। ਜਿਸ ਜੀਵਨ ਨੂੰ 'ਗ੍ਰਿਹਸਤੀ ਜਾਲ' ਕਹਿ ਕੇ ਛੁਟਿਆਇਆ ਜਾਂਦਾ ਸੀ,

ਉਸ ਨੂੰ ਉਨ੍ਹਾਂ 'ਅਨੰਦ ਸੰਸਕਾਰ' ਦਾ ਨਾਮ ਦਿੱਤਾ। ਉਨ੍ਹਾਂ ਗ਼ਲਤ ਤਿਆਗ-ਚੱਕ੍ਰ ਵਿਚ ਫਾਥੇ ਮਨੁੱਖ ਨੂੰ ਨਿਸ਼ਚਾ ਕਰਾ ਦਿੱਤਾ:

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਵਾਰ ਗੂਜਰੀ ਮ: ੫, ਪੰਨਾ 522)

ਜਦੋਂ ਸਿਧਾਂਤਕ ਤੌਰ 'ਤੇ 'ਸਗਲ ਧਰਮ ਮਹਿ ਗ੍ਰਿਹਸਤ ਪ੍ਰਧਾਨ ਹੈ' ਦਾ ਫ਼ੈਸਲਾ ਹੋ ਗਿਆ ਤਾਂ ਇਸ ਸਮਾਗਮ ਨੂੰ ਬਹੁਤ ਚਾਵਾਂ ਮਲ੍ਹਾਰਾਂ ਨਾਲ ਕੀਤਾ ਜਾਣ ਲੱਗਾ। ਸਾਕ-ਸਨੇਹੀਆਂ ਨੂੰ ਸੱਦਾ ਦੇਣਾ, ਵਾਜੇ ਗਾਜਿਆਂ ਦਾ ਬੰਦੋਬਸਤ ਕਰਨਾ, ਤਰ੍ਹਾਂ ਤਰ੍ਹਾਂ ਦੀਆਂ ਸਵਾਰੀਆਂ, ਰੱਥ, ਹਾਥੀ, ਘੋੜੇ ਲੈ ਕੇ ਸੰਗੀਆਂ ਸਾਥੀਆਂ ਸਮੇਤ ਲਾੜੇ ਦਾ ਲੜਕੀ ਦੇ ਪਿੰਡ ਢੁੱਕਣਾ ਇਸ ਦਾ ਪ੍ਰਾਰੰਭ ਹੈ। ਇਸੇ ਨੂੰ 'ਜੰਞ' ਕਹਿੰਦੇ ਹਨ। ਇਹ ਜੰਞ ਜਾਂ ਬਰਾਤ ਬੜੀ ਚੜ੍ਹਦੀ ਕਲਾ ਨਾਲ ਟੌਹਰ ਕੱਢ ਕੇ ਚੱਲਦੀ ਹੈ, ਹਰ ਕੋਈ ਬੁੱਢਾ ਬਾਲ ਗੱਭਰੂ ਨਵੇਂ ਨਵੇਂ ਕੱਪੜੇ ਤੇ ਗਹਿਣੇ ਪਾ ਕੇ ਸੱਜ ਧੱਜ ਕੇ ਆਉਂਦਾ ਹੈ ਤਾਕਿ ਪਿੰਡ ਵਾਲਿਆਂ ਨੂੰ ਪਤਾ ਲੱਗ ਸਕੇ ਕਿ ਕੋਈ ਬਾਂਕੇ ਆਏ ਹਨ। ਇਸ ਨਾਲ ਲਾੜੇ ਦਾ ਰੋਹਬ-ਦਾਬ ਵੀ ਬਣਦਾ ਸੀ ਤੇ ਨਾਲੇ ਕੁਝ ਚਿਰ ਦਾ ਸ਼ੁਗਲ ਮੇਲਾ ਵੀ ਹੋ ਜਾਂਦਾ ਸੀ।

ਦੂਰ-ਦੁਰਾਡੇ (ਸਥਾਨਾਂ) ਦੀਆਂ ਵਿਆਹ ਸ਼ਾਦੀਆਂ ਸਮੇਂ, ਇਹ ਰੋਹਬ-ਦਾਬ ਵਾਲੇ ਸੰਗੀ ਸਾਥੀ ਲਿਜਾਣੇ ਇਕ ਜ਼ਰੂਰਤ ਵੀ ਹੋ ਗਈ, ਕਿਉਂਕਿ ਵਹੁਟੀ ਦੇ ਦਾਜ ਦਹੇਜ, ਗਹਿਣੇ ਗੱਟੇ ਤੇ ਹੋਰ ਧਨ ਮਾਲ ਦੀ ਰਾਖੀ ਲਈ ਐਸਾ ਕਰਨਾ ਜ਼ਰੂਰੀ ਸੀ। ਕਾਰਨ ਕੁਝ ਵੀ ਹੋਵੇ, ਜੰਞ ਦਾ ਠਾਠ-ਬਾਠ ਇਕ ਮੰਨੀ ਹੋਈ ਗੱਲ ਸੀ। ਇਸੇ ਕਰਕੇ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲਾਵਰ ਲਸ਼ਕਰ ਨੂੰ 'ਪਾਪ ਕੀ ਜੰਞ' ਕਹਿ ਕੇ ਬਿਆਨ ਕੀਤਾ ਸੀ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

(ਤਿਲੰਗ ਮ: ੧, ਪੰਨਾ 722)

ਇਸ ਤੋਂ ਉਲਟ ਉਚੇਰੀ ਅਧਿਆਤਮਕ ਸੰਜੋਗੀ ਅਵਸਥਾ ਦਾ ਵੀ ਵਰਣਨ ਬਾਣੀ ਵਿਚ ਜੰਞ ਤੇ ਲਾੜੇ ਦੇ ਰੂਪਕ ਨਾਲ ਹੀ ਕੀਤਾ ਗਿਆ ਹੈ:

ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥

(ਸਿਰੀਰਾਗੁ ਮ: ੪, ਪੰਨਾ 78)

ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥

(ਸੂਹੀ ਮ: ੧, ਪੰਨਾ 765)

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥
ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥ *(ਆਸਾ ਮ: ੫, ਪੰਨਾ 452)*

ਹਮ ਘਰਿ ਸਾਜਨ ਆਏ ॥
ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥

(ਸੂਹੀ ਮ: ੧, ਪੰਨਾ 764)

ਪੰਜਾਬੀ ਸਾਹਿੱਤ ਵਿਚ ਮਿਲਦੇ ਲਿਖਤੀ ਸਬੂਤ ਇਹ ਪ੍ਰਗਟ ਕਰਦੇ ਹਨ ਕਿ ਪੰਦਰ੍ਹਵੀਂ-ਸੋਲ੍ਹਵੀਂ ਸਦੀ ਵਿਚ ਲਾੜਾ ਲਾੜੀ ਦੇ ਵਿਆਹ ਸਮੇਂ ਪ੍ਰਭਾਵਸ਼ਾਲੀ ਜੰਞ ਲਿਜਾਣ ਦਾ ਰਿਵਾਜ ਆਮ ਸੀ ਤੇ ਬਾਬੇ ਫ਼ਰੀਦ ਦੇ ਦਿੱਤੇ ਸੰਕੇਤ ਅਨੁਸਾਰ :

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥ *(ਸਲੋਕ ਸੇਖ ਫਰੀਦ, ਪੰਨਾ 1377)*

ਲਾੜਾ, ਨਵੀਂ ਵਹੁਟੀ ਨੂੰ ਸੱਜ ਧੱਜ ਨਾਲ ਆਪਣੇ ਘਰ ਲੈ ਕੇ ਆਉਂਦਾ ਸੀ। ਇਸ ਵਿਆਹ-ਸ਼ਾਦੀ ਦੇ ਚਾਵਾਂ ਮਲ੍ਹਾਰਾਂ ਤੇ ਮੰਗਲਚਾਰਾਂ ਦਾ ਦਿਲਚਸਪੀ ਭਰਪੂਰ ਵਰਣਨ ਸਾਡੇ ਲੋਕ-ਗੀਤਾਂ ਵਿਚ ਵੀ ਆਮ ਹੋਇਆ ਹੈ। ਸਾਹੇ ਦੇ ਆਰੰਭ ਵਿਚ ਲਾੜੇ ਦੇ ਘਰ 'ਘੋੜੀਆਂ' ਗਾਈਆਂ ਜਾਂਦੀਆਂ ਹਨ ਤੇ ਲਾੜੀ ਦੇ ਘਰ 'ਸੁਹਾਗ' ਦੇ ਗੀਤ ਗਾ ਕੇ ਮਹੂਰਤ ਕੀਤਾ ਜਾਂਦਾ ਹੈ। ਚੂੰਕਿ ਲਾੜਾ ਘੋੜੀ 'ਤੇ ਸਵਾਰ ਹੋ ਕੇ ਵਿਆਹੁਣ ਤੁਰਦਾ ਸੀ, ਇਸ ਲਈ ਉਸ ਦੀਆਂ ਮਾਤਾ ਭੈਣਾਂ, ਚਾਵਾਂ ਨਾਲ ਅਸੀਸਾਂ ਦਿੰਦੀਆਂ ਗੀਤ ਗਾਉਂਦੀਆਂ ਸਨ, ਜੋ ਕਿ 'ਘੋੜੀਆਂ' ਦੇ ਨਾਂ ਨਾਲ ਪੁਕਾਰੇ ਜਾਂਦੇ ਹਨ:

ਘੋੜੀ ਸੋਂਹਦੀ ਕਾਠੀਆਂ ਦੇ ਨਾਲ, ਕਾਠੀ ਡੇਢ ਤੇ ਹਜ਼ਾਰ,
ਉਮਰਾਵਾਂ ਦੀ ਤੇਰੀ ਚਾਲ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!

ਵਿਚ ਵਿਚ ਬਾਗ਼ਾਂ ਦੇ ਤੁਸੀਂ ਆਓ, ਚੋਟ ਨਗਾਰਿਆਂ 'ਤੇ ਲਾਓ,
ਖਾਣਾ ਰਾਜਿਆਂ ਦਾ ਖਾਓ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!

ਛੈਲ ਨਵਾਬਾਂ ਦੇ ਘਰ ਢੁੱਕਣਾ, ਵੱਡੇ ਸਰਦਾਰਾਂ ਦੇ ਘਰ ਢੁੱਕਣਾ,
ਉਮਰਾਵਾਂ ਦੀ ਤੇਰੀ ਚਾਲ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!

ਚੀਰਾ ਤੇਰਾ ਵੇ ਮੱਲਾ ਸੋਹਣਾ, ਬਣਦਾ ਕਲਗ਼ੀਆਂ ਦੇ ਨਾਲ,
ਕਲਗ਼ੀ ਡੇਢ ਤੇ ਹਜ਼ਾਰ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!

ਕੈਂਠਾ ਤੇਰਾ ਵੇ ਮੱਲਾ ਸੋਹਣਾ, ਬਣਦਾ ਜੁਗਨੀਆਂ ਦੇ ਨਾਲ,
ਜੁਗਨੀ ਡੇਢ ਤੇ ਹਜ਼ਾਰ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!

ਜਾਮਾ ਤੇਰਾ ਵੇ ਮੱਲਾ ਸੋਹਣਾ, ਬਣਦਾ ਤਣੀਆਂ ਦੇ ਨਾਲ,
ਤਣੀ ਡੇਢ ਤੇ ਹਜ਼ਾਰ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!

ਜੁੱਤੀ ਤੇਰੀ ਵੇ ਮੱਲਾ ਸੋਹਣੀ, ਵਾਹਵਾ ਜੜੀ ਤਿੱਲੇ ਦੇ ਨਾਲ,
ਕੇਹੀ ਸੋਹਣੀ ਤੇਰੀ ਚਾਲ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!

ਵਿਚ ਵਿਚ ਬਾਗ਼ਾਂ ਦੇ ਤੁਸੀਂ ਆਓ, ਚੋਟ ਨਗਾਰਿਆਂ 'ਤੇ ਲਾਓ,
ਪੁੱਤ ਸਰਦਾਰਾਂ ਦੇ ਅਖਵਾਓ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!

ਇਕ ਹੋਰ ਪ੍ਰਸਿੱਧ ਗੀਤ ਹੈ:

ਨਿੱਕੀ ਨਿੱਕੀ ਬੂੰਦੀਂ ਨਿੱਕਿਆ, ਮੀਂਹ ਵੇ ਵਰ੍ਹੇ,
ਵੇ ਨਿੱਕਿਆ, ਮਾਂ ਵੇ ਸੁਹਾਗਣਿ ਤੇਰੇ ਸ਼ਗਨ ਕਰੇ;

ਮਾਂ ਵੇ ਸੁਹਾਗਣਿ ਤੇਰੇ ਸ਼ਗਨ ਕਰੇ ਵੇ ਨਿੱਕਿਆ!
ਦੀਆਂ ਦੀ ਭੋਰੀ ਤੇਰਾ ਬਾਬਾ ਫੜੇ।

ਦੰਮਾਂ ਦੀ ਬੋਰੀ ਵੇ ਤੇਰਾ ਬਾਬਾ ਫੜੇ ਵੇ ਨਿੱਕਿਆ!
ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ।

ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ ਵੇ ਨਿੱਕਿਆ!
ਭੈਣ ਸੁਹਾਗਣਿ ਤੇਰੀ ਵਾਗ ਫੜੇ।

ਭੈਣ ਸੁਹਾਗਣਿ ਤੇਰੀ ਵਾਗ ਫੜੇ ਵੇ ਨਿੱਕਿਆ!
ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ।

ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ ਵੇ ਨਿੱਕਿਆ!
ਭਾਬੀ ਸੁਹਾਗਣਿ ਤੈਨੂੰ ਸੁਰਮਾ ਪਾਵੇ।

ਭਾਬੀ ਸੁਹਾਗਣਿ ਤੈਨੂੰ ਸੁਰਮਾ ਪਾਵੇ ਵੇ ਨਿੱਕਿਆ!
ਰੱਤਾ ਰੱਤਾ ਡੋਲਾ ਮਹਿਲੀਂ ਆਣ ਵੜੇ।

ਰੱਤਾ ਰੱਤਾ ਡੋਲਾ ਮਹਿਲੀਂ ਆਣ ਵੜੇ ਵੇ ਨਿੱਕਿਆ।
ਮਾਂ ਵੇ ਸੁਹਾਗਣਿ ਪਾਣੀ ਵਾਰ ਪੀਏ।

ਜਦੋਂ ਲਾੜੀ ਦੇ ਨਗਰ ਜੰਞ ਆ ਢੁੱਕਦੀ ਹੈ ਤਾਂ ਧੇਤਿਆਂ (ਲੜਕੀ ਵਾਲਿਆਂ) ਵੱਲੋਂ ਪੁਤੇਤਿਆਂ (ਲੜਕੇ ਵਾਲਿਆਂ) ਦਾ ਬੜਾ ਨਿੱਘਾ ਸੁਆਗਤ ਹੁੰਦਾ ਹੈ। ਫਿਰ ਜਦ ਜਾਂਞੀ ਬਣ ਤਣ ਕੇ ਠਾਠ-ਬਾਠ ਨਾਲ ਰੋਟੀ ਖਾਣ ਆਉਂਦੇ ਹਨ ਤਾਂ ਪਿੰਡ ਦੀਆਂ ਕੁੜੀਆਂ ਤੇ ਹੋਰ ਇਸਤਰੀਆਂ, ਸਿੱਠਣੀਆਂ ਦੇ ਹਾਸੇ-ਤਮਾਸ਼ੇ ਵਿਚ ਆਏ ਪ੍ਰਾਹੁਣਿਆਂ ਦੀ ਭੰਡ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਇਹ ਨਜ਼ਾਰਾ ਬੜਾ ਹੀ ਦੇਖਣ ਵਾਲਾ ਹੁੰਦਾ ਹੈ ਜਦੋਂ ਬੜੇ ਬੜੇ ਖੱਬੀ ਖ਼ਾਨ, ਕੁੜੀਆਂ ਚਿੜੀਆਂ ਦੀਆਂ ਗਾਲ੍ਹਾਂ ਸੁਣ ਕੇ ਪ੍ਰਸੰਨ ਹੁੰਦੇ ਹਨ ਤੇ ਇਸ ਨੂੰ ਇਕ ਚੰਗਾ ਸ਼ਗਨ ਸਮਝਦੇ ਹਨ। ਦਰਅਸਲ ਇਸ ਖ਼ੁਸ਼ੀਆਂ ਦੇ ਮੌਕੇ ਹਰ ਕਿਸੇ ਨੂੰ ਪੂਰੀ ਪੂਰੀ ਖੁੱਲ੍ਹ ਹੁੰਦੀ ਹੈ ਕਿ ਉਹ ਮਨਮਰਜ਼ੀ ਦੀ ਟਿੱਚਰ ਕਰ ਸਕੇ। ਅਜਿਹਾ ਹਾਸਾ, ਮਖ਼ੌਲ, ਵਿਅੰਗ ਤੇ ਚੋਟ ਵਾਲਾ ਗੀਤ 'ਸਿੱਠਣੀ' ਕਹਾਉਂਦਾ ਹੈ, ਜਿਸ ਦੀ ਵੰਨਗੀ ਇਸ ਪ੍ਰਕਾਰ ਹੈ:

ਸਾਡੇ ਤਾਂ ਵਿਹੜੇ ਮੁੱਢ ਮੱਕਈ ਦਾ, ਦਾਣੇ ਤਾਂ ਮੰਗਦਾ ਉਧਲ ਗਈ ਦਾ
ਭੱਠੀ ਤਾਂ ਤਪਦੀ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।

ਸਾਡੇ ਤਾਂ ਵਿਹੜੇ ਤਾਣਾ ਤਣੀਂਦਾ, ਲਾੜੇ ਦਾ ਪਿਉ ਕਾਣਾ ਸੁਣੀਂਦਾ
ਐਨਕ ਤਾਂ ਲਾਉਣੀ ਪਈ, ਨਿਲੱਜਿਓ! ਲੱਜ ਤੁਹਾਨੂੰ ਨਹੀਂ।

ਕੁੜੀ ਤਾਂ ਸਾਡੀ ਤਿੱਲੇ ਦੀ ਤਾਰ ਏ, ਮੁੰਡਾ ਤਾਂ ਦਿਸਦਾ ਕੋਈ ਘੁਮਿਆਰ ਏ
ਜੋੜੀ ਤਾਂ ਫਬਦੀ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।

ਛੇ ਮਹੀਨੇ ਸੁਨਿਆਰ ਬਠਾਇਆ, ਚਾਂਦੀ ਦੇ ਗਹਿਣੇ 'ਤੇ ਪਾਣੀ ਫਿਰਾਇਆ
ਸਾਡੀ ਤਾਂ ਬੀਬੀ ਦੇ ਪਸੰਦ ਨਾ ਆਇਆ, ਨਿਲੱਜਿਓ! ਲੱਜ ਤੁਹਾਨੂੰ ਨਹੀਂ।

ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ, ਲਾੜੇ ਜੋਗਾ ਤੁਸੀਂ ਵਾਜਾ ਮੰਗਾਓ
ਜੰਞ 'ਤੇ ਸਜਦੀ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।

ਇਸ ਮੌਕੇ 'ਤੇ ਕੁੜਮ ਤੇ ਕੁੜਮਣੀ ਦੀ ਛਿੱਲ, ਖ਼ਾਸ ਤੌਰ 'ਤੇ ਲਾਹੀ ਜਾਂਦੀ ਹੈ। ਮਰਾਠਾ ਤੋਪ ਨਾਲ ਉਪਮਾ ਅਠਾਰ੍ਹਵੀਂ ਸਦੀ ਦੀ ਸੂਚਕ ਹੈ:

ਕੁੜਮ ਹੈਗਾ ਪਤਲਾ ਜਿਹਾ, ਜੋਰੂ ਹੋ ਗਈ ਤੋਪ ਕੁੜੇ
ਮਰਹੱਟੇ ਵਾਲੀ ਤੋਪ ਕੁੜੇ, ਫਰੰਗੀ ਵਾਲੀ ਤੋਪ ਕੁੜੇ।

ਹਲ ਦੀਆਂ ਟੰਗਾਂ ਪੰਜਾਲੀ ਦੀਆਂ ਬਾਹਾਂ
ਦੇਖੀਂ ਵੇ ਕੁੜਮਾ! ਡਿਗ ਪੈਂਦਾ ਠਾਹਾਂ
ਡਿਗ ਪੈਂਦਾ ਠਾਹਾਂ, ਤਨਾ ਲੈਂਦਾ ਬਾਹਾਂ।

ਸਉਲੇ ਰੰਗ ਦੇ ਕੁੜਮ ਬਾਰੇ ਸਿੱਠਣੀ ਇਸ ਪ੍ਰਕਾਰ ਹੁੰਦੀ ਹੈ:

ਗੈਸ ਬੁਝਾ ਦਿਓ ਵੀਰਨੋ, ਸਾਡਾ ਕੁੜਮ ਬੈਟਰੀ ਵਰਗਾ।

ਇਸੇ ਤਰ੍ਹਾਂ ਲਾੜੇ ਦੀ ਪਰਖ ਲਈ ਸਾਲੀਆਂ ਉਸ ਦੇ ਸਾਹਮਣੇ 'ਛੰਦ' ਸੁਣਾਉਣ ਦਾ ਸਵਾਲ ਪਾਉਂਦੀਆਂ ਹਨ, ਜਿਸ ਤੋਂ ਇਨਕਾਰ ਕਰਨਾ ਔਖਾ ਹੁੰਦਾ ਹੈ ਤੇ ਵਿਆਂਹਦੜ ਪਹਿਲਾਂ ਹੀ ਤਿਆਰ ਹੁੰਦਾ ਹੈ 'ਤੇ ਛੰਦ ਸੁਣਾਉਂਦਾ ਹੈ, ਇਹ ਲਾੜੇ ਦੀ ਵਿਅਕਤੀਗਤ ਪ੍ਰੀਖਿਆ ਹੈ:

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਥਾਲੀ
ਹੋਰ ਛੰਦ ਮੈਂ ਤਾਂ ਸੁਣਾਵਾਂ, ਜੇ ਹੱਥ ਜੋੜੇ ਸਾਲੀ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਲੋਈ
ਸਭੇ ਸਾਲੀਆਂ ਲਾਗੇ ਖੜੀਆਂ, ਬਹੂ ਕਿਥੇ ਲਕੋਈ?

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਗਹਿਣਾ
ਇਕ ਨੂੰ ਅਸੀਂ ਲੈ ਚਲੇ, ਇਕ ਸਾਕ ਹੋਰ ਲੈਣਾ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਡੋਲਣਾ।
ਬਾਪੂ ਜੀ ਨੇ ਆਖਿਆ ਸੀਗਾ, ਬਹੁਤਾ ਨਾਹੀਂ ਬੋਲਣਾ।

ਜੰਞ ਬੰਨ੍ਹਣਾ

ਇਸ ਤੋਂ ਇਲਾਵਾ ਸਾਰੀ ਜੰਞ ਨਾਲ ਹਾਸਾ-ਤਮਾਸ਼ਾ ਜੰਞ ਨੂੰ ਬੰਨ੍ਹ ਕੇ ਕੀਤਾ ਜਾਂਦਾ ਹੈ, ਜਿਸ ਨੂੰ ਅਸੀਂ 'ਸਮੂਹਿਕ ਪ੍ਰੀਖਿਆ' ਕਹਿ ਸਕਦੇ ਹਾਂ। ਇਹ ਜੰਞ ਬੰਨ੍ਹਣ ਤੇ ਖੋਲ੍ਹਣ ਦੀ ਰੀਤਿ ਅਜਿਹੀ ਵਿਸਤ੍ਰਿਤ ਹੋ ਗਈ ਕਿ ਦਰਜਨਾਂ ਕਵੀਆਂ ਨੇ ਤਰ੍ਹਾਂ ਤਰ੍ਹਾਂ ਦੀਆਂ ਜੰਞਾਂ ਲਿਖ ਮਾਰੀਆਂ ਤੇ ਲੋਕ-ਸਾਹਿੱਤ ਦੀ ਇਕ ਨਵੀਂ ਕਾਵਿ-ਧਾਰਾ ਦਾ ਹੜ੍ਹ ਵਗ ਤੁਰਿਆ। ਇੰਜ ਜੰਞ ਬੰਨ੍ਹਣਾ ਕੀ ਹੈ, ਕੀ ਕਿਸੇ ਰੱਸੀ, ਜਾਲ ਜਾਂ ਹੋਰ ਕਿਸੇ ਚੀਜ਼ ਨਾਲ ਜਾਂਞੀਆਂ ਨੂੰ ਬੰਨ੍ਹਿਆ ਜਾਂਦਾ ਹੈ? ਨਹੀਂ, ਇਹ ਤਾਂ ਇਕ ਸ਼ਬਦ-ਬੰਧਨ ਹੈ, ਰਸਮ ਦਾ ਰੱਸੀ-ਜਾਲ ਹੈ।

ਜਦੋਂ ਸਾਰੀ ਜੰਞ ਰੋਟੀ ਖਾਣ ਲਈ ਬੈਠ ਜਾਂਦੀ ਹੈ ਤੇ ਪਰੀਹੇ ਥਾਲ ਪਰੋਸ ਬਹਿੰਦੇ ਹਨ ਤਾਂ ਪਿੰਡ ਦੀ ਕੋਈ ਚਤੁਰ ਨਾਰਿ ਉੱਠ ਕੇ ਕੁਝ ਟੱਪੇ ਗਾਉਂਦੀ ਹੈ ਤੇ ਉਸ

ਦਾ ਭਾਵ ਇਹ ਹੁੰਦਾ ਹੈ ਕਿ ਮੈਂ ਤੁਹਾਡਾ ਖਾਣਾ ਪੀਣਾ ਬੰਦ ਕਰਦੀ ਹਾਂ ਤੇ ਇਸ ਜੰਞ ਨੂੰ ਬੰਨ੍ਹਦੀ ਹਾਂ।

ਲੈ ਕੇ ਨਾਮ ਗੁਪਾਲ ਦਾ, ਬੰਨ੍ਹਾਂ ਜੰਨ ਮੈਂ ਆਪ।
ਖੋਲ੍ਹੇ ਬਿਨਾਂ ਜੇ ਖਾਓਗੇ, ਖਾਣਾ ਹੋਊ ਸਰਾਪ।

ਕੁਝ ਅਜਿਹੇ ਬੋਲ ਸੁਣ ਕੇ ਜਾਂਞੀ ਹੱਕੇ ਬੱਕੇ ਰਹਿ ਜਾਂਦੇ ਹਨ ਤੇ ਚੁੱਪ ਕਰ ਕੇ ਬਹਿ ਜਾਂਦੇ ਹਨ। ਕਾਇਦੇ ਅਨੁਸਾਰ ਉਨ੍ਹਾਂ ਲਈ ਰੋਟੀ ਖਾਣ ਲੱਗਣਾ ਮੁਨਾਸਿਬ ਨਹੀਂ ਸਮਝਿਆ ਜਾਂਦਾ, ਜਿਤਨਾ ਚਿਰ ਜਾਂਞੀਆਂ ਵਿੱਚੋਂ ਕੋਈ ਸਿਆਣਾ ਉੱਠ ਕੇ ਇਸ ਬੰਨ੍ਹੀ ਜੰਞ ਨੂੰ ਨਾ ਖੋਲ੍ਹੇ। ਜੰਞ ਵਾਲਿਆਂ ਆਮ ਤੌਰ 'ਤੇ ਕਵੀਸ਼ਰ ਜਾਂ ਕੋਈ ਗਵੰਤ੍ਰੀ ਨਾਲ ਲਿਆਂਦਾ ਹੁੰਦਾ ਹੈ, ਜੋ ਆਪਣਾ ਥਾਲ ਰੁਮਾਲ ਚੁੱਕ ਕੇ ਖੜਾ ਹੋ ਜਾਂਦਾ ਹੈ ਤੇ ਕੁਝ ਛੰਦ ਗਾ ਕੇ ਬੰਨ੍ਹੀ ਜੰਞ ਖੋਲ੍ਹਣੀ ਸ਼ੁਰੂ ਕਰ ਦਿੰਦਾ ਹੈ। ਉਹ ਕੁਝ ਇਸ ਤਰ੍ਹਾਂ ਕਹਿੰਦਾ ਹੈ :

ਈਸ਼ਰ ਰਿਦੇ ਧਿਆਇਕੇ, ਗੰਗਾ ਜਲੀ ਉਠਾਇ
ਬੱਧੀ ਖੋਲ੍ਹਾਂ ਜੰਞ ਮੈਂ, ਆਦਿ ਗਣੇਸ਼ ਮਨਾਇ।
ਖੁਲ੍ਹੇ ਜਾਂਞੀ ਬੈਠੜੇ, ਖੁਲ੍ਹਾ ਸਕਲ ਸਰੀਰ
ਖੁਲ੍ਹ ਗਈਆਂ ਸਭ ਥਾਲੀਆਂ, ਖੁਲ੍ਹ ਗਇਆ ਜੇ ਨੀਰ।

ਕਵੀ ਅੱਗੇ ਅੱਗੇ ਛੰਦਾਬੰਦੀ ਵਿਚ ਮਿਠਿਆਈਆਂ, ਦਾਲਾਂ, ਭਾਜੀਆਂ, ਫਲਾਂ ਫੁੱਲਾਂ, ਗਹਿਣਿਆਂ ਕੱਪੜਿਆਂ ਦਾ ਵਿਸਥਾਰ ਨਾਲ ਜ਼ਿਕਰ ਕਰਦਾ ਹੋਇਆ ਕਹਿੰਦਾ ਜਾਂਦਾ ਹੈ ਕਿ ਮੈਂ ਇਹ ਵੀ ਖੋਲ੍ਹ ਦਿੱਤਾ ਤੇ ਇਹ ਵੀ ਖੋਲ੍ਹ ਦਿੱਤਾ ਹੈ। ਇਸ ਰੀਤਿ ਨੂੰ 'ਜੰਞ ਖੋਲ੍ਹਣਾ' ਕਹਿੰਦੇ ਹਨ। ਜੰਞ ਖੋਲ੍ਹਣ ਵਾਲਾ ਆਪਣਾ ਥਾਲ ਨਾਈ ਹੱਥ ਚੁਕਾ ਕੇ ਵਾਪਸ ਘੱਲ ਦਿੰਦਾ ਹੈ ਤੇ ਉਸ ਲਈ ਨਵਾਂ ਹੋਰ ਥਾਲ ਲੱਗ ਕੇ ਆ ਜਾਂਦਾ ਹੈ ਅਤੇ ਫਿਰ ਸਾਰੀ ਜੰਞ ਰੋਟੀ ਖਾਣ ਲੱਗ ਜਾਂਦੀ ਹੈ। ਇਸ ਤਰ੍ਹਾਂ ਜੰਞ ਬੰਨ੍ਹਣ-ਖੋਲ੍ਹਣ ਦੀ ਕਾਰਵਾਈ ਇਕ ਕਿਸਮ ਦੀ ਮਨੋਰੰਜਕ ਪ੍ਰੀਖਿਆ ਹੈ ਜੋ ਉਸ ਜੰਞ ਵਿਚ ਇਲਾਕੇ ਦੇ, ਪਿੰਡ ਨਗਰ ਦੇ ਜਾਂ ਹੋਰ ਜਾਂਞੀ ਬਣ ਕੇ ਆਏ ਰਿਸ਼ਤੇਦਾਰਾਂ ਦੀ ਪਰਖ ਕੀਤੀ ਜਾਂਦੀ ਹੈ। ਇਹ ਰਿਵਾਜ ਦੁਆਬੇ, ਮਾਝੇ ਜਾਂ ਪੋਠੋਹਾਰ ਆਦਿ ਦੇ ਇਲਾਕੇ ਵੱਲ ਨਹੀਂ, ਕੇਵਲ ਮਾਲਵੇ ਵਿਚ ਹੀ ਇਸ ਦਾ ਜ਼ੋਰ ਰਿਹਾ ਹੈ, ਖ਼ਾਸ ਕਰਕੇ ਬਠਿੰਡੇ ਤੇ ਫ਼ੀਰੋਜ਼ਪੁਰ ਦੇ ਇਲਾਕੇ ਵੱਲ ਅਜਿਹਾ ਰਿਵਾਜ ਕਿਉਂ ਚੱਲਿਆ? ਇਸ ਬਾਰੇ ਕੋਈ ਵਿਸ਼ੇਸ਼ ਕਾਰਨ ਨਹੀਂ ਦੱਸਿਆ ਜਾ ਸਕਦਾ, ਪਰੰਤੂ ਇਤਨਾ ਕੁ ਅਸੀਂ ਜਾਣਦੇ ਹਾਂ ਕਿ ਇਹ ਮਲਵਈ ਲੋਕ, ਅਜ਼ਾਦ ਤਬੀਅਤ ਦੇ ਯੋਧੇ ਬਹਾਦਰ ਸਨ। ਜਾਂ ਤਾਂ ਇਹ ਵਾਰਾਂ ਸੁਣਨ ਦੇ ਸ਼ੌਕੀਨ ਸਨ ਜਾਂ ਫਿਰ ਅਜਿਹੇ ਵਿਆਹ ਸ਼ਾਦੀ ਦਿਆਂ ਮੌਕਿਆਂ 'ਤੇ ਆਪਣੇ ਖੁੱਲ੍ਹੇ ਸੁਭਾਅ ਅਨੁਸਾਰ ਕੋਈ ਨਾ ਕੋਈ ਨਵੇਂ ਕਲਾ-ਮਨੋਰੰਜਨ ਕਰਾਉਂਦੇ ਸਨ, ਕਿਉਂਕਿ ਇਹ ਲੋਕ, ਲਾਹੌਰ ਦਿੱਲੀ ਦਰਬਾਰ ਦੇ ਸ਼ਾਹੀ ਤੌਰ ਤਰੀਕਿਆਂ ਤੋਂ ਦੂਰ ਸਨ ਤੇ ਆਪਣੇ ਰੰਗ ਢੰਗ ਦਾ ਹੀ ਸ਼ੁਗ਼ਲ ਮੇਲਾ ਕਰ ਕੇ ਖੁੱਲ੍ਹਾ ਜੀਵਨ ਜੀਉਂਦੇ ਸਨ। ਹੋ ਸਕਦਾ ਹੈ 'ਮਾਲਵੇ' ਜਾਤੀ ਦੇ ਪੁਰਾਣੇ ਲੋਕਾਂ ਵਿਚ ਇਸ ਕਿਸਮ ਦਾ ਕੋਈ ਰਿਵਾਜ ਰਿਹਾ ਹੋਵੇ। ਅਸਾਡੇ ਪਾਸ ਅਠਾਰ੍ਹਵੀਂ ਉੱਨ੍ਹੀਵੀਂ ਸਦੀ ਦੀਆਂ ਕਵੀ ਦੀਆ ਰਚੀਆਂ 'ਜੰਞਾਂ'

ਮੌਜੂਦ ਹਨ, ਜਿਨ੍ਹਾਂ ਦੇ ਆਧਾਰ 'ਤੇ ਅਸੀਂ ਲੱਖਣ ਲਾ ਸਕਦੇ ਹਾਂ ਕਿ ਉਸ ਸਮੇਂ ਜੰਞ ਬੰਨ੍ਹਣ ਦੀ ਰੀਤਿ ਸੀ, ਜਿਵੇਂ ਕਿ ਭਾਈ ਦਯਾਲ ਸਿੰਘ ਤੇ ਭਾਈ ਗੁਰਬਖ਼ਸ਼ ਸਿੰਘ ਰਚਿਤ ਜੰਞਾਂ ਤੋਂ ਜ਼ਾਹਰ ਹੈ। ਇਹ ਦੋਵੇਂ ਜੰਞਾਂ ਹੱਥ-ਲਿਖਤ ਰੂਪ ਵਿਚ ਵੀ ਮਿਲੀਆਂ ਹਨ, ਜਿਨ੍ਹਾਂ ਲਿਖਤਾਂ ਦੀ ਉਮਰ ਡੇਢ ਸੌ ਵਰ੍ਹੇ ਤੋਂ ਘੱਟ ਨਹੀਂ। ਸੋ, ਅਸੀਂ ਭਾਵੇਂ ਨਿਸਚਿਤ ਤੌਰ 'ਤੇ ਇਸ ਦਾ ਮੁੱਢ ਨਾ ਦੱਸ ਸਕੀਏ, ਪਰੰਤੂ ਇਹ ਜ਼ਰੂਰ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਅਠਾਰ੍ਹਵੀਂ ਸਦੀ ਤੋਂ ਇਹ ਰੀਤਿ ਚੱਲਦੀ ਆਈ ਹੈ ਤੇ ਮਾਲਵੇ ਵਿਚ ਇਸ ਦਾ ਸਭ ਤੋਂ ਵੱਧ ਜ਼ੋਰ ਰਿਹਾ ਹੈ।

ਇਸ ਰੀਤਿ ਦਾ ਇਕ ਵੱਡਾ ਲਾਭ ਇਹ ਹੋਇਆ ਹੈ ਕਿ ਮਾਲਵੇ ਵਿਚ ਕਵੀਸ਼ਰੀ ਦੀ ਕਲਾ ਪ੍ਰਫੁੱਲਤ ਹੋਈ ਹੈ। ਗੱਲ ਇਹ ਸੀ ਕਿ ਜਦ ਵੀ ਕੋਈ ਜੰਞ ਜਾਂਦੀ ਤਾਂ ਕੋਈ ਨਾ ਕੋਈ ਗਵੰਤ੍ਰੀ ਜਾਂ ਕਵੀਸ਼ਰ ਨਾਲ ਲੈ ਕੇ ਜਾਂਦੀ, ਜੋ ਸਮੇਂ ਸਿਰ ਬੱਧੀ ਜੰਞ ਨੂੰ ਖੋਲ੍ਹਦਾ ਤੇ ਜਾਂਞੀਆਂ ਦੇ 'ਬੰਧਨ' ਕੱਟ ਕੇ ਉਨ੍ਹਾਂ ਨੂੰ ਸੁਰਖ਼ਰੂ ਕਰਦਾ। ਇਹ ਆਦਮੀ ਜ਼ਰੂਰੀ ਨਹੀਂ ਸੀ ਕਿ ਖ਼ੁਦ ਕਵੀ ਕਵੀਸ਼ਰ ਹੀ ਹੁੰਦਾ। ਕਈ ਵਾਰ ਇਹ ਬਣੀ ਬਣਾਈ 'ਜੰਞ' ਦੇ ਟੱਪੇ ਯਾਦ ਕਰ ਲੈਂਦਾ ਤੇ ਮੌਕੇ 'ਤੇ ਸੁਣਾ ਕੇ ਫ਼ਰਜ਼ ਪੂਰਾ ਕਰਦਾ ਤੇ ਆਪਣੇ ਸਾਥੀਆਂ ਨੂੰ 'ਬੰਧਨ-ਮੁਕਤ' ਕਰਦਾ। ਕਈ ਵਾਰ ਕਵੀਸ਼ਰ ਵੀ ਜੰਞਾਂ ਨਾਲ ਜਾਂਦੇ ਤੇ ਆਪਣੀ ਕਲਾਕਾਰੀ ਦਾ ਜੌਹਰ ਵਿਖਾਉਂਦੇ ਸਨ। ਇਸ ਰਿਵਾਜ ਨੇ ਮਾਲਵੇ ਦੀ ਕਵੀਸ਼ਰ-ਪਰੰਪਰਾ ਨੂੰ ਬੜੀ ਸ਼ਕਤੀ ਦਿੱਤੀ। ਜੇ ਇਹ ਕਹਿ ਦੇਈਏ ਕਿ ਅਨੇਕਾਂ ਗੱਭਰੂਆਂ ਨੂੰ ਕਵੀਸ਼ਰ ਬਣਾਉਣ ਵਿਚ ਇਸ ਰੀਤਿ ਨੇ ਢੇਰ ਹਿੱਸਾ ਪਾਇਆ ਤਾਂ ਇਹ ਕੋਈ ਅਤਿ ਉਕਤੀ ਨਹੀਂ। ਗੱਲ ਇਹ ਸੀ ਕਿ ਪਹਿਲੇ ਪਹਿਲ ਨਵੇਂ ਗਵੱਈਏ ਮੁੰਡੇ, ਜੰਞਾਂ ਦੇ ਟੱਪੇ ਯਾਦ ਕਰ ਲੈਂਦੇ ਸਨ ਤੇ ਬਰਾਤ ਵਾਲੇ ਅਜਿਹੇ ਮੁੰਡਿਆਂ ਨੂੰ ਆਪਣੇ ਨਾਲ ਲੈ ਕੇ ਜਾਂਦੇ ਸਨ। ਹੌਲੀ ਹੌਲੀ ਇਹੋ ਨੌਜੁਆਨ, ਖ਼ੁਦ ਛੰਦ-ਰਚਨਾ ਕਰਨ ਲੱਗ ਪਏ ਤੇ ਲੰਮੇ ਅਭਿਆਸ ਬਾਅਦ ਚੰਗੇ ਕਵੀਸ਼ਰ ਬਣ ਗਏ। ਇਸ ਦੀ ਮਿਸਾਲ ਮਾਲਵੇ ਦੇ ਕਵੀਸ਼ਰ ਹਨ। ਗਿਆਨੀ ਨਿਰੰਜਨ ਸਿੰਘ ਨਰਗਸ, ਪਿੰਡ ਗੁਰਨੇ, ਜ਼ਿਲ੍ਹਾ ਬਠਿੰਡਾ ਨੇ ਖ਼ੁਦ ਲੇਖਕ ਨੂੰ ਦੱਸਿਆ ਹੈ ਕਿ ਮੈਂ ਛੋਟੇ ਹੁੰਦਿਆਂ ਨੇ ਪਹਿਲਾਂ ਭਾਈ ਮਾਘੀ ਸਿੰਘ ਦੀ 'ਜੰਞ' ਯਾਦ ਕੀਤੀ ਹੋਈ ਸੀ ਤੇ ਬਰਾਤਾਂ ਨਾਲ ਜਾਇਆ ਕਰਦਾ ਸਾਂ ਤੇ 'ਜੰਞ' ਗਾ ਸੁਣਾ ਕੇ ਜੰਞ ਛੁੜਾ ਦਿਆ ਕਰਦਾ ਸਾਂ। ਇਸ ਨਾਲ ਮੇਰੀ ਮਸ਼ਹੂਰੀ ਹੋ ਗਈ ਤੇ ਮੈਂ ਖ਼ੁਦ ਛੰਦ ਜੋੜਨ ਲੱਗ ਪਿਆ ਤੇ ਕਵੀਸ਼ਰ ਬਣ ਗਿਆ। ਇਹ ਕੇਵਲ ਇਕ ਅੱਧੇ ਕਵੀ ਦੀ ਗੱਲ ਨਹੀਂ, ਬਲਕਿ ਮਾਲਵੇ ਦੇ ਅਨੇਕਾਂ ਕਵੀਸ਼ਰ ਇਸੇ ਧੂਣੀ ਤੋਂ ਚੰਗਿਆੜੀ ਲੈ ਕੇ ਛੰਦਾਬੰਦੀ ਵੱਲ ਪ੍ਰੇਰਿਤ ਹੋਏ। ਜਿਵੇਂ ਕਈ ਹੱਥ-ਲਿਖਤ ਗ੍ਰੰਥਾਂ ਦੇ ਲਿਖਾਰੀ ਖ਼ੁਸ਼ਨਵੀਸ, ਪਹਿਲੇ ਗ੍ਰੰਥਾਂ ਦੇ ਉਤਾਰੇ ਕਰਦੇ ਰਹੇ ਤੇ ਪਿੱਛੋਂ ਉਸ ਕਾਵਿ-ਰਚਨਾ ਦੇ ਪ੍ਰਭਾਵ ਸਦਕਾ ਖ਼ੁਦ ਕਾਵਿ-ਰਚਨਾ ਕਰਨ ਲੱਗ ਪਏ ਜਿਵੇਂ ਕਿ ਭਾਈ ਸੌਧਾ ਸਿੰਘ, ਪਿੰਡ ਕਾਲਾ (ਘਣੂਪੁਰ), ਜ਼ਿਲ੍ਹਾ ਅੰਮ੍ਰਿਤਸਰ ਪਹਿਲੇ ਇਕ ਚੰਗਾ ਖ਼ੁਸ਼ਨਵੀਸ ਸੀ ਤੇ ਪੋਥੀਆਂ ਲਿਖ ਕੇ ਰੁਜ਼ਗਾਰ ਕਮਾਉਂਦਾ ਸੀ। ਪਿੱਛੋਂ ਇਹੋ ਖ਼ੁਦ ਕਵੀ ਬਣ ਗਿਆ ਜਿਸ ਨੇ ਅੱਧੀ ਦਰਜਨ ਰਚਨਾਵਾਂ ਰਚੀਆਂ। ਇਸੇ ਤਰ੍ਹਾਂ ਮਾਲਵੇ ਦੇ ਸ਼ੌਕੀਨ ਗੱਭਰੂ, ਜੰਞਾਂ ਗਾਉਂਦੇ ਖ਼ੁਦ ਇਸ ਕਾਬਲ ਹੋ ਗਏ ਕਿ ਉਹ

ਕਵੀਸ਼ਰ ਬਣ ਸਕਣ ਤੇ ਆਪਣੇ ਨਵੇਂ ਕਿੱਸੇ ਰਚ ਸਕਣ। ਸੋ, ਅਸੀਂ ਕਹਿ ਸਕਦੇ ਹਾਂ ਕਿ ਜੰਞ ਬੰਨ੍ਹਣ-ਖੋਲ੍ਹਣ ਦੀ ਰੀਤਿ ਨੇ ਮਲਵਈ ਲੋਕਾਂ ਦੇ ਕਵੀਸ਼ਰ ਬਣਨ ਦਾ ਰਾਹ ਖੋਲ੍ਹਿਆ ਹੈ, ਜਿਸ ਦਾ ਸਬੂਤ ਅਨੇਕਾਂ ਕਵੀਸ਼ਰੀ ਜਥੇ ਹਨ। ਜਿਵੇਂ ਪੁਰਾਣੇ ਕਵੀ ਬਣਨ ਦਾ ਸ਼ੌਕ ਰੱਖਣ ਵਾਲੇ ਲੋਕ, ਪਹਿਲੇ 'ਸੀਹਰਫ਼ੀ ਰਚਨਾ' ਉੱਤੇ ਹੱਥ ਅਜ਼ਮਾਉਂਦੇ ਸਨ, ਤਿਵੇਂ ਮਾਲਵੇ ਵਿਚ ਕਵੀਸ਼ਰੀ ਦੇ ਸ਼ੌਕੀਨ ਪਹਿਲਾਂ 'ਜੰਞ ਰਚਣ' ਦਾ ਅਭਿਆਸ ਕਰਦੇ ਸਨ। ਗਾ ਗਾ ਕੇ ਸੁਣਾਉਣ ਕਾਰਨ ਇਸ ਵਿਚ ਲੋੜੀਂਦੀ ਸੋਧ ਵੀ ਹੁੰਦੀ ਰਹਿੰਦੀ ਸੀ ਤੇ ਕਵੀਆਂ ਦਾ ਉਤਸ਼ਾਹ ਵੀ ਬਣਦਾ ਰਹਿੰਦਾ ਸੀ। ਹੌਲੀ ਹੌਲੀ ਇਨ੍ਹਾਂ ਗਵੰਤਰੀਆਂ ਨੇ ਲੋਕਾਂ ਦੀ ਮੰਗ 'ਤੇ ਹੋਰ ਕਿੱਸੇ ਵੀ ਲਿਖੇ ਤੇ ਚੰਗਾ ਨਾਮਣਾ ਕਮਾਇਆ। ਇਸ ਜੰਞ-ਸਾਹਿੱਤ ਦੇ ਅਧਿਐਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਨ੍ਹਾਂ ਜੰਞਕਾਰ ਕਵੀਸ਼ਰਾਂ ਵਿਚ ਵਧੇਰੇ ਕਾਰੀਗਰ (ਤਰਖਾਣ, ਲੁਹਾਰ) ਜਾਂ ਸੁਨਿਆਰ ਸਨ। ਮਾਲਵੇ ਦੀ ਪੌਢ੍ਹ ਵਸੋਂ ਜ਼ਿਆਦਾਤਰ ਜੱਟਾਂ ਦੀ ਹੈ ਜੋ ਖੇਤੀਬਾੜੀ 'ਤੇ ਗੁਜ਼ਾਰਾ ਕਰਦੀ ਆਈ ਹੈ। ਪਿੰਡਾਂ ਵਿਚ ਤਰਖਾਣਾ, ਲੁਹਾਰਾ ਕੰਮ ਕਰਨ ਵਾਲੇ ਲੋਕ ਕਾਰੀਗਰ ਕਹਿ ਕੇ ਯਾਦ ਕੀਤੇ ਜਾਂਦੇ ਹਨ। ਇਸ ਦਾ ਭਾਵ ਸਾਫ਼ ਹੈ ਕਿ ਇਹ ਲੋਕ ਥੋੜ੍ਹੀ ਬਹੁਤੀ ਪੜ੍ਹਾਈ-ਲਿਖਾਈ ਕਾਰਨ ਦੂਜਿਆਂ ਨਾਲੋਂ ਵਧੇਰੇ ਚੇਤੰਨ ਹੁੰਦੇ ਸਨ ਤੇ ਆਰਾਮ ਤੇ ਸ਼ੁਕੀਨੀ ਵਾਲਾ ਕਵੀਸ਼ਰੀ ਕਿੱਤਾ ਅਪਣਾ ਕੇ ਆਪਣਾ ਚੰਗਾ ਗੌਰਵ ਬਣਾ ਲੈਂਦੇ ਸਨ। ਇਸ ਦਾ ਅਰਥ ਇਹ ਨਹੀਂ ਕਿ ਜੱਟ ਕਵੀ ਨਹੀਂ ਹੋਏ, ਕਈ ਹੋਏ, ਪਰ ਬਹੁ-ਗਿਣਤੀ ਦੂਜੇ ਕਵੀਸ਼ਰਾਂ ਦੀ ਹੀ ਦਿੱਸਦੀ ਹੈ, ਜੋ ਬਰਾਤ ਨਾਲ ਜਾ ਕੇ ਜੰਞ ਖੋਲ੍ਹਣ ਦੀ ਕਾਰ ਨਿਭਾਉਂਦੇ ਸਨ ਤੇ ਗੁਣੀ ਪੁਰਸ਼ ਹੋਣ ਦੇ ਨਾਤੇ ਚੰਗਾ ਆਦਰ ਪਾਉਂਦੇ ਸਨ। ਇਨ੍ਹਾਂ ਦਾ ਕੰਮ ਨਵੀਆਂ ਨਵੀਆਂ ਜੰਞਾਂ ਤੇ ਪੱਤਲਾਂ ਦੀ ਰਚਨਾ ਕਰਨਾ ਸੀ, ਜਿਵੇਂ ਕਿ ਮਾਘੀ ਸਿੰਘ ਨੇ ਲਿਖਿਆ ਹੈ:

ਛੁਟ ਗਏ ਸ਼ੇਰ ਸ਼ੇਰੀ ਦੇ ਬੁਲੌਣ ਨੂੰ, ਪੱਤਲਾਂ ਬਣਾਈਆਂ ਜੰਨ ਦੇ ਛੁਡੌਣ ਨੂੰ।

ਜੰਞ-ਕਾਵਿ ਦਾ ਵਿਸ਼ਾ-ਵਸਤੂ

'ਜੰਞ' ਜਾਂ ਪੱਤਲ ਇਕ ਲੋਕ-ਕਾਵਿ ਰੂਪ ਹੈ, ਜਿਸ ਵਿਚ ਬੱਧੀ ਜੰਞ ਛੁਡਾਈ ਜਾਂਦੀ ਹੈ ਤੇ ਜ਼ਰਾ ਵਿਸਤਾਰ ਨਾਲ ਸੰਬੰਧਤ ਵਸਤਾਂ ਦਾ ਵੇਰਵਾ ਦਿੱਤਾ ਹੁੰਦਾ ਹੈ। ਜੇਕਰ ਇਕ ਦੋ ਸਤਰਾਂ ਵਿਚ ਹੀ ਜੰਞ ਖੋਲ੍ਹਣ ਦੀ ਗੱਲ ਆ ਜਾਵੇ ਤਾਂ ਉਸ ਦਾ ਡੂੰਘਾ ਪ੍ਰਭਾਵ ਨਹੀਂ ਪੈਂਦਾ। ਇਸ ਕਰਕੇ ਆਮ ਤੌਰ 'ਤੇ ਕਵੀਸ਼ਰ ਇਸ ਵਿਚ ਮਠਿਆਈਆਂ, ਭਾਂਡਿਆਂ ਤੇ ਗਹਿਣਿਆਂ, ਕੱਪੜਿਆਂ ਦਾ ਵਿਸਥਾਰ ਦੱਸ ਕੇ ਇਕ ਇਕ ਨੂੰ ਛੁਡਾਉਣ ਦਾ ਚਰਚਾ ਕਰਦਾ ਹੈ। ਇਸ ਨਾਲ ਜੰਞ ਦਾ ਕਲੇਵਰ ਬਣਦਾ ਹੈ। ਇਉਂ ਕਵੀਸ਼ਰ ਲੋਕ ਜੰਞ ਦੇ ਬਿਆਨ ਵਿਚ ਵੱਧ ਤੋਂ ਵੱਧ ਲੰਮੀਆਂ ਸੂਚੀਆਂ ਦੇ ਕੇ ਜੰਞ ਦਾ ਠਾਠ ਬਾਠ ਦਰਸਾਉਂਦੇ ਹਨ ਤੇ ਨਾਲੋ-ਨਾਲ ਆਪਣੀ ਜਾਣਕਾਰੀ ਦਾ ਵੀ ਸਬੂਤ ਦਿੰਦੇ ਹਨ। ਆਮ ਤੌਰ 'ਤੇ ਸਾਰੀਆਂ 'ਜੰਞਾਂ' ਵਿਚ ਇਹ ਸੂਚੀਆਂ ਦੁਹਰਾਈਆਂ ਗਈਆਂ ਹਨ, ਕਿਸੇ ਵਿਚ ਵੱਧ, ਕਿਸੇ ਵਿਚ ਘੱਟ। ਇਸ ਖਾਣ ਪੀਣ ਪਹਿਨਣ ਦੀ ਸਮੱਗਰੀ ਤੋਂ, ਲੋਕਾਂ ਦੀ ਆਰਥਿਕ ਖ਼ੁਸ਼ਹਾਲੀ ਤੇ ਸਭਿਆਚਾਰਕ

ਅਵਸਥਾ ਦਾ ਵੀ ਪਤਾ ਲੱਗਦਾ ਹੈ ਕਿ ਜਿਸ ਕਿਸੇ ਜ਼ਮਾਨੇ ਵਿਚ, ਕਿਹੜੇ ਕਿਹੜੇ ਗਹਿਣੇ ਕੱਪੜੇ ਪ੍ਰਚੱਲਤ ਸਨ ਤੇ ਕਦੋਂ ਕਦੋਂ ਇਹ ਬਦਲਦੇ ਗਏ। ਭਾਵੇਂ ਪਿੱਛੋਂ ਆਉਣ ਵਾਲੇ ਕਵੀਆਂ ਨੇ ਕਈ ਵਾਰ ਪੁਰਾਣੀਆਂ ਸੂਚੀਆਂ ਨੂੰ ਹੀ ਆਧਾਰ ਬਣਾ ਲਿਆ, ਪਰ ਫਿਰ ਵੀ ਉਨ੍ਹਾਂ ਦੇ ਸਮੇਂ ਦੀ ਛਾਪ ਕਿਤੇ ਨਾ ਕਿਤੇ ਉਘੜ ਹੀ ਪੈਂਦੀ ਹੈ ਤੇ ਇਸ ਨਾਲ ਸਮੇਂ ਦੇ ਪਰਿਵਰਤਨ ਦਾ ਪਤਾ ਲੱਗ ਜਾਂਦਾ ਹੈ। ਇਨ੍ਹਾਂ ਸੂਚੀਆਂ ਨੂੰ ਕਵੀ ਕਿਸ ਸ਼ੈਲੀ ਦੇ ਰੰਗ ਢੰਗ ਨਾਲ ਪੇਸ਼ ਕਰਦਾ ਹੈ, ਇਸ ਤੋਂ ਉਸ ਜੰਞ ਕਾਵਿ-ਰਚਨਾ ਦਾ ਪ੍ਰਭਾਵ ਬਣਦਾ ਤੇ ਲੋਕਾਂ ਵਿਚ ਕਵੀ ਦੀ ਮਹਿਮਾ ਹੁੰਦੀ ਹੈ। ਪਰ ਬਹੁਤ ਵਿਰਲੇ ਕਵੀਸ਼ਰ ਹਨ, ਜਿਨ੍ਹਾਂ ਨੂੰ ਇਹ ਪ੍ਰਸੰਸਾ ਮਿਲ ਸਕੀ ਹੈ। ਇਸ ਤੋਂ ਅਸੀਂ ਲੋਕਾਂ ਦੀ ਸਾਹਿੱਤਕ ਸੋਝੀ ਦਾ ਵੀ ਅਨੁਮਾਨ ਕਰ ਸਕਦੇ ਹਾਂ ਕਿ ਕਿਵੇਂ ਉਹ ਚੰਗੀਆਂ ਚੀਜ਼ਾਂ ਦੀ ਪਰਖ ਕਰ ਕੇ, ਉਨ੍ਹਾਂ ਨੂੰ ਆਦਰ ਸਤਿਕਾਰ ਦਿੰਦੇ ਤੇ ਸਾਧਾਰਣ ਨੂੰ ਥੋੜ੍ਹਾ ਅਰਸਾ ਬਾਅਦ ਰੱਦ ਕਰ ਕੇ ਭੁਲਾ ਵੀ ਛੱਡਦੇ ਹਨ। ਇਹ ਹਾਲ ਅਨੇਕਾਂ ਜੰਞਾਂ ਦਾ ਹੋਇਆ ਹੈ ਤੇ ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਰਚਨਹਾਰੇ ਵੀ ਭੁਲਾਏ ਵਿਸਾਰੇ ਗਏ ਹਨ।

ਮੋਟੇ ਤੌਰ 'ਤੇ ਅਸੀਂ ਇਨ੍ਹਾਂ 'ਜੰਞਾਂ' ਵਿਚ ਇਨ੍ਹਾਂ ਚੀਜ਼ਾਂ ਦੀਆਂ ਸੂਚੀਆਂ ਦੇਖਦੇ ਹਾਂ :

1. ਕੁੜੀਆਂ ਤੇ ਜ਼ਨਾਨੀਆਂ ਦੇ ਪੇਂਡੂ ਨਾਮ;
2. ਗਹਿਣਿਆਂ ਦੇ ਨਾਮ;
3. ਮਠਿਆਈਆਂ ਦੇ ਨਾਮ;
4. ਕੱਪੜਿਆਂ ਦੇ ਨਾਮ;
5. ਦਾਲਾਂ/ਭਾਜੀਆਂ ਦੇ ਨਾਮ;
6. ਫਲਾਂ/ਫੁੱਲਾਂ ਦੇ ਨਾਮ;
7. ਭਾਂਡਿਆਂ ਦੇ ਨਾਮ;
8. ਸਵਾਰੀਆਂ ਦੇ ਨਾਮ;
9. ਵਾਜਿਆਂ ਦੇ ਨਾਮ;
10. ਸ਼ਸਤ੍ਰਾਂ ਦੇ ਨਾਮ;
11. ਆਤਿਸ਼ਬਾਜ਼ੀ ਦੀਆਂ ਚੀਜ਼ਾਂ ਦੇ ਨਾਮ;
12. ਸਰੀਰ ਦੇ ਅੰਗਾਂ ਦੇ ਨਾਮ, ਆਦਿਕ।

ਚਾਹੇ ਮਲਵਈ ਕਵੀਸ਼ਰਾਂ ਨੇ ਇਹ ਲਿਸਟਾਂ ਬਾਰ ਬਾਰ ਦੁਹਰਾਈਆਂ ਹਨ ਪਰ ਪੰਜਾਬੀ ਰਹਿਣੀ ਬਹਿਣੀ ਤੇ ਜੀਵਨ-ਵਿਧੀ ਨੂੰ ਸਮਝਣ ਲਈ ਇਨ੍ਹਾਂ ਦਾ ਸਵਿਸਤਾਰ ਅਧਿਐਨ ਕਾਫ਼ੀ ਲਾਭਕਾਰੀ ਹੋ ਸਕਦਾ ਹੈ। ਹੁਣ ਜੇ ਇਨ੍ਹਾਂ ਪ੍ਰਾਚੀਨ ਜੰਞ-ਰਚਨਾਵਾਂ ਦੇ ਆਧਾਰ 'ਤੇ ਪੰਜਾਬੀ ਗਹਿਣਿਆਂ, ਕੱਪੜਿਆ ਤੇ ਭਾਂਡਿਆਂ, ਖਾਣਿਆਂ ਆਦਿ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਾਨੂੰ ਮੁਗ਼ਲ ਜ਼ਮਾਨੇ ਦੇ ਪੰਜਾਬੀ ਜੀਵਨ ਦੀ ਕਾਫ਼ੀ ਜਾਣਕਾਰੀ ਮਿਲ ਸਕਦੀ ਹੈ। ਲੋੜ ਹੈ ਇਹ ਲਿਸਟਾਂ ਠੀਕ ਬਣਾਈਆਂ ਜਾਣ, ਕਿਉਂਕਿ ਅਨਜਾਣ ਛਾਪਣ ਵਾਲਿਆਂ, ਚੀਜ਼ਾਂ ਦੇ ਨਾਂ ਹੋਰ ਦੇ ਹੋਰ ਕਰ ਦਿੱਤੇ ਹਨ। ਪੂਰੀ ਪੜਤਾਲ ਨਾਲ ਇਨ੍ਹਾਂ ਨੂੰ ਸੋਧਣ ਦੀ ਲੋੜ ਹੈ ਤਾਕਿ ਸਾਡੀ ਸਭਿਅਤਾ ਦੇ ਪੁਰਾਣੇ ਯਾਦਗਾਰੀ-ਚਿੰਨ੍ਹ ਸਾਡੀ ਸਭਿਅਤਾ ਵਿਚ ਸਹੀ ਸਹੀ ਰਹਿਣ।

ਜਰਗ ਦਾ ਮੇਲਾ

ਪੇਂਡੂ ਪੰਜਾਬੀ ਜੀਵਨ ਨੂੰ ਜੇ ਰੌਣਕ ਵਿਚ ਵੇਖਣਾ ਹੋਵੇ ਤਾਂ ਇਸ ਦਾ ਨਜ਼ਾਰਾ ਮੇਲਿਆਂ ਵਿੱਚੋਂ ਹੀ ਲਿਆ ਜਾ ਸਕਦਾ ਹੈ। ਮੇਲੇ ਪੰਜਾਬੀ ਸਭਿਆਚਾਰ ਤੇ ਰਹਿਣੀ-ਬਹਿਣੀ ਦੀ ਨੁਮਾਇਸ਼ ਹਨ। ਜਿਥੇ ਗੱਭਰੂ ਰੰਗ-ਬਿਰੰਗੀਆਂ ਪੱਗਾਂ ਬੰਨ੍ਹੀ, ਲੁੱਡੀ ਪਾਉਂਦੇ, ਖਰੂਦ ਮਚਾਉਂਦੇ ਤੇ ਨੱਚਦੇ ਗਾਉਂਦੇ ਆਪਣਾ ਮਨੋਰੰਜਨ ਕਰਦੇ ਹਨ, ਉਥੇ ਦੇਖਣ ਵਾਲਿਆਂ ਨੂੰ ਵੀ ਇਕ ਅਨੋਖਾ ਹੁਲਾਰਾ ਦਿੰਦੇ ਹਨ। ਹਰ ਕੋਈ ਬੇਫ਼ਿਕਰੀ ਦੇ ਰੰਗ ਵਿਚ ਹੁੰਦਾ ਹੈ ਤੇ ਇਨ੍ਹਾਂ ਮਨ ਭਾਉਂਦੇ ਵੰਨ-ਸੁਵੰਨੇ ਕੌਤਕਾਂ ਨੂੰ ਦੇਖ ਦੇਖ ਮਸਤ ਹੁੰਦਾ ਰਹਿੰਦਾ ਹੈ। ਇਉਂ ਇਹ ਮੇਲੇ ਸਾਡੇ ਖ਼ੁਸ਼ੀਆਂ, ਚਾਅ ਮਲਾਰਾਂ ਦੇ ਗੜ੍ਹ ਹਨ, ਪ੍ਰੀਤ-ਸਾਂਝਾਂ ਤੇ ਮਿਲਣੀਆਂ ਦਾ ਕੇਂਦਰ ਅਤੇ ਭਾਵੁਕ ਏਕਤਾ ਦੇ ਪਰਮ ਅਸਥਾਨ। ਮੁਕਾਬਲੇ ਦੀਆਂ ਖੇਡਾਂ, ਕਸਰਤਾਂ ਜਿਥੇ ਸਰੀਰ ਨੂੰ ਤਕੜਾ ਬਲਵਾਨ ਬਣਾਉਂਦੀਆਂ ਹਨ, ਉਥੇ ਨੱਚਣ ਗਾਉਣ ਦੀ ਪ੍ਰਤੀਯੋਗਤਾ ਜੁਆਨਾਂ ਦੀ ਕਲਾਕਾਰੀ ਨੂੰ ਵੀ ਚਾਰ ਚੰਨ ਲਾਉਂਦੀ ਹੈ। ਐਸੇ ਗੱਭਰੂਆਂ ਦੀ ਸਿਫ਼ਤ ਨਹੀਂ ਕੀਤੀ ਜਾ ਸਕੇਗੀ। ਲੋਕ-ਕਵੀ ਦਾ ਕਥਨ ਕਿਤਨਾ ਠੀਕ ਹੈ:

ਸਾਡੇ ਪਿੰਡ ਦੇ ਮੁੰਡੇ ਵੇਖ ਲਓ, ਜਿਉਂ ਟਾਹਲੀ ਦੇ ਪਾਵੇ।
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ, ਪਿੰਜਣੀ ਨਾਲ ਸੁਹਾਵੇ।
ਦੂੱਧਾ ਕਾਸ਼ਨੀ ਬੰਨ੍ਹਦੇ ਸਾਫੇ, ਜਿਉਂ ਉਡਿਆ ਕਬੂਤਰ ਜਾਵੇ।
ਮਲਮਲ ਦੇ ਤਾਂ ਕੁੜਤੇ ਸੋਂਹਦੇ, ਜਿਉਂ ਬਗਲਾ ਤਲਾਅ ਵਿਚ ਨ੍ਹਾਵੇ।
ਗਿੱਧਾ ਪਾਉਂਦੇ ਮੁੰਡਿਆਂ ਦੀ, ਸਿਫ਼ਤ ਗਾਈ ਨਾ ਜਾਵੇ।

ਪੇਂਡੂ ਲੋਕਾਂ ਨੂੰ ਮੇਲਾ ਵੇਖਣ ਦਾ ਕਿੰਨਾ ਸ਼ੌਕ ਹੁੰਦਾ ਹੈ ਤੇ ਉਹ ਕਿਸ ਠਾਠ ਨਾਲ ਜਾਂਞੀਆਂ ਵਾਂਙ ਉਥੇ ਤਿਆਰ ਹੋ ਕੇ ਜਾਂਦੇ ਹਨ, ਇਸ ਦਾ ਕੁਝ ਕੁ ਨਕਸ਼ਾ ਲਾਲਾ ਧਨੀ ਰਾਮ ਚਾਤ੍ਰਿਕ ਜੀ ਨੇ ਇਉਂ ਖਿੱਚਿਆ ਹੈ:

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਮੀਹਾਂ ਦੀ ਉਡੀਕ 'ਤੇ ਸਿਆੜ ਕੱਢ ਕੇ, ਮਾਲ ਢਾਂਡਾ ਸਾਂਭਣੇ ਨੂੰ ਚੂਹੜਾ ਛੱਡ ਕੇ।
ਪੱਗ ਝੱਗਾ ਚਾਦਰ ਨਵਾਂ ਸਿਵਾਇ ਕੇ, ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ।
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਇਸੇ ਤਰ੍ਹਾਂ ਨੰਦ ਲਾਲ ਨੂਰਪੁਰੀ ਦਾ ਪ੍ਰਸਿੱਧ ਗੀਤ:

ਸ਼ੌਕਣ ਮੇਲੇ ਦੀ, ਪੈਰ ਧੋ ਕੇ ਝਾਂਜਰਾਂ ਪਾਉਂਦੀ, ਮੇਲ੍ਹਦੀ ਆਉਂਦੀ, ਕਿ ਸ਼ੌਕਣ ਮੇਲੇ ਦੀ।'

ਪੇਂਡੂ ਮੁਟਿਆਰਾਂ ਦੇ ਸ਼ੌਕ ਦੀ ਤਸਵੀਰ ਸਾਡੇ ਸਾਹਮਣੇ ਲਿਆਉਂਦਾ ਹੈ। ਇਹ ਰੌਣਕਾਂ ਭਰੀਆਂ ਮੇਲਿਆਂ ਦੀਆਂ ਫੁੱਲਵਾੜੀਆਂ ਪੰਜਾਬ ਦੇ ਚੱਪੇ ਚੱਪੇ 'ਤੇ ਮਹਿਕਦੀਆਂ ਦਿੱਸਦੀਆਂ ਹਨ। ਕਿਤੇ ਕਿਸੇ ਮੌਸਮੀ ਖ਼ੁਸ਼ੀਆਂ ਦਾ ਤਿਓਹਾਰ ਮਨਾਇਆ ਜਾਂਦਾ ਹੈ ਅਤੇ ਕਿਤੇ ਕਿਸੇ ਗੁਰੂ ਪੀਰ ਜਾਂ ਦੇਵੀ ਦੇਵਤਾ ਦੀ ਮੰਨਤ ਮਨਾਉਂਦਿਆਂ ਇਹ ਮੇਲਿਆਂ ਦਾ ਸਮਾਗਮ ਰਚਿਆ ਜਾਂਦਾ ਹੈ।

ਸੋ, ਉਂਜ ਤਾਂ ਹਰ ਮੇਲਾ ਹੀ, ਪੰਜਾਬੀਆਂ ਲਈ ਮਿੱਠੇ ਚੌਲਾਂ ਵਾਂਗ ਸੁਆਦੀ ਲੱਗਦਾ ਹੈ ਤੇ ਪੇਂਡੂ ਲੋਕ ਬੇਹੇ ਕੜਾਹ ਵਾਂਗ ਇਸ 'ਤੇ ਟੁੱਟ ਕੇ ਪੈਂਦੇ ਹਨ, ਪਰ ਜਰਗ ਦਾ ਮੇਲਾ ਜਰਗ ਦਾ ਹੀ ਹੈ। 'ਚੱਲ ਚੱਲੀਏ ਜਰਗ ਦੇ ਮੇਲੇ' ਦੀਆਂ ਪਹਿਲਾਂ ਹੀ ਸਾਈਆਂ ਲੱਗ ਜਾਂਦੀਆਂ ਹਨ।

ਜਰਗ, ਜ਼ਿਲ੍ਹਾ ਲੁਧਿਆਣੇ ਦਾ ਮਸ਼ਹੂਰ ਕਸਬਾ ਹੈ, ਜਿੱਥੇ ਸੀਤਲਾ ਮਾਈ ਦੀ ਖ਼ੁਸ਼ੀ ਲਈ ਚੇਤ ਦੇ ਮਹੀਨੇ ਬਾਹੜੀਏ ਵਾਲੇ ਦਿਨ ਇਕ ਭਾਰੀ ਮੇਲਾ ਜੁੜਦਾ ਹੈ। ਇਸ ਦਿਨ ਮਾਤਾ-ਰਾਣੀ ਦੇ ਪ੍ਰੇਮੀ ਗੁਲਗੁਲੇ ਪਕਾ ਕੇ ਮਾਤਾ ਨੂੰ ਭੇਟਾ ਚੜ੍ਹਾਉਂਦੇ ਹਨ ਤੇ ਉਸ ਦੇ ਗੀਤ ਗਾਉਂਦੇ ਹਨ :

ਮਾਤਾ ਰਾਣੀਏ ਗੁਲਗੁਲੇ ਖਾਣੀਏ, ਬਾਲ ਬੱਚਾ ਰਾਜ਼ੀ ਰੱਖਣਾ।

ਚੇਚਕ ਇਕ ਭੈੜੀ ਬੀਮਾਰੀ ਹੈ, ਜੋ ਸਰੀਰ ਦੀ ਅਤਿ ਦੀ ਅੰਦਰਲੀ ਗਰਮੀ ਦੇ ਨਿਕਲਣ ਕਾਰਨ ਹੁੰਦੀ ਹੈ। ਲੋਕ ਇਸ ਦਾ ਨਾਂ ਲੈਣਾ ਵੀ ਮਾੜਾ ਸਮਝਦੇ ਹਨ ਤੇ ਇਸ ਨੂੰ ਸੀਤਲਾ ਮਾਈ ਜਾਂ ਮਾਤਾ ਰਾਣੀ ਕਹਿ ਕੇ ਸੱਦਦੇ ਹਨ। ਲੋਕਾਂ ਦਾ ਇਹ ਵੀ ਖ਼ਿਆਲ ਹੈ ਕਿ ਸੀਤਲਾ ਮਾਈ ਗਧੇ ਦੀ ਸਵਾਰੀ ਕਰ ਕੇ ਆਉਂਦੀ ਹੈ। ਸ਼ਾਇਦ ਇਸ ਦਾ ਭਾਵ ਇਹ ਹੈ ਕਿ ਐਸੀ ਭੈੜੀ ਬੀਮਾਰੀ ਦਾ ਕਾਰਨ ਕਿਸੇ ਵੱਡੀ ਮੂਰਖਤਾ ਦਾ ਹੀ ਨਤੀਜਾ ਹੁੰਦਾ ਹੈ। ਇਸ ਕਰਕੇ ਮਾਈ ਦੇ ਵਾਹਨ-ਗਧੇ ਦੀ ਪੂਜਾ ਵੀ ਕੀਤੀ ਜਾਂਦੀ ਹੈ। ਇਸ ਕਰਕੇ ਮੇਲੇ ਉੱਤੇ ਘੁਮਿਆਰਾਂ ਦੀਆਂ ਪੰਜੇ ਹੀ ਘਿਉ ਵਿਚ ਹੁੰਦੀਆਂ ਹਨ। ਉਹ ਗਧਿਆਂ ਨੂੰ ਰੰਗੀਲੇ ਝੁੱਲਾਂ ਨਾਲ ਸ਼ਿੰਗਾਰ ਕੇ ਅਤੇ ਘੁੰਗਰੂ, ਘੋਗੇ, ਮਣਕੇ, ਪਹਿਨਾ ਕੇ ਸਜਾ-ਵਜਾ ਕੇ ਲਿਆਉਂਦੇ ਹਨ ਅਤੇ ਮਾਤਾ ਦੇ ਸ਼ਰਧਾਲੂ ਇਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦਾ ਦਾਣਾ, ਬੱਕਲੀਆਂ, ਮਿੱਠੀਆਂ ਰੋਟੀਆਂ ਤੇ ਗੁਲਗੁਲੇ ਆਦਿ ਖਵਾ ਕੇ ਪ੍ਰਸੰਨ ਹੁੰਦੇ ਹਨ। ਗਧਿਆਂ ਨੂੰ ਗੁਲਗੁਲੇ ਚਾਰ ਕੇ ਚੇਚਕ ਬੰਦ ਹੁੰਦੀ ਹੈ ਜਾਂ ਨਹੀਂ, ਇਸ ਦਾ ਸਾਨੂੰ ਪਤਾ ਨਹੀਂ, ਪਰ ਇਹ ਗੱਲ ਜ਼ਰੂਰ ਹੈ ਕਿ ਇਸ ਤਰ੍ਹਾਂ ਦੇ ਵਹਿਮਾਂ ਭਰਮਾਂ ਵਾਲੀ ਦੇਵੀ ਦੇਵਤਿਆਂ ਦੀ ਮਾਨਤਾ ਸਾਡੇ ਰਸਮਾਂ ਰਿਵਾਜਾਂ ਦਾ ਇਕ ਜ਼ਰੂਰੀ ਅੰਗ ਹੈ। ਸਾਡੇ ਗੀਤਾਂ ਵਿਚ ਵੀ ਅਜਿਹੀ ਪੂਜਾ ਮਾਨਤਾ ਦਾ ਥਾਂ-ਥਾਂ ਜ਼ਿਕਰ ਮਿਲਦਾ ਹੈ :

ਦੇਵੀ ਦੀ ਮੈਂ ਕਰਾਂ ਕੜਾਹੀ, ਪੀਰ ਫ਼ਕੀਰ ਧਿਆਵਾਂ।
ਹੈਦਰ ਸ਼ੇਖ਼ ਦੇ ਦੇਵਾਂ ਬੱਕਰੇ, ਨੰਗੇ ਪੈਰੀਂ ਜਾਵਾਂ।
ਹਨੂੰਮਾਨ ਦੀ ਦੇਵਾਂ ਮੰਨੀ, ਰਤੀ ਫ਼ਰਕ ਨਾ ਪਾਵਾਂ।
ਨੀ ਮਾਤਾ ਭਗਵਤੀਏ, ਮੈਂ ਤੇਰਾ ਜੱਸ ਗਾਵਾਂ।

ਇਸ ਤੋਂ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਜਰਗ ਦਾ ਮੇਲਾ ਕੇਵਲ ਸੀਤਲਾ ਮਾਈ ਦੀ ਅਰਾਧਨਾ ਲਈ ਹੀ ਕੀਤਾ ਜਾਂਦਾ ਹੈ, ਬਲਕਿ ਇਹ ਤਾਂ ਇਕ ਜੁੜ ਬੈਠਣ ਦਾ ਬਹਾਨਾ ਹੈ ਤੇ ਇਨ੍ਹਾਂ ਰੌਣਕਾਂ ਨੂੰ ਵੇਖਣ ਲਈ ਹਰ ਗੱਭਰੂ ਤੇ ਮੁਟਿਆਰ ਦਾ ਜੀਅ ਕਰ ਆਉਂਦਾ ਹੈ, ਜਦੋਂ ਇਹ ਵੰਗਾਰ ਪੈਂਦੀ ਹੈ:

ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੱਕ ਲੂੰ।

ਤਾਂ ਇਸ ਨਾਲ ਕਈ ਹਲਕਿਆਂ ਵਿਚ ਤਰਥੱਲੀ ਮੱਚ ਜਾਂਦੀ ਹੈ ਤੇ ਢਿੱਲੇ ਮੱਠੇ ਲੋਕ ਵੀ ਜਰਗ ਦਾ ਮੇਲਾ ਵੇਖਣ ਲਈ ਤਿਆਰ-ਬਰ-ਤਿਆਰ ਹੋ ਜਾਂਦੇ ਹਨ ਤੇ ਨਾਲੇ ਐਸੀ ਸੁਆਦਲੀ ਦਾਅਵਤ ਤੋਂ ਕੌਣ ਸਿਰ ਫੇਰ ਸਕਦਾ ਹੈ। ਜਿਸ ਨੂੰ ਸੰਗ ਸਾਥ ਦਾ ਆਸਰਾ ਮਿਲ ਜਾਵੇ, ਉਹ ਲੰਮੀ ਤੋਂ ਲੰਮੀ ਵਾਟ ਕਰਨੋਂ ਵੀ ਸੰਕੋਚ ਨਹੀਂ ਕਰਦਾ। ਇਸ ਦਾ ਕਾਰਨ ਕੇਵਲ ਉਹ ਪ੍ਰੀਤ-ਸਾਂਝਾਂ ਤੇ ਮਿਲਣੀਆਂ ਦੀ ਤੀਬਰ ਤਾਂਘ ਹੈ ਜੋ ਕਿ ਹਰ ਪੇਂਡੂ ਪੰਜਾਬੀ ਦੇ ਮਨ ਵਿਚ ਧੂਹ ਪਾਉਂਦੀ ਹੈ। ਆਸ਼ਕਾਂ ਦੇ ਤਸੱਵਰ ਵਿਚ ਯਾਰ ਦੀ ਹੁਸੀਨ ਜ਼ੁਲਫ਼ ਅਤਿ ਪਿਆਰੀ ਤੇ ਸੋਹਣੀ ਹੁੰਦੀ ਹੈ। ਉਹ ਉਸ ਦੀ ਰੌਣਕ ਨੂੰ ਕਿਸੇ ਸਮੇਂ ਵੀ ਭੁੱਲ ਨਹੀਂ ਸਕਦੇ। ਜਦ ਜਰਗ ਦੇ ਮੇਲੇ ਦੀਆਂ ਰੰਗ-ਬਿਰੰਗੀਆਂ ਰੌਣਕਾਂ ਉਨ੍ਹਾਂ ਦੇ ਸਾਹਮਣੇ ਮੂਰਤੀਮਾਨ ਆ ਹੁੰਦੀਆਂ ਹਨ ਤਾਂ ਉਹ ਇਸ ਜਲੌ ਨੂੰ ਇਉਂ ਪ੍ਰਗਟ ਕਰਕੇ ਖ਼ੁਸ਼ ਹੁੰਦੇ ਹਨ:

ਜੇਹੀ ਤੇਰੀ ਗੁੱਤ ਦੇਖ ਲੀ, ਜੇਹਾ ਦੇਖ ਲਿਆ ਜਰਗ ਦਾ ਮੇਲਾ।

ਸੋ, ਜਰਗ ਦਾ ਮੇਲਾ ਨਿਰਾ ਪੁਰਾ ਸੀਤਲਾ ਨੂੰ ਰੀਝਾਉਣ ਮਨਾਉਣ ਦਾ ਅਸਥਾਨ ਹੀ ਨਹੀਂ, ਸਗੋਂ ਰੁਠੜੇ ਯਾਰਾਂ ਨੂੰ ਮਨਾਉਣ ਤੇ ਵਿਛੜਿਆਂ ਨੂੰ ਮਿਲਾਉਣ ਦਾ ਵੀ ਇਕ ਵੱਡਾ ਕੇਂਦਰ ਹੈ, ਜਿਥੇ ਆਲੇ-ਦੁਆਲੇ ਦੇ ਲੋਕ ਆ ਕੇ ਆਪਣੀਆਂ ਮਨ ਦੀਆਂ ਰੀਝਾਂ ਪੂਰੀਆਂ ਕਰਦੇ ਹਨ। ਇਹ ਰੀਝਾਂ ਨਿੱਤ ਨਵੀਆਂ ਰਹਿੰਦੀਆਂ ਹਨ। ਕਦੀ ਇਨ੍ਹਾਂ ਦਾ ਟਿਕਾਣਾ ਛਪਾਰ ਹੁੰਦਾ ਹੈ, ਕਦੀ ਗੁਰੂਸਰ, ਕਦੀ ਜਗਰਾਵਾਂ ਤੇ ਕਦੀ ਜਰਗ। ਪੰਜਾਬੀ ਸਦਾ ਨੱਚਣ ਗਾਉਣ ਤੇ ਭੰਗੜਾ ਪਾਉਣ ਵਾਲੇ ਮਸਤ ਲੋਕ ਹਨ ਤੇ ਇਹ ਮੇਲੇ ਇਨ੍ਹਾਂ ਦੇ ਇਕ ਤਰ੍ਹਾਂ ਦੇ ਸੁੰਦਰ ਰੰਗਮੰਚ ਹਨ, ਜਿੱਥੇ ਇਹ ਆਪਣੇ ਜੌਹਰ ਦਿਖਾ ਕੇ ਲੋਕਾਂ ਨੂੰ ਖ਼ੁਸ਼ ਕਰਦੇ ਤੇ ਆਪ ਖ਼ੁਸ਼ ਹੁੰਦੇ ਰਹਿੰਦੇ ਹਨ। ਰੱਬ ਕਰੇ ਇਹ ਮੇਲਿਆਂ ਦਾ ਦਰਿਆ ਵਗਦਾ ਰਹੇ ਤੇ ਪੰਜਾਬੀ ਆਪਣੀਆਂ ਭੁੱਲੀਆਂ ਵਿਸਰੀਆਂ ਸਾਂਝਾਂ ਨੂੰ ਪੱਕਿਆਂ ਕਰਦੇ ਰਹਿਣ!

ਹਿੰਦ ਰੀਪਬਲਿਕ ਬਣਨ 'ਤੇ

ਗਹਿਣੇ ਵੀ ਜ਼ਿੰਦਗੀ ਦਾ ਸ਼ਿੰਗਾਰ ਹਨ। ਇਨ੍ਹਾਂ ਬਿਨਾਂ ਕੀ ਗ਼ਰੀਬ, ਕੀ ਅਮੀਰ, ਕਿਸੇ ਦਾ ਵੀ ਸੁਹਜ ਸੁਆਦ ਪੂਰਾ ਨਹੀਂ ਹੋ ਸਕਦਾ। ਰੱਬ ਨੇ ਰੂਪ ਭਾਵੇਂ ਦਿੱਤਾ ਹੀ ਹੋਵੇ, ਫਿਰ ਵੀ ਇਨ੍ਹਾਂ ਦੀ ਲੋੜ ਬਣੀ ਹੀ ਰਹਿੰਦੀ ਹੈ। ਸੋਹਣੇ ਨੂੰ ਹੋਰ ਸੋਹਣਾ ਬਣਾਉਣਾ ਮਨੁੱਖੀ ਸ਼ੌਕ ਦਾ ਮੁੱਢਲਾ ਅੰਗ ਰਿਹਾ ਹੈ। 'ਲੱਛੀ' ਗ਼ਰੀਬ ਘਰ ਦੀ ਜੰਮਪਲ ਕੁੜੀ ਹੈ। ਕੁਦਰਤ ਨੇ ਉਸ ਨੂੰ ਸੁੰਦਰਤਾ ਖੁੱਲ੍ਹੇ ਹੱਥੀਂ ਪ੍ਰਦਾਨ ਕੀਤੀ। ਮਾਪਿਆਂ ਉਸ ਦਾ ਨਾਮ ਲਛਮੀ ਜਾਂ ਲੱਛੀ ਰੱਖ ਲਿਆ। ਪਤਾ ਨਹੀਂ ਉਸ ਦੀ ਸੁਭਾਗਤਾ ਤੇ ਸੁਹੱਪਣ ਨੂੰ ਪ੍ਰਗਟਾਉਣ ਲਈ ਜਾਂ ਫਿਰ ਉਨ੍ਹਾਂ ਆਪਣੀ ਗ਼ਰੀਬੀ ਨੂੰ ਛੁਪਾਉਣ ਲਈ ਅਜਿਹਾ ਕੀਤਾ, ਕਿਉਂਕਿ ਕਈ ਵੇਰ ਗ਼ਰੀਬ ਲੋਕ ਨਾ ਮਿਲਦੇ ਪਦਾਰਥਾਂ ਦਾ ਨਾਮ ਵਰਤ ਕੇ ਹੀ ਆਪਣਾ ਸੁਹਜ ਸੁਆਦ ਪੂਰਾ ਕਰਦੇ ਰਹਿੰਦੇ ਹਨ, ਜਿਵੇਂ ਛੋਲਿਆਂ ਨੂੰ ਬਦਾਮ ਤੇ ਸਾਗ ਨੂੰ ਸਬਜ਼-ਪੁਲਾਅ ਆਖ ਕੇ। ਜਦੋਂ ਲੱਛੀ ਮੁਟਿਆਰ ਹੋਈ ਤਾਂ ਉਸ ਦੇ ਮਨ ਨੇ ਵੀ ਗਹਿਣੇ ਪਹਿਨਣ ਦਾ ਸ਼ੌਕ ਜ਼ਾਹਰ ਕੀਤਾ। ਲੱਛੀ ਸੋਨੇ ਦੇ ਬੰਦ ਪਹਿਨਣਾ ਚਾਹੁੰਦੀ ਸੀ, ਪਰ ਉਸ ਦੀ ਇਹ ਉਮੰਗ ਉਮਰ ਭਰ ਪੂਰੀ ਨਾ ਹੋ ਸਕੀ। ਸ਼ਾਇਦ ਉਸ ਸਮੇਂ ਕਿਸੇ ਲੋਕ-ਕਵੀ ਨੇ ਇਹ ਗਾਇਆ ਹੋਵੇਗਾ:

ਮੁੰਡੇ ਮਰ ਗਏ ਕਮਾਈਆਂ ਕਰਦੇ, ਲੱਛੀ ਤੇਰੇ ਬੰਦ ਨਾ ਬਣੇ।

ਮੈਂ ਸੋਚਦਾ ਹਾਂ, ਲੱਛੀ ਦੇ ਬੰਦ ਕਿਉਂ ਨਹੀਂ ਬਣ ਸਕੇ ? ਕਦੋਂ ਬਣਨਗੇ ? ਉਹ ਬਿਨਾਂ ਬੰਦਾਂ ਤੋਂ ਹੀ ਗੁਜ਼ਾਰਾ ਕਰਦੀ ਆ ਰਹੀ ਹੈ। ਕੀ ਇਸੇ ਤਰ੍ਹਾਂ ਉਸ ਦੀ ਛੈਲ ਜੁਆਨੀ ਪਿਆਸੀ ਹੀ ਮਰ ਜਾਏਗੀ ?

ਸਮਾਜ ਦੀ ਮਸ਼ਕ ਵਿਚ ਕਿਤੋਂ ਵੀ ਉਸ ਨੂੰ ਪਾਣੀ ਦੀਆਂ ਦੋ ਘੁੱਟਾਂ ਮਿਲਦੀਆਂ ਮਾਲੂਮ ਨਹੀਂ ਹੁੰਦੀਆਂ। ਲੱਛੀ ਦਾ ਕਸੂਰ ਕੇਵਲ ਇਤਨਾ ਹੈ ਕਿ ਉਹ ਗ਼ਰੀਬ ਘਰ ਵਿਚ ਜੰਮੀ ਹੈ। ਗ਼ਰੀਬ ਘਰ ਦੀਆਂ ਸੁੰਦਰੀਆਂ ਕਦੀ ਆਪਣੀਆਂ ਬਾਹਵਾਂ ਬੰਦਾਂ ਜਾਂ ਚੂੜਿਆਂ ਨਾਲ ਨਹੀਂ ਸ਼ਿੰਗਾਰ ਸਕਦੀਆਂ। ਕਿਰਤੀ ਕਿਸਾਨ ਗੱਭਰੂ ਲਹੂ ਪਾਣੀ ਇਕ ਕਰਕੇ ਕਮਾਈ ਕਰਦੇ ਹਨ, ਪਰ ਸਰਕਾਰੀ ਮਾਮਲਾ ਹੀ ਪੂਰਾ ਨਹੀਂ ਹੁੰਦਾ। ਢਿੱਡ ਭਰਨ ਲਈ ਰੋਟੀਆਂ ਪੂਰੀਆਂ ਨਹੀਂ ਜੁੜਦੀਆਂ, ਫਿਰ ਉਹ ਵਿਚਾਰੇ ਲੱਛੀ ਲਈ ਬੰਦ ਕਿਥੋਂ ਬਣਵਾ ਦੇਣ ? ਇਹ ਇਕ ਬਹੁਤ ਵੱਡੀ ਸਮੱਸਿਆ ਸਮਾਜ ਸਾਹਮਣੇ ਪੇਸ਼ ਹੈ ਕਿ ਗ਼ਰੀਬ ਲੋਕ ਮਜਬੂਰੀਆਂ ਦੇ ਕਾਰਨ ਆਪਣਾ ਸੁਹਜ ਸੁਆਦ ਪੂਰਾ ਕੀਤੇ ਬਿਨਾਂ ਹੀ ਪੂਰੇ ਹੋ ਜਾਂਦੇ ਹਨ। ਉਨ੍ਹਾਂ ਦੀ ਸਾਰੀ ਕਮਾਈ ਤਾਂ ਮਾਮਲਾ ਤਾਰਦਿਆਂ ਹੀ ਮੁੱਕ ਜਾਂਦੀ ਹੈ, ਉਹ ਕੀ ਕਰਨ ਤੇ ਉਨ੍ਹਾਂ ਦੀਆਂ ਲੱਛੀਆਂ ਕੀ ਕਰ ਸਕਦੀਆਂ ਹਨ।

ਬੋਹਲ ਸਾਰਾ ਵੇਚ ਘੱਤਿਆ, ਛਿਲਾਂ ਪੱਦ੍ਹਾਂ ਨ ਜੱਟ ਨੂੰ ਥਿਆਈਆਂ।

ਜਾਂ

ਕੱਤੇਂ ਦੀ ਕਪਾਹ ਵੇਚ ਕੇ, ਮੇਰਾ ਮਾਮਲਾ ਪੂਰਾ ਨ ਹੋਇਆ।

ਪਰ ਲੱਛੀ ਦਾ ਗੁਆਂਢੀ ਘਰਾਂ ਨੂੰ ਵੇਖ ਕੇ ਸ਼ੌਕ ਜਾਗ ਉੱਠਦਾ ਹੈ, ਜਦੋਂ ਉਹ ਤੱਕਦੀ ਹੈ:

ਦੁੱਧ ਰਿੜਕੇ ਕੰਗਣਾਂ ਵਾਲੀ, ਕੈਂਠੇ ਵਾਲਾ ਧਾਰ ਕੱਢਦਾ।

ਉਹ ਫਿਰ ਬੰਦ ਬਣਵਾਉਣ 'ਤੇ ਜ਼ੋਰ ਦੇਂਦੀ ਹੈ, ਪਰ ਲੱਛੀ ਨੂੰ ਸਾਫ਼ ਜਵਾਬ ਮਿਲ ਜਾਂਦਾ ਹੈ ਤੇ ਕੁਝ ਕੁਝ ਨਾਲ ਨਾਲ ਧਰਵਾਸਾ ਵੀ ਦਿੱਤਾ ਜਾਂਦਾ ਹੈ:

ਬੰਦ ਫੇਰ ਬਣ ਜਾਣਗੇ ਪਹਿਲਾਂ ਮਾਮਲੇ ਤੋਂ ਜਾਨ ਛੁਡਾਈਏ।

ਗਹਿਣੇ ਗੱਟੇ ਦੀ ਤਾਂ ਗੱਲ ਰਹੀ ਪਾਸੇ, ਔਖੇ ਹੋ ਗਏ ਢਿੱਡ ਤੋਰਨੇ।

ਦੇਣਾ ਮਾਮਲਾ ਅਜੇ ਸਰਕਾਰੇ, ਬਾਣੀਏ ਦਾ ਵਿਆਜ ਵੀ ਖੜ੍ਹਾ।

ਔਂਦੀ ਹਾੜੀ ਨੂੰ ਕਰਾ ਦੂ ਪਿੱਪਲ ਪੱਤੀਆਂ, ਕੰਨਾਂ ਵਿਚ ਰੱਖ ਮੋਰੀਆਂ।

ਸਮਾਂ ਔਣ 'ਤੇ ਨੀ ਵੇਖੀਂ ਤੈਨੂੰ, ਸਿਔਣੇ ਦੀ ਬਣਾ ਦੂੰ ਮੂਰਤੀ।

ਲੱਛੀ ਜ਼ਿੱਦ ਕਰਦੀ ਹੈ ਕਿ ਕਿਵੇਂ ਨਾ ਕਿਵੇਂ ਉਸ ਦੀ ਸੱਧਰ ਹੁਣ ਤਾਂ ਪੂਰੀ ਹੋਣੀ ਹੀ ਚਾਹੀਦੀ ਹੈ:

ਐਤਕੀਂ ਦੀ ਹਾੜੀ ਤੇ ਸੌਣੀ ਲਾ ਦੇ ਮੇਰੇ ਲੱਲਪਲ 'ਤੇ।

ਪਿਆਰ ਇਨਕਾਰ ਨਹੀਂ ਕਰ ਸਕਦਾ, ਆਖ਼ਰ ਲੱਛੀ ਦੇ ਬੰਦ ਬਣ ਜਾਂਦੇ ਹਨ, ਪਰ ਲੱਛੀ ਨੂੰ ਬੰਦ ਜ਼ਿਆਦਾ ਦੇਰ ਪਹਿਨਣ ਦਾ ਸੁਭਾਗ ਨਹੀਂ ਮਿਲਦਾ। ਮਾਮਲੇ ਦਾ ਸਿਆਪਾ ਉਵੇਂ ਗਲ ਪਿਆ ਰਹਿੰਦਾ ਹੈ, ਅੰਤ ਮਜਬੂਰ ਹੋ ਕੇ ਮਸੀਂ ਮਸੀਂ ਬਣਾਏ ਬੰਦ ਵੇਚਣੇ ਪੈਂਦੇ ਹਨ ਤੇ ਨਾਲੇ ਹਲ ਪੰਜਾਲੀ ਵੀ, ਕਿਤਨਾ ਦਰਦਨਾਕ ਦ੍ਰਿਸ਼ ਹੈ:

ਬੰਦ ਮੇਰੇ ਵੇਚ ਵੀ ਆਇਓਂ, ਤੇਰਾ ਮਾਮਲਾ ਅਜੇ ਨਾ ਤਰਿਆ।

ਹਲ ਪੰਜਾਲੀ ਦੀ ਹੋ ਗਈ ਕੁਰਕੀ, ਵੇਚ ਕੇ ਖਾ ਲਿਆ ਬੀ।

ਮਾਮਲਾ ਨਹੀਂ ਤਰਿਆ, ਵਾਹੀ ਦਾ ਲਾਹਾ ਕੀ?

ਗ਼ਰੀਬ ਘਰ ਦੀਆਂ ਗ਼ਰਜ਼ਾਂ ਕੋਈ ਭੀ ਮਨ ਦਾ ਚਾਅ ਪੂਰਾ ਨਹੀਂ ਹੋਣ ਦੇਂਦੀਆਂ। ਸਭ ਸੱਧਰਾਂ, ਤਾਂਘਾਂ, ਉਮੰਗਾਂ ਮਿੱਟੀ ਵਿਚ ਮਿਲ ਜਾਂਦੀਆਂ ਹਨ।

ਹਰ ਲੱਛੀ ਦਾ ਇਹੋ ਹਾਲ ਹੈ:

ਲੌਂਗ ਕਰਾਉਣਾ ਸੀ, ਅੱਗ ਲੱਗ ਜਾਏ ਘਰਾਂ ਦੀਆਂ ਗ਼ਰਜ਼ਾਂ।

ਕਦੀ ਕਦੀ ਤਾਂ ਮਾਮੂਲੀ ਤੋਂ ਮਾਮੂਲੀ ਚੀਜ਼ ਵੀ ਗ਼ਰੀਬ ਪ੍ਰਾਪਤ ਕਰਨੋਂ ਅਸਮਰੱਥ ਰਹਿੰਦਾ ਹੈ। 'ਕਾਲੀ ਲੋਗੜੀ' ਕੀ ਮਾਮੂਲੀ ਚੀਜ਼ ਹੈ, ਪਰ ਗ਼ਰੀਬ ਘਰ ਦੀਆਂ ਨੱਢੀਆਂ ਇਹ ਵੀ ਹਾਸਲ ਨਹੀਂ ਕਰ ਸਕਦੀਆਂ ਤਾਂ ਉਨ੍ਹਾਂ ਦੇ ਮੂੰਹੋਂ ਅਜਿਹੀ ਬਦ-ਅਸੀਸ ਹੀ ਨਿਕਲਣੀ ਹੈ:

ਅੱਗ ਲੱਗ ਜਾਇ ਕਿਰਾੜਾ ਤੇਰੀ ਹੱਟ ਨੂੰ, ਨਾਲੇ ਮਚੇ ਕਾਲੀ ਲੋਗੜੀ।

ਇਹ ਅੱਗ ਲੱਗਣ ਵਾਲੀ ਹੈ। ਇਸ ਤੋਂ ਬਗ਼ੈਰ ਲੱਛੀ ਦੇ ਬੰਦਾਂ ਲਈ ਹੋਰ ਕੋਈ ਤਪਦਾ ਪਹਾਰਾ ਨਹੀਂ ਮਿਲ ਸਕਣਾ। ਇਕ ਵੇਰੇ ਕੁੱਲੂ ਵਾਦੀ ਦੇ ਵਸਨੀਕ ਗ਼ਰੀਬ ਬੁੱਢੇ ਮਜ਼ਦੂਰ ਦੇ ਮੂੰਹੋਂ ਇਹ ਸੁਣਿਆ ਸੀ, 'ਗ਼ਰੀਬ ਕੀ ਆਹ, ਲੋਹਾ ਭਸਮ ਹੋ ਜਾ।' ਇਹ ਲੋਹਾ ਜ਼ੰਜੀਰ ਭਸਮ ਹੋ ਕੇ ਹੀ ਰਹਿਣਗੇ। ਇਨ੍ਹਾਂ ਹੀ ਗ਼ਰੀਬਾਂ ਦੀਆਂ ਆਂਦਰਾਂ ਨੂੰ ਘੁੱਟ ਕੇ ਜਕੜਿਆ ਹੋਇਆ ਹੈ।

ਲੱਛੀ ਸੋਨੇ ਦੇ ਬੰਦਾਂ ਦਾ ਖ਼ਿਆਲ ਛੱਡ ਕੇ ਚਾਂਦੀ ਦੀਆ ਬਾਂਕਾਂ ਬਣਾ ਲੈਣ ਦਾ ਹੀ ਖ਼ਿਆਲ ਕਰਦੀ ਹੈ, ਪਰ ਇਹ ਵੀ ਪੂਰਾ ਨਹੀਂ ਹੁੰਦਾ। ਲੋਕ-ਕਵੀ ਇਸ ਦੁਰਘਟਨਾ ਦਾ ਜ਼ਿਕਰ ਕਰਦਾ ਇਉਂ ਆਖਦਾ ਹੈ:

ਰੰਨ ਅੱਡੀਆਂ ਕੁਚਦੀ ਮਰਗੀ, ਬਾਂਕਾਂ ਨਾ ਜੁੜੀਆਂ।

ਲੱਛੀ ਦੇ ਬੰਦ ਕਿਉਂ ਨਹੀਂ ਬਣੇ? ਲੌਂਗ ਤੇ ਬਾਂਕਾਂ ਉਸ ਨੂੰ ਕਿਉਂ ਨਹੀਂ ਜੁੜ ਸਕੀਆਂ? ਕੀ ਇਸ ਵਿਚ ਲੱਛੀ ਦਾ ਕੋਈ ਕ਼ਸੂਰ ਹੈ ਜਾਂ ਕਿਸੇ ਹੋਰ ਦਾ? ਅੱਜ ਸਮੇਂ ਦੇ ਅਰਥ-ਸ਼ਾਸਤਰੀ ਮੱਥੇ 'ਤੇ ਹੱਥ ਰੱਖ ਕੇ ਇਨ੍ਹਾਂ ਸਵਾਲਾਂ ਦਾ ਜਵਾਬ ਸੋਚ ਰਹੇ ਹਨ। ਲੱਛੀ ਲਾਲ ਇਨਕਲਾਬ ਵੱਲ ਅੱਡੀਆਂ ਚੁੱਕ ਚੁੱਕ ਵੇਖ ਰਹੀ ਹੈ, ਸ਼ਾਇਦ ਇਹੋ ਹੀ ਉਸ ਦੇ ਬੰਦ ਬਣਾਉਣ ਲਈ ਕੁਝ ਕਰ ਸਕੇ:

ਮੇਰਾ ਮੱਥਾ ਠਣਕਦਾ ਹੈ, ਲੱਛੀ ਦੇ ਬੰਦ ਬਣ ਨਹੀਂ ਸਕਣਗੇ।

ਮੁੰਡੇ ਕਮਾਈਆਂ ਕਰਦੇ ਹੀ ਮਰ ਜਾਣਗੇ ਤੇ ਵਿਚਾਰੀ ਲੱਛੀ ਹੌਕੇ ਲੈਂਦੀ ਮਰ ਜਾਏਗੀ ਤੇ ਇਹ ਗੀਤ ਸ਼ਾਇਦ ਇਵੇਂ ਹੀ ਚੱਲਦਾ ਰਹੇਗਾ:

ਮੁੰਡੇ ਮਰ 'ਗੇ ਕਮਾਈਆਂ ਕਰਦੇ, ਲੱਛੀ ਤੇਰੇ ਬੰਦ ਨ ਬਣੇ।

ਕੀ 26 ਜਨਵਰੀ ਨੂੰ ਹਿੰਦ ਰੀਪਬਲਿਕ ਬਣ ਜਾਣ 'ਤੇ ਲੱਛੀ ਦੇ ਬੰਦ ਬਣਨ ਦਾ ਕੋਈ ਪ੍ਰਬੰਧ ਹੋ ਸਕੇਗਾ ਜਾਂ ਇਹ ਗੀਤ ਹੀ ਇਵੇਂ ਕੰਨ ਖਾਂਦਾ ਰਹੇਗਾ? ਲੱਛੀ ਸੋਚ ਰਹੀ ਹੈ।

ਬੀਰੰਗਨਾ ਸੁੰਦਰੀ ਦੀ ਲੋਕ-ਗਾਥਾ

ਇਤਿਹਾਸ ਲਿਖਣਾ ਸ਼ਾਇਦ ਲੋਕ-ਕਲਾਕਾਰਾਂ ਦਾ ਕੰਮ ਨਹੀਂ, ਪਰ ਮਨੁੱਖ ਸੁਭਾਵਿਕ ਤੌਰ 'ਤੇ ਸ੍ਰੇਸ਼ਟਤਾ ਦਾ ਗਾਇਕ ਹੈ। ਸੁੰਦਰਤਾ ਤੇ ਬੀਰਤਾ ਦਾ ਪ੍ਰਸੰਸਕ ਹੈ ਤੇ ਉਸ ਗੁਣ ਨੂੰ ਸਮੁੱਚੀ ਮਨੁੱਖਤਾ ਵਿਚ ਪ੍ਰਫੁੱਲਤ ਦੇਖਣ ਦਾ ਚਾਹਵਾਨ ਹੈ। ਇਸ ਕਰਕੇ ਉਹ ਵਧੀਆ ਗੁਣਾਂ ਦੀ ਮਹਿਕ ਨੂੰ ਵਧੀਆ ਤਰੀਕੇ ਨਾਲ ਲਿਸ਼ਕਾ ਚਮਕਾ ਕੇ ਪੇਸ਼ ਕਰਦਾ ਆਇਆ ਹੈ, ਤਾਕਿ ਭਵਿੱਖਤ ਦੀ ਪੀੜ੍ਹੀ ਇਸ ਤੋਂ ਲੋੜੀਂਦੀ ਪ੍ਰੇਰਨਾ ਪ੍ਰਾਪਤ ਕਰ ਸਕੇ ਤੇ ਮਨੁੱਖੀ ਸਭਿਆਚਾਰ ਨੂੰ ਸ਼ਕਤੀਸ਼ਾਲੀ ਤੇ ਸਿਹਤਮੰਦ ਬਣਾ ਸਕੇ।

ਮੋਟੇ ਤੌਰ 'ਤੇ ਇਤਿਹਾਸ ਦੇ ਦੋ ਕਰਤੱਵ ਹਨ—ਚੰਗਿਆਂ ਦੀ ਚੰਗਿਆਈ ਕਰਨੀ ਦੱਸਣਾ ਤੇ ਮਾੜਿਆਂ ਦੀ ਮਾੜੀ ਕਰਤੂਤ ਦਾ ਭਾਂਡਾ ਭੰਨਣਾ ਤਾਕਿ ਉਸ ਤੋਂ ਬਚਿਆ ਜਾ ਸਕੇ। ਲੋਕਾਂ ਨੇ ਜਿਥੇ ਆਪਣੇ ਮਨ-ਪਸੰਦ ਨਾਇਕ ਨਾਇਕਾਵਾਂ ਦੀਆਂ ਖ਼ੂਬੀਆਂ ਆਪਣੇ ਤਰੀਕੇ ਨਾਲ ਉਜਾਗਰ ਕੀਤੀਆਂ ਹਨ, ਉਥੇ ਮੰਦੇ ਮਨੁੱਖਾਂ ਦੇ ਦੁਰਾਚਾਰ ਤੇ ਮੰਦੇ ਰਾਜ-ਸਮਾਜ ਦੇ ਅਤਿਆਚਾਰਾਂ ਦੀ ਵੀ ਚੰਗੀ ਛਿੱਲ ਲਾਹੀ ਹੈ।

ਲੋਕ-ਗਾਥਾ ਕਿਸੇ ਲੋਕ-ਨਾਇਕ ਜਾਂ ਨਾਇਕਾ ਦੇ ਉਤਕ੍ਰਿਸ਼ਟ ਚਰਿੱਤਰ ਨੂੰ ਲੈ ਕੇ ਅੱਗੇ ਆਉਂਦੀ ਹੈ ਤੇ ਗ਼ੈਰ-ਮਾਮੂਲੀ ਘਟਨਾ ਨੂੰ ਹੋਰ ਚਮਤਕਾਰੀ ਬਣਾ ਕੇ ਜ਼ਿੰਦਗੀ ਦੀਆਂ ਉਚੇਰੀਆਂ ਕੀਮਤਾਂ ਦੀ ਵਕਾਲਤ ਕਰਦੀ ਹੋਈ ਲੋਕ-ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਕਵੀਆਂ ਦੇ ਨਾਇਕ ਹੋਰ ਹੁੰਦੇ ਹਨ ਤੇ ਉਨ੍ਹਾਂ ਦੇ ਨਾਇਕ ਬਣਨ ਦੇ ਕਾਰਨ ਵੀ ਕਿਤੇ ਕਿਤੇ ਹੋਰ ਦੇ ਹੋਰ ਹੁੰਦੇ ਹਨ। ਪਰ ਲੋਕ-ਕਲਾਕਾਰ ਜਦ ਕਿਸੇ ਨੂੰ ਨਾਇਕ ਸਿਰਜਦਾ ਹੈ ਤਾਂ ਉਹ ਨਿਰੋਲ ਉਸ ਦੇ ਵਿਲੱਖਣ ਗੌਰਵਮਈ ਆਚਰਣ ਆਸਰੇ ਅਜਿਹਾ ਕਰਦਾ ਹੈ। ਕਿਸੇ ਦੀ ਸੂਰਮਗਤੀ ਉਭਾਰਦੀ ਹੈ, ਕਿਸੇ ਦਾ ਹੁਸਨ ਇਸ਼ਕ ਆਪਣੀ ਤਰ੍ਹਾਂ ਦਾ ਹੁਲਾਰਾ ਦਿੰਦਾ ਹੈ ਤੇ ਕਿਤੇ ਕਿਤੇ ਦੁਨਿਆਵੀ ਲਾਲਸਾਵਾਂ ਨੂੰ ਉਲੰਘ ਕੇ ਜੀਵਨ ਦੇ ਕਿਸੇ ਉਚੇਰੇ ਆਦਰਸ਼ ਲਈ ਅੱਗੇ ਵਧਣ ਵਾਲੀਆਂ ਹਸਤੀਆਂ ਲੋਕ-ਸ਼ਰਧਾ ਦਾ ਕੇਂਦਰ ਬਣਦੀਆਂ ਹਨ। ਇਸ ਕਰਕੇ ਸਿਰੜੀ ਸੂਰਮੇ, ਸਿਦਕੀ ਆਸ਼ਕ ਤੇ ਸੱਚੇ ਸੰਤ ਭਗਤ ਲੋਕ-ਕਲਾ ਦਾ ਪਿਆਰਾ ਵਿਸ਼ਾ ਬਣਦੇ ਆਏ ਹਨ। ਲੋਕ ਉਨ੍ਹਾਂ ਦੇ ਗੀਤ ਗਾਉਂਦੇ, ਪ੍ਰਸੰਗ ਸੁਣਾਉਂਦੇ ਤੇ ਉਸ ਅਦਭੁੱਤ ਹਸਤੀ ਦੁਆਲੇ ਘੁੰਮਰ ਪਾਉਂਦੇ ਦੇਖੀਦੇ ਹਨ।

ਸਾਡੇ ਨਰ-ਪ੍ਰਧਾਨ ਸਮਾਜ ਵਿਚ ਨਾਰੀ ਨਾਲ 'ਅਬਲਾ' ਵਿਸ਼ੇਸ਼ਣ ਇਉਂ ਜੁੜਿਆ ਹੋਇਆ ਹੈ ਜਿਵੇਂ ਕਿ ਇਹ ਲਾਜ਼ਮੀ ਹੁੰਦਾ ਹੈ, ਪਰ ਅਨੇਕਾਂ ਨਾਰੀਆਂ ਅਜਿਹੀਆਂ ਬਲਵਾਨ ਆਚਰਣ ਦੀਆਂ ਹੋਈਆਂ, ਜਿਨ੍ਹਾਂ ਇਤਿਹਾਸ ਵਿਚ ਆਪਣੀ ਸ਼ਕਤੀ ਤੇ ਸਾਹਸ ਦਾ ਸਬੂਤ ਦੇ ਕੇ ਸੂਰਮਗਤੀ ਦਾ ਇਤਿਹਾਸ ਸਿਰਜਿਆ ਹੈ। ਅਜਿਹੀਆਂ ਗੌਰਵਮਈ ਇਸਤ੍ਰੀਆਂ ਵਿੱਚੋਂ 'ਬੀਰੰਗਨਾ ਸੁੰਦਰੀ' ਦੀ ਗਾਥਾ ਅਦਭੁੱਤ ਹੈ, ਜਿਸ ਨੇ ਸਤ੍ਹਾਰਵੀਂ-ਅਠ੍ਹਾਰਵੀਂ ਸਦੀ ਦੇ ਇਤਿਹਾਸ ਵਿਚ ਨਾਂ ਪੈਦਾ ਕੀਤਾ।

ਮੁਗ਼ਲ ਜ਼ਮਾਨਾ

ਇਹ ਤਾਂ ਇਤਿਹਾਸ ਤੋਂ ਪ੍ਰਗਟ ਹੈ ਕਿ ਮੁਗ਼ਲ ਜ਼ਮਾਨੇ ਵਿਚ ਬਹੁਤ ਸਾਰੇ ਧੱਕੇ ਹੁੰਦੇ ਸਨ ਜੋ ਲੋਕ-ਜੀਵਨ ਨੂੰ ਹਰ ਤਰ੍ਹਾਂ ਦੂਭਰ ਕਰ ਦਿੰਦੇ ਸਨ। ਰਾਜਿਆਂ ਦੀਆਂ ਜਿਨ੍ਹਾਂ ਲੜਾਈਆਂ ਦਾ ਹਾਲ ਹੈ, ਉਨ੍ਹਾਂ ਵਿਚ ਮਰਨ ਵਾਲੇ ਸਰਦਾਰਾਂ ਦੇ ਨਾਮ ਹਨ। ਇਹ ਵੀ ਪਤਾ ਲੱਗਦਾ ਹੈ ਕਿ ਕਈ ਰਾਜਪੂਤ ਰਾਜੇ ਰਾਣੇ ਕਿਸ ਤਰ੍ਹਾਂ ਆਪਣੀ ਗੈਰਤ ਨੂੰ ਬਚਾਉਣ ਲਈ ਲੜ ਮੋਏ, ਪਰ ਲੋਕ-ਗੀਤ ਸਾਨੂੰ ਲੋਕਾਂ ਦੇ ਆਪ ਲੜੇ ਸੰਘਰਸ਼ ਦਾ ਪਤਾ ਦਿੰਦੇ ਹਨ ਜੋ ਕਿ ਇਤਿਹਾਸ ਦੇ ਪੰਨਿਆਂ ਵਿਚ ਕਿਤੇ ਦਰਜ ਨਹੀਂ, ਖ਼ਾਸ ਕਰਕੇ ਪੀੜਤ ਇਸਤਰੀ ਦੀ ਵਿੱਥਿਆ।

ਇਹ ਅਸੀਂ ਜਾਣਦੇ ਹਾਂ ਕਿ ਐਸ਼ਪ੍ਰਸਤ ਮੁਗ਼ਲ ਛੋਕਰੇ ਮੌਜੂਦਾ ਮੰਤਰੀਆਂ ਦੇ ਮੰਦੇ ਤੇ ਮੂੰਹ-ਜ਼ੋਰ ਮੁੰਡਿਆਂ ਵਾਂਗ ਦੇਸ਼ ਦੇ ਕੋਨੇ ਕੋਨੇ ਵਿਚ ਜਬਰ ਕਰਦੇ ਜਿਥੇ ਉਹ ਆਮ ਲੋਕਾਂ ਦਾ ਧਨ ਲੁੱਟਦੇ ਸਨ, ਉਥੇ ਉਨ੍ਹਾਂ ਦੀ ਇੱਜ਼ਤ ਨੂੰ ਵੀ ਹੱਥ ਪਾਉਂਦੇ ਸਨ। ਇਸ ਕਿਸਮ ਦੀਆਂ ਕਈ ਵਾਰਦਾਤਾਂ ਹੁੰਦੀਆਂ, ਜੋ ਧਨ ਪੈਸੇ ਦੇ ਲੋਭ ਨਾਲ ਜਾਂ ਹਿੱਕ ਦੇ ਜ਼ੋਰ ਨਾਲ ਦਬਾ ਦਿੱਤੀਆਂ ਜਾਂਦੀਆਂ ਸਨ। ਪਰ ਸੱਚੇ ਲੋਕ-ਕਲਾਕਾਰਾਂ ਨੇ ਅਜਿਹੀਆਂ ਘਟਨਾਵਾਂ ਛੰਦ-ਬੱਧ ਕਰ ਕੇ ਸਾਡੇ ਸੁਨਹਿਰੀ ਇਤਿਹਾਸ ਨੂੰ ਸੰਭਾਲ ਦਿੱਤਾ ਹੈ। ਅਜਿਹੀਆਂ ਮੁਟਿਆਰਾਂ ਵੀ ਸਨ, ਜਿਨ੍ਹਾਂ ਨੇ ਸਤ ਧਰਮ ਲਈ ਆਪਣੀ ਜਿੰਦ ਲੇਖੇ ਲਾ ਦਿੱਤੀ ਹੈ ਤੇ ਚਿਖਾ ਬਣਾ ਕੇ ਸੜ ਮੋਈਆਂ। ਪੋਠੋਹਾਰ ਦੇ ਇਲਾਕੇ ਵਿਚ ਗਾਇਆ ਜਾਂਦਾ ਇਹ ਗੀਤ ਇਕ ਅਜਿਹੀ ਦੁਰਘਟਨਾ ਵੱਲ ਸੰਕੇਤ ਕਰਦਾ ਹੈ :

ਹਿੱਕ ਸਿਆਪਾ ਹੁਸ ਮੁਗ਼ਲੇ ਦਾ, ਜਿਹੜਾ ਮੰਦੀ ਅੱਖ ਤੱਕਦਾ।
ਮੁੜ ਘਿੜ ਘੋੜੀ ਪਿੱਛੇ ਮੋੜੇ, ਪੈਰ ਨਾ ਅੱਗੇ ਪੁੱਟਦਾ।
ਹਾਇ ਵੇ ਮੁਗ਼ਲਾਂ ਮਾਰਿਆ, ਕਿਆ ਕੀਤੋਈ ਕਹਿਰ ਵੇ।
ਹਿੱਕ ਸਿਆਪਾ ਹੁਸ ਮੁਗ਼ਲੇ ਦਾ, ਜਿਹੜਾ ਬਾਬਲ ਦਾ ਹੀਆ ਸਾੜੇ।
ਜੀ ਵਿਆਹ ਦੇ ਵੇ, ਪਿਆ ਭਰੀ ਕਚਹਿਰੀ ਝਾੜੇ।
ਹਾਇ ਵੇ ਮੁਗ਼ਲਾ ਜ਼ਾਲਮਾਂ...
ਹਿੱਕ ਸਿਆਪਾ ਹੁਸ ਮੁਗ਼ਲੇ ਦਾ, ਜਿਸ ਜੰਞੂ ਢੇਰ ਲੁਹਾਏ।
ਖੋਹ ਕੇ ਹੱਥੋਂ ਪੋਥੀ ਮਾਲਾ, ਪੜ੍ਹਨਿ ਕੁਰਾਨ ਬਹਾਏ।
ਹਾਇ ਵੇ ਮੁਗ਼ਲਾ ਜ਼ਾਲਮਾਂ....
ਹਿੱਕ ਸਿਆਪਾ ਹੁਸ ਮੁਗ਼ਲੇ ਦਾ, ਜਿਸ ਚੰਨੋ ਘਰਿ ਪਾਈ।

ਚੰਨੋ ਨਾ ਮੰਨਦੀ, ਉਹਦੀ ਬੋਟੀ ਕੁੱਤਿਆਂ ਖਵਾਈ।
ਹਾਇ ਵੇ ਮੁਗ਼ਲਾ ਜ਼ਾਲਮਾਂ....

ਭਾਈ ਵੀਰ ਸਿੰਘ ਜੀ ਨੇ ਅੱਜ ਤੋਂ ਸੌ ਕੁ ਵਰ੍ਹੇ ਪਹਿਲਾਂ 'ਸੁੰਦਰੀ' ਨਾਵਲ ਲਿਖਿਆ ਸੀ ਜੋ ਕਿ ਆਪ ਦੀ ਪਲੇਠੀ ਗਲਪ-ਰਚਨਾ ਹੈ, ਜਦੋਂ ਕਿ ਉਹ ਅਜੇ ਭਾਈ ਵੀਰ ਸਿੰਘ ਜੀ ਵੀ ਨਹੀਂ ਸੀ ਬਣੇ। ਇਸ ਦੀ ਉਸਾਰੀ ਲੋਕ-ਪ੍ਰੰਪਰਾ ਦੇ ਇਤਿਹਾਸਕ ਤੱਥਾਂ ਉੱਤੇ ਹੋਈ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਲੋਕ-ਗੀਤ ਇਸ ਪ੍ਰੰਪਰਾ ਦੀ ਸਾਖੀ ਭਰਦਾ ਹੈ:

ਨਣਦ ਭਰਜਾਈ ਚੀਣਾ ਛੜਦੀਆਂ,
ਫੌਜਾਂ ਮੁਗ਼ਲਾਂ ਦੀਆਂ ਚੜ੍ਹੀਆਂ।
ਘਰ ਨਹੀਂ ਸੀ ਰਾਂਝਾ ਆਪਣੇ,
ਆਪਣੀ ਗੋਰੀ ਨੂੰ ਕਉਣ ਛੁਡਾ।
ਹਾਇ ਵੇ ਸਿਪਾਹੀਆ ਜਾਂਦਿਆ....
ਉੱਡੀਂ ਉੱਡੀਂ ਕਾਗ ਸੁਲੱਖਣੇ,

ਕਹਿ ਮੇਰੇ ਬਾਪ ਨੂੰ ਧੀ ਪਕੜੀ ਵੇ ਜਾ।
ਮੁਹਰਾਂ ਦਿਆਂ ਰੁਪਏ ਦਿਆਂ ਲੱਖ ਚਾਰ,
ਮਿੰਨਤ ਮੁਥਾਜੀ ਕਰ ਲਊ ਧੀ ਛੁਡਾ।
ਅੱਗ ਲਾਵਾਂ ਤੇਰੇ ਲੱਖਾਂ ਨੂੰ ਲੈ ਮੋਹਰਾਂ ਜਲ ਜਾ।
ਐਸੀ ਸੁੰਦਰ ਸੋਹਣੀ, ਸਾਥੋਂ ਛੱਡੀਆਂ ਨਾ ਜਾ।

ਉੱਡੀਂ ਉੱਡੀਂ ਕਾਗ ਸੁਲੱਖਣੇ, ਮੇਰੇ ਵੀਰੇ ਕੋਲੇ ਜਾ,
ਜਾ ਕਹੀਂ ਮੇਰੇ ਵੀਰ ਨੂੰ, ਪਕੜੀ ਵੇ ਜਾ।
ਮੋਤੀ ਦਿਆਂ ਛੇਚ ਸੌ, ਮੁਹਰਾਂ ਦਿਆਂ ਲੱਖ ਚਾਰ,
ਹੱਥ ਜੋੜ ਕਰਾਂ ਬੇਨਤੀ, ਭੈਣ ਲਵਾਂਗਾ ਛੁਡਾ।
ਅੱਗ ਲਾਵਾਂ ਤੇਰੇ ਮੋਤੀਆਂ, ਮੋਹਰਾਂ ਜਲ ਜਾ
ਐਸੀ ਸੁੰਦਰਿ ਸੋਹਣੀ, ਸਾਥੋਂ ਛੱਡੀਆਂ ਨਾ ਜਾ,

ਉੱਡੀਂ ਉੱਡੀਂ ਕਾਗ ਸੁਲੱਖਣੇ, ਮੇਰੇ ਕੰਤ ਕੋਲੇ ਜਾ।
ਆਖੀਂ ਮੇਰੇ ਕੰਤ ਨੂੰ ਨਾਹਿ ਪਕੜੀ ਵੇ ਜਾ,
ਹੀਰੇ ਦਿਆਂ ਇਕ ਲੱਖ, ਨਾਲ ਲੱਖ ਚਾਰ।
ਦੋ ਘੜੀਆਂ ਦੀ ਬੇਨਤੀ, ਨਾਹਿ ਲਊ ਜਾਂ ਛੁਡਾ।

ਜਦ ਕੋਈ ਨਹੀਂ ਬਹੁੜਦਾ ਤਾਂ ਸੁੰਦਰੀ ਖ਼ੁਦ ਹੀ ਦ੍ਰਿੜ੍ਹਤਾ ਧਾਰਦੀ ਤੇ ਆਪਣੇ ਸਤ-ਧਰਮ ਨੂੰ ਪਾਲਦੀ ਜਾਨ ਵਾਰ ਦਿੰਦੀ ਹੈ:

ਜਾਹੁ ਬਾਬਲ ਘਰ ਆਪਣੇ, ਰੱਖਾਂ ਦਾੜ੍ਹੀ ਦੀ ਲਾਜ,
ਮੁਗਲਾਂ ਦਾ ਪਾਣੀ ਨ ਪੀਆਂ।
ਮੈਂ ਪਿਆਸੀ ਮਰ ਜਾਂ।
ਜਾਹੁ ਵੀਰਾ ਘਰ ਆਪਣੇ, ਰੱਖਾਂ ਚੀਰੇ ਦੀ ਲਾਜ।
ਮੁਗਲਾਂ ਦਾ ਅੰਨ ਨਾ ਖਾਵਾਂ, ਭਾਵੇਂ ਭੁੱਖੀ ਮਰ ਜਾਂ।
ਜਾਹੁ ਰਾਜਾ ਘਰ ਆਪਣੇ, ਰੱਖਾਂ ਲਾਵਾਂ ਦੀ ਲਾਜ,

ਮੁਗ਼ਲਾਂ ਦੀ ਸੇਜੇ ਨਾ ਚੜ੍ਹਾਂ, ਮੈਂ ਜੀਊਂਦੀ ਮਰ ਜਾਂ।
ਜਾ ਮੁਗ਼ਲਾਂ ਦੇ ਛੋਕਰੇ, ਨਦੀ ਦਾ ਪਾਣੀ ਲਿਆ,
ਪਿਆਸ ਲੱਗੀ ਚੰਦਰੇ ਜੀਆ ਨੂੰ, ਮੈਥੋਂ ਰਿਹਾ ਨਾ ਜਾ।
ਮੁਗ਼ਲ ਗਿਆ ਪਾਣੀਏ ਨੋ, ਕੀਤਾ ਦੀਵੇ ਦਾ ਕਾਜ,
ਦੀਵੇ ਦੀ ਬੱਤੀ ਲਾ ਸੁੰਦਰੀ ਸੜ ਮੁਈ, ਰੱਖੀ ਰਾਜੇ ਦੀ ਲਾਜ।

ਅਜਿਹੀ ਘਟਨਾ ਦੀ ਵਾਰਤਾ ਸਾਨੂੰ ਜਮਨਾ ਪਾਰ ਦੇ ਲੋਕ-ਗੀਤਾਂ ਵਿਚ ਵੀ ਮਿਲਦੀ ਹੈ ਜੋ ਇਹ ਦੱਸਦੀ ਹੈ ਕਿ ਅਜਿਹੇ ਜਬਰ ਕੇਵਲ ਪੰਜਾਬ ਦੀ ਧਰਤੀ ਵਿਚ ਨਹੀਂ ਸੀ ਹੁੰਦੇ, ਬਲਕਿ ਭਾਰਤ ਦੇ ਹੋਰ ਹਿੱਸਿਆਂ ਵਿਚ ਵੀ ਐਸਾ ਧੱਕਾ ਚੱਲਦਾ ਸੀ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਇਸ ਕਥਾਨਕ ਦਾ ਢਾਂਚਾ ਹੂ-ਬ-ਹੂ ਉਸ ਪਾਸੇ ਵੀ ਲਗਭਗ ਅਜਿਹਾ ਹੀ ਮਿਲਦਾ ਹੈ। ਇਹ ਤੁਲਨਾਤਮਕ ਅਧਿਐਨ ਬੜਾ ਹੀ ਰੋਚਕ ਹੈ ਕਿ ਲੋਕ-ਜੀਵਨ ਦੀਆਂ ਤੰਦਾਂ ਕਿਤਨੀਆਂ ਸਾਂਝੀਆਂ ਸਨ ਤੇ ਦੁੱਖਾਂ ਗ਼ਮਾਂ ਦੇ ਵੈਣ ਕਿਵੇਂ ਇਕਸੁਰ ਵਿਚ ਲੋਕ-ਪੀੜ ਨੂੰ ਪ੍ਰਗਟਾਉਂਦੇ ਸਨ:

ਓਖਲੀ ਚਾਵਲ ਛਾਂਟਤੀ ਬਾਤੇਂ ਕਰਤ ਬਨਾਇ।
ਆਵੇਗਾ ਮੁਗ਼ਲ ਛੋਕੜਾ ਯੋਂ ਡਾਲੂੰਗੀ ਕੂਟ।
ਜਾਹੁ ਮੁਗ਼ਲ ਛੋਕੜਾ, ਜਾਹੁ ਘਰਹਿ ਅਪਨ।
ਸੁਨੇਗਾ ਮੇਰਾ ਬਾਬਾ ਜੀ ਤੁਝੇ ਫਾਂਸੀ ਦਿਲਾਇ।
ਉੜਿ ਉੜਿ ਪਤੀਆ ਜਾਇ ਤੂੰ,
ਯਹ ਸਨੇਸ਼ ਲੇਇ ਜਾਨ।
ਭਈਆ ਸੇ ਕਹੀਅਹੁ ਸਮਝਾਇਕੇ,
ਬਹਿਨੀ ਪੜੀ ਬੰਦੀਖ਼ਾਨ।
ਆਗੇ ਆਗੇ ਘੋੜਾ ਮੇਰੇ ਬਾਬਾ ਕੇ,
ਪੀਛੇ ਬੀਰਨ ਭਾਇ।
ਤਿਹ ਪੀਛੇ ਆਵੈ ਮੇਰਾ ਕੰਤ ਜੀ,
ਬੇਟੀ ਲੇਇੰਗੇ ਛੁੜਾਇ।
ਆਗੇ ਘੋੜਾ ਮੇਰੇ ਬਾਬਾ ਕੇ ਪੀਛੇ ਬੀਰਨ ਭਾਇ।
ਤਿਹ ਪਾਛੇ ਆਵੈ ਮੇਰਾ ਕੰਤ ਜੀ, ਬਹਿਨੀ ਲੇਂਗੇ ਛੁੜਾਇ।
ਲੇਹੁ ਮੋਗ਼ਲ ਕੇ ਛੋਕੜਾ, ਰੁਪਈਆ ਲੈ ਬਹੁਤ।
ਬੇਟੀ ਕੋ ਮੇਰੀ ਛੋੜ ਦੇ, ਜੈਸੇ ਕੰਚਨ ਥਾਲ।
ਲੇਹੁ ਮੁਗ਼ਲ ਕੇ ਛੋਕੜਾ, ਮੋਹਰ ਕੇ ਬਹੁਤ,
ਦੁਲਹਨਿ ਕੋ ਮੇਰੀ ਛੋੜ ਦੇ, ਜੈਸੇ ਕੰਚਨ ਥਾਲ।
ਰੁਪਈਆ ਹਮਰੇ ਬਹੁਤ ਹੈ, ਅਸ਼ਰਫ਼ੀ ਭਰਾ ਹੈ ਸੰਦੂਕ।
ਸੁੰਦਰਿ ਕੋ ਮੈਂ ਨ ਛੋੜਊਂ, ਅਸ਼ਰਫ਼ੀ ਭਰਾ ਹੈ ਸੰਦੂਕ।
ਸੁੰਦਰਿ ਕੋ ਮੈਂ ਨਾ ਛੋੜਊਂ, ਜੈਸੇ ਗਲੇ ਕਾ ਹਾਰ।
ਸੁੰਦਰਿ ਬੋਲੀ ਕ੍ਰੋਧ ਕਰਿ, ਕਮਰ ਕਟਾਰੀ ਖੀਂਚ।
ਲੇਹੁ ਮੋਗ਼ਲ ਕੇ ਛੋਕੜਾ, ਜਿਹ ਹੈ ਗਲੇ ਕਾ ਹਾਰ।

('ਹਮਾਰਾ ਗ੍ਰਾਮ ਸਾਹਿੱਤ', ਰਾਮ ਨਰੇਸ਼ ਤ੍ਰਿਪਾਠੀ)

ਇਕ ਹੋਰ ਗੀਤ ਇਸੇ ਵਾਕਿਆ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ:

ਮੁਗ਼ਲਾਂ ਨੇ ਘੋੜਾ ਪੀੜਿਆ, ਗੋਰੀ ਪਾਣੀ ਨੂੰ ਜਾ।
ਘੋੜੇ 'ਤੇ ਫੜ ਕੇ ਚਾੜ੍ਹ ਲਈ, ਪੇਸ਼ ਨ ਕੋਈ ਜਾ।
ਜਾਂਦਿਆ ਕਾਲਿਆ ਕਾਵਾਂ ਵੇ, ਮੇਰਾ ਲਈਂ ਸੁਨੇਹਾ ਜਾ।
ਆਖੀਂ ਤਾਂ ਮੇਰੇ ਬਾਬਲ ਨੂੰ ਧੀ ਤਾਂ ਬੱਧੀਏ ਜਾ।

ਉੱਤਰ ਪ੍ਰਦੇਸ਼ ਦੇ ਲੋਕ-ਸਾਹਿੱਤ ਵਿਚ ਵੀ ਇਸ ਰੂਪ ਵਾਲਾ ਇਕ ਲੰਮਾ ਗੀਤ ਪ੍ਰਾਪਤ ਹੈ ਜੋ ਨਾਰੀ ਜੀਵਨ ਦਾ ਸੁਨਹਿਰੀ ਸਾਕਾ ਦਰਸਾਉਂਦਾ ਇਉਂ ਚੱਲਦਾ ਹੈ :

ਸੋਲਾਂ ਸਖੀ ਕੇ ਝੁੰਡ ਮੇਂ, ਸੁੰਦਰਿ ਪਾਨੀ ਕੋ ਜਾਇ।
ਬੀਚ ਮਿਲੇ ਮੋਗਲ ਕੇ ਛੋਕੜਾ, ਸੁੰਦਰਿ ਰਾਖੀ ਹੈ ਛਿਪਾਇ।
ਉਡਤੀ ਫਿਰੈ ਏ ਬਹਿਨ, ਏ ਬਚਨ ਲੀਏ ਜਾਇ।
ਏਹ ਬਚਨ ਮੇਰੇ ਬੀਰਨ ਸੇ ਕਹਿਨਾ, ਸੁੰਦਰ ਰਾਖੀ ਹਥ ਪਾਇ।
ਏਹ ਬਚਨ ਮੇਰੇ ਸੁਆਮੀ ਸੇ ਕਹਿਨਾ, ਸੁੰਦਰ ਰਾਖੀ ਹੈ ਛਪਾਇ।
ਉਡਤੀ ਚਿਰੇਯਾ ਬਹਿਨ ਮੋਰੀ, ਏਕ ਬਚਨ ਲੀਏ ਜਾਇ।
ਯਹ ਬਚਨ ਮੇਰੇ ਬਾਬਾ ਸੇ ਕਹਿਨਾ, ਸੁੰਦਰਿ ਰਾਖੀ ਹੈ ਛਿਪਾਇ।
ਬਾਬਾ ਸੁਨੇ ਠਾਂਢੇ ਗਿਰੇਂ, ਬੀਰਨ ਰਹੇ ਮੁਰਝਾਇ।
ਕੰਤ ਨੇ ਸੁਣ ਕੇ ਹੰਸ ਦੀਆ, ਏਕ ਗਈ ਲਾਊਂ ਦੁਇ ਚਾਰ।
ਆਗੇ ਕੇ ਘੋੜਵਾ ਬਾਬਾ ਜੀ, ਬੀਚੇ ਬੀਰਨ ਜੋ ਆਇ।
ਪੀਛੇ ਕੇ ਘੋੜਵਾ ਕੰਤ ਜੀ, ਹੰਸਤੇ ਆਵੈ ਮੁਸਕਾਇ।
ਲੈ ਰੇ ਮੁਗ਼ਲ ਕਾ ਛੋਕਰਾ, ਨੌ ਹਾਥੀ ਕਾ ਝੁੰਡ, ਲੈ ਰੇ ਮੁਗ਼ਲ ਕਾ ਛੋਕਰਾ,
ਡਾਲੀ ਸੋਨਾ ਭਰਾਇ, ਸੁੰਦਰਿ ਦੇਹੁ ਨ ਛੁਡਾਇ।
ਆਗ ਲਗੇ ਹਾਥੀ ਝੁੰਡ ਮੇਂ, ਸੁੰਦਰਿ ਰਾਖੋ ਮੈਂ ਛਿਪਾਇ।
ਭੂਖ ਮਰੇ ਚੰਦਾ ਸੁੰਦਰੀ, ਜਾਂ ਕੀ ਪਤਲੀ ਕਮਰ ਲੰਬੇ ਬਾਰ।
ਨੀਂਦ ਮਰੇ ਚੰਦਾ ਸੁੰਦਰੀ, ਜਾਂ ਕੀ ਪਤਲੀ ਕਮਰ ਲੰਬੇ ਬਾਲ।
ਜਾਹ ਰੇ ਮੋਗਲ ਕੇ ਛੋਕੜੇ, ਏਕ ਦੋ ਨਾ ਲੈ ਆਵੇ।
ਮੋਗਲ ਛੋਕਰੇ ਕਾ ਨਾ ਖਾਵੋ, ਰਾਖਹੁ ਬਾਬਾ ਕੀ ਲਾਜ।
ਜਾਹੁ ਰੇ ਮੋਗਲ ਕੇ ਛੋਕੜੇ, ਠੰਢਾ ਪਾਨੀ ਲੇ ਆਵੇ।
ਮੋਗਲ ਛੋਕੜੇ ਕਾ ਪਾਨੀ ਨਾ ਪੀਊਂ, ਰਾਖੋ ਬੀਰਨ ਕੀ ਲਾਜ।
ਜਾਹੁ ਰੇ ਮੋਗਲ ਕੇ ਛੋਕੜੇ, ਸੁੰਦਰਿ ਸੇਜ ਵਿਛਾਵੇ।
ਮੋਗਲ ਸੇਜ ਪਰ ਨ ਸੋਵਊਂ, ਰਾਖਊਂ ਕੰਤ ਕੀ ਲਾਜ।
ਹੋਹੁੰ ਜੋ ਸਤ ਬਾਬਾ ਕੇ ਬੇਟੀ, ਨਿਕਲੇ ਫਫੂੰਦੀ ਸੇ ਆਗ।
ਹੋਹੁੰ ਜੋ ਸਤ ਕੰਤ ਜੀ ਕੀ ਬਿਆਹੀ, ਨਿਕਲੇ ਫਫੂੰਦੀ ਸੇ ਆਗ।
ਕੋਠਾ ਉਪਰ ਕੋਠਰੀ ਬੀਚੇ ਲਾਗਾ ਕਵਾਰ।
ਤੇਹ ਮੇਂ ਜਰੇ ਚੰਦਾ ਸੁੰਦਰੀ, ਜਾਂ ਕੀ ਪਤਲੀ ਕਮਰ ਲੰਬੇ ਬਾਰ।
ਹਾਥ ਮਲੇ ਮੋਗਲ ਛੋਕੜਾ, ਸਿਰ ਧੁਨੇ ਪਠਾਨ।
ਈ ਕਾ ਕੀਏ ਚੰਦਾ ਬਾਵਰੀ, ਮੇਰਾ ਹਰੇ ਹੈ ਗਿਆਨ।

('ਹਮਾਰਾ ਗ੍ਰਾਮ ਸਾਹਿਤ', ਰਾਮ ਨਰੇਸ਼ ਤ੍ਰਿਪਾਠੀ)

ਇਹ ਲੋਕ-ਜੀਵਨ ਦੀਆਂ ਦੁਖਦਾਈ ਮਿਸਾਲਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਮੁਗਲ ਰਾਜ ਜਬਰ ਦਾ ਰਾਜ ਹੋ ਗਿਆ ਸੀ ਤੇ ਧੀ-ਭੈਣ ਦੀ ਕੋਈ ਇੱਜ਼ਤ ਨਹੀਂ ਸੀ। ਸਾਡਾ ਲੋਕ-ਕਵੀ ਵੀ ਇਸ ਦੀ ਪੁਸ਼ਟੀ ਕਰਦਾ ਹੈ:

ਧੀਆਂ ਵੇਚਣ ਕੁਆਰੀਆਂ ਫੜ ਕੇ, ਰਾਜ ਚੁਗੱਤਿਆਂ ਦਾ।

ਸਾਈਂ ਬੁੱਲ੍ਹੇ ਸ਼ਾਹ ਇਸੇ ਆਚਰਨਕ ਗਿਰਾਵਟ ਨੂੰ 'ਮੁਗਲਾਂ ਜ਼ਹਿਰ ਪਿਆਲੇ ਪੀਤੇ' ਕਹਿ ਕੇ ਜ਼ਾਹਰ ਕਰਦਾ ਹੈ।

ਫਿਰ ਜਦੋਂ ਨਾਦਰ ਸ਼ਾਹ ਦਾ ਹਮਲਾ 1739 ਈ: ਵਿਚ ਹੋਇਆ ਤਾਂ ਉਸ ਨੇ ਵੀ ਮੁਲਕ ਦਾ ਬੁਰਾ ਹਾਲ ਕੀਤਾ। ਇਸ ਮੰਦਹਾਲੀ ਦਾ ਜ਼ਿਕਰ ਇਸ ਲੋਕ-ਗੀਤ ਵਿਚ ਅੰਕਿਤ ਹੈ:

ਆਇਆ ਨਾਦਰ ਫਟੀ ਚਾਦਰ, ਚੁਲ੍ਹੀਂ ਰਿੱਝਣ ਚੌਲ ਕੁੜੇ।
ਆਇਆ ਨਾਦਰ ਫਟੀ ਚਾਦਰ, ਬਾਹੋਂ ਚੂੜਾ ਲਹਿਆ ਕੁੜੇ।
ਕੇ ਅਸਾਡਾ ਰਹਿਆ ਕੁੜੇ।
ਆਇਆ ਨਾਦਰ ਲੀਰਾਂ ਚਾਦਰ, ਪੈਰੀਂ ਪਈ ਬਿਆਈ ਕੁੜੇ।
ਵਿਚ ਗਲੀਆਂ ਪਤ ਗਵਾਈ ਕੁੜੇ।
ਆਇਆ ਨਾਦਰ ਢਹਿ ਪਈ ਚਾਦਰ, ਬਾਬਲ ਨੀਵੀਂ ਧੌਣ ਕੁੜੇ।
ਗਲੀਆਂ ਦੇ ਕੱਖ ਰੋਣ ਕੁੜੇ।

ਨਾਦਰ ਸ਼ਾਹ ਦਾ ਫ਼ੌਜਦਾਰ ਅਹਿਮਦ ਸ਼ਾਹ ਅਬਦਾਲੀ ਸੀ, ਜਿਸ ਨੇ ਇਸ ਤੋਂ ਪਿੱਛੋਂ ਪੰਜਾਬ ਉੱਤੇ ਸੱਤ-ਅੱਠ ਹਮਲੇ ਕੀਤੇ ਤੇ ਮੁਲਕ ਵੈਰਾਨ ਕਰ ਦਿੱਤਾ। ਉਸ ਵੇਲੇ ਹੀ ਇਹ ਅਖਾਣ ਲੋਕਾਈ ਦੀ ਜ਼ਬਾਨ 'ਤੇ ਚੜ੍ਹਿਆ ਸੀ:

ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।

ਅਜਿਹੀ ਧੱਕੇਸ਼ਾਹੀ ਤੇ ਲੁੱਟ ਮਾਰ ਦੀ ਹਾਲਤ ਵਿਚ ਆਮ ਲੋਕੀਂ ਘਰਾਂ ਦੇ ਬੂਹੇ ਬੰਦ ਕਰ ਕੇ ਅੰਦਰ ਲੁਕ ਕੇ ਬਹਿ ਜਾਂਦੇ ਸਨ ਤੇ ਕੋਈ ਦਰਵਾਜ਼ਾ ਖੋਲ੍ਹਣ ਦਾ ਨਾਂ ਨਹੀਂ ਸੀ ਲੈਂਦਾ, ਪਰ ਸਿੱਖ ਮਿਸਲਾਂ ਦੇ ਬੀਰ ਜੋਧਿਆਂ ਦੇ ਆਚਰਣ ਬਾਰੇ ਲੋਕ-ਰਾਇ ਬਿਲਕੁਲ ਵੱਖਰੀ ਸੀ। ਲੋਕ ਕਿਹਾ ਕਰਦੇ ਸਨ :

'ਆਏ ਨੀ ਨਿਹੰਗ ਬੂਹਾ ਖੋਲ੍ਹ ਦੇ ਨਿਸੰਗ।'

ਜਾਂ ਫਿਰ ਜਿਨ੍ਹਾਂ ਲੋਕਾਂ ਦੀਆਂ ਵਹੁਟੀਆਂ ਹਮਲਾਵਰਾਂ ਵੱਲੋਂ ਉਧਾਲ ਲਈਆਂ ਜਾਂਦੀਆਂ ਸਨ ਤਾਂ ਉਨ੍ਹਾਂ ਨੂੰ ਵੀ ਇੱਕੋ ਇਕ ਆਸ਼ਾ ਸੀ ਕਿ ਇਹ 'ਕੱਛਾਂ ਵਾਲੇ ਬਾਬੇ' ਹੀ ਉਸ ਨੂੰ ਵਾਪਸ ਲਿਆ ਸਕਦੇ ਹਨ। ਲੋਕ ਅਰਜ਼ੋਈਆਂ ਕਰਦੇ ਕਰਦੇ ਨਹੀਂ ਸੀ ਥੱਕਦੇ :

ਮੋੜੀਂ ਬਾਬਾ ਕੱਛ ਵਾਲਿਆ। ਛਈ ਰੰਨ ਗਈ ਬਸਰੇ ਨੂੰ ਗਈ।

ਸਾਡੇ ਲੋਕ-ਗੀਤ ਤੇ ਸਾਡੀਆਂ ਗਾਥਾਵਾਂ ਜਿਥੇ ਪੰਜਾਬੀ ਆਚਰਨਕ ਉੱਚਤਾ ਦੀ ਸ਼ਾਹਦੀ ਭਰਦੀਆਂ ਹਨ, ਉਥੇ ਇਹ ਵੀ ਸਪੱਸ਼ਟ ਕਰਦੀਆਂ ਹਨ ਕਿ ਪੰਜਾਬਣ ਨਾਰੀ ਉੱਚੇ ਚਰਿੱਤਰ ਦੀ ਮਾਲਕ ਹੈ ਤੇ ਉਹ ਅਬਲਾ ਨਹੀਂ, ਸਬਲਾ ਹੋ ਕੇ ਇਸ ਲਈ ਖ਼ੁਸ਼ੀ ਖ਼ੁਸ਼ੀ ਆਪਣਾ ਬਲੀਦਾਨ ਵੀ ਦੇ ਸਕਦੀ ਹੈ।

ਲੋਕ-ਗੀਤਾਂ ਵਿਚ ਧਾਰਮਿਕ ਤੇ ਨੈਤਿਕ ਤੱਤ

ਪੰਜਾਬੀ ਲੋਕ-ਗੀਤਾਂ ਵਿਚ ਧਾਰਮਿਕ ਅਤੇ ਨੈਤਿਕ ਤੱਤਾਂ ਦੀ ਭਾਲ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੋ ਗਿਆ ਹੈ ਕਿ ਪਹਿਲੇ ਧਾਰਮਿਕਤਾ ਤੇ ਨੈਤਿਕਤਾ ਦੇ ਯਥਾਰਥ ਸਵਰੂਪ ਨੂੰ ਜਾਣਿਆ ਜਾਵੇ, ਕਿਉਂਕਿ ਆਧੁਨਿਕ ਯੁੱਗ ਵਿਚ ਇਨ੍ਹਾਂ ਬਾਰੇ ਬਹੁਤ ਭੁਲੇਖੇ ਤੇ ਸ਼ੰਕੇ ਪਾਏ ਗਏ ਹਨ। ਕੋਈ ਧਰਮ ਨੂੰ ਜਾਦੂ-ਟੂਣਾ ਦੱਸਦਾ ਹੈ, ਕੋਈ ਭਰਮ ਵਹਿਮ-ਭਰਮ ਕੋਈ ਇਸ ਨੂੰ 'ਅਫ਼ੀਮ' ਆਖਦਾ ਹੈ ਤੇ ਕੋਈ ਸ਼ੈਤਾਨਾਂ ਦੀ ਸਕੀਮ। ਇਸੇ ਤਰ੍ਹਾਂ ਨੈਤਿਕ ਕਦਰਾਂ-ਕੀਮਤਾਂ ਨੂੰ ਵੀ ਰੂੜੀਵਾਦ ਨਾਲ ਜੋੜ ਕੇ ਛੁਟਿਆਇਆ ਜਾਂਦਾ ਹੈ ਤੇ ਇਹ ਆਮ ਕਿਹਾ ਜਾਂਦਾ ਹੈ ਕਿ ਇਹ ਪੁਰਾਣੇ ਜੀਵਨ-ਸਿਧਾਂਤ ਸਨ, ਹੁਣ ਦੀਆਂ ਮਨੋਵਿਗਿਆਨਕ ਖੋਜਾਂ ਇਨ੍ਹਾਂ ਨਾਲ ਸੰਮਤੀ ਨਹੀਂ ਰੱਖਦੀਆਂ। ਇਸ ਕਿਸਮ ਦੀ ਤਰਕਬਾਜ਼ੀ ਜ਼ਮਾਨੇ ਦਾ ਫ਼ੈਸ਼ਨ ਵੀ ਹੈ ਤੇ ਕੁਝ ਪਸ਼ੂ-ਬਿਰਤੀਆਂ ਦਾ ਉੱਗਰ ਉਛਾਲ। ਇਤਿਹਾਸਕ ਹਕੀਕਤ ਇਹ ਹੈ ਕਿ ਸਭਿਅਤਾ ਦੇ ਵਿਕਾਸ ਵਿਚ ਧਰਮ ਦਾ ਅਹਿਮ ਰੋਲ ਰਿਹਾ ਹੈ। ਇਸ ਨੇ ਇਨਸਾਨ ਨੂੰ ਸਰਬ-ਸ਼ਕਤੀਮਾਨ ਨਾਲ ਜੋੜ ਕੇ ਜਿਥੇ ਵਧੇਰੇ ਸ਼ਕਤੀਮਾਨ ਬਣਾਇਆ ਹੈ, ਉਥੇ ਸ਼ਿਸ਼ਟਾਚਾਰ ਸਿਖਾ ਕੇ ਸਭਿਆਚਾਰੀ ਵੀ ਬਣਾਇਆ ਹੈ। ਝੂਠ, ਫ਼ਰੇਬ ਤੇ ਕਤਲ ਖ਼ੂਨ ਦੀ ਹਾਲਤ ਤੋਂ ਉਠਾ ਕੇ ਮਨੁੱਖ ਨੂੰ ਸਤਿ ਤੇ ਅਹਿੰਸਾ ਦਾ ਮੁੱਦਈ ਬਣਾਉਣਾ ਧਰਮ ਦਾ ਹੀ ਕੰਮ ਸੀ।

ਪ੍ਰੰਤੂ ਸਾਨੂੰ ਅਜਿਹਾ ਮੰਨਣ ਤੋਂ ਵੀ ਇਨਕਾਰ ਨਹੀਂ ਕਿ ਏਸ਼ੀਆ ਅੰਦਰ ਰਾਜਨੀਤਕ ਸੱਤਾ ਦੇ ਤ੍ਰਿਸ਼ਨਾਲੂ ਹਮਲਾਵਰਾਂ ਨੇ ਇਸਲਾਮ ਦੇ ਨਾਂ 'ਤੇ ਕਈ ਕਿਸਮ ਦੇ ਭਿਆਨਕ ਅਤਿਆਚਾਰ ਕੀਤੇ ਤੇ ਇਸੇ ਤਰ੍ਹਾਂ ਯੂਰਪ ਅੰਦਰ ਈਸਾਈ ਧਰਮ ਅਤੇ ਸਦਾਚਾਰ ਦੇ ਨਾਂ 'ਤੇ ਕਈ ਪ੍ਰਕਾਰ ਦਾ ਦੁਰਾਚਾਰ ਹੋਇਆ। ਈਸਾਈ ਮਤ ਦੇ ਪੋਪਾਂ ਅਤੇ ਪਾਦਰੀਆਂ ਅੰਨ੍ਹੀ ਲੁੱਟ ਮਚਾ ਕੇ ਲੋਕਾਂ ਨੂੰ ਖ਼ੁਆਰ ਕੀਤਾ। ਇਸੇ ਦਾ ਸਿੱਟਾ ਸੀ ਕਿ ਧਰਮ ਨੂੰ ਜੀਵਨ ਲਈ ਘਾਤਕ, ਅਫ਼ੀਮ ਤਕ ਕਿਹਾ ਗਿਆ। ਭਾਰਤ ਵਿਚ ਵੀ ਧਰਮ ਦੇ ਨਾਂ 'ਤੇ ਭੇਖਧਾਰੀ ਪ੍ਰਪੰਚੀਆਂ ਸਾਧਾਰਨ ਲੋਕਾਂ ਨੂੰ ਵਰਗਲਾਇਆ ਤੇ ਪ੍ਰੋਹਿਤਾਂ ਅਤੇ ਹਾਕਮਾਂ ਇਸ ਦਾ ਵੱਧ ਤੋਂ ਵੱਧ ਨਿੱਜੀ ਲਾਭ ਉਠਾਇਆ, ਜਿਸ ਦੀ ਚਰਚਾ ਕਰਨਾ ਬੇਲੋੜਾ ਹੈ, ਪਰ ਇਹ ਤਾਂ ਸਪੱਸ਼ਟ ਹੀ ਹੈ ਕਿ ਖ਼ੁਦ ਸੱਚੇ ਧਾਰਮਿਕ ਆਗੂਆਂ ਨੇ ਆਪਣੀ ਬਾਣੀ ਵਿਚ ਅਜਿਹੇ ਭੇਖ ਤੇ ਪਖੰਡ ਨੂੰ ਬਾਰ ਬਾਰ ਨਿੰਦਿਆ ਹੈ। ਜੇਕਰ ਕੁਝ ਸਵਾਰਥੀ ਸਿਆਸਤਦਾਨ, ਧਰਮ ਦਾ ਨਾਂ ਵਰਤ ਕੇ ਆਪਣੀ ਪ੍ਰਭੂਸੱਤਾ

ਸਥਾਪਿਤ ਕਰਦੇ ਆਏ ਹਨ ਤਾਂ ਇਸ ਵਿਚ ਧਰਮ ਦਾ ਕੋਈ ਕਸੂਰ ਨਹੀਂ। ਰਾਜਨੀਤੀ ਸੰਸਾਰ-ਪ੍ਰਬੰਧ ਨੂੰ ਚਲਾਉਣ ਦਾ ਢੰਗ ਤਰੀਕਾ ਹੈ। ਜੇ ਕੋਈ ਇਸ ਦੇ ਨਾਂ ਉੱਤੇ ਝੂਠ ਬੋਲਦਾ ਹੈ ਜਾਂ ਦੂਜੇ ਨੂੰ ਧੋਖਾ ਦਿੰਦਾ ਹੈ ਤਾਂ ਇਹ ਸਿਆਸਤ ਨਹੀਂ ਕਹੀ ਜਾਂਦੀ। ਚੰਗੀ ਰਾਜਨੀਤੀ ਦਾ ਕੰਮ ਲੋਕ-ਭਲਾਈ ਲਈ ਵਧੀਆ ਮਨਸੂਬੇ ਅਮਲ ਵਿਚ ਲਿਆਉਣਾ ਹੈ। ਇਸੇ ਤਰ੍ਹਾਂ ਧਰਮ ਦਾ ਭਾਵ ਹਰਗਿਜ਼ ਇਹ ਨਹੀਂ ਕਿ ਕਿਸੇ ਨੂੰ ਵਰਗਲਾਇਆ ਜਾਵੇ ਜਾਂ ਜਾਨੋਂ ਮਾਰ ਮੁਕਾਇਆ ਜਾਵੇ। ਇਹ ਤਾਂ ਸੁਚੱਜੀ ਜੀਵਨ-ਜਾਚ ਹੈ ਜੋ ਸਮੇਂ ਸਮੇਂ ਵਿਕਸਤ ਹੁੰਦੀ ਰਹੀ ਹੈ ਤੇ ਮਾਨਵ ਜੀਵਨ ਨੂੰ ਬਿਹਤਰ ਬਣਾਉਣ ਲਈ ਕਾਰਜਸ਼ੀਲ ਰਹੀ ਹੈ।

ਜਾਬਰ ਬਾਦਸ਼ਾਹਾਂ ਨੇ ਜੋ ਕੁਝ ਵੀ ਕਿਤੇ ਕੀਤਾ, ਉਸ ਨੂੰ ਧਰਮ ਨਾਲ ਜੋੜਨਾ ਇਨਸਾਫ਼ ਨਹੀਂ। ਔਰੰਗਜ਼ੇਬ ਦੀ ਮਿਸਾਲ ਸਾਡੇ ਸਾਹਮਣੇ ਹੈ, ਜਿਸ ਨੇ ਆਪਣੇ ਪਿਉ ਨੂੰ ਕੈਦ ਕਰ ਕੇ ਤੇ ਭਾਈਆਂ ਨੂੰ ਕਤਲ ਕਰ ਕੇ ਗੱਦੀ ਹਾਸਲ ਕੀਤੀ ਤੇ ਹਜ਼ਾਰਾਂ ਬੇਗੁਨਾਹਾਂ ਦਾ ਖ਼ੂਨ ਵਹਾਇਆ। ਉਸ ਦੀ ਇਸ ਸਾਰੀ ਕਾਰਵਾਈ ਨੂੰ ਅਸੀਂ ਨਾ ਧਰਮ ਕਹਿ ਸਕਦੇ ਹਾਂ ਤੇ ਨਾ ਹੀ ਚੰਗੀ ਰਾਜਨੀਤੀ, ਇਹ ਤਾਂ ਮਨੁੱਖੀ ਜਾਮੇ ਵਿਚ ਹੈਵਾਨੀਅਤ ਵਾਲੀ ਕਰਤੂਤ ਸੀ, ਜਿਸ ਨੂੰ ਇਤਿਹਾਸ ਹਮੇਸ਼ਾ ਭੰਡਦਾ ਰਹੇਗਾ। ਸੋ, ਧਰਮ ਬੁਨਿਆਦੀ ਤੌਰ 'ਤੇ ਲੁੱਟ-ਖਸੁੱਟ ਜਾਂ ਮਾਰ-ਧਾੜ ਨਹੀਂ ਸਿਖਾਉਂਦਾ, ਸਗੋਂ ਹਰ ਧਰਮ ਦੇ ਬੁਨਿਆਦੀ ਅਸੂਲਾਂ ਵਿਚ ਇਹ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਕਿਸੇ ਦਾ ਮਾਲ ਚੋਰੀ ਨਾ ਕਰੋ, ਯਾਰੀ ਨਾ ਕਰੋ ਤੇ ਨਾ ਹੀ ਕਿਸੇ ਦੀ ਜਾਨ ਲਓ। ਝੂਠ ਵੀ ਨਾ ਬੋਲੋ ਤੇ ਨਾ ਹੀ ਕਿਸੇ ਦਾ ਦਿਲ ਦੁਖਾਓ। ਇਹ ਗੱਲਾਂ ਹਰ ਧਰਮ ਦੀ ਸਿੱਖਿਆ ਵਿਚ ਮੌਜੂਦ ਹਨ, ਪਰ ਜੇ ਕਦੀ ਕੁਝ ਸਵਾਰਥੀ ਨੀਤੀਵਾਨਾਂ ਧਰਮ ਦੇ ਨਾਂ ਦੀ ਦੁਰਵਰਤੋਂ ਕਰ ਕੇ ਆਪਣਾ ਉੱਲੂ ਸਿੱਧਾ ਕੀਤਾ ਹੈ ਤਾਂ ਇਸ ਨੂੰ ਧਰਮ ਨਾਲ ਜੋੜਨਾ ਬੇ-ਧਰਮੀ ਵਾਲੀ ਗੱਲ ਹੈ। ਸੇਨੇਕਾ ਦਾ ਕਥਨ—'ਧਰਮ ਆਮ ਲੋਕਾਂ ਦੀ ਨਜ਼ਰ ਵਿਚ ਸਚਿਆਈ ਹੈ, ਬਹੁਤੇ ਹੁਸ਼ਿਆਰ ਇਸ ਨੂੰ ਝੂਠ ਤਸੱਵਰ ਕਰਦੇ ਹਨ ਤੇ ਹਾਕਮ ਇਸ ਤੋਂ ਨਾਜਾਇਜ਼ ਫ਼ਾਇਦਾ ਉਠਾਉਂਦੇ ਰਹਿੰਦੇ ਹਨ।' ਬਹੁਤੀ ਤਬਦੀਲੀ ਨਹੀਂ ਮੰਨਦਾ। ਇਹ ਕੁਝ ਹੁੰਦਾ ਰਿਹਾ ਹੈ ਪਰ ਇਸ ਸਭ ਕੁਝ ਨੂੰ ਧਰਮ ਨਾਲ ਜੋੜਨਾ ਤਰਕ-ਸੰਗਤ ਨਹੀਂ। ਕਿਉਂਕਿ ਜੇ ਕੋਈ ਕਿਸੇ ਚੰਗੀ ਚੀਜ਼ ਦੀ ਦੁਰਵਰਤੋਂ ਕਰੇ ਤਾਂ ਇਸ ਦਾ ਦੋਸ਼ੀ ਕਰਨ ਵਾਲਾ ਹੀ ਹੁੰਦਾ ਹੈ ਨਾ ਕਿ ਉਹ ਚੀਜ਼। ਜੇ ਅੱਜ ਦੇ ਸਿਆਸਤਦਾਨ ਸਾਇੰਸ ਦਾ ਦੁਰ-ਪ੍ਰਯੋਗ ਕਰ ਕੇ ਤਬਾਹੀ ਦੇ ਬਾਨ੍ਹਣੂ ਬੰਨ੍ਹ ਰਹੇ ਹਨ ਤਾਂ ਇਹ ਦੋਸ਼ ਸਾਇੰਸ ਦਾ ਨਹੀਂ, ਸਗੋਂ ਸਾਰਾ ਕਸੂਰ ਇਸ ਦਾ ਗ਼ਲਤ ਇਸਤੇਮਾਲ ਕਰਨ ਵਾਲਿਆਂ ਦਾ ਹੈ।

1. ਅਧਿਆਤਮਕ ਵਿਸ਼ਵਾਸ

ਮੋਟੇ ਤੌਰ 'ਤੇ ਧਰਮ ਜ਼ਿੰਦਗੀ ਦੇ ਉਨ੍ਹਾਂ ਸੁਨਹਿਰੀ ਅਸੂਲਾਂ ਦਾ ਨਾਮ ਹੈ ਜਿਸ ਨਾਲ ਵਿਅਕਤੀ ਤੇ ਸਮਾਜ ਦਾ ਭਲਾ ਹੋ ਸਕੇ। ਪਹਿਲਾ ਅਸੂਲ ਹੈ ਕਰਨ ਕਰਾਵਨਹਾਰ ਅਦ੍ਰਿਸ਼ਟ ਪਰਮ-ਸੱਤਾ ਵਿਚ ਵਿਸ਼ਵਾਸ, ਦੂਜੇ ਸਦਾਚਾਰਕ ਨੇਮਾਵਲੀ

ਵਿਚ ਵਿਸ਼ਵਾਸ। ਅਧਿਆਤਮਕ ਵਿਸ਼ਵਾਸ ਇਹ ਮਾਰਗ ਦਰਸਾਉਂਦਾ ਹੈ ਕਿ ਮਨੁੱਖ ਨੇ ਮਾਲਕ ਪਰਮੇਸ਼ਰ ਨਾਲ ਕਿਵੇਂ ਰਿਸ਼ਤਾ ਕਾਇਮ ਕਰਨਾ ਹੈ ਤੇ ਸਦਾਚਾਰ ਇਹ ਗੱਲ ਸਿਖਾਉਂਦਾ ਹੈ ਕਿ ਮਨੁੱਖ ਦਾ ਦੂਜੇ ਮਨੁੱਖਾਂ ਨਾਲ ਰਿਸ਼ਤਾ ਕਿਹੋ ਜਿਹਾ ਹੋਣਾ ਚਾਹੀਦਾ ਹੈ। ਸਦਾਚਾਰ ਜਾਂ ਨੈਤਿਕਤਾ ਧਰਮ ਦਾ ਅਭਿੰਨ ਅੰਗ ਰਹੀ ਹੈ ਤੇ ਕਦੀ ਕਦੀ ਇਸੇ ਨੂੰ ਧਰਮ ਦਾ ਸਭ ਕੁਝ ਸਮਝਿਆ ਜਾਂਦਾ ਰਿਹਾ ਹੈ ਪਰ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਧਰਮ ਦੋਹਾਂ ਦੇ ਸੁਮੇਲ ਬਿਨਾਂ ਸੰਪੂਰਨ ਨਹੀਂ। ਜਿਵੇਂ ਕਿ ਮੋਰਕ ਹਾਪਕਿਨਜ਼ Mork Hopkins ਕਹਿੰਦਾ ਹੈ ਕਿ ਧਰਮ ਬਿਨਾਂ ਸਦਾਚਾਰ ਅਸੰਭਵ ਹੈ ਤੇ ਸਦਾਚਾਰ ਵਿਹੂਣਾ ਧਰਮ, ਭਰਮ ਮਾਤਰ ਹੈ। ਇਕ ਸਿਆਣਾ ਇਨ੍ਹਾਂ ਨੂੰ ਇੱਕੋ ਤਸਵੀਰ ਦੇ ਦੋ ਪਾਸੇ ਦੱਸਦਾ ਹੈ:

> Morality is religion in practice.
> Religion is morality in principle. *(Word Lane)*

ਸੋ, ਨੈਤਿਕਤਾ ਧਰਮ ਦਾ ਇਕ ਜ਼ਰੂਰੀ ਹਿੱਸਾ ਹੈ ਤੇ ਇਹ ਗੱਲ ਸਾਰੇ ਧਰਮਾਂ ਨੇ ਪਰਵਾਣ ਕੀਤੀ ਤੇ ਅਪਣਾਈ ਹੈ।

ਪੰਜਾਬੀ ਲੋਕ-ਜੀਵਨ ਸ਼ਿਸ਼ਟਾਚਾਰ ਦਾ ਪਾਂਧੀ ਹੈ ਤੇ ਇਸ ਦੇ ਲੋਕ-ਸਾਹਿੱਤ ਵਿਚ ਇਨ੍ਹਾਂ ਉੱਚੀਆਂ ਕਦਰਾਂ-ਕੀਮਤਾਂ ਨੂੰ ਅਪਣਾਇਆ ਗਿਆ ਹੈ। ਭਾਵੇਂ ਲੋਕ-ਗੀਤਾਂ ਦਾ ਸਮੁੱਚਾ ਵਿਸ਼ਾ ਧਰਮ ਜਾਂ ਨੈਤਿਕਤਾ ਨਹੀਂ, ਪਰ ਚੂੰਕਿ ਸਾਡੀ ਪ੍ਰਾਚੀਨ ਸੰਸਕ੍ਰਿਤੀ ਧਰਮ-ਪਰਾਇਣ ਰਹੀ ਹੈ, ਇਸ ਕਰਕੇ ਇਸ ਨੇ ਹਮੇਸ਼ਾ ਲੋਕ-ਜੀਵਨ ਨੂੰ ਪ੍ਰਭਾਵਿਤ ਕੀਤਾ ਤੇ ਲੋਕ-ਕਵੀਆਂ ਨੇ ਧਰਮ ਦੀਆਂ ਚੰਗੀਆਂ ਗੱਲਾਂ ਨੂੰ ਬਾਰ ਬਾਰ ਦੁਹਰਾਇਆ ਹੈ।

ਆਮ ਤੌਰ 'ਤੇ ਮਨੁੱਖ ਦੁਨਿਆਵੀ ਰਸਾਂ-ਕਸਾਂ ਦੇ ਲੋਭ ਕਰਕੇ ਜਾਂ ਆਪਣੇ ਅਹੰਕਾਰ ਕਰਕੇ ਰੱਬੀ ਵਿਸ਼ਵਾਸ ਨੂੰ ਕੋਈ ਬਹੁਤੀ ਥਾਂ ਨਹੀਂ ਦਿੰਦਾ, ਇਸ ਲਈ ਸੰਸਾਰਕ ਮੋਹ ਦਾ ਤੇ ਹਉਮੈ ਦਾ ਤਿਆਗ ਬਹੁਤ ਜ਼ਰੂਰੀ ਹੈ। ਇਸ ਕਰਕੇ ਲੋਕ-ਗੀਤਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਤੇ ਮਨੁੱਖੀ ਹਸਤੀ ਦੇ ਕਾਲਗ੍ਰਾਸ ਹੋ ਜਾਣ ਦੀ ਘਟਨਾ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ ਤਾਕਿ ਮਨੁੱਖ ਬੁਰਿਆਈਆਂ ਤੋਂ ਬਾਜ਼ ਆਵੇ ਤੇ ਸਾਰੀ ਸ਼ਕਤੀ ਚੰਗਿਆਈਆਂ ਵੱਲ ਲਾਵੇ। ਮਨੁੱਖੀ ਹਸਤੀ ਦਾ ਅਭਿਮਾਨ ਘਟਾਉਣ ਲਈ ਹੀ ਮੌਤ ਦਾ ਭੈਅ ਸਾਕਾਰ ਕੀਤਾ ਗਿਆ ਹੈ ਤਾਕਿ ਇਹ ਆਪਣੇ ਆਪ ਵਿਚ ਗ਼ਲਤਾਨ ਹੋ ਕੇ ਪੁੱਠੇ ਪਾਸੇ ਨਾ ਤੁਰੇ ਤੇ ਉੱਚੇ ਆਚਾਰ ਲਈ ਆਪਣਾ ਜੀਵਨ ਸਮਰਪਣ ਕਰੇ।

ਲੋਕ-ਗੀਤ, ਲੋਕ-ਮੰਨਤ ਦੇ ਪੱਤਰ ਪ੍ਰੇਰਕ ਹਨ, ਧਰਮ ਬਾਰੇ ਲੋਕ-ਨਜ਼ਰੀਆ ਇਹੋ ਹੈ ਕਿ ਇਹ ਕੋਈ ਨੇਕੀ ਦਾ ਸਮਰਤੱਖ ਰੂਪ ਹੈ, ਸਮੁੱਚੀ ਭਲਿਆਈ ਇਸ ਵਿਚ ਮੂਰਤੀਮਾਨ ਹੈ, ਇਸ ਕਰਕੇ ਇਹ ਸਦਾ ਜੀਵਤ ਰਹਿੰਦਾ ਹੈ:

> ਵੇਲਾਂ ਧਰਮ ਦੀਆਂ, ਵਿਚ ਦਰਗਾਹ ਦੇ ਹਰੀਆਂ।

ਲੋਕਾਂ ਦੀ ਮੰਨਤ ਇਕ ਕਿਸਮ ਦੀ ਨਹੀਂ, ਦੇਸ਼ ਕਾਲ ਅਨੁਸਾਰ ਕੁਝ ਉਸ

ਵਿਚ ਭਿੰਨ ਭੇਦ ਵੀ ਹੈ, ਪਰੰਤੂ ਇਹ ਗੱਲ ਪੱਕੀ ਹੈ ਕਿ ਮਨੁੱਖ ਆਪਣੀ ਸ਼ਕਤੀ-ਸੀਮਾ ਨੂੰ ਜਾਣਦਾ ਹੋਇਆ ਪਰ-ਸਰੀਰਿਕ ਜਾਂ ਗ਼ੈਬੀ ਸ਼ਕਤੀ ਵਿਚ ਵਿਸ਼ਵਾਸ ਕਰਕੇ ਤੁਰਦਾ ਹੈ, ਇਸ ਨਾਲ ਉਸ ਦਾ ਧਰਵਾਸ ਬਣਿਆ ਰਹਿੰਦਾ ਹੈ।

ਆਮ ਲੋਕ ਜਦ ਕਦੀ ਕੋਈ ਕੰਮ ਸ਼ੁਰੂ ਕਰਦੇ ਹਨ ਤਾਂ ਉਹ ਆਪਣੇ ਭਗਵਾਨ ਜਾਂ ਇਸ਼ਟ ਨੂੰ ਧਿਆ ਕੇ ਕੰਮ ਅਰੰਭਦੇ ਹਨ, ਕਿਉਂਕਿ ਬਜ਼ੁਰਗਾਂ ਦੀ ਦਿੱਤੀ ਸਿੱਖਿਆ ਇਹੋ ਹੈ:

ਪਹਿਲੋਂ ਨਾਮ ਮੈਂ ਹਰੀ ਦਾ ਜਪਦਾ, ਹੋਰ ਪਿੱਛੋਂ ਕੰਮ ਕਰਦਾ,
ਡੇਰੇ ਸੰਤਾਂ ਦੇ ਮੈਂ ਰਿਹਾ ਗੁਰਮੁਖੀ ਪੜ੍ਹਦਾ,
ਜਿਹੜਾ ਫਲ ਕੇਰਾਂ ਟੁੱਟਿਆ, ਉਹ ਫੇਰ ਨੀ ਵੇਲ 'ਤੇ ਚੜ੍ਹਦਾ,
ਕਹਿਣਾ ਸੰਤਾਂ ਦਾ ਮਾੜੇ ਬੰਦੇ ਦੇ ਕੋਲ ਨੀ ਖੜ੍ਹਦਾ,
ਨਾਉਂ ਪਰਮੇਸ਼ਰ ਦਾ ਮੈਂ ਲੈ ਕੇ ਗਿੱਧੇ ਵਿਚ ਵੜਦਾ।

ਇਹ ਮੰਗਲਾਚਰਣ ਹੈ, ਇਸ਼ਟ ਦੀ ਆਰਾਧਨਾ ਹੈ ਤਾਕਿ ਕੰਮ ਸਹਿਜ ਸੁਭਾਅ ਨੇਪਰੇ ਚੜ੍ਹ ਸਕੇ। ਧਰਮ ਵਿਚ ਇਹ ਰੱਬੀ ਭਰੋਸਾ ਸਭ ਤੋਂ ਵੱਡੀ ਚੀਜ਼ ਹੈ:

ਨਾਮ ਅੱਲ੍ਹਾ ਦਾ ਸਭ ਤੋਂ ਚੰਗਾ, ਸਭ ਨੂੰ ਇਹੋ ਸੁਹਾਏ,
ਗਿੱਧੇ 'ਚ ਉਸ ਦਾ ਕੰਮ ਕੀ ਵੀਰਨੋ, ਜਿਹੜਾ ਅੱਲ੍ਹਾ ਦਾ ਨਾਮ ਭੁਲਾਏ,
ਦੂਹਾਂ ਜਹਾਨਾਂ ਦਾ ਰੱਬ ਹੀ ਵਾਲੀ, ਉਹਦੀ ਸਿਫ਼ਤ ਕਹੀ ਨਾ ਜਾਏ,
ਰੱਬ ਦਾ ਨਾਉਂ ਲੈ ਲਏ, ਜੋ ਵੀ ਗਿੱਧੇ ਵਿਚ ਆਏ।

ਬੋਲੀ ਪਾਉਣ ਵੇਲੇ ਵੀ ਰੱਬ ਦਾ ਧਿਆਨ ਜ਼ਰੂਰੀ ਹੈ। ਕਵੀ ਆਖਦਾ ਹੈ:

ਰੱਬ ਧਿਆ ਕੇ ਮੈਂ ਪਾਵਾਂ ਬੋਲੀ, ਸਭ ਨੂੰ ਫ਼ਤੇਹ ਬੁਲਾਵਾਂ,
ਬੇਸ਼ਕ ਮੈਨੂੰ ਮਾੜਾ ਆਖੋ, ਮੈਂ ਮਿੱਠੇ ਬੋਲ ਸੁਣਾਵਾਂ,
ਭਾਈਵਾਲੀ ਮੈਨੂੰ ਲੱਗੇ ਪਿਆਰੀ, ਰੋਜ਼ ਗਿੱਧੇ ਵਿਚ ਆਵਾਂ,
ਗੁਰੂ ਦਿਆਂ ਸ਼ੇਰਾਂ ਦਾ, ਮੈਂ ਵੱਧ ਕੇ ਜੱਸ ਗਾਵਾਂ।

ਇਹ ਮਿੱਠੇ ਬੋਲ ਸੁਣਾਉਣ ਵਾਲੇ ਲੋਕ-ਕਵੀ ਦਾ ਪਵਿੱਤਰ ਆਦਰਸ਼ ਹੈ ਜੋ ਉਸ ਨੂੰ ਸਭ ਤੋਂ ਵੱਧ ਪਿਆਰਾ ਹੈ। ਉਹ ਭਾਈਵਾਲੀ ਜਾਂ ਪਰਸਪਰ ਪਿਆਰ ਹੈ। ਇਸੇ ਭ੍ਰਾਤ੍ਰੀ-ਭਾਵ ਆਸਰੇ ਕੌਮਾਂਤਰੀ ਸੰਮੇਲਨ ਦੀ ਇਮਾਰਤ ਉਸਰ ਸਕਦੀ ਹੈ। ਪਿੰਡਾਂ ਵਿਚ ਅਜੇ ਤਕ ਅਪਣੱਤ ਦਾ ਅੰਸ਼ ਮੌਜੂਦ ਹੈ। ਸ਼ਹਿਰਾਂ ਵਾਲੀ ਦਸ਼ਾ ਨਹੀਂ ਹੋਈ ਕਿ ਗੁਆਂਢੀ ਤਕ ਨੂੰ ਨਾ ਜਾਣਦੇ ਪਛਾਣਦੇ ਹੋਣ। ਧਰਮ ਦਾ ਉਪਦੇਸ਼ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਹੈ, ਇਸੇ ਨਾਲ ਪ੍ਰਾਣੀ ਮਾਤਰ ਨੂੰ ਪ੍ਰੇਮ ਪਿਆਰ ਦੀ ਮਾਲਾ ਵਿਚ ਪਰੋਇਆ ਜਾ ਸਕਦਾ ਹੈ। ਵੱਖ-ਵੱਖ ਸੰਪ੍ਰਦਾਵਾਂ ਭਾਵੇਂ ਰੱਬ ਬਾਰੇ ਵੀ ਵੱਖ-ਵੱਖ ਸੰਕਲਪ ਰੱਖਦੀਆਂ ਹਨ, ਪਰ ਲੋਕ-ਗੀਤਕਾਰ ਇਨ੍ਹਾਂ ਭਰਮਾਂ ਤੋਂ ਉਪਰ ਹਨ:

ਅੱਲ੍ਹਾ ਵਾਹਿਗੁਰੂ ਖ਼ੁਦਾ ਦਾ ਨਾਮ ਇਕ ਹੈ, ਭਰਮਾਂ 'ਚ ਪੈਗੀ ਦੁਨੀਆਂ।

ਇਸ ਤੋਂ ਇਲਾਵਾ ਜਿਥੇ ਉਹ ਆਦਰਸ਼ਕ ਸ਼ਖ਼ਸੀਅਤਾਂ ਦਾ ਹਵਾਲਾ ਦੇ ਕੇ ਉੱਚੇ ਆਚਾਰ ਦੀ ਵਕਾਲਤ ਕਰਦਾ ਹੈ, ਉਥੇ ਪਰਮੇਸ਼ਰ ਨੂੰ ਹੀ ਦਾਤਾ ਕਰਤਾ ਮੰਨਦਾ ਹੈ ਤੇ ਉਸੇ ਉਪਰ ਟੇਕ ਰੱਖਦਾ ਹੈ:

ਧਰਤੀ ਜੇਡ ਗਰੀਬ ਨਾ ਕੋਈ, ਇੰਦਰ ਜੇਡ ਨਾ ਦਾਤਾ,
ਬ੍ਰਹਿਮਾ ਜੇਡ ਨਾ ਪੰਡਿਤ ਕੋਈ, ਸੀਤਾ ਜੇਡ ਨ ਮਾਤਾ,
ਲਛਮਣ ਜੇਡ ਜਤੀ ਨਾ ਕੋਈ, ਰਾਮ ਜੇਡ ਨਹੀਂ ਭਰਾਤਾ,
ਬਾਬੇ ਨਾਨਕ ਜੇਡ ਭਗਤ ਨਾ ਕੋਈ, ਜਿਨ ਹਰਿ ਕਾ ਨਾਮ ਪਛਾਤਾ,
ਦੁਨੀਆਂ ਮਾਣ ਕਰਦੀ, ਰੱਬ ਸਭਨਾਂ ਦਾ ਦਾਤਾ।

ਮਨੁੱਖ ਦਾ ਅਭਿਮਾਨ ਨਿਰਾਰਥਕ ਹੈ। ਹੁਸਨ, ਦੌਲਤ ਤੇ ਲਿਆਕਤ ਜਾਂ ਅਧਿਆਤਮਕ ਪ੍ਰਾਪਤੀ ਦਾ ਦਾਅਵਾ ਕਰਨਾ ਸ਼ੋਭਦਾ ਨਹੀਂ, ਸਗੋਂ ਰੂਹਾਨੀ ਪੰਧ ਦੇ ਤੁਰਨ ਦਾ ਅਸਲ ਰਸਤਾ ਨਿਰਮਾਣਤਾ ਹੀ ਹੈ:

ਰੱਬ ਮਿਲਦਾ ਗਰੀਬੀ ਦਾਅਵੇ, ਦੁਨੀਆਂ ਮਾਣ ਕਰਦੀ।

ਰੱਬ ਤੋਂ ਬਿਨਾਂ ਰੱਬ ਵਰਗੀਆਂ ਮੰਨੀਆਂ ਜਾਣ ਵਾਲੀਆਂ ਪੂਜਨੀਕ ਹਸਤੀਆਂ ਦੇਵੀ-ਦੇਵਤਿਆਂ, ਪੀਰਾਂ-ਫ਼ਕੀਰਾਂ ਤੇ ਗੁਰੂਆਂ-ਅਵਤਾਰਾਂ ਲਈ ਵੀ ਲੋਕ-ਗੀਤਾਂ ਵਿਚ ਆਦਰ ਵਾਲੀ ਥਾਂ ਹੈ ਤੇ ਹਰ ਜਗਿਆਸੂ ਸ਼ਰਧਾਲੂ ਆਪਣੇ ਆਪਣੇ ਤਰੀਕੇ ਨਾਲ ਇਨ੍ਹਾਂ ਦੀ ਮਾਨਤਾ ਕਰਦਾ ਹੈ:

ਦੇਵੀ ਦੀ ਮੈਂ ਕਰਾਂ ਕੜਾਹੀ, ਪੀਰ ਫ਼ਕੀਰ ਧਿਆਵਾਂ,
ਹੈਦਰ ਸ਼ੇਖ਼ ਦਾ ਦੇਵਾਂ ਬੱਕਰਾ, ਨੰਗੇ ਪੈਰੀਂ ਜਾਵਾਂ,
ਹਨੂੰਮਾਨ ਦੀ ਦੇਵਾਂ ਮੰਨੀ, ਰਤੀ ਫ਼ਰਕ ਨਾ ਪਾਵਾਂ,
ਨੀ ਮਾਤਾ ਭਗਵਤੀਏ, ਮੈਂ ਤੇਰਾ ਜੱਸ ਗਾਵਾਂ।

ਇਸੇ ਤਰ੍ਹਾਂ ਉਪਕਾਰੀ ਗੁਰੂਆਂ ਦੇ ਕਾਰਨਾਮਿਆਂ ਨੂੰ ਬਾਰ ਬਾਰ ਸਲਾਹਿਆ ਗਿਆ:

ਹੱਟ ਖੁੱਲ੍ਹਗੀ ਬਾਬੇ ਨਾਨਕ ਦੀ, ਸੌਦਾ ਲੈਣਗੇ ਨਸੀਬਾਂ ਵਾਲੇ।

ਸਾਡੇ ਗੁਰਾਂ ਨੇ ਜਹਾਜ਼ ਬਣਾਇਆ, ਆ ਜੋ ਜੀਹਨੇ ਪਾਰ ਲੰਘਣਾ।

ਜਿਥੇ ਬੈਠਣਗੇ ਕਲਗੀਆਂ ਵਾਲੇ, ਧਰਤੀ ਨੂੰ ਭਾਗ ਲੱਗ ਗੇ।

ਇਕ ਗੱਲ ਧਿਆਨ ਗੋਚਰੇ ਕਰਨ ਵਾਲੀ ਹੈ ਕਿ ਲੋਕ-ਜੀਵਨ ਕਰਮ-ਕਾਂਡ ਦਾ ਹਾਮੀ ਨਹੀਂ, ਸਗੋਂ ਉਹ ਤਾਂ ਪ੍ਰੇਮ-ਭਗਤੀ ਤੇ ਸੱਚੀ ਸੁੱਚੀ ਭਾਵਨਾ 'ਤੇ ਜ਼ੋਰ ਦਿੰਦਾ ਹੈ। ਤੀਰਥ ਇਸ਼ਨਾਨ ਜਾਂ ਜਪ ਤਪ ਉਸ ਨੂੰ ਪਰਵਾਨ ਨਹੀਂ, ਉਹ ਤਾਂ ਸਾਫ਼ ਕਹਿੰਦਾ ਹੈ:

ਤੇਰੇ ਦਿਲ ਦੀ ਮੈਲ ਨਾ ਜਾਵੇ, ਨ੍ਹਾਉਂਦਾ ਫਿਰੇ ਤੀਰਥਾਂ 'ਤੇ।

ਜਾਂ: ਰੱਬ ਫਿਰਦਾ ਧੰਨੇ ਦੇ ਖੁਰ ਵੱਢਦਾ, ਉਹਨੇ ਕਿਹੜਾ ਕੱਛ ਪਾਈ ਸੀ।

2. ਸੰਸਾਰਕ ਨਾਸ਼ਮਾਨਤਾ

ਕੁਝ ਲੋਕ ਧਾਰਮਿਕਤਾ ਦਾ ਅਰਥ ਕੇਵਲ ਨੈਤਿਕਤਾ ਹੀ ਸਮਝਦੇ ਹਨ, ਪਰੰਤੂ ਧਰਮ ਅੰਦਰ ਬੁਨਿਆਦੀ ਚੀਜ਼ ਅਦ੍ਰਿਸ਼ਟ ਸੱਤਾ ਵਿਚ ਪੂਰਨ ਵਿਸ਼ਵਾਸ ਹੈ। ਇਹ ਵਿਸ਼ਵਾਸ ਤਾਂ ਹੀ ਦ੍ਰਿੜ੍ਹ ਹੁੰਦਾ ਹੈ ਜੇ ਮਨੁੱਖ ਇਸ ਦਿੱਸਦੇ ਸੰਸਾਰ ਨੂੰ ਲੋੜ ਤੋਂ ਵੱਧ

ਅਹਿਮੀਅਤ ਨਾ ਦੇਵੇ। ਇਹੋ ਗੱਲ ਨਿਸਚੇ ਕਰਾਉਣ ਲਈ ਲੋਕ-ਗੀਤਾਂ ਵਿਚ ਇਕ ਹੋਰ ਨੁਕਤੇ ਉੱਤੇ ਬਾਰ ਬਾਰ ਜ਼ੋਰ ਦਿੱਤਾ ਗਿਆ ਹੈ ਕਿ ਇਹ ਦੁਨਿਆਵੀ ਪਦਾਰਥ ਜਾਂ ਸਰੀਰਕ ਰਸ ਕਸ ਨਾਸ਼ ਹੋ ਜਾਣ ਵਾਲੇ ਹਨ ਅਤੇ ਬੰਦੇ ਦੀ ਹਸਤੀ ਵੀ ਫ਼ਾਨੀ ਹੈ। ਅਸੀਂ ਦੇਖਦੇ ਹਾਂ ਕਿ ਨਿੱਤ ਨਵੇਂ ਸੂਰਜ ਜੀਵਨ ਦੀ ਸ਼ਾਮ ਪੈਂਦੀ ਹੈ, ਹੱਸਦਾ ਖੇਡਦਾ, ਵਿਉਂਤਾਂ ਬਣਾਉਂਦਾ ਤੇ ਅਡੰਬਰ ਰਚਦਾ ਮਨੁੱਖ ਛਿਨ ਵਿਚ ਸਭ ਕੁਝ ਛੱਡ ਛਡਾ ਕੇ ਅੱਖਾਂ ਮੀਟ ਜਾਂਦਾ ਹੈ। ਸੋ ਦੁਨੀਆਂ ਨਾਸ਼ਵਾਨ ਹੈ ਤੇ ਬੰਦਾ ਵੀ ਨਾਸ਼ਵਾਨ। ਮੌਤ ਭਾਵੇਂ ਸਾਡੇ ਮਨ-ਪਸੰਦ ਦੀ ਚੀਜ਼ ਨਹੀਂ ਤੇ ਨਾ ਹੀ ਅਸੀਂ ਇਸ ਦੇ ਨਾਲ ਜਾ ਕੇ ਖ਼ੁਸ਼ ਹਾਂ ਪਰ ਇਹ ਸਾਨੂੰ ਮੱਲੋ-ਮੱਲੀ ਲੈ ਜਾਂਦੀ ਹੈ ਤੇ ਇਹ ਵੀ ਇਕ ਅਟੱਲ ਸਚਾਈ ਹੈ ਕਿ ਹਮੇਸ਼ਾ ਇਥੇ ਕਿਸੇ ਨੇ ਬੈਠ ਨਹੀਂ ਰਹਿਣਾ। ਖੁੰਢਾਂ 'ਤੇ ਬੈਠਣ ਵਾਲਿਆਂ ਅਤੇ ਸਿੰਘਾਸਨਾਂ 'ਤੇ ਸੁਸ਼ੋਭਿਤ ਹੋਣ ਵਾਲਿਆਂ ਲੱਦ ਜਾਣਾ ਹੈ। ਆਖ਼ਰ ਇਹ ਮੇਲੇ, ਮਹਿਫ਼ਲਾਂ ਤੇ ਤ੍ਰਿੰਝਣ ਸਭ ਛੱਡਣੇ ਪੈਣਗੇ। ਪ੍ਰਭਾਤ ਦੇ ਸਿਤਾਰਿਆਂ ਵਾਂਗ ਵਾਰੀ ਵਾਰੀ ਸਭ ਦੀ ਚਮਕ ਇਕ ਅਥਾਹ ਅੰਧੇਰ ਸਾਗਰ ਵਿਚ ਲੀਨ ਹੁੰਦੀ ਜਾਵੇਗੀ। ਮੌਤ ਦੀ ਨਜ਼ਰ ਵਿਚ ਪ੍ਰਮਾਣੂਆਂ ਦੀ ਛਾਣ-ਬੀਣ ਕਰਨ ਵਾਲੇ ਸਾਇੰਸਦਾਨ ਤੇ ਤੂੜੀ ਦੇ ਢੇਰ ਵਿੱਚੋਂ ਦਾਣੇ ਛਾਂਟਣਹਾਰੇ ਕਿਸਾਨ ਵਿਚ ਕੋਈ ਭੇਦ ਨਹੀਂ। ਉਹ ਅੱਖਰ ਜੋੜ ਜੋੜ ਕਿਤਾਬਾਂ ਲਿਖਣ ਵਾਲੇ ਵਿਦਵਾਨਾਂ ਤੇ ਇੱਟਾਂ ਪੱਥਰ ਜੜ੍ਹਨ ਵਾਲੇ ਰਾਜ-ਕਾਰੀਗਰਾਂ ਨੂੰ ਇੱਕੋ ਨਜ਼ਰ ਨਾਲ ਤੱਕਦੀ ਹੈ। ਅਮੀਰ, ਵੱਢੀ ਦੇ ਕੇ ਉਸ ਤੋਂ ਬਚ ਨਹੀਂ ਸਕਦਾ ਤੇ ਗ਼ਰੀਬ ਦੇ ਤਰਲੇ ਉਥੇ ਕੋਈ ਤਰਸ ਨਹੀਂ ਪੈਦਾ ਕਰਦੇ। ਸਭ ਨੂੰ ਜਾਣਾ ਪੈਂਦਾ ਹੈ, ਕਿਉਂਕਿ ਕਾਲ ਬਲੀ ਅੱਗੇ ਕਿਸੇ ਨੂੰ ਹੀਲ-ਹੁੱਜਤ ਕਰਨ ਦੀ ਜੁਰਅਤ ਨਹੀਂ:

ਕਾਲੀ ਰਾਤ ਹਨੇਰੀ, ਕੋਈ ਲਟਕਣ ਤਾਰੇ,
ਕੋਈ ਲਟਕ ਗਏ, ਕੋਈ ਲਟਕਣਹਾਰੇ।

ਜਿਹੜੇ ਪੱਤਣ ਪਾਣੀ ਅੱਜ ਕੱਲ ਜਾਣਾ, ਫੇਰ ਲਾ ਲੰਘਣਾ ਭਲਕੇ,
ਬੇੜੀ ਦਾ ਪੂਰ ਤ੍ਰਿੰਝਣ ਦੀਆਂ ਕੁੜੀਆਂ, ਨਾ ਬੈਠਣ ਫਿਰ ਰਲ ਕੇ।

ਚਲ ਵੇ ਮਨਾ ਬਿਗਾਨਿਆਂ ਧਨਾ, ਕਾਹਨੂੰ ਪ੍ਰੀਤਾਂ ਜੜੀਆਂ,
ਓੜਕ ਏਥੋਂ ਚਲਣਾ ਇਕ ਦਿਨ, ਕਬਰਾਂ ਉਡੀਕਣ ਖੜੀਆਂ।

ਛੁੱਪ ਜਾਊ ਕੁਲ ਦੁਨੀਆਂ, ਇਥੇ ਨਾਮ ਸਾਈਂ ਦਾ ਰਹਿਣਾ,
ਸੋਹਣੀ ਜਿੰਦੜੀ ਨੇ, ਰਾਹ ਮੌਤਾਂ ਦੇ ਪੈਣਾ।

ਕਈ ਨਵੀਨ ਵਿਚਾਰਵਾਨ ਮੌਤ ਦਾ ਚੇਤਾ ਕਰਾਉਣ ਤੇ ਸੰਸਾਰ ਦੇ ਮੋਹ ਤੋਂ ਵਰਜਣ ਹਟਾਉਣ ਨੂੰ ਅਪਸਾਰਵਾਦੀ ਰੁਚੀ ਦਾ ਸਿੱਟਾ ਦੱਸਦੇ ਹਨ, ਪਰ ਇਹ ਤਾਂ ਹਕੀਕਤ ਹੈ ਕਿ ਇਸ ਹੋਣੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦੂਸਰੇ ਇਹ ਵੀ ਧਿਆਨ ਵਿਚ ਰੱਖਣਾ ਯੋਗ ਹੀ ਹੈ ਕਿ ਸੰਸਾਰਕ ਨਾਸ਼ਮਾਨਤਾ ਤੇ ਮੌਤ ਦੀ ਅਮੋੜਤਾ ਦੀ ਝਾਕੀ ਦਿਖਾ ਕੇ ਧਰਮ ਨੇ ਮਨੁੱਖ ਨੂੰ ਇਸ ਗੱਲ ਲਈ ਤਿਆਰ ਕੀਤਾ ਹੈ ਕਿ ਉਹ ਆਪਣੇ ਅਸਲੀ ਫ਼ਰਜ਼ ਦੀ ਪਛਾਣ ਕਰੇ, ਕਿਉਂਕਿ ਫੇਰ ਇਹ ਮੌਕਾ ਹੱਥ ਨਹੀਂ ਆਉਣਾ:

ਹੁਸਨ, ਜੁਆਨੀ, ਮਾਪੇ, ਤਿੰਨ ਰੰਗ ਨਹੀਂ ਲੱਭਣੇ।

ਕੀ ਮੁਨਿਆਦਾਂ ਤੇਰੀਆਂ, ਪਾਣੀ ਦਿਆ ਬੁਲਬੁਲਿਆ।

ਜੇ ਰੰਗ ਰੂਪ ਦੇ ਤੋਤਿਆਂ ਨੇ ਉੱਡ ਹੀ ਜਾਣਾ ਹੈ ਅਤੇ ਦੁਰੰਗੇ ਲਾਉਂਦੀ ਕਾਲੀ ਤਿੱਤਰੀ ਨੂੰ ਬਾਜ਼ ਨੇ ਹੀ ਦਬੋਚ ਲੈਣਾ ਹੈ ਤਾਂ ਫਿਰ ਇਸ ਅਵਸਰ ਤੋਂ ਜ਼ਰੂਰ ਪੂਰਾ ਫ਼ਾਇਦਾ ਉਠਾਉਣਾ ਚਾਹੀਦਾ ਹੈ ਤੇ ਜ਼ਿੰਦਗੀ ਦੀ ਸਹੀ ਮੰਜ਼ਲ ਵੱਲ ਕਦਮ ਵਧਾਉਣਾ ਹੀ ਦਾਨਾਈ ਹੈ। ਇਹ ਗੀਤ ਵੈਰਾਗ ਤੇ ਸ਼ਿੰਗਾਰ ਦੀ ਭਾਵਨਾ ਨੂੰ ਜੋੜ ਕੇ ਇਕ ਨਵਾਂ ਸੰਦੇਸ਼ਾ ਦਿੰਦਾ ਹੈ:

ਹਰਿ ਕੇ ਨਾਮ ਦੀ ਫੇਰਦੇ ਮਾਲਾ, ਡਿਗਦੇ ਠਣ ਠਣ ਮਣਕੇ,
ਬਿਨ ਮੁਕਲਾਈ ਕੁੜੀਏ, ਮੌਜਾਂ ਮਾਣ ਲੈ ਪਟੋਲਾ ਬਣ ਕੇ,
ਰੰਗਲੀ ਦੁਨੀਆਂ 'ਚੋਂ ਅੰਤ ਚੱਲਣਾ ਮੁਸਾਫ਼ਰ ਬਣ ਕੇ।

ਮਨੁੱਖ ਦੀ ਬੁਨਿਆਦੀ ਭੁੱਲ ਇਹੋ ਹੈ ਕਿ ਇਹ ਆਪਣੇ ਆਪ ਨੂੰ ਮੁਸਾਫ਼ਰ ਨਹੀਂ ਮੰਨਦਾ, ਸਗੋਂ ਸਰਾਂ ਦੀਆਂ ਸਾਰੀਆਂ ਕੋਠੜੀਆਂ ਨੂੰ ਜੰਦਰੇ ਲਾ ਕੇ ਆਪਣੇ ਕਬਜ਼ੇ ਕਰਨ 'ਤੇ ਤੁਲਿਆ ਹੋਇਆ ਹੈ, ਪਰ ਮਹਾਂਬਲੀ ਕਾਲ, ਇਹ ਕਬਜ਼ਾ ਰਹਿਣ ਨਹੀਂ ਦਿੰਦਾ, ਆਪਣੇ ਦੂਤ ਭੇਜ ਕੇ ਤਟ-ਫਟ ਸਭ ਕੁਝ ਛੁਡਾ ਲੈਂਦਾ ਹੈ। ਆਖ਼ਰ ਇਸ ਕਿਰਾਏਦਾਰ ਨੂੰ ਮਕਾਨ ਖ਼ਾਲੀ ਕਰਨਾ ਪੈਂਦਾ ਹੈ:

ਹਰਾ ਮੂੰਗੀਆ ਬੰਨ੍ਹਦਾ ਏਂ ਸਾਫਾ, ਬਣਿਆ ਫਿਰਦਾ ਏਂ ਜਾਨੀ,
ਭਾੜੇ ਦੀ ਹੱਟ ਵਿਚ ਰਹਿ ਕੇ ਬੰਦਿਆ, ਮੌਜ ਬਥੇਰੀ ਮਾਣੀ,
ਵਿਚ ਕਾਲਿਆਂ ਦੇ ਧੌਲੇ ਆ ਗਏ, ਆ ਗਈ ਮੌਤ ਨਿਸ਼ਾਨੀ,
ਬਦੀਆਂ ਨਾ ਕਰ ਵੇ, ਕੇ ਦਿਨ ਦੀ ਜ਼ਿੰਦਗਾਨੀ।

ਲੰਮਿਆਂ! ਤੇਰੀ ਕਬਰ ਪੁਟੀਂਦੀ, ਨਾਲ ਪੁਟੀਂਦਾ ਖਾਤਾ,
ਭਰ ਭਰ ਚੇਪੇ ਹਿੱਕ 'ਤੇ ਰੱਖਦਾ, ਹਿੱਕ ਦਾ ਪਏ ਤੜਾਕਾ,
ਸੋਹਣੀਆਂ ਸ਼ਕਲਾਂ ਦਾ, ਵਿਚ ਕਬਰਾਂ ਦੇ ਵਾਸਾ।

ਕਾਲੀ ਤਿਤਰੀ ਕਮਾਦੋਂ ਨਿਕਲੀ, ਉੱਡਦੀ ਨੂੰ ਬਾਜ਼ ਪੈ ਗਿਆ।

ਕਬਰਾਂ ਉਡੀਕਦੀਆਂ, ਜਿਉਂ ਪੁੱਤਰਾਂ ਨੂੰ ਮਾਵਾਂ।

ਇਕ ਹੋਰ ਗੀਤ ਵਿਚ ਜੁਆਨੀ ਦੇ ਅੰਤ ਦੀ ਰੰਗਲੀ ਕਹਾਣੀ ਇਉਂ ਦਿੱਤੀ ਹੈ:

ਬਾਂਹੀਂ ਤੇਰੇ ਚੂੜਾ ਸੋਂਹਦਾ, ਵਿਚ ਗਲੀਆਂ ਦੇ ਗਾਂਦੀ,
ਇਕ ਦਿਨ ਐਸਾ ਆ ਜਾਊ ਕੁੜੀਏ, ਲੱਦੀ ਸਿੜ੍ਹੀ 'ਤੇ ਜਾਂਦੀ,
ਅੱਧ ਵਿਚਾਲੇ ਕਰ ਦਿਆਂ ਲਾਹਾ, ਘਰ ਤੋਂ ਦੂਰ ਲਿਆਂਦੀ,
ਗੇੜਾ ਦੇ ਕੇ ਭੰਨ ਲਈ ਮੱਘੀ, ਕੁੱਤੀ ਪਿੰਨਾਂ ਨੂੰ ਖਾਂਦੀ,
ਦਿਲ ਦੇ ਪਿਆਰੇ ਲਾਉਂਦੇ ਲਾਂਬੂ, ਲਾਟ ਗਿਰਦੀਆਂ ਖਾਂਦੀ,
ਆਊ ਵਰੋਲਾ ਲੈ ਜਾਊ ਤੈਨੂੰ, ਸੁਆਹ ਛੱਪੜਾਂ ਨੂੰ ਜਾਂਦੀ,
ਧੀ ਕਲਬੂਤਰੀਏ! ਸੁਇਨਾ ਰੇਤ ਰਲਿ ਜਾਂਦੀ।

ਇਕ ਹੋਰ ਗੀਤ ਹੈ ਜੋ ਮੌਤ ਦੇ ਕਾਰੇ ਬਿਆਨ ਕਰਦਾ ਦਿੱਲੀ ਤੇ ਪਟਿਆਲੇ ਦੀਆਂ ਸੋਗੀ ਘਟਨਾਵਾਂ ਵੱਲ ਇਸ਼ਾਰੇ ਕਰਦਾ ਹੈ:

ਮੌਤ ਮੌਤ ਨ ਕਰਿਆ ਕਰ ਨੀ, ਦੇਖ ਮੌਤ ਦੇ ਕਾਰੇ,
ਪਹਿਲਾਂ ਮੌਤ ਨੇ ਦਿੱਲੀ ਲੁੱਟ ਲੀ, ਫੇਰ ਆ ਵੜੀ ਪਟਿਆਲੇ,
ਪਟਿਆਲੇ ਵਾਲੇ ਦੀ ਕੰਜਰੀ ਮਰ'ਗੀ, ਰੌਣਕ ਲੈ'ਗੀ ਨਾਲੇ,
ਮੇਲਾ ਕੋਈ ਦਿਨ ਦਾ, ਘੁੰਡ ਚੁੱਕ ਲੈ ਪਤਲੀਏ ਨਾਰੇ।

ਸੋ, ਮੌਤ ਨੂੰ ਬਾਰ ਬਾਰ ਯਾਦ ਕਰਾਉਣ ਦਾ ਮੰਤਵ ਇਤਨਾ ਹੀ ਹੈ ਕਿ ਮਨੁੱਖ ਸਮੇਂ ਸਿਰ ਆਪਣੇ ਕਰਤੱਵ ਦਾ ਪਾਲਣ ਕਰੇ ਤੇ ਅਸਲ ਨਿਸ਼ਾਨੇ ਤੋਂ ਨਾ ਖੁੰਝੇ।

ਸੰਖੇਪ ਵਿਚ ਧਰਮ ਦਾ ਕੰਮ ਮਨੁੱਖ ਦੇ ਅਹੰਕਾਰ ਨੂੰ ਨਿਵਾਰ ਕੇ ਆਤਮਾ ਨੂੰ ਹਮਵਾਰ ਜਾਂ ਸਾਵਾਂ ਪੱਧਰਾ ਕਰਨਾ ਹੈ। ਇਹ ਸਤਿ ਕਰਤਾਰ ਦੇ ਸਿਦਕ ਭਰੋਸੇ ਤੇ ਸਿਮਰਨ ਨਾਲ ਹੀ ਸੰਭਵ ਹੈ। ਦੂਜਾ ਕੰਮ ਇਸ ਨੂੰ ਬੁਰਿਆਈ ਵੱਲੋਂ ਹੋੜ ਕੇ ਚੰਗਿਆਈ ਵੱਲ ਲਗਾਉਣਾ ਹੈ, ਤਾਕਿ ਇਹ ਆਪਣੇ ਆਪ ਨੂੰ ਬੇਦਾਗ਼ ਰੱਖ ਕੇ ਉੱਚਿਆਂ ਉੱਠ ਸਕੇ ਤੇ ਸਮਾਜ ਦੀ ਭਲਾਈ ਲਈ ਲੋੜੀਂਦਾ ਹਿੱਸਾ ਪਾ ਸਕੇ।

3. ਸਦਾਚਾਰਕ ਸਿੱਖਿਆ

ਲੋਕ-ਗੀਤਾਂ ਵਿਚ ਬਦੀ ਤੋਂ ਬਚਣ ਅਤੇ ਨੇਕੀ ਕਮਾਉਣ ਉੱਤੇ ਬਾਰ ਬਾਰ ਜ਼ੋਰ ਦਿੱਤਾ ਗਿਆ ਹੈ। ਭਾਵੇਂ ਇਹ ਇਸ ਦਾ ਸਮੁੱਚਾ ਵਿਸ਼ਾ ਨਹੀਂ, ਪਰ ਫਿਰ ਵੀ ਲੋਕ-ਗੀਤ ਭੰਡਾਰ ਇਸ ਤੋਂ ਸੱਖਣਾ ਨਹੀਂ।

ਚੀਨੀ ਲੋਕ-ਗੀਤਾਂ ਦਾ ਇਕ ਪੁਰਾਤਨ ਸੰਗ੍ਰਹਿ ਢਾਈ ਹਜ਼ਾਰ ਵਰ੍ਹੇ ਤੋਂ ਵੀ ਪੁਰਾਣਾ ਦੱਸਿਆ ਜਾਂਦਾ ਹੈ। 1937 ਈ: ਵਿਚ ਆਰਥਰ ਵੈਲੀ ਨੇ ਇਸ ਦਾ ਅੰਗਰੇਜ਼ੀ ਅਨੁਵਾਦ ਕੀਤਾ। ਉਹ ਇਸ ਦੀ ਭੂਮਿਕਾ ਵਿਚ ਲਿਖਦਾ ਹੈ ਕਿ ਇਹ ਸੰਕਲਨ ਕਨਫ਼ਯੂਸਿਸ ਦੀ ਨਿਗਰਾਨੀ ਹੇਠ ਤਿਆਰ ਹੋਇਆ ਸੀ ਤੇ ਇਸ ਦੀ ਵਰਤੋਂ ਸਦਾਚਾਰਕ ਸਿੱਖਿਆ ਦੇਣ ਲਈ ਕੀਤੀ ਜਾਂਦੀ ਸੀ। ਅਸਲ ਲਫ਼ਜ਼ ਹਨ:

The Collection was in early days knows the chine simply as the *shih* (song-words) later, as the *shih ching* (song word scripture). It has been known to Europeans as the odes, the Confucian odes, the Book poetry. The Songs are indeed 'Confucian' in the sense that Confucious (who lived 500 B.C.) and his followers use them as texts for moral instruction.

(The Book of Songs, p.18)

ਪੰਜਾਬੀ ਲੋਕ-ਗੀਤਾਂ ਵਿਚ ਵੀ ਇਹ ਵਿਸ਼ੇਸ਼ਤਾ ਮੌਜੂਦ ਹੈ। ਨੇਕੀ ਜਾਂ ਚੰਗਿਆਈ ਦੇ ਮੁੱਖ ਲੱਛਣਾਂ ਵਿਚ ਸੱਚ ਬੋਲਣਾ, ਜਤ ਸਤ ਪਾਲਣਾ, ਉਪਕਾਰ ਕਰਨਾ ਤੇ ਨਿਮਰਤਾ ਧਾਰਨ ਕਰ ਕੇ ਜੀਵਨ ਬਸਰ ਕਰਨਾ ਹੈ। ਇਹੋ ਅਮਲ ਹੀ ਮਨੁੱਖ ਦਾ

ਅੱਗਾ ਪਿੱਛਾ ਬਣਾਉਂਦੇ ਹਨ, ਬਾਕੀ ਭੇਖ ਦਿਖਾਵੇ ਦੀਆਂ ਗੱਲਾਂ ਕੋਈ ਬਾਹਲਾ ਅਰਥ ਨਹੀਂ ਰੱਖਦੀਆਂ। ਕਰਮ-ਕਾਂਡੀ ਲੋਕ ਭਾਵੇਂ ਕਿਸੇ ਨੂੰ ਕਿਵੇਂ ਊਚ-ਨੀਚ ਸਮਝਣ, ਪਰ ਲੋਕ-ਕਵੀ ਗੱਜ ਵੱਜ ਕੇ ਸੱਚ ਸੱਚ ਆਖਦਾ ਹੈ:

ਅਮਲਾਂ 'ਤੇ ਹੋਣਗੇ ਨਿਬੇੜੇ, ਜਾਤਿ ਕਿਸੇ ਪੁੱਛਣੀ ਨਹੀਂ।

ਪੁੰਨ ਪਾਪ ਨੀ ਜਿੰਦੜੀਏ ਤੇਰੇ, ਤੱਕੜੀ 'ਚ ਤੋਲੇ ਜਾਣਗੇ।

ਇਸੇ ਕਰਕੇ ਸੱਚ 'ਤੇ ਪਹਿਰਾ ਦੇਣ ਵਾਲੇ ਲੋਕਾਂ ਦੀ ਥਾਂ-ਥਾਂ ਪ੍ਰਸ਼ੰਸਾ ਕੀਤੀ ਗਈ ਹੈ ਤਾਕਿ ਧਰਮ ਦਾ ਪਾਸਾ ਬਲਵਾਨ ਹੋਵੇ। ਸਾਊ ਗੱਭਰੂਆਂ ਦੀ ਤਾਰੀਫ਼ ਕਰਦਿਆਂ ਕਿਹਾ ਹੈ:

ਸਾਡੇ ਪਿੰਡ ਦੇ ਮੁੰਡੇ ਸੁਣੀਂਦੇ, ਹੈਗੇ ਬਹੁਤ ਅਨਾਮੀ,
ਨਾ ਉਹ ਮਾੜੀ ਬੈਠਕ ਬਹਿੰਦੇ, ਨਾ ਖੱਟਦੇ ਬਦਨਾਮੀ,
ਸਿਰ ਮੁੰਡਿਆਂ ਦੇ ਸੋਹਦੀ ਟਸਰੀ, ਗਲ ਵਿਚ ਕਾਲੀ ਗਾਨੀ।
ਕਲੂਕਾਲ ਦਾ ਆ ਗਿਆ ਪਹਿਰਾ, ਬਚਿਓ ਝੂਠ ਤੂਫ਼ਾਨੋਂ,
ਭਲਿਆ ਲੋਕਾਂ ਨੂੰ ਦਾਗ ਜੁ ਲਗਦੇ, ਡਿੱਗਦੀ ਬਿੱਜ ਅਸਮਾਨੋਂ,
ਸੁਰਗਪੁਰੀ ਨੂੰ ਸੋਈ ਜਾਣਗੇ, ਜਿਹੜੇ ਸੱਚੇ ਰਹਿਣ ਜ਼ਬਾਨੋਂ।

ਇਸੇ ਤਰ੍ਹਾਂ ਮਿੱਠਾ ਬੋਲਣਾ ਸ਼ਿਸ਼ਟਾਚਾਰ ਦਾ ਇਕ ਜ਼ਰੂਰੀ ਅੰਗ ਹੈ। ਮਧੁਰ ਬਚਨ ਮਧੁਰ ਤੇ ਮਨੋਹਰ ਸ਼ਖ਼ਸੀਅਤ ਦੀ ਜ਼ਮਾਨਤ ਹਨ, ਇਸੇ ਕਰਕੇ/ਲੋਕ-ਗੀਤਕਾਰ ਤਾਕੀਦ ਕਰਦਾ ਹੈ:

ਕੌੜੇ ਬੋਲ ਨਾ ਬੋਲ ਮੇਲਣੇ, ਕੀ ਲੈਣਾ ਗੁਸੈਲੀ ਬਣ ਕੇ,
ਰੂਪ ਤੈਨੂੰ ਰੱਬ ਨੇ ਦਿੱਤਾ, ਤੂੰ ਗਿੱਧੇ 'ਚ ਆ ਬਣ ਠਣ ਕੇ।

ਉੱਚੀਆਂ ਕੰਧਾਂ ਨੀਵੇਂ ਆਲੇ, ਨੇਕੀ ਲੈ ਜਾਣਗੇ, ਮਿੱਠੀਆਂ ਜ਼ਬਾਨਾਂ ਵਾਲੇ।

ਜਦੋਂ ਪਤੀ ਨੌਕਰੀ ਦੇ ਨਾਤੇ ਪ੍ਰਦੇਸ ਨੂੰ ਤੁਰਦਾ ਹੈ ਤਾਂ ਉਹ ਆਪਣੀ ਜੀਵਨ-ਸਾਥਣ ਨੂੰ ਜੋ ਜ਼ਰੂਰੀ ਤਾਕੀਦ ਕਰਦਾ ਹੈ, ਉਹ ਇਹੋ ਕਿ ਤੂੰ ਮਿੱਠੇ ਵਰਤਾਰੇ ਨਾਲ ਜੀਵਨ ਦੇ ਇਹ ਪਲ ਲੰਘਾਉਣੇ ਹਨ, ਮਧੁਰ ਬੋਲ ਹੀ ਤੇਰੇ ਕੰਮ ਆਉਣੇ ਹਨ:

ਆਪ ਤੁਰ ਚਲਿਆ ਸਾਨੂੰ ਛੱਡ ਚਲਿਆ, ਕਿਤ ਬਿਧਿ ਕੱਟਣੀ ਬਾਲੜੀ ਵਰੇਸ ਵੇ ਹੋ।
ਨਿੱਕਾ ਨਿੱਕਾ ਕੱਤਣਾ ਮਿੱਠਾ ਮਿੱਠਾ ਬੋਲਣਾ, ਹੱਸ ਹੱਸ ਕੱਟਣੀ ਬਾਲੜੀ ਵਰੇਸ ਵੇ ਹੋ।

ਸਾਡੇ ਪੇਂਡੂ ਜੀਵਨ ਵਿਚ ਬਚਨ ਪਾਲਣ ਦਾ ਬੜਾ ਮਹੱਤਵ ਹੈ। ਜੋ ਆਦਮੀ ਤੋਲ ਬੋਲ ਦਾ ਪੂਰਾ ਨਹੀਂ, ਉਸ ਨੂੰ ਆਦਰ ਦੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ ਜਾਂਦਾ। ਬਚਨ ਪਾਲਣ ਦਾ ਅਸਲ ਭਾਵ ਇਹ ਵੀ ਹੈ ਕਿ ਜਿਸ ਜੀਵਨ-ਸਾਥਣ ਨਾਲ ਹਮਸਫ਼ਰ ਬਣ ਕੇ ਚੱਲਣ ਦਾ ਵਾਅਦਾ ਕੀਤਾ ਹੈ, ਉਸ ਨੂੰ ਜਿਵੇਂ ਕਿਵੇਂ ਨਿਭਾਉਣਾ ਹੈ, ਕਿਸੇ ਤਰ੍ਹਾਂ ਬੇਵਫ਼ਾਈ ਨਹੀਂ ਕਰਨੀ। ਅੱਜ ਦਾ ਪੱਛਮੀ ਸੰਸਾਰ ਤਲਾਕਾਂ ਦੇ ਤੂਫ਼ਾਨ ਅੰਦਰ ਘਿਰਿਆ ਹੋਇਆ ਹੈ ਤੇ ਦਿਨ-ਬਦਿਨ ਇਸ ਵਿਚ ਵਾਧਾ ਹੀ ਹੋ ਰਿਹਾ ਹੈ। ਸਾਡੇ ਅੱਜ ਦੇ ਸਮਾਜ-ਵਿਗਿਆਨੀ ਇਸ ਦਾ ਕੋਈ ਚੰਗਾ ਸਮਾਧਾਨ ਨਹੀਂ ਲੱਭ

ਸਕੇ ਪਰ ਪੇਂਡੂ ਸੰਸਕ੍ਰਿਤੀ ਨੇ ਇਸ ਲਈ ਸੌਖੀ ਸ਼ਰਤ ਰੱਖੀ ਹੋਈ ਹੈ ਕਿ ਮਰਦ ਉਹੋ ਹੈ ਜੋ ਬਚਨਾਂ ਦਾ ਪੂਰਾ ਹੋਵੇ।

ਸੁਣ ਵੇ ਮੁੰਡਿਆ ਕੈਂਠੇ ਵਾਲਿਆ, ਖੂਹ ਟੋਭੇ ਨਾ ਜਾਈਏ,
ਖੂਹ ਟੋਭੇ ਤੇਰੀ ਹੋਵੇ ਚਰਚਾ, ਚਰਚਾ ਨਾ ਕਰਵਾਈਏ,
ਜੀਹਦੀ ਬਾਂਹ ਫੜੀਏ, ਸਿਰ ਦੇ ਨਾਲ ਨਿਭਾਈਏ।

ਝੂਠੇ ਉਹ ਨੀ ਨਾਜ਼ੋ, ਜਿਹੜੇ ਫਿਰਨ ਕੁਆਰੇ,
ਝੂਠੇ ਉਹ ਨੀ ਨਾਜ਼ੋ, ਜਿਹੜੇ ਬਚਨਾਂ ਤੋਂ ਹਾਰੇ।

ਪਿੰਡ ਦੀ ਮਾਸੂਮ ਜ਼ਿੰਦਗੀ ਵਿਚ ਅਜੇ ਵੀ ਇਹ ਅਹਿਸਾਸ ਹੈ ਕਿ ਆਪਣੇ ਬਚਨ 'ਤੇ ਪਹਿਰਾ ਦੇਣਾ ਹੈ। ਜੇ ਕਿਤੇ ਜ਼ਰਾ ਕੁਤਾਹੀ ਹੋ ਗਈ ਤਾਂ ਉਹ ਆਪਣੇ ਪਿਆਰੇ ਦੋਸਤ ਦੇ ਸਾਹਮਣੇ ਆਉਣ ਤਕ ਦੀ ਹਿੰਮਤ ਨਹੀਂ ਕਰਦੇ।

ਮੱਥੇ ਯਾਰ ਦੇ ਲੱਗਿਆ ਨਾ ਜਾਵੇ, ਝੂਠੀ ਪੈ 'ਗੀ ਬਚਨਾਂ ਤੋਂ।

ਦੂਜੇ ਪਾਸੇ ਕਿਤੇ ਕਿਤੇ ਬੁਰਿਆਈ ਦਾ ਰੁਝਾਨ ਵੀ ਹੈ, ਚੋਰੀ ਜਾਰੀ ਦਾ ਐਬ ਮਨੁੱਖ ਨੂੰ ਥੱਲੇ ਡੇਗਦਾ ਹੈ ਪਰ ਲੋਕ-ਕਵੀ ਪ੍ਰਤੀਕਾਂ ਰਾਹੀਂ ਫੇਰ ਪ੍ਰੇਰਦਾ ਹੈ:

ਸੱਸੜੀਏ ਸਮਝਾ ਲੈ ਪੁੱਤ ਨੂੰ, ਰਾਤ ਨੂੰ ਘਰ ਨਾ ਆਵੇ।
ਘਰ ਦੀ ਸ਼ੱਕਰ ਬੂਰੇ ਵਰਗੀ, ਗੁੜ ਚੋਰੀ ਦਾ ਖਾਵੇ।

ਸਾਡੇ ਸਮਾਜ ਵਿਚ 'ਏਕਾ ਨਾਰੀ ਸਦਾ ਜਤੀ' ਦਾ ਸਿਧਾਂਤ ਕੰਮ ਕਰਦਾ ਹੈ। ਹਰ ਸਾਊ ਮਨੁੱਖ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਸੰਜਮ ਤੇ ਸ੍ਵੈ-ਕਾਬੂ ਤੋਂ ਕੰਮ ਲਵੇ ਤੇ ਇਹ ਮਰਿਆਦਾ ਨਿਭਾਵੇ। ਪਰ ਕਈ ਆਦਮੀ ਇਸ ਦਾ ਉਲੰਘਣ ਕਰਦੇ ਦੇਖੀਦੇ ਹਨ, ਜੋ ਇਕ ਤੋਂ ਵੱਧ ਸ਼ਾਦੀਆਂ ਕਰ ਕੇ ਬਿਪਤਾ ਨੂੰ ਸੱਦਾ ਦਿੰਦੇ ਹਨ। ਲੋਕ- ਕਵੀ ਅਜਿਹਿਆਂ ਦਾ ਮਜ਼ਾਕ ਉਡਾ ਕੇ ਸਮਝਾਉਂਦਾ ਹੈ ਕਿ ਅਜਿਹੀ ਦੁਰਦਸ਼ਾ ਤੋਂ ਬਚਣਾ ਹੀ ਭਲਾ ਹੈ:

ਸਿੰਘ ਜੀ! ਦੋ ਦੋ ਰੰਨਾਂ ਬੁਰੀਆਂ
ਇਕ ਪਕਾਂਦੀ ਟਾਪਾਂ, ਦੂਈ ਚਾੜ੍ਹੇ ਵੜੀਆਂ,
ਸਿੰਘ ਹੁਰਾਂ ਪਾਣੀ ਮੰਗਿਆ, ਦੂਇ ਭਰ ਛੰਨਾ ਖੜੀਆਂ,
ਸੜ ਬਲ ਗਈਆਂ ਟਾਪਾਂ, ਕੋਇਲੇ ਹੋ ਗਈਆਂ ਵੜੀਆਂ।
ਸਿੰਘ ਹੋਰਾਂ ਪਲੰਘ ਵਿਛਾਯਾ, ਦੂਇ ਟੱਪ ਸੇਜੇ ਚੜ੍ਹੀਆਂ,
ਇਕ ਫੜੇਂਦੀ ਦਾੜ੍ਹੀਓਂ, ਦੂਈ ਮੁੱਛਾਂ ਫੜੀਆਂ,
ਕੋਠੇ ਚੜ੍ਹ ਕੇ ਕੂਕਦਾ, 'ਲੋਕੋ! ਦੋਏ ਰੰਨਾਂ ਬੁਰੀਆਂ, ਲੋਕੋ! ਦੋਏ ਰੰਨਾਂ ਬੁਰੀਆਂ।'

ਸਾਡਾ ਸਭਿਆਚਾਰ ਸਾਊ ਸਭਿਆਚਾਰ ਹੈ, ਜਿਸ ਵਿਚ ਸ਼ੇਖੀ ਤੇ ਬਾਹਲੀ ਸ਼ੁਕੀਨੀ ਤੋਂ ਵੀ ਬਚਣ ਦਾ ਉਪਦੇਸ਼ ਹੈ ਤਾਕਿ ਭੋਲੀ ਭਾਲੀ ਰੂਹ ਕਿਤੇ ਬੁਰਿਆਈ ਦਾ ਸ਼ਿਕਾਰ ਨਾ ਹੋ ਜਾਵੇ। ਇਸ ਕਰਕੇ ਨਿੱਕੀਆਂ ਨਿੱਕੀਆਂ ਗੱਲਾਂ ਵੱਲ ਧਿਆਨ ਰੱਖਿਆ ਜਾਂਦਾ ਹੈ। ਮਾਂ ਬਾਪ ਇਸ ਗੱਲ ਲਈ ਵਧੇਰੇ ਚੇਤੰਨ ਦਿੱਸਦੇ ਹਨ। ਆਪਣੇ ਪਾਸ ਰੁਮਾਲ ਰੱਖਣਾ ਜਾਂ ਕਿਤੇ ਅੱਖ ਵਿਚ ਸੁਰਮਾ ਪਾ ਲੈਣਾ, ਕਿਹੜੀ ਇਤਰਾਜ਼ ਵਾਲੀ ਗੱਲ ਹੈ ਪਰ ਮਾਪੇ ਆਪਣੀ ਬੱਚੀ ਨੂੰ ਇਹੋ ਤਰਬੀਅਤ ਦੇ ਕੇ ਰਾਜ਼ੀ ਹਨ:

ਧਾਰੀ ਬੰਨ੍ਹ ਸੁਰਮਾ ਨਾ ਪਾਈਏ, ਧੀਏ ਘਰ ਮਾਪਿਆਂ ਦੇ।

ਜਾਂ : ਧੀਏ ਚੱਜ ਨੀ ਵੱਸਣ ਦੇ ਤੇਰੇ, ਹੱਥ 'ਚ ਰੁਮਾਲ ਰੱਖਦੀ।

ਕਿਤੇ ਮਾਂ ਬਾਪ ਸੁਯੋਗ ਵਰ ਦੇਖ ਕੇ ਲੜਕੀ ਦੀ ਮੰਗਣੀ ਕਰ ਆਉਂਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਮੁੰਡੇ ਦਾ ਰੰਗ ਜ਼ਰਾ ਪੱਕਾ ਹੈ, ਪਰ ਉਸ ਦੀਆਂ ਹੋਰ ਖ਼ੂਬੀਆਂ ਦੇਖ ਕੇ ਉਹ ਰਿਸ਼ਤਾ ਵੀ ਪੱਕਾ ਕਰ ਆਉਂਦੇ ਹਨ, ਪਰ ਨਾਲ ਹੀ ਆਪਣੀ ਧੀ ਨੂੰ ਸਮਝਾਉਂਦੇ ਹਨ ਕਿ ਤੂੰ ਦੁਬਿਧਾ ਵਿਚ ਨਹੀਂ ਪੈਣਾ :

ਰੰਗ ਸੁਣੀਂਦਾ ਮੁੰਡੇ ਦਾ ਕਾਲਾ, ਦੇਖੀਂ ਧੀਏ ਨਿੰਦ ਨਾ ਦੇਈਂ।

ਸਹਿਣਸ਼ੀਲ ਬੇਟੀ ਇਸ ਦਾ ਵਿਰੋਧ ਨਹੀਂ ਕਰਦੀ ਅਤੇ ਪਰਵਾਨ ਕਰ ਲੈਂਦੀ ਹੈ।

ਪੰਜਾਬਣ ਮੁਟਿਆਰ ਦੇ ਆਚਾਰ ਨੂੰ ਜਿਵੇਂ ਲੋਕ-ਗੀਤਾਂ ਵਿਚ ਸਾਕਾਰ ਕੀਤਾ ਗਿਆ ਹੈ, ਉਹ ਖ਼ਾਸ ਧਿਆਨ ਦਾ ਮੁਥਾਜ ਹੈ। ਉਹ ਉੱਚੇ ਇਖ਼ਲਾਕ ਦੀ ਮਾਲਕ ਬੇਦਾਗ਼ ਸੁਆਣੀ ਹੈ ਜੋ ਆਪਣੇ ਜੀਵਨ-ਸਾਥੀ ਦੇ ਬਿਨਾਂ, ਕਿਸੇ ਹੋਰ ਨਾਲ ਜਾਣ-ਪਛਾਣ ਪਾਉਣਾ ਵੀ ਮੁਨਾਸਬ ਨਹੀਂ ਸਮਝਦੀ।

ਇਕ ਮੁੱਛ-ਫੁੱਟ ਗਭਰੇਟ ਵਿਆਹ ਤੋਂ ਫ਼ੌਰਨ ਬਾਅਦ ਫ਼ੌਜ ਵਿਚ ਭਰਤੀ ਹੋ ਕੇ ਪਰਦੇਸ ਚਲਾ ਜਾਂਦਾ ਹੈ, ਤੇ ਪੰਜ ਚਾਰ ਸਾਲ ਨਹੀਂ ਮੁੜਦਾ। ਜਦੋਂ ਚਿਰ ਕਾਲ ਬਾਅਦ ਛੁੱਟੀ 'ਤੇ ਘਰ ਪਰਤਦਾ ਹੈ ਤਾਂ ਉਸ ਦੇ ਚੰਗੀ ਦਾੜ੍ਹੀ ਆਈ ਹੁੰਦੀ ਹੈ ਤੇ ਉਹ ਭਰਵੇਂ ਚੇਹਰੇ ਵਾਲਾ ਗੱਭਰੂ ਵੱਖਰਾ-ਵੱਖਰਾ ਜਾਪਦਾ ਹੈ। ਪਿੰਡ ਵੜਦਿਆਂ ਹੀ ਕੀ ਦੇਖਦਾ ਹੈ ਕਿ ਇਕ ਸੁੰਦਰੀ ਖ਼ੂਹ 'ਤੇ ਪਾਣੀ ਭਰ ਰਹੀ ਹੈ ਤੇ ਉਹ ਤੇਹ ਦਾ ਮਾਰਿਆ ਉਸ ਤੋਂ ਪਾਣੀ ਦੀ ਜਾਚਨਾ ਕਰਦਾ ਹੈ, ਪਰ ਉਹ ਸਾਊਜ਼ਾਦੀ ਉਸ ਨੂੰ ਨਾ ਪਛਾਣਦੀ ਹੋਈ ਨਾਬਰ ਹੁੰਦੀ ਹੈ ਤੇ ਕਹਿੰਦੀ ਹੈ ਕਿ ਤੂੰ ਆਪਣੇ ਹੱਥੀਂ ਪਾਣੀ ਕੱਢ ਕੇ ਪੀ ਲੈ, ਮੈਂ ਤੈਨੂੰ ਪਾਣੀ ਨਹੀਂ ਪਿਆ ਸਕਦੀ, ਕਿਉਂਕਿ ਮੈਂ ਤੇਰੀ ਜਾਣਕਾਰ ਨਹੀਂ। ਅਗਿਆਤ ਆਦਮੀ ਨਾਲ ਵਾਹ ਪਾਉਣਾ ਸਾਊਆਂ ਲਈ ਸ਼ੋਭਦਾ ਨਹੀਂ। ਗੀਤ ਤੁਸਾਂ ਕਈ ਵਾਰ ਸੁਣਿਆ ਹੈ :

ਖੂਹੇ ਉਤੇ ਪਾਣੀ ਭਰੇਂਦੀਏ ਮੁਟਿਆਰੇ ਨੀ,
ਘੁਟ ਕੁ ਪਾਣੀ ਪਿਆਲ ਬਾਂਕੀਏ ਨਾਰੇ ਨੀ,
ਆਪਣਾ ਭਰਿਆ ਨਾ ਦਿਆਂ ਸਿਪਾਹੀਆ ਵੇ,
ਲੱਜ ਪਈ ਭਰ ਪੀ ਬਾਂਕਿਆ ਰਾਹੀਆ ਵੇ।
ਮੈਂ ਤੇਰੀ ਮਹਿਰਮ ਨਾ।

ਪਿੱਛੋਂ ਪਛਾਣ ਬਾਅਦ ਘਰ ਆ ਕੇ ਮੁਆਫ਼ੀ ਵੀ ਮੰਗ ਲੈਂਦੀ ਹੈ, ਪਰ ਪਹਿਲੇ ਉਸ ਦਾ ਇਨਕਾਰ ਉੱਚੇ ਆਚਾਰ ਦਾ ਸਾਕਾਰ ਰੂਪ ਹੈ।

ਕਿਤਨੀ ਸ਼ਰਮ ਤੇ ਕਿਤਨਾ ਸੰਕੋਚ ਹੈ ਜੋ ਕਿ ਇਸਤਰੀ ਜਾਤੀ ਦਾ ਸ਼ਿੰਗਾਰ ਹੈ। ਅੱਜ-ਕੱਲ੍ਹ ਦਾ ਸਮਾਂ ਐਸਾ ਹੋ ਗਿਆ ਹੈ ਕਿ ਹਰ ਨੌਜੁਆਨ ਤੇ ਹਰ ਮੁਟਿਆਰ ਮੱਲੋ-ਮੱਲੀ ਇਕ ਦੂਜੇ ਦਾ ਮਹਿਰਮ ਹੋਣਾ ਚਾਹੁੰਦਾ ਹੈ ਤੇ ਸਦਾਚਾਰਕ ਕੀਮਤਾਂ ਨੂੰ ਉਲੰਘ ਕੇ ਇਕ ਮੱਲ ਮਾਰੀ ਸਮਝਦਾ ਹੈ।

ਕਈ ਭੱਦਰ ਪੁਰਸ਼ 'ਲਿੰਗ ਸੁਤੰਤਰਤਾ' ਦੇ ਨਾਂ 'ਤੇ ਐਸੀ ਖੁੱਲ੍ਹ ਦੀ ਹਮਾਇਤ ਵੀ ਕਰਨਗੇ ਪਰ ਸਾਡਾ ਲੋਕ-ਸ਼ਿਸ਼ਟਾਚਾਰ ਇਸ ਦੀ ਆਗਿਆ ਨਹੀਂ ਦਿੰਦਾ।

ਸਮੁੱਚੇ ਤੌਰ 'ਤੇ ਦੇਖਿਆਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸਾਡੇ ਲੋਕ-ਗੀਤ ਸੁਚੱਜੀ ਜੀਵਨ-ਜਾਚ ਦੀ ਵਕਾਲਤ ਕਰ ਕੇ ਮਨੁੱਖ ਨੂੰ ਚੰਗੇ ਪਾਸੇ ਲਾਉਣ ਦਾ ਜਤਨ ਕਰਦੇ ਹਨ ਤੇ ਸਦਾ ਬੁਰਿਆਈ ਤੋਂ ਬਚਣ ਦੀ ਤਾੜਨਾ ਕਰਦੇ ਹਨ, ਜੋ ਇਕ ਚੰਗੇ ਸਾਹਿੱਤ ਦਾ ਗੁਣ ਹੈ।

ਲੋਕ-ਗੀਤਾਂ ਵਿਚ ਹਾਸ-ਰਸ

ਹੱਸਣਾ ਜੀਵਨ ਦੀ ਸਰਬ-ਅੰਗੀ ਖ਼ੁਰਾਕ ਹੈ। ਅਸੀਂ ਕਿਸੇ ਚੀਜ਼ ਦੀ ਵੀ ਕਮੀ ਨੂੰ ਹਾਸੇ ਤਮਾਸ਼ੇ ਨਾਲ ਕੁਝ ਕੁਝ ਪੂਰਿਆਂ ਕਰ ਸਕਦੇ ਹਾਂ, ਪਰ ਇਸ ਦੀ ਥਾਂ ਹੋਰ ਕੋਈ ਚੀਜ਼ ਨਹੀਂ ਰੱਖੀ ਜਾ ਸਕਦੀ। ਹੱਸ-ਹੱਸ ਕੇ ਸ਼ਾਇਦ ਅਸੀਂ ਪਾਣੀ ਜਾਂ ਰੋਟੀ ਦੀ ਲੋੜ ਨੂੰ ਭੁੱਲ ਜਾਈਏ ਤੇ ਉਨ੍ਹਾਂ ਦੀ ਕਮੀ ਥੋੜ੍ਹੇ ਚਿਰ ਲਈ ਮਹਿਸੂਸ ਨਾ ਹੋਵੇ, ਪਰ ਇਹ ਕਦਾਚਿਤ ਨਹੀਂ ਹੋ ਸਕਦਾ ਕਿ ਬਹੁਤਾ ਪਾਣੀ ਪੀ ਕੇ ਜਾਂ ਰੋਟੀ ਖਾ ਕੇ ਹਾਸੇ ਵਾਲੀ ਮੌਜ ਮਾਣੀ ਜਾ ਸਕੇ। ਸੋ, ਹਾਸਾ ਤਮਾਸ਼ਾ ਸਰਬ ਰੋਗ ਦਾ ਔਖਧ ਹੈ। ਇਟਲੀ ਦਾ ਅਖਾਣ ਹੈ ਕਿ ਹੱਸਣ ਨਾਲ ਲਹੂ ਵੱਧਦਾ ਹੈ ਤੇ ਇਹ ਹੈ ਵੀ ਠੀਕ। ਇਸੇ ਤਰ੍ਹਾਂ ਚੀਨ ਦਾ ਇਕ ਪ੍ਰਚੱਲਤ ਮੁਹਾਵਰਾ ਹੈ—"ਜਿਸ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਨਹੀਂ, ਉਸ ਨੂੰ ਕਦੀ ਦੁਕਾਨ ਨਹੀਂ ਕਰਨੀ ਚਾਹੀਦੀ।" ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਜ਼ਿੰਦਗੀ ਦੀ ਸਿਹਤ ਤੇ ਆਮ ਕਾਰ-ਵਿਹਾਰ ਲਈ ਵੀ ਹਾਸੇ ਦੀ ਕਿਤਨੀ ਲੋੜ ਹੈ।

ਹੱਸਣ ਦੀ ਇਕ ਸਰਬ ਅੰਗੀ ਮਹੱਤਤਾ ਨੂੰ ਮੰਨ ਕੇ ਹੀ ਸਾਡੇ ਸਾਹਿੱਤਕਾਰਾਂ ਨੇ ਸਾਹਿੱਤ ਦੇ ਨੌਂ ਰਸਾਂ ਵਿਚ ਸ਼ਿੰਗਾਰ ਤੋਂ ਬਾਅਦ ਹਾਸ-ਰਸ ਨੂੰ ਦੂਜੇ ਨੰਬਰ 'ਤੇ ਰੱਖਿਆ ਹੈ। ਪੰਜਾਬੀ ਜੀਵਨ ਦਾ ਤਾਂ ਹਾਸੇ ਤਮਾਸ਼ੇ ਨਾਲ ਹੈ ਹੀ ਅਟੁੱਟ ਸੰਬੰਧ। ਇਸੇ ਆਸਰੇ ਤਾਂ ਪੰਜਾਬੀ ਲੋਕ ਦੇਰ ਤੋਂ ਜੀਵਨ ਦੀਆਂ ਕੁਦਰਤਾਂ ਤੇ ਅਕੁਦਰਤਾਂ ਕਠਿਨਾਈਆਂ ਨੂੰ ਖਿੜੇ ਮੱਥੇ ਝਲਦੇ ਆ ਰਹੇ ਹਨ। ਇਨ੍ਹਾਂ ਖਿੜ ਖਿੜ ਕਰਦਿਆਂ ਹਾਸਿਆਂ ਤੇ ਮਧੁਰ ਮੁਸਕਾਨਾਂ ਨੂੰ ਲੋਕ-ਕਵੀਆਂ ਨੇ ਲੋਕ-ਗੀਤਾਂ ਵਿਚ ਸੰਭਾਲ ਕੇ ਰੱਖਿਆ ਹੋਇਆ ਹੈ। ਇਨ੍ਹਾਂ ਗੀਤਾਂ ਤੋਂ ਜਿਥੇ ਸਾਡੇ ਸਰਬ-ਭਾਂਤੇ ਵਿਕਾਸ ਉੱਤੇ ਰੌਸ਼ਨੀ ਪੈਂਦੀ ਹੈ, ਉਥੇ ਇਹ ਗੀਤ ਅੱਜ ਸਾਨੂੰ ਹਾਸ-ਰਸ ਦਾ ਪੂਰਾ ਪੂਰਾ ਸੁਆਦ ਤੇ ਅਨੰਦ ਵੀ ਦੇ ਸਕਦੇ ਹਨ।

ਲੋਕ-ਗੀਤਾਂ ਵਿਚ ਜੋ ਪਾਤਰ ਹਾਸੇ ਦਾ ਮਜ਼ਮੂਨ ਬਣਾਏ ਗਏ ਹਨ, ਉਹ ਜਾਂ ਤਾਂ ਸੱਸ ਸਹੁਰਾ ਹਨ ਜਾਂ ਫਿਰ ਛੜਾ ਫ਼ੈਡਰੇਸ਼ਨ ਦੇ ਬੇ-ਚੰਦਾ ਮੈਂਬਰ। ਇਸ ਤੋਂ ਬਿਨਾਂ ਕੁਝ ਹੋਰ 'ਪ੍ਰੇਮੀਆਂ' ਉੱਤੇ ਵੀ 'ਚਾਂਦ ਮਾਰੀ' ਹੋਈ ਹੈ।

ਪੰਜਾਬੀ ਗੀਤਾਂ ਵਿਚ ਹਾਸੇ ਲਈ ਸਿੱਠਣੀਆਂ ਦੀ ਖ਼ਾਸ ਮਸ਼ਹੂਰੀ ਹੈ। ਇਨ੍ਹਾਂ ਸਿੱਠਣੀਆਂ ਦਾ ਜੰਞਾਂ ਸਮੇਂ ਮਿਠਿਆਈ ਵਾਂਗ ਖੁੱਲ੍ਹਾ ਵਰਤਾਰਾ ਕੀਤਾ ਜਾਂਦਾ ਹੈ। ਇਕ ਮਿਸਾਲ ਲਓ:

ਸਾਡੇ ਤਾਂ ਵਿਹੜੇ ਮੁੱਢ ਮਕਈ ਦਾ, ਦਾਣੇ ਤਾਂ ਮੰਗਦਾ ਉਧਲ ਗਈ ਦਾ,
ਭੱਠੀ ਤੇ ਤਪਦੀ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।
ਸਾਡੇ ਤਾਂ ਵਿਹੜੇ ਤਾਣਾ ਤਣੀਦਾ, ਲਾੜੇ ਦਾ ਪਿਉ ਕਾਣਾ ਸੁਣੀਦਾ,
ਐਨਕ ਲਾਉਣੀ ਪਈ, ਨਿਲੱਜਿਓ! ਲੱਜ ਤੁਹਾਨੂੰ ਨਹੀਂ।
ਕੁੜੀ ਤਾਂ ਸਾਡੀ ਤਿਲੇ ਦੀ ਤਾਰ ਏ, ਮੁੰਡਾ ਤਾਂ ਦਿੱਸਦਾ ਕੋਈ ਘੁਮਿਆਰ ਏ,
ਜੋੜੀ ਤਾਂ ਫਬਦੀ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।
ਪਿੰਡ ਦੇ ਮੁੰਡਿਓ ਪੈਸਾ ਪੈਸਾ ਪਾਓ, ਲਾੜੇ ਜੋਗਾ ਇਕ ਬਾਜਾ ਮੰਗਵਾਓ,
ਇਨ੍ਹਾਂ ਤੋਂ ਜੁੜਿਆ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।

ਨਵੀਂ ਆਈ ਵਹੁਟੀ ਲਈ ਸਭ ਤੋਂ ਵੱਡੀ ਮੁਸੀਬਤ ਘੁੰਡ ਕੱਢਣਾ ਹੈ। ਅੱਗੇ ਇਸ ਕੰਮ ਦੀ ਟ੍ਰੇਨਿੰਗ ਤਾਂ ਕਿਤੋਂ ਲਈ ਨਹੀਂ ਹੁੰਦੀ ਤੇ ਇਕਦਮ ਸਹੁਰੀਂ ਆ ਕੇ ਮੇਨ ਲਾਈਨ ਦੀ ਗੱਡੀ ਦੇ ਸਿਗਨਲ ਵਾਂਗ ਪੈਰ ਪੈਰ 'ਤੇ ਘੁੰਡ ਹੇਠ ਉੱਤੇ ਕਰਨਾ ਪੈਂਦਾ ਹੈ। ਸਾਡੀਆਂ ਸਮਾਜਿਕ ਗੱਡੀਆਂ ਦੀਆਂ ਅੱਧੀਆਂ ਟੱਕਰਾਂ ਇਸੇ ਸਿਗਨਲ ਦੇ 'ਡਾਊਨ ਅਪ' ਹੋਣ ਵਿਚ ਹਨ। ਇਸੇ ਤੋਂ ਤੰਗ ਆ ਕੇ ਨਵੀਂ ਵਹੁਟੀ ਇਹ ਸਲਾਹ ਪਕਾਉਂਦੀ ਹੈ:

ਕੋਰੀ ਕੋਰੀ ਕੂੰਡੀ ਵਿਚ ਮਿਰਚਾਂ ਮੈਂ ਰਗੜਾਂ
ਸਹੁਰੇ ਦੀ ਅੱਖ ਵਿਚ ਪਾ ਦੇਨੀਂ ਆਂ
ਘੁੰਡ ਕੱਢਣੇ ਦੀ ਅਲਖ ਮੁਕਾ ਦੇਨੀਂ ਆਂ।

ਪਰ ਇਹ ਸਲਾਹ ਵਿਚੇ ਰਹਿ ਜਾਂਦੀ ਹੈ। ਆਖ਼ਰ ਇਕ ਘਰ ਦੇ ਬਜ਼ੁਰਗ ਨੂੰ ਅੰਨ੍ਹਿਆਂ ਕਰਨਾ ਬਹੁਤ ਔਖੀ ਗੱਲ ਹੈ। ਇਤਨਾ ਨਿਰਦਈ ਚਿੱਤ ਔਰਤ ਕਿੱਥੋਂ ਲਿਆਵੇ ? ਫਿਰ ਇਕ ਹੋਰ ਤਜਵੀਜ਼ ਤਿਆਰ ਹੁੰਦੀ ਹੈ, ਜੋ ਅਮਲ ਵਿਚ ਤਾਂ ਭਾਵੇਂ ਅਜੇ ਤਕ ਨਹੀਂ ਆਈ, ਪਰ ਉਹ ਵੀ ਕਾਫ਼ੀ ਅਹਿਮੀਅਤ ਰੱਖਣ ਵਾਲੀ ਹੈ:

ਬਾਬਾ ਵੜਦਾ ਖ਼ਬਰ ਨਹੀਂ ਕਰਦਾ, ਬਾਬਾ ਜੀ ਦੇ ਗਲ ਟੱਲ ਪਾ ਦਿਓ।

ਬਾਬੇ ਸਬੰਧੀ ਕਈ ਹੋਰ ਗੂੜ੍ਹੀਆਂ ਗੱਲਾਂ ਵੀ ਮਿਲਦੀਆਂ ਹਨ, ਪਰ ਉਨ੍ਹਾਂ ਦੀ ਵਿਆਖਿਆ ਦੀ ਲੋੜ ਨਹੀਂ, ਪਰ ਹੈ ਕੇਵਲ ਹਾਸਾ ਤਮਾਸ਼ਾ ਹੀ। ਸੱਚ ਸਮਝ ਕੇ ਕਿਤੇ ਔਖਿਆਂ ਨਾ ਹੋ ਜਾਣਾ। ਫ਼ਰਮਾਇਸ਼ ਦੇਖੋ ਕੈਸੀ ਹੈ:

ਚਿਤ ਕਰ ਦੇ ਬੁੜ੍ਹੇ ਦਾ ਰਾਜ਼ੀ, ਉੱਤੇ ਲੈ ਕੇ ਲਾਲ ਡੋਰੀਆ।

ਬਾਬਾ ਭਰ ਮੁੱਠੀਆਂ, ਮੈਂ ਸਾਗ ਤੋੜ ਕੇ ਲਿਆਈ।

ਇਸ ਤੋਂ ਇਲਾਵਾ ਬਾਬੇ ਦੇ ਵਪਾਰ ਦੀ ਗੱਲ ਵੀ ਸੁਣਨ ਵਾਲੀ ਹੈ। ਨੂੰਹ ਦੇ ਆਪਣੇ ਲਫ਼ਜ਼ਾਂ ਵਿਚ ਸੁਣੋ:

ਸਹੁਰਾ ਸਾਡਾ ਵਣਜ ਕਰੇ, ਟਿੱਡੀਆਂ ਦੀ ਹੇੜ੍ਹ ਲਿਆਇਆ
ਇਕ ਟਿੱਡੀ ਮਰ ਵੀ ਗਈ, ਨੌ ਸੌ ਦਾ ਘਾਟਾ ਪਾਇਆ,
ਇਕ ਟਿੱਡੀ ਸੂ ਵੀ ਪਈ, ਜਿਨ੍ਹੇ ਮਰਦਾ ਟੱਬਰ ਬਚਾਇਆ,
ਟਿੱਡੀਆਂ ਦਾ ਦੁੱਧ ਰਿੜਕਾਂ, ਠਾਣੇਦਾਰ ਲੱਸੀ ਨੂੰ ਆਇਆ।

ਬਾਬੇ ਤੋਂ ਬਾਅਦ ਸੱਸ ਦੀ ਵਾਰੀ ਆਉਂਦੀ ਹੈ ਜੋ ਕਿ ਆਪਣੀਆਂ ਕਰਨੀਆਂ ਕਰਕੇ ਨੂੰਹਾਂ ਦੇ ਪਿਆਰ ਸਤਿਕਾਰ ਤੋਂ ਸਦੀਆਂ ਤੋਂ ਖ਼ਾਲੀ ਚਲੀ ਆ ਰਹੀ ਹੈ। ਹਰ ਵਿਆਹੀ ਕੁੜੀ ਸਹੁਰੇ ਜਾਣ ਲਈ ਪਹਿਲੀ ਸ਼ਰਤ ਇਹ ਰੱਖਦੀ ਹੈ:

ਨਹੀਂ ਬਾਪੂ ਮੈਂ ਮਰ ਜਾਂ, ਨਹੀਂ ਮਰ ਜੇ ਕੁੜਮਣੀ ਤੇਰੀ।

ਇਸ ਤੋਂ ਸੱਸ ਨੂੰਹ ਦੇ ਸਮਾਜਕ ਰਿਸ਼ਤੇ ਦਾ ਸਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਇਹੋ ਕਾਰਨ ਹੈ ਕਿ ਸਾਡੇ ਲੋਕ-ਗੀਤਾਂ ਵਿਚ ਸੱਸਾਂ ਦਾ ਵੀ ਬਹੁਤ ਮਜ਼ਾਕ ਉਡਾਇਆ ਗਿਆ ਹੈ। ਅੱਖੀਆਂ ਦੇ ਸ਼ਿੰਗਾਰ ਸੁਰਮੇ ਦਾ ਸੌਦਾਗਰ ਆਉਂਦਾ ਹੈ। ਹੋਰ ਤੀਵੀਆਂ ਤੋਲੇ ਮਾਸੇ ਅਨੁਸਾਰ ਖ਼ਰੀਦ ਕਰਦੀਆਂ ਹਨ ਪਰ ਸੱਸ ਸ਼ੁਕੀਨਣ ਧੜੀਆਂ ਦੇ ਹਿਸਾਬ ਸੌਦੇ ਕਰਦੀ ਹੈ:

ਸੁਰਮਾ ਵੇਚਣ ਆਈ ਨੀਂ ਕੁੜੀਓ ਸੁਰਮਾ ਵੇਚਣ ਆਈ।
ਹੋਰਾਂ ਨੇ ਲਿਆ ਤੋਲਾ ਮਾਸਾ, ਮੇਰੀ ਸੱਸ ਨੇ ਧੜੀ ਜੁਖਾਈ।
ਹੋਰਨਾਂ ਨੇ ਰਗੜਿਆ ਖਰਲ ਮੌਂਗਲੀ, ਸੱਸ ਨੇ ਚੱਕੀ ਚਲਾਈ।
ਹੋਰਨਾਂ ਨੇ ਪਾਇਆ ਸ਼ੀਸ਼ੀ ਬੋਤਲ, ਸੱਸ ਨੇ ਮੱਟੀ ਭਰਾਈ।
ਹੋਰਨਾਂ ਨੇ ਪਾਇਆ ਨਾਲ ਸਲਾਈਏਂ, ਸੱਸ ਨੇ ਡਾਂਗ ਚਲਾਈ।

ਇਸੇ ਤਰ੍ਹਾਂ ਢਲਦੀ ਉਮਰ ਦੇ ਬਾਵਜੂਦ ਸੱਸ ਦੇ ਚਿਲਕਦੇ ਬਾਲੇ, ਨਵੀਂ ਨੂੰਹ ਦੀਆਂ ਅੱਖਾਂ ਵਿਚ ਜਚਦੇ ਨਹੀਂ ਜਾਪਦੇ:

ਮੇਰੀ ਸੱਸ ਦੇ ਚਿਲਕਦੇ ਬਾਲੇ, ਬਾਪੂ ਮੈਨੂੰ ਸੰਗ ਲਗਦੀ।

ਕਿੱਕਰ ਨੂੰ ਜੋ ਹੱਲਾਸ਼ੇਰੀ ਨਵੀਂ ਵਹੁਟੀ ਵੱਲੋਂ ਦਿੱਤੀ ਗਈ ਹੈ, ਉਹ ਸਚਮੁੱਚ ਇਕ ਬੜੀ ਵਿਅੰਗ ਭਰੀ ਚੋਟ ਹੈ:

ਹੌਲੀ ਹੌਲੀ ਵੱਧ ਕਿਕਰੇ! ਅਸਾਂ ਸੱਸ ਦਾ ਸੰਦੂਕ ਬਣਾਉਣਾ।

ਜਾਂ: ਸੱਸ ਨੂੰ ਸੰਦੂਕ ਜੰਮਿਆ, ਹੁਣ ਦੇਊਗੀ ਧੀਆਂ ਦੇ ਮੁਕਲਾਵੇ।

ਸੱਸ ਸਹੁਰੇ ਤੋਂ ਬਾਅਦ ਸਾਡੇ ਸਮਾਜ ਵਿਚ ਜੇਠ ਵਿਚਾਰਾ ਵੀ ਇਕ ਅਜੀਬ ਪਾਤਰ ਹੈ, ਜਿਸ ਦੀ ਖਿੱਲੀ ਉਡਾਉਣਾ ਮੁਨਾਸਬ ਤੇ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਦਾ ਕਾਰਨ ਦਿਓਰ ਦੇ ਮੁਕਾਬਲੇ ਉੱਤੇ ਜੇਠ ਦੀ ਉਹ 'ਉੱਚ ਹਸਤੀ' ਹੈ ਜੋ ਬਾਬੇ ਵਾਂਗ ਘੁੰਡ ਕੱਢਣ ਵਾਲੀ ਅੱਗੇ ਥਾਂ-ਥਾਂ ਰੋੜਾ ਬਣ ਕੇ ਰੜਕਦੀ ਹੈ। ਇਸੇ ਲਈ ਉਸ ਨਾਲ ਨਾ-ਮਿਲਵਰਤਣ ਲਹਿਰ ਬੜੀ ਜ਼ੋਰਾਂ 'ਤੇ ਪਾਈ ਜਾਂਦੀ ਹੈ:

ਅਸੀਂ ਜੇਠ ਨੂੰ ਲੱਸੀ ਨਹੀਂ ਦੇਣੀ, ਦਿਓਰ ਭਾਵੇਂ ਦੁੱਧ ਪੀ ਜਾਏ।

ਮੇਰੇ ਚੰਦਰੇ ਜੇਠ ਦੇ ਛੋਲੇ, ਕਦੇ ਨ ਕਿਹਾ ਸਾਗ ਤੋੜ ਲੈ।

ਭੱਜ ਜਾ ਗਰਾਰੇ ਵਾਲੀਏ! ਜੇਠ ਬੱਕਰੇ ਬੁਲਾਉਂਦਾ ਆਵੇ।

ਜੇਠ ਦੇ ਮਾੜੇ ਦਿਨ ਆਉਣ ਦੀ ਨਿਸ਼ਾਨੀ ਕੇਹੀ ਸੋਹਣੀ ਦੱਸੀ ਗਈ ਹੈ:

ਮੇਰੇ ਜੇਠ ਦੇ ਪੁੱਠੇ ਦਿਨ ਆਏ, ਕਿੱਕਰਾਂ ਨੂੰ ਪਾਵੇ ਜੱਫੀਆਂ।

ਆਮ ਤੌਰ 'ਤੇ ਜੇਠ ਲਈ 'ਭਾਈ ਜੀ' ਸ਼ਬਦ ਵਰਤਿਆ ਜਾਂਦਾ ਹੈ। ਇਸ

ਸ਼ਬਦ ਦੀ ਵਰਤੋਂ ਵਿਚ ਵੀ ਕਾਫ਼ੀ ਮਜ਼ਾਕ ਸਮਾਇਆ ਹੋਇਆ ਹੈ। ਜ਼ਰਾ ਹੇਠ ਲਿਖੇ ਗੀਤ ਵਿਚ ਦੇਖੋ:

ਡੁੱਬ ਜਾਣੀਏ ਹਨੇਰੀਏ ਰਾਤੇ! ਭਾਈ ਜੀ 'ਤੇ ਮੈਂ ਡਿੱਗ ਪੀ।

ਸਾਡੇ ਕੌਣ ਨੀ ਗ਼ਰੀਬਾਂ ਉੱਤੇ ਡਿੱਗਦਾ, ਰਾਮ ਰਾਮ ਜਪ ਭਾਬੀਏ।

ਇਸ ਕਟਾਕਸ਼ ਦਾ ਅਸਲ ਕਾਰਨ ਤਾਂ ਜੇਠਾਂ ਵਿਚਾਰਿਆਂ ਦਾ ਆਮ ਤੌਰ 'ਤੇ ਛੜੇ ਹੋਣਾ ਹੈ। ਇਸੇ ਕਰਕੇ ਸਮੁੱਚੇ ਤੌਰ 'ਤੇ ਛੜਿਆਂ ਬਾਰੇ ਕਾਫ਼ੀ ਹਾਸੇ-ਭਰੀ ਗੀਤ-ਰਚਨਾ ਹੋਈ ਹੈ। ਛੜਿਆਂ ਦਾ ਘਰ ਬਾਰ, ਉਨ੍ਹਾਂ ਦੀ ਰਹਿਣੀ ਬਹਿਣੀ ਅਤੇ ਖਾਣ ਪਕਾਉਣ ਤਕ ਨੂੰ ਬੜੇ ਅਜੀਬ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਦੂਜੇ ਪਾਸੇ ਛੜੇ ਵੀ ਗ਼ੈਰ ਜ਼ਿੰਮੇਵਾਰੀ ਕਾਰਨ ਕਿਸੇ ਨੂੰਹ ਧੀ ਤੋਂ ਘੱਟ ਨਹੀਂ ਰਹਿੰਦੇ। ਆਮ ਤੌਰ 'ਤੇ ਮਖ਼ੌਲ ਦਾ ਅਰੰਭ ਉਨ੍ਹਾਂ ਵੱਲੋਂ ਹੀ ਹੁੰਦਾ ਹੈ:

ਛੜੇ ਕਰਦੇ ਮਸ਼ਕਰੀ ਬਿਦ ਕੇ, ਰੰਨਾਂ ਵਾਲੇ ਘੱਟ ਬੋਲਦੇ।

ਹੁਣ ਜ਼ਰਾ ਛੜਿਆਂ ਦੀ ਆਪ-ਬੀਤੀ ਵੀ ਮੁਲਾਜ਼ਾ ਹੋਵੇ। ਉਨ੍ਹਾਂ ਨਾਲ ਨਿੱਤ ਨਿੱਤ ਕੇਹੀ ਸੁਥਰੀ ਹੁੰਦੀ ਹੈ, ਮਿਸਾਲ ਲਈ ਇਕ ਘਟਨਾ ਪੇਸ਼ ਕੀਤੀ ਜਾਂਦੀ ਹੈ:

ਛੜੇ ਛੜੇ ਨਾ ਆਖੋ ਲੋਕੋ, ਛੜੇ ਵਖਤ ਦੇ ਫੜੇ
ਅੱਧੀ ਰਾਤੀਂ ਪੀਹਣ ਲੱਗੇ, ਪੰਜ ਸੇਰ ਛੋਲੇ ਦਲੇ
ਦਲ ਦੂਲ ਕੇ ਛਾਨਣ ਲੱਗੇ, ਆਟਾ ਦੇਹ ਨੂੰ ਲੜੇ
ਛਾਣ ਛੂਣ ਕੇ ਗੁੰਨ੍ਹਣ ਲੱਗੇ, ਪਾਣੀ ਨੂੰ ਥਿਉਰ ਨ ਚੜ੍ਹੇ
ਅੱਗ ਬਾਲਣ ਦਾ ਵਲ ਨਾ ਆਵੇ, ਭੜਭੜ ਦਾੜ੍ਹੀ ਸੜੇ
ਝਾੜ ਝੂੜ ਕੇ ਚਾਰੇ ਪੱਕੀਆਂ, ਚਾਰ ਪਰੌਹਣੇ ਖੜੇ
ਲੈ ਭਰਾਵੋ! ਇਹੋ ਖਾ ਲੌ, ਇਹੋ ਅਸਾਥੋਂ ਸਰੇ
ਬਾਝੋਂ ਤੀਵੀਂਆਂ ਦੇ, ਛੜੇ ਮਰੇ ਕਿ ਮਰੇ। (ਜੀਉਂਦੀ ਦੁਨੀਆਂ)

ਨਿੱਕੇ ਨਿੱਕੇ ਗੀਤਾਂ ਵਿਚ ਵੀ ਛੜਿਆਂ ਦੇ ਆਚਰਨ ਦੀ ਹਰ ਪਹਿਲੂ ਤੋਂ ਨਿੰਦਾ ਕਰ ਕੇ ਉਨ੍ਹਾਂ ਦੀ ਹਾਸੀ ਉਡਾਈ ਗਈ ਹੈ। ਇਕ ਇਕ ਨਿੱਕਾ ਗੀਤ 'ਥ੍ਰੀ ਨਟ' ਦੀ ਗੋਲੀ ਵਾਂਗ ਹੈ:

ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ, ਛੜਿਆਂ ਦੀ ਅੱਗ ਨਾ ਬਲੇ।

ਰੰਨਾਂ ਵਾਲਿਆਂ ਦੇ ਪਲੰਘ ਰੰਗੀਲੇ, ਛੜਿਆਂ ਦੀ ਮੁੰਜ ਦੀ ਮੰਜੀ।

ਛੜੇ ਜਾਣਗੇ ਮੱਕੀ ਦੀ ਰਾਖੀ, ਰੰਨਾਂ ਵਾਲੇ ਘਰ ਪੈਣਗੇ।

ਉਹ ਘਰ ਛੜਿਆਂ ਦਾ, ਜਿਥੇ ਸ਼ੀਸ਼ਾ ਮੋਚਨਾ ਖੜਕੇ।

ਉਹ ਘਰ ਰੰਡੀਆਂ ਦਾ, ਜਿਥੇ ਲੱਗਣ ਤੇਲ ਦੇ ਤੜਕੇ।

ਗੱਡੀ ਭਰੀ ਰੰਡੀਆਂ ਦੀ ਜਾਵੇ, ਛੜਿਆਂ ਨੂੰ ਖ਼ਬਰ ਕਰੋ।

ਨਾਲਾ ਟੰਗ ਲੈ ਘੁੰਗਰੂਆਂ ਵਾਲਾ, ਟੋਲੀ ਆਉਂਦੀ ਛੜਿਆਂ ਦੀ।

ਛਿੱਟਾ ਦੇ 'ਗੀ ਝਾਂਜਰਾਂ ਵਾਲੀ, ਛੜਿਆਂ ਦਾ ਦੁੱਧ ਉਬਲੇ।

ਗੱਲ ਕੀ, ਛੜਿਆਂ ਵਿਚਾਰਿਆਂ ਦੀ 'ਰੈਪੂਟੇਸ਼ਨ' ਕਿਸੇ ਪਾਸੇ ਵੀ ਭਲੀ ਨਹੀਂ। ਜੇਕਰ ਉਨ੍ਹਾਂ ਤੋਂ ਕੋਈ ਲਾਭ ਹੋਣ ਦੀ ਵੀ ਆਸ ਹੋਵੇ ਤਾਂ ਉਹ ਵੀ ਖ਼ਤਰਾ ਮੁੱਲ ਲੈਣ ਵਾਲੀ ਗੱਲ ਹੋ ਜਾਂਦੀ ਹੈ:

ਕੋਈ ਡਰਦੀ ਪੀਹਣ ਨਾ ਜਾਵੇ, ਛੜਿਆਂ ਦੇ ਦੋ ਚੱਕੀਆਂ।

ਛੜੇ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਹਨੇਰੀਆਂ ਰਾਤਾਂ ਵਿਚ ਬੜੀ ਦੇਰ ਤਕ ਖੁੰਢਾਂ 'ਤੇ ਬੈਠ ਕੇ ਬੜੇ ਗਹੁ ਨਾਲ ਸੋਚਦੇ ਰਹਿੰਦੇ ਹਨ ਤਾਕਿ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਸਮੁੱਚਾ ਹੱਲ ਲੱਭਿਆ ਜਾ ਸਕੇ। ਉਨ੍ਹਾਂ ਦੀ ਇਕੱਤਰਤਾ ਦਾ ਏਜੰਡਾ ਆਮ ਤੌਰ 'ਤੇ ਇਹੋ ਹੁੰਦਾ ਹੈ ਜਾਂ ਇਉਂ ਆਖੋ ਜੋ ਸਵਾਲ ਉਨ੍ਹਾਂ ਦੀ ਚਰਚਾ ਦਾ ਵਿਸ਼ਾ ਬਣਦਾ ਹੈ, ਉਹ ਇਹ ਹੈ:

ਛੜੇ ਬੈਠ ਕੇ ਸਲਾਹਵਾਂ ਕਰਦੇ, ਕੌਣ ਕੌਣ ਹੋਈਆਂ ਰੰਡੀਆਂ?

ਫਿਰ ਆਪ ਹੀ ਸਰਬ-ਸੰਮਤੀ ਨਾਲ ਆਪਣੀ ਭਾਵਨਾ ਅਨੁਸਾਰ ਇਹ ਮਤਾ ਪਾਸ ਕਰ ਲੈਂਦੇ ਹਨ ਪਰ ਇਸ ਨੂੰ ਰੂਪ 'ਸਰਕਾਰੀ ਹੁਕਮ' ਦਿੱਤਾ ਜਾਂਦਾ ਹੈ ਤਾਕਿ ਕਿਸੇ ਨੂੰ ਹੁਕਮ ਅਦੂਲੀ ਕਰਨ ਦੀ ਜੁਰਅਤ ਨਾ ਪਵੇ। ਮਤੇ ਦੇ ਸੰਖੇਪ ਸ਼ਬਦ ਇਹ ਹਨ:

ਹੁਕਮ ਤਸੀਲੋਂ ਆਇਆ, ਰੰਡੀਆਂ ਨੂੰ ਕੋਈ ਕਰ ਲੈ।

ਇਨ੍ਹਾਂ ਮਤਿਆਂ ਦਾ ਅਸਰ 'ਤਰੀਮਤ ਹਲਕੇ' ਵਿਚ ਘੱਟ ਪ੍ਰਭਾਵਸ਼ਾਲੀ ਨਹੀਂ ਹੁੰਦਾ, ਸਗੋਂ ਉਨ੍ਹਾਂ ਵਿਚ ਵੀ ਇਕ ਨਵੀਂ 'ਜਾਗ੍ਰਿਤ' ਦੀ ਲਹਿਰ ਪੈਦਾ ਹੋ ਜਾਂਦੀ ਹੈ, ਜਿਸ 'ਤੇ ਛੜੇ ਜਿਤਨਾ ਵੀ ਮਾਣ ਕਰਨ, ਥੋੜ੍ਹਾ ਹੈ:

ਰੰਡੀ ਹੋਣ ਨੂੰ ਬੜਾ ਚਿਤ ਕਰਦਾ, ਰੰਡੀਆਂ ਨੂੰ ਪੈਣ ਕੰਚੀਆਂ।

ਇਹ ਹਾਕਾਂ ਵੀ ਛੜੇ ਹੀ ਮਾਰ ਸਕਦੇ ਹਨ, ਹੋਰ ਕੌਣ ਇਤਨਾ ਉੱਚਾ-ਉੱਚਾ ਕੂਕਦਾ ਹੈ ਤੇ ਅੱਜ-ਕੱਲ੍ਹ ਦੇ ਜ਼ਮਾਨੇ ਮੁਫ਼ਤ ਕੱਚਾ ਦੁੱਧ ਪਿਆਉਂਦਾ ਹੈ:

ਹਾਕਾਂ ਮਾਰਦੇ ਬੱਕਰੀਆਂ ਵਾਲੇ, ਦੁੱਧ ਪੀ ਕੇ ਜਾਈਂ ਜੈ ਕੁਰੇ!

ਪਰ ਛੜਿਆਂ ਦਾ ਦੁੱਧ ਕੌਣ ਪੀਵੇ? ਕਿਸ ਵਿਚ ਇਤਨਾ ਜਿਗਰਾ ਹੈ ਕਿ ਇਨ੍ਹਾਂ ਦੀ ਪੇਸ਼ਕਸ਼ ਨੂੰ ਧੰਨਵਾਦ ਸਹਿਤ ਪ੍ਰਵਾਨ ਕਰੇ? ਇਹ ਸਭ ਗੱਲਾਂ ਕੇਵਲ ਗੱਲਾਂ ਹੀ ਰਹਿ ਜਾਂਦੀਆਂ ਹਨ ਅਤੇ ਛੜਿਆਂ ਦੀ ਆਸ਼ਾ ਦਾ ਸੋਮਾ ਰੇਗਿਸਤਾਨ ਵਿਚ ਜਾ ਕੇ ਖ਼ੁਸ਼ਕ ਹੋ ਜਾਂਦਾ ਹੈ:

ਜਟ ਮਰ ਗਿਆ, ਦਲੀਲਾਂ ਕਰਦਾ, ਕੱਲੇ ਨੂੰ ਕੱਲੀ ਨਾ ਟੱਕਰੀ।

ਆਖ਼ਰ ਮਨ ਦੀ ਪਰਬਲ ਤਾਂਘ ਰੁਕਦੀ ਨਹੀਂ ਤੇ ਛੇੜਖ਼ਾਨੀ ਤਕ ਨੌਬਤ ਪਹੁੰਚ ਜਾਂਦੀ ਹੈ। ਪਰ ਛੜੇ ਦਾ ਕੋਈ ਕੀ ਵਿਗਾੜ ਸਕਦਾ ਹੈ, ਉਹ ਆਪਣੀ ਸਹਿਨਸ਼ੀਲਤਾ ਦੀ ਢਾਲ ਉੱਤੇ ਬੜੇ ਠਰ੍ਹੰਮੇ ਨਾਲ 'ਗਾਲ੍ਹਾਂ ਦੀ ਬੁਛਾੜ' ਸਹਾਰਦਾ ਹੈ ਤੇ ਉਸ ਦਾ ਜਵਾਬ ਸੱਚਮੁੱਚ ਲਾਜਵਾਬ ਹੈ:

ਕਾਹਨੂੰ ਦੇਨੀ ਏਂ ਕੁਪੱਤੀਏ ਗਾਲ੍ਹਾਂ, ਛੜੇ ਦਾ ਕਿਹੜਾ ਪੁੱਤ ਮਰ ਜਊ।

ਭਾਵੇਂ ਛੜੇ ਲਈ ਉਪ੍ਰੋਕਤ ਗੀਤ ਕੋਈ ਚੰਗਾ ਸਰਟੀਫ਼ਿਕੇਟ ਨਹੀਂ, ਪਰ ਫਿਰ

ਵੀ ਛੜੇ ਨੇ ਛੜਾ ਹੁੰਦਿਆਂ ਜੋ ਸਾਹਿੱਤ ਲਈ ਇਤਨੀ ਸਮੱਗਰੀ ਪੈਦਾ ਕੀਤੀ ਹੈ, ਉਸ ਲਈ ਸਾਹਿੱਤਕਾਰਾਂ ਨੂੰ ਉਸ ਦਾ ਧੰਨਵਾਦੀ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਹਾਸੇ ਦੇ ਗੀਤ ਤਾਂ ਹੋਰ ਵੀ ਬਹੁਤ ਹਨ, ਪਰ ਵੰਨਗੀ ਮਾਤਰ ਅੱਗੇ ਕੁਝ ਫੁਟਕਲ ਗੀਤ ਦਿੱਤੇ ਜਾਂਦੇ ਹਨ, ਜਿਨ੍ਹਾਂ ਦੀ ਸਰੋਤ ਨਾਲ ਇਕ ਵੇਰ ਬਿਜਲੀ ਵਾਂਗ ਬੁੱਲ੍ਹਾਂ 'ਤੇ ਨਿੰਮੀ ਜਿਹੀ ਮੁਸਕਾਨ ਦੀ ਲੀਕ ਫਿਰ ਜਾਂਦੀ ਹੈ। ਜੇ ਅਰਥ ਖੋਲ੍ਹ ਖੋਲ੍ਹ ਪੜ੍ਹੀਏ ਤਾਂ ਖਿੜ ਖਿੜ ਹੱਸਣ ਦੀ ਨੌਬਤ ਵੀ ਆ ਸਕਦੀ ਹੈ:

ਮੇਰੀ ਖ਼ਬਰ ਲੈਣ ਨਾ ਆਇਆ, ਡਿੱਗ ਪਈ ਹਰਮਲ ਤੋਂ।
ਮੇਰੀ ਡਿੱਗ ਪੀ ਚਰ੍ਹੀ ਵਿਚ ਗਾਨੀ, ਚੁੱਕ ਲਿਆ ਮੋਰ ਬਣ ਕੇ।
ਲੌਂਗ ਤੇਰੀਆਂ ਮੁੱਛਾਂ ਵਿਚ ਰੁਲਿਆ, ਤਿੰਨ ਦਿਨ ਟੋਲਦੀ ਰਹੀ।
ਕਾਲੇ ਕੋਲ ਮੰਜਾ ਨਹੀਂ ਡੌਹਣਾ, ਲਿਸ਼ਕੇ ਤੇ ਪੈ ਜੂ ਬਿਜਲੀ।
ਗੋਰਾ ਰੰਗ ਡੱਬੀਆਂ ਵਿਚ ਆਇਆ, ਕਾਲਿਆਂ ਨੂੰ ਖ਼ਬਰ ਕਰੋ।
ਮੈਂ ਮੁੰਗਰੇ ਤੜਕ ਕੇ ਲਿਆਈ, ਰੋਟੀ ਖਾ ਲੈ ਕੋਹੜੀ ਟੱਬਰਾ।
ਮੇਰੀ ਜੁੱਤੀ ਨੂੰ ਲੁਆ ਦੇ ਘੁੰਗਰੂ, ਜੇ ਤੈਂ ਮੇਰੀ ਚਾਲ ਵੇਖਣੀ।
ਨਿਉਂਦਾ ਦੇ ਗਈ ਝਾਂਜਰਾਂ ਵਾਲੀ, ਭੋਗ ਪੈਂਦਾ 'ਖੰਡ ਪਾਠ ਦਾ।
ਤੇਰੇ ਝਾਂਜਰਾਂ ਵੱਜਣ ਨੂੰ ਪਾਈਆਂ, ਲੰਘ ਗਈ ਤੂੰ ਪੈਰ ਦੱਬ ਕੇ।
ਮੈਂ ਨਵਿਆਂ ਫ਼ੈਸ਼ਨਾਂ ਵਾਲੀ, ਕੁੜੀਆਂ 'ਚ ਹੌਲਦਾਰਨੀ।
ਸਿਰ ਗੁੰਦ ਦੇ ਕੁਪੱਤੀਏ ਨੈਣੇ! ਉੱਤੇ ਪਾ ਦੇ ਡਾਕ ਬੰਗਲਾ।
ਮੇਰੀ ਗੁੱਤ ਦੇ ਵਿਚਾਲੇ ਠਾਣਾ, ਕੈਦ ਕਰਾ ਦੂੰਗੀ।
ਅਣ ਦਾੜ੍ਹੀਆ ਸੁੱਕਾ ਨਾ ਜਾਵੇ, ਲੜ ਜਾਂ ਭ੍ਰਿੰਡ ਬਣ ਕੇ।
ਜੇਹਾ ਦੇਖ ਲਿਆ ਜਰਗ ਦਾ ਮੇਲਾ, ਜੇਹੀ ਤੇਰੀ ਗੁੱਤ ਦੇਖ ਲੀ।
ਕਿਥੇ ਚਲਿਆਂ ਏਂ ਬੁਬਨਿਆਂ ਸਾਧਾ, ਛੋੜ ਕੇ ਭਰਿੰਡ ਰੰਗੀਆਂ।
ਤੈਨੂੰ ਕੀਹਨੇ ਦੱਸਿਆ ਭੱਜ ਜਾਣਾ, ਨਿਉਂਦਾ ਦੇ ਕੇ ਸੰਤਾਂ ਨੂੰ।
ਚੰਦ ਕਰਵਾ ਦੇ ਸਾਧਾ, ਮੰਗਵੇ ਆਟੇ ਦੇ।
ਇਥੋਂ ਜਾਈਂ ਨ ਪ੍ਰਾਹੁਣਿਆ ਖ਼ਾਲੀ, ਗੱਡੀ ਵਿਚ ਇੱਟ ਰੱਖ ਲੈ।
ਤੇਰੀ ਬਾਣ ਨ ਤਲੰਗਿਆ ਜਾਣੀ, ਖੜ ਕੇ ਮੂਤਣ ਦੀ।
ਤੇਰੇ ਨਾਲ ਨ ਤਲੰਗਿਆ ਜਾਣਾ, ਛੱਡ ਜਾਏਂ ਟੇਸ਼ਣ 'ਤੇ।
ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੱਕ ਲਊਂ।
ਗੋਦੀ ਚੁੱਕ ਲੈ ਮੁਲ੍ਹਾਜੇਦਾਰਾ, ਭਖੜੇ ਨੇ ਪੈਰ ਖਾ ਲਏ।
ਟਿਕਟਾਂ ਦੋ ਲੈ ਲੈ, ਜਿਥੇ ਚਲੇਂਗਾ, ਚਲੂੰਗੀ ਨਾਲੇ।
ਲੱਡੂਆਂ ਨੇ ਤੂੰ ਪਟ ਤੀ, ਤੇਰੀ ਤੋਰ ਪਟਿਆ ਪਟਵਾਰੀ।
ਬੰਤੀ ਨੂੰ ਸ਼ੌਕ ਜਾਗਿਆ, ਪਊਏ ਰੱਖਦੀ ਘੁੰਗਰੂਆਂ ਵਾਲੇ।
ਚੌਕੀ ਛੁੱਟ ਗਈ ਚੁਲ੍ਹੇ ਨੇ ਛੁੱਟ ਜਾਣਾ, ਤੀਵੀਆਂ ਦਾ ਰਾਜ ਹੋ ਗਿਆ।

ਬੁਝਾਰਤ ਦੀ ਉੱਤਪਤੀ ਤੇ ਵਿਕਾਸ

ਲੋਕ-ਸਾਹਿੱਤ ਵਿਚ ਲੋਕਾਂ ਦੇ ਮਨੋਭਾਵ ਪ੍ਰਗਟਾਉਣ ਲਈ ਜਿਵੇਂ ਲੋਕ-ਗੀਤ ਪ੍ਰਮੁੱਖ ਸਥਾਨ ਰੱਖਦੇ ਹਨ, ਤਿਵੇਂ ਬੁਝਾਰਤਾਂ, ਲੋਕ-ਬੁੱਧੀ ਦਾ ਚਮਕਾਰਾ ਦਿਖਾਉਣ ਲਈ ਖ਼ਾਸ ਮਹੱਤਵ ਦੀਆਂ ਧਾਰਨੀ ਹਨ। ਆਮ ਖ਼ਿਆਲ ਹੈ ਕਿ ਬੌਧਿਕ ਚੀਜ਼ਾਂ ਖ਼ਾਸ ਖ਼ਾਸ ਬੌਧਿਕ ਵਿਅਕਤੀਆਂ ਦੇ ਹਿੱਸੇ ਹੀ ਆਈਆਂ ਹਨ। ਆਮ ਲੋਕ ਇਸ ਦੁਨੀਆਂ ਤੋਂ ਜਾਣੂ ਨਹੀਂ, ਪਰੰਤੂ ਬੁਝਾਰਤਾਂ ਤੋਂ ਜ਼ਾਹਰ ਹੈ ਕਿ ਭਾਵੁਕ ਤ੍ਰਿਪਤੀ ਵਾਂਗ ਬੌਧਿਕ ਸੰਤੁਸ਼ਟਤਾ ਲਈ ਵੀ ਲੋਕ-ਪੱਧਰ 'ਤੇ ਆਪਣੀ ਤਰ੍ਹਾਂ ਦੇ ਯਤਨ ਹੁੰਦੇ ਆਏ ਹਨ, ਜਿਵੇਂ ਸਰੀਰਕ ਵਰਜ਼ਿਸ਼ ਲਈ ਖੇਡਾਂ ਹਨ, ਤਿਵੇਂ ਪੇਂਡੂ ਜੀਵਨ ਵਿਚ ਦਿਮਾਗੀ ਅਭਿਆਸ ਲਈ ਬੁਝਾਰਤਾਂ। ਬੁਝਾਰਤਾਂ ਜਿਥੇ ਮੁੰਡੇ ਕੁੜੀਆਂ ਦੀ ਬੁੱਧੀ ਨੂੰ ਤੇਜ਼ ਤਿੱਖਾ ਕਰਦੀਆਂ ਹਨ, ਉੱਥੇ ਨਾਲ-ਨਾਲ ਮਨੋਰੰਜਨ ਵੀ ਕਰਦੀਆਂ ਹਨ। ਕੇਵਲ ਬਾਲਕ ਹੀ ਬਾਤ ਪਾਉਣ ਤੇ ਬੁੱਝਣ ਦੀ ਖ਼ੁਸ਼ੀ ਹਾਸਲ ਨਹੀਂ ਕਰਦੇ, ਸਗੋਂ ਸਿਆਣੇ ਵੀ ਇਸ ਵਿਚ ਦਿਲਚਸਪੀ ਲਏ ਬਗ਼ੈਰ ਨਹੀਂ ਰਹਿ ਸਕਦੇ। ਬੁੱਝਣ ਵਾਲੇ ਲਈ ਬੁਝਾਰਤ ਇਕ ਤਰ੍ਹਾਂ ਦਾ ਚੈਲਿੰਜ ਹੁੰਦੀ ਹੈ ਤੇ ਕੋਈ ਵੀ ਇਸ ਚੈਲਿੰਜ ਤੋਂ ਪਿੱਛੇ ਹਟਣਾ ਪਸੰਦ ਨਹੀਂ ਕਰਦਾ, ਇਸ ਲਈ ਬੁਝਾਰਤ ਨਿਆਣੇ ਸਿਆਣਿਆਂ ਦੇ ਬੁੱਧੀ-ਸੰਗਰਾਮ ਦਾ ਇਕ ਸਾਂਝਾ ਕੇਂਦਰ ਬਣ ਜਾਂਦੀ ਹੈ ਤੇ ਕਈ ਵਾਰ ਵੱਡਿਆਂ ਵੱਡਿਆਂ ਸਿਆਣਿਆਂ ਨੂੰ ਵੀ ਇਸ ਵਿਚ ਹਾਰ ਖਾਣੀ ਪੈਂਦੀ ਹੈ, ਪਰ ਇਹ ਮਿੱਠੀ ਹਾਰ ਦੁਖਾਵੀਂ ਹੋਣ ਦੀ ਥਾਂ ਖ਼ੁਸ਼ੀਆਂ ਤੇ ਹਾਸੇ ਦਾ ਸਾਧਨ ਬਣਦੀ ਹੈ।

ਬੁਝਾਰਤਾਂ ਕਿਸ ਬਣਾਈਆਂ ਤੇ ਕਦੋਂ ਤੋਂ ਚਲਾਈਆਂ, ਇਹ ਦੱਸਣਾ ਔਖਾ ਹੈ। ਇਹ ਵੀ ਲੋਕ-ਗੀਤਾਂ ਵਾਂਗ ਆਪਣੇ ਆਪ ਬਣਦੀਆਂ ਚਲੀਆਂ ਆ ਰਹੀਆਂ ਹਨ ਤੇ ਲੋਕ-ਜੀਵਨ ਦੀਆਂ ਪੁਰਾਣੀਆਂ ਸਾਥਣਾਂ ਹਨ। ਵੈਦਕ ਜ਼ਮਾਨੇ ਵਿਚ ਅਸੁਮੇਧ ਜੱਗ ਸਮੇਂ ਬੁੱਧੀ-ਪ੍ਰੀਖਿਆ ਤੇ ਬੁੱਧੀ-ਵਿਲਾਸ ਲਈ ਬੁਝਾਰਤਾਂ ਪੁੱਛੀਆਂ ਜਾਂਦੀਆਂ ਸਨ। ਰਿਗਵੇਦ ਦੇ ਕਈ ਮੰਤਰਾਂ ਨੂੰ ਕਈ ਵਿਦਵਾਨ ਉਸ ਸਮੇਂ ਦੀਆਂ ਬੁਝਾਰਤਾਂ ਹੀ ਤਸੱਵਰ ਕਰਦੇ ਹਨ। ਸ੍ਰੀ ਰਾਮ ਨਰੇਸ਼ ਤ੍ਰਿਪਾਠੀ ਨੇ ਇਥੋਂ ਤਕ ਕਿਹਾ ਹੈ, ਕਿ ਰਿਗਵੇਦ ਨੂੰ 'ਬੁਝਾਰਤਾਂ ਦਾ ਵੇਦ' ਕਿਹਾ ਜਾਵੇ ਤਾਂ ਗ਼ਲਤ ਨਹੀਂ। ਮਿਸਾਲ ਵਜੋਂ ਇਕ ਰਿਚਾ ਹੈ:

> चत्वारि श्रृंगा: त्रयो अस्यपादा, द्वे शीर्षे सप्त हस्ता सो अस्य।
>
> त्रिधा बद्धो वृषभो रोरवीति, महादेवों मर्त्यां आ विवेश।

'ਜਿਸ ਦੇ ਚਾਰ ਸਿੰਗ ਹਨ, ਤਿੰਨ ਪੈਰ, ਦੋ ਸਿਰ ਤੇ ਸੱਤ ਹੱਥ ਹਨ, ਜੋ ਤਿੰਨ ਥਾਵਾਂ ਤੋਂ ਬੰਨ੍ਹਿਆ ਹੋਇਆ ਹੈ, ਉਹ ਆਦਮੀਆਂ ਵਿਚ ਪ੍ਰਵੇਸ਼ ਕਰ ਰਿਹਾ ਮਹਾਂਦੇਵ ਹੈ।'

ਕੋਈ ਇਸ ਪਹੇਲੀ ਦਾ ਜਵਾਬ ਦਿੰਦਾ ਹੈ 'ਬ੍ਰਿਸ਼ਭਯੱਗ', ਪਤੰਜਲੀ ਨੇ ਕਿਹਾ ਇਹ 'ਸ਼ਬਦ' ਹੈ। ਕਈ ਇਸ ਨੂੰ 'ਸੂਰਜ' ਕਹਿੰਦੇ ਹਨ—ਚਾਰ ਸਿੰਗ, ਚਾਰ ਦਿਸ਼ਾਵਾਂ, ਤਿੰਨ ਪੈਰ-ਤਿੰਨ ਵੇਦ, ਦੋ ਸਿਰ-ਰਾਤ ਤੇ ਦਿਨ, ਸੱਤ ਹੱਥ-ਸਤਰੰਗੀ ਕਿਰਣਾਂ ਅਤੇ ਬੰਨ੍ਹਣ ਦੀਆਂ ਤਿੰਨ ਥਾਵਾਂ—ਧਰਤੀ, ਦਿਸਹੱਦਾ ਤੇ ਸਵਰਗ ਲੋਕ। ਇਸ ਤਰ੍ਹਾਂ ਦੀਆਂ ਬਾਤਾਂ ਪੰਜਾਬੀ ਵਿਚ ਅੱਜ ਵੀ ਕਈ ਚਾਲੂ ਹਨ:

ਬਾਹਰੋਂ ਲਿਆਂਦਾ ਬਿੰਦਰਾ ਵੱਢ ਕੇ,
ਘਰੇ ਲਵਾਏ ਕੰਨ;
ਬਾਰੀਂ ਪੈਰੀਂ ਬਿੰਦਰਾ ਤੁਰਦਾ,
ਛੇ ਮੂੰਹ ਬਾਰਾ ਕੰਨ। (ਸੁਹਾਗਾ)

ਜਾਂ :

ਚਾਰ ਭਰਾ ਮੇਰੇ ਅੱਕਣੇ ਮੱਕਣੇ,
ਚਾਰ ਭਰਾ ਮੇਰੇ ਮਿਟੀ ਚੱਖਣੇ,
ਦੋ ਭਰਾ ਮੇਰੇ ਬੁਰਜ ਮੁਨਾਰੇ,
ਦੋ ਭਰਾ ਜਿਉਂ ਦਿੱਸਣ ਤਾਰੇ,
ਇਕ ਭੈਣ ਮੇਰੀ ਮੱਖੀਆਂ ਮਾਰੇ। (ਮੱਝ)

ਰਿਗਵੇਦ ਦਾ ਇਕ ਹੋਰ ਮੰਤਰ ਹੈ:

द्वा सुपर्णा सयुजा सखाया, समान वृक्षं परिषस्व जाते तयोरन्यः
पि पल स्वाद्धव त्येन, श्नन्ननूपो अभि चाक शीति।

ਦੋ ਪੰਛੀ ਇਕੱਠੇ ਰਹਿੰਦੇ ਹਨ, ਦੋਵੇਂ ਪਰਸਪਰ ਮਿੱਤਰ ਹਨ, ਇੱਕੋ ਬਿਰਛ 'ਤੇ ਰਹਿੰਦੇ ਹਨ। ਇਨ੍ਹਾਂ ਵਿੱਚੋਂ ਇਕ ਸੁਆਦਲੇ ਫਲ ਖਾ ਰਿਹਾ ਹੈ, ਤੇ ਇਕ ਬੈਠਾ ਪਿਆ ਵੇਖਦਾ ਹੈ।

ਇਸ ਦਾ ਅਧਿਆਤਮਕ ਜਵਾਬ ਦਿੱਤਾ ਜਾਂਦਾ ਹੈ—'ਜੀਵਾਤਮਾ ਤੇ ਪਰਮਾਤਮਾ ਜੋ ਸਰੀਰ ਵਿਚ ਇਕੱਠੇ ਰਹਿੰਦੇ ਹਨ। ਜੀਵਾਤਮਾ ਫਲ ਭੋਗਤਾ ਤੇ ਪਰਮਾਤਮਾ ਕੇਵਲ ਦਰਸ਼ਕ ਬਣ ਕੇ ਰਹਿੰਦਾ ਹੈ।' ਗੁਰਬਾਣੀ ਵਿਚ ਵੀ ਅਜਿਹਾ ਬੁਝਾਰਤੀ ਵਰਣਨ ਮਿਲਦਾ ਹੈ:

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥
ਆਵਤ ਜਾਤ ਨ ਦੀਸਹੀ, ਨਾ ਪਰ ਪੰਖੀ ਤਾਹਿ॥

(ਵਾਰ ਬਿਹਾਗੜਾ, ਮ: ੩, ਪੰਨਾ 550)

ਇਸੇ ਤਰ੍ਹਾਂ ਬਾਈਬਲ ਵਿਚ ਵੀ ਬੁਝਾਰਤਾਂ ਪਾਉਣ ਦਾ ਜ਼ਿਕਰ ਮਿਲਦਾ ਹੈ। ਪੁਰਾਣਿਆਂ ਕਬੀਲਿਆਂ ਵਿਚ ਹੁਣ ਤਕ ਬਾਤਾਂ ਪਾਉਣ ਦਾ ਰਿਵਾਜ ਚਲਿਆ ਆ ਰਿਹਾ ਹੈ। ਸਰ ਜੇਮਜ਼ ਫ਼ਰੇਜ਼ਰ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਕਈ

ਕਬੀਲਿਆਂ ਵਿਚ ਖ਼ਾਸ ਮੌਕਿਆਂ ਅਤੇ ਖ਼ਾਸ ਖ਼ਾਸ ਉਤਸਵਾਂ 'ਤੇ ਹੀ ਬੁਝਾਰਤਾਂ ਪੁੱਛੀਆਂ ਜਾਂਦੀਆਂ ਹਨ। ਹਿੰਦ ਦੇ ਆਦਿ-ਵਾਸੀਆਂ ਵਿੱਚੋਂ ਗੌਂਡ, ਪਰਧਾਨ ਤੇ ਬਿਰਹੌਰ ਜਾਤੀਆਂ ਦੇ ਵਿਆਹਾਂ ਸਮੇਂ ਪਹੇਲੀ ਪੁੱਛਣੀ ਇਕ ਲਾਜ਼ਮੀ ਰਸਮ ਹੈ।[1] ਅਫ਼ਰੀਕਾ ਦੇ ਬੰਟੂ ਕਬੀਲੇ ਦੀਆਂ ਤੀਵੀਂਆਂ ਨਾਚ ਕਰਦੀਆਂ ਆਦਮੀ ਤੋਂ ਬੁਝਾਰਤਾਂ ਪੁੱਛਦੀਆਂ ਹਨ। ਜੇ ਉਹ ਨਾ ਬੁਝ ਸਕੇ ਤਾਂ ਮਾਰਦੀਆਂ ਹਨ। ਤੁਰਕੀ ਕੁੜੀਆਂ ਸ਼ਾਦੀ ਹਿੱਤ ਮਨੁੱਖ ਦੀ ਪ੍ਰੀਖਿਆ ਲਈ ਬੁਝਾਰਤਾਂ ਪੁੱਛਦੀਆਂ ਹਨ। ਪੰਜਾਬ ਦੇ ਪਿੰਡਾਂ ਵਿਚ ਵਿਆਹਾਂ ਸਮੇਂ 'ਛੰਦ ਪਰਾਗੇ ਆਈਏ ਜਾਈਏ' ਦੀ ਪੁੱਛ-ਗਿੱਛ ਇਕ ਤਰ੍ਹਾਂ ਦਾ ਬੁਝਾਰਤੀ ਰੂਪ ਹੀ ਹੈ।

'ਜੰਞ ਬੰਨ੍ਹਣਾ' ਵੀ ਇਕ ਬੁਝਾਰਤ ਹੀ ਹੈ, ਜਿਸ ਨੂੰ ਜਾਂਞੀਆਂ ਵਿੱਚੋਂ ਕੋਈ ਸਿਆਣਾ ਆਪਣੀ 'ਬਚਨ-ਚਤੁਰਾਈ' ਨਾਲ ਖੋਲ੍ਹਦਾ ਹੈ।

ਕਈ ਕਬੀਲਿਆਂ ਵਿਚ ਫ਼ਸਲ ਪੱਕਣ ਸਮੇਂ ਬੁਝਾਰਤਾਂ ਪਾਈਆਂ ਜਾਂਦੀਆਂ ਹਨ ਅਤੇ ਫ਼ਸਲ ਕੱਟਣ ਤੇ ਨਵੀਆਂ ਬੀਜਣ ਵੇਲੇ ਬੁਝਾਰਤਾਂ ਪਾਉਣ ਦੀ ਸਖ਼ਤ ਮਨਾਹੀ ਹੁੰਦੀ ਹੈ।[2] ਸਾਡੇ ਪਿੰਡਾਂ ਵਿਚ ਦਿਨੇ ਬਾਤ ਪਾਉਣੀ ਠੀਕ ਨਹੀਂ ਸਮਝੀ ਜਾਂਦੀ। ਸਿਆਣੇ ਆਖਦੇ ਹਨ ਕਿ ਦਿਨੇ ਬਾਤਾਂ ਪਾਉਣ ਨਾਲ ਰਾਹੀ ਰਾਹ ਭੁੱਲ ਜਾਂਦੇ ਹਨ, ਇਸ ਲਈ ਰਾਤ ਨੂੰ ਸੌਣ ਵੇਲੇ ਹੀ ਬਾਤਾਂ ਦਾ ਅਖਾੜਾ ਜੰਮਦਾ ਹੈ।

ਉਪ੍ਰੋਕਤ ਵਿਚਾਰ ਤੋਂ ਇਹ ਤਾਂ ਸਪੱਸ਼ਟ ਹੈ ਕਿ ਬੁਝਾਰਤਾਂ ਬਹੁਤ ਪੁਰਾਣੀ ਚੀਜ਼ ਹੈ। ਜਿਥੇ ਜੰਗਲੀ-ਕਬੀਲਿਆਂ ਵਿਚ ਵੀ ਇਨ੍ਹਾਂ ਦਾ ਰਿਵਾਜ ਹੈ, ਉਥੇ ਸੰਸਕ੍ਰਿਤ (ਪ੍ਰਹੇਲਕਾ), ਫ਼ਾਰਸੀ (ਚੀਸਤਾਂ), ਯੂਨਾਨੀ (anigma), ਲਾਤੀਨੀ, ਅੰਗਰੇਜ਼ੀ (riddle) ਆਦਿ ਜ਼ਬਾਨਾਂ ਵਿਚ ਵੀ ਬੁਝਾਰਤੀ-ਸਾਹਿੱਤ ਬੇਅੰਤ ਮਿਲਦਾ ਹੈ।

ਭਾਰਤੀ ਸਾਹਿੱਤ ਵਿਚ ਪ੍ਰਹੇਲਕਾ, ਪਹੇਲੀ, ਮੁਦਾਵਣੀ, ਬੁਝੌਵਲ, ਬੁਝਾਇਨ (ਪਹਾੜੀ ਭਾਸ਼ਾ) ਬੁਝਾਰਤ, ਬਾਤ ਆਦਿ ਕਈ ਨਾਂ ਮਿਲਦੇ ਹਨ। ਸੰਸਕ੍ਰਿਤ ਵਿਚ ਇਸ ਨੂੰ 'ਬ੍ਰਹਿਮੋਦਯ' ਵੀ ਕਹਿੰਦੇ ਹਨ। ਪੰਜਾਬੀ ਵਿਚ ਪੜ੍ਹੇ-ਲਿਖੇ 'ਬੁਝਾਰਤ' ਕਹਿੰਦੇ ਹਨ ਪਰ ਬੁਝਾਰਤਾਂ ਪਾਉਣ ਵਾਲੇ ਲੋਕ 'ਬਾਤ' ਆਖਦੇ ਹਨ। ਬਾਤਾਂ ਦੋ ਤਰ੍ਹਾਂ ਦੀਆਂ ਹਨ—ਬੁੱਝਣ ਵਾਲੀਆਂ ਤੇ ਕਹਾਣੀ ਰੂਪ ਵਿਚ ਸੁਣਨ ਵਾਲੀਆਂ। ਬੁੱਝਣ ਵਾਲੀਆਂ ਬਾਤਾਂ ਵੱਲ ਵੀ ਇਹ ਸੰਕੇਤ ਹੈ—

ਬਾਤ ਪਾਵਾਂ ਬਤੌਲੀ ਪਾਵਾਂ ਬਾਤ ਨੂੰ ਲਾਵਾਂ ਕੁੰਡੇ।
ਸਦਾ ਕੁੜੀ ਨੂੰ ਵਿਆਹੁਣ ਚਲੇ, ਚਹੁੰ ਕੁੰਟਾਂ ਦੇ ਮੁੰਡੇ। (ਖਿੱਦੋ ਖੂੰਡੀ)

ਮੈਂ ਬਾਤ ਪਾਵਾਂ, ਤੇਰਾ ਨੱਕ ਵੱਢ ਖਾਵਾਂ।" (ਗੰਢਾ)

ਸੰਸਕ੍ਰਿਤ ਵਿਚ ਜੋ ਬੁਝਾਰਤਾਂ ਮਿਲੀਆਂ ਹਨ, ਉਹ ਲੋਕ-ਬੁਝਾਰਤਾਂ ਨਹੀਂ, ਸਗੋਂ ਵਿਦਵਾਨਾਂ ਦੇ ਵਿਆਕਰਣਕ ਤੇ ਕੋਸ਼-ਗਿਆਨ ਦੇ ਸ਼ਬਦ-ਚਮਤਕਾਰਾਂ ਦਾ ਸਿੱਟਾ ਹਨ, ਇਸ ਲਈ ਉਹ ਆਮ ਲੋਕਾਂ ਵਿਚ ਪ੍ਰਚੱਲਤ ਨਹੀਂ ਹੋ ਸਕੀਆਂ ਤੇ ਉਸ

1. *ਮੈਨ ਇਨ ਇੰਡੀਆ* ਦੇ 'ਐਨ ਇੰਡੀਅਨ ਰਿਡਲ ਬੁੱਕ' ਅੰਕ 4, ਭਾਗ 13, ਦਸੰਬਰ 1943 ਵਿਚ ਵੇਰੀਅਰ ਐਲਵਿਨ ਤੇ M.C. ਆਰਚਰ ਲਿਖਤ *ਨੋਟ ਆਨ ਦੀ ਯੂਜ਼ ਆਫ਼ ਰਿਡਲਜ਼ ਇਨ ਇੰਡੀਆ*।
2. *Standard Dictionary of Folklore, Mythology and Legend*, pp. 938-44.

ਸਮੇਂ ਦੀਆਂ ਲੋਕ-ਬੁਝਾਰਤਾਂ ਰਿਕਾਰਡ ਨਾ ਹੋਣ ਕਰਕੇ ਸਾਡੇ ਤਕ ਪਹੁੰਚ ਨਹੀਂ ਸਕੀਆਂ। ਉਂਜ ਅਜਿਹੇ ਸੰਕੇਤ ਮਿਲਦੇ ਹਨ ਕਿ ਬੁਝਾਰਤਾਂ ਉਸ ਸਮੇਂ ਵੀ ਸਨ। ਭਾਰਤੀ ਅਲੰਕਾਰ-ਸ਼ਾਸਤਰ ਵਿਚ ਪਹੇਲੀਆਂ ਦੇ ਢੰਗ ਦਾ ਇਕ 'ਪ੍ਰਹੇਲਕਾ ਅਲੰਕਾਰ' ਵੀ ਹੈ, ਜੋ ਬੁਝਾਰਤ ਦੀ ਲੋਕ-ਗੀਤ ਤੋਂ ਸਾਹਿੱਤ ਵੱਲ ਆਇਆ।

ਲੋਕਾਂ ਦਾ ਆਪਣਾ ਅਲੰਕਾਰ-ਸ਼ਾਸਤਰ ਹੈ ਤੇ ਆਪਣਾ ਹੀ ਛੰਦ-ਸ਼ਾਸਤਰ। ਬੁਝਾਰਤਾਂ ਦੀ ਉਸਾਰੀ ਵੀ ਇਕ ਖ਼ਾਸ ਟੈਕਨੀਕ ਰਾਹੀਂ ਹੁੰਦੀ ਹੈ ਤੇ ਚਿੰਨ੍ਹਵਾਦ ਇਸ ਦਾ ਵਿਸ਼ੇਸ਼ ਹਥਿਆਰ ਹੈ।

ਯੂਨਾਨੀ ਫਿਲਾਸਫਰ ਅਰਸਤੂ ਨੇ ਕਈ ਥਾਈਂ ਬੁਝਾਰਤ (riddle) ਤੇ ਰੂਪਕ (metaphor) ਦਾ ਗੂੜ੍ਹਾ ਸੰਬੰਧ ਦੱਸਿਆ ਹੈ। ਦਰਅਸਲ ਬੁਝਾਰਤ ਚਿੰਨ੍ਹਵਾਦੀ ਤਰੀਕੇ ਦੁਆਰਾ ਕਿਸੇ ਵਸਤੂ ਦਾ ਆਕਾਰ ਜਾਂ ਰੂਪ ਰੇਖਾ ਉਲੀਕਦੀ ਹੈ, ਨਾਲ ਵਚਿੱਤ੍ਰਤਾ ਜਾਂ ਹੈਰਾਨੀ ਦਾ ਰੰਗ ਵੀ ਰੱਖਿਆ ਜਾਂਦਾ ਹੈ। ਨਕਸ਼ਾ ਕੁਝ ਖਿੱਚਿਆ ਜਾਂਦਾ ਹੈ ਤੇ ਗੱਲ ਕੋਈ ਹੋਰ ਹੁੰਦੀ ਹੈ, ਇਹੋ ਭੇਦ ਬੁਝਾਰਤ ਨੂੰ ਵਚਿੱਤ੍ਰਤਾ ਤੇ ਸਮੱਸਿਆ ਦੇ ਰੂਪ ਵਿਚ ਰੂਪਮਾਨ ਕਰ ਕੇ ਸ੍ਰੋਤਿਆਂ ਦੇ ਦਿਲ ਵਿਚ ਖਿੱਚ ਪੈਦਾ ਕਰਦਾ ਹੈ। ਉਦਾਹਰਣ ਵਜੋਂ :

> **ਪੰਜਾਂ ਭਾਈਆਂ ਨੇ ਪੰਡ ਚੁਕਾਈ, ਸੁੱਟੀ ਬੂਹੇ ਦੇ ਬਾਹਰ।**
> **ਚਾਮਚੜਿੱਕ ਨੇ ਧੱਕਾ ਲਾਇਆ, ਗਈ ਸਮੁੰਦਰੋਂ ਪਾਰ।** (ਬੁਰਕੀ)

ਇਥੇ ਪੰਜ ਭਾਈ—ਪੰਜ ਉਂਗਲਾਂ ਵਾਲਾ ਹੱਥ, ਬੂਹਾ—ਮੂੰਹ ਤੇ ਚਾਮ ਚੜਿੱਕ—ਜੀਭ ਦਾ ਰੂਪਕ ਹੈ। ਸੋ ਬੁਝਾਰਤਾਂ ਦੇ ਮੂਲ ਤੱਤ ਇਹ ਕਹੇ ਜਾ ਸਕਦੇ ਹਨ :

1. ਚਿੰਨ੍ਹਵਾਦ;
2. ਵਸਤੂ ਦਾ ਅਸਪੱਸ਼ਟ ਆਕਾਰ ਤੇ ਰੂਪਰੇਖਾ (ਸ਼ਬਦ ਚਿੱਤਰ);
3. ਓਪਰੀ ਸਮਾਨਤਾ;
4. ਬਚਿੱਤਰਤਾ—ਹੈਰਾਨੀ ਦਾ ਰੰਗ।

ਇਸ ਸੰਕੇਤਕ ਵਰਨਣ ਕਰਕੇ ਬੁਝਾਰਤਾਂ ਵਿਚ ਲਿੰਗ-ਸੰਬੰਧਾਂ ਦਾ ਵੀ ਕਿਤੇ ਕਿਤੇ ਓਪਰਾ ਅਤੇ ਟੇਢਾ ਬਿਆਨ ਮਿਲਦਾ ਹੈ। ਇਹ ਠੀਕ ਹੈ ਕਿ ਇਹ ਸੰਕੇਤ ਲੋਕਾਂ ਦੀਆਂ ਨਿੱਤ ਵਰਤੋਂ ਦੀਆਂ ਚੀਜ਼ਾਂ ਜਾਂ ਆਲੇ-ਦੁਆਲੇ ਦੀਆਂ ਕੁਦਰਤੀ ਵਸਤਾਂ ਹੀ ਹੁੰਦੀਆਂ ਹਨ, ਇਨ੍ਹਾਂ ਦੇ ਆਸਰੇ ਪੇਂਡੂ ਕਾਰੀਗਰ ਆਪਣੀ ਬੁਝਾਰਤ ਦਾ ਮਹੱਲ ਖੜਾ ਕਰਦਾ ਹੈ। ਕਈ ਵਾਰ ਇਨ੍ਹਾਂ ਸਾਦ-ਮੁਰਾਦੇ ਸ਼ਬਦ-ਚਿੱਤਰਾਂ ਵਿਚ ਕੁਦਰਤ ਦੇ ਅਤੇ ਪੇਂਡੂ ਜੀਵਨ ਦੇ ਚਿੱਤਰ ਬੜੇ ਸੁਆਦਲੇ ਰੂਪ ਵਿਚ ਪ੍ਰਤੱਖ ਹੁੰਦੇ ਹਨ। ਮੱਕੀ ਦੀ ਛੱਲੀ ਦਾ ਕੇਹਾ ਸੋਹਣਾ ਚਿੱਤਰ ਹੈ :

> **ਹਰੀ ਸੀ ਮਨ ਭਰੀ ਸੀ, ਲਾਲ ਮੋਤੀਆਂ ਜੜੀ ਸੀ।**
> **ਰਾਜਾ ਜੀ ਦੇ ਬਾਗ਼ ਵਿਚ ਦੁਸ਼ਾਲਾ ਲਈ ਖੜੀ ਸੀ।**

ਇਸ ਤਰ੍ਹਾਂ ਬੁਝਾਰਤਾਂ ਵਿਚ ਹੋਰ ਵੀ ਕੁਦਰਤੀ ਰੂਪਕ ਸੋਹਣੇ ਬੰਨ੍ਹੇ ਗਏ ਹਨ। ਸਪੱਸ਼ਟਤਾ ਲਈ ਕੁਝ ਉਦਾਹਰਣਾਂ ਪੇਸ਼ ਹਨ :

ਰੜੇ ਮੈਦਾਨ ਵਿਚ ਦੁੱਧ ਦਾ ਛਿੱਟਾ। (ਰੁਪਈਆ)

ਖੜੇ ਤੇ ਖੜਾ, ਉੱਤੇ ਲਾਲ ਕਬੂਤਰ ਖੜਾ। (ਦੀਵਾ)

ਸੋਨੇ ਰੰਗੀ ਤਿੱਤਰ-ਖੰਭੀ, ਨਾਂ ਭਰਿਆ ਮਸਤਾਨੀ।
ਜਾਂ ਮੇਰੀ ਬਾਤ ਬੁਝ, ਜਾਂ ਦੇਹ ਅਠਿਆਈ। (ਭਰਿੰਡ)

ਮਾਏ ਨੀ ਇਕ ਜੋਗੀ ਆਇਆ।
ਸਿਰ ਕਲਗੀ ਤੇ ਨਾਦ ਵਜਾਇਆ।
ਕਰ ਕਰ ਗੂੜ੍ਹੇ ਰੰਗ।
ਇਹ ਅਚੰਭਾ ਅਸਾਂ ਨੇ ਡਿੱਠਾ, ਹਰ ਬੱਦਲ ਹਰ ਚੰਦ। (ਮੋਰ)

ਚੰਮ ਦੀ ਪੀਂਘ, ਬਲੂੰਗੜਾ ਝੂਟੇ। (ਤੇਲੀ ਦਾ ਤਾੜਾ)

ਇੰਨਾ ਕੁ ਤਿਲੀਅਰ ਡਰਦਾ ਜਾਵੇ, ਗਿਣ ਗਿਣ ਆਂਡੇ ਧਰਦਾ ਜਾਵੇ। (ਸੂਈ ਧਾਗਾ)
ਐਨੀ ਕੁ ਹਰਨੀ, ਸਾਰਾ ਖੇਤ ਚਰਨੀ, ਮੀਂਗਣ ਇਕ ਨਾ ਕਰਨੀ। (ਦਾਤੀ)

ਚੱਲਦੇ ਖੂਹ ਦਾ ਦ੍ਰਿਸ਼ ਵੇਖੋ :
ਆਰ ਡਾਂਗਾਂ ਪਾਰ ਡਾਂਗਾਂ ਵਿਚ ਟੱਲਮ ਟੱਲੀਆਂ,
ਆਉਣ ਕੂੰਜਾਂ ਦੇਣ ਬੱਚੇ, ਨਦੀ ਨਾਵਣ ਚੱਲੀਆਂ। (ਖੂਹ ਦੀਆਂ ਟਿੰਡਾਂ)

ਇਕ ਅੰਗਰੇਜ਼ੀ ਬੁਝਾਰਤ ਵਿਚ ਪਹਾੜ 'ਤੇ ਪੈਂਦੀ ਬਰਫ਼ (snow fall) ਦਾ ਕੇਹਾ ਸੋਹਣਾ ਕੁਦਰਤੀ ਤੇ ਸਾਦਾ ਚਿੱਤਰ ਖਿੱਚਿਆ ਹੈ :

White bird featherless, Flew from paradise.
Piched on the castle wall; Poor Lord land less,
Came in a fine dress, And went away without a dress at all.

ਹਾਸਾ ਵੀ ਕਈ ਥਾਂ ਵੱਖੀ ਤੋੜ ਹੈ :

ਬਾਪੂ ਦੇ ਕੰਨ 'ਚ ਬੇਬੇ ਵੜਗੀ। (ਜੰਦਰਾ ਕੁੰਜੀ)

ਇਕ ਗਜ਼ ਬਾਬਾ ਨੌਂ ਗਜ਼ ਦਾੜ੍ਹੀ। (ਪਰਨਾਲਾ)

ਬਾਬੇ ਦਾ ਬੋਕ, ਦੱਬੋ ਪੂੰਛ ਮਾਰੇ ਮੋਕ। (ਨਲਕਾ)

ਇਕ ਗੱਲ ਜੋ ਬੁਝਾਰਤਾਂ ਦੀ ਸਮੱਗਰੀ ਤੇ ਟੈਕਨੀਕ ਉੱਤੇ ਵਿਸ਼ੇਸ਼ ਤੌਰ 'ਤੇ ਪ੍ਰਤੱਖ ਹੁੰਦੀ ਹੈ, ਉਹ ਇਹ ਹੈ ਕਿ ਸਾਰੀ ਦੁਨੀਆਂ ਦੇ ਲੋਕਾਂ ਦੇ ਭਾਵ ਹੀ ਸਾਂਝੇ ਨਹੀਂ, ਲੋਕਾਂ ਦੇ ਵਿਚਾਰ ਤੇ ਵਿਚਾਰ-ਢੰਗ ਵੀ ਕਾਫ਼ੀ ਸਾਂਝ ਰੱਖਦੇ ਹਨ। ਕਈ ਬੁਝਾਰਤਾਂ ਤੋਂ ਤਾਂ ਇਉਂ ਜਾਪਦਾ ਹੈ, ਜਿਵੇਂ ਲੋਕ ਬਿਲਕੁਲ ਇੱਕੋ ਤਰ੍ਹਾਂ ਹੀ ਸੋਚ ਰਹੇ ਹੁੰਦੇ ਹਨ ਤੇ ਇੱਕੋ ਤਰ੍ਹਾਂ ਦੀ ਹੀ ਚੀਜ਼ ਉਨ੍ਹਾਂ ਦੀ ਬੁੱਧੀ ਘੜਦੀ ਹੈ। ਤੁਲਨਾਤਮਕ ਅਧਿਐਨ ਲਈ ਅਸੀਂ ਹੋਰ ਜ਼ਬਾਨਾਂ ਦੀਆਂ ਬੁਝਾਰਤਾਂ ਦੇ ਵੇਰਵੇ ਵਿਚ ਨਹੀਂ ਪੈਂਦੇ। ਯੂ.ਪੀ. ਪ੍ਰਾਂਤ, ਪੰਜਾਬ ਦਾ ਗੁਆਂਢੀ ਪ੍ਰਾਂਤ ਹੈ, ਉੱਥੋਂ ਦੀਆਂ ਬੁਝਾਰਤਾਂ ਤੇ ਪੰਜਾਬੀ ਬਾਤਾਂ ਦਾ ਮੁਕਾਬਲਾ ਪਾਠਕਾਂ ਲਈ ਇਸ ਪੱਖੋਂ ਦਿਲਚਸਪੀਦਾਇਕ ਹੋਵੇਗਾ। ਭਾਵੇਂ ਇਹ ਬਾਤਾਂ ਇਕ ਦੂਜੇ ਦਾ ਤਰਜਮਾ ਨਹੀਂ, ਪਰ ਕਈ ਥਾਈਂ ਬਿਲਕੁਲ ਇਉਂ ਹੋਇਆ ਹੀ ਲੱਗਦਾ ਹੈ :

ਪੰਜਾਬੀ— ਇਕ ਸਮੁੰਦ ਮੈਂ ਦੇਖਿਆ, ਹਾਥੀ ਮਲ ਮਲ ਨ੍ਹਾਇ,
ਘੜਾ ਡੋਬਿਆ ਨ ਡੁੱਬੇ, ਚਿੜੀ ਤਿਹਾਈ ਜਾਇ।
ਸੁੱਥਣ ਭਿੱਜੀ ਸਣ ਚੂੜੀਆਂ ਜੁਤੀ ਗੋਤਾ ਖਾ,
ਰੁੱਖ ਭਿੱਜੇ ਸਣ ਕਮਲੀਂ ਚਿੜੀ ਤਿਹਾਈ ਜਾ।

ਹਿੰਦੀ — ਬਰਖਾ ਬਰਸੀ ਰਾਤ ਮੈਂ, ਭੀਜੇ ਸਭ ਬਨਰਾਇ,
ਘੜਾ ਨ ਡੂਬੇ ਲੋਟੀਆ, ਪੰਛੀ ਪਿਆਸਾ ਜਾਇ। (ਤ੍ਰੇਲ)

ਪੰਜਾਬੀ— ਹਰੀ ਡੰਡੀ ਲਾਲ ਕਮਾਨ, ਤੌਬਾ ਤੌਬਾ ਕਰੇ ਪਠਾਣ। (ਲਾਲ ਮਿਰਚ)

ਹਿੰਦੀ — ਹਰੀ ਡੰਡੀ ਸੁਰਖ਼ ਬਾਣਾ, ਬਖ਼ਤ ਪਿਆ ਗੁੜ ਖਾਣਾ।

ਪੰਜਾਬੀ— ਇਕ ਦਰੱਖਤ ਕਲਕੱਤੇ, ਨ ਉਹਨੂੰ ਜੜ੍ਹ ਪੱਤੇ।

ਹਿੰਦੀ — ਏਕ ਰੁੱਖ ਅਗੜਪੱਤਾ, ਜਿਸ ਕੇ ਪੇੜ ਨ ਪੱਤਾ। (ਅਮਰ ਵੇਲ)

ਪੰਜਾਬੀ— ਕਟੋਰੇ ਵਿਚ ਕਟੋਰਾ, ਪੁੱਤਰ ਪਿਉ ਤੋਂ ਵੀ ਗੋਰਾ।

ਹਿੰਦੀ — ਕਟੋਰੇ ਪਰ ਕਟੋਰਾ, ਬੇਟਾ ਬਾਪ ਸੇ ਭੀ ਗੋਰਾ। (ਨਾਰੀਅਲ)

ਪੰਜਾਬੀ— ਇਕ ਜਨੌਰ ਅਸਲੀ, ਨ ਹੱਡੀ ਨ ਪਸਲੀ।

ਹਿੰਦੀ — ਏਕ ਜਾਨਵਰ ਅਸਲੀ, ਉਸ ਕੇ ਹਾਡ ਨ ਪਸਲੀ (ਜੋਕ)

ਪੰਜਾਬੀ— ਅੰਦਰ ਜਾਵਾਂ ਬਾਹਰ ਜਾਵਾਂ, ਕਾਲੇ ਕੁੱਤੇ ਨੂੰ ਬਹਾਲ ਜਾਵਾਂ।

ਹਿੰਦੀ — ਕਾਲਾ ਕੁੱਤਾ ਘਰ ਰਖਵਾਲਾ, ਕੌਣ ਗੁਰੂ ਕਾ ਚੇਲਾ।
ਆਸਨ ਮਾਰ ਖੜੀ ਮੈਂ ਬੈਠਾ, ਮੰਦਰ ਮਾਂਝ ਅਕੇਲਾ। (ਜਿੰਦਰਾ)

ਪੰਜਾਬੀ— ਚੱਲ ਮੈਂ ਆਇਆ।

ਹਿੰਦੀ— ਮੈਂ ਆਇਆ ਤੂੰ ਹਟ। (ਤਖ਼ਤਾ)

ਪੰਜਾਬੀ— ਥਾਲੀ ਭਰੀ ਰੁਪਈਆਂ ਦੀ ਪਰ ਗਿਣੀ ਨ ਜਾਇ।

ਹਿੰਦੀ — ਏਕ ਥਾਲ ਮੋਤੀਓਂ ਸੇ ਭਰਾ, ਸਭ ਕੇ ਸਿਰ ਪਰ ਓਂਧਾਂ ਧਰਾ।
ਚਾਰੋਂ ਓਰ ਥਾਲੀ ਵਹ ਫਿਰੇ, ਮੋਤੀ ਉਸ ਸੇ ਏਕ ਨ ਗਿਰੇ। (ਅਸਮਾਨ)

ਪੰਜਾਬੀ— ਦੋ ਅਲਣ ਬਲਣ ਦੋ ਦੀਵੇ ਜਲਣ,
ਦੋ ਪੱਖੇ ਝਲਣ, ਸੱਪ ਮੇਲਦਾ ਫਿਰੇ, ਜੱਗ ਵੇਖਦਾ ਫਿਰੇ।

ਹਿੰਦੀ — ਚਾਰ ਚਾਕ ਚਲੇਂ, ਦੋ ਸੂਪ ਚਲੇਂ,
ਅਗੇ ਨਾਗਾ ਚਲੇ, ਪੀਛੇ ਗੋਹ ਚਲੇ। (ਹਾਥੀ)

ਪੰਜਾਬੀ— ਘਾਹੂਆਣੇ ਘਹੇ ਚਰੇਂਦੀ, ਅੱਖੂਆਣੇ ਦੇਖੀ ਸੀ
ਫੁਲੂਆਣੇ ਫੜ ਕੇ ਲਿਆਂਦੀ, ਨੂੰਹੇਆਣੇ ਕੁੱਟੀ ਸੀ।

ਹਿੰਦੀ — ਸੀਸ ਗੰਜ ਸੇ ਚੋਰ ਭਾਗਾ, ਕਾਨ੍ਹਪੁਰ ਮੇਂ ਪਕੜਾ ਗਯਾ।
ਤਲੀ ਗੰਜ ਮੇਂ ਹੂਆ ਮੁਕੱਦਮਾ, ਨਾਖਨ ਪੁਰ ਮੇਂ ਮਾਰਾ ਗਯਾ।
ਕਾਲੇ ਬਨ ਮੇਂ ਰਹਤਾ ਹੈ, ਕਾਲੇ ਤਿਲ ਸਾ ਕਾਰਾ।
ਕਾਨ੍ਹਪੁਰ ਮੇਂ ਪਕੜਾ ਉਸ ਕੋ, ਹਸਤਨ ਪੁਰ ਮੇਂ ਮਾਰਾ। (ਜੂੰ)

ਪੰਜਾਬੀ— ਜਦ ਸਾਂ ਮੈਂ ਭੋਲੀ ਭਾਲੀ, ਤਦ ਸਹਿੰਦੀ ਸਾਂ ਮਾਰ।
ਜਦੋਂ ਮੈਂ ਪਾ ਲਏ ਲਾਲ ਕੱਪੜੇ, ਹੁਣ ਨ ਸਹਿੰਦੀ ਗਾਲ੍ਹ।

ਹਿੰਦੀ — ਜਬ ਰਹੀ ਮੈਂ ਬਾਰੀ ਭੋਰੀ, ਤਬ ਸਹੀ ਥੀ ਮਾਰ।
ਅਬ ਤੋ ਪਹਿਨੀ ਲਾਲ ਘਗਰੀਆ, ਅਬ ਨ ਸਹਿਹੋਂ ਮਾਰ। (ਪੱਕਾ ਭਾਂਡਾ)

ਪੰਜਾਬੀ— ਬਣ ਵਿਚ ਵੱਢੀ ਬਣ ਵਿਚ ਟੁੱਕੀ, ਬਣ ਵਿਚ ਲਈ ਸ਼ਿੰਗਾਰ।
ਬਾਰਾਂ ਵਰਸ ਮੈਨੂੰ ਵਿਆਹੀ ਨੂੰ ਹੋ ਗਏ, ਨ ਦੇਖਿਆ ਘਰ ਬਾਰ।

ਹਿੰਦੀ — ਏਕ ਸਖੀ ਹਮ ਆਵਤ ਦੇਖਾ, ਸਿਆਮ ਘਟਾ ਬਦਰੀ ਮੇਂ ਰੇਖਾ।
ਹਾਥ ਸਰੋਹੀ ਮੰਗਲ ਗਾਵੇ, ਵਿਆਹੀ ਹੈ ਬਰ ਖੋਜਤ ਆਵੈ। (ਢੋਲ)

ਪੰਜਾਬੀ— ਇਕ ਨਾਰ ਪਰਦੇਸੋਂ ਆਈ, ਜਲ ਵਿਚ ਬੈਠੀ ਨ੍ਹਾਵੇ।
ਹੱਡੀਆਂ ਚੁਣ ਚੁਣ ਢੇਰ ਲਗਾਏ, ਚਮੜੀ ਸ਼ਹਿਰ ਵਿਕਾਵੇ।

ਹਿੰਦੀ — ਮੂੰਡ ਕਾਟ ਮਾਂ ਕੁਇੰ ਧਰੀ, ਲੋਥੀ ਗੰਗਾ ਨਹਾਇ।
ਹਾਡਨ ਕਾ ਕੋਇਲਾ ਭਯਾ, ਖਾਲੈ ਗਈ ਵਿਕਾਇ। (ਸਣ)

ਹਿੰਦੀ — ਅਥਰ ਸਿਲ ਪੱਥਰ, ਸੰਗਮਰਮਰ ਖਜੂਰ।
ਪਾਂਚੋ ਬਹਿਨੀ ਲੌਟ ਜਾਓ, ਹਮ ਜਾਵੇਂ ਬੜੀ ਦੂਰ। (ਬੁਰਕੀ)

ਪੰਜਾਬੀ— ਬਾਹਰੋਂ ਆਇਆ ਬਾਬਾ ਲੌਦੀ ਛੇ ਟੰਗਾਂ ਤੇ ਇੱਕੋ ਬੋਦੀ।

ਹਿੰਦੀ — ਛੇ ਪੈਰ, ਪੀਠ ਪਰ ਪੂੰਛ।

ਜਾਂ

ਸੰਖ ਸੰਖ ਸੰਖੀਆ ਉੜਾਇ ਜਾਇ ਪੰਖੀਆ, ਛ: ਗੋਡ ਦੋ ਅੱਖੀਆਂ।

ਜਾਂ

ਛੇ ਗੋਡ ਦੁਇ ਬਾਹਾਂ, ਪਿਠੀਆ ਪੈ ਪੂੰਛ ਲੋਟੇ, ਈ ਤਮਾਸਾ ਕਾਹਾਂ।

ਇਸੇ ਤਰ੍ਹਾਂ ਦੀ ਫ਼ਾਰਸੀ ਬੁਝਾਰਤ ਦਾ ਵੀ ਮੁਲਾਹਜ਼ਾ ਹੋਵੇ:

ਯਕੇ ਹੈਵਾਂ ਅਜਬ ਦੀਦਮ, ਕਿ ਸ਼ਸ਼ ਪਾਵੇ ਦੋ ਸੁਮ ਦਾਰਦ।
ਅਜਾਇਬਤਰ ਅਜ਼ੀ ਦੀਦਮ, ਮਿਆਨੇ ਪੁਸ਼ਤ ਦੁਮ ਦਾਰਦ। (ਤੱਕੜੀ)

ਪੰਜਾਬੀ—1. ਚਿੱਟੀ ਮਸੀਤ ਬੂਹਾ ਕੋਈ ਨਾ।
2. ਚੂਨੇ ਗੱਚ ਹਵੇਲੀ, ਬੂਹਾ ਕੋਈ ਨਾ।
3. ਕੋਟ ਪਰ ਦਰਵਾਜ਼ਾ ਨਹੀਂ, ਵਿੱਚ ਹੈ ਪਰ ਬੋਲਦਾ ਨਹੀਂ। (ਅੰਡਾ)

ਸ਼ਾਇਦ ਪਾਠਕ ਇਸ ਖ਼ਿਆਲ ਦੇ ਹੋਣਗੇ ਕਿ ਗੁਆਂਢੀ ਪ੍ਰਾਂਤਾਂ ਦੀਆਂ ਬੁਝਾਰਤਾਂ ਮਿਲ ਜਾਣੀਆਂ ਕੋਈ ਅਨੋਖੀ ਗੱਲ ਨਹੀਂ, ਇਸ ਲਈ ਕੁਝ ਕੁ ਅੰਗਰੇਜ਼ੀ ਬੁਝਾਰਤਾਂ ਨਾਲ ਪੰਜਾਬੀ ਬੁਝਾਰਤਾਂ ਦਾ ਮੁਕਾਬਲਾ ਕਰਨਾ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗਾ। ਅੰਡੇ ਬਾਰੇ, ਉੱਤੇ ਪੰਜਾਬੀ ਬੁਝਾਰਤਾਂ ਦਿੱਤੀਆਂ ਗਈਆਂ ਹਨ। ਇਸ ਸਬੰਧੀ ਅੰਗਰੇਜ਼ੀ ਪਹੇਲੀ ਵੀ ਸੁਣੋ:

A Long white barn,
Two roofs on it,
And no door at all, at all. (Egg)

ਪੰਜਾਬੀ— ਚਾਂਦੀ ਦਾ ਮੁਖੜਾ ਸੋਨੇ ਦੀਆਂ ਮੁੱਛਾਂ।
ਰਾਮ ਜੀ ਲੈ ਗਿਆ, ਮੈਂ ਕੀਹਨੂੰ ਕੀਹਨੂੰ ਪੁੱਛਾਂ।
On yonder hill there is a read deer.
The more you shoot, the more you may.
You can not drive that deer away. (ਸੂਰਜ)

ਪੰਜਾਬੀ— ਵਿਚ ਅਸਮਾਨੇ ਤੁਰਦੀ ਜਾਵਾਂ, ਪੈਰ ਨ ਮੇਰਾ ਕੋਈ।
ਸਭ ਮੇਰੇ ਵਿਚ ਹੋ ਗਏ, ਮੈਂ ਸਭਨਾਂ ਦੀ ਹੋਈ।
What flies for ever
and rests never. (ਹਵਾ)

ਪੰਜਾਬੀ— ਮਾਂ ਜੰਮੀ ਨਾ ਪੁੱਤ ਕੋਠੇ ਟੱਪੇ।
ਬਾਬਾ ਆਇਆ ਸਾਡੇ ਘਰ।
ਟੰਗ ਫਸਾ ਲੀ ਖੇਡੇ ਘਰ।

ਅੰਗਰੇਜ਼ੀ—A hill full, a hole full,
But you can not catch a bowfull. (ਧੂੰਆਂ)

ਪੰਜਾਬੀ— ਏਨੀ ਕੁ ਰਾਈ, ਸਾਰੇ ਪਿੰਡ ਖਿੰਡਾਈ।

ਹਿੰਦੀ— ਕਾਲ ਗਾਇ ਖਰ ਗਾਇ, ਪਾਨੀ ਪੀਏ ਮਰ ਜਾਇ।

ਅੰਗਰੇਜ਼ੀ—The more you feed it,
The more it will grow high.
But if you give it water,
Then it will go and die. (ਅੱਗ)

ਇਨ੍ਹਾਂ ਗੱਲਾਂ ਤੋਂ ਲੋਕ-ਜੀਵਨ ਦੀ ਏਕਤਾ ਤੇ ਸਾਂਝ ਦਾ ਪਤਾ ਲੱਗਦਾ ਹੈ ਕਿ ਕਿਵੇਂ ਲੋਕ ਇੱਕੋ ਤਰ੍ਹਾਂ ਸੋਚਦੇ ਤੇ ਇੱਕੋ ਤਰ੍ਹਾਂ ਗੱਲ ਕਰਦੇ ਹਨ, ਭਾਵੇਂ ਉਹ ਦੇਸ, ਕਾਲ ਦੇ ਨੁਕਤੇ ਤੋਂ ਦੂਰ ਹੀ ਹੋਣ।

ਪੰਜਾਬੀ ਦੇ ਲਿਖਤੀ ਸਾਹਿੱਤ ਵਿਚ ਬੁਝਾਰਤਾਂ ਦਾ ਸਭ ਤੋਂ ਪੁਰਾਣਾ ਜ਼ਿਕਰ ਸ਼ਾਇਦ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਇਕ ਬੁਝਾਰਤ—ਮੁਦਾਵਣੀ (ਪੋਠੋਹਾਰ ਵੱਲ ਹੁਣ ਵੀ ਬੁਝਾਰਤ ਨੂੰ ਮੁਦਾਵਣੀ ਆਖਦੇ ਹਨ)। ਸੋਰਠਿ ਦੀ ਵਾਰ ਵਿਚ ਗੁਰੂ ਅਮਰਦਾਸ ਜੀ ਨੇ ਲਿਖੀ ਹੈ:

ਸਲੋਕੁ ਮ: ੩ ॥ ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥

(ਵਾਰ ਸੋਰਠਿ, ਮ: ੩, ਪੰਨਾ 645)

ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ਲਿਖਿਆ ਹੈ:

ਕਹਾ ਬੁਝਾਰਤਿ ਬੂਝੈ ਡੋਰਾ ॥
ਨਿਸਿ ਕਹੀਐ ਤਉ ਸਮਝੈ ਭੋਰਾ ॥ *(ਗਉੜੀ ਸੁਖਮਨੀ ਮ: ੫, ਪੰਨਾ 267)*

ਇਨ੍ਹਾਂ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਬੁਝਾਰਤ ਅੱਜ ਤੋਂ ਤਿੰਨ ਚਾਰ ਸਦੀਆਂ ਪਹਿਲਾਂ ਵੀ ਅੱਜ ਜਿੰਨੀ ਹੀ ਮਹੱਤਤਾ ਰੱਖਦੀ ਸੀ।

ਬੁਝਾਰਤ ਸਾਡੇ ਲੋਕ-ਸਾਹਿੱਤ ਦਾ ਇਕ ਜ਼ਰੂਰੀ ਅੰਗ ਹੈ, ਜਿਸ ਦਾ ਲੋਕ-ਜੀਵਨ ਨਾਲ ਡੂੰਘਾ ਸੰਬੰਧ ਹੈ। ਲੋਕ-ਜੀਵਨ ਨੂੰ ਜਾਣਨ ਲਈ ਇਸ ਪਾਸੇ ਦੇ ਸਾਹਿੱਤ ਦੀ ਸੰਭਾਲ ਦੀ ਵੀ ਅਤਿਅੰਤ ਲੋੜ ਹੈ।

ਲੋਕ-ਕਾਵਿ ਰੂਪ ਜੰਞਾਂ

ਮਨੁੱਖ ਦੀ ਸਮਾਜਿਕ ਜ਼ਿੰਦਗੀ ਨੂੰ ਸੁਚੱਜਾ ਤੇ ਸੁਹਾਵਣਾ ਬਣਾਉਣ ਲਈ ਮੁੱਖ ਤਿੰਨ ਸੰਸਕਾਰ ਦੱਸੇ ਗਏ ਹਨ—ਜਨਮ-ਸੰਸਕਾਰ, ਵਿਵਾਹ-ਸੰਸਕਾਰ ਤੇ ਮ੍ਰਿਤਕ-ਸੰਸਕਾਰ। ਪਹਿਲਾ ਤੇ ਆਖ਼ਰੀ ਦੋ ਸੰਸਕਾਰ ਐਸੇ ਹਨ, ਜਿਨ੍ਹਾਂ ਦੀ ਮਨੁੱਖ ਨੂੰ ਉੱਕਾ ਖ਼ਬਰਸਾਰ ਨਹੀਂ ਹੁੰਦੀ। ਨਵੇਂ ਜੀਵ ਦੇ ਇਸ ਦੁਨੀਆਂ ਵਿਚ ਪ੍ਰਵੇਸ਼ ਕਰਨ ਸਮੇਂ ਸਨੇਹੀ ਪਰਿਵਾਰ ਤੇ ਸਮਾਜ ਸੁਆਗਤ ਕਰਦਾ ਹੋਇਆ ਜਨਮ-ਸੰਸਕਾਰ ਕਰਦਾ ਹੈ, ਪਰ ਨਵੇਂ ਬਾਲ ਨੂੰ ਇਹ ਸੋਝੀ ਨਹੀਂ ਹੁੰਦੀ ਕਿ ਇਹ ਸਭ ਕੁਝ ਮੇਰੇ ਹੀ ਖ਼ਾਤਰ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਜਦ ਜੀਵਨ-ਨਾਟਕ ਦਾ ਪਰਦਾ ਡਿੱਗਦਾ ਹੈ ਤੇ ਪ੍ਰਾਣੀ ਇਥੋਂ ਤੁਰ ਜਾਂਦਾ ਹੈ ਤਾਂ ਉਸ ਦੀ ਦੇਹੀ ਨੂੰ ਸਨਮਾਨ ਸਹਿਤ ਵਿਦਾਇਗੀ ਦੇਣ ਲਈ ਮ੍ਰਿਤਕ ਸੰਸਕਾਰ ਕੀਤਾ ਜਾਂਦਾ ਹੈ। ਇਹ ਅੰਤਿਮ ਸੰਸਕਾਰ ਕੇਵਲ ਸਨੇਹੀ ਸਾਥੀਆਂ ਦੇ ਮਨੋਭਾਵਾਂ ਦੀ ਤਸੱਲੀ ਮਾਤਰ ਹੁੰਦਾ ਹੈ, ਮ੍ਰਿਤਕ ਪ੍ਰਾਣੀ ਨੂੰ ਇਸ ਦਾ ਕੋਈ ਪਤਾ ਨਹੀਂ ਹੁੰਦਾ। ਸੋ, ਇਹ ਦੋ ਸੰਸਕਾਰ ਅਜਿਹੇ ਹਨ ਜੋ ਕੀਤੇ ਤਾਂ ਭਾਵੇਂ ਮਨੁੱਖ ਦੀ ਖ਼ਾਤਰ ਹੀ ਜਾਂਦੇ ਹਨ, ਪਰ ਉਸ ਨੂੰ ਉਨ੍ਹਾਂ ਦੀ ਕੋਈ ਖ਼ਬਰ ਸੁਰਤਿ ਨਹੀਂ ਹੁੰਦੀ। ਵਿਵਾਹ-ਸੰਸਕਾਰ ਹੀ ਐਸਾ ਹੈ, ਜਿਸ ਦੀ ਪ੍ਰਾਣੀ ਨੂੰ ਖ਼ਬਰ ਸਾਰ ਵੀ ਹੁੰਦੀ ਹੈ ਤੇ ਜਿਸ ਦਾ ਪ੍ਰਭਾਵ ਵੀ ਚਿਰ-ਕਾਲੀਨ ਹੁੰਦਾ ਹੈ। ਧਰਮ ਸੰਸਕਾਰ ਹਰ ਮਤ ਦਾ ਆਪਣਾ ਆਪਣਾ ਹੈ, ਜਿਸ ਦੁਆਰਾ ਜੀਵਨ-ਵਿਕਾਸ ਲਈ ਅਗਵਾਈ ਮਿਲਦੀ ਹੈ, ਪਰ ਇਥੇ ਅਸੀਂ ਇਸ ਦੀ ਚਰਚਾ ਨਹੀਂ ਕਰਦੇ। ਸੋ, ਵਿਵਾਹ ਸੰਸਕਾਰ ਹੀ ਇਕ ਐਸੀ ਸਮਾਜਿਕ ਰੀਤਿ ਹੈ, ਜਿਸ ਦੁਆਰਾ ਪ੍ਰਾਣੀ, ਦੁਨੀਆਦਾਰੀ ਵਿਚ ਪ੍ਰਵੇਸ਼ ਕਰਦਾ ਹੈ। ਉਹ ਰੰਗ-ਰਲੀਆਂ ਵੀ ਮਨਾਉਂਦਾ ਹੈ ਤੇ ਸਹਿਜੇ-ਸਹਿਜੇ ਕਈ ਸਿਆਪੇ ਵੀ ਗਲ ਪਾਉਂਦਾ ਹੈ। ਇਸ ਵਿਵਾਹ ਰੀਤਿ ਨੂੰ ਭਾਰਤੀ ਰਿਸ਼ੀਆਂ ਮੁਨੀਆਂ, ਸੰਨਿਆਸੀ ਵੈਰਾਗੀਆਂ, ਸਿੱਧਾਂ ਜੋਗੀਆਂ ਪ੍ਰਵਾਨ ਨਹੀਂ ਕੀਤਾ, ਕਿਉਂਕਿ ਉਹ ਸਮਝਦੇ ਸਨ ਕਿ ਇਸਤਰੀ ਇਕ 'ਮਾਇਆ ਜਾਲ' ਹੈ, ਜਿਸ ਕਾਰਨ ਬੰਧਨ ਪੈਂਦੇ ਹਨ। ਇਸ ਕਰਕੇ ਇਨ੍ਹਾਂ ਬਿਰਕਤ-ਪੰਥੀਆਂ ਨੇ ਗ੍ਰਿਹਸਤ ਮਾਰਗ ਦੀ ਖੁੱਲ੍ਹ ਕੇ ਨਿਖੇਧੀ ਕੀਤੀ, ਲੇਕਿਨ ਗੁਰੂ ਸਾਹਿਬਾਨ ਨੇ ਸਮਾਜਿਕ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਅਨੁਭਵ ਕਰਦਿਆਂ ਵਿਵਾਹ-ਮਰਯਾਦਾ ਦੀ ਵਡਿਆਈ ਨੂੰ ਪੁਨਰ ਸਥਾਪਿਤ ਕੀਤਾ, ਉਹ ਖ਼ੁਦ ਗ੍ਰਿਹਸਤੀ ਬਣੇ ਤੇ ਆਪਣੇ ਸਿੱਖਾਂ ਨੂੰ ਗ੍ਰਿਹਸਤੀ ਜੀਵਨ ਬਿਤਾਉਣ ਦੀ ਪ੍ਰੇਰਨਾ ਕੀਤੀ, ਇਸ ਜੀਵਨ ਨੂੰ 'ਗ੍ਰਿਹਸਤ ਜੰਜਾਲ' ਕਹਿ ਕੇ ਛੁਟਿਆਇਆ ਜਾਂਦਾ ਸੀ, ਉਸ ਨੂੰ ਉਨ੍ਹਾਂ

'ਅਨੰਦ ਸੰਸਕਾਰ' ਦਾ ਰੂਪ ਦਿੱਤਾ। ਉਨ੍ਹਾਂ ਗਲਤ ਤਿਆਗ ਦੇ ਚੱਕ੍ਰ ਵਿਚ ਫਾਥੇ ਮਨੁੱਖ ਨੂੰ ਨਿਸਚਾ ਕਰਾ ਦਿੱਤਾ:

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਵਾਰ ਗੂਜਰੀ ੫, ਪੰਨਾ 522)

ਜਦੋਂ ਸਿਧਾਂਤਕ ਤੌਰ 'ਤੇ 'ਸਗਲ ਧਰਮ ਮਹਿ ਗ੍ਰਿਸਤ ਪ੍ਰਧਾਨ ਹੈ' ਦਾ ਫ਼ੈਸਲਾ ਹੋ ਗਿਆ ਤਾਂ ਇਸ ਰਸਮ ਨੂੰ ਬਹੁਤ ਚਾਵਾਂ ਮਲਾਰਾਂ ਨਾਲ ਕੀਤਾ ਜਾਣ ਲੱਗਾ। ਸਾਕ-ਸਨੇਹੀਆਂ ਨੂੰ ਸੱਦਾ ਦੇਣਾ, ਵਾਜੇ ਗਾਜਿਆਂ ਦਾ ਬੰਦੋਬਸਤ ਕਰਨਾ, ਤਰ੍ਹਾਂ ਤਰ੍ਹਾਂ ਦੀਆਂ ਸਵਾਰੀਆਂ ਰੱਥ, ਹਾਥੀ, ਘੋੜੇ ਲੈ ਕੇ ਸੰਗੀ ਸਾਥੀਆਂ ਸਮੇਤ ਲਾੜੇ ਦਾ ਲੜਕੀ ਦੇ ਪਿੰਡ ਢੁਕਣਾ ਇਸ ਦਾ ਪ੍ਰਾਰੰਭ ਹੈ। ਇਸੇ ਨੂੰ 'ਜੰਞ' ਕਹਿੰਦੇ ਹਨ। ਇਹ ਜੰਞ ਜਾਂ ਬਰਾਤ ਬੜੀ ਚੜ੍ਹਦੀ ਕਲਾ ਨਾਲ ਟੌਹਰ ਕੱਢ ਕੇ ਚੱਲਦੀ ਹੈ, ਹਰ ਕੋਈ ਬੁੱਢਾ ਬਾਲ ਗੱਭਰੂ ਨਵੇਂ ਨਵੇਂ ਕੱਪੜੇ ਤੇ ਗਹਿਣੇ ਪਾ ਕੇ ਸੱਜ ਵੱਜ ਕੇ ਆਉਂਦਾ ਹੈ ਤਾਂ ਕਿ ਪਿੰਡ ਵਾਲਿਆਂ ਨੂੰ ਪਤਾ ਲੱਗ ਸਕੇ ਕਿ ਕੋਈ ਬਾਂਕੇ ਆਏ ਹਨ। ਇਸ ਨਾਲ ਵਿਆਂਹਦੜ ਦਾ ਰੋਅਬ-ਦਾਬ ਵੀ ਬਣਦਾ ਸੀ ਤੇ ਨਾਲੇ ਕੁਝ ਚਿਰ ਦਾ ਸ਼ੁਗਲ ਮੇਲਾ ਵੀ ਹੋ ਜਾਂਦਾ ਸੀ।

ਦੂਰ-ਦੁਰਾਡੇ ਦੀਆਂ ਵਿਵਾਹ ਸ਼ਾਦੀਆਂ ਸਮੇਂ, ਇਹ ਰੋਅਬ-ਦਾਬ ਵਾਲੇ ਸੰਗੀ ਸਾਥੀ ਲਿਜਾਣੇ ਇਕ ਆਵੱਸ਼ਕਤਾ ਵੀ ਹੋ ਗਈ, ਕਿਉਂਕਿ ਵਹੁਟੀ ਦੇ ਦਾਜ-ਦਹੇਜ, ਗਹਿਣੇ-ਗੱਟੇ ਤੇ ਹੋਰ ਧਨ ਮਾਲ ਦੀ ਰਾਖੀ ਲਈ ਐਸਾ ਕਰਨਾ ਜ਼ਰੂਰੀ ਸੀ। ਕਾਰਨ ਕੁਝ ਵੀ ਹੋਵੇ, ਜੰਞ ਦਾ ਠਾਠ-ਬਾਠ ਇਕ ਮੰਨੀ ਹੋਈ ਗੱਲ ਸੀ। ਇਸੇ ਕਰਕੇ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲਾਵਰ ਲਸ਼ਕਰ ਨੂੰ 'ਪਾਪ ਕੀ ਜੰਞ' ਕਹਿ ਕੇ ਬਿਆਨ ਕੀਤਾ ਹੈ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

(ਤਿਲੰਗ ਮ: ੧, ਪੰਨਾ 722)

ਇਸ ਤੋਂ ਉਲਟ ਉਚੇਰੀ ਅਧਿਆਤਮਕ ਸੰਜੋਗੀ ਅਵਸਥਾ ਦਾ ਵਰਣਨ ਵੀ ਬਾਣੀ ਵਿਚ ਜੰਞ ਤੇ ਲਾੜੇ ਦੇ ਰੂਪਕ ਨਾਲ ਹੀ ਕੀਤਾ ਗਿਆ ਹੈ:

ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥

(ਸਿਰੀਰਾਗ ਮ: ੪, ਪੰਨਾ 78)

ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥

(ਸੂਹੀ ਮ: ੧, ਪੰਨਾ 765)

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥
ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥ *(ਆਸਾ ਮ: ੫, ਪੰਨਾ 452)*

ਹਮ ਘਰਿ ਸਾਜਨ ਆਏ ॥
ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥

(ਸੂਹੀ ਮ: ੧, ਪੰਨਾ 764)

ਪੰਜਾਬੀ ਸਾਹਿੱਤ ਵਿਚ ਮਿਲਦੇ ਲਿਖਤੀ ਸਬੂਤ ਇਹ ਪ੍ਰਗਟ ਕਰਦੇ ਹਨ ਕਿ ਪੰਦਰ੍ਹਵੀਂ ਸੋਲ੍ਹਵੀਂ ਸਦੀ ਵਿਚ ਲਾੜਾ ਲਾੜੀ ਦੇ ਵਿਆਹ ਸਮੇਂ ਪ੍ਰਭਾਵਸ਼ਾਲੀ ਜੰਞ ਲਿਜਾਣ ਦਾ ਰਿਵਾਜ ਆਮ ਸੀ ਤੇ ਬਾਬੇ ਫ਼ਰੀਦ ਦੇ ਦਿੱਤੇ ਸੰਕੇਤ ਅਨੁਸਾਰ 'ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।' ਲਾੜਾ, ਨਵੀਂ ਵਹੁਟੀ ਨੂੰ ਸੱਜ ਧੱਜ ਨਾਲ ਆਪਣੇ ਘਰ ਲੈ ਕੇ ਆਉਂਦਾ ਸੀ। ਇਸ ਵਿਆਹ-ਸ਼ਾਦੀ ਦੇ ਚਾਵਾਂ ਮਲ੍ਹਾਰਾਂ ਤੇ ਮੰਗਲਾਚਾਰਾਂ ਦਾ ਦਿਲਚਸਪੀ ਭਰਪੂਰ ਵਰਣਨ ਸਾਡੇ ਲੋਕ-ਗੀਤਾਂ ਵਿਚ ਵੀ ਆਮ ਹੋਇਆ ਹੈ। ਸਾਹੇ ਦੇ ਅਰੰਭ ਵਿਚ ਲਾੜੇ ਦੇ ਘਰ, 'ਘੋੜੀਆਂ' ਗਾਈਆਂ ਜਾਂਦੀਆਂ ਹਨ ਤੇ ਲਾੜੀ ਦੇ ਘਰ 'ਸੁਹਾਗ' ਦੇ ਗੀਤ ਗਾ ਕੇ ਮਹੂਰਤ ਕੀਤਾ ਜਾਂਦਾ ਹੈ। ਚੂੰਕਿ ਲਾੜਾ ਘੋੜੀ 'ਤੇ ਸਵਾਰ ਹੋ ਕੇ ਵਿਆਹੁਣ ਤੁਰਦਾ ਸੀ, ਇਸ ਲਈ ਉਸ ਦੀ ਮਾਤਾ ਤੇ ਭੈਣਾਂ, ਚਾਵਾਂ ਨਾਲ ਅਸੀਸਾਂ ਦਿੰਦੀਆਂ ਗੀਤ ਗਾਉਂਦੀਆਂ ਸਨ, ਜੋ ਕਿ 'ਘੋੜੀਆਂ' ਦੇ ਨਾਂ ਨਾਲ ਪੁਕਾਰੇ ਜਾਂਦੇ ਹਨ:

ਘੋੜੀ ਸੋਂਹਦੀ ਕਾਠੀਆਂ ਦੇ ਨਾਲ, ਕਾਠੀ ਡੇਢ ਤੇ ਹਜ਼ਾਰ,
ਉਮਰਾਵਾਂ ਦੀ ਤੇਰੀ ਚਾਲ, ਮੈਂ ਬਲਹਾਰੀ ਵੇ ਮਾਂ ਦਿਆ ਸੁਰਜਨਾ!
ਵਿਚ ਵਿਚ ਬਾਗ਼ਾਂ ਦੇ ਤੁਸੀਂ ਆਓ, ਚੋਟ ਨਗਾਰਿਆਂ 'ਤੇ ਲਾਓ,
ਖਾਣਾ ਰਾਜਿਆਂ ਦਾ ਖਾਓ, ਮੈਂ ਬਲਹਾਰੀ ਵੇ ਮਾਂ ਦਿਆ ਸੁਰਜਨਾ!
ਛੈਲ ਨਵਾਬਾਂ ਦੇ ਘਰ ਢੁਕਣਾ, ਵੱਡੇ ਸਰਦਾਰਾਂ ਦੇ ਘਰ ਢੁਕਣਾ,
ਉਮਰਾਵਾਂ ਦੀ ਤੇਰੀ ਚਾਲ ਮੈਂ ਬਲਹਾਰੀ ਵੇ ਮਾਂ ਦਿਆ ਸੁਰਜਨਾ!
ਚੀਰਾ ਤੇਰਾ ਵੇ ਮੱਲਾ ਸੋਹਣਾ, ਬਣਦਾ ਕਲ਼ਗੀਆਂ ਦੇ ਨਾਲ,
ਕਲ਼ਗੀ ਡੇਢ ਤੇ ਹਜ਼ਾਰ, ਮੈਂ ਬਲਹਾਰੀ ਵੇ ਮਾਂ ਦਿਆ ਸੁਰਜਨਾ!
ਕੈਂਠਾ ਤੇਰਾ ਵੇ ਮੱਲਾ ਸੋਹਣਾ, ਬਣਦਾ ਜੁਗਨੀਆਂ ਦੇ ਨਾਲ,
ਜੁਗਨੀ ਡੇਢ ਤੇ ਹਜ਼ਾਰ, ਮੈਂ ਬਲਹਾਰੀ ਵੇ ਮਾਂ ਦਿਆ ਸੁਰਜਨਾ!
ਜਾਮਾ ਤੇਰਾ ਵੇ ਮੱਲਾ ਸੋਹਣਾ, ਬਣਦਾ ਤਣੀਆਂ ਦੇ ਨਾਲ,
ਤਣੀ ਡੇਢ ਤੇ ਹਜ਼ਾਰ, ਮੈਂ ਬਲਹਾਰੀ ਵੇ ਮਾਂ ਦਿਆ ਸੁਰਜਨਾ!
ਜੁੱਤੀ ਤੇਰੀ ਵੇ ਮੱਲਾ ਸੋਹਣੀ, ਵਾਹਵਾ ਜੜੀ ਤਿੱਲੇ ਦੇ ਨਾਲ,
ਕੇਹੀ ਸੋਹਣੀ ਤੇਰੀ ਚਾਲ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਨਾ!
ਵਿਚ ਵਿਚ ਬਾਗ਼ਾਂ ਦੇ ਤੁਸੀਂ ਆਓ, ਚੋਟ ਨਗਾਰਿਆਂ 'ਤੇ ਲਾਓ,
ਪੁੱਤ ਸਰਦਾਰਾਂ ਦੇ ਅਖਵਾਓ, ਮੈਂ ਬਲਹਾਰੀ ਵੇ ਮਾਂ ਦਿਆ ਸੁਰਜਨਾ!

ਇਕ ਹੋਰ ਪ੍ਰਸਿੱਧ ਗੀਤ ਹੈ:

ਨਿੱਕੀ ਨਿੱਕੀ ਬੂੰਦੀਂ ਨਿੱਕਿਆ! ਮੀਂਹ ਵੇ ਵਰ੍ਹੇ
ਵੇ ਨਿੱਕਿਆ, ਮਾਂ ਵੇ ਸੁਹਾਗਣਿ ਤੇਰੇ ਸ਼ਗਨ ਕਰੇ।
ਮਾਂ ਵੇ ਸੁਹਾਗਣਿ ਤੇਰੇ ਸ਼ਗਨ ਕਰੇ ਵੇ ਨਿੱਕਿਆ!
ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ।
ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ ਵੇ ਨਿੱਕਿਆ!
ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ।

ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ ਵੇ ਨਿੱਕਿਆ!
ਘੋੜੀ 'ਤੇ ਮੇਰਾ ਸੋਹਣਾ ਵੀਰ ਚੜ੍ਹੇ।
ਘੋੜੀ 'ਤੇ ਮੇਰਾ ਸੋਹਣਾ ਵੀਰ ਚੜ੍ਹੇ ਵੇ ਨਿਕਿਆ!
ਭੈਣ ਸੁਹਾਗਣਿ ਤੇਰੀ ਵਾਗ ਫੜੇ।
ਭੈਣ ਸੁਹਾਗਣਿ ਤੇਰੀ ਵਾਗ ਫੜੇ ਵੇ ਨਿਕਿਆ!
ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ।
ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ ਵੇ ਨਿਕਿਆ!
ਭਾਬੀ ਸੁਹਾਗਣਿ ਤੈਨੂੰ ਸੁਰਮਾ ਪਾਵੇ।
ਭਾਬੀ ਸੁਹਾਗਣਿ ਤੈਨੂੰ ਸੁਰਮਾ ਪਾਵੇ ਵੇ ਨਿਕਿਆ!
ਰੱਤਾ ਰੱਤਾ ਡੋਲਾ ਮਹਲੀਂ ਆਣ ਵੜੇ।
ਰੱਤਾ ਰੱਤਾ ਡੋਲਾ ਮਹਿਲੀਂ ਆਣ ਵੜੇ ਵੇ ਨਿਕਿਆ!
ਮਾਂ ਵੇ ਸੁਹਾਗਣਿ ਪਾਣੀ ਵਾਰ ਪੀਏ।

ਜਦੋਂ ਲਾੜੀ ਦੇ ਨਗਰ, ਜੰਞ ਆ ਢੁਕਦੀ ਹੈ ਤਾਂ ਪੋਤਿਆਂ ਵੱਲੋਂ ਪੁਤੇਤਿਆਂ ਦਾ ਬੜਾ ਨਿੱਘਾ ਸੁਆਗਤ ਹੁੰਦਾ ਹੈ। ਫਿਰ ਜਦ ਜਾਂਞੀ ਬਣ-ਤਣ ਕੇ ਠਾਠ-ਬਾਠ ਨਾਲ ਰੋਟੀ ਖਾਣ ਆਉਂਦੇ ਹਨ ਤਾਂ ਪਿੰਡ ਦੀਆਂ ਕੁੜੀਆਂ ਤੇ ਹੋਰ ਜ਼ਨਾਨੀਆਂ, 'ਸਿੱਠਣੀਆਂ' ਦੇ ਦੇ ਕੇ ਹਾਸੇ ਤਮਾਸ਼ੇ ਵਿਚ ਆਏ ਪ੍ਰਾਹੁਣਿਆਂ ਦੀ ਭੰਡ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਇਹ ਨਜ਼ਾਰਾ ਬੜਾ ਹੀ ਦੇਖਣ ਵਾਲਾ ਹੁੰਦਾ ਹੈ, ਜਦੋਂ ਬੜੇ ਬੜੇ ਖੱਬੀ ਖ਼ਾਂ, ਕੁੜੀਆਂ ਚਿੜੀਆਂ ਦੀਆਂ ਗਾਲ੍ਹਾਂ ਸੁਣ ਕੇ ਪ੍ਰਸੰਨ ਹੁੰਦੇ ਹਨ ਤੇ ਇਸ ਨੂੰ ਇਕ ਚੰਗਾ ਸ਼ਗਨ ਮੰਨਦੇ ਹਨ। ਦਰਅਸਲ ਇਸ ਖ਼ੁਸ਼ੀਆਂ ਦੇ ਮੌਕੇ ਹਰ ਕਿਸੇ ਨੂੰ ਪੂਰੀ ਤਰ੍ਹਾਂ ਖੁੱਲ੍ਹ ਹੁੰਦੀ ਹੈ ਕਿ ਉਹ ਮਨਮਰਜ਼ੀ ਦੀ ਟਿੱਚਰ ਕਰ ਸਕੇ। ਅਜਿਹਾ ਹਾਸਾ ਮਖ਼ੌਲ, ਵਿਅੰਗ ਤੇ ਚੋਟ ਵਾਲਾ ਗੀਤ 'ਸਿੱਠਣੀ' ਕਹਾਉਂਦਾ ਹੈ, ਜਿਸ ਦੀ ਵੰਨਗੀ ਇਸ ਪ੍ਰਕਾਰ ਹੈ:

ਸਾਡੇ ਤਾਂ ਵਿਹੜੇ ਮੁੱਢ ਮਕਈ ਦਾ, ਦਾਣੇ ਤਾਂ ਮੰਗਦਾ ਉੱਧਲ ਗਈ ਦਾ
ਭੱਠੀ ਤਾਂ ਤਪਦੀ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।
ਸਾਡੇ ਤਾਂ ਵਿਹੜੇ ਤਾਣਾ ਤਣੀਂਦਾ, ਲਾੜੇ ਦਾ ਪਿਓ ਕਾਣਾ ਸੁਣੀਂਦਾ
ਐਨਕ ਤਾਂ ਲਾਉਣੀ ਪਈ, ਨਿਲੱਜਿਓ! ਲੱਜ ਤੁਹਾਨੂੰ ਨਹੀਂ।
ਕੁੜੀ ਤਾਂ ਸਾਡੀ ਤਿੱਲੇ ਦੀ ਤਾਰ ਏ, ਮੁੰਡਾ ਤਾਂ ਦਿਸਦਾ ਕੋਈ ਘੁਮਿਆਰ ਏ
ਜੋੜੀ ਤਾਂ ਫੱਬਦੀ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।
ਛੇ ਮਹੀਨੇ ਸੁਨਿਆਰ ਬਠਾਇਆ, ਚਾਂਦੀ ਦੇ ਗਹਿਣੇ 'ਤੇ ਪਾਣੀ ਫਿਰਾਇਆ
ਸਾਡੀ ਤਾਂ ਬੀਬੀ ਦੇ ਪਸੰਦ ਨ ਆਇਆ, ਨਿਲੱਜਿਓ! ਲੱਜ ਤੁਹਾਨੂੰ ਨਹੀਂ।
ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ, ਲਾੜੇ ਜੋਗਾ ਤੁਸੀਂ ਵਾਜਾ ਮੰਗਾਓ
ਜੰਞ ਤੇ ਸਜਦੀ ਨਹੀਂ, ਨਿਲੱਜਿਓ! ਲੱਜ ਤੁਹਾਨੂੰ ਨਹੀਂ।

ਇਸ ਮੌਕੇ 'ਤੇ ਕੁੜਮ ਤੇ ਕੁੜਮਣੀ ਦੀ ਛਿੱਲ, ਖ਼ਾਸ ਤੌਰ 'ਤੇ ਲਾਹੀ ਜਾਂਦੀ ਹੈ, ਮਰਾਠਾ ਤੋਪ ਨਾਲ ਉਪਮਾ ਅਠਾਰ੍ਹਵੀਂ ਸਦੀ ਦੀ ਸੂਚਕ ਹੈ:

ਕੁੜਮ ਹੈਗਾ ਪਤਲਾ ਜਿਹਾ, ਜੋਰੂ ਹੋ ਗਈ ਤੋਪ ਕੁੜੇ
ਮਰਹਟੇ ਵਾਲੀ ਤੋਪ ਕੁੜੇ, ਫਰੰਗੀ ਵਾਲੀ ਤੋਪ ਕੁੜੇ।

ਹਲ ਦੀਆਂ ਟੰਗਾਂ ਪੰਜਾਲੀ ਦੀਆਂ ਬਾਂਹਾਂ
ਦੇਖੀਂ ਵੇ ਕੁੜਮਾ! ਡਿਗ ਪੈਂਦਾ ਠਾਹਾਂ
ਡਿੱਗ ਠਾਂਹਾਂ, ਭਨਾ ਲੈਂਦਾ ਬਾਂਹਾਂ।

ਕੁੜਮੋ ਜੋਰੋ ਯਾਰਨੀ, ਅਸੀਂ ਨਹੀਂ ਪੁਕਾਰਨੀ।

ਸੌਲੇ ਰੰਗ ਦੇ ਕੁੜਮ ਬਾਰੇ ਪੁਕਾਰ ਹੁੰਦੀ ਹੈ:

ਗੈਸ ਬੁਝਾ ਦਿਓ ਵੀਰਨੋ, ਸਾਡਾ ਕੁੜਮ ਬੈਟਰੀ ਵਰਗਾ।

ਇਸੇ ਤਰ੍ਹਾਂ ਲਾੜੇ ਦੀ ਪਰਖ ਲਈ ਸਾਲੀਆਂ ਉਸ ਦੇ ਸਾਹਮਣੇ 'ਛੰਦ' ਸੁਣਾਉਣ ਦਾ ਸਵਾਲ ਪਾਉਂਦੀਆਂ ਹਨ, ਇਸ ਤੋਂ ਇਨਕਾਰ ਕਰਨਾ ਔਖਾ ਹੁੰਦਾ ਹੈ ਤੇ ਵਿਆਂਹਦੜ ਪਹਿਲਾਂ ਹੀ ਤਿਆਰ ਹੁੰਦਾ ਹੈ ਤੇ ਛੰਦ ਸੁਣਾਉਂਦਾ ਹੈ, ਇਹ ਲਾੜੇ ਦੀ ਵਿਅਕਤੀਗਤ ਪ੍ਰੀਖਿਆ ਹੈ:

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਥਾਲੀ—
ਹੋਰ ਛੰਦ ਮੈਂ ਤਾਂ ਸੁਣਾਵਾਂ, ਜੇ ਹੱਥ ਜੋੜੇ ਸਾਲੀ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਲੋਈ—
ਸਭੇ ਸਾਲੀਆਂ ਲਾਗੇ ਖੜੀਆਂ, ਬਹੂ ਕਿਥੇ ਲਕੋਈ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਗਹਿਣਾ—
ਇਕ ਨੂੰ ਅਸੀਂ ਹਾਂ ਲੈ ਚੱਲੇ, ਇਕ ਸਾਕ ਹੋਰ ਲੈਣਾ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਡੋਲਣਾ—
ਬਾਪੂ ਜੀ ਨੇ ਆਖਿਆ ਸੀਗਾ, ਬਹੁਤਾ ਨਹੀਂ ਬੋਲਣਾ।

ਇਸ ਤੋਂ ਇਲਾਵਾ ਸਾਰੀ ਜੰਞ ਨਾਲ ਹਾਸਾ ਤਮਾਸ਼ਾ ਜੰਞ ਬੰਨ੍ਹ ਕੇ ਕੀਤਾ ਜਾਂਦਾ ਹੈ ਤੇ ਇਸ ਨੂੰ ਅਸੀਂ 'ਸਮੂਹਿਕ ਪ੍ਰੀਖਿਆ' ਕਹਿ ਸਕਦੇ ਹਾਂ। ਇਹ ਜੰਞ ਬੰਨ੍ਹਣ ਤੇ ਖੋਲ੍ਹਣ ਦੀ ਰੀਤਿ ਅਜਿਹੀ ਵਿਸਤ੍ਰਿਤ ਹੋ ਗਈ ਕਿ ਦਰਜਨਾਂ ਕਵੀਆਂ ਨੇ ਤਰ੍ਹਾਂ ਤਰ੍ਹਾਂ ਦੀਆਂ 'ਜੰਞਾਂ' ਲਿਖ ਮਾਰੀਆਂ ਤੇ ਲੋਕ ਸਾਹਿਤ ਦੀ ਇਕ ਨਵੀਂ ਕਾਵਿਧਾਰਾ ਦਾ ਹੜ੍ਹ ਵਗ ਤੁਰਿਆ। ਇਹ ਜੰਞ ਬੰਨ੍ਹਣਾ ਕੀ ਹੈ, ਕੀ ਕਿਸੇ ਰੱਸੀ, ਜਾਲ ਜਾਂ ਹੋਰ ਕਿਸੇ ਚੀਜ਼ ਨਾਲ ਜਾਂਞੀਆਂ ਨੂੰ ਬੰਨ੍ਹਿਆ ਜਾਂਦਾ ਹੈ? ਨਹੀਂ, ਇਹ ਤਾਂ ਇਕ ਸ਼ਬਦ-ਬੰਧਨ ਹੈ, ਰਸਮ ਦਾ ਰੱਸੀ—ਜਾਲ ਹੈ।

ਜੰਞ ਬੰਨ੍ਹਣਾ

ਜਦੋਂ ਸਾਰੀ ਜੰਞ ਰੋਟੀ ਖਾਣ ਲਈ ਬੈਠ ਜਾਂਦੀ ਹੈ ਤੇ ਪਰੀਹੇ ਥਾਲ ਪਰੋਸ ਬਹਿੰਦੇ ਹਨ ਤਾਂ ਪਿੰਡ ਦੀ ਕੋਈ ਚਤਰ ਨਾਰਿ ਉੱਠ ਕੇ ਕੁਝ ਟੱਪੇ ਗਾਉਂਦੀ ਹੈ ਤੇ ਉਸ ਦਾ ਭਾਵ ਇਹ ਹੁੰਦਾ ਹੈ ਕਿ ਮੈਂ ਤੁਹਾਡਾ ਖਾਣਾ-ਪੀਣਾ ਬੰਦ ਕਰਦੀ ਹਾਂ ਤੇ ਇਸ ਜੰਞ ਨੂੰ ਬੰਨ੍ਹਦੀ ਹਾਂ:

ਲੈ ਕੇ ਨਾਮ ਗੁਪਾਲ ਦਾ, ਬੰਨ੍ਹਾ ਜੰਞ ਮੈਂ ਆਪ।
ਖੋਲ੍ਹੇ ਬਿਨਾਂ ਜੇ ਖਾਓਗੇ, ਖਾਣਾ ਹੋਊ ਸਰਾਪ।

ਕੁਝ ਅਜਿਹੇ ਬੋਲ ਸੁਣ ਕੇ ਜਾਂਞੀ ਹੱਕੇ ਬੱਕੇ ਰਹਿ ਜਾਂਦੇ ਹਨ ਤੇ ਚੁੱਪ ਕਰ ਕੇ ਬਹਿ ਜਾਂਦੇ ਹਨ। ਕਾਇਦੇ ਅਨੁਸਾਰ ਉਨ੍ਹਾਂ ਲਈ ਰੋਟੀ ਖਾਣ ਲੱਗਣਾ ਮੁਨਾਸਬ ਨਹੀਂ ਸਮਝਿਆ ਜਾਂਦਾ, ਜਿਤਨਾ ਚਿਰ ਜਾਂਞੀਆਂ ਵਿੱਚੋਂ ਕੋਈ ਸਿਆਣਾ ਉੱਠ ਕੇ ਇਸ ਬੰਨ੍ਹੀ ਜੰਞ ਨੂੰ ਨਾ ਖੋਲ੍ਹੇ। ਜੰਞ ਵਾਲਿਆਂ ਆਮ ਤੌਰ 'ਤੇ ਕਵੀਸ਼ਰ ਜਾਂ ਕੋਈ ਗਵੰਤ੍ਰੀ ਨਾਲ ਲਿਆਂਦਾ ਹੁੰਦਾ ਹੈ ਜੋ ਪਰੋਸੇ ਥਾਲ ਤੋਂ ਆਪਣਾ ਰੁਮਾਲ ਚੁੱਕ ਕੇ ਉਸੇ ਥਾਂ ਖੜਾ ਹੋ ਜਾਂਦਾ ਹੈ ਤੇ ਕੁਝ ਛੰਦ ਗਾ ਕੇ ਬੰਨ੍ਹੀਂ ਜੰਞ ਖੋਲ੍ਹਣੀ ਸ਼ੁਰੂ ਕਰ ਦਿੰਦਾ ਹੈ। ਉਹ ਕੁਝ ਇਸ ਤਰ੍ਹਾਂ ਕਹਿੰਦਾ ਹੈ:

ਈਸ਼ੁਰ ਰਿਦੇ ਧਿਆਇਕੇ, ਗੰਗਾ ਜਲੀ ਉਠਾਇ
ਬੱਧੀ ਖੋਲ੍ਹਾਂ ਜੰਞ ਮੈਂ, ਆਦਿ ਗਣੇਸ਼ ਮਨਾਇ।
ਖੁੱਲ੍ਹੇ ਜਾਂਞੀ ਬੈਠੜੇ, ਖੁੱਲ੍ਹਾ ਸਕਲ ਸਰੀਰ
ਖੁੱਲ੍ਹ ਗਈਆਂ ਸਭ ਥਾਲੀਆਂ, ਖੁੱਲ੍ਹ ਗਇਆ ਜੇ ਨੀਰ।

ਕਵੀ ਅੱਗੇ ਅੱਗੇ ਛੰਦਾਬੰਦੀ ਵਿਚ ਮਿਠਿਆਈਆਂ, ਦਾਲਾਂ, ਭਾਜੀਆਂ, ਫਲਾਂ, ਫੁੱਲਾਂ, ਗਹਿਣਿਆਂ, ਕੱਪੜਿਆਂ ਦਾ ਵਿਸਤਾਰ ਨਾਲ ਜ਼ਿਕਰ ਕਰਦਾ ਹੋਇਆ ਕਹਿੰਦਾ ਜਾਂਦਾ ਹੈ ਕਿ ਮੈਂ ਇਹ ਵੀ ਖੋਲ੍ਹ ਦਿੱਤਾ ਤੇ ਇਹ ਵੀ ਖੋਲ੍ਹ ਦਿੱਤਾ। ਇਸ ਰੀਤਿ ਨੂੰ 'ਜੰਞ ਖੋਲ੍ਹਣਾ' ਕਹਿੰਦੇ ਹਨ। ਜੰਞ ਖੋਲ੍ਹਣ ਵਾਲਾ ਆਪਣਾ ਥਾਲ ਨਾਈ ਹੱਥ ਚੁਕਾ ਕੇ ਵਾਪਸ ਘੱਲ ਦਿੰਦਾ ਹੈ ਤੇ ਉਸ ਲਈ ਨਵਾਂ ਹੋਰ ਥਾਲ ਲੱਗ ਕੇ ਆ ਜਾਂਦਾ ਹੈ ਅਤੇ ਫਿਰ ਸਾਰੀ ਜੰਞ ਰੋਟੀ ਖਾਣ ਲੱਗ ਜਾਂਦੀ ਹੈ। ਇਸ ਤਰ੍ਹਾਂ ਜੰਞ ਬੰਨ੍ਹਣ ਖੋਲ੍ਹਣ ਦੀ ਕਾਰਵਾਈ ਇਕ ਕਿਸਮ ਦੀ ਮਨੋਰੰਜਕ ਪ੍ਰੀਖਿਆ ਹੈ, ਜੋ ਉਸ ਜੰਞ ਵਿਚ ਇਲਾਕੇ ਦੇ, ਪਿੰਡ ਨਗਰ ਦੇ ਜਾਂ ਹੋਰ ਜਾਂਞੀ ਬਣ ਕੇ ਆਏ ਰਿਸ਼ਤੇਦਾਰਾਂ ਦੀ ਕੀਤੀ ਜਾਂਦੀ ਹੈ। ਇਹ ਰਿਵਾਜ ਦੁਆਬੇ, ਮਾਝੇ ਜਾਂ ਪੋਠੋਹਾਰ ਆਦਿ ਦੇ ਇਲਾਕੇ ਵੱਲ ਨਹੀਂ। ਕੇਵਲ ਮਾਲਵੇ ਵਿਚ ਹੀ ਇਸ ਦਾ ਜ਼ੋਰ ਰਿਹਾ ਹੈ। ਖ਼ਾਸ ਕਰਕੇ ਬਠਿੰਡੇ ਤੇ ਫ਼ਿਰੋਜ਼ਪੁਰ ਦੇ ਇਲਾਕੇ ਵੱਲ ਅਜਿਹਾ ਰਿਵਾਜ ਕਿਉਂ ਚੱਲਿਆ। ਇਸ ਬਾਰੇ ਕੋਈ ਵਿਸ਼ੇਸ਼ ਕਾਰਨ ਨਹੀਂ ਦੱਸਿਆ ਜਾ ਸਕਦਾ। ਪ੍ਰੰਤੂ ਇਤਨਾ ਕੁ ਅਸੀਂ ਜਾਣਦੇ ਹਾਂ ਕਿ ਇਹ ਮਲਵਈ ਲੋਕ, ਆਜ਼ਾਦ ਤਬੀਅਤ ਦੇ ਜੋਧੇ ਬਹਾਦਰ ਸਨ ਜਾਂ ਤਾਂ ਇਹ ਵਾਰਾਂ ਸੁਣਨ ਦੇ ਸ਼ੌਕੀਨ ਸਨ ਜਾਂ ਫਿਰ ਅਜਿਹੇ ਵਿਆਹ ਸ਼ਾਦੀ ਦਿਆਂ ਮੌਕਿਆਂ 'ਤੇ ਆਪਣੇ ਖੁੱਲ੍ਹੇ ਸੁਭਾਅ ਅਨੁਸਾਰ ਕੋਈ ਨਾ ਕੋਈ ਨਿਵੇਕਲਾ ਮਨੋਰੰਜਨ ਕਰਦੇ ਸਨ, ਕਿਉਂਕਿ ਇਹ ਲੋਕ, ਲਾਹੌਰ ਦਿੱਲੀ ਦਰਬਾਰ ਦੇ ਸ਼ਾਹੀ ਤੌਰ ਤਰੀਕਿਆਂ ਤੋਂ ਦੂਰ ਸਨ ਤੇ ਆਪਣੇ ਰੰਗ ਢੰਗ ਦਾ ਹੀ ਸ਼ੁਗਲ ਮੇਲਾ ਕਰ ਕੇ ਖੁੱਲ੍ਹਾ ਜੀਵਨ ਜੀਉਂਦੇ ਸਨ। ਹੋ ਸਕਦਾ ਹੈ, ਮਾਲਵ ਜਾਤੀ ਦੇ ਪੁਰਾਣੇ ਲੋਕਾਂ ਵਿਚ ਇਸ ਕਿਸਮ ਦਾ ਕੋਈ ਰਿਵਾਜ ਰਿਹਾ ਹੋਵੇ। ਅਸਾਡੇ ਪਾਸ ਅਠਾਰ੍ਹਵੀਂ ਉੱਨ੍ਹੀਵੀਂ ਸਦੀ ਦੀਆਂ ਕਵੀ ਦੀਆਂ ਰਚੀਆਂ ਜੰਞਾਂ ਮੌਜੂਦ ਹਨ, ਜਿਨ੍ਹਾਂ ਦੇ ਆਧਾਰ 'ਤੇ ਅਸੀਂ ਲੱਖਣ ਲਾ ਸਕਦੇ ਹਾਂ ਕਿ ਉਸ ਸਮੇਂ ਜੰਞ ਬੰਨ੍ਹਣ ਦੀ ਰੀਤਿ ਸੀ ਜਿਵੇਂ ਕਿ ਭਾਈ ਦਯਾਲ ਸਿੰਘ ਤੇ ਭਾਈ ਗੁਰਬਖ਼ਸ਼ ਸਿੰਘ

ਰਚਿਤ ਜੰਞਾਂ ਤੋਂ ਜ਼ਾਹਰ ਹੈ। ਇਹ ਦੋਵੇਂ ਜੰਞਾਂ ਹੱਥ-ਲਿਖਤ ਰੂਪ ਵਿਚ ਵੀ ਮਿਲੀਆਂ ਹਨ, ਜਿਨ੍ਹਾਂ ਲਿਖਤਾਂ ਦੀ ਉਮਰ ਡੇਢ ਦੋ ਸੌ ਵਰ੍ਹੇ ਤੋਂ ਘੱਟ ਨਹੀਂ। ਸੋ, ਅਸੀਂ ਭਾਵੇਂ ਨਿਸਚਿਤ ਤੌਰ 'ਤੇ ਇਸ ਦਾ ਮੁੱਢ ਨਾ ਦੱਸ ਸਕੀਏ, ਪ੍ਰੰਤੂ ਇਹ ਜ਼ਰੂਰ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਅਠਾਰ੍ਹਵੀਂ ਸਦੀ ਤੋਂ ਇਹ ਰੀਤਿ ਚੱਲਦੀ ਆਈ ਹੈ ਤੇ ਮਾਲਵੇ ਵਿਚ ਇਸ ਦਾ ਸਭ ਤੋਂ ਵੱਧ ਜ਼ੋਰ ਰਿਹਾ ਹੈ।

ਇਸ ਰੀਤਿ ਦਾ ਇਕ ਵੱਡਾ ਲਾਭ ਇਹ ਹੋਇਆ ਕਿ ਮਾਲਵੇ ਵਿਚ ਕਵੀਸ਼ਰੀ ਦੀ ਕਲਾ ਪ੍ਰਫੁੱਲਤ ਹੋਈ ਹੈ। ਗੱਲ ਇਹ ਸੀ ਜਦ ਵੀ ਕੋਈ ਜੰਞ ਜਾਂਦੀ ਤਾਂ ਕੋਈ ਨਾ ਕੋਈ ਗਵੰਤਰੀ ਜਾਂ ਕਵੀਸ਼ਰ ਆਪਣੇ ਨਾਲ ਲੈ ਕੇ ਜਾਂਦੀ, ਜੋ ਸਮੇਂ ਸਿਰ ਬੱਧੀ ਜੰਞ ਨੂੰ ਖੋਲ੍ਹਦਾ ਤੇ ਜਾਂਞੀਆਂ ਦੇ ਬੰਧਨ ਕੱਟ ਕੇ ਉਨ੍ਹਾਂ ਨੂੰ ਸੁਰਖ਼ਰੂ ਕਰਦਾ। ਇਹ ਆਦਮੀ ਜ਼ਰੂਰੀ ਨਹੀਂ ਸੀ ਕਿ ਖ਼ੁਦ ਕਵੀ ਕਵੀਸ਼ਰ ਹੀ ਹੁੰਦਾ। ਕਈ ਵਾਰ ਇਹ ਬਣੀ ਬਣਾਈ ਜੰਞ ਦੇ ਟੱਪੇ ਯਾਦ ਕਰ ਲੈਂਦਾ ਤੇ ਮੌਕੇ 'ਤੇ ਸੁਣਾ ਕੇ ਫ਼ਰਜ਼ ਪੂਰਾ ਕਰਦਾ ਤੇ ਆਪਣੇ ਸਾਥੀਆਂ ਨੂੰ ਬੰਧਨ-ਮੁਕਤ ਕਰਦਾ। ਕਈ ਵਾਰ ਕਵੀਸ਼ਰ ਵੀ ਜੰਞਾਂ ਨਾਲ ਜਾਂਦੇ ਤੇ ਆਪਣੀ ਕਲਾਕਾਰੀ ਦਾ ਜੌਹਰ ਦਿਖਾਉਂਦੇ ਸਨ। ਇਸ ਰਿਵਾਜ ਨੇ ਮਾਲਵੇ ਦੀ ਕਵੀਸ਼ਰ ਪਰੰਪਰਾ ਨੂੰ ਬੜੀ ਸ਼ਕਤੀ ਦਿੱਤੀ। ਜੇ ਇਹ ਕਹਿ ਦੇਈਏ ਕਿ ਅਨੇਕਾਂ ਗੱਭਰੂਆਂ ਨੂੰ ਕਵੀਸ਼ਰ ਬਣਾਉਣ ਵਿਚ ਇਸ ਰੀਤਿ ਨੇ ਢੇਰ ਹਿੱਸਾ ਪਾਇਆ ਤਾਂ ਇਹ ਕੋਈ ਅਤਿ ਉਕਤੀ ਨਹੀਂ। ਗੱਲ ਇਹ ਸੀ, ਪਹਿਲੇ ਪਹਿਲ ਨਵੇਂ ਗਵੱਈਏ ਮੁੰਡੇ, ਜੰਞਾਂ ਦੇ ਟੱਪੇ ਯਾਦ ਕਰ ਲੈਂਦੇ ਸਨ ਤੇ ਬਰਾਤ ਵਾਲੇ ਅਜਿਹੇ ਮੁੰਡਿਆਂ ਨੂੰ ਆਪਣੇ ਨਾਲ ਲੈ ਜਾਂਦੇ ਸਨ, ਹੌਲੀ ਹੌਲੀ ਇਹੋ ਨੌਜੁਆਨ, ਖ਼ੁਦ ਛੰਦ-ਰਚਨਾ ਕਰਨ ਲੱਗ ਪਏ ਤੇ ਲੰਮੇ ਅਭਿਆਸ ਬਾਅਦ ਚੰਗੇ ਕਵੀਸ਼ਰ ਬਣ ਗਏ। ਇਸ ਦੀ ਮਿਸਾਲ ਮਾਲਵੇ ਦੇ ਕਵੀਸ਼ਰ ਹਨ। ਗਿਆਨੀ ਨਿਰੰਜਨ ਸਿੰਘ ਨਰਗਸ ਪਿੰਡ ਗੁਰਨੇ, ਜ਼ਿਲ੍ਹਾ ਬਠਿੰਡਾ ਨੇ ਖ਼ੁਦ ਲੇਖਕ ਨੂੰ ਦੱਸਿਆ ਹੈ ਕਿ ਮੈਂ ਛੋਟੇ ਹੁੰਦਿਆਂ ਨੇ ਪਹਿਲਾਂ ਭਾਈ ਮਾਘੀ ਸਿੰਘ ਦੀ ਜੰਞ ਯਾਦ ਕੀਤੀ ਹੋਈ ਸੀ ਤੇ ਬਰਾਤਾਂ ਨਾਲ ਜਾਇਆ ਕਰਦਾ ਸਾਂ ਤੇ ਜੰਞ ਗਾ ਸੁਣਾ ਕੇ ਜੰਞ ਛੁਡਾ ਦਿਆ ਕਰਦਾ ਸਾਂ। ਇਸ ਨਾਲ ਮੇਰੀ ਮਸ਼ਹੂਰੀ ਹੋ ਗਈ ਤੇ ਮੈਂ ਖ਼ੁਦ ਛੰਦ ਜੋੜਨ ਲੱਗ ਪਿਆ ਤੇ ਕਵੀਸ਼ਰ ਬਣ ਗਿਆ। ਮੇਰੀਆਂ ਰਚਨਾਵਾਂ *ਨੂਰੀ ਗੁਲਸ਼ਨ* ਤੇ *ਨੂਰੀ ਨਗਮੇ* ਛਪ ਚੁੱਕੀਆਂ ਹਨ। ਇਹ ਕੇਵਲ ਇਕ ਅੱਧ ਕਵੀ ਦੀ ਗੱਲ ਨਹੀਂ, ਬਲਕਿ ਮਾਲਵੇ ਦੇ ਅਨੇਕਾਂ ਕਵੀਸ਼ਰ ਇਸੇ ਧੂਣੀ ਤੋਂ ਚੰਗਿਆੜੀ ਲੈ ਕੇ ਛੰਦਾਬੰਦੀ ਵੱਲ ਪ੍ਰੇਰਿਤ ਹੋਏ। ਜਿਵੇਂ ਕਈ ਹੱਥ-ਲਿਖਤ ਗ੍ਰੰਥਾਂ ਦੇ ਲਿਖਾਰੀ ਖ਼ੁਸ਼ਨਵੀਸ, ਪਹਿਲੇ ਗ੍ਰੰਥਾਂ ਦੇ ਉਤਾਰੇ ਕਰਦੇ ਰਹੇ ਤੇ ਪਿੱਛੋਂ ਉਸ ਕਾਵਿ-ਰਚਨਾ ਦੇ ਪ੍ਰਭਾਵ ਸਦਕਾ ਖ਼ੁਦ ਕਾਵਿ ਰਚਨਾ ਕਰਨ ਲੱਗ ਪਏ, ਜਿਵੇਂ ਕਿ ਭਾਈ ਸੌਧਾ ਸਿੰਘ ਪਿੰਡ ਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪਹਿਲੇ ਇਕ ਚੰਗਾ ਖ਼ੁਸ਼ਨਵੀਸ ਸੀ ਤੇ ਪੋਥੀਆਂ ਲਿਖ ਕੇ ਰੁਜ਼ਗਾਰ ਕਮਾਉਂਦਾ ਸੀ। ਪਿੱਛੋਂ ਇਹੋ ਖ਼ੁਦ ਕਵੀ ਬਣ ਗਿਆ ਜਿਸ ਨੇ ਅੱਧੀ ਦਰਜਨ ਰਚਨਾਵਾਂ ਰਚੀਆਂ। ਇਸੇ ਤਰ੍ਹਾਂ ਮਾਲਵੇ ਦੇ ਸ਼ੌਕੀਨ ਗੱਭਰੂ, ਜੰਞਾਂ ਗਾਉਂਦੇ-ਗਾਉਂਦੇ ਖ਼ੁਦ ਇਸ ਕਾਬਲ ਹੋ ਗਏ ਕਿ ਉਹ ਕਵੀਸ਼ਰੀ ਕਰ ਸਕਣ ਤੇ ਆਪਣੇ ਨਵੇਂ ਕਿੱਸੇ ਰਚ ਸਕਣ। ਸੋ, ਅਸੀਂ ਕਹਿ ਸਕਦੇ ਹਾਂ ਕਿ ਜੰਞ

ਬੰਨ੍ਹਣ ਖੋਲ੍ਹਣ ਦੀ ਰੀਤਿ ਨੇ ਮਲਵਈ ਲੋਕਾਂ ਦੇ ਕਵੀਸ਼ਰ ਬਣਨ ਦਾ ਰਾਹ ਖੋਲ੍ਹਿਆ ਹੈ, ਜਿਸ ਦਾ ਸਬੂਤ ਅਨੇਕਾਂ ਕਵੀਸ਼ਰੀ ਜਥੇ ਹਨ। ਜਿਵੇਂ ਪੁਰਾਣੇ, ਕਵੀ ਬਣਨ ਦਾ ਸ਼ੌਕ ਰੱਖਣ ਵਾਲੇ ਲੋਕ, ਪਹਿਲੇ ਸ਼ੀਹਰਫ਼ੀ-ਰਚਨਾ ਉੱਤੇ ਹੱਥ ਅਜ਼ਮਾਉਂਦੇ ਸਨ, ਤਿਵੇਂ ਮਾਲਵੇ ਵਿਚ ਕਵੀਸ਼ਰੀ ਦੇ ਸ਼ੌਕੀਨ ਪਹਿਲਾਂ 'ਜੰਞ ਰਚਣ' ਦਾ ਅਭਿਆਸ ਕਰਦੇ ਸਨ। ਗਾ ਗਾ ਕੇ ਸੁਣਾਉਣ ਕਾਰਨ ਇਸ ਵਿਚ ਲੋੜੀਂਦੀ ਸੋਧ ਵੀ ਹੁੰਦੀ ਰਹਿੰਦੀ ਸੀ ਤੇ ਕਵੀਆਂ ਦਾ ਉਤਸ਼ਾਹ ਵੀ ਬਣਦਾ ਰਹਿੰਦਾ ਸੀ। ਹੌਲੀ ਹੌਲੀ ਇਨ੍ਹਾਂ ਗਵੰਤਰੀਆਂ ਲੋਕਾਂ ਦੀ ਮੰਗ 'ਤੇ ਹੋਰ ਕਿੱਸੇ ਵੀ ਲਿਖੇ ਤੇ ਚੰਗਾ ਨਾਮਣਾ ਕਮਾਇਆ। ਇਸ ਜੰਞ-ਸਾਹਿੱਤ ਦੇ ਅਧਿਐਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਨ੍ਹਾਂ ਜੰਞਕਾਰ ਕਵੀਸ਼ਰਾਂ ਵਿਚ ਵਧੇਰੇ ਤਰਖਾਣ, ਲੁਹਾਰ ਜਾਂ ਸੁਨਿਆਰ ਸਨ। ਮਾਲਵੇ ਦੀ ਪੇਂਡੂ ਵਸੋਂ ਜ਼ਿਆਦਾਤਰ ਜੱਟਾਂ ਦੀ ਹੈ, ਜੋ ਖੇਤੀਬਾੜੀ 'ਤੇ ਗੁਜ਼ਾਰਾ ਕਰਦੀ ਆਈ ਹੈ, ਪਿੰਡਾਂ ਵਿਚ ਤਰਖਾਣਾ, ਲੁਹਾਰਾ ਕੰਮ ਕਰਨ ਵਾਲੇ ਲੋਕ 'ਕਾਰੀਗਰ' ਕਹਿ ਕੇ ਯਾਦ ਕੀਤੇ ਜਾਂਦੇ ਹਨ, ਇਸ ਦਾ ਭਾਵ ਸਾਫ਼ ਹੈ ਕਿ ਇਹ ਲੋਕ ਥੋੜ੍ਹੀ ਬਹੁਤੀ ਪੜ੍ਹਾਈ ਲਿਖਾਈ ਕਾਰਨ ਦੂਜਿਆਂ ਨਾਲੋਂ ਵਧੇਰੇ ਚੇਤੰਨ ਹੁੰਦੇ ਸਨ ਤੇ ਆਰਾਮ ਤੇ ਸ਼ੌਕੀਨੀ ਵਾਲਾ ਕਵੀਸ਼ਰੀ ਕਿੱਤਾ ਅਪਣਾ ਕੇ ਆਪਣਾ ਚੰਗਾ ਗੌਰਵ ਬਣਾ ਲੈਂਦੇ ਸਨ। ਇਸ ਦਾ ਅਰਥ ਇਹ ਨਹੀਂ ਕਿ ਜੱਟ ਕਵੀ ਨਹੀਂ ਹੋਏ, ਕਈ ਹੋਏ ਪਰ ਬਹੁ-ਗਿਣਤੀ ਦੂਜੇ ਕਵੀਸ਼ਰਾਂ ਦੀ ਹੀ ਦਿਸਦੀ ਹੈ, ਜੋ ਬਰਾਤ ਨਾਲ ਜਾ ਕੇ ਜੰਞ ਖੋਲ੍ਹਣ ਦੀ ਕਾਰ ਨਿਭਾਉਂਦੇ ਸਨ ਤੇ ਗੁਣੀ ਪੁਰਸ਼ ਹੋਣ ਦੇ ਨਾਤੇ ਚੰਗਾ ਆਦਰ ਪਾਉਂਦੇ ਸਨ। ਇਨ੍ਹਾਂ ਦਾ ਕੰਮ ਨਵੀਆਂ ਨਵੀਆਂ ਜੰਞਾਂ ਤੇ ਪੱਤਲਾਂ ਦੀ ਰਚਨਾ ਕਰਨਾ ਸੀ, ਜਿਵੇਂ ਕਿ ਮਾਘੀ ਸਿੰਘ ਨੇ ਲਿਖਿਆ ਹੈ:

> ਛੁੱਟ ਗਏ ਸ਼ੇਰ ਸ਼ੇਰੀ ਦੇ ਬੁਲੌਣ ਨੂੰ।
> ਪੱਤਲਾਂ ਬਣਾਈਆਂ ਜੰਨ ਦੇ ਛੁਡੌਣ ਨੂੰ।

ਜੰਞ-ਕਾਵਿ ਦਾ ਵਿਸ਼ਾ-ਵਸਤੂ

'ਜੰਞ' ਜਾਂ ਪੱਤਲ ਇਕ ਲੋਕ-ਕਾਵਿ ਰੂਪ ਹੈ, ਜਿਸ ਵਿਚ ਬੱਧੀ ਜੰਞ ਛੁਡਾਈ ਜਾਂਦੀ ਤੇ ਜ਼ਰਾ ਵਿਸਤਾਰ ਨਾਲ ਸੰਬੰਧਿਤ ਵਸਤਾਂ ਦਾ ਵੇਰਵਾ ਦਿੱਤਾ ਹੁੰਦਾ ਹੈ। ਜੇਕਰ ਇਕ ਦੋ ਸਤਰਾਂ ਵਿਚ ਜੰਞ ਖੋਲ੍ਹਣ ਦੀ ਗੱਲ ਆ ਜਾਵੇ ਤਾਂ ਉਸ ਦਾ ਡੂੰਘਾ ਪ੍ਰਭਾਵ ਨਹੀਂ ਪੈਂਦਾ। ਇਸ ਕਰਕੇ ਆਮ ਤੌਰ 'ਤੇ ਕਵੀਸ਼ਰ ਇਸ ਵਿਚ ਮਿਠਿਆਈਆਂ, ਭਾਂਡਿਆਂ ਤੇ ਗਹਿਣਿਆਂ, ਕਪੜਿਆਂ ਦਾ ਵਿਸਤਾਰ ਦੱਸ ਕੇ ਇਕ ਇਕ ਨੂੰ ਛੁਡਾਉਣ ਦਾ ਚਰਚਾ ਕਰਦਾ ਹੈ। ਇਸ ਨਾਲ ਜੰਞ ਕਾ ਕਲੇਵਰ ਬਣਦਾ ਹੈ। ਇਉਂ ਕਵੀਸ਼ਰ ਲੋਕ ਜੰਞ ਦੇ ਬਿਆਨ ਵਿਚ ਵੱਧ ਤੋਂ ਵੱਧ ਲੰਮੀਆਂ ਸੂਚੀਆਂ ਦੇ ਕੇ ਜੰਞ ਦਾ ਠਾਠ ਬਾਠ ਦਰਸਾਉਂਦੇ ਹਨ ਤੇ ਨਾਲੋ-ਨਾਲ ਆਪਣੀ ਜਾਣਕਾਰੀ ਦਾ ਸਬੂਤ ਵੀ ਦਿੰਦੇ ਹਨ। ਆਮ ਤੌਰ 'ਤੇ ਸਾਰੀਆਂ 'ਜੰਞਾਂ' ਵਿਚ ਇਹ ਸੂਚੀਆਂ ਦੁਹਰਾਈਆਂ ਗਈਆਂ ਹਨ ਕਿਸੇ ਵਿਚ ਵਧ, ਕਿਸੇ ਵਿਚ ਘੱਟ। ਇਸ ਖਾਣ-ਪੀਣ ਪਹਿਨਣ ਦੀ ਸਮੱਗਰੀ ਤੋਂ, ਲੋਕਾਂ ਦੀ ਆਰਥਿਕ ਖ਼ੁਸ਼ਹਾਲੀ ਤੇ ਸਭਿਆਚਾਰਕ ਅਵਸਥਾ ਦਾ ਵੀ ਪਤਾ

ਲੱਗਦਾ ਹੈ ਕਿ ਕਿਸ ਕਿਸ ਜ਼ਮਾਨੇ ਵਿਚ, ਕਿਹੜੇ ਕਿਹੜੇ ਗਹਿਣੇ ਕੱਪੜੇ ਪ੍ਰਚਲਿਤ ਸਨ ਤੇ ਕਦੋਂ ਕਦੋਂ ਇਹ ਬਦਲਦੇ ਗਏ। ਭਾਵੇਂ ਪਿੱਛੋਂ ਆਉਣ ਵਾਲੇ ਕਵੀਆਂ ਨੇ ਕਈ ਵਾਰ ਪੁਰਾਣੀਆਂ ਸੂਚੀਆਂ ਨੂੰ ਆਧਾਰ ਬਣਾ ਲਿਆ, ਪਰ ਫਿਰ ਵੀ ਉਨ੍ਹਾਂ ਦੇ ਸਮੇਂ ਦੀ ਛਾਪ ਕਿਤੇ ਨਾ ਕਿਤੇ ਉੱਘੜ ਹੀ ਪੈਂਦੀ ਹੈ ਤੇ ਇਸ ਨਾਲ ਸਮੇਂ ਦੇ ਪਰਿਵਰਤਨ ਦਾ ਪਤਾ ਲੱਗ ਜਾਂਦਾ ਹੈ। ਇਨ੍ਹਾਂ ਸੂਚੀਆਂ ਨੂੰ ਕਵੀ ਕਿਸ ਸ਼ੈਲੀ ਤੇ ਰੰਗ ਢੰਗ ਨਾਲ ਪੇਸ਼ ਕਰਦਾ ਹੈ, ਇਸ ਤੋਂ ਉਸ ਜੰਞ-ਕਾਵਿ ਰਚਨਾ ਦਾ ਪ੍ਰਭਾਵ ਬਣਦਾ ਹੈ ਤੇ ਲੋਕਾਂ ਵਿਚ ਕਵੀ ਦੀ ਮਹਿਮਾ ਹੁੰਦੀ ਹੈ। ਪਰ ਬਹੁਤ ਵਿਰਲੇ ਕਵੀਸ਼ਰ ਹਨ, ਜਿਨ੍ਹਾਂ ਨੂੰ ਇਹ ਪ੍ਰਸੰਸਾ ਮਿਲ ਸਕਦੀ ਹੈ। ਇਸ ਤੋਂ ਅਸੀਂ ਲੋਕਾਂ ਦੀ ਸਾਹਿੱਤਿਕ ਸੋਝੀ ਦਾ ਵੀ ਅਨੁਮਾਨ ਕਰ ਸਕਦੇ ਹਾਂ ਕਿ ਕਿਵੇਂ ਉਹ ਚੰਗੀਆਂ ਚੀਜ਼ਾਂ ਦੀ ਪਰਖ ਕਰ ਕੇ ਉਨ੍ਹਾਂ ਨੂੰ ਆਦਰ ਸਤਿਕਾਰ ਦਿੰਦੇ ਤੇ ਸਾਧਾਰਣ ਨੂੰ ਥੋੜ੍ਹਾ ਅਰਸਾ ਬਾਅਦ ਰੱਦ ਕਰ ਕੇ ਭੁਲਾ ਵੀ ਛੱਡਦੇ ਹਨ। ਇਹ ਹਾਲ ਅਨੇਕਾਂ ਜੰਞਾਂ ਦਾ ਹੋਇਆ ਹੈ ਤੇ ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਰਚਣਹਾਰੇ ਵੀ ਭੁਲਾਏ ਵਿਸਾਰੇ ਗਏ ਹਨ।

ਮੋਟੇ ਤੌਰ 'ਤੇ ਅਸੀਂ ਇਨ੍ਹਾਂ 'ਜੰਞਾਂ' ਵਿਚ ਇਨ੍ਹਾਂ ਚੀਜ਼ਾਂ ਦੀਆਂ ਸੂਚੀਆਂ ਦੇਖਦੇ ਹਾਂ :

1. ਕੁੜੀਆਂ ਤੇ ਜ਼ਨਾਨੀਆਂ ਦੇ ਪੇਂਡੂ ਨਾਂ;
2. ਗਹਿਣਿਆਂ ਦੇ ਨਾਮ;
3. ਕਪੜਿਆਂ ਦੇ ਨਾਮ;
4. ਮਿਠਿਆਈਆਂ ਦੇ ਨਾਮ;
5. ਦਾਲਾਂ-ਭਾਜੀਆਂ ਦੇ ਨਾਮ;
6. ਫਲਾਂ ਫੁੱਲਾਂ ਦੇ ਨਾਮ;
7. ਭਾਂਡਿਆਂ ਦੇ ਨਾਮ;
8. ਸਵਾਰੀਆਂ ਦੇ ਨਾਮ;
9. ਵਾਜਿਆਂ ਦੇ ਨਾਮ;
10. ਸ਼ਸਤ੍ਰਾਂ ਦੇ ਨਾਮ;
11. ਆਤਿਸ਼ਬਾਜ਼ੀ ਦੀਆਂ ਚੀਜ਼ਾਂ;
12. ਸਰੀਰ ਦੇ ਅੰਗਾਂ ਦੇ ਨਾਮ ਆਦਿਕ।

ਚਾਹੇ ਮਲਵਈ ਕਵੀਸ਼ਰਾਂ ਇਹ ਲਿਸਟਾਂ ਬਾਰ ਬਾਰ ਦੁਹਰਾਈਆਂ ਹਨ, ਪਰ ਪੰਜਾਬੀ ਰਹਿਣੀ ਬਹਿਣੀ ਤੇ ਜੀਵਨ ਵਿਧੀ ਨੂੰ ਸਮਝਣ ਲਈ ਇਨ੍ਹਾਂ ਦਾ ਸਵਿਸਤਾਰ ਅਧਿਐਨ ਕਾਫ਼ੀ ਲਾਭਕਾਰੀ ਹੋ ਸਕਦਾ ਹੈ। ਹੁਣ ਜੇ ਇਨ੍ਹਾਂ ਪ੍ਰਾਚੀਨ ਜੰਞ ਰਚਨਾਵਾਂ ਦੇ ਆਧਾਰ 'ਤੇ ਪੰਜਾਬੀ ਗਹਿਣਿਆਂ, ਕਪੜਿਆਂ ਤੇ ਭਾਂਡਿਆਂ ਖਾਣਿਆਂ ਆਦਿ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਾਨੂੰ ਮੁਗ਼ਲ ਜ਼ਮਾਨੇ ਦੇ ਪੰਜਾਬੀ ਜੀਵਨ ਦੀ ਕਾਫ਼ੀ ਜਾਣਕਾਰੀ ਮਿਲ ਸਕਦੀ ਹੈ। ਲੋੜ ਹੈ ਇਹ ਲਿਸਟਾਂ ਠੀਕ ਬਣਾਈਆਂ ਜਾਣ ਕਿਉਂਕਿ ਅਨਜਾਣ ਛਾਪਣ ਵਾਲਿਆਂ, ਚੀਜ਼ਾਂ ਦੇ ਨਾਂ ਹੋਰ ਦੇ ਹੋਰ ਕਰ ਦਿੱਤੇ ਹਨ, ਪੂਰੀ ਪੜਤਾਲ ਨਾਲ ਇਨ੍ਹਾਂ ਨੂੰ ਸੋਧਣ ਦੀ ਲੋੜ ਹੈ ਤਾਕਿ ਸਾਡੀ ਸਭਿਅਤਾ ਦੇ ਪੁਰਾਣੇ ਯਾਦਗਾਰੀ ਚਿੰਨ੍ਹ ਸਾਡੀ ਗਿਆਤ ਵਿਚ ਸਹੀ ਸਹੀ ਰਹਿਣ।

ਇਹ ਸੂਚੀਆਂ ਜਾਂ ਵੇਰਵੇ ਦੇਣ ਦੀ ਰੀਤਿ ਵੀ ਕਾਫ਼ੀ ਪੁਰਾਣੀ ਜਾਪਦੀ ਹੈ। ਅਸਾਂ ਸਭ ਤੋਂ ਪਹਿਲੇ ਕਵੀ ਭਾਗੀ ਦੀ ਰਚਨਾ 'ਦੂਲੋ ਕ੍ਰਿਸ਼ਣ ਵਿਵਾਹ' ਇਕ ਪੁਰਾਤਨ ਹੱਥ-ਲਿਖਤ ਤੋਂ ਲੈ ਕੇ ਦਿੱਤੀ ਹੈ ਜੋ ਕਿ 1631 ਬਿ: ਮੁਤਾਬਕ 1574 ਈ: ਦੀ ਰਚਨਾ ਹੈ ਜਦੋਂ ਕਿ ਅਕਬਰ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਸੀ ਤੇ ਪੰਜਾਬ ਵਿਚ ਗੁਰੂ ਰਾਮਦਾਸ ਜੀ ਗੁਰਗੱਦੀ 'ਤੇ ਸੁਸ਼ੋਭਿਤ ਸਨ। ਇਸ ਵਿਚ ਕਵੀ ਜਿਥੇ ਕ੍ਰਿਸ਼ਨ ਰੁਕਮਣੀ ਦੇ ਵਿਆਹ ਦੀ ਗੱਲ ਕਰਦਾ ਹੈ, ਉਥੇ ਉਹ ਇਹ ਸੂਚੀਆਂ ਜਾਣ ਬੁੱਝ ਕੇ ਦਿੰਦਾ ਹੈ, ਕ੍ਰਿਸ਼ਨ ਜੀ ਦੀ ਬਰਾਤ ਜਦ ਰੁਕਮਣੀ ਦੇ ਬਾਗ਼ ਵਿਚ ਪਹੁੰਚਦੀ ਹੈ ਤਾਂ ਉਥੇ ਰੁੱਖਾਂ, ਬਿਰਖਾਂ, ਫਲਾਂ, ਫੁੱਲਾਂ, ਪੰਛੀਆਂ, ਘੋੜਿਆਂ ਦੀਆਂ ਕਿਸਮਾਂ, ਵਾਜਿਆਂ, ਆਤਿਸ਼ਬਾਜ਼ੀ ਦੀ ਸਮੱਗਰੀ ਤੇ ਅੰਤ ਵਿਚ ਖਾਣੇ ਦਾਣੇ ਤੇ ਗਹਿਣਿਆਂ ਕੱਪੜਿਆਂ ਦਾ ਵੀ ਚਰਚਾ ਕੀਤਾ ਹੈ। ਇਸ ਵਿਚ ਜੰਦ ਬੰਨ੍ਹਣ-ਛੁਡਾਉਣ ਦੀ ਗੱਲ ਕੋਈ ਨਹੀਂ; ਕੇਵਲ ਇਹ ਵੇਰਵੇ ਦੇਣ ਦੀ ਰੀਤਿ ਦੱਸਦੀ ਹੈ ਕਿ ਪਹਿਲੇ ਪਹਿਲੇ ਵਿਵਾਹ ਸਬੰਧੀ ਲਿਖੀਆਂ ਰਚਨਾਵਾਂ ਵਿਚ ਅਜਿਹੀ ਵਿਧੀ ਤੇ ਸ਼ੈਲੀ ਵਰਤੀ ਜਾਂਦੀ ਸੀ।

ਇਸ ਤੋਂ ਇਲਾਵਾ ਅਸਾਨੂੰ ਇਕ ਹੋਰ ਪੁਰਾਤਨ ਰਚਨਾ 'ਤਿਉਰ' ਮਿਲੀ ਹੈ, ਜੋ ਕਿ 1661 ਬਿ: ਵਿਸਾਖ ਸੁਦੀ ਤ੍ਰੌਦਸੀ ਦੀ ਲਿਖੀ ਹੋਈ ਹੈ। ਇਹ ਵੀ ਅਕਬਰ ਦੇ ਜ਼ਮਾਨੇ ਦੀ ਪੰਜਾਬੀ ਰਚਨਾ ਹੈ। ਕਵੀ ਲਾਹੌਰ ਦਾ ਜਾਪਦਾ ਹੈ, ਜਿਸ ਨੇ ਇਸ ਵਿਚ ਗਹਿਣਿਆਂ ਦੇ ਨਾਂ ਤੇ ਫਿਰ ਗਹਿਣਿਆਂ ਉੱਤੇ ਚਿਤ੍ਰਤ ਜਾਨਵਰਾਂ ਤੇ ਪੰਛੀਆਂ ਦੀ ਨਾਮਾਵਲੀ ਦਿੱਤੀ ਹੈ। ਇਸ ਤੋਂ ਸਾਡੇ ਇਸ ਮਤ ਦੀ ਪੁਸ਼ਟੀ ਹੁੰਦੀ ਹੈ ਕਿ ਵਿਵਾਹ ਸਬੰਧੀ ਰਚਨਾਵਾਂ ਵਿਚ ਚੀਜ਼ਾਂ ਵਸਤਾਂ ਦੀਆਂ ਸੂਚੀਆਂ ਦੇਣ ਦਾ ਬੜਾ ਪੁਰਾਣਾ ਰਿਵਾਜ ਸੀ ਅਤੇ ਕਵੀ ਕਵੀਸ਼ਰ ਇਹ ਵੇਰਵੇ ਦੇ ਕੇ ਆਪਣੀ ਕਲਾਕਾਰੀ ਦਾ ਚਮਤਕਾਰ ਦਿਖਾਉਂਦੇ ਸਨ।

ਤਿਉਰ

ਪ੍ਰਿਥਮੇ ਸਿਮਰੋ ਪਰਬਦਗਾਰ। ਜੀਆਂ ਰਿਜਕ ਸੰਬਾਹਨਹਾਰ।
ਸਾਹਬ ਜੀ ਕੇ ਕੇਤੇ ਨਾਮ। ਆਦਿ ਗੁਬਿੰਦ, ਸਾਈਂ ਭਗਵਾਨ।
ਆਦਿ ਨਿਰੰਜਨ ਤੇ ਨਿਰੰਕਾਰ। ਜਿਸ ਸਿਮਰੇ ਤੇ ਉਤਰੀਏ ਪਾਰ।
ਪਾਰਬ੍ਰਹਮ ਪਰਮੇਸਰ ਸਯਾਮ। ਅਹੋ ਨਾਰਾਇਣ ਲੀਜੇ ਨਾਮ।
ਸਹਸ ਕਰੋੜੀ ਨਾਮੁ ਤੁਮਾਰਾ। ਕਹਣੇ ਕਾ ਨਹੀਂ ਮਾਨੁ ਹਮਾਰਾ।
ਪ੍ਰਿਥਮੇ ਸ੍ਰੀ ਪਰਮੇਸਰ ਸਿਮਰੋ, ਦੁਤੀਏ ਆਦਿ ਭਵਾਨੀ।
ਰਿਧਿ ਸਿਧਿ ਸਿਧ ਸਭ ਕਾਰਜ, ਪੂਰੇ ਸਤਿਗੁਰੂ ਅਸਾਨੀ।
ਸੰਮਤ ਸੋਲਾਂ ਸੈ ਇਕਾਹਟ, ਰਾਜ ਅਕਬਰ ਗਾਜ਼ੀ।
ਸੋ ਸ਼ਹੁ ਸਦਾ ਸਲਾਮਤਿ ਥੀਵੇ, ਜਿਸ ਪੁਰ ਰਈਅਤ ਰਾਜ਼ੀ।
ਸੁਕਲ ਪੱਖ ਵੈਸਾਖ ਤ੍ਰੌਦਸੀ, ਸੁਰਜਨ ਬਾਤ ਬਤਾਈ।
ਭਰ ਜੋਬਨ ਮਦਮੱਤ ਸੁੰਦਰੀ, ਤੇਉਰ ਮੰਗਣ ਆਈ।
ਤਿਉਰ ਦੀਜੈ ਤਾਂ ਬਨ ਆਵੈ ਤਾਂ ਮਨ ਪਾਰਬ੍ਰਹਮ ਕੇ ਭਾਵੈ।

ਚੂੜੀਆਂ ਆਂਦਾ ਰਾਜੇ ਸ਼ਾਹੀ, ਸਾਵੇ ਚਾਰ ਗਜ ਅਲਾਹੀ।
ਪਾਟੂ ਤੇਉਰ ਦੋਹਿਰਾ ਕੀਤਾ। ਨੇਫਾ ਭੰਨ ਮਦਾਲਵ ਸੀਤਾ।
ਚੋਲੀ ਕੱਢੀ ਪੱਟ ਕਸੀਦੇ, ਮੋਰ ਲਿਖਾਏ ਛੱਜੇ।
ਇਕਤ ਇਕਤ ਬੰਦ ਸੇ ਸੈ ਸੂਈ ਟੂਟੀ, ਸੋਲਾਂ ਸੈ ਬੰਦ ਲਗੇ।
ਜੁੱਤੀ ਕੀ ਨਿਰਤ ਨ ਕੀਤੀ ਜਾਇ। ਮਖਮਲ ਸੀਤੀ ਪੰਨੇ ਲਾਇ।
ਤਿਉਰ ਬਣਿਆ ਬਹੁਤ ਅਨੂਪ, ਗਹਿਣਿਆਂ ਬਾਝ ਨਾ ਚੜ੍ਹਦਾ ਰੂਪ।
ਸਭੇ ਗਹਿਣੇ ਲਏ ਘੜਾਇ। ਸੋਖੀ ਗਹਿਣੇ ਆਖ ਸੁਣਾਇ।
ਪਿਪਲੀ ਵਤੇ, ਵਾਲੀ, ਨੱਥ, ਛੱਲੇ ਮੁੰਦਰੀਆਂ ਸੋਹਨ ਹੱਥ।
ਜ਼ਾਬੇ ਮਰੀਦੇ ਬਾਜੂਬੰਦ, ਸਾਥ ਲਗੇ ਹਰੜਾਂ ਕੇ ਰੰਗ।
ਪੰਚਮਣੀ ਗਲ ਭਈ ਜੰਜੀਰੀ। ਦਾਤਾਂ ਸਾਥ ਲਗਾਵਣ ਬੀੜੀ।
ਜੁਬੇ ਬਰੋਜੇ ਲੇਖੇ ਜੋਖੇ, ਗਹਿਣੇ ਪਹੁੰਚੇ ਚੂੜਾ ਨਾਹਿ।
ਚੂੜੇ ਨੋ ਭੇਜੇ ਅਲਾਨੂਰ। ਖੰਡੀ ਚੀਰਾਈ ਹਜ਼ੂਰ।
ਲਾਹੌਰੋਂ ਉਸਤਾਕਾਰੁ ਮੰਗਾਇਆ। ਚੂੜੇ ਉਪਰਿ ਹਰ ਰੰਗ ਚੜ੍ਹਾਇਆ।
ਮ੍ਰਿਗ ਮਲਾਇਰ ਪੰਛੀ ਜਾਤ। ਕਹਣੇ ਕੀ ਕਛੁ ਨਾਹੀ ਬਾਤ।
ਚਿੱਤੇ ਸ਼ੇਰ ਮ੍ਰਿਗ ਬਹੁਤੇਰੇ। ਬਾਘ ਬੰਘੇਲੇ ਸਹੇ ਘਨੇਰੇ।
ਗੈਂਡਾ, ਨੀਲ, ਹਸਤੀ ਜਾਨ। ਸਿਮਰਨਹਾਰ ਬਡੇ ਭਗਵਾਨ।
ਬੈਲ ਊਂਟ ਕਰਤੇ ਹੈਂ ਰੰਗ। ਭੈਂਸ-ਪੁਤ ਕਰਤੇ ਹੈਂ ਜੰਗ।
ਸੁਆਨ, ਲੂੰਬੜੀ, ਬਹੁਤ ਮੰਜਾਰ। ਹਡ੍ਹਆ ਲਣੇ ਹਜ਼ਾਰ ਬਘਿਆੜ।
ਖਚਰੇ, ਗਿੱਦੜ ਕੇਤੇ ਦੇਖੇ। ਹਰਨ, ਚਿਤੇ, ਕੇਤੇ ਲੇਖੇ।
ਚੌਪਾਏ ਕੀ ਨਾਹਿ ਸੁਮਾਰ। ਗਿਣੋ ਪੰਖੇਰੂ ਕਰੋ ਸੋਂਗਾਰ।
ਬਾਜ਼ ਕਲਾਇਰ ਤਿੱਤਰ ਮੋਰ। ਬਾਸੇ, ਕੁਹੀਆਂ, ਸ਼ਿਕਰੇ ਚਰਗ ਚਕੋਰ।
ਹੰਸ ਭਲੇ ਹੈਂ ਚੁਗਦੇ ਮੋਤੀ। ਚਕਵੇ ਕਾਰਨ ਚਕਵੀ ਰੋਤੀ।
ਚੀਂਗ ਜੁਲਾਹੇ ਧਰੀ ਬਨਾਇ। ਬਗੁਲਾ ਚੁਣ ਚੁਣ ਮਛਲੀ ਖਾਇ।
ਹਾਥਿ ਚਮੁਣਾ ਸੋਹੇ ਬਾਲਿ। ਬੁਲਬੁਲ ਸੋਹਿ ਮਲੂਕਾਂ ਹਾਥ।
ਲੌਂਗ ਲਾਇਚੀ ਔਰ ਸਿਪਾਰੀ। ਲਾੜਚੀ ਓਹਲੇ ਧਾਰਨ ਸਾਰੀ।
ਜੋ ਕਛੁ ਲੋੜੇ ਕਾਮਨੀ, ਸੋ ਕਛੁ ਲੀਨਉ ਮੰਗ।
ਜੋੜਾ ਘੋੜਾ ਦੇਇਕੈ, ਤੇਉਰ ਲਾਈ ਅੰਗੁ। *(ਹੱਥ ਲਿਖਤ ਨੰ: 11492)*

ਜੰਞ-ਸਾਹਿੱਤ

ਜੇਹਾ ਕਿ ਅਸੀਂ ਪਹਿਲੇ ਕਹਿ ਆਏ ਹਾਂ ਕਿ ਜੰਞ ਬੰਨ੍ਹਣ ਖੋਲ੍ਹਣ ਦਾ ਰਿਵਾਜ ਮਾਲਵੇ ਵਿਚ ਹੀ ਰਿਹਾ ਹੈ। ਇਸ ਕਰਕੇ ਜੰਞ-ਸਾਹਿੱਤ ਦੀ ਰਚਨਾ ਜ਼ਿਆਦਾਤਰ ਇਥੋਂ ਦੇ ਕਵੀਆਂ ਕਵੀਸ਼ਰਾਂ ਹੀ ਕੀਤੀ ਹੈ। ਇਸ ਦਾ ਭਾਵ ਇਹ ਵੀ ਨਹੀਂ ਕਿ ਹੋਰ ਕਿਸੇ ਨੇ ਲਿਖੀ ਹੀ ਨਹੀਂ, ਤਾਤਪ੍ਰਜ ਇਤਨਾ ਹੀ ਹੈ ਕਿ ਇਸ ਜੰਞ-ਭੰਡਾਰ

ਨੂੰ ਭਰਪੂਰ ਕਰਨ ਵਾਲੇ ਵਧੇਰੇ ਮਲਵਈ ਕਵੀਸ਼ਰ ਹਨ। ਪਹਿਲੀਆਂ 5 ਅੰਕ ਤਕ ਉਹ ਰਚਨਾਵਾਂ ਹਨ, ਜੋ ਅਸਾਂ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੀਆਂ ਹਨ:

1. ਢੂਲੋ ਕ੍ਰਿਸ਼ਨ ਵਿਵਾਹ-ਭਾਗੀ
2. ਜੰਗ ਭਾਈ ਦਇਆਲ ਸਿੰਘ
3. ਜੰਗ ਗੁਰਬਖ਼ਸ਼ ਸਿੰਘ
4. ਜੰਗ ਸ਼ੋਭਾ ਮੱਲ ਘਾਸੀ
5. ਜੰਗ ਜੀਵਾ ਸਿੰਘ
6. ਜੰਗ ਭਗਵਾਨ ਸਿੰਘ
7. ਜੰਗ ਨਰੈਣ ਸਿੰਘ
8. ਜੰਗ ਹਜ਼ੂਰਾ ਸਿੰਘ
9. ਜੰਗ ਪੰਡਤ ਚੰਦੂ ਲਾਲ
10. ਜੰਗ ਨੱਥਾ ਸਿੰਘ
11. ਜੰਗ ਵਿਸਾਖਾ ਸਿੰਘ
12. ਜੰਗ ਗੁਰਦਿੱਤ ਸਿੰਘ
13. ਜੰਗ ਮਾਨ ਸਿੰਘ
14. ਜੰਗ ਸ਼ਿਵਜੀ–ਜਵਾਹਰ ਸਿੰਘ
15. ਜੰਗ ਦੌਲਤ ਰਾਮ, ਭੈਣੀ ਬੜਿੰਗਾਂ
16. ਵਿਆਹ ਸ਼ਿਵ ਜੀ–ਨਾਗਰ ਰਾਮ
17. ਜੰਗ ਸੁੰਦਰ ਸਿੰਘ
18. ਜੰਗ ਮਾਘੀ ਸਿੰਘ
19. ਜੰਗ ਪਾਲਾ ਸਿੰਘ
20. ਜੰਗ ਮਾਘ ਸਿੰਘ ਜੋਗਾ
21. ਜੰਗ ਭਗਤ ਕ੍ਰਿਪਾ ਰਾਮ
22. ਜੰਗ ਭਾਈ ਮਿਤ ਸਿੰਘ
23. ਜੰਗ ਪੰਡਤ ਕਿਸ਼ੋਰ ਚੰਦ
24. ਜੰਗ ਚੰਦ ਸਿੰਘ ਮਰਾਝ
25. ਜੰਗ ਕਰਨੈਲ ਸਿੰਘ

(ਅ) ਜੋ ਸ਼ਾਮਲ ਨਹੀਂ ਕੀਤੀਆਂ:

26. ਲਾਲ ਸਿੰਘ 1868 ਈ:
27. ਬੀਰ ਸਿੰਘ (19ਵੀਂ ਸਦੀ)
28. ਚੂਹੜ ਸਿੰਘ, ਸੰਗਾਰੀਵਾਲਾ, ਜ਼ਿਲ੍ਹਾ ਅੰਬਾਲਾ
29. ਖੇਤੂ ਰਾਮ ਸੁਨਿਆਰ, ਮੁਕਤਸਰ 1897
30. ਭਾਈ ਸ਼ੇਰ ਸਿੰਘ 1897 ਈ:
31. ਭਾਨ ਸਿੰਘ, ਪਿੰਡ ਘੁਮਿਆਰ (ਜ਼ਿਲ੍ਹਾ ਫ਼ਰੀਦਕੋਟ) 1910

32. ਪੰਡਤ ਪੂਰਨ ਸਿੰਘ, ਰਾਜਗੜ੍ਹ (ਲੁਧਿਆਣਾ)
33. ਸਾਧੂ ਸੰਤ ਦਾਸ, ਕੋਟ ਬਖਤੂ (ਬਠਿੰਡਾ)
34. ਹਰੀ ਸਿੰਘ ਤਰਖਾਣ, ਭਿੰਡਰਾਂ (ਲੁਧਿਆਣਾ)
35. ਸੰਤ ਸਿੰਘ ਤਰਖਾਣ, ਜਾਤੀ ਮਾਜਰਾ (ਮਲੇਰਕੋਟਲਾ)
36. ਰਾਮ ਸਿੰਘ, ਕੈਲੇ ਬਾਂਦਰ (ਬਠਿੰਡਾ)
37. ਬਚਨ ਸਿੰਘ, ਸਿਧਮ 1917
38. ਭਾਈ ਹਰਨਾਮ ਸਿੰਘ
39. ਮਹਾਂ ਸਿੰਘ, ਕਲੇਰ (ਲੁਧਿਆਣਾ)
40. ਕਾਨ੍ਹ ਸਿੰਘ, ਚੈੜਪੁਰੀਆ
41. ਜੰਵ ਸ੍ਰੀ ਰਾਮਚੰਦ੍ਰ—ਕਰਤਾ
42. ਇੰਦਰ ਸਿੰਘ, ਰਸ਼ੀਨ, ਜ਼ਿਲ੍ਹਾ ਲੁਧਿਆਣਾ
43. ਸੰਤ ਰਾਮ ਨਿਵਾਸੀ ਕੁੰਡਲ, ਜ਼ਿਲ੍ਹਾ ਫ਼ਿਰੋਜ਼ਪੁਰ
44. ਚਾਨਣ ਰਾਮ ਖਤ੍ਰੀ, ਬੁਢਲਾਡਾ
45. ਭਾਨ ਸਿੰਘ (1910 ਈ:)
46. ਹਰਦੁਆਰੀ ਲਾਲ ਗੁਪਤਾ, ਕੋਟ ਭਾਈ (ਜ਼ਿਲ੍ਹਾ ਫ਼ਿਰੋਜ਼ਪੁਰ)
47. ਤੋਤਾ ਸਿੰਘ
48. ਕਰਤਾਰ ਸਿੰਘ, ਕਲਾਸਵਾਲੀਆ
49. ਮੇਵਾ ਦਾਸ ਜ਼ਰਗਰ, ਬਸੀਆਂ, ਜ਼ਿਲ੍ਹਾ ਲੁਧਿਆਣਾ
50. ਹਾਫਜ਼ ਯਾਰ ਮੁਹੰਮਦ, ਰਿਆਸਤ ਬਹਾਵਲਪੁਰ
51. ਵਰਿਆਮ ਸਿੰਘ
52. ਰਾਧਾ ਰਾਮ
53. ਪੰਡਤ ਪੂਰਨ ਚੰਦ
54. ਕ੍ਰਿਪਾਲ ਸਿੰਘ, ਮਰਾੜ
55. ਪ੍ਰੀਤਮ ਸਿੰਘ, ਡਰੋਲੀ
56. ਪ੍ਰੇਮ ਸਿੰਘ
57. ਗੁਰਦਿਆਲ ਸਿੰਘ, ਦੌਧਰ
58. ਸ਼ਰਫ਼ਦੀਨ
59. ਰਘਬੀਰ ਸਿੰਘ ਪੰਖੇਰੂ
60. ਭਾਗ ਸਿੰਘ
61. ਗੁਰਮੇਜ ਸਿੰਘ
62. ਅਮਰ ਸਿੰਘ
63. ਕਰਤਾਰ ਸਿੰਘ
64. ਬਿਸ਼ਨ ਸਿੰਘ
65. ਚੰਨਣ ਸਿੰਘ, ਰਾਇ ਸਿੰਘ ਵਾਲਾ (ਜ਼ਿਲ੍ਹਾ ਪਟਿਆਲਾ)

66. ਛੱਜੂ ਸਿੰਘ, ਦੰਦਰਾਲਾ ਖਰੌਂਢ (ਜ਼ਿਲ੍ਹਾ ਪਟਿਆਲਾ)
67. ਨਾਜਰ ਸਿੰਘ ਸਫ਼ਰੀ, ਚੂਹੜਚੱਕ (ਜ਼ਿਲ੍ਹਾ ਫ਼ਿਰੋਜ਼ਪੁਰ)
68. ਲਾਲ ਸਿੰਘ ਸਹਿਜਲ, ਚਚਰਾੜੀ (ਜ਼ਿਲ੍ਹਾ ਲੁਧਿਆਣਾ)
69. ਮੇਜਰ ਸਿੰਘ ਸ਼ੌਕੀ
70. ਨੱਥਾ ਸਿੰਘ ਬੂਰੀ ਵਾਲਾ।

ਸ਼ਾਇਦ ਇਹ ਜੰਙਾਂ ਵੀ ਸਾਨੂੰ ਇਸ ਮਾਤਰਾ ਵਿਚ ਨਸੀਬ ਨਾ ਹੁੰਦੀਆਂ, ਜੇਕਰ ਪੱਛਮ ਵੱਲੋਂ ਪ੍ਰੈੱਸ ਨਾ ਆਇਆ ਹੁੰਦਾ। ਉੱਨ੍ਹੀਵੀਂ ਸਦੀ ਵਿਚ ਜੰਙਾਂ ਲਿਖਣ ਦਾ ਤਕੜਾ ਰਿਵਾਜ ਰਿਹਾ ਹੈ, ਪਰ ਜਦ ਇਸ ਸਦੀ ਦੇ ਮੱਧ ਵਿਚ ਲੁਧਿਆਣੇ ਪ੍ਰੈੱਸ ਜ਼ੋਰ ਸ਼ੋਰ ਨਾਲ ਚੱਲਣ ਲੱਗ ਪਏ ਤਾਂ ਮਲਵਈ ਕਵੀਸ਼ਰਾਂ ਨੂੰ ਮੌਜਾਂ ਲੱਗ ਗਈਆਂ। ਪਹਿਲੇ ਈਸਾਈ ਮਿਸ਼ਨ ਦਾ ਪ੍ਰੈੱਸ ਲਗਾਏ ਜ਼ਿਆਦਾਤਰ ਮਿਸ਼ਨਰੀ ਲਿਟਰੇਚਰ ਛਾਪਦਾ ਸੀ ਜਾਂ ਫਿਰ ਜੋ ਗੱਲ ਸਰਕਾਰ ਕਹਿੰਦੀ ਸੀ, ਉਸ ਮੰਗ ਅਨੁਸਾਰ ਵਿਆਕਰਣ ਤੇ ਕੋਸ਼ ਵਗ਼ੈਰਾ ਪ੍ਰਕਾਸ਼ਤ ਕੀਤੇ ਜਾਂਦੇ ਸਨ। ਇਸ ਪ੍ਰੈੱਸ ਦੀ ਰੀਸ 'ਤੇ ਦੇਸੀ ਵਪਾਰੀਆਂ ਨੇ ਵੀ ਆਪਣੇ ਪ੍ਰੈੱਸ ਲਗਾਏ, ਖ਼ਾਸ ਕਰਕੇ ਲੁਧਿਆਣੇ ਵਿਚ ਪੰਡਤ ਰਿਖੀ ਰਾਮ ਦਾ 'ਨਿਰੰਕਾਰੀ ਪ੍ਰੈੱਸ' ਤੇ ਲਾਲਾ ਨੱਥੂ ਮਲ ਬੇਰੀ ਦਾ 'ਹਿਤਕਾਰੀ ਪ੍ਰੈੱਸ' ਦੋ ਵਧੇਰੇ ਪ੍ਰਸਿੱਧ ਪ੍ਰੈੱਸ ਸਨ। ਇਨ੍ਹਾਂ ਪੰਜਾਬੀ ਦੇ ਕਿੱਸੇ ਕਿਤਾਬਾਂ ਛਾਪਣੇ ਸ਼ੁਰੂ ਕੀਤੇ ਤੇ ਦਰਜਨਾਂ 'ਜੰਙਾਂ' ਛਪ ਕੇ ਬਾਜ਼ਾਰ ਵਿਚ ਆਈਆਂ। ਰਿਆਸਤ ਪਟਿਆਲਾ, ਰਿਆਸਤ ਸੰਗਰੂਰ ਦੇ ਇਲਾਕੇ ਦੇ ਕਵੀ ਕਵੀਸ਼ਰ ਅਤੇ ਫ਼ਿਰੋਜ਼ਪੁਰ ਤਕ ਦੇ ਸਾਹਿੱਤਕ ਸ਼ੌਕੀਨ ਲੁਧਿਆਣੇ ਹੀ ਛਾਪਣ ਛਪਾਉਣ ਲਈ ਆਉਂਦੇ ਸਨ। ਇਨ੍ਹਾਂ ਦੋਹਾਂ ਪ੍ਰੈੱਸਾਂ ਵਿਚ ਜਦੋਂ ਅਜੇ ਟਾਈਪ ਨਹੀਂ ਸੀ ਆਇਆ ਤਾਂ ਪੱਥਰ ਛਾਪੇ ਦੇ ਸਮੇਂ, ਇਕ ਮੁਸਲਮਾਨ ਖ਼ੁਸ਼ਨਵੀਸ ਅਮੀਨੁੱਦੀਨ, ਪੰਜਾਬੀ ਦਾ ਕੰਮ ਕਰਦਾ ਸੀ ਜੋ ਕਿ ਸ਼ੇਰਪੁਰ, ਜ਼ਿਲ੍ਹਾ ਲੁਧਿਆਣਾ ਦਾ ਰਹਿਣ ਵਾਲਾ ਸੀ। ਬਹੁਤੇ ਕਿੱਸਿਆਂ ਦੀ ਕਿਤਾਬਤ ਇਸੇ ਦੀ ਕੀਤੀ ਹੋਈ ਹੈ।

ਸਾਡਾ ਇਹ ਚਰਚਾ ਕਰਨ ਦਾ ਭਾਵ ਇਤਨਾ ਹੀ ਹੈ ਕਿ ਪ੍ਰੈੱਸ ਦੇ ਆਉਣ ਨਾਲ ਲੁਧਿਆਣਾ, ਲੋਕ ਸਾਹਿੱਤਕਾਰੀ ਦਾ ਕੇਂਦਰ ਬਣ ਗਿਆ, ਜਦੋਂ ਕਿ ਅਜੇ ਅੰਮ੍ਰਿਤਸਰ ਅਜਿਹਾ ਸਾਜ਼-ਸਾਮਾਨ ਇਕੱਠਾ ਨਹੀਂ ਸੀ ਹੋਇਆ ਤੇ ਜਦ ਕਿਤੇ ਛਾਪੇ ਦਾ ਸਾਮਾਨ ਆਇਆ ਵੀ ਤਾਂ ਉਥੇ ਵਧੇਰੇ ਧਾਰਮਿਕ ਗ੍ਰੰਥਾਂ ਦੇ ਛਾਪਣ ਦਾ ਜ਼ੋਰ ਰਿਹਾ ਤੇ ਪਿੱਛੋਂ ਜਾ ਕੇ ਠੀਕ ਕਿੱਸਾਕਾਰੀ ਲਈ ਅੰਮ੍ਰਿਤਸਰ ਤੇ ਲਾਹੌਰ ਮੁੱਖ ਅਸਥਾਨ ਬਣੇ। ਗੁਰਮੁਖੀ ਛਪਾਈ ਦੇ ਵਿਕਾਸ ਵਿਚ ਸਾਨੂੰ ਇਹ ਮੰਨਣਾ ਪਵੇਗਾ ਕਿ ਲੁਧਿਆਣੇ ਦਾ ਯੋਗਦਾਨ, ਸੱਚਮੁੱਚ ਇਤਿਹਾਸਕ ਮਹੱਤਵ ਵਾਲਾ ਸੀ ਤੇ ਇਸੇ ਗੱਲ ਨੇ ਮਲਵਈ ਕਵੀਸ਼ਰਾਂ ਵਿਚ ਸਾਹਿੱਤਕ ਸ਼ੌਕ ਨੂੰ ਜਗਾਇਆ, ਵਧਾਇਆ ਤੇ ਪ੍ਰਫੁੱਲਿਤ ਕੀਤਾ। ਕਈ ਲੋਕ ਅਜੇ ਤਕ ਅੰਮ੍ਰਿਤਸਰ ਦੀ ਮਾਝੀ ਉਪ ਬੋਲੀ ਨੂੰ ਕੇਂਦਰੀ ਪੰਜਾਬੀ ਕਹਿਣ ਦਾ ਦਾਅਵਾ ਨਹੀਂ ਛੱਡਦੇ। ਉਹ ਲੋਕ ਇਹ ਨਹੀਂ ਜਾਣਦੇ ਕਿ ਆਧੁਨਿਕ ਪੰਜਾਬੀ ਦੇ ਵਿਕਾਸ ਖ਼ਾਤਰ ਉੱਨ੍ਹੀਵੀਂ ਸਦੀ ਵਿਚ ਪੱਛਮੀ ਲੋਕਾਂ, ਲੁਧਿਆਣੇ ਬਹਿ ਕੇ ਬੁਨਿਆਦਾਂ ਰੱਖੀਆਂ ਤੇ ਇਥੇ ਹੀ ਪਹਿਲੇ ਪਹਿਲ ਪੰਜਾਬੀ ਪ੍ਰੈੱਸ ਲੱਗੇ। ਇਸ ਕਰਕੇ ਅਮਲੀ ਤੌਰ 'ਤੇ ਲੁਧਿਆਣੇ ਦੀ ਬੋਲੀ ਟਕਸਾਲੀ ਪੰਜਾਬੀ ਬਣ ਕੇ ਛਾਪੇ ਵਿਚ ਆਈ।

ਛਾਪਾ ਇਕ ਐਸੀ ਸ਼ਕਤੀਸ਼ਾਲੀ ਚੀਜ਼ ਸੀ, ਜਿਸ ਨੇ ਇਸ ਨੂੰ ਦੂਰ ਦੂਰ ਤਕ ਫੈਲਾ ਦਿੱਤਾ। ਇਸ ਗੱਲ ਦੇ ਦੂਹਰੇ ਲਾਭ ਹੋਏ। ਜਿਥੇ ਇਸ ਇਲਾਕੇ ਦੀ ਬੋਲੀ ਪ੍ਰੈੱਸ ਤੇ ਪੱਤਰਕਾਰੀ ਸਦਕੇ ਪੰਜਾਬੀ ਵਾਰਤਕ ਖੇਤਰ ਵਿਚ ਮੂਹਰੇ ਆ ਗਈ, ਉਥੇ ਮਾਲਵੇ ਦੇ ਕਵੀ-ਕਵੀਸ਼ਰ ਵੀ ਸਾਹਿੱਤਕਾਰੀ ਵਿਚ ਸ਼ਿਰੋਮਣੀ ਥਾਂ ਲੈ ਗਏ। ਮਰਾਝ ਵਾਲੇ ਭਗਵਾਨ ਸਿੰਘ ਨੂੰ ਕੌਣ ਪੁੱਛਦਾ ਸੀ, ਜੇ ਪ੍ਰੈੱਸ ਨਾ ਹੁੰਦਾ। ਉਸ ਦੀ 'ਹੀਰ' ਨਿਰੰਕਾਰੀ ਪ੍ਰੈੱਸ, ਲੁਧਿਆਣੇ 1886 ਵਿਚ ਛਪਣ ਦੀ ਦੇਰੀ ਸੀ ਕਿ ਉਸ ਦੇ ਹਜ਼ਾਰਾਂ ਸ਼ਰਧਾਲੂ ਬਣ ਗਏ। ਇਸੇ ਤਰ੍ਹਾਂ ਕਈ ਹੋਰ ਕਵੀਆਂ ਨੂੰ ਇਹ ਸੁਨਹਿਰੀ ਮੌਕਾ ਹੱਥ ਲੱਗਾ। ਜਿਵੇਂ ਫ਼ਾਰਸੀ ਵਿਚ ਮੁਹਾਵਰਾ ਹੈ ਕਿ 'ਪੀਰਾਂ ਨੂੰ ਮੁਰੀਦ ਉਡਾਉਂਦੇ ਹਨ', ਤਿਵੇਂ ਇਹ ਵੀ ਇਕ ਸਚਾਈ ਹੈ ਕਿ ਸਾਹਿੱਤਕਾਰ ਨੂੰ ਪ੍ਰੈੱਸ ਜਾਂ ਪ੍ਰਕਾਸ਼ਕ ਬਣਾਉਂਦਾ ਹੈ। ਇਹ ਠੀਕ ਹੈ ਕਿ ਸਾਹਿੱਤਕਾਰ ਵਿਚ ਮੂਲ ਗੁਣ ਹੋਣੇ ਚਾਹੀਦੇ ਹਨ ਪਰ ਜਿਤਨਾ ਚਿਰ ਪ੍ਰੈੱਸ ਦੀ ਸਰਪ੍ਰਸਤੀ ਨਾ ਮਿਲੇ, ਉਤਨਾ ਚਿਰ ਇਹ ਗੁਣ ਵਧਦੇ ਫੁੱਲਦੇ ਨਹੀਂ। ਉੱਨੀਵੀਂ ਸਦੀ ਦੇ ਮਲਵਈ ਲੋਕ-ਸਾਹਿੱਤਕਾਰਾਂ ਦੀ ਇਹ ਭਾਗਵਾਨੀ ਸੀ ਕਿ ਉਨ੍ਹਾਂ ਨੂੰ ਲੁਧਿਆਣੇ ਸ਼ਹਿਰ ਵਿਚ ਪ੍ਰੈੱਸ ਮਿਲ ਗਿਆ ਤੇ ਉਨ੍ਹਾਂ ਦੀਆਂ ਚੀਜ਼ਾਂ ਛਪ ਕੇ ਧੜਾ ਧੜ ਦੂਜਿਆਂ ਸ਼ਹਿਰਾਂ ਵਿਚ ਪਹੁੰਚ ਗਈਆਂ। ਨਿੱਕੇ ਨਿੱਕੇ ਕਿੱਸੇ ਲਿਖਣ ਵਾਲੇ ਲੋਕ-ਕਵੀਆਂ ਨੂੰ ਇਸ ਦਾ ਬਹੁਤ ਲਾਭ ਹੋਇਆ। ਸੀਹਰਫ਼ੀ, ਬਾਰਾਂਮਾਹ, ਝਗੜੇ, ਜੰਞਾਂ ਤੇ ਹੋਰ ਕਿੱਸੇ ਹਜ਼ਾਰਾਂ ਦੀ ਗਿਣਤੀ ਵਿਚ ਛਪੇ ਤੇ ਹਰ ਇਕ ਦਾ ਮੁੱਲ ਹੁੰਦਾ ਸੀ ਇਕ ਪੈਸਾ ਜਾਂ ਦੋ ਪੈਸੇ। ਉਸ ਭਲੇ ਜ਼ਮਾਨੇ ਵਿਚ ਇਕ ਰੁਪਏ ਅੰਦਰ 50-60 ਕਿੱਸੇ ਖ਼ਰੀਦੇ ਜਾਂ ਸਕਦੇ ਸਨ, ਨਾਲ ਆਮ ਲੋਕ ਮਨੋਰੰਜਨ ਲਈ ਅਜਿਹੀਆਂ ਚੀਜ਼ਾਂ ਹੀ ਲੈ ਕੇ ਪੜ੍ਹਦੇ ਸਨ। ਹੋਰ ਤਾਂ ਹੋਰ, ਧਾਰਮਿਕ ਲੋਕਾਂ ਵੀ ਜੰਞਾਂ ਲਿਖੀਆਂ। ਸਿੰਘ ਸਭੀਏ ਸੁਧਾਰਕ ਜੰਞਾਂ ਬੰਨ੍ਹਣੀਆਂ, ਖੋਲ੍ਹਣੀਆਂ ਪਸੰਦ ਨਹੀਂ ਸੀ ਕਰਦੇ ਤੇ ਨਾ ਹੀ ਜੰਞ-ਕਾਵਿ ਦਾ ਆਦਰ ਕਰਦੇ ਸਨ, ਪ੍ਰੰਤੂ ਲੋਕਾਂ ਦੇ ਮਨੋਰੰਜਨ-ਸਾਧਨ ਨੂੰ ਐਵੇਂ ਬੰਦ ਨਹੀਂ ਸੀ ਕੀਤਾ ਜਾ ਸਕਦਾ, ਉਸ ਦਾ ਕੋਈ ਇਵਜ਼ ਦੇਣਾ ਪੈਂਦਾ ਹੈ।

ਖ਼ਾਲਸਾ ਟ੍ਰੈਕਟ ਸੁਸਾਇਟੀ ਦੇ 'ਨਿਰਗੁਣੀਆਰਾ ਟ੍ਰੈਕਟ' ਨੰ: 216 (20 ਨਵੰਬਰ 1903 ਈ:) ਵਿਚ ਜੰਞ-ਕਾਵਿ ਵਿਰੁੱਧ ਕੁਝ ਵਿਚਾਰ ਦਿੱਤੇ ਗਏ ਹਨ, ਜੋ ਇਨ੍ਹਾਂ ਸੁਧਾਰਕ ਆਗੂਆਂ ਦੀ ਪ੍ਰਤਿਕ੍ਰਿਆ ਦੱਸਦੇ ਹਨ। ਭਾਵੇਂ ਅਸੀਂ ਹਰ ਗੱਲ ਨਾਲ ਸਹਿਮਤ ਨਾ ਹੋਈਏ, ਫਿਰ ਵੀ ਅੱਜ ਤੋਂ ਸੱਤਰ ਸਾਲ ਪਹਿਲਾਂ ਜੰਞਾਂ ਬਾਰੇ ਦਿੱਤੀ ਰਾਇ ਧਿਆਨ ਗੋਚਰੇ ਕਰਨਾ ਜ਼ਰੂਰੀ ਹੈ:

ਬਹੁਤਾ ਪੰਜਾਬ ਦੇਸ ਵਿਚ ਚਿਰੰਕਾਲ ਤੋਂ ਇਹ ਜੰਞ ਬੰਨ੍ਹਣ ਦੀ ਡਾਢੀ ਅਨੋਖੀ ਚਾਲ ਚਲੀ ਆਉਂਦੀ ਹੈ ਭਾਵੇਂ ਓਸ ਵੇਲੇ ਚੌਧਰੀ, ਪੈਂਚ, ਸਿਰਕਰਦਾ ਲੋਕ ਮਰਦਾਂ ਨੂੰ ਜੰਞ ਛੁਡਾਉਣ ਤੋਂ ਬਾਹਲਾ ਰੋਕਦੇ ਸਨ, ਪਰ ਇਸ ਰਸਮ ਰੀਤ ਨੂੰ ਦੂਰ ਕਰਨ ਲਈ ਕੋਈ ਬਾਨ੍ਹਣੂ ਨਹੀਂ ਸਨ ਬੰਨ੍ਹਦੇ, ਜਿਸ 'ਤੇ ਤੀਵੀਆਂ ਨਿਸੰਗ ਅਤੇ ਖੁੱਲਮ-ਖੁੱਲ੍ਹਾ ਗੰਦ ਬਕ ਦੇਂਦੀਆਂ ਹਨ ਕਿ ਬਿਨਾਂ ਜੰਞ ਛੁਡਾਇ ਪ੍ਰਸਾਦਿ ਛਕਣਾ ਚੰਗਾ ਨਹੀਂ।

ਇਹ ਗੱਲ ਨਹੀਂ ਸੋਚਦੀਆਂ ਕਿ ਸਿਕਦਿਆਂ ਅਤੇ ਆਦਰਾਂ ਖ਼ਾਤਰਾਂ ਨਾਲ ਇਨ੍ਹਾਂ ਸਨਬੰਧੀਆਂ ਨੂੰ ਘਰ ਲਿਆਂਦਾ ਹੈ। ਤਿਸ ਪਰ ਸਾਰੀ ਉਮਰ ਅਧੀਨਗੀ ਨਾਲ ਨਿਬਾਹੁਣੀ ਹੈ। ਇਸ ਵੇਲੇ ਦੀ ਕੁੜਮਾਂ ਨਾਲ ਲਾਲੀ ਰਹੀ ਹੋਈ ਸਾਰੀ ਉਮਰ ਬਣੀ ਰਹੇਗੀ, ਇਸ ਵੇਲੇ ਦੀ ਵਿਗੜੀ ਹੋਈ ਵਿਗੜ ਜਾਏਗੀ, ਤਿਸ ਪਰ ਹੋਰ ਅਚਰਜ ਆਪਣੀ ਵੱਲੋਂ ਹੀ ਧਨ ਪਦਾਰਥ ਲਾ ਕੇ ਬੜੀ ਮਿਹਨਤ ਨਾਲ ਖਾਣ ਦੇ ਸੁੰਦਰ ਪਦਾਰਥ ਤਿਆਰ ਕਰ ਕੇ ਪਰੋਸੇ ਹਨ, ਤਿਨਹਾਂ ਪਦਾਰਥਾਂ ਨੂੰ ਕੁ-ਬਚਨਾਂ ਨਾਲ ਭ੍ਰਿਸ਼ਟ ਕਰ ਕੇ ਖਾਣੇ ਤੋਂ ਰੋਕਨੀਆਂ; ਹਾਂ, ਇਹ ਕੀ ਵਡਿਆਈ ਦੀ ਗੱਲ ਹੋਈ ? ਇਥੇ ਹੀ ਬੱਸ ਨਹੀਂ, ਆਪ ਆਪਣਾ ਮੂੰਹ ਗੰਦਾ ਕਰ ਕੇ ਗੰਦ ਬਕਿਆ ਅਤੇ ਗੰਦੇ ਬਚਨਾਂ ਦੇ ਸੁਣਨ ਅਥਵਾ ਇਉਂ ਕਹੋ ਕਿ ਕੰਨਾਂ ਨੂੰ ਗੰਦਿਆਂ ਕਰਨ ਲਈ ਜੰਞ ਛੁਡਾਉਣ ਲਈ ਜਾਂਞੀਆਂ ਨੂੰ ਲਾਚਾਰ ਕੀਤਾ। ਇੰਨੀ ਵੀ ਇਨ੍ਹਾਂ ਵਧੀ ਹੋਈ ਅਕਲ ਵਾਲਿਆਂ ਨੇ ਨਾ ਸੋਚੀ ਕਿ ਇਹ ਸਮਾਂ ਮੰਗਲ ਉਤਸ਼ਾਹ ਵਿਆਹ ਦਾ ਹੈ, ਬਚਨ ਅਤੇ ਗੀਤ ਅਤੇ ਗੀਤ ਵੀ ਮੰਗਲ ਉਤਸ਼ਾਹ ਵਾਲੇ ਹੋਣੇ ਚਾਹੀਦੇ ਹਨ, ਤੇ ਛੱਡਣਾ ਅਤੇ ਛੁਡਾਉਣਾ ਤਾਂ ਨਿਰਾ ਗ਼ਮੀ (ਮੌਤ) ਵੇਲੇ ਹੁੰਦਾ ਹੈ। ਫਲਾਣਾ, ਘਰਬਾਰ, ਪਦਾਰਥ, ਭਾਂਡਾ ਕੱਪੜਾ ਛੱਡ ਗਿਆ ਅਥਵਾ ਪ੍ਰਾਣੀ ਛੁੱਟ ਗਿਆ, ਜੇ ਸਭ ਕੁਝ ਛੁੱਟ ਗਿਆ ਤਾਂ ਫਿਰ ਖਾਣਾ ਕੀ ਹੋਇਆ ਤੇ ਦਾਜ ਆਦਿਕ ਵਸਤਾਂ ਕੀ ਲੈਣੀਆਂ ਹੋਈਆਂ। ਜੇ ਕਹੋ ਕਿ ਇਹ ਇਕ ਚਾਲ ਪਈ ਹੋਈ ਹੈ ਕਿ ਓਸ ਵੇਲੇ ਵਿਆਹ ਦੇ ਪਦਾਰਥ ਗਿਣ ਦੇਣੇ, ਏਹੋ ਜੰਞ ਛੁਡਾਉਣੀ ਹੈ ਤਾਂ ਇਹ ਕੰਮ ਭੱਟ ਦਾ ਹੈ, ਜਿਸ ਨੇ ਲਾਗ ਲੈਣਾ, ਜੱਸ ਕਰਨਾ, ਵਿਆਹ ਦੇ ਮੰਗਲੀਕ ਪਦਾਰਥ ਗਿਣਨੇ ਹਨ ਨਾ ਕਿ ਜਾਂਞੀਆਂ ਦਾ ਕੰਮ ਹੈ। ਤੀਵੀਆਂ ਦੇ ਮੁਕਾਬਲੇ 'ਤੇ ਜੰਞ ਛੁਡਾਉਣੀ ਅਤੇ ਬੰਨ੍ਹਣੀ ਕਿ ਗੰਦ ਬਕਣਾ, ਪਰ ਇਹ ਗਰਦੀ ਦੁਵੱਲੀ ਪਈ ਹੋਈ ਹੈ। ਸਿਆਣੇ ਇਸ ਗੱਲ ਨੂੰ ਸੋਚਦੇ ਨਹੀਂ, ਇਆਣੇ ਮੂਰਖ ਅੰਧ ਪਰੰਪਰਾ ਦੇ ਮਗਰ ਪਏ ਜਾਂਦੇ ਹਨ। ਸਗੋਂ ਇਨ੍ਹਾਂ ਅੰਨ੍ਹਿਆਂ ਦੇ ਮਗਰ ਹੀ ਅੰਨ੍ਹੇ ਕਵੀਸ਼ਰ ਅੰਨ੍ਹੀ ਕਵੀਸ਼ਰੀ ਦੀ ਅੰਨ੍ਹੀ ਮਸਾਲ ਬਾਲ ਕੇ ਹਨੇਰ-ਖਾਤੇ ਸੁੱਟੀ ਜਾ ਰਹੇ ਹਨ ਤੇ ਜਾਂਞੀ ਵੀ ਢੂੰਡ ਢੂੰਡ ਕੇ 'ਜੰਞਾਂ' ਕੰਠ ਕਰਦੇ ਹਨ। ਇਸ ਪ੍ਰੇਮ ਨਾਲ ਕਦੀ ਕਿਸੇ ਗੱਭਰੂ ਨੇ ਜਪੁ ਸਾਹਿਬ ਕੰਠ ਨਹੀਂ ਕੀਤਾ ਹੈ ਪਰ ਜੰਞਾਂ ਕੰਠ ਕਰਨ ਦੀ ਧੁਨ ਵਿਚ ਰਾਤਾਂ ਜਾਗ ਕੇ ਕੱਟਣੀਆਂ ਕੋਈ ਔਖੀਆਂ ਨਹੀਂ ਭਾਸੀਆਂ ਹੋਣਗੀਆਂ। ਇਸ ਬਿਆਨ ਤੋਂ ਲੋਕਾਂ ਦਾ ਜੰਞਾਂ ਬਾਰੇ ਸ਼ੌਕ ਸਪੱਸ਼ਟ ਹੈ।'

ਕੁਝ ਹੱਦ ਤਕ ਇਹ ਵਿਰੋਧ ਠੀਕ ਵੀ ਹੋ ਸਕਦਾ ਹੈ ਕਿ ਆਏ ਪ੍ਰਾਹੁਣਿਆਂ ਦੇ ਸੁਆਗਤ ਸਮੇਂ ਗੰਦ ਨਾ ਬੋਲਿਆ ਜਾਵੇ, ਪਰ ਜੰਞਾਂ ਰਾਹੀਂ ਆਮ ਲੋਕਾਂ ਨੂੰ ਜੋ ਮਨੋਰੰਜਨ ਦਾ ਮਸਾਲਾ ਮਿਲਦਾ ਹੈ, ਉਹ ਨਿਰੇਪੁਰੇ ਪੰਡਤਾਨਾ ਉਪਦੇਸ਼ਾਂ ਵਿੱਚੋਂ ਨਹੀਂ ਮਿਲ ਸਕਦਾ ਤੇ ਨਾ ਹੀ ਨਿਰੀ ਪੁਰੀ ਗੁੰਮ ਸੁੰਮ ਭਲਮਾਣਸੀ, ਲੱਡੂ ਜਲੇਬੀਆਂ ਤੇ ਦਹੀਂ ਭੱਲਿਆਂ ਦਾ ਥਾਂ ਲੈ ਸਕਦੀ ਹੈ। ਇਨ੍ਹਾਂ ਸੁਧਾਰਕਾਂ ਨੇ ਆਪਣੇ ਸੁਧਾਰ ਦੇ ਚਾਅ ਵਿਚ 'ਜੰਞ ਗੁਰੂ ਗੋਬਿੰਦ ਸਿੰਘ' ਵੀ ਰਚ ਕੇ ਪੇਸ਼ ਕੀਤੀ ਹੈ। ਪਾਠਕਾਂ ਨੂੰ ਵੰਨਗੀ ਮਾਤ੍ਰ ਇਹ ਵੀ ਦੇਖ ਲੈਣੀ ਚਾਹੀਦੀ ਹੈ :

ਲਾਵਣੀ

'ਕਲਗੀਆਂ ਵਾਲੇ ਦਸਮ ਗੁਰੂ ਦੀ, ਸ਼ਾਦੀ ਹੋਵਣ ਆਈ ਹੈ।
ਵਸਿਆ ਸ਼ਹਿਰ ਲਾਹੌਰ ਗੁਰੂ ਕਾ, ਵਿਚ ਕੰਢੀ ਛਬਿ ਆਈ ਹੈ।
ਵਸੇ ਬਜ਼ਾਰ ਚੁਤਰਫ਼ੀਂ ਸੁਹਣੇ, ਰੌਣਕ ਦੂਣ ਸਵਾਈ ਹੈ।
ਲਗੀ ਉਡੀਕ ਜੰਞ ਦੀ ਪੱਕੀ, ਲੋਕਾਂ ਨਜ਼ਰ ਦੁੜਾਈ ਹੈ।
ਕਰਨ ਵਿਚਾਰਾਂ ਕਹਿਣ ਇਕ ਦੂਜੇ, ਡੇਰ ਇਤਨੀ ਕਿਉਂ ਲਾਈ ਹੈ?
ਇਨੇ ਤਾਕਰ ਵਿਚ ਕੰਨਾਂ ਦੇ ਵਾਜ ਵਾਜਿਆਂ ਆਈ ਹੈ।
ਢੁੱਦਿਆਂ ਢੁੱਦਿਆਂ ਪਲਕ ਝਲਕ ਵਿਚ ਸਨਮੁਖ ਦਰਸ ਦਿਖਾਈ ਹੈ।
ਵੇਖ ਜੰਞ ਸਭ ਰਾਜ਼ੀ ਹੋਏ ਵਾਹ ਵਾਹ ਪ੍ਰੇਮ ਮਚਾਈ ਹੈ।
ਸਤਿਗੁਰ ਸੱਚੇ ਪਾਤਸ਼ਾਹ ਨੇ ਚਿੰਤਾ ਸੋਚ ਭੁਲਾਈ ਹੈ।
ਮੰਗਲਚਾਰ ਖੁਸ਼ੀ ਦਾ ਵੇਖ, ਆਈ ਘੁਘ ਲੁਕਾਈ ਹੈ।
ਚੇਤ ਮਹੀਨੇ ਬਾਗ਼ਾਂ ਦੇ ਵਿਚ ਜਿਉਂ ਜੋਬਨ ਹੁੰਦਾਈ ਹੈ।
ਏਸ ਬਗ਼ੀਚੇ ਪਰ ਉਸ 'ਤੇ ਵੀ ਰੌਣਕ ਦੂਣ ਸਵਾਈ ਹੈ।
ਅਕਾਲ ਪੁਰਖ ਨੇ ਦੂਹੀਂ ਲਾਂਭੀ ਆਪੇ ਬਣਤ ਬਣਾਈ ਹੈ।
ਪ੍ਰੇਮ ਅਨੋਖੇ ਅਚਰਜ ਸਰਧਾ ਮਿਲੇ ਕੁੜਮ ਜਿਉਂ ਭਾਈ ਹੈ।
ਇਧਰ ਆਦਰ ਚਾਉ ਘਨੇਰਾ ਖੁਸ਼ੀਆਂ ਨਾਲ ਵਧਾਈ ਹੈ।
ਨੀਲੀ ਤੇਜਨ ਦੀ ਅਸਵਾਰੀ, ਪਾਖਰ ਜੀਨ ਸਜਾਈ ਹੈ।
ਕਲਗ਼ੀ ਜਿਗਾ ਸੇਹਰੇ ਸੁੰਦਰ, ਮੂਰਤ ਅਜਬ ਸੁਹਾਈ ਹੈ।
ਕਮਰ-ਕੱਸੇ ਤਲਵਾਰ ਗਾਤਰੇ, ਸਿਰ ਪਰ ਛਤਰ ਫਿਰਾਈ ਹੈ।
ਅੱਗਲਵਾਂਢੀ ਸਭ ਲੁਕਾਈ ਜੰਞ ਲੈਣ ਨੂੰ ਆਈ ਹੈ।
ਕਰ ਕਰ ਦਰਸ਼ਨ ਭਰ ਭਰ ਆਨੰਦ, ਨੀਵੀਂ ਗ੍ਰੀਵ ਨਿਵਾਈ ਹੈ।
ਮਰਦ ਤੀਵੀਆਂ ਲਾਗੀ ਨੇਗੀ ਇਕੱਠੀ ਸਭ ਲੁਕਾਈ ਹੈ।
ਵਿਚ ਤਾਰਿਆਂ ਜਿਉਂ ਚੰਦ ਸੋਹੇ ਤਿਉਂ ਸਤਿਗੁਰ ਛਬਿ ਪਾਈ ਹੈ।
ਇਸ ਵੇਲੇ ਦੀ ਸੋਭਾ ਉਪਮਾ, ਬਹੁਤ ਅਚਰਜ ਸੁਹਾਈ ਹੈ।
ਵੇਖਣ ਅੱਖਾਂ ਜੀਭ ਨਾ ਰੱਖਣ, ਜਿਭਾ ਨਹੀਂ ਦਿਸਾਈ ਹੈ।

ਇਸ ਨਮੂਨੇ ਤੋਂ ਇਕ ਗੱਲ ਤਾਂ ਸਾਫ਼ ਹੈ ਕਿ ਇਹ ਧਾਰਮਿਕ ਜੰਞ ਉਪ੍ਰੋਕਤ ਮਸਾਲੇਦਾਰ ਮਲਵਈ ਜੰਞਾਂ ਵਾਲਾ ਕੰਮ ਨਹੀਂ ਸਾਰ ਸਕਦੀ ਕਿਉਂਕਿ ਇਸ ਵਿਚ ਉਹ ਮਨੋਰੰਜਨ ਵਾਲੀ ਸਮੱਗਰੀ ਨਹੀਂ। ਜੰਞਕਾਰਾਂ ਦਾ ਉਦੇਸ਼ ਖ਼ੁਸ਼ੀ ਮੰਗਲਾਚਾਰ ਦੇ ਮੌਕੇ 'ਤੇ ਇਕ ਅੜਿੱਕਾ ਪੈਦਾ ਕਰ ਕੇ ਉਸ ਨੂੰ ਜੁਗਤ ਨਾਲ ਖੋਲ੍ਹਣਾ ਤੇ ਫਿਰ ਹਾਸ ਬਿਲਾਸ ਦਾ ਰੰਗ ਪੈਦਾ ਕਰਨਾ ਹੈ, ਇਸ ਵਿਚ ਉਹ ਪੂਰੀ ਤਰ੍ਹਾਂ ਸਫਲ ਹਨ। ਇਹ ਸਾਰੀਆਂ ਜੰਞਾਂ ਮਰਦਾਂ ਵੱਲੋਂ ਜੰਞ ਛੁਡਾਉਣ ਦਾ ਪੱਖ ਲੈ ਕੇ ਲਿਖੀਆਂ ਗਈਆਂ ਹਨ। ਹੁਸ਼ਿਆਰ ਚਤੁਰ ਨਾਰਾਂ ਜੰਞ ਕਿਵੇਂ ਬੰਨ੍ਹਦੀਆਂ ਹਨ ਤੇ ਉਹ ਕੀ ਕੀ ਕੁਝ ਆਖਦੀਆਂ ਹਨ, ਇਸ ਦਾ ਚਰਚਾ ਕਿਸੇ ਇਕ ਅੱਧ ਕਵੀ ਨੇ ਹੀ ਕੀਤਾ ਹੈ। ਚੰਦ

ਸਿੰਘ ਮਰਾਝ ਨੇ ਇਸ ਪੱਖੋਂ 'ਜ਼ਨਾਨੀਆਂ ਦੀ ਪੱਤਲ' ਵੱਖਰੀ ਲਿਖੀ ਹੈ, ਜਿਸ ਦਾ ਨਮੂਨਾ ਦਿਲਚਸਪੀ ਤੋਂ ਖ਼ਾਲੀ ਨਹੀਂ।

ਪੱਤਲ ਜ਼ਨਾਨੀ

ਦੋਹਰਾ—ਪਹਿਲ ਪ੍ਰਿਥਮ ਆਵਦੇ, ਗੁਰ ਕੋ ਲਏ ਮਨਾਇ।
ਜਿਹੜਾ ਸਾਡੇ ਇਸ਼ਟ ਨੇ, ਨਾਨਕ ਦੇਵ ਕਹਾਇ।.....
ਕਬਿੱਤ—ਜਗ ਦਾ ਬਿਹਾਰ ਜੈਸਾ ਬੰਨ ਦਿਆਂ ਜਨੇਤ ਤਾਈਂ
ਮੈਂ ਤਾਂ ਜ਼ੰਜੀਰ ਹੋਰ ਸਕਦੀ ਨਾ ਬੰਨ ਵੇ।
ਐਨਿਆਂ ਦੇ ਵਿਚੋਂ ਕੋਈ ਉਨ੍ਹਗਾ ਗੁਣਾਂ ਦਾ ਪੂਰਾ
ਸੁਣੋ ਮੇਰੀ ਗੱਲ ਤੁਸੀਂ ਕਰ ਕੇ ਤੇ ਕੰਨ ਵੇ।
ਰੌਲਾ ਪਾਓ ਮਤ ਥੋੜੇ ਨਾਲੋਂ ਮੈਂ ਅਕਲਮੰਦ
ਐ ਨਾ ਕਿਤੇ ਜਾਣਿਉਂ ਗੁੰਡੀ ਭੌਂਕਦੀ ਹੈ ਰੰਨ ਵੇ।
ਚੰਦ ਸਿੰਘ ਕੋਲੋਂ ਜੀਹਨੇ ਸਿਖਿਆ ਨੀ ਸਮੇਧੀ ਜਗ
ਕੋਈ ਮੈਨੂੰ ਬੰਨ ਕੇ ਦਿਖਾਵੇ ਐਸੀ ਜੰਨ ਵੇ।
ਕਬਿਤ—ਭੁਖੇ ਹੋ ਜੇ ਬਹੁਤੇ ਤਾਂ ਮੈਂ ਬੰਨਣੇ ਤੋਂ ਬੰਦ ਹੋਵਾਂ
ਬੰਨ ਕੇ ਤੇ ਹੱਥ ਮੈਨੂੰ ਆਖ ਦਿਓ ਸਾਰੇ ਵੇ।
ਐਨਿਆਂ 'ਚੋਂ ਨਹੀਂ ਕੋਈ ਜਾਣਦਾ ਛੁਡੌਣ ਜੰਨ
ਆਪੇ ਮੈਂ ਛੁੜਾ ਦੂੰ ਲਗੋ ਟੈਹਲੂਏ ਹਮਾਰੇ ਵੇ।
ਪੈਰੀਂ ਹੱਥ ਲਾ ਕੇ ਤੇ ਬਹਾ ਦਿਓ ਪਰੀਆਂ ਤਾਈਂ
ਨਿਤ ਵਿਆਹ ਨੀ ਔਣੇ ਕਰੋ ਸਗਨ ਬਿਹਾਰੇ ਵੇ।
ਚੰਦ ਸਿੰਘ ਜੈਸੇ ਕੋਈ ਹੈਨੀ ਜੀ ਸਭਾ ਦੇ ਵਿਚ
ਹੱਥ ਬੰਨ ਕਹਿ ਦਿਓ ਮੈਨੂੰ ਸਾਰੇ ਤੁਸੀਂ ਹਾਰੇ ਵੇ।
ਕਬਿੱਤ—ਬੱਧੀ ਵੀ ਰਸੋਈ ਤੁਸੀਂ ਖਾ ਗੇ ਜੇ ਮਝੇਰੂਓ ਵੇ।
ਐਸ ਪਿੰਡ ਵਿਚ ਮੈਂ ਰਹੂ ਨਾ ਥੋੜੀ ਲਾਜ ਵੇ।
ਐਨਾ ਚਿਰ ਬੋਲ ਸਮਝਾਯਾ ਠੀਕ ਥੋੜੇ ਤਾਈਂ।
ਹੁਣ ਤਿਆਰ ਕਰਾਂ ਥੋੜੇ ਬੰਨ੍ਹਣੇ ਦੀ ਸਾਜ ਵੇ।
ਨਮੀ ਜਿਹੀ ਪੱਤਲ ਮੈਂ ਸੁਣਾਆਂ ਥੋਨੂੰ ਬੰਨ ਕੇ ਤੇ
ਐਸੀ ਅੱਗੇ ਸੁਣੀ ਹੋਊ ਨਾਹੀ ਕਿਸੇ ਕਾਜ ਵੇ।
ਬੰਨ ਤੇ ਜੇ ਮੁੱਖ ਥੋਤੋਂ ਬੁਰਕੀ ਨੀਂ ਪਾਈ ਜਾਣੀ
ਚੰਦ ਸਿੰਘ ਕੋਲੋਂ ਜਾ ਕੇ ਪੁਛ ਲੌ ਮਰਾਝ ਵੇ।
ਦੋਹਰਾ—ਹੱਥ ਧੁਆ ਕੇ ਸੱਜਣੋਂ ਬੈਠੇ ਕੋਰੀ ਆਨ।
ਆਦੋਂ ਲਾ ਕੇ ਜੰਨ ਬੰਨਾਂ, ਸੌਹ ਕਰੂ ਬੁਧਵਾਨ।

ਕੋਰੜਾ ਛੰਦ

ਪਹਿਲ ਪਹਿਲਾਂ ਬੰਨਾਂ ਮੂਹਰੇ ਪਏ ਥਾਲ ਵੇ,
ਪੂੰਝ ਕੇ ਤੇ ਰੱਖ ਲੈ ਰੁਮਾਲਾਂ ਨਾਲ ਵੇ।
ਫੇਰ ਬੰਨਾਂ ਲੱਡੂ ਥਾਲੀਆਂ 'ਚ ਪਾਏ ਵੇ,
ਬੰਨਾਂ ਪਿੰਡ ਜਿਥੇ ਤੁਸੀਂ ਜੰਮੇ ਜਾਏ ਵੇ।
ਬੰਨਦਿਆਂ ਜਲੇਬੀਆਂ ਜੋ ਵਲਾਂ ਬਾਲੀਆਂ,
ਟਾਸੀ ਨਾਲ ਸਾਵੇ ਭਰੀ ਬੈਠੇ ਥਾਲੀਆਂ।
ਬੰਨ ਦਿਆਂ ਗਲਾਸ ਪਾਣੀ ਦੇ ਭਰਾਏ ਵੇ,
ਬੰਨਾਂ ਥੋੜਾ ਪਿੰਡ ਜਿਥੇ ਜੰਮੇ ਜਾਏ ਵੇ।
ਬੰਨ ਦੇਮਾਂ ਭਾਜੀ ਰਿਧੀ ਜਿਸ ਕਾਸੇ ਦੀ,
ਪੂਰੀਆਂ ਤੇ ਮੰਡੇ ਬੰਨ ਦਿਆਂ ਪਾਸੇ ਦੀ।
ਇਹੋ ਖਾਣੇ ਜ਼ਿਮੀਦਾਰ ਦੇ ਗਣਾਏ ਵੇ,
ਬੰਨਾਂ ਥੋੜਾ ਪਿੰਡ ਜਿਥੇ ਜੰਮੇ ਜਾਏ ਵੇ।
ਤੀਜੀ ਰੋਟੀ ਬਾਲੇ ਦਿਨ ਹੁੰਦੇ ਚੌਲ ਵੇ,
ਉਹ ਵੀ ਬੰਨ ਦੇਮਾਂ ਨਾ ਕਰਾਂ ਮੈਂ ਘੌਲ ਵੇ।
ਐਦੂੰ ਬਿਨਾਂ ਖਾਣੇ ਜੱਟ ਨਾ ਤਕਾਏ ਵੇ,
ਬੰਨਾਂ ਥੋੜਾ ਪਿੰਡ ਜਿਥੇ ਜੰਮੇ ਜਾਏ ਵੇ।
ਫੇਰ ਬੰਨਾਂ ਲਾੜਾ ਜੀਹਦੇ ਗਾਨਾ ਬੰਨ੍ਹਿਆ,
ਬੰਨਾਂ ਸਰਬਾਲਾ ਜੀਹਦੀ ਭੈੜੀ ਸੰਨਿਆਂ।
ਮਾਂ ਪਿਉ ਬੰਨਾਂ ਲਾੜੇ ਦੇ ਚਾਚੇ ਤਾਏ ਵੇ,
ਬੰਨਾਂ ਥੋੜੇ ਪਿੰਡ ਜਿਥੇ ਜੰਮੇ ਜਾਏ ਵੇ।
ਨਾਲ ਥੋੜੀਆਂ ਮੈਂ ਬੰਨ ਦੇਮਾਂ ਭੈਣਾਂ ਵੇ,
ਜੀਹਦਾ ਸਾਡੇ ਮੁੰਡਿਆਂ ਨੇ ਸਾਕ ਲੈਣਾ ਵੇ।
ਬਾਹਮਣ ਤਰਖਾਣ ਚੂਹੜਾ ਬੰਨਾਂ ਨਾਈ ਵੇ,
ਬੰਨਾਂ ਥੋੜਾ ਪਿੰਡ ਜਿਥੇ ਜੰਮੇ ਜਾਏ ਵੇ।
ਬਾਜੇ ਬੀਨਾਂ ਵਾਲੇ ਬੰਨ ਦੇਮਾਂ ਚਾਰ ਵੇ,
ਮਣ ਅੱਠ ਖਾਣ ਵਾਲੇ ਦੀਏ ਸਾਰ ਵੇ।
ਬੰਨਾਂ ਗੌਣ ਵਾਲਾ ਨਾਲ ਜੋ ਲਿਆਵੇ ਵੇ,
ਬੰਨਾਂ ਥੋੜਾ ਪਿੰਡ ਜਿਥੇ ਜੰਮੇ ਜਾਏ ਵੇ।
ਵੇਖਿਓ ਕਿਤੇ ਸੀਰਨੀ ਨਾ ਹੋਜੂ ਗਾਹਾਂ ਵੇ,
ਕਿਮੇਂ ਖਾਣ ਵਾਸਤੇ ਝੜਾਈਆਂ ਬਾਹਾਂ ਵੇ।
ਚੰਦ ਸਿੰਘ ਆਖਦਾ ਭੁਖੜ ਆਏ ਵੇ,
ਬੰਨਾਂ ਥੋੜਾ ਪਿੰਡ ਜਿਥੇ ਜੰਮੇ ਜਾਏ ਵੇ।
ਦੋਹਰਾ—ਬਾਂਹਾਂ ਤਾਹਾਂ ਚਾੜ੍ਹ ਕੇ, ਲਏ ਗਲਾਮੇ ਖੋਲ੍ਹ।

ਫੇਰ ਖਾ ਲਿਓ ਮੁਰਖੋ, ਸੁਣੋ ਕੂੰਜ ਦੇ ਬੋਲ।
ਕਬਿਤ—ਬੰਨਾਂ ਸੀਸ ਦੇ ਮੈਂ ਵਾਲ ਸਾਫਾ ਸੋਹੇ ਜਿਨ੍ਹਾਂ ਨਾਲ
ਓਦੂੰ ਹੇਠਾਂ ਬੰਨਾਂ ਗਾਲ ਵਿਚ ਪਾਏ ਤਗੇ ਵੇ।
ਸੋਲੀਆਂ ਪਜੰਗ, ਨੈਣ ਮਾਰਦੇ ਹੈਂ ਡੰਗ
ਨੱਕ ਬੰਨ੍ਹਦਿਆਂ ਨਸੰਗ ਤਲਵਾਰਾਂ ਵਾਂਗੂ ਲਗੇ ਵੇ।
ਬੰਨਾਂ ਜਾਨੀਆਂ ਦੇ ਬੁੱਲ੍ਹ ਮੁਖੋਂ ਕਿਰਦੇ ਹੈਂ ਫੁਲ
ਤਾਂ ਵੀ ਨਹੀਂ ਸਾਡੇ ਤੁਲ ਅਸੀਂ ਕਈ ਮਰਦ ਠੱਗੇ ਵੇ।
ਬੰਨਾਂ ਜਾਨੀਆਂ ਦੇ ਪੈਰ ਹਥ ਬੰਨ ਦੇਮਾਂ ਠੈਹਰ
ਔਰ ਚੰਦ ਸਿੰਘ ਸ਼ੈਰ ਜੋੜ ਗਿਆ ਸਮੇਧੀ ਜੱਗੇ ਵੇ।
ਜਾਨੀਆਂ ਦਾ ਬਾਲਾ ਬੰਨਾਂ ਕੰਢਲੇ ਤੇ ਮਾਲਾ ਬੰਨਾਂ
ਤੁੰਗਲ ਤਲਾਲਾ ਅਤੇ ਬੰਨ ਦੇਮਾਂ ਜੋੜੀਆਂ।
ਜੰਨ ਦੇ ਤਵੀਤ ਬੰਨਾਂ ਛਾਪਲਾ ਪਰੀਤ ਬੰਨਾਂ
ਨੱਤੀਆਂ ਦਾ ਗੀਤ ਬੰਨਾਂ ਕੰਨਾਂ 'ਚ ਘਸੋੜੀਆਂ।
ਜੁਗਨੀ ਜ਼ੰਜੀਰੀ ਬੰਨਾਂ ਜਾਨੀਆਂ ਦੀ ਸੀਰੀ ਬੰਨਾਂ
ਰਥ ਤੇ ਗਡੀਰੀ ਬੰਨਾਂ ਬੰਨਾਂ ਘੋੜੇ ਘੋੜੀਆਂ।
ਜਾਨੀਆਂ ਦੇ ਬੋਤੇ ਬੰਨਾਂ ਗੱਡਾ ਬੈਲ ਖੋਤੇ ਬੰਨਾਂ
ਚੰਦ ਸਿੰਘਾ ਜਨੇਤੇ ਬੰਨਾਂ ਬੈਠੇ ਵਾਂਗ ਕੋੜ੍ਹੀਆਂ। *(ਜੰਵ ਚੰਦ ਸਿੰਘ ਮਰਾੜ)*

ਜੰਵਾਂ ਲਿਖਣ ਵਾਲੇ

1. **ਦੂਲੋ ਕ੍ਰਿਸ਼ਨ ਵਿਵਾਹ :** ਇਹ ਕਵੀ ਭਾਗੀ ਦੀ ਰਚਨਾ ਹੈ ਜੋ ਕਿ 1574 ਈ: ਵਿਚ ਅਕਬਰ ਦੇ ਜ਼ਮਾਨੇ ਲਿਖੀ ਗਈ। ਇਸ ਵਿਚ 'ਕ੍ਰਿਸ਼ਨ ਰੁਕਮਣੀ ਵਿਆਹ' ਦਾ ਵਰਣਨ ਹੈ ਤੇ ਜੰਞ ਦੀ ਸੱਜਧੱਜ ਬਿਆਨ ਕਰਦਿਆਂ ਕਵੀ ਨੇ ਬਿਰਛਾਂ ਬੂਟਿਆਂ, ਪੰਛੀਆਂ, ਘੋੜਿਆਂ ਦੀਆਂ ਕਿਸਮਾਂ ਤੇ ਵਾਜਿਆਂ ਗਾਜਿਆਂ ਦਾ ਵੇਰਵਾ ਖ਼ੂਬ ਦਿੱਤਾ ਹੈ। ਜਿਥੇ ਭਗਤਾਂ ਦੀ ਸੂਚੀ ਦਿੱਤੀ ਹੈ ਕਿ ਇਸ ਬਰਾਤ ਵਿਚ ਭਗਤਾਂ ਨੇ ਕੀ ਕੀ ਹਿੱਸਾ ਪਾਇਆ, ਉਥੇ ਸੂਰਦਾਸ (1483-1563 ਈ:) ਦਾ ਚਰਚਾ ਕਰਦਿਆਂ ਲਿਖਿਆ ਹੈ :

ਨਾਰਦ ਭਗਤ ਬੀਨ ਵਜਾਏ। ਸੂਰਦਾਸ ਜੀ ਬਲਿ ਬਲਿ ਜਾਏ।

ਚੂੰਕਿ ਇਹ ਰਚਨਾ ਸੂਰਦਾਸ ਦੇ ਦੇਹਾਂਤ ਤੋਂ 10-11 ਸਾਲ ਬਾਅਦ ਲਿਖੀ ਗਈ ਸੀ, ਇਸ ਕਰਕੇ ਇਹ ਸੰਕੇਤ ਠੀਕ ਹੀ ਹੈ, ਵਿਵਾਹ 'ਤੇ ਖ਼ਾਸ ਕਰਕੇ ਜੰਞ ਦਾ ਵਰਣਨ ਕਰਨ ਵਾਲੀ ਅਜਿਹੀ ਕੋਈ ਹੋਰ ਪੁਰਾਤਨ ਪੰਜਾਬੀ ਰਚਨਾ ਨਹੀਂ ਮਿਲਦੀ। ਇਸ ਵਿਚ ਕਈ ਉਨ੍ਹਾਂ ਗੱਲਾਂ ਦਾ ਜ਼ਿਕਰ ਹੈ, ਜੋ ਜੰਵਾਂ ਦੀ ਚੜ੍ਹਤਲ ਸਮੇਂ ਆਮ ਦੇਖਣ ਵਿਚ ਆਉਂਦੀਆਂ ਤੇ ਜੇਵਕਾਰ ਕਵੀਆਂ ਨੇ ਉਨ੍ਹਾਂ ਦਾ ਵਰਣਨ ਕੀਤਾ ਹੈ। 'ਸਿਠਣੀ' ਤੇ 'ਛੰਦ' ਸੁਣਾਉਣ ਦਾ ਵੀ ਸੰਕੇਤ ਹੈ।

ਇਸ ਦਾ ਉਤਾਰਾ ਸਿੱਖ ਰੈਂਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੇ ਖਰੜਾ ਨੰ: 1596 ਤੋਂ ਲਿਆ ਗਿਆ ਹੈ।

2. **ਜੰਦ ਭਾਈ ਦਇਆਲ ਸਿੰਘ** : ਇਹ ਅਠਾਰ੍ਹਵੀਂ ਸਦੀ ਦੇ ਕਵੀ ਹਨ ਜਿਨ੍ਹਾਂ ਸੀਹਰਫ਼ੀਆਂ, ਬਾਰਾਂਮਾਹ ਤੇ ਫਤਹਿਨਾਮਾ ਨਾਮੀ ਬੀਰ-ਕਾਵਿ ਦੀ ਰਚਨਾ ਕੀਤੀ। ਇਹ ਭੰਗੀ ਸਰਦਾਰਾਂ ਸ: ਗੁੱਜਰ ਸਿੰਘ ਤੇ ਸ: ਸਾਹਿਬ ਸਿੰਘ ਭੰਗੀ ਦਾ ਨਿਕਟਵਰਤੀ ਸੀ। *ਫਤਹਿਨਾਮਾ* (ਸਿੰਘਾਂ ਦੀ ਵਾਰ) ਦਾ ਰਚਨਾ-ਕਾਲ 1797 ਈ: ਸਾਨੂੰ ਪਤਾ ਹੈ, ਇਹ ਅਸਾਂ *ਪੰਜਾਬੀ ਵਾਰਾਂ* ਵਿਚ ਤੇ ਬਾਰਾਂਮਾਹ *ਪੰਜਾਬੀ ਬਾਰਾਂਮਾਹੇ* ਵਿਚ ਛਾਪਿਆ ਹੋਇਆ ਹੈ। ਭਾਈ ਦਇਆਲ ਸਿੰਘ ਨੇ 'ਜੰਦ' ਵੀ ਵਧੀਆ ਲਿਖੀ ਹੈ, ਦੋਹਰੇ ਚੌਪਈ ਤੋਂ ਬਿਨਾਂ ਪਉੜੀ ਦਾ ਇਕ ਬਲਵਾਨ ਰੂਪ ਸੋਹਣਾ ਵਰਤਿਆ ਹੈ। 'ਜੰਦ' ਛੁਡਾਉਣ ਵਿਚ ਵੀ ਗੁਰੂ ਦੀ ਕ੍ਰਿਪਾ ਵਰਤੀ ਦੱਸੀ ਹੈ:

ਤੇਰੀਆਂ ਬੰਨ੍ਹਾਂ ਸੱਠ ਸਹੇਲੀਆਂ, ਬੰਨਾਂ ਕੁਆਰੀ ਕੰਜ
ਸਦਕਾ ਤਾਂ ਨਾਨਕਸ਼ਾਹ ਦਾ, ਛੁੱਟੀ ਸਾਡੀ ਜੰਦ।੨੨।

ਇਸ ਦਾ ਉਤਾਰਾ ਅਸਾਂ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ ਦੇ 800 ਨੰ: ਖਰੜੇ ਤੋਂ ਲਿਆ ਹੈ, ਜੋ 1839 ਈ: ਵਿਚ ਤੁਲਸਾ ਸਿੰਘ ਲਿਖਾਰੀ ਨੇ ਨਕਲ ਕੀਤਾ ਸੀ।

3. **ਜੰਦ ਗੁਰਬਖ਼ਸ਼ ਸਿੰਘ** : ਗੁਰਬਖ਼ਸ਼ ਸਿੰਘ ਦੇ ਸਮੇਂ ਤੇ ਜੀਵਨ ਤੋਂ ਅਸੀਂ ਜਾਣੂ ਨਹੀਂ। ਇਸ ਜੰਦ ਦਾ ਪਾਠ ਮਹਿੰਦਰਾ ਕਾਲਜ ਲਾਇਬ੍ਰੇਰੀ ਵਿਚ ਪਏ ਖਰੜਾ ਨੰ: 11492 ਵਿਚ ਮੌਜੂਦ ਹੈ ਤੇ ਕਿਸੇ ਸਮੇਂ ਇਹ ਗੁਰਮੁਖੀ ਤੇ ਨਾਗਰੀ ਵਿਚ ਛਪਿਆ ਵੀ ਸੀ।

4. **ਜੰਦ ਸੋਭਾ ਮੱਲ ਘਾਸੀ** : ਇਹ ਵਿਅੰਗਮਈ ਜੰਦ ਆਪਣੀ ਕਿਸਮ ਦੀ ਨਿਵੇਕਲੀ ਹੈ, ਜਿਸ ਵਿਚ ਜਾਂਞੀਆਂ ਨਾਲ ਕੁਪੱਤ ਹੁੰਦੀ ਦੱਸੀ ਗਈ ਹੈ। ਘਟਨਾ ਦੀ ਥਾਂ ਗੁਜਰਾਤ ਹੈ, ਹੋ ਸਕਦਾ ਹੈ ਸੋਭਾ ਮੱਲ ਘਾਸੀ ਗੁਜਰਾਤ ਦਾ ਹੀ ਹੋਵੇ। ਇਹ 1886 ਈ: ਵਿਚ ਮਤਬਾ ਵਜ਼ੀਰ ਪੰਜਾਬ ਸ੍ਰੀ ਅੰਮ੍ਰਿਤਸਰ ਦੇ ਪੱਥਰ ਛਾਪੇ ਵਿਚ ਛਪੀ ਸੀ।

5. **ਜੰਦ ਜੀਵਾ ਸਿੰਘ** : ਜੀਵਾ ਸਿੰਘ ਨਾਂ ਦੇ ਦੋ ਕਵੀਸ਼ਰ ਹੋਏ ਤੇ ਦੋਵੇਂ ਜ਼ਿਲ੍ਹਾ ਲੁਧਿਆਣਾ ਦੇ ਸਨ। ਇਕ ਪਿੰਡ ਰੱਤੋਵਾਲ ਦਾ ਜੱਟ ਫ਼ੌਜੀ ਸੀ, ਜਿਸ ਨੇ 1889 ਵਿਚ 'ਮਿਰਜ਼ਾ ਸਾਹਿਬਾ' ਲਿਖਿਆ। ਦੂਜਾ ਜੀਵਾ ਸਿੰਘ ਪਿੰਡ ਖਟੜਿਆਂ ਦਾ ਥਾਨੇਸਰ ਗੋਤ ਦਾ ਲੁਹਾਰ ਸੀ, ਜਿਸ ਦੀ 'ਸੋਹਣੀ' ਤੇ 'ਕਿੱਸਾ ਸੱਮੀ ਢੋਲ' ਮਸ਼ਹੂਰ ਹੈ। 'ਸੋਹਣੀ' 1897 ਈ: ਵਿਚ ਨਿਰੰਕਾਰੀ ਪ੍ਰੈੱਸ, ਲੁਧਿਆਣੇ ਪੱਥਰ ਛਾਪੇ ਵਿਚ ਇਸ ਦੇ ਸ਼ਾਗਿਰਦ ਭਾਈ ਸਮੁੰਦ ਸਿੰਘ ਦੇ ਜਤਨ ਨਾਲ ਛਪੀ ਸੀ। 'ਜੰਦ' ਇਸ ਨੇ 1866 ਈ: ਵਿਚ ਰਚੀ ਜੋ ਕਾਫ਼ੀ ਚੱਲਦੀ ਰਹੀ ਹੈ।

6. **ਜੰਦ ਭਗਵਾਨ ਸਿੰਘ** : ਭਗਵਾਨ ਸਿੰਘ (1855-1 ਦਸੰਬਰ 1902 ਈ:) ਖੱਤਰੀ ਬੰਸ ਵਿੱਚੋਂ ਭਾਈ ਰੱਤੇ ਦਾ ਪੁੱਤਰ, ਨਗਰ ਫੂਲ ਮਰਾਝ ਜ਼ਿਲ੍ਹਾ ਬਠਿੰਡਾ ਦਾ ਪ੍ਰਸਿੱਧ ਕਵੀਸ਼ਰ ਸੀ, ਜਿਸ ਨੇ ਹੀਰ, ਸੋਹਣੀ, ਮਿਰਜ਼ਾ ਸਾਹਿਬਾਂ ਤੋਂ ਇਲਾਵਾ

'ਜੀਉਣਾ ਮੌੜ' ਵੀ ਲਿਖਿਆ। 'ਹੀਰ' ਵਾਂਗ ਇਸ ਦੀ ਜੰਦ ਕਾਫ਼ੀ ਪੜ੍ਹੀ ਸੁਣੀ ਜਾਂਦੀ ਰਹੀ ਹੈ ਜੋ ਕਿ ਸ਼ਾਇਦ 1891 ਈ: ਵਿਚ ਛਪੀ ਸੀ।

7. **ਪੱਤਲ ਨਰੈਣ ਸਿੰਘ** : ਨਰੈਣ ਸਿੰਘ ਨਾਂ ਦੇ ਦੋ ਕਿੱਸਾਕਾਰ ਹੋਏ ਹਨ, ਇਕ ਤਾਜਪੁਰ ਦਾ ਦਰਜ਼ੀ, ਦੂਜਾ ਸ਼ਹਿਣੇ ਦਾ ਸੁਨਿਆਰ। ਇਹ ਜੰਦ ਲਿਖਣ ਵਾਲਾ ਪਿੰਡ, ਸ਼ਹਿਣੇ, ਜ਼ਿਲ੍ਹਾ ਲੁਧਿਆਣਾ ਦਾ ਸੀ। ਇਸ ਦੀ ਪੱਤਲ ਨਿਰੰਕਾਰੀ ਪ੍ਰੈੱਸ, ਲੁਧਿਆਣਾ ਵਿਚ (1881) ਇਲਾਹੀ ਬਖ਼ਸ਼, ਤਾਜਰ ਕੁਤਬ, ਰਾਇਕੋਟ ਵਾਲੇ ਨੇ ਛਪਵਾਈ ਸੀ। ਇਸ ਕਵੀ ਨੇ 'ਬਖੇੜਾ ਦੇਵਰ ਭਾਬੀ' ਵੀ ਲਿਖਿਆ ਹੈ, ਜੋ ਅਸਾਂ *ਪੰਜਾਬੀ ਝਗੜੇ* ਵਿਚ ਛਾਪਿਆ ਹੈ। ਤੀਜਾ ਨਰੈਣ ਸਿੰਘ ਗ੍ਰੀਬਵਾਲ ਜ਼ਿਲ੍ਹਾ ਜੇਹਲਮ ਦਾ ਵੀ ਸੀ।

8. **ਪੱਤਲ ਹਜ਼ੂਰਾ ਸਿੰਘ** : ਇਹ ਪਿੰਡ ਬੁਟਾਰੀ, ਜ਼ਿਲ੍ਹਾ ਲੁਧਿਆਣਾ ਦਾ ਵਸਨੀਕ ਵਿਦਵਾਨ ਕਵੀ ਸੀ, ਜਿਸ ਨੇ 1881 ਈ: ਵਿਚ 'ਪੱਤਲ' ਲਿਖੀ ਸੀ। ਇਸ ਨੇ ਬਾਰ੍ਹਾਂ ਛੰਦਾਂ ਦੀ 'ਦੋਹੀ' ਵੀ ਲਿਖੀ ਹੈ।

9. **ਪੱਤਲ ਪੰਡਤ ਚੰਦੂ ਲਾਲ** : ਇਹ ਮਲੇਰਕੋਟਲੇ ਦਾ, ਕੌਸ਼ਲ ਗੋਤ ਦਾ ਬ੍ਰਾਹਮਣ ਸੀ, ਜਿਸ ਨੇ 1881 ਈ: ਵਿਚ ਪੱਤਲ 'ਤੇ ਬਾਰਾਂਮਾਹ ਲਿਖਿਆ। ਇਹ ਵੀ ਨਿਰੰਕਾਰੀ ਪ੍ਰੈੱਸ, ਲੁਧਿਆਣਾ ਦੀ ਪ੍ਰਕਾਸ਼ਨ ਹੈ।

10. **ਜੰਦ ਨੱਥਾ ਸਿੰਘ** : ਨੱਥਾ ਸਿੰਘ ਇਕ ਤੋਂ ਵੱਧ ਹੋਏ ਹਨ। ਇਕ ਪਿੰਡ ਚੀਮਾ, ਜ਼ਿਲ੍ਹਾ ਲੁਧਿਆਣਾ ਦਾ ਸੀ ਜਿਸ 'ਜੀਉਣਾ ਮੌੜ' ਲਿਖਿਆ, ਦੂਜਾ ਨਰੜੂ, ਜ਼ਿਲ੍ਹਾ ਪਟਿਆਲਾ ਦਾ ਸੀ, ਜਿਸ ਨੇ 'ਬੋਲੀਆਂ ਜੀਉਣਾ ਮੌੜ' ਤੇ 'ਕਿੱਸਾ ਸੁਰਾ ਨਿਖੇਧੀ' (1914 ਈ:) ਰਚਿਆ। ਜੰਦ ਲਿਖਣ ਵਾਲਾ ਇਹੋ ਸੀ, ਜੋ ਜਾਤੀ ਦਾ ਤਰਖਾਣ ਸੀ ਤੇ ਕੰਮ-ਕਾਰ ਲਈ ਲਾਹੌਰ ਚਲਿਆ ਗਿਆ ਸੀ। ਲਾਹੌਰ ਹੀ ਜੰਦ ਲਿਖੀ, ਇਹ 1897 ਈ: ਦੀ ਛਾਪ ਹੈ। ਇਸ ਸੱਸੀ ਵੀ ਲਿਖੀ ਹੈ।

11. **ਜੰਦ ਵਿਸਾਖਾ ਸਿੰਘ** : ਇਸ ਬਾਰੇ ਅਸੀਂ ਕੁਝ ਨਹੀਂ ਜਾਣਦੇ। ਜੰਦ ਨਾਲ ਇਸ ਕਵੀਸ਼ਰ ਨੇ 'ਥਾਲੀ' ਤੇ 'ਛੰਦ' ਵੀ ਲਿਖੇ ਹਨ।

12. **ਜੰਦ ਗੁਰਦਿੱਤ ਸਿੰਘ** : ਗੁਰਦਿੱਤ ਸਿੰਘ ਵੀ ਇਕ ਤੋਂ ਵੱਧ ਹੋਏ ਹਨ। ਇਕ ਮਨੌਲੀ ਦਾ ਸੀ, ਜਿਸ 'ਜੈਮਲ ਫੱਤਾ' ਲਿਖਿਆ। ਦੂਜਾ ਪਿੰਡ ਖੱਟਰਾਂ, ਤਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਦਾ ਪ੍ਰਸਿੱਧ ਕਿੱਸਾਕਾਰ ਸੀ, ਜਿਸ ਨੇ ਦਰਜਨ ਤੋਂ ਉਤੇ ਕਿੱਸੇ ਲਿਖੇ ਤੇ 'ਪੰਜਾਬੀ ਪਿੰਗਲ ਪ੍ਰਭਾਕਰ' ਰਚਿਆ। ਇਹ ਰਹਿਤੀਏ ਸਿੰਘਾਂ ਵਿੱਚੋਂ ਸੀ। ਕੁਝ ਅਰਸਾ ਇਹ ਅੰਮ੍ਰਿਤਸਰ ਰਿਹਾ ਤੇ ਫਿਰ ਲੁਧਿਆਣਾ ਵਿਖੇ ਪੁਸਤਕਾਂ ਦੀ ਦੁਕਾਨ ਕਰਦਾ ਰਿਹਾ। 1897 ਈ: ਵਿਚ ਇਸ ਦੋ ਜੰਦਾਂ ਰਚੀਆਂ—'ਸੁੰਦਰ ਜੰਦ' ਤੇ 'ਜੰਦ ਦਾ ਝਾਕਾ'। 'ਸੁੰਦਰ ਜੰਦ' ਕਬਿੱਤਾਂ ਵਿਚ ਹੈ ਤੇ ਦੂਜੀ ਕੋਰੜਿਆਂ ਵਿਚ। ਅਸਾਂ ਵੰਨਗੀ ਵਜੋਂ ਪਹਿਲੀ ਹੀ ਦਿੱਤੀ ਹੈ।

13. **ਜੰਦ ਮਾਨ ਸਿੰਘ** : ਇਸ ਦਾ ਪਿੰਡ ਕਾਨ੍ਹ ਸਿੰਘ ਵਾਲਾ, ਜ਼ਿਲ੍ਹਾ ਫ਼ਿਰੋਜ਼ਪੁਰ, ਗੋਤ ਸੀ ਸਿੱਧੂ। ਇਸ ਨੇ 1898 ਈ: ਵਿਚ 'ਜੰਦ' ਲਿਖੀ, ਇਸ ਦੀ ਇਕ ਰਚਨਾ 'ਬੋਧਕ ਪਿੰਗਲ' ਹੈ।

14. **ਜੰਞ ਸ਼ਿਵ ਜੀ** : ਇਸ ਦਾ ਕਰਤਾ ਜਵਾਹਰ ਸਿੰਘ ਤਰਖਾਣ ਜਾਤੀ ਵਿੱਚੋਂ ਸੀ ਤੇ ਅੰਮ੍ਰਿਤਸਰ 'ਚ ਬਾਬਾ ਅਟੱਲ ਲਾਗੇ ਰਹਿੰਦਾ ਸੀ। ਮੇਰਾ ਅਨੁਮਾਨ ਹੈ, ਸ਼ਾਇਦ ਇਹ ਅਠਾਰ੍ਹਵੀਂ ਸਦੀ ਦੇ ਅੰਤ ਦਾ ਕਵੀ ਹੋਵੇ, ਜਿਸ ਨੇ 1797 ਈ: 'ਵਾਰ ਰਾਮ ਕੀ' ਲਿਖੀ ਜੋ ਅਸਾਂ ਪਹਿਲੀ ਵਾਰ *ਪੰਜਾਬੀ ਦੁਨੀਆਂ* ਵਿਚ ਪ੍ਰਕਾਸ਼ਿਤ ਕੀਤੀ ਸੀ। ਜਾਂ ਫਿਰ ਇਹ ਕੋਈ ਹੋਰ ਉੱਨ੍ਹੀਵੀਂ ਸਦੀ ਦਾ ਕਵੀ ਹੈ।

15. **ਵਿਵਾਹ ਸ਼ਿਵਜੀ** : ਇਹ ਸ਼ਿਵਾਂ ਦੇ ਅਨੋਖੇ ਵਿਆਹ ਦਾ ਹਾਲ ਉੱਨ੍ਹੀਵੀਂ ਸਦੀ ਵਿਚ ਨਾਗਰ ਰਾਮ, ਫਗਵਾੜੇ ਵਾਲੇ ਨੇ ਲਿਖਿਆ ਹੈ।

16. **ਜੰਞ ਦੌਲਤ ਰਾਮ** : ਇਹ ਭੈਣੀ ਬੜਿੰਗਾ, ਜ਼ਿਲ੍ਹਾ ਲੁਧਿਆਣਾ ਦਾ ਵਾਸੀ ਸੀ, ਜਿਸ ਬਿਸ਼ਨ ਦਾਸ ਤੋਂ ਵਿਦਿਆ ਪਾਈ। ਰਾਮ ਗੜ੍ਹ ਵਾਲਾ ਦੌਲਤਰਾਮ ਹੋਰ ਹੋਇਆ ਹੈ।

17. **ਜੰਞ ਸੁੰਦਰ ਸਿੰਘ** : ਇਹ ਪਿੰਡ ਖੋਖਰ, ਜ਼ਿਲ੍ਹਾ ਬਠਿੰਡਾ ਦਾ ਵਸਨੀਕ ਧਿਮਾਣ ਗੋਤ ਦਾ ਮਿਸਤਰੀ ਸਿੰਘ ਜੀ। ਇਸ ਨੇ ਜੰਞ 80 ਛੰਦਾਂ ਵਿਚ ਲਿਖੀ ਹੈ ਤੇ ਢੁਕਾ ਤੋਂ ਲੈ ਕੇ ਜੰਞ ਦੀ ਹਰ ਰਸਮ ਰੀਤਿ ਦਾ ਵਿਸਤਾਰ ਦੱਸਿਆ ਹੈ। ਇਹ 1907 ਵਿਚ ਅਰੋੜਬੰਸ ਪ੍ਰੈੱਸ, ਲਾਹੌਰ ਨੇ ਛਾਪੀ ਸੀ।

18. **ਪੱਤਲ ਮਾਘੀ ਸਿੰਘ** : ਇਹ ਭਾਈਕੇ ਚੱਕ, ਥਾਣਾ ਬਾਲਿਆਂ ਵਾਲੀ, ਜ਼ਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਗਿੱਲ ਗੋਤ ਦਾ ਜੱਟ ਸੀ। ਜਨਮ 1884 ਈ: ਤੇ ਜੰਞ ਇਸ ਨੇ 1912 ਈ: ਵਿਚ ਛਾਪੀ ਜੋ ਮਾਲਵੇ ਵਿਚ ਬਹੁਤ ਪ੍ਰਸਿੱਧ ਰਹੀ ਹੈ। ਇਸ ਦੇ ਹੋਰ ਕਿੱਸੇ ਤੇ ਸ਼ਾਗਿਰਦ ਕਾਫ਼ੀ ਗਿਣਤੀ ਵਿਚ ਮਿਲਦੇ ਹਨ।

19. **ਜੰਞ ਪਾਲਾ ਸਿੰਘ** : ਇਹ ਖੋਖਰ ਕਲਾਂ, ਜ਼ਿਲ੍ਹਾ ਬਠਿੰਡਾ ਦਾ ਵਸਨੀਕ ਸਿੱਧੂ ਜ਼ਿਮੀਂਦਾਰ ਸੀ। ਜੰਞ ਦਾ ਪ੍ਰਕਾਸ਼ਨ ਸਾਲ 1918 ਈ: ਹੈ।

20. **ਜੰਞ ਮਾਘ ਸਿੰਘ** : ਇਹ ਪਿੰਡ ਜੋਗੇਵਾਲਾ, ਡਾਕ ਘਰ ਭਾਈ ਕੀ ਡਰੋਲੀ ਤਸੀਲ ਮੋਗਾ, ਜ਼ਿਲ੍ਹਾ ਫ਼ਿਰੋਜ਼ਪੁਰ ਦਾ ਸੀ। ਜੰਞ 1924 ਦੀ ਛਾਪ ਹੈ।

21. **ਜੰਞ ਦੁੱਪੜ** : ਇਸ ਦਾ ਕਰਤਾ ਭਗਤ ਕ੍ਰਿਪਾ ਰਾਮ ਪਿੰਡ ਮਹਿੰਦੀਪੁਰ, ਜ਼ਿਲ੍ਹਾ ਜਲੰਧਰ ਦਾ ਸੀ। ਇਸ ਨੇ 'ਝਗੜਾ ਤੀਲੀ ਲੌਂਗ ਦਾ' ਵੀ ਲਿਖਿਆ ਹੈ। 'ਜੰਞ' 1908 ਦੀ ਛਪੀ ਹੋਈ ਹੈ।

22. **ਪੱਤਲ ਭਾਈ ਮਿਤ ਸਿੰਘ** : ਇਹ ਪਿੰਡ ਮੌੜ, ਜ਼ਿਲ੍ਹਾ ਬਠਿੰਡਾ ਦਾ ਵਸਨੀਕ ਗਿਆਨੀ ਪੁਰਸ਼ ਸੀ, ਜਿਸ ਨੇ ਸੰਤ ਮਾਨ ਸਿੰਘ ਮਾਨਸਾ ਵਾਲਿਆਂ ਤੋਂ ਸਿੱਖਿਆ ਦੀਖਿਆ ਪਾਈ। ਰਾਮ ਸਿੰਘ ਕਵੀਸ਼ਰ ਪਿੰਡ ਕੈਲੇ ਬਾਂਦਰ ਵਾਲਾ ਇਸ ਦਾ ਸਾਥੀ ਸ਼ਿਸ਼ ਸੀ। ਇਸ ਨੇ ਵੀ ਜੰਞ ਲਿਖੀ ਹੈ। ਮਿਤ ਸਿੰਘ ਨੇ 'ਕਿੱਸਾ ਸ਼ਾਮ ਕੌਰ' ਵੀ ਲਿਖਿਆ ਹੈ।

23. **ਜੰਞ ਪੰਡਤ ਕਿਸ਼ੋਰ ਚੰਦ** : ਇਹ ਨਗਰ ਬੱਦੋਵਾਲ, ਜ਼ਿਲ੍ਹਾ ਲੁਧਿਆਣਾ ਦਾ ਵਸਨੀਕ ਬ੍ਰਾਹਮਣ ਇਕ ਪ੍ਰਸਿੱਧ ਕਿੱਸਾਕਾਰ ਸੀ, ਜਿਸ ਨੇ ਚਾਰ ਦਰਜਨ ਕਿੱਸੇ ਲਿਖੇ। 'ਜਾਨੀ ਚੋਰ' ਇਸ ਦੀ ਵਿਸ਼ੇਸ਼ ਤੇ ਪ੍ਰਸਿੱਧ ਰਚਨਾ ਹੈ। ਇਸ ਦੇ ਸ਼ਾਗਿਰਦ ਵੀ ਕਾਫ਼ੀ ਹਨ। ਜੰਞਾਂ ਇਸ ਨੇ ਤਿੰਨ ਚਾਰ ਲਿਖੀਆਂ ਹਨ।

24. **ਜੰਞ ਚੰਦ ਸਿੰਘ** : ਇਹ ਮਰਾੜ ਦਾ ਵਸਨੀਕ ਭਗਵਾਨ ਸਿੰਘ ਕਵੀਸ਼ਰ ਦਾ ਗਰਾਈਂ ਸੀ। ਭਗਵਾਨ ਸਿੰਘ ਦਾ ਘਰ ਸਾਉਲ ਪੱਤੀ ਵਿਚ ਤੇ ਚੰਦ ਸਿੰਘ ਦਾ ਘਰ ਕਰਮ ਚੰਦ ਪੱਤੀ ਵਿਚ ਹੈ। ਛੰਦਾਂ ਦੀ ਤੇ ਬਿਆਨ ਦੀ ਮੌਲਿਕਤਾ ਕਾਰਨ ਇਸ ਦੀ ਜੰਞ ਕਾਫ਼ੀ ਮਨੋਰੰਜਕ ਹੈ ਜੋ ਗੁਰਦਿਆਲ ਸਿੰਘ ਐਂਡ ਸੰਨਜ਼ ਪੁਸਤਕਾਂ ਵਾਲੇ ਅੰਬਾਲਾ ਨੇ ਛਾਪੀ ਹੈ।

25. **ਜੰਞ ਕਰਨੈਲ ਸਿੰਘ** : ਇਹ ਪਿੰਡ ਲੰਗ, ਜ਼ਿਲ੍ਹਾ ਪਟਿਆਲਾ ਦਾ ਵਾਸੀ, ਖਰੌਂਢ ਗੋਤ ਦਾ ਕਵੀਸ਼ਰ ਹੈ, ਜਿਸ ਪੰਡਤ ਪੂਰਨ ਚੰਦ, ਕਿਸ਼ਨ ਗੜ੍ਹ ਵਾਲੇ ਤੋਂ ਸਿੱਖਿਆ ਪਾਈ। ਇਸ ਦੀ ਜੰਞ ਭਾਈ ਜੋਧ ਸਿੰਘ ਕਰਮਜੀਤ ਸਿੰਘ ਪੁਸਤਕਾਂ ਵਾਲੇ, ਅਦਾਲਤ ਬਜ਼ਾਰ, ਪਟਿਆਲਾ ਨੇ ਛਾਪੀ ਹੈ।

ਇਹ ਤੁਸਾਂ ਦੇਖਿਆ ਹੈ ਕਿ ਕਿਸੇ ਕਿਸੇ ਕਵੀ ਨੇ ਜੰਞ ਨੂੰ 'ਪੱਤਲ' ਵੀ ਕਿਹਾ ਹੈ, ਇਹ ਦੋਵੇਂ ਨਾਂ ਇੱਕੋ ਅਰਥ ਵਿਚ ਚੱਲਦੇ ਹਨ। ਜੰਞ ਜਾਂ ਜੰਨ, ਸੰਸਕ੍ਰਿਤ ਜਨਜ ਦਾ ਇਕ ਰੂਪ ਹੈ, ਜਿਸ ਦਾ ਅਰਥ ਹੈ ਲਾੜਾ ਜਾਂ ਲਾੜੇ ਦੇ ਸਾਥੀ। ਇਸ ਬਾਰੇ ਲਿਖੀ ਰਚਨਾ 'ਜੰਞ' ਹੈ। ਇਸੇ ਤਰ੍ਹਾਂ ਬਰਾਤ ਦੀ ਸੇਵਾ ਲਈ ਰੋਟੀ ਪਾਣੀ ਖਵਾਉਣ ਵਾਸਤੇ ਬਿਰਛਾਂ ਬੂਟਿਆਂ ਦੇ ਪੱਤਰਾਂ ਜਾਂ ਪੱਤਿਆਂ ਤੋਂ ਬਣੀਆਂ ਥਾਲਨੁਮਾ ਪੱਤਲਾਂ ਨੂੰ ਬਤੌਰ ਪਾਤਰ ਦੇ ਵਰਤਿਆ ਜਾਂਦਾ ਸੀ। ਇਸ ਕਰਕੇ ਪੱਤਲ ਖੋਲ੍ਹਣ-ਬੰਨ੍ਹਣ ਵਾਲੀ ਛੰਦ ਰਚਨਾ 'ਪੱਤਲ' ਕਹਿਲਾਈ। ਸੋ 'ਜੰਞ' ਤੇ 'ਪੱਤਲ' ਵਿਚ ਕੋਈ ਭੇਦ ਨਹੀਂ। ਸੁਮੱਚੇ ਤੌਰ 'ਤੇ ਸਾਰੀਆਂ ਜੰਞਾਂ, ਪੱਤਲਾਂ ਵਿਚ ਖਾਣ ਪੀਣ ਪਹਿਨਣ ਵਾਲੀਆਂ ਚੀਜ਼ਾਂ ਦੀ ਨਾਮਾਵਲੀ ਵੇਰਵੇ ਨਾਲ ਦਿੱਤੀ ਗਈ ਹੈ। ਫਿਰ ਹਰ ਕਵੀਸ਼ਰ ਨੇ ਮੁੱਢ ਵਿਚ ਮੰਗਲਾਚਰਣ ਦੇਵੀ ਦਾ ਹੀ ਕੀਤਾ ਹੈ; ਸਿਵਾਇ ਇਕ ਦੋ ਸਿੰਘ ਕਵੀਸ਼ਰਾਂ ਦੇ ਜਿਨ੍ਹਾਂ ਪਹਿਲੇ, ਗੁਰੂ ਨੂੰ ਧਿਆਇਆ ਹੈ। ਅਗੇ ਕਥਾ-ਵਿਸਤਾਰ ਕਰਦਿਆਂ ਹਾਸ-ਬਿਲਾਸ ਤੇ ਟਿੱਚਰ ਦਾ ਪ੍ਰਯੋਗ ਹੈ ਤੇ ਕਿਸੇ ਕਿਸੇ ਨੇ ਨਾਰੀ-ਨਿੰਦਾ ਤੇ ਅਸ਼ਲੀਲਤਾ ਵੀ ਲੈ ਆਂਦੀ ਹੈ, ਜਿਸ ਨੂੰ ਸਾਊ ਲੋਕ ਪ੍ਰਵਾਣ ਨਹੀਂ ਕਰਦੇ। ਰੂਪਕ ਪੱਖ ਤੋਂ ਇਹ ਗੱਲ ਵੀ ਦੇਖਣ ਵਾਲੀ ਹੈ ਕਿ ਬਹੁਤੇ ਮਲਵਈ ਕਵੀਸ਼ਰਾਂ, ਛੰਦ ਕਬਿੱਤ ਹੀ ਵਰਤਿਆ ਹੈ ਜੋ ਸ਼ਾਇਦ ਨਿਰਮਲੇ ਸਾਧੂਆਂ ਦੀ ਵਿਦਿਆ ਦਾ ਪ੍ਰਭਾਵ ਹੈ। ਹੋ ਸਕਦਾ ਹੈ ਕਿ ਉਨ੍ਹਾਂ ਕਬਿੱਤਬਾਜ਼ੀ ਦਾ ਛਿੱਟਾ ਦਿੱਤਾ ਹੋਵੇ ਤੇ ਮਲਵਈਆਂ ਵਾਂਗ ਲੰਮੀਆਂ ਉਲਾਂਘਾਂ ਭਰਨ ਵਾਲਾ ਇਹ ਛੰਦ ਕਵੀਸ਼ਰਾਂ ਨੂੰ ਜ਼ਿਆਦਾ ਭਾਅ ਗਿਆ ਹੋਵੇ। ਕਿਸੇ ਕਿਸੇ ਕਵੀ ਨੇ ਕੋਰੜਾ ਵੀ ਵਰਤਿਆ ਹੈ, ਪਰ ਜੰਞਾਂ ਦਾ ਪ੍ਰਧਾਨ ਛੰਦ ਕਬਿੱਤ ਹੀ ਹੈ, ਸ਼ਾਇਦ ਵਿਸਤਾਰ ਦੱਸਣ ਲਈ ਵੀ ਇਹ ਵਧੇਰੇ ਉਪਯੋਗੀ ਸੀ। ਇਹ ਵੀ ਗੱਲ ਧਿਆਨਯੋਗ ਹੈ ਕਿ ਇਹ ਜੰਞਾਂ ਜ਼ਿਆਦਾ ਸਿੱਖਾਂ ਨੇ ਹੀ ਲਿਖੀਆਂ ਹਨ, ਹਿੰਦੂ ਕਵੀਸ਼ਰ ਥੋੜ੍ਹੇ ਹੀ ਹਨ ਤੇ ਮੁਸਲਮਾਨ ਸ਼ਾਇਰ ਇੱਕੋ ਇਕ ਹਾਫ਼ਜ਼ ਯਾਰ ਮੁਹੰਮਦ (ਰਿਆਸਤ ਬਹਾਵਲਪੁਰ) ਹੋਇਆ ਹੈ, ਜਿਸ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਜੰਞ ਲਿਖੀ, ਜਾਂ ਫਿਰ ਸ਼ਰਫ਼ਦੀਨ। ਸ਼ਾਇਦ ਦੇਸ ਵੰਡ ਕਾਰਨ ਫ਼ਾਰਸੀ ਲਿਪੀ ਵਿਚ ਛਪੀਆਂ ਜੰਞਾਂ ਬਹੁਤੀਆਂ ਉਧਰ ਲਾਹੌਰ ਹੀ ਰਹਿ ਗਈਆਂ ਤੇ ਉਨ੍ਹਾਂ ਦੀ ਜਾਣਕਾਰੀ ਸਾਡੇ ਲਈ ਦੂਰ ਦੀ ਗੱਲ ਹੋ ਗਈ।

ਜਿਥੋਂ ਤਕ 'ਜੰਦ' ਦੀ ਬੋਲੀ ਦਾ ਸਬੰਧ ਹੈ, ਇਹ ਵਧੇਰੇ ਮਾਲਵੇ ਦੀ ਬੋਲੀ ਹੈ। ਮੈਂ ਇਸ ਦੀ ਇਸ ਲਈ ਸਲਾਹੁਤਾ ਨਹੀਂ ਕਰਦਾ ਕਿ ਇਹ ਮੇਰੇ ਬਜ਼ੁਰਗ ਵਡਾਰੂਆਂ ਜਾਂ ਇਲਾਕੇ ਦੀ ਬੋਲੀ ਹੈ। ਇਹ ਸਚਾਈ ਹੈ ਕਿ ਉਪਭਾਖਾ ਵਿਚ ਲੋਕ, ਦਿਲ ਦੀਆਂ ਗੱਲਾਂ ਸਹਿਜ ਸੁਭਾਅ ਨਿਝੱਕ ਹੋ ਕੇ ਕਰਦੇ ਹਨ ਤੇ ਉਨ੍ਹਾਂ ਦੇ ਕਥਨ ਵਿਚ ਸੰਜੀਦਗੀ ਤੇ ਸੁਆਦ ਹੁੰਦਾ ਹੈ, ਕੋਈ ਬਣਾਵਟ ਨਹੀਂ ਹੁੰਦੀ। ਇਹੋ ਹਾਲ ਪੋਠੋਹਾਰੀ ਤੇ ਮੁਲਤਾਨੀ ਦੀ ਵਡਿਆਈ ਦਾ ਹੈ, ਜਦੋਂ ਵੀ ਇਨ੍ਹਾਂ ਦਾ ਛਿੱਟਾ ਕਿਤੇ ਦਿੱਤਾ ਜਾਂਦਾ ਹੈ, ਭਾਸ਼ਾ ਚਮਕ ਉੱਠਦੀ ਹੈ। ਮਲਵਈ ਬੋਲੀ ਦੇ ਗੌਰਵ ਦਾ ਕਾਰਨ ਇਕ ਹੋਰ ਵੀ ਹੈ ਕਿ ਇਸ ਨੇ ਸਭ ਤੋਂ ਵੱਧ ਪੰਜਾਬੀ ਦਾ ਲੋਕ ਸਾਹਿੱਤ ਰਚਿਆ ਹੈ ਤੇ ਕਿੱਸਾਕਾਰੀ ਨੇ ਇਸ ਦੀ ਟਕਸਾਲੀ ਬਣਤਰ ਪੱਕੀ ਕੀਤੀ ਹੈ। ਇਸ ਕਰਕੇ ਇਸ ਵਿਚ ਲਿਖੀਆਂ ਚੀਜ਼ਾਂ ਹਰਮਨ ਪਿਆਰੀਆਂ ਹੋ ਗਈਆਂ। ਜੰਦਾਂ ਵੀ ਇਸੇ ਕਿੱਸਾਕਾਰੀ ਦਾ ਭਾਗ ਹਨ, ਜੋ ਨਿੱਕੀ ਮੁੰਦਰੀ ਵਾਂਗ ਹਰ ਕਿਸੇ ਆਪਣੇ ਹੱਥ ਸਜਾਈਆਂ। ਫਿਰ ਇਨ੍ਹਾਂ ਜੰਦਾਂ, ਪੱਤਲਾਂ ਦੇ ਵਿਸ਼ਾ-ਵਸਤੂ ਦਾ ਸਬੰਧਤ ਸਾਡੇ ਸਭਿਆਚਾਰਕ ਵਿਰਸੇ ਨਾਲ ਹੈ, ਜਿਸ ਨੂੰ ਅਸੀਂ ਛੇਤੀ ਛੇਤੀ ਛੱਡ ਨਹੀਂ ਸਕਦੇ। ਭਾਵੇਂ ਹੁਣ ਨਵੀਂ ਰੌਸ਼ਨੀ ਨੇ ਜੰਦਾਂ ਬੰਨ੍ਹਣ ਖੋਲ੍ਹਣ ਤੇ ਲਿਖਣ-ਗਾਉਣ ਦਾ ਰਿਵਾਜ ਮੱਠਾ ਪਾ ਦਿੱਤਾ ਹੈ, ਫਿਰ ਵੀ ਇਸ ਬੁਝਦੇ ਦੀਵੇ ਦੀ ਜੋਤ ਦੇਖਣ ਯੋਗ ਹੈ, ਕਿਉਂਕਿ ਇਸ ਨਾਲ ਸਾਡੀਆਂ ਸਮਾਜਕ ਤੰਦਾਂ ਤੇ ਸ਼ੁਗਲ ਮੇਲਿਆਂ ਦੀਆਂ ਯਾਦਾਂ ਸਬੰਧਤ ਹਨ।

ਮੈਨੂੰ ਆਸ ਹੈ ਕਿ ਇਨ੍ਹਾਂ ਜੰਦਾਂ ਵਿੱਚੋਂ ਸਾਨੂੰ ਆਪਣਾ ਭੋਲਾ ਭਾਲਾ, ਸਿੱਧਾ ਸਾਦਾ ਨਰੋਆ ਤੇ ਚਮਤਕਾਰੀ ਮਲਵਈ ਜੀਵਨ, ਕੁਝ ਨਾ ਕੁਝ ਝਲਕਾਰਾ ਦਿੰਦਾ ਰਹੇਗਾ ਤੇ ਲੋਕ-ਜੀਵਨ ਦੇ ਇਤਿਹਾਸਕਾਰ ਇਸ ਤੋਂ ਲਾਭ ਲੈ ਸਕਣਗੇ।

ਪੰਜਾਬੀ ਝਗੜੇ

ਪੰਜਾਬੀ ਸਾਹਿੱਤ ਦੀਆਂ ਦੋ ਪ੍ਰਮੁੱਖ ਧਾਰਾਵਾਂ ਹਨ—ਸਨਾਤਨ-ਸਾਹਿੱਤ ਤੇ ਲੋਕ-ਸਾਹਿੱਤ। ਕਲਾਸਕੀ ਜਾਂ ਸਨਾਤਨ-ਸਾਹਿੱਤ ਵਿਚ ਗੁਰੂ-ਕਾਵਿ, ਸੂਫ਼ੀ-ਕਾਵਿ, ਸੰਤ-ਕਾਵਿ ਤੋਂ ਇਲਾਵਾ ਉਚੇਰੀ ਪੱਧਰ ਦਾ ਕਿੱਸਾ-ਕਾਵਿ ਵੀ ਸ਼ਾਮਲ ਹੈ, ਜਿਸ ਦੀ ਵਸਤੂ ਤੇ ਸ਼ੈਲੀ ਪਰਿਪੱਕ ਭਾਂਤ ਦੀ ਤੇ ਜੀਵਨ ਦੇ ਸਦੀਵੀ ਪੱਖਾਂ ਨੂੰ ਛੂਹਦੀ ਹੈ। ਦੂਜੀ ਧਾਰਾ ਲੋਕ-ਸਾਹਿੱਤ ਦੀ ਹੈ, ਇਸ ਦੇ ਵੀ ਅੱਗੇ ਦੋ ਰੂਪ ਹਨ—ਕਲਾਸਕੀ ਸਾਹਿੱਤ ਤੇ ਰਮਤਾ ਲੋਕ-ਸਾਹਿੱਤ, ਜਿਵੇਂ ਪੱਕਾ ਰਾਗ ਤੇ ਕੱਚਾ ਰਾਗ। ਸਨਾਤਨ ਲੋਕ-ਸਾਹਿੱਤ ਦੀ ਪਰੰਪਰਾ ਨੇ ਸਾਡੇ ਸਨਾਤਨ-ਸਾਹਿੱਤ ਨੂੰ ਵੀ ਰੂਪ ਤੇ ਸ਼ੈਲੀ ਦੇ ਪੱਖ ਤੋਂ ਪ੍ਰਭਾਵਿਤ ਕੀਤਾ ਹੈ ਅਤੇ ਚੱਲਦਾ ਫਿਰਦਾ ਰਮਤਾ ਲੋਕ-ਸਾਹਿੱਤ ਆਪਣੀ ਕਿੰਗਰੀ ਜਾਂ ਤੂੰਬੀ ਲੈ ਕੇ ਥਾਂ-ਥਾਂ ਘੁੰਮਦਾ ਰਹਿੰਦਾ ਹੈ ਤੇ ਕਿਤੇ ਨਿੱਚਲਾ ਹੋ ਕੇ ਨਹੀਂ ਬਹਿੰਦਾ। ਇਹ ਸਮਕਾਲੀ ਮਾਮਲਿਆਂ ਦੀ ਚਰਚਾ ਕਰਦਾ ਤੇ ਕਿਤੇ ਕਿਤੇ ਜੀਵਨ ਦੇ ਸਦੀਵੀ ਪੱਖਾਂ ਉਤੇ ਵੀ ਚੋਟ ਮਾਰ ਕੇ ਆਪਣੀ ਪ੍ਰਭੁਤਾ ਬਣਾਈ ਰੱਖਦਾ ਹੈ। ਇਸ ਲੋਕ-ਸਾਹਿੱਤ ਨੂੰ ਰਚਣ ਵਾਲੇ ਪੇਂਡੂ ਕਵੀਸ਼ਰ ਹਨ। ਉਹ ਜੋ ਕੁਝ ਦੇਖਦੇ, ਉਸ ਨੂੰ ਸਹਿਜ-ਸੁਭਾਅ ਆਪਣੀ ਬੋਲੀ ਵਿਚ ਕਹਿ ਛੱਡਦੇ ਹਨ ਤੇ ਗੁਮਨਾਮੀ ਦੀ ਅਵਸਥਾ ਵਿਚ ਹੀ ਇਹ ਚਲੰਤ ਸਾਹਿੱਤ ਸਿਰਜਦੇ ਰਹਿੰਦੇ ਹਨ, ਫਿਰ ਹੋਰ ਕੋਈ ਦੂਜਾ ਗੁਮਨਾਮ ਸਾਥੀ ਆਉਂਦਾ ਹੈ, ਉਹ ਉਸ ਨੂੰ ਹੋਰ ਰੰਦ ਸੁਆਰ ਕੇ ਵਧੇਰੇ ਸੋਹਣਾ ਬਣਾ ਜਾਂਦਾ ਹੈ ਤੇ ਅੱਗੇ ਅੱਗੇ ਤੋਰਦਾ ਰਹਿੰਦਾ ਹੈ।

ਇਸ ਤੋਂ ਇਲਾਵਾ ਲੋਕ-ਗਵੰਤਰੀ ਹਨ, ਜੋ ਲੋਕਾਂ ਦੇ ਮਨੋਰੰਜਨ ਲਈ ਇਨ੍ਹਾਂ ਕਿੱਸਿਆਂ ਨੂੰ ਸੁਣਾ ਕੇ ਤੇ ਕਈ ਲੋਕ-ਸਮੱਸਿਆਵਾਂ ਨੂੰ ਲੈ ਕੇ, ਸਮੇਂ ਦੀ ਵਾਰਤਾ ਗੁੰਦਦੇ ਤੇ ਕੁਝ ਸਿੱਖਿਆ ਭਰ ਕੇ ਸੁਣਦੇ ਸੁਣਾਉਂਦੇ ਰਹਿੰਦੇ ਹਨ। ਬਹੁਤੇ ਲੋਕਾਂ ਨੂੰ ਪ੍ਰੇਮ ਦੇ ਕਿੱਸੇ ਪਸੰਦ ਹਨ, ਕਈ ਜੋਸ਼ ਵਾਲੀਆਂ ਯੁੱਧ-ਵਾਰਤਾਵਾਂ ਸੁਣ ਕੇ ਰਾਜ਼ੀ ਹਨ ਤੇ ਕਈ ਹਾਸਾ-ਠੱਠਾ ਤੇ ਮੌਜ-ਮੇਲੇ ਵਾਲੀਆਂ ਗੱਲਾਂ ਦੇ ਸ਼ੌਕੀਨ ਹਨ। ਉਹ ਉਨ੍ਹਾਂ ਨੂੰ ਲੋਕ-ਛੰਦਾਂ ਵਿਚ ਪ੍ਰੋ ਕੇ ਲਿਆਉਂਦੇ ਤੇ ਗਾ ਕੇ ਪੇਸ਼ ਕਰਦੇ ਹਨ। ਇਹ ਸਾਡੇ ਪੇਂਡੂ ਕਿੱਸਾਕਾਰ ਹਨ ਜੋ ਸਭ ਤੋਂ ਪਹਿਲਾਂ ਆਪਣੇ ਸਰੋਤਿਆਂ ਨੂੰ ਸਨਮੁੱਖ ਰੱਖਦੇ ਤੇ ਫਿਰ ਸਾਰੀ ਗੱਲ ਪੇਂਡੂ ਬੋਲੀ ਤੇ ਪੇਂਡੂ ਸ਼ੈਲੀ ਵਿਚ ਗੁੰਦਦੇ ਹਨ। ਇਉਂ ਇਸ ਲੋਕ-ਸਾਹਿੱਤ ਦੀ ਪਰੰਪਰਾ ਨਿਆਰੀ ਤੇ ਇਸ ਦੇ ਸੰਚਾਲਕ ਵੀ ਅਨੋਖੀ ਭਾਂਤ ਦੇ ਕਲਾਕਾਰ ਨਿਰਾਲੀ ਕਿਸਮ ਦੇ ਹਨ। ਆਮ ਤੌਰ 'ਤੇ ਵਿਦਵਾਨ ਸਾਹਿੱਤਕਾਰ ਹੋਰ ਗ੍ਰੰਥ ਪੜ੍ਹ

ਲਿਖ ਕੇ, ਸੋਚ ਸੋਚ ਕੇ ਆਪਣੀ ਗੱਲ ਲਿਖਦਾ ਹੈ। ਕਿਤੇ ਕਿਸੇ ਖ਼ਿਆਲ ਦਾ ਆਸਰਾ ਲੈਂਦਾ ਹੈ ਤੇ ਕਿਤੇ ਕਿਸੇ ਤੋਂ ਕੁਝ ਉਧਾਰ ਫੜਦਾ ਹੈ, ਪਰ ਪੇਂਡੂ ਕਲਾਕਾਰ ਨਕਲ ਨਹੀਂ ਮਾਰਦਾ, ਜੀਵਨ ਦੇ ਅਸਲ ਨੂੰ ਹੂ-ਬ-ਹੂ ਉਸੇ ਤਰ੍ਹਾਂ ਹੀ ਉਤਾਰਦਾ ਹੈ ਜਿਸ ਤਰ੍ਹਾਂ ਵਾਪਰਦਿਆਂ ਦੇਖਦਾ ਹੈ। ਇਨ੍ਹਾਂ ਦੀ ਰਚਨਾ ਅਮੋਲਕ ਹੈ ਤੇ ਇਹ ਰਚਣ ਵਾਲੇ ਅਮੁੱਲੇ ਰਤਨ ਹਨ, ਪਰ ਅਸੀਂ ਖ਼ੁਸ਼ੀ-ਖ਼ੁਸ਼ੀ ਤੇ ਸਹਿਜੇ-ਸਹਿਜੇ ਉਨ੍ਹਾਂ ਦਾ ਮੁੱਲ ਪਾਉਣ ਲਈ ਤਿਆਰ ਨਹੀਂ। ਹੁਣ ਜਦੋਂ ਕਿ ਸਾਡੇ ਵਿਦਵਾਨਾਂ, ਯੂਰਪੀਨ ਸਾਹਿੱਤਕਾਰਾਂ ਦੀਆਂ ਘਾਲਾਂ ਦੇਖੀਆਂ ਕਿ ਉਹ ਆਪਣੇ ਲੋਕ-ਸਾਹਿੱਤ ਦੀ ਕਿੰਨੀ ਕਦਰ ਕਰਦੇ ਹਨ ਤੇ ਪੁਰਾਣੇ ਤੋਂ ਪੁਰਾਣੇ ਕਬੀਲਿਆਂ ਦੇ ਗੀਤ, ਬਚਨ ਤੇ ਵਾਰਤਾ ਸੰਭਾਲ ਰਹੇ ਹਨ, ਤਾਂ ਕਿਤੇ ਹੁਣ ਸਾਡੇ ਰਵੱਈਏ ਵਿਚ ਕੁਝ ਤਬਦੀਲੀ ਆਈ, ਸਾਨੂੰ ਪਤਾ ਲੱਗਾ ਕਿ ਇਨ੍ਹਾਂ ਕੁਦਰਤੀ ਵਗਦੇ ਚਸ਼ਮਿਆਂ ਵਿਚ ਬਹੁਤ ਕੁਝ ਹੈ, ਅਸੀਂ ਤਾਂ ਟੂਟੀਆਂ-ਪੰਪਾਂ ਨੂੰ ਹੀ ਸਭ ਕੁਝ ਸਮਝਦੇ ਸਾਂ, ਸਾਨੂੰ ਇਹ ਪਤਾ ਨਹੀਂ ਸੀ ਕਿ ਇਹ ਟੈਂਕੀਆਂ ਵਾਲੇ ਓਥੋਂ ਹੀ ਪਾਣੀ ਭਰਦੇ ਹਨ। ਇਹ ਇਵੇਂ ਦੀ ਗੱਲ ਸੀ, ਜਿਵੇਂ ਸਾਡੇ ਪੇਂਡੂ ਲੋਕ ਆਖਿਆ ਕਰਦੇ ਸਨ, ਇਹ ਕੀ ਹੈ ਜੇ ਕੁੜੀਆਂ ਖੱਦਰ ਰੰਗ ਕੇ ਦੋ ਬੂਟੀਆਂ ਪਾ ਲਈਆਂ ਤਾਂ ਕੀ ਹੋ ਗਿਆ, ਇਹ ਕਾਹਦੀ ਕਲਾਕਾਰੀ ਹੋਈ :

ਖੱਦਰ ਉਤੇ ਪੱਟ ਲਾ ਲਿਆ, ਨਾਂ ਧਰ ਲਿਆ ਫੁਲਕਾਰੀ।

ਜਦੋਂ ਇਨ੍ਹਾਂ ਫੁਲਕਾਰੀਆਂ ਦੀਆਂ ਪੰਡਾਂ ਬੰਨ੍ਹ ਕੇ ਵਲੈਤ ਤੇ ਅਮਰੀਕਾ ਜਾਣ ਲੱਗੀਆਂ, ਉਥੋਂ ਦੇ ਕਲਾ-ਭਵਨ ਸਜਣ ਲੱਗੇ, ਅਤੇ ਸ਼ਹਿਰੀ ਸਭਿਅਤਾ ਦੇ ਮਾਰੂਥਲ ਦਾ ਸ਼ਿਕਾਰ ਪਿਆਸੇ ਲੋਕਾਂ ਨੇ ਇਨ੍ਹਾਂ ਤੋਂ ਆਪਣੀ ਪਿਆਸ ਬੁਝਾਈ ਤਾਂ ਪਤਾ ਲੱਗਾ ਕਿ ਇਸ ਰੰਗੇ ਖੱਦਰ ਵਿਚ ਕਿੰਨੀ ਬਰਕਤ ਹੈ। ਇਹ ਬਾਗ਼, ਕਿਵੇਂ ਦਿਲਾਂ ਨੂੰ ਬਾਗ਼ ਬਾਗ਼ ਕਰ ਸਕਦੇ ਹਨ। ਸਾਨੂੰ ਸਮਝ ਆ ਗਿਆ ਕਿ ਪੰਜਾਬਣ ਮੁਟਿਆਰਾਂ ਦੀ ਸੂਈ ਦੀ ਕਲਾਕਾਰੀ ਕੋਈ ਨਿਰਾਰਥਕ ਚੀਜ਼ ਨਹੀਂ। ਇਵੇਂ ਜਿਵੇਂ ਸਾਡਾ ਪੇਂਡੂ ਜੀਵਨ ਮੋਟੇ ਠੁੱਲ੍ਹੇ ਪਰ ਚਿੱਟੇ ਖੱਦਰ ਵਾਂਗ ਹੈ, ਇਸ ਵਿਚ ਸਫ਼ਾਈ ਹੈ, ਉੱਜਲਤਾ ਹੈ, ਨਿਰਮਲਤਾ, ਨਿਸ਼ਕਪਟਤਾ ਹੈ ਤੇ ਹੰਢਣਸਾਰ ਹੋਣ ਵਾਲੀ ਖ਼ੂਬੀ ਵੀ ਹੈ। ਇਹ ਸਦੀਆਂ ਤੋਂ ਸਾਡੇ ਪਰਦੇ ਕੱਜਦਾ ਆ ਰਿਹਾ ਹੈ। ਅਜੋਕੀ ਸ਼ਹਿਰੀ ਸਭਿਅਤਾ ਦਾ ਨਵਾਂ ਨਾਇਲਨ ਵਾਲਾ ਕੱਪੜਾ ਕਿਤਨਾ ਵੀ ਸਾਫ਼ ਤੇ ਬਾਰੀਕ ਹੋਵੇ, ਉਸ ਦੇ ਗੁਣਾਂ ਨਾਲ ਔਗੁਣਾਂ ਨੂੰ ਵੀ ਦੇਖਣਾ ਜ਼ਰੂਰੀ ਹੈ। ਨਵੇਂ ਸਾਹਿੱਤ ਵਿਚ ਸਫ਼ਾਈ ਹੈ, ਉਤਲੀ ਕਾਰੀਗਰੀ ਤੇ ਸ਼ੋਖੀ ਵੀ ਹੈ, ਪਰ ਉਸ ਦੇ ਹਾਨੀਕਾਰਕ ਸਿੱਟਿਆਂ ਨੂੰ ਅਸੀਂ ਪਰੋਖੇ ਨਹੀਂ ਰੱਖ ਸਕਦੇ ਤੇ ਨਾ ਹੀ ਆਪਣੇ ਸਿੱਧੇ-ਸਾਦੇ ਸ਼ਕਤੀਸ਼ਾਲੀ ਲੋਕ-ਸਾਹਿੱਤ ਨੂੰ ਐਵੇਂ ਤੁੱਛ ਕਹਿ ਕੇ ਛੁਟਿਆ ਸਕਦੇ ਹਾਂ।

ਪੰਜਾਬੀ ਲੋਕ-ਜੀਵਨ

ਇਸ ਗੱਲ ਨੂੰ ਸਾਰੇ ਪਰਵਾਨ ਕਰਦੇ ਹਨ ਕਿ ਪੰਜਾਬੀ ਲੋਕ-ਜੀਵਨ ਨਿਰਾਲਾ ਹੈ। ਇਹ ਅਜਬ ਕਿਸਮ ਦਾ ਅਤਿ ਠੰਢਾ ਤੇ ਅਤਿ ਗਰਮ ਵਾਤਾਵਰਣ ਦੀ ਪੈਦਾਵਾਰ

ਜੁੱਸਾ ਹਰ ਥਾਂ ਤਗ ਜਾਂਦਾ ਹੈ। ਇਸ ਦਾ ਰਹਿਣ-ਸਹਿਣ, ਖਾਣ-ਪੀਣ, ਬੋਲ-ਚਾਲ ਤੇ ਕਲਾਕਾਰੀ ਆਪਣੇ ਢੰਗ ਦੀ ਹੈ। ਇਸ ਦਾ ਧਰਮ ਈਮਾਨ ਵੀ ਆਪਣੀ ਤਰ੍ਹਾਂ ਦਾ ਹੈ। ਇਹ ਪੰਜਾਬੀ ਲੋਕ, ਵੇਦ ਜਾਂ ਹੋਰ ਸ਼ਾਸਤਰੀ ਨੇਮਾਂ ਨੂੰ ਪਰਵਾਨ ਨਹੀਂ ਕਰਦੇ ਤੇ ਨਾ ਹੀ ਇਨ੍ਹਾਂ ਨੇਮਾਂ ਦੇ ਬਣਾਉਣ ਵਾਲੇ ਬ੍ਰਾਹਮਣ ਨੂੰ ਉਚੇਰਾ ਸਤਿਕਾਰ ਦਿੰਦੇ ਹਨ, ਇਹ ਸ਼ਰਣਾਰਥੀ ਪਾਂਡਵਾਂ ਨੂੰ ਪਨਾਹ ਦੇ ਸਕਦੇ ਹਨ ਤੇ ਜੇ ਮਰਜ਼ੀ ਆਵੇ ਤਾਂ ਦੁਰਯੋਧਨ ਦਾ ਸਾਥ ਵੀ ਦੇ ਸਕਦੇ ਹਨ। ਇਹ ਸ੍ਰੀ ਰਾਮਚੰਦਰ ਜਿਹੇ ਅਵਤਾਰ ਦੇ ਮੁਕਾਬਲੇ 'ਤੇ ਉਸ ਦੇ ਬੀਰ ਸਪੁੱਤਰਾਂ ਲਵ ਤੇ ਕੁਸ਼ ਲਈ ਜਾਨਾਂ ਵਾਰ ਸਕਦੇ ਹਨ, ਰਾਮ ਲਈ ਨਹੀਂ, ਇਹ ਇਨ੍ਹਾਂ ਦਾ ਸੁਭਾਅ ਹੈ।

ਰਾਜੇ ਹੋ ਕੇ ਇਹ ਪੋਰਸ ਵਾਂਗ ਨਿਧੜਕ ਅੜਦੇ ਤੇ ਫ਼ਕੀਰ ਹੋ ਕੇ ਕਿਸੇ ਸੜੇ ਸਿਕੰਦਰ ਦੀ ਪ੍ਰਵਾਹ ਨਹੀਂ ਕਰਦੇ। ਇਹ ਆਜ਼ਾਦ ਤਬੀਅਤ ਲੋਕ ਆਪਣੇ ਢੰਗ ਨਾਲ ਜੀਵਨ ਬਤੀਤ ਕਰਦੇ ਹਨ, ਇਹ ਮੌਜ ਮੇਲੇ ਵਾਲੇ ਬੰਬਲੇ ਸੱਜਣ ਹਨ ਜੋ ਭਗਤ ਬਣੇ ਤਾਂ ਧ੍ਰੂ ਪ੍ਰਹਿਲਾਦ ਵਰਗੇ, ਜੇ ਨਾਥ ਹੋਏ ਤਾਂ ਗੋਰਖ ਬਣ ਕੇ ਸਾਰੇ ਸਿੱਧਾਂ ਨੂੰ ਵਖਤ ਪਾ ਦਿੱਤਾ। ਜੇ ਪੂਰਨ ਬਣਨ ਤਾਂ ਸੁੰਦਰਾਂ ਦਾ ਮੋਤੀਆਂ ਦਾ ਥਾਲ ਠੁਕਰਾ ਸਕਦੇ ਹਨ ਤੇ ਰਸਾਲੂ ਹੋ ਕੇ ਦੂਰ ਦੂਰ ਤਕ ਆਪਣਾ ਘੋੜਾ ਦੁੜਾ ਸਕਦੇ ਹਨ। ਜੇ ਗੁਰੂ ਹੋ ਕੇ ਵਿਚਰਨ ਤਾਂ ਕਾਂਸ਼ੀ, ਹਰਿਦੁਆਰ ਤੇ ਮੱਕਾ, ਮਦੀਨਾ ਸਭ ਇਨ੍ਹਾਂ ਦੇ ਪੈਰੀਂ ਆ ਆ ਪੈਂਦਾ ਹੈ। ਇਨ੍ਹਾਂ ਦੀ ਰਬਾਬ ਇਨਕਲਾਬ ਬਣ ਜਾਂਦੀ ਹੈ।

ਇਹ ਬੇ-ਪ੍ਰਵਾਹ ਲੋਕ, ਜਨਮ ਤੋਂ ਬਾਗ਼ੀ ਹਨ, ਗੁਰੂਆਂ ਦੇਗ ਤੇਗ ਬਖ਼ਸ਼ ਕੇ ਇਸ ਕਰੇਲੇ ਨੂੰ ਹੋਰ ਨਿੰਮ 'ਤੇ ਚੜ੍ਹਾਅ ਦਿੱਤਾ। ਕਰੇਲੇ ਦਾ ਸੁਆਦ ਸੱਚਮੁੱਚ ਕਰਾਰਾ ਹੁੰਦਾ ਹੈ, ਪਰ ਨਿੰਮ ਚੜ੍ਹਿਆ ਕਰੇਲਾ ਤਾਂ ਛੱਤੀ ਕਿਸਮ ਦੇ ਰੋਗਾਂ ਦਾ ਦਾਰੂ ਹੋ ਨਿਬੜਦਾ ਹੈ, ਪੰਜਾਬੀ ਜੀਵਨ ਕੁਝ ਇਸੇ ਕਿਸਮ ਦਾ ਹੈ।

ਪੰਜਾਬੀ ਲੋਕ-ਸਾਹਿਤ ਦੀ ਪਰੰਪਰਾ

ਇਤਿਹਾਸ ਦੱਸਦਾ ਹੈ ਕਿ ਪੰਜਾਬੀ ਜੀਵਨ ਕਿਸੇ ਕਿਸਮ ਦੇ ਬੰਧਨ ਸਵੀਕਾਰ ਨਹੀਂ ਕਰਦਾ, ਉਹ ਆਪਣੇ ਨੇਮ ਆਪ ਘੜਦਾ ਹੈ। ਇਹੋ ਹਾਲ ਇਨ੍ਹਾਂ ਦੇ ਲੋਕ-ਸਾਹਿੱਤ ਦਾ ਹੈ। ਇਸ ਦਾ ਵਿਸ਼ਾ-ਵਸਤੂ, ਅਲੰਕਾਰ-ਪ੍ਰਬੰਧ, ਛੰਦ-ਪ੍ਰਬੰਧ ਤੇ ਸ਼ਬਦ-ਪ੍ਰਬੰਧ ਸਭ ਨਿਵੇਕਲੀ ਚਾਲ ਢਾਲ ਰੱਖਦੇ ਹਨ। ਇਨ੍ਹਾਂ ਦੇ ਕਵੀਸ਼ਰ ਕਦੀ ਕਿਸੇ ਕਲਾਸੀਕਲ ਸਾਹਿੱਤ ਦੀ ਰੀਸ ਨਹੀਂ ਕਰਦੇ, ਸਗੋਂ ਨਵੇਂ ਪੂਰਨੇ ਪਾਉਂਦੇ ਹਨ, ਜਿਸ ਦੇ ਸਾਹਮਣੇ ਕਈ ਵਾਰ ਕਲਾਸੀਕਲ ਸਾਹਿੱਤ ਨੂੰ ਵੀ ਝੁਕਣਾ ਪੈਂਦਾ ਹੈ।

ਜੈਸਾ ਕਿ ਅਸੀਂ ਪਹਿਲੇ ਕਹਿ ਚੁੱਕੇ ਹਾਂ ਕਿ ਲੋਕ-ਕਵੀ ਦਾ ਮੁੱਖ ਲੱਛਣ ਹੀ ਇਹ ਹੈ ਕਿ ਉਹ ਆਪਣੇ ਸਰੋਤਿਆਂ ਦੀ ਪੱਧਰ 'ਤੇ ਬੋਲਦਾ ਅਤੇ ਪੋਢੂ ਤਰੀਕੇ ਨਾਲ ਹੀ ਆਪਣਾ ਮਜ਼ਮੂਨ ਖੋਲ੍ਹਦਾ ਹੈ। ਪੰਜਾਬੀ ਕਾਵਿ-ਰੂਪਾਂ ਦਾ ਸਰੂਪ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ। ਇਸ ਗੱਲ ਲਈ ਇਹ ਕਿਸੇ ਦੇ ਦੇਣਦਾਰ ਨਹੀਂ, ਇਹ ਆਪਣੀ ਸੁਰ, ਲੈਅ ਅਨੁਸਾਰ ਆਪਣੇ ਛੰਦ ਤੇ ਕਾਵਿ-ਰੂਪ ਘੜਦੇ ਹਨ। ਕੋਰੜਾ ਤੇ ਕਬਿੱਤ ਇਨ੍ਹਾਂ ਨੂੰ ਜ਼ਿਆਦਾ ਪਸੰਦ ਹਨ, ਕਿਉਂਕਿ ਇਨ੍ਹਾਂ ਦੀ ਚਾਲ ਲੋਕਾਂ ਦੀ ਜਜ਼ਬਾਤੀ

ਚਾਲ ਨਾਲ ਮੇਲ ਖਾਂਦੀ ਹੈ। ਜੇ ਲੜਾਈ ਦਾ ਹਾਲ ਦੱਸਣਾ ਹੋਵੇ ਤਾਂ ਇਹ ਵਾਰਾਂ ਦੀਆਂ ਹੇਕਾਂ ਨਾਲ ਰਣ ਮੈਦਾਨ ਗਰਮ ਕਰ ਲੈਂਦੇ ਹਨ, 'ਵਾਰ' ਵਰਗਾ ਕਾਵਿ-ਰੂਪ ਹੋਰ ਕਿਸੇ ਲੋਕ-ਸਾਹਿੱਤ ਕੋਲ ਨਹੀਂ। ਜੇ ਦਿਲ ਦੀ ਪ੍ਰੇਮ ਹੂਕ ਪ੍ਰਗਟਾਉਣੀ ਹੋਵੇ ਤਾਂ 'ਮਾਝ' ਤੇ 'ਬਾਰਾਂਮਾਹ' ਦੀ ਸੁਰ ਅਲਾਪਣ ਲੱਗ ਪੈਂਦੇ ਹਨ, ਜੋ ਕਿ ਪੱਥਰਾਂ ਨੂੰ ਚੀਰਦੀ ਜਾਂਦੀ ਹੈ। ਜੇ ਲਾੜਾ ਬਣ ਕੇ ਢੁਕਣਾ ਹੋਵੇ ਤਾਂ 'ਘੋੜੀਆਂ' ਦੀ ਸੁਰ ਇਨ੍ਹਾਂ ਨੂੰ ਚੰਗੀ ਤਰ੍ਹਾਂ ਯਾਦ ਹੈ। ਜੇ ਮਰਨੇ-ਪਰਨੇ ਬਹਿਣਾ ਪਵੇ ਤਾਂ 'ਅਲਾਹੁਣੀਆਂ' ਵੀ ਭੁੱਲੇ ਹੋਏ ਨਹੀਂ। ਕੋਈ ਇਨ੍ਹਾਂ ਨੂੰ ਛੇੜ ਨਹੀਂ ਸਕਦਾ। ਜੇ ਕਿਤੇ ਹਾਸਾ ਠੱਠਾ ਕਰੇ ਤਾਂ ਸਿੱਠਣੀਆਂ ਦਾ ਭੱਥਾ ਖੋਲ੍ਹ ਬਹਿੰਦੇ ਹਨ। ਸੋ, ਲੋਕ-ਸਾਹਿੱਤ ਦੇ ਕਾਵਿ-ਰੂਪ ਸਮੇਂ ਸਮੇਂ ਦੇ ਹਨ ਤੇ ਸਭ ਦਾ ਆਪਣਾ ਮਹੱਤਵ ਤੇ ਥਾਂ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਾਰਿਆਂ ਦੀ ਸਾਨੂੰ ਪੂਰੀ ਪੂਰੀ ਪਛਾਣ ਵੀ ਨਹੀਂ, ਕਿਉਂਕਿ ਇਨ੍ਹਾਂ ਦਾ ਮੁਕੰਮਲ ਅਧਿਐਨ ਅਜੇ ਨਹੀਂ ਕੀਤਾ ਗਿਆ।

ਕਈ ਲੋਕ-ਕਾਵਿ-ਰੂਪ ਅਜਿਹੇ ਹਨ ਜਿਨ੍ਹਾਂ ਨੂੰ ਪੰਜਾਬੀ ਸਾਹਿੱਤ ਦੇ ਖੋਜੀਆਂ ਅਜੇ ਜਾਣਿਆ ਤਕ ਨਹੀਂ ਤੇ ਨਾ ਹੀ ਪੰਜਾਬੀ ਸਾਹਿੱਤ ਦੇ ਇਤਿਹਾਸਕਾਰਾਂ ਉਨ੍ਹਾਂ ਦੀ ਚਰਚਾ ਕਰਨੀ ਜ਼ਰੂਰੀ ਸਮਝੀ ਹੈ। ਸਾਨੂੰ ਪਤਾ ਹੈ ਕਿ ਸਾਡੇ ਕਈ ਸਨਾਤਨ ਪੰਥੀ ਵਿਦਵਾਨ, ਲੋਕ-ਸਾਹਿੱਤ ਤੇ ਲੋਕ-ਸਾਹਿੱਤਕਾਰਾਂ ਨੂੰ ਸਵੀਕਾਰ ਕਰਨ ਲਈ ਵੀ ਤਿਆਰ ਨਹੀਂ। ਇਸ ਕਰਕੇ ਉਨ੍ਹਾਂ ਦੇ ਲਿਖੇ ਕਾਵਿ ਜਾਂ ਕਾਵਿ-ਰੂਪ ਨੂੰ ਮਹੱਤਵ ਕਿਵੇਂ ਦੇ ਸਕਦੇ ਹਨ। ਜਿਵੇਂ ਪੁਰਾਣਾ ਸ਼ਾਸਤਰੀ ਬ੍ਰਾਹਮਣ, ਸੰਸਕ੍ਰਿਤ ਤੋਂ ਬਿਨਾਂ ਕਿਸੇ ਦੀ ਗੱਲ ਸੁਣਨ ਲਈ ਤਿਆਰ ਨਹੀਂ ਸੀ, ਇਸੇ ਤਰ੍ਹਾਂ ਕਲਾਸੀਕਲ ਸਾਹਿੱਤ ਦੇ ਸ਼ੌਕੀਨ ਲੋਕ-ਸਾਹਿੱਤ ਦੇ ਵਿਧੀ ਵਿਧਾਨ ਜਾਂ ਬੋਲੀ ਸ਼ੈਲੀ ਨੂੰ ਕਿਵੇਂ ਨੱਕ ਹੇਠ ਲਿਆ ਸਕਦੇ ਹਨ ? ਕਈ ਕਾਰਨਾਂ ਵਿੱਚੋਂ ਸ਼ਾਇਦ ਇਕ ਇਹ ਵੀ ਕਾਰਨ ਹੋਵੇ ਕਿ 'ਝਗੜਾ' ਲੋਕ-ਕਾਵਿ-ਰੂਪ ਅਜੇ ਤਕ ਖੋਜੀਆਂ ਜਾਂ ਆਲੋਚਕਾਂ ਦੀ ਵਿਚਾਰ ਚਰਚਾ ਦਾ ਵਿਸ਼ਾ ਨਹੀਂ ਬਣ ਸਕਿਆ। ਭਾਵੇਂ ਇਸ ਦੀ ਪਰੰਪਰਾ ਕਾਫ਼ੀ ਪੁਰਾਣੀ ਤੇ ਚੰਗੀ ਲੋਕ-ਪ੍ਰਸਿੱਧੀ ਰੱਖਦੀ ਹੈ।

'ਝਗੜੇ' ਦਾ ਮੂਲ ਤੇ ਵਿਕਾਸ

ਇਹ ਇਕ ਸਚਾਈ ਹੈ ਕਿ ਜੀਵਨ ਇਕ ਸੰਘਰਸ਼ ਹੈ, ਦ੍ਵੰਦ ਕਾਰਨ ਟੱਕਰ ਇਕ ਲਾਜ਼ਮੀ ਅਵਸਥਾ ਹੈ, ਜਿਸ ਵਿਚੀਂ ਸੰਸਾਰ ਦੀ ਹਰ ਵਸਤੂ ਲੰਘ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, ਪ੍ਰਭੂ ਨੇ ਖੇਡ ਹੀ ਐਸੀ ਬਣਾਈ ਹੈ, ਜਿਸ ਵਿਚ ਟੱਕਰ ਜਾਂ ਭੇੜ ਦਾ ਅੰਸ਼ ਮੌਜੂਦ ਹੈ।

ਸਿਰਜੇ ਦਾਨੋ ਦੇਵਤੇ, ਤਿਨ ਅੰਦਰਿ ਬਾਦੁ ਰਚਾਇਆ ॥ *(ਵਾਰ ਸ੍ਰੀ ਭਗਉਤੀ ਜੀ ਕੀ)*

ਜਦੋਂ ਟਾਕਰਾ ਹੋ ਜਾਵੇ ਤਾਂ ਹਰ ਕੋਈ ਆਪਣੇ ਆਪ ਜਾਂ ਆਪਣੀ ਗੱਲ ਨੂੰ ਸਰਬੋਤਮ ਸਿੱਧ ਕਰਦਾ ਹੈ, ਚਾਹੇ ਉਹ ਸਰੀਰਿਕ ਸ਼ਕਤੀ ਨਾਲ ਮਨਾਵੇ, ਚਾਹੇ ਦਿਮਾਗ਼ੀ ਸ਼ਕਤੀ ਨਾਲ। ਜੇ ਕੋਈ ਦੂਜੇ ਦੀ ਗੱਲ ਨਾ ਮੰਨੇ ਤਾਂ ਉਸ ਉਤੇ ਬਹਿਸ

ਚਰਚਾ ਛਿੜਦੀ ਹੈ, ਵਾਦ-ਵਿਵਾਦ ਚੱਲਦਾ ਤੇ ਝਗੜਾ ਹੁੰਦਾ ਹੈ। ਇਸ ਤਕਰਾਰ ਬਾਅਦ ਅੰਤ ਇਕ ਦੀ ਜਿੱਤ ਤੇ ਇਕ ਦੀ ਹਾਰ ਹੁੰਦੀ ਹੈ। ਭਾਰਤੀ ਤਰਕ ਸ਼ਾਸਤਰ ਵਿਚ ਚਰਚਾ ਚਾਰ ਪ੍ਰਕਾਰ ਦੀ ਦੱਸੀ ਗਈ ਹੈ—ਵਾਦ, ਵਿਵਾਦ, ਜਾਲਪ ਤੇ ਵਿਤੰਡਾ।

1. ਵਿਰੋਧ ਦੇ ਬਾਵਜੂਦ ਸ਼ਾਂਤੀ-ਪੂਰਵਕ ਵਿਚਾਰ-ਵਟਾਂਦਰਾ ਕਰਨਾ 'ਵਾਦ' ਹੈ।
2. ਦਲੀਲਬਾਜ਼ੀ ਨਾਲ ਇਕ ਦੂਜੇ ਦਾ ਖੰਡਨ-ਮੰਡਨ ਕਰਨਾ 'ਵਿਵਾਦ' ਹੈ।
3. ਆਪਣੇ ਪੱਖ ਦੀ ਪੁਸ਼ਟੀ ਤੇ ਦੂਜੇ ਨੂੰ ਰੱਦ ਕਰਨ ਦੇ ਖ਼ਿਆਲ ਨਾਲ ਅਬਾ-ਤਬਾ ਬੋਲਣਾ ਜਾਲਪ ਹੈ।
4. ਬਕੜਵਾਦ, ਧੱਕੇ ਜ਼ੋਰ ਤੇ ਡੰਡੇ ਸੋਟੇ ਨਾਲ ਆਪਣੀ ਗੱਲ ਮਨਾਉਣਾ 'ਵਿਤੰਡਾ' ਹੈ।

ਸਿਆਣੇ ਗਿਆਨੀ ਪੁਰਸ਼ ਪਹਿਲੇ ਦੋ ਹੀ ਤਰੀਕੇ ਵਰਤਦੇ ਹਨ ਜਦੋਂ ਕਿ ਅਗਿਆਨੀ ਲੋਕ ਆਖ਼ਰੀ ਦੋ ਤਰੀਕਿਆਂ ਨੂੰ ਹੀ ਸਭ ਕੁਝ ਮੰਨ ਕੇ ਚੱਲਦੇ ਹਨ। ਭਾਰਤੀ ਦਰਸ਼ਨ ਤੇ ਸਾਹਿਤ ਵਿਚ ਵਾਦ-ਵਿਵਾਦ ਦੇ ਸਰੇਸ਼ਟ ਗੁਣਾਂ ਨੂੰ ਲੈ ਕੇ ਹੀ 'ਸੰਵਾਦ' ਦੀ ਰੀਤਿ ਪ੍ਰਚੱਲਤ ਹੋਈ, ਜਿਸ ਨਾਲ ਅਨੇਕਾਂ ਜੀਵਨ-ਗੁੰਝਲਾਂ ਨੂੰ ਸੁਲਝਾਉਣ ਵਿਚ ਭਾਰੀ ਮਦਦ ਮਿਲੀ ਹੈ। ਦਰਸ਼ਨ ਸ਼ਾਸਤਰ ਦੇ ਗ੍ਰੰਥਾਂ ਦਾ ਕਾਇਦਾ ਇਹ ਰਿਹਾ ਹੈ ਕਿ ਪਹਿਲੇ ਨਨੂ ਸ਼ੰਕਾ ਕਰਦਾ ਹੈ ਤੇ ਪਿੱਛੋਂ ਆਚਾਰਯ ਉਸ ਦਾ ਉੱਤਰ ਦਿੰਦਾ ਹੈ। ਇਸੇ ਤਰ੍ਹਾਂ ਵਾਦੀ ਅਤੇ ਪ੍ਰਤਿਵਾਦੀ ਦਾ ਵਾਰਤਾਲਾਪ ਮਸਲੇ ਦੀਆਂ ਉਲਝਣਾਂ ਨੂੰ ਸਾਫ਼ ਕਰਦਾ ਜਾਂਦਾ ਹੈ। ਪੰਜਾਬੀ ਗੱਦ ਸਾਹਿੱਤ ਦਾ 'ਗੋਸ਼ਟਿ' ਰੂਪ ਇਸੇ ਪਰੰਪਰਾ ਦੀ ਪੈਦਾਵਾਰ ਸੀ। ਇਸ ਰਾਹੀਂ ਸੰਤ, ਸਾਧੂ ਤੇ ਜੋਗੀ ਨਾਥ ਪ੍ਰਮਾਰਥਕ ਮਸਲਿਆਂ ਨੂੰ ਵਿਚਾਰ-ਗੋਚਰੇ ਕਰਦੇ ਸਨ। ਕੁਝ ਸਾਹਿੱਤਕਾਰਾਂ ਇਨ੍ਹਾਂ ਗੋਸ਼ਟਾਂ ਨੂੰ ਛੰਦਬੱਧ ਕਰ ਕੇ ਵੀ ਪੇਸ਼ ਕੀਤਾ, ਪਰ ਵਧੇਰੇ ਗੋਸ਼ਟਾਂ ਵਾਰਤਕ ਵਿਚ ਹੀ ਲਿਖੀਆਂ ਜਾਂਦੀਆਂ ਰਹੀਆਂ ਹਨ, ਇਹ ਇਕ ਤਰ੍ਹਾਂ ਦੇ ਵਧੀਆ ਸੰਵਾਦ ਹੀ ਹਨ, ਵਿਚਾਰ-ਭਰਪੂਰ ਵਾਰਤਾਲਾਪ।

ਯੂਨਾਨੀ ਵਿਦਵਾਨ ਡਯੋਜੀਨਸ ਨੇ ਸੰਵਾਦ (Dialouge) ਦਾ ਲੱਛਣ ਬਿਆਨ ਕਰਦਿਆਂ ਕਿਹਾ ਹੈ ਕਿ ਜਿਥੇ ਦੋ ਜਾਂ ਵੱਧ ਵਿਚਾਰਵਾਨ ਪ੍ਰਸ਼ਨੋਤਰ ਰੂਪ ਵਿਚ ਵਾਰਤਾਲਾਪ ਕਰਦੇ ਹੋਏ ਕਿਸੇ ਵਿਸ਼ੇ ਦਾ ਮੰਡਨ ਜਾਂ ਖੰਡਨ ਕਰਨ, ਉਹ ਸੰਵਾਦ ਹੈ। ਗੋਸ਼ਟਿ ਵਿਚ ਵੀ ਇਹੋ ਕੁਝ ਹੁੰਦਾ ਸੀ, ਤਰਕਵਾਦੀ ਪੱਖ ਤੋਂ ਅਧਿਆਤਮਕ ਸਿਧਾਂਤਾਂ ਤੇ ਮਜ਼ਬੀ ਅਕੀਦਿਆਂ ਦੀ ਪਰਖ-ਪੜਤਾਲ ਇਸ ਦਾ ਮੁੱਖ ਵਿਸ਼ਾ ਸੀ ਤੇ ਇਹ ਇਕ ਤਰ੍ਹਾਂ ਦਾ ਸੰਵਾਦਿਕ ਸਾਹਿੱਤ ਹੀ ਸੀ।

ਪੁਰਾਣੇ ਸੰਸਕ੍ਰਿਤ ਦੇ ਦਾਰਸ਼ਨਿਕ ਸਾਹਿੱਤ ਵਿਚ ਵੀ ਇਹੋ ਪਰਿਪਾਟੀ ਪਾਈ ਜਾਂਦੀ ਹੈ। ਯੂਨਾਨੀ ਫਿਲਾਸਫਰ ਸੁਕਰਾਤ ਦੇ ਵਿਚਾਰ ਵੀ ਇਸੇ ਵਾਰਤਾਲਾਪੀ ਤਰੀਕੇ ਵਿਚ ਪਲੈਟੋ ਆਦਿ ਵੱਲੋਂ ਅੰਕਿਤ ਮਿਲਦੇ ਹਨ। ਜੈਨੀਆਂ ਦੇ ਆਦਿ ਤੀਰਥੰਕਰ ਰਿਸ਼ਭਦੇਵ ਵੱਲੋਂ 'ਆਦਿ ਪੁਰਾਣ' ਵਿਚ ਕਲਾ ਗੋਸ਼ਠੀ, ਪਦ ਗੋਸ਼ਠੀ, ਜਲਪ ਗੋਸ਼ਠੀ ਤੇ ਵਾਦਿਤ ਗੋਸ਼ਠੀ ਕਰਨ ਦਾ ਜ਼ਿਕਰ ਹੈ। ਪਾਲੀ ਤ੍ਰਿਪਿਟਕਾਂ ਵਿਚ ਬੋਧੀ ਸਾਧੂਆਂ ਦੇ ਪਰਸਪਰ ਸੰਵਾਦ ਮਿਲਦੇ ਹਨ। *ਮਿਲਿੰਦ ਪੰਨ੍ਹਿ* ਵਿਚ ਯੂਨਾਨੀ ਰਾਜਾ ਮਿਨੇਂਦ੍ਰ ਤੇ ਬੋਧੀ ਆਚਾਰਯ ਨਾਗਸੇਨ ਦੇ ਸਵਾਲ-ਜਵਾਬ ਦਰਜ ਹਨ।

ਜਦ ਅਸੀਂ ਭਾਰਤੀ ਸਾਹਿੱਤ ਦੀ ਪਰੰਪਰਾ ਵੱਲ ਨਜ਼ਰ ਮਾਰਦੇ ਹਾਂ ਤਾਂ ਉਸ ਵਿਚ ਵੀ ਸੰਵਾਦਿਕ ਰੀਤਿ ਨੂੰ ਆਮ ਅਪਣਾਇਆ ਗਿਆ ਹੈ। ਚਾਹੇ ਉਪਨਿਸ਼ਦ ਹਨ, ਚਾਹੇ ਰਾਮਾਇਣ, ਮਹਾਂਭਾਰਤ ਜਾਂ ਪੁਰਾਣ, ਸਭ ਵਿਚ ਵਾਰਤਾਲਾਪੀ ਵਿਧੀ ਨਾਲ ਹੀ ਪ੍ਰਸੰਗ ਚੱਲਦਾ ਹੈ। ਮਾਲੂਮ ਹੁੰਦਾ ਹੈ ਸੰਵਾਦਿਕ ਪਰੰਪਰਾ ਸਨਾਤਨ ਸਾਹਿੱਤ ਦਾ ਇਕ ਪਰਵਾਨ ਰੂਪ ਰਹੀ ਹੈ, ਜਿਸ ਨੂੰ ਸਮੇਂ ਸਮੇਂ ਵੱਖਰੀ ਤਰ੍ਹਾਂ ਵਰਤਿਆ ਜਾਂਦਾ ਰਿਹਾ ਹੈ।

ਇਹ ਭਾਰਤੀ ਦਾਰਸ਼ਨਿਕ ਤੇ ਸਾਹਿੱਤਕ ਪਰੰਪਰਾ ਬਾਰੇ ਲੰਮੀ ਚਰਚਾ ਇਸ ਲਈ ਕੀਤੀ ਗਈ ਹੈ ਕਿ ਪਰਸਪਰ ਵਾਰਤਾਲਾਪ ਦਾ ਤਰੀਕਾ ਪੁਰਾਣਾ ਹੈ। ਉਸ ਨੂੰ ਦਰਸ਼ਨ ਤੇ ਸਾਹਿੱਤ ਨੇ ਬਰਾਬਰ ਥਾਂ ਦਿੱਤਾ, ਪਰ ਇਸ ਵਿਚਾਰ ਦੇ ਬਾਵਜੂਦ ਇਹ ਸਮਝਣਾ ਵੀ ਭੁੱਲ ਹੈ ਕਿ ਪੰਜਾਬੀ 'ਝਗੜਾ' ਲੋਕ ਕਾਵਿ-ਰੂਪ, ਨਿਰਾਪੁਰਾ ਸੰਵਾਦ ਹੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਚੀਜ਼ ਅਨਪੜ੍ਹ ਪੇਂਡੂ ਲੋਕਾਂ ਦੀ ਪੈਦਾਵਾਰ ਹੈ। ਉਹ ਨਹੀਂ ਜਾਣਦੇ ਕਿ ਸਾਡੇ ਦਾਰਸ਼ਨਿਕ ਜਾਂ ਸਾਹਿੱਤਕ ਗ੍ਰੰਥਾਂ ਵਿਚ ਕਿਸ ਕਿਸ ਸਾਹਿੱਤ ਰੂਪ ਦੀ ਚਰਚਾ ਹੈ ਤੇ ਉਹ ਕਿਵੇਂ ਦਾ ਹੈ? ਫਿਰ ਅਸਾਡੇ ਲੋਕ-ਕਵੀ ਜਿਸ ਕਿਸਮ ਦੇ ਸੰਵਾਦ ਦਾ ਢਾਂਚਾ ਖੜਾ ਕਰਦੇ ਹਨ, ਉਸ ਦਾ ਰੰਗ-ਢੰਗ ਆਪਣਾ ਹੁੰਦਾ ਹੈ। ਸੱਚ ਪੁੱਛੋ ਤਾਂ ਉਹ ਸੰਵਾਦ ਦੀ ਥਾਂ ਵਧੇਰੇ ਵਾਦ-ਵਿਵਾਦ ਹੁੰਦਾ ਹੈ। ਫਿਰ ਉਸ ਦੀ ਤਰਕ ਪ੍ਰਣਾਲੀ ਵੀ ਬਿਲਕੁਲ ਲੋਕ-ਪੱਧਰ ਦੀ ਹੁੰਦੀ ਹੈ।

ਜਿਥੋਂ ਤਕ ਵਿਸ਼ਾ-ਵਸਤੂ ਦਾ ਸਬੰਧ ਹੈ, ਉਹ ਸਮਾਜਿਕ ਜੀਵਨ ਵਿੱਚੋਂ ਲਿਆ ਹੁੰਦਾ ਹੈ, ਪ੍ਰਲੋਕ ਜਾਂ ਅਧਿਆਤਮਕਤਾ ਉਨ੍ਹਾਂ ਦਾ ਮਜ਼ਮੂਨ ਨਹੀਂ। ਉਹ ਉਸ ਗੱਲ ਉੱਤੇ ਚਰਚਾ ਛੇੜਦੇ ਹਨ ਜਿਸ 'ਤੇ ਆਮ ਤੌਰ 'ਤੇ ਮਤਭੇਦ ਹੁੰਦਾ ਹੈ ਤੇ ਸਮਾਜ ਵਿਚ ਵਿਰੋਧ ਪਾਇਆ ਜਾਂਦਾ ਹੈ। ਉਹ ਇਸੇ ਵਿਰੋਧ ਨੂੰ ਆਧਾਰ ਬਣਾ ਕੇ ਸਵਾਲ ਜਵਾਬ ਘੜਦੇ ਹਨ ਤੇ ਨਾਲ ਨਾਲ ਮਨੋਰੰਜਨ ਦਾ ਮਸਾਲਾ ਵੀ ਪਾਉਂਦੇ ਜਾਂਦੇ ਹਨ। ਸੋ 'ਝਗੜਾ' ਕੇਵਲ ਗੋਸ਼ਟਿ ਜਾਂ ਚਰਚਾ ਤਕਰਾਰ ਦੀ ਗੱਲ ਹੀ ਨਹੀਂ, ਇਸ ਵਿਚ ਜ਼ਰਾ ਮੌਜ ਮੇਲੇ ਦੀ ਬਹਾਰ ਵੀ ਜਾਣ-ਬੁਝ ਕੇ ਲਿਆਂਦੀ ਜਾਂਦੀ ਹੈ ਤਾਂ ਕਿ ਸਰੋਤਿਆਂ ਦਾ ਦਿਲ ਲੱਗਿਆ ਰਹੇ ਤੇ ਉਹ ਉਚਾਟ ਨਾ ਹੋਣ।

ਅਸੀਂ ਇਉਂ ਵੀ ਕਹਿ ਸਕਦੇ ਹਾਂ ਕਿ 'ਝਗੜਾ' ਸੰਵਾਦ ਦਾ ਅੜੀਅਲ ਪੁੱਤ ਹੈ। ਸ਼ਾਂਤੀ ਨਾਲ ਵਿਚਾਰ ਕਰਨ ਵਾਲੇ ਦਾਰਸ਼ਨਿਕ ਇਸ ਨੂੰ 'ਸੰਵਾਦ' ਕਹਿੰਦੇ ਸਨ ਤੇ ਪਰਮਾਰਥਕ ਵਿਚਾਰਾਂ ਕਰਨ ਵਾਲੇ ਸੰਤ ਸਾਧੂ ਇਸ ਨੂੰ 'ਗੋਸ਼ਟਿ' ਅਤੇ ਬੜਾ ਲਾਭਵੰਦਾ ਮੰਨਦੇ ਸਨ:

ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ *(ਸਲੋਕ ਕਬੀਰ ਜੀ, ਪੰਨਾ 1377)*

ਜਦੋਂ ਪੰਜਾਬੀ ਲੋਕ-ਕਵੀ ਆਪਣੇ ਜੀਵਨ ਪੱਧਰ ਅਨੁਸਾਰ ਨਿੱਤ ਵਰਤੀਂਦੇ ਘਰੋਗੀ ਮਸਲੇ ਲੈ ਕੇ ਇਹ ਪ੍ਰਸ਼ਨੋਤਰ ਜ਼ਰਾ ਕਰਾਰੇ ਕਰ ਕੇ ਲਿਖਦਾ ਹੈ ਤਾਂ ਇਹ 'ਝਗੜਾ' ਅਖਵਾਉਂਦਾ ਹੈ। ਇਹ ਪੰਜਾਬੀ ਦਾ ਇਕ ਮੌਲਿਕ ਕਾਵਿ-ਰੂਪ ਹੈ, ਜਿਸ ਨੂੰ ਪੇਂਡੂ ਕਵੀਸ਼ਰਾਂ ਦੀ ਸਾਧਾਰਨ ਪੰਜਾਬੀ ਪ੍ਰਤਿਭਾ ਨੇ ਅਸਾਧਾਰਨ ਰੂਪ ਦਿੱਤਾ ਹੈ,

ਸੰਸਕ੍ਰਿਤ, ਫ਼ਾਰਸੀ ਜਾਂ ਹਿੰਦੀ, ਉਰਦੂ ਵਿਚ ਇਹ ਹੈ ਨਹੀਂ। ਪੰਜਾਬੀ ਲੋਕ-ਕਵੀਆਂ ਦੀ ਇਹ ਆਪਣੀ ਚੀਜ਼ ਹੈ, ਜਿਸ ਦੁਆਰਾ ਕਿਸੇ ਮਸਲੇ ਉੱਤੇ ਦੋ ਰਾਵਾਂ ਦਾ ਮੁਕਾਬਲਾ ਹੁੰਦਾ ਤੇ ਫਿਰ ਇਕ ਦੇ ਠੀਕ ਜਾਂ ਨਾ ਠੀਕ ਹੋਣ ਦਾ ਪਤਾ ਲੱਗਦਾ ਹੈ। ਵਾਰ, ਜੰਗਨਾਮਾ ਲੜਾਈਆਂ ਦਾ ਹਾਲ ਦੱਸਦੇ ਹਨ, ਲੇਕਿਨ 'ਝਗੜਾ' ਸਾਡੇ ਸਮਾਜ ਦੇ ਅੰਦਰਲੇ ਦ੍ਵੰਦ ਨੂੰ ਮਨੋਰੰਜਨ ਬਣਾ ਕੇ ਪ੍ਰਗਟਾਉਂਦਾ ਹੈ, ਇਸ ਨਾਲ ਖਰੇ ਖੋਟੇ ਦਾ ਪਤਾ ਵੀ ਲੱਗਦਾ ਹੈ ਤੇ ਨਾਲੇ ਦਿਲ-ਪ੍ਰਚਾਵਾ ਵੀ ਹੁੰਦਾ ਹੈ। ਸੋ, ਵਿਦਵਾਨਾਂ ਦੇ ਸੰਵਾਦ ਜਾਂ ਸਾਧਾਂ ਸੰਤਾਂ ਦੀ ਗੋਸ਼ਟਿ ਨਾਲ ਇਸ ਦਾ ਸਿੱਧਾ ਮੇਲ ਨਹੀਂ, ਅੰਤਰ ਸਾਫ਼ ਹੈ:

1. ਗੋਸ਼ਟਿ ਸਨਾਤਨ ਸਾਹਿੱਤ ਦਾ ਗੱਦ ਰੂਪ ਹੈ ਤੇ ਝਗੜਾ ਲੋਕ-ਕਾਵਿ-ਰੂਪ।
2. ਗੋਸ਼ਟਿ ਦਾ ਵਿਸ਼ਾ ਪਰਮਾਰਥਕ ਹੈ ਤੇ ਝਗੜੇ ਦਾ ਵਿਸ਼ਾ ਦੁਨਿਆਵੀ ਮਸਲੇ।
3. ਗੋਸ਼ਟਿ ਬੌਧਿਕ ਪੱਧਰ ਦਾ ਗੰਭੀਰ ਸੰਵਾਦ ਹੈ ਤੇ ਝਗੜਾ ਇਕ ਮਨੋਰੰਜਕ ਛੇੜਖ਼ਾਨੀ।
4. ਗੋਸ਼ਟਿ ਵਿਚ ਅਨੁਭਵ ਤੇ ਤਰਕ ਮੁੱਖ ਹੁੰਦਾ ਹੈ ਤੇ ਝਗੜੇ ਵਿਚ ਵਿਅੰਗ ਕਟਾਖਯ।

ਇਸ ਲੋਕ-ਕਾਵਿ ਦਾ ਮੁੱਢ ਕਦੋਂ ਬੱਝਾ, ਇਸ ਬਾਰੇ ਨਿਸਚਿਤ ਤੌਰ 'ਤੇ ਕੁਝ ਵੀ ਆਖਣਾ ਔਖਾ ਹੈ। ਅਨੁਮਾਨ ਹੈ, ਸੋਲ੍ਹਵੀਂ ਸਤਾਰ੍ਹਵੀਂ ਸਦੀ ਵਿਚ ਇਹ ਲੋਕ-ਕਾਵਿ-ਰੂਪ, ਵਜੂਦ ਵਿਚ ਆ ਗਿਆ ਸੀ, ਭਾਵੇਂ ਵਿਕਸਤ ਇਹ ਪਿੱਛੋਂ ਹੀ ਹੋਇਆ, ਪ੍ਰਮਾਣ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਇਸ ਸਾਹਿੱਤ-ਰੂਪ ਦਾ ਕੋਈ ਨਾ ਕੋਈ ਢਾਂਚਾ ਨਾਥਾਂ ਜੋਗੀਆਂ ਦੇ ਜ਼ਮਾਨੇ ਵਿਚ ਪ੍ਰਚੱਲਤ ਸੀ। ਚੁਨਾਂਚਿ ਗੋਰਖ ਨਾਥ ਦੇ ਨਾਂ 'ਤੇ 'ਦੁਆਦਸ ਮਾਤ੍ਰਾ ਕਾ ਝਗੜਾ' ਜੋ ਮਿਲਦਾ ਹੈ, ਇਸ ਤੋਂ ਇਹ ਗੱਲ ਪ੍ਰਗਟ ਹੁੰਦੀ ਹੈ, ਭਾਵੇਂ ਇਹ ਗੋਰਖ ਦੀ ਰਚਨਾ ਨਹੀਂ, ਪਰ ਫਿਰ ਵੀ ਇਹ ਸੰਕੇਤ ਦੱਸਦਾ ਹੈ ਕਿ ਇਸ ਤਰ੍ਹਾਂ ਦੀ ਕੋਈ ਕਾਵਿ-ਪਰੰਪਰਾ ਸੀ, ਜਿਸ ਨੂੰ 'ਸੰਵਾਦ' ਤੋਂ ਕਾਇਆ ਕਲਪ ਕਰਕੇ ਸਿਰਜਿਆ ਗਿਆ ਸੀ। ਇਸੇ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦੇ ਨਾਂ 'ਤੇ 'ਮਾਤ੍ਰਾ ਕਾ ਝਗੜਾ' ਮਿਲਦਾ ਹੈ, ਇਹ ਵੀ ਭਾਵੇਂ ਕਿਸੇ ਉਦਾਸੀ ਸਾਧੂ ਦੀ ਰਚਨਾ ਹੈ, ਪਰ ਮਾਲੂਮ ਹੁੰਦਾ ਹੈ, ਸਾਧਾਂ ਸੰਤਾਂ ਵਿਚ ਇਹ ਕਾਵਿ-ਰੂਪ ਆਪਣੀ ਥਾਂ ਰੱਖਦਾ ਸੀ, ਪਰ ਵਿਸ਼ੇ ਦੀ ਗੰਭੀਰਤਾ ਇਸ ਨੂੰ ਆਮ ਲੋਕਾਂ 'ਚ ਆਉਣੋਂ ਰੋਕਦੀ ਸੀ। ਇਹ ਮੰਨਣਾ ਪਵੇਗਾ ਕਿ ਜਦੋਂ ਲੋਕ-ਕਵੀਆਂ ਇਸ ਨੂੰ ਅਪਣਾਇਆ ਤਾਂ ਇਸ ਦਾ ਨਿਰੋਲ ਪੇਂਡੂ ਕਲੇਵਰ ਨਿਖਰ ਆਇਆ। ਖ਼ਾਸ ਕਰਕੇ ਪੇਂਡੂ ਕਵੀਸ਼ਰਾਂ ਵਿਰੋਧ ਦੇ ਮਸਲੇ ਲੈ ਕੇ ਤੇ ਆਪਣੀ ਕਲਪਨਾ-ਸ਼ਕਤੀ ਨਾਲ ਦੋ ਵਿਅਕਤੀਆਂ ਦੇ ਸੰਵਾਦ ਕਰਾ ਕੇ ਵਾਦ-ਵਿਵਾਦ ਰਚਾਏ ਅਤੇ ਸਮਾਜ ਦੇ ਦੋ ਪੱਖ ਇਉਂ ਭਿੜਦੇ ਦੱਸੇ, ਜਿਵੇਂ ਕੋਈ ਮਹਾਂਭਾਰਤ ਦਾ ਯੁੱਧ ਮਚ ਰਿਹਾ ਹੁੰਦਾ ਹੈ। ਇਹੋ ਪੇਂਡੂ ਕਲਾਕਾਰਾਂ ਦੀ ਖ਼ੂਬੀ ਸੀ, ਨਾਲ ਨਾਲ ਉਨ੍ਹਾਂ ਹਾਸੇ ਤਮਾਸ਼ੇ ਦੀ ਚੁਟਕੀ ਪਾ ਕੇ, ਇਸ ਭੇੜ ਤੇ ਇਸ ਖਹਿਬਾਜ਼ੀ ਨੂੰ ਸ਼ੁਗਲ ਮੇਲੇ ਦੀ ਚੀਜ਼ ਬਣਾ ਦਿੱਤਾ। ਇਸ ਦਾ ਮਨੋਰੰਜਕ ਸਰੂਪ ਪਹਿਲੇ ਪਹਿਲ 'ਕਾਨ੍ਹ ਗੁਜਰੀ ਦੇ ਝਗੜੇ' ਨਾਲ ਹੀ ਬਣਿਆ। ਇਸ ਤੋਂ ਕਵੀਆਂ ਨੂੰ ਐਸੀ ਸਮੱਗਰੀ ਮਿਲਦੀ ਹੈ

ਜਿਸ ਵਿਚ ਛੇੜਖ਼ਾਨੀ, ਸ਼ਰਾਰਤ ਤੇ ਤਾਅਨੇ-ਮਿਹਣੇ ਦੀ ਕਾਫ਼ੀ ਗੁੰਜਾਇਸ਼ ਬਣਦੀ ਹੈ।

ਝਗੜੇ ਦਾ ਵਿਸ਼ਾ-ਵਸਤੂ

ਸੋ, ਝਗੜਾ ਕਾਵਿ-ਰੂਪ, ਕੋਈ ਲੜਾਈ ਫ਼ਸਾਦ ਪੇਸ਼ ਨਹੀਂ ਕਰਦਾ, ਸਗੋਂ ਦੋ ਵਿਰੋਧੀਆਂ ਨੂੰ ਬੁਲਾ ਕੇ ਮੌਕਾ ਦਿੰਦਾ ਹੈ ਕਿ ਉਹ ਆਪਣਾ ਆਪਣਾ ਪੱਖ ਪੇਸ਼ ਕਰਨ। ਸੋ, ਉਹ ਕਰਦੇ ਹਨ ਤੇ ਕਵੀਸ਼ਰ ਦੀ ਰਾਇ ਵੀ ਇਕ ਵੱਲ ਜ਼ਰੂਰ ਹੁੰਦੀ ਹੈ ਤੇ ਆਮ ਤੌਰ 'ਤੇ ਉਹ ਨਿਆਂ ਤੇ ਸੱਚ ਦਾ ਪਾਸਾ ਹੁੰਦਾ ਹੈ। ਹੁਣ ਇਹ ਵਿਰੋਧ ਵਾਲੇ ਮਸਲੇ ਅਨੇਕ ਭਾਂਤ ਦੇ ਹਨ। ਇਥੇ ਇਹ ਬਹਿਸ ਨਹੀਂ ਕਿ ਸ੍ਰਿਸ਼ਟੀ ਕਦੋਂ ਪੈਦਾ ਹੋਈ, ਇਸ ਦਾ ਕਰਤਾ ਨਿਰਗੁਣ ਬ੍ਰਹਮ ਸੀ ਜਾਂ ਸਰਗੁਣ ਬ੍ਰਹਮ, ਮਾਇਆ ਨਿਤ ਹੈ ਜਾਂ ਅਨਿੱਤ, ਆਤਮਾ ਅਮਰ ਹੈ ਜਾਂ ਛਿਨ ਭੰਗਰ? ਪੇਂਡੂ ਆਦਮੀ ਨੂੰ ਇਸ ਝੰਜਟ ਵਿਚ ਪੈਣ ਦੀ ਕੀ ਲੋੜ ਹੈ, ਉਹ ਤਾਂ ਆਪਣੇ ਆਲੇ-ਦੁਆਲੇ ਦੇ ਮਾਮਲੇ ਲੈਂਦਾ ਹੈ, ਰਿਸ਼ਤਿਆਂ ਦੇ ਪਏ ਬਿਖਾਧ ਦੀ ਗੱਲ ਛੇੜਦਾ ਹੈ ਤਾਂ ਕਿ ਸਮਾਜ ਵਿੱਚੋਂ ਬੇਰਸੀ ਘਟੇ। ਮਿਸਾਲ ਲਈ ਦਿਓਰ ਭਾਬੀ ਦਾ ਝਗੜਾ ਦੋ ਹਾਣੀਆਂ ਦੀ ਕਸ਼ਮਕਸ਼ ਹੈ, ਜਿਸ ਦਾ ਆਧਾਰ ਕੋਮਲ ਪ੍ਰੇਮ-ਤਰੰਗਾਂ ਹਨ, ਨੂੰਹ ਸੱਸ ਦਾ ਝਗੜਾ ਹੈ, ਇਸ ਦੇ ਪਿੱਛੇ ਦ੍ਵੈਸ਼ ਤਰੰਗਾਂ ਕੰਮ ਕਰਦੀਆਂ ਹਨ ਤੇ ਕੋਈ ਧਿਰ ਅਧਿਕਾਰ ਛੱਡਣ ਲਈ ਤਿਆਰ ਨਹੀਂ, ਪੁਰਾਤਨਤਾ ਤੇ ਨਵੀਨਤਾ ਦੀ ਇਹ ਜੰਗ ਹੁੰਦੀ ਰਹਿੰਦੀ ਹੈ। ਜੱਟੀ ਤੇ ਖਤ੍ਰਾਣੀ ਦੀ ਲੜਾਈ ਦੋ ਵਰਗਾਂ ਦੇ ਸੰਘਰਸ਼ ਨੂੰ ਪ੍ਰਗਟਾਉਂਦੀ ਹੈ। ਜਦੋਂ 19ਵੀਂ ਸਦੀ ਦੇ ਸ਼ੁਰੂ ਵਿਚ ਸੌਂਧੇ ਸਿੰਘ ਨੇ ਇਹ ਝਗੜਾ ਲਿਖਿਆ ਸੀ, ਉਦੋਂ ਵੀ ਵਪਾਰੀ ਤੇ ਕਿਰਸਾਨੀ ਜਮਾਤ ਦਾ ਭਿੰਨ ਭੇਦ ਸੀ। ਹੁਣ ਜਦ ਵੀਹਵੀਂ ਸਦੀ ਦੇ ਅੰਤਿਮ ਸਿਰੇ 'ਤੇ ਛੱਜੂ ਸਿੰਘ ਨੇ ਇਸ ਨੂੰ 'ਬਾਣੀਏ ਤੇ ਜੱਟ ਦੀ ਲੜਾਈ' ਦੇ ਰੂਪ ਵਿਚ ਪੇਸ਼ ਕੀਤਾ ਹੈ ਤਾਂ ਵੀ ਇਹ ਸ਼੍ਰੇਣੀ-ਸੰਘਰਸ਼ ਮੱਠਾ ਪਿਆ ਨਹੀਂ ਲੱਗਦਾ। ਇਹ ਵਿਅਕਤੀਗਤ ਮਾਮਲਾ ਨਹੀਂ, ਸਗੋਂ ਦੋ ਜਾਤੀਆਂ ਦਾ ਸੰਘਰਸ਼ ਹੈ, ਦੋ ਹਿੱਤਾਂ ਦਾ ਝਗੜਾ ਹੈ। ਕਵੀਸ਼ਰ ਦਾ ਕੰਮ ਦੋਹਾਂ ਦੇ ਗੁਣ ਔਗੁਣ ਦੱਸ ਕੇ ਸਮਾਜ ਨੂੰ ਉਸ ਤੋਂ ਚੇਤੰਨ ਕਰਨਾ ਹੈ, ਕਿਸੇ ਇਕ ਦਾ ਵਿਰੋਧ ਉਸ ਦਾ ਮਨੋਰਥ ਨਹੀਂ ਤੇ ਨਾ ਹੀ ਉਸ ਦੀ ਗੱਲ ਦਾ ਗ਼ੁੱਸਾ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਸਾਡਾ ਸਮਾਜ ਉੱਚੀ ਨੀਵੀਂ ਸ਼੍ਰੇਣੀ ਦੇ ਪਰਸਪਰ ਸੰਘਰਸ਼ ਦਾ ਸ਼ਿਕਾਰ ਹੈ, ਬ੍ਰਾਹਮਣ ਆਪਣੇ ਆਪ ਨੂੰ ਵੱਡਾ ਸਮਝਦਾ ਹੈ ਤੇ ਨਾਈ ਡੂਮ ਨੂੰ ਛੋਟਾ, ਜਦੋਂ ਕਿ ਸਾਰੇ ਮੰਗ ਕੇ ਖਾਣ ਦਾ ਕੰਮ ਕਰਦੇ ਹਨ। ਇਸ ਝੂਠੇ ਵਿਰੋਧ ਨੂੰ ਸਿਆਣੇ ਕਵੀ ਨੇ 'ਤਿਹੁੰ ਯਾਰਾਂ ਦੇ ਝਗੜੇ' ਵਿਚ ਬੰਨ੍ਹ ਕੇ ਸੋਹਣੀ ਤਰ੍ਹਾਂ ਦੱਸਿਆ ਹੈ।

ਇਸ ਤਰ੍ਹਾਂ ਕੁਝ ਗੱਲਾਂ ਅਜਿਹੀਆਂ ਮਾੜੀਆਂ ਹਨ ਜਿਨ੍ਹਾਂ ਨੂੰ ਨਿੰਦਣ ਲਈ ਝਗੜੇ ਦਾ ਰੂਪ ਦਿੱਤਾ ਗਿਆ, ਜਿਵੇਂ ਕਿ ਸੁਖਈ ਸੁਖਾਇਣ ਦਾ ਵਾਰਤਾਲਾਪ, ਸ਼ਰਾਬੀ ਤੇ ਉਸ ਦੀ ਨਾਰਿ ਦਾ ਪ੍ਰਸ਼ਨੋਤਰ, ਇਹ ਸਭ ਨਸ਼ੇ ਦੀਆਂ ਹਾਨੀਆਂ ਸਮਝਾਉਣ ਦਾ ਉਪਰਾਲਾ ਹੈ। ਸਹੇਲੀਆਂ ਦਾ ਵਾਰਤਾਲਾਪ ਉਨ੍ਹਾਂ ਦੇ ਪਤੀਆਂ ਤੇ ਸਮਾਜ ਵੱਲੋਂ ਕੀਤੀਆਂ ਜਾ ਰਹੀਆਂ ਬੁਰਿਆਈਆਂ ਦਾ ਪਾਜ ਖੋਲ੍ਹਦਾ ਹੈ। ਇਸੇ ਤਰ੍ਹਾਂ ਸੂਮਾਂ ਨੂੰ

ਬੰਨ੍ਹਣ ਵਾਲੇ ਬੰਧਨ ਆਪਣੇ ਹਨ, ਛੜੇ ਭਾਵੇਂ ਸਮਾਜਕ ਬੰਧਨ ਤੋਂ ਮੁਕਤ ਹਨ, ਪਰ ਉਨ੍ਹਾਂ ਨੂੰ 'ਬੰਧਨ ਮੁਕਤ' ਅਵਸਥਾ ਦਾ ਹੀ ਦੁੱਖ ਹੈ। ਉਹ ਸੋਚਦੇ ਹਨ ਕਿ ਉਨ੍ਹਾਂ ਦੀਆਂ ਕੁਦਰਤੀ ਉਮੰਗਾਂ ਕਿਉਂ ਪੂਰੀਆਂ ਨਹੀਂ ਹੁੰਦੀਆਂ। ਬੇਚਾਰੇ ਰਾਤ ਦਿਨ ਇਹੋ ਗਿੱਟੀਆਂ ਗਿਣਦੇ ਰਹਿੰਦੇ ਹਨ:

ਛੜੇ ਬੈਠ ਕੇ ਸਲਾਹਾਂ ਕਰਦੇ, ਕੌਣ ਕੌਣ ਹੋਈਆਂ ਰੰਡੀਆਂ।

ਅਸੀਂ ਵੇਖਦੇ ਹਾਂ ਕਿ ਲੋਕ-ਕਵੀ ਆਪਣੇ ਤਕ ਸੀਮਤ ਨਹੀਂ, ਉਹ ਸਮਾਜ ਵਿਚ ਜਿਥੇ ਜਿਥੇ ਵੀ ਵਿਰੋਧ ਦੇਖਦਾ ਹੈ, ਉਥੇ ਉਥੇ ਸੱਚ ਝੂਠ ਤੇ ਠੀਕ, ਨਾ ਠੀਕ ਦਾ ਕਾਰਨ ਆਪਣੇ ਪਾਠਕਾਂ ਤੇ ਸਰੋਤਿਆਂ ਨਾਲ ਸਾਂਝਾ ਕਰਦਾ ਹੈ ਤਾਂ ਕਿ ਲੋਕ ਵਾਧੂ ਖਿਚੋਤਾਣ ਤੋਂ ਛੁਟਕਾਰਾ ਪਾ ਸਕਣ। ਇਹ ਕਮਾਲ ਦੀ ਗੱਲ ਹੈ ਕਿ ਝਗੜਾ ਲਿਖਣ ਵਾਲਾ ਆਪਣੇ ਸਮਾਜ ਨੂੰ ਝਗੜੇ ਝੰਜਟ ਤੋਂ ਖ਼ਲਾਸੀ ਦਿਵਾਉਣ ਲਈ ਹੀ ਇਸ ਸ਼ਬਦਾਤਮਕ ਝਗੜੇ ਦੀ ਸਿਰਜਣਾ ਕਰਦਾ ਹੈ।

ਇਸ ਨਾਲ ਸਮਾਜ ਦਾ ਯਥਾਰਥ ਉਘੜਦਾ ਤੇ ਬੋਲ-ਚਾਲ ਦੀ ਭਾਸ਼ਾ ਦਾ ਕੁਦਰਤੀ ਰੂਪ ਸਾਹਮਣੇ ਆਉਂਦਾ ਹੈ। ਮਨੋਰੰਜਨ ਦੇ ਨਾਲ ਨਾਲ ਕੁਝ ਸਿੱਖਿਆ ਨਸੀਹਤ ਵੀ ਮਿਲਦੀ ਹੈ, ਇਸ ਲਈ ਇਸ ਨੂੰ ਕੇਵਲ ਪੇਂਡੂ ਪੈਦਾਵਾਰ ਕਹਿ ਕੇ ਛੁਟਿਆਇਆ ਨਹੀਂ ਜਾ ਸਕਦਾ।

ਅਸਾਂ 'ਝਗੜਾ' ਕਾਵਿ-ਰੂਪ ਦੀ ਉਤਪਤੀ ਤੇ ਵਿਕਾਸ ਦੱਸਦਿਆਂ ਇਹ ਗੱਲ ਆਖੀ ਸੀ ਕਿ ਇਹ ਸਾਧਾਂ ਤੇ ਜੋਗੀਆਂ ਨਾਥਾਂ ਦੇ ਸੰਵਾਦਾਂ, ਗੋਸ਼ਟਾਂ ਦਾ ਇਕ ਬਦਲਿਆ ਪੇਂਡੂ ਰੂਪ ਹੈ ਪਰ ਅਸੀਂ ਜਾਣਦੇ ਹਾਂ ਕਿ ਝਗੜਾ-ਸਾਹਿਤ ਦਾ ਮੁੱਖ ਵਸਤੂ, ਸਾਧਾਂ ਸੰਤਾਂ ਵਾਲਾ ਪਰਮਾਰਥ ਨਹੀਂ, ਸਗੋਂ ਦੁਨੀਆਦਾਰੀ ਦੀ ਗੱਲ ਹੈ। ਫਿਰ ਸੰਵਾਦ ਦਾ ਝਗੜੇ ਨੂੰ ਇਹ ਰੁਖ਼ ਜਾਂ ਇਹ ਸੇਧ ਕਿਸ ਨੇ ਦਿੱਤੀ, ਜਿਸ ਕਾਰਨ ਇਸ ਦਾ ਸਾਰਾ ਢਾਂਚਾ ਹੀ ਬਦਲ ਗਿਆ। ਮੇਰਾ ਵਿਚਾਰ ਹੈ, ਕ੍ਰਿਸ਼ਨ ਲੀਲ੍ਹਾ ਨੇ। ਪੰਜਾਬ ਵਿਚ ਰਾਸ ਲੀਲ੍ਹਾ ਹੁੰਦੀਆਂ ਸਨ ਤੇ ਸਾਡੇ ਪੇਂਡੂ ਕਵੀਸ਼ਰ ਇਸ ਵਿਚ 'ਕ੍ਰਿਸ਼ਨ ਗੋਪੀ ਸੰਵਾਦ' ਸੁਣਦੇ ਸਨ। ਇਸੇ ਨੂੰ ਹੀ ਉਨ੍ਹਾਂ 'ਕਾਨ੍ਹ ਗੁਜਰੀ ਦਾ ਝਗੜਾ' ਬਣਾ ਕੇ ਪੇਸ਼ ਕੀਤਾ। ਕ੍ਰਿਸ਼ਨ ਜੀ ਦੀ ਰਾਸ ਲੀਲ੍ਹਾ ਰਾਧਿਕਾ ਨਾਲ ਸੀ ਜਾਂ ਚੰਦ੍ਰਾਵਲਿ ਨਾਲ ਜਾਂ ਕਿਸੇ ਹੋਰ ਗੋਪੀ ਨਾਲ, ਆਖ਼ਰ ਇਹ ਆਜ਼ਾਦ ਮੁੰਡੇ ਕੁੜੀਆਂ ਦਾ ਦੁਨਿਆਵੀ ਮੌਜ-ਮੇਲਾ ਹੀ ਸੀ, ਅੱਜ ਭਾਵੇਂ ਧਾਰਮਿਕ ਅਚਾਰਜ ਇਹ ਅਰਥ ਕਰ ਕਰ ਕੇ ਦੱਸਣ ਕਿ ਗੋਪੀਆਂ ਸਮੂਹ ਜੀਵਾਤਮਾਵਾਂ ਹਨ ਤੇ ਕ੍ਰਿਸ਼ਨ ਭਗਵਾਨ ਆਪ, ਇਹ ਬਾਦ ਦੇ ਅਰਥ ਹਨ, ਜਦੋਂ ਇਹ ਘਟਨਾਵਲੀ ਪ੍ਰਤੀਕ ਬਣ ਕੇ ਉਭਰੀ। ਪਹਿਲੇ ਇਹ ਇਕ ਮਾਮੂਲੀ ਗੱਲ ਸੀ ਕਿ ਇਕ ਵਾਗੀ ਮੁੰਡਾ ਬੰਸਰੀ ਵਜਾ ਕੇ ਗੋਪੀਆਂ ਨਾਲ ਮਨਭਾਉਂਦੀਆਂ ਛੇੜਖ਼ਾਨੀਆਂ ਕਰਦਾ ਹੈ ਤੇ ਗੋਪੀਆਂ ਵੀ ਇਸ ਉਤੇ ਕੋਈ ਇਤਰਾਜ਼ ਨਹੀਂ ਕਰਦੀਆਂ, ਸਗੋਂ ਵਿਚੇ ਵਿਚ ਖ਼ੁਸ਼ ਹੁੰਦੀਆਂ ਸਨ। ਇਨ੍ਹਾਂ ਕਲੋਲਾਂ ਨੂੰ ਹੀ ਕਵੀਆਂ ਨੇ ਚਟਖਾਰੇ ਲੈ ਕੇ ਬਿਆਨ ਕੀਤਾ ਤੇ ਖੁੱਲ੍ਹਾਂ ਲੈ ਕੇ 'ਕ੍ਰਿਸ਼ਨ ਗੋਪੀ ਸੰਵਾਦ' ਲਿਖੇ। ਇਨ੍ਹਾਂ ਵਿਚ ਕਾਫ਼ੀ ਕੁਝ ਊਲ-ਜਲੂਲ ਤੇ ਬਜ਼ਾਰੀ ਢੰਗ ਦਾ ਵੀ ਸੀ, ਜਿਸ ਨੂੰ ਸ਼ਿਸ਼ਟਾਚਾਰ ਪਰਵਾਨ ਨਹੀਂ ਸੀ ਕਰਦਾ। ਜਿਵੇਂ ਕਿ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ:

ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥

(ਵਾਰ ਆਸਾ ਮ: ੧, ਪੰਨਾ 464)

ਇਹ ਕਾਨ੍ਹ ਦੇ ਪ੍ਰੇਮ-ਰੰਗੇ ਝਗੜੇ, ਪੰਜਾਬੀ ਗੱਭਰੂਆਂ ਦੀ ਆਪਣੀ ਮਨੋਬਿਰਤੀ ਅਨੁਸਾਰ ਸਨ। ਇਨ੍ਹਾਂ ਝਗੜਿਆਂ ਵਿਚ ਇਕ ਦੂਜੇ ਨੂੰ ਮਿੱਠੀਆਂ ਟਕੋਰਾਂ ਤੇ ਤਾਅਨੇ ਦੇ ਕੇ ਨਿਰਖਿਆ ਪਰਖਿਆ ਜਾਂਦਾ ਸੀ, ਪੰਜਾਬੀ ਮੁੰਡਿਆਂ ਨੂੰ ਇਹ ਚੰਗੇ ਲੱਗੇ। ਉਹ ਵੀ ਖ਼ੁਦ ਮੱਝਾਂ ਗਊਆਂ ਚਾਰਨ ਵਾਲੇ ਪਾਲੀ ਸਨ, ਕਈ ਰਾਂਝੇ ਵਾਂਗ ਖੁੱਲ੍ਹਾਂ ਮਾਣਨ ਵਾਲੇ ਵੰਝਲੀ ਦੇ ਵੀ ਸ਼ੌਕੀਨ ਸਨ, ਜੁਆਨੀ ਵਿਚ ਛੇੜਖ਼ਾਨੀ ਦੀ ਖੁਰਕ ਹੋਣੀ ਕੁਦਰਤੀ ਗੱਲ ਸੀ ਤੇ ਇਹ ਛੇੜਖ਼ਾਨੀ ਵਾਲਾ ਅੰਸ਼ ਕ੍ਰਿਸ਼ਨ-ਕਥਾ ਵਿਚ ਪਹਿਲੇ ਹੀ ਮੌਜੂਦ ਸੀ। 'ਭਾਗਵਤ ਪੁਰਾਣ' ਦੇ ਦਸਮ ਸਕੰਧ ਦੇ ਪੂਰਬਾਰਧ ਦੇ ਸੰਤਾਲੀਵੇਂ ਅਧਿਆਇ ਵਿਚ ਇਹ ਪ੍ਰਸੰਗ ਹੈ। ਇਸੇ ਕਥਾ ਨੂੰ ਹਿੰਦ ਕਵੀਆਂ 'ਭ੍ਰਮਰ ਗੀਤ' ਵਿਚ ਕਲਮਬੰਦ ਕੀਤਾ ਹੈ। 'ਸੂਰਸਾਗਰ' ਵਿਚ ਵੀ ਇਹ ਵਾਰਤਾ ਦਿੱਤੀ ਹੈ, ਨੰਦ ਦਾਸ ਦਾ 'ਭੰਵਰ ਗੀਤ' ਪ੍ਰਸਿੱਧ ਹੀ ਹੈ, ਹੋਰ ਅਨੇਕਾਂ ਕਵੀਆਂ ਨੇ ਇਹ ਪ੍ਰਸੰਗ ਲਿਖਿਆ ਹੈ ਕਿ ਆਪਣੇ ਮਨੋਭਾਵ ਪ੍ਰਗਟ ਕੀਤੇ ਹਨ। ਪੰਜਾਬੀ ਵਿਚ 'ਮਿਠੜੇ' ਲਿਖਣ ਵਾਲੇ ਕਵੀ, ਇਸੇ ਪਰੰਪਰਾ ਤੋਂ ਪ੍ਰਭਾਵਿਤ ਸਨ।

ਸਾਡਾ ਇਥੇ ਇਸ ਚਰਚਾ ਤੋਂ ਭਾਵ ਇਤਨਾ ਹੀ ਹੈ ਕਿ ਝਗੜੇ ਕਾਵਿ-ਰੂਪ ਨੂੰ ਕ੍ਰਿਸ਼ਨ ਕਥਾ ਨੇ ਬਹੁਤ ਰੰਗੀਨੀ ਦਿੱਤੀ ਹੈ, ਪਹਿਲੇ ਪਹਿਲ ਝਗੜੇ ਦੀ ਕਾਵਿ-ਪਰੰਪਰਾ ਇਸੇ ਨਾਲ ਪ੍ਰਫੁੱਲਤ ਹੋਈ, ਪਰ ਇਸ ਦਾ ਅਰਥ ਹਰਗਿਜ਼ ਇਹ ਵੀ ਨਹੀਂ ਕਿ ਰੀਤੀ ਕਾਲ ਦੀਆਂ ਹਿੰਦੀ ਰਚਨਾਵਾਂ ਤੋਂ ਪ੍ਰਭਾਵਿਤ ਹੋ ਕੇ ਝਗੜਾ ਲਿਖਣ ਦੀ ਰੀਤਿ ਚੱਲੀ। ਇਹ ਗੱਲ ਜ਼ਰੂਰ ਮੰਨਣ ਯੋਗ ਹੈ ਕਿ ਰਾਸ ਲੀਲ੍ਹਾ ਦੇ ਪ੍ਰਸੰਗ ਦੇਖ ਕੇ ਪੇਂਡੂ ਲੋਕ ਤੇ ਪੰਜਾਬੀ ਕਵੀਸ਼ਰ ਇਸ ਵੱਲ ਪ੍ਰੇਰਿਤ ਹੋਏ ਤੇ ਉਨ੍ਹਾਂ 'ਕਾਨ੍ਹ ਗੋਪੀਆਂ ਦੇ ਝਗੜੇ' ਲਿਖ ਕੇ ਇਸ ਕਾਵਿ-ਰੂਪ ਨੂੰ ਪੰਜਾਬੀ ਖੇਤਰ ਵਿਚ ਫੈਲਾਇਆ।

ਜਦੋਂ ਇਹ ਪਰੰਪਰਾ ਵਿਕਸਤ ਹੋ ਗਈ ਤਾਂ ਅਨੇਕਾਂ ਮਸਲਿਆਂ ਦੇ ਝਗੜੇ ਬਣਾ ਕੇ ਸਵਾਲ ਜਵਾਬ ਜੋੜ ਕੇ ਤੇ ਪ੍ਰਸ਼ਨੋਤਰ ਪ੍ਰੋ ਕੇ ਇਸ ਭੰਡਾਰ ਨੂੰ ਭਰਪੂਰ ਕੀਤਾ ਗਿਆ। ਇਨ੍ਹਾਂ ਕਵੀਸ਼ਰਾਂ ਦਾ ਕਮਾਲ ਦੋ ਗੱਲਾਂ ਵਿਚ ਸੀ, ਇਕ ਤਾਂ ਇਹ ਆਪਣੀ ਕਲਪਨਾ-ਸ਼ਕਤੀ ਆਸਰੇ ਸਾਰੇ ਵਾਰਤਾਲਾਪ ਦਾ ਢਾਂਚਾ ਤਿਆਰ ਕਰਦੇ ਸਨ, ਦੂਜੇ ਇਸ ਸੰਵਾਦ ਨੂੰ ਕੜਾਕੇਦਾਰ ਠੇਠ ਪੇਂਡੂ ਬੋਲਾਂ ਵਿਚ ਗੁੰਦ ਕੇ ਜ਼ੋਰਦਾਰ ਬਣਾਉਂਦੇ ਸਨ। ਸ਼ਾਇਦ ਕਲਾ ਪੱਖ ਤੋਂ ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਉੱਚੀ ਪੱਧਰ ਦੀ ਕਵਿਤਾ ਨਾ ਕਿਹਾ ਜਾ ਸਕੇ ਪਰ ਫਿਰ ਵੀ ਸਾਨੂੰ ਇਹ ਮੰਨਣਾ ਪਵੇਗਾ ਕਿ ਪੇਂਡੂ ਕਲਾਕਾਰੀ ਦੀਆਂ ਇਹ ਮਨੋਰੰਜਕ ਕਿਰਤਾਂ ਹਨ, ਜੋ ਅੱਜ ਵੀ ਕਈ ਪਹਿਲੂਆਂ ਤੋਂ ਦਿਲਚਸਪੀ ਦਾ ਕਾਰਨ ਹਨ।

ਅੱਜ-ਕੱਲ੍ਹ ਯਥਾਰਥਵਾਦ ਤੇ ਨਗਨਵਾਦ ਦਾ ਬੋਲ-ਬੋਲਾ ਹੈ। ਯੂਰਪੀਨ

ਪ੍ਰਭਾਵ ਸਦਕੇ ਸਾਡੇ ਅਨੇਕਾਂ ਗਲਪਕਾਰ ਅਸ਼ਲੀਲ ਸਾਹਿੱਤ ਦੀ ਰਚਨਾ ਕਰ ਕੇ ਖ਼ੁਸ਼ ਹਨ। ਉਹ ਲਿੰਗ-ਸੁਤੰਤ੍ਰਤਾ ਦੇ ਨਾਂ 'ਤੇ ਭੋਗ ਕ੍ਰਿਆ ਤਕ ਦਾ ਬਿਆਨ ਕਰ ਕੇ ਰਸ ਲੈਂਦੇ ਹਨ ਤੇ ਇਸ ਨੂੰ ਪਰ-ਯਥਾਰਥਵਾਦ (Surrealism) ਦਾ ਨਾਂ ਦਿੰਦੇ ਹਨ। ਪ੍ਰੰਤੂ ਇਹ ਗੱਲ ਧਿਆਨ ਕਰਨ ਜੋਗ ਹੈ ਕਿ ਸਾਡੇ ਪੇਂਡੂ ਕਵੀਸ਼ਰ ਖੁੱਲ੍ਹੀਆਂ ਡੁੱਲ੍ਹੀਆਂ ਗੱਲਾਂ ਕਰਦੇ ਵੀ ਤਹਿਜ਼ੀਬ ਦਾ ਪੱਲਾ ਨਹੀਂ ਛੱਡਦੇ ਤੇ ਨਾ ਹੀ ਵਾਸ਼ਨਾਵਾਦੀ ਹੋ ਕੇ ਸ੍ਰੋਤੇ ਨੂੰ ਇਸ ਵਿਚ ਫਸਾਉਂਦੇ ਹਨ। ਇਨ੍ਹਾਂ ਪੇਂਡੂ ਕਲਾਕਾਰਾਂ ਥਾਂ ਥਾਂ ਪੂਰੀ ਤਰ੍ਹਾਂ ਪੇਂਡੂ ਜੀਵਨ ਦਾ ਯਥਾਰਥਕ ਚਿਤਰਣ ਕੀਤਾ ਹੈ। ਪ੍ਰੰਤੂ ਸ਼ਹਿਰੀ ਸਾਹਿੱਤਕਾਰਾਂ ਜਾਂ ਸਿਨੇਮੇ ਵਾਲਿਆਂ ਵਾਂਗ ਬੇਹੱਯਾਈ ਦਾ ਵਿਖਾਵਾ ਕਿਧਰੇ ਨਹੀਂ ਕੀਤਾ। ਸ਼ਿਸ਼ਟਾਚਾਰ ਦੀ ਇਕ ਹੱਦ ਹੈ, ਜਿਸ ਦੀ ਇਹ ਸਾਧਾਰਨ ਗ੍ਰਮੀਣ ਸਾਹਿੱਤਕਾਰ ਵੀ ਪਾਲਣਾ ਕਰਦੇ ਦਿਸਦੇ ਹਨ। ਪਾਰ ਗਏ ਪ੍ਰਗਤੀਵਾਦੀਆਂ ਨੂੰ ਕੀ ਆਖੀਏ?

ਇਕ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਹ ਕਿੱਸਾਕਾਰੀ ਦਾ ਬਗ਼ੀਚਾ ਵਧੇਰੇ ਮਾਲਵੇ ਦੇ ਮਾਰੂਥਲ ਵਿਚ ਹੀ ਮੌਲਿਆ। ਕਾਰਨ ਇਹ ਜਾਪਦਾ ਹੈ ਕਿ ਲੋਕ-ਸਾਹਿੱਤ ਦੀ ਕਲਾ ਮੌਲਿਕ ਪੇਂਡੂ ਕਲਾ ਹੈ, ਇਸ ਨੂੰ ਬਾਹਰਲਾ ਪਰਛਾਵਾਂ ਪਰਵਾਨ ਨਹੀਂ ਤੇ ਨਾ ਹੀ ਪੁੱਗਦਾ ਹੈ। ਜਿਵੇਂ ਕੋਈ ਕਵੀ ਜੇ ਦਾਰਸ਼ਨਿਕ ਅਧਿਐਨ ਵਿਚ ਜੁੱਟ ਜਾਵੇ ਤਾਂ ਉਸ ਦਾ ਕਾਵਿ ਪਰਵਾਹ ਰੁਕ ਜਾਂਦਾ ਹੈ, ਇਸੇ ਤਰ੍ਹਾਂ ਬਾਹਰਲੀਆਂ ਵਿਦਿਆ ਇਸ ਕਲਾ ਨੂੰ ਮੁਰਝਾ ਸੁਕਾ ਦਿੰਦੀਆਂ ਹਨ। ਜਿਸ ਤਰ੍ਹਾਂ ਮਾਲਵੇ ਵਿਚ ਬਾਜਰਾ, ਸਰ੍ਹੋਂ, ਛੋਲੇ, ਡੇਲੇ ਆਮ ਹੁੰਦੇ ਸਨ ਤੇ ਇਨ੍ਹਾਂ ਨੂੰ ਪਾਣੀ ਦੀ ਕੁਝ ਘੱਟ ਹੀ ਲੋੜ ਪੈਂਦੀ ਹੈ, ਇਸੇ ਤਰ੍ਹਾਂ ਕਿੱਸਾਕਾਰੀ ਨੂੰ ਤਾਲੀਮ ਦਾ ਪਾਣੀ ਸੁਖਾਉਂਦਾ ਨਹੀਂ, ਇਹ ਜਿਤਨਾ ਆਪਣੇ ਆਪ ਵਿਚ ਰਹੇ, ਉਤਨਾ ਮੌਲਿਕ ਤੇ ਨਰੋਆ ਹੁੰਦਾ ਹੈ। ਸਾਡੇ ਗਵੰਤਰੀ ਇਨ੍ਹਾਂ ਫ਼ਸਲਾਂ ਨੂੰ ਸੰਭਾਲਦੇ ਤੇ ਇਨ੍ਹਾਂ ਬੋਲਾਂ ਦੀ ਥਾਂ ਥਾਂ ਗੂੰਜ ਪਾ ਕੇ ਧਮਾਲਾਂ ਪਾਉਂਦੇ ਹਨ:

ਲੱਕ ਲੱਕ ਹੋਗੇ ਬਾਜਰੇ, ਰੁੱਤ ਗਿੱਧਾ ਪਾਉਣ ਦੀ ਆਈ।

ਝਗੜੇ ਲਿਖਣ ਵਾਲੇ ਕਵੀ ਕਵੀਸ਼ਰ

1. ਇਸ ਪਾਸੇ ਦੀ ਸਭ ਤੋਂ ਪੁਰਾਤਨ ਰਚਨਾ ਗੋਰਖ ਦੇ ਨਾਂ 'ਤੇ 'ਦੁਆਦਸ ਮਾਤ੍ਰਾ ਕਾ ਝਗੜਾ' ਹੈ। ਇਹ ਸਭ ਜਾਣਦੇ ਹਨ ਕਿ ਬਾਰਹ-ਖੜੀ ਜਾਂ ਮੁਹਾਰਨੀ ਵਿਚ ਹਰ ਅੱਖਰ ਨੂੰ ਬਾਰ੍ਹਾਂ ਮਾਤ੍ਰਾ ਲੱਗਦੀਆਂ ਹਨ:

ਕ ਕਾ ਕਿ ਕੀ ਕੁ ਕੂ ਕੇ ਕੈ ਕੋ ਕੌ ਕੰ ਕਾਂ।

ਜਿਸ ਤਰ੍ਹਾਂ ਅੱਖਰ ਲਈ ਮਾਤਰਾ ਦਾ ਧਾਰਨਾ ਜ਼ਰੂਰੀ ਹੈ ਤਾਂ ਹੀ ਉਹ ਲੋੜੀਂਦੀ ਆਵਾਜ਼ ਪ੍ਰਗਟ ਕਰਨ ਦੇ ਸਮਰੱਥ ਹੁੰਦਾ ਹੈ, ਇਸੇ ਤਰ੍ਹਾਂ ਸਿੱਧਾਂ ਜੋਗੀਆਂ ਵਿਚ ਧਾਰਨ ਕਰਨ ਵਾਲੀ ਰਹਿਤ ਮਰਿਆਦਾ ਨੂੰ 'ਮਾਤ੍ਰਾ' ਕਿਹਾ ਜਾਂਦਾ ਹੈ। ਆਮ ਤੌਰ 'ਤੇ ਜੋਗੀ—ਮੁੰਦ੍ਰਾ, ਖਿੰਥਾ, ਡੰਡਾ, ਝੋਲੀ, ਬਿਭੂਤਿ, ਸਿੰਗੀ ਆਦਿ ਚਿੰਨ੍ਹਾਂ ਨੂੰ ਭੇਖ ਵਜੋਂ ਧਾਰਨ ਕਰਨਾ ਜ਼ਰੂਰੀ ਸਮਝਦੇ ਹਨ ਪ੍ਰੰਤੂ ਜਦੋਂ ਇਹ ਕੇਵਲ ਬਾਹਰਲਾ ਅਡੰਬਰ ਹੀ ਰਹਿ ਗਿਆ ਤਾਂ ਅੰਦਰਲੀ ਰਹਿਤ ਦੱਸਣ ਲਈ ਕਈ ਸਿੱਧਾਂ ਨਾਥਾਂ ਪ੍ਰੇਰਨਾ ਕੀਤੀ। ਚਰਪਟ ਨਾਥ ਨੇ ਸਾਫ਼ ਕਿਹਾ:

ਸੇਲੀ ਨ ਬਾਂਧਉਂ ਪਹਿਰਉਂ ਨ ਮ੍ਰਿਗਾਨੀ। ਖਿੰਥਾ ਨ ਓਢਹੁ ਜਿ ਹੋਇ ਪੁਰਾਨੀ।
ਪੱਤ੍ਰ ਨ ਪੂਜਾਊ ਡੰਡਾ ਨ ਉਠਾਵਉਂ। ਕੂਕਰੇ ਕੀ ਨਿਆਈ ਮਾਂਗਨ ਨ ਜਾਵਉਂ।
ਬਾਸੀ ਕਰਕੇ ਭੁਗਤਿ ਨ ਖਾਵਉਂ। ਸੰਧਿਆ ਦੇਖਿ ਸਿੰਙੀ ਨ ਬਜਾਵਉਂ।
ਦੁਆਰੇ ਦੁਆਰੇ ਧੂੰਆਂ ਨ ਪਾਵਉਂ। ਭੇਖ ਕਾ ਹਉਂ ਜੋਗੀ ਨਾ ਕਹਾਵਉਂ।
ਆਤਮਾ ਦਾ ਜੋਗੀ ਚਰਪਟ ਨਾਉਂ। ਗੁਰ ਪ੍ਰਸਾਦਿ ਸਚਿ ਸਮਾਉ।

ਗੋਰਖ ਨਾਥ ਦੇ ਨਾਂ 'ਤੇ ਗੋਰਖਬਾਣੀ ਵਿਚ 'ਅਭੈਮਾਤ੍ਰਾ ਜੋਗ' ਤੇ 'ਪੰਚ ਮਾਤ੍ਰਾ' ਦੋ ਚੀਜ਼ਾਂ ਮਿਲਦੀਆਂ ਹਨ; ਜਿਨ੍ਹਾਂ ਵਿਚ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਚੰਗੇ ਗੁਣਾਂ ਦਾ ਹੀ ਕੜਾਸਣ, ਜਗੋਟਾ ਜਾਂ ਮੁੰਦ੍ਰਾ ਧਾਰਨਾ ਚਾਹੀਦਾ ਹੈ:

ਕਾਇਆ ਕੜਾਸਣੁ ਮਨ ਜਾਗੋਟਾ। ਪਾਂਚਉ ਇੰਦ੍ਰੀ ਕਰੋ ਕਛੋਟਾ।
ਜਤ ਸਤ ਕ੍ਰਿਆ ਸੰਜਮ ਚਲਾਵੈ। ਡੰਡਾ ਲਾਠੀ ਡੀਬੀ ਪਾਵੈ। *(ਪੰਚ ਮਾਤ੍ਰਾ)*

ਗੁਰੂ ਨਾਨਕ ਸਾਹਿਬ ਦੇ ਵਾਕ ਵੀ ਇਸੇ ਪ੍ਰਕਾਰ ਦੇ ਹਨ:

ਉੰਧਉ ਖਪਰੁ ਪੰਚ ਭੂ ਟੋਪੀ॥ ਕਾਂਇਆ ਕੜਾਸਣੁ ਮਨੁ ਜਾਗੋਟੀ॥
ਸਤੁ ਸੰਤੋਖੁ ਸੰਜਮੁ ਹੈ ਨਾਲਿ॥ ਨਾਨਕ ਗੁਰਮੁਖਿ ਨਾਮੁ ਸਮਾਲਿ॥

(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 939)

'ਅਭੈ ਮਾਤ੍ਰਾ ਜੋਗ' ਛੋਟੀ ਜੇਹੀ ਰਚਨਾ ਹੈ, ਇਸ ਵਿਚ ਸਾਰਾ ਵਰਣਨ ਹੀ ਇਹ ਹੈ ਕਿ ਇਨ੍ਹਾਂ ਸ਼ੁਭ ਗੁਣਾਂ ਦੀ 'ਮਾਤ੍ਰਾ' ਧਾਰਨ ਕਰੋ:

ਓਅੰ ਅਕੁਲ ਪੰਥ, ਅਕਲਿ ਕਾ ਮਾਰਗ, ਸਤ ਭੋਮਿ, ਸਹਜ ਆਸਨ, ਪ੍ਰਾਣ ਜੋਗੀ, ਪਵਨ ਗੁਟਿਕਾ, ਨਿਜ ਭੁਵਨ ਗੁਫਾ, ਸੰਜਮ ਕੌਪੀਨ, ਮਰਜਾਦਾ ਮੇਖਲੀ, ਨਿਹਕੇਵਲ ਜਗੋਟਾ, ਜੁਗਤਿ ਉਡਯਾਂਣੀ, ਸਾਚ ਮੁਦ੍ਰਾ, ਸੀਲ ਕੰਥਾ, ਖਿਮਾ ਟੋਪੀ, ਜਰਨਾ ਧਾਰੀ, ਅੰਤਰਿ ਗਤਿ ਝੋਲੀ, ਧੀਰਜ ਡੰਡ, ਬਿਬੇਕ ਫਾਹੁੜੀ, ਤਪ ਚਕ੍ਰ, ਮੂਲ ਕਮੰਡਲ, ਮਨ ਉਦਿਕ, ਮਹਾ ਅੰਮ੍ਰਿਤ ਭੋਜਨ, ਦਯਾ ਰਹਰਾਸਿ, ਬਿਚਾਰ ਪੁਸਤਕ, ਜਿਭਿਯਾ ਰਸਾਯਨ, ਸਰਬੰਗੀ ਕਲਾ, ਵਿਦਿਆ ਕਾਲ-ਬੰਚਣੀਂ, ਨ੍ਰਿਭੈ ਨਗ੍ਰੀ, ਅਕਲ ਬਨਖੰਡ, ਨਿਰਾਸ ਮੜ੍ਹੀ, ਅਤੀਤ ਦੇਵਤਾ, ਗਿਆਨ ਦੀਪਕ, ਅਕਲ ਪਰੋਹਨੀ, ਅਜਾਚਿਕ ਭਿਖਿਆ, ਸਬਦ ਸੀਂਗੀ, ਅਨਹਦ ਕੀਂਗਰੀ, ਸਿਆਮ ਸਰੋਵਰ, ਅੰਮ੍ਰਿਤ ਪਿਆਲਾ, ਨਿਹਚਲ ਰਿਧੀ, ਸਤਿ ਕਰਾਮਾਤਿ, ਮੁਕਤਿ ਸਿਧਿ, ਅਲੇਖ ਧਿਆਨ, ਅਟਲ ਸਮਾਧਿ, ਨਿਰਾਕਾਰ ਤਰੁਵਰ, ਜੁਗ ਪਲਵ, ਅਮੀ ਫਲ।

(ਗੋਰਖਬਾਣੀ (ਹਿੰਦੀ) ਪੰਨਾ 179, 80)

ਸੋ, ਇਸ ਪ੍ਰਕਾਰ 'ਸਿੱਧ ਸਾਹਿੱਤ' ਵਿਚ ਮਾਤ੍ਰਾ ਬਾਰੇ ਰਚਨਾਵਾਂ ਕਈ ਮਿਲਦੀਆਂ ਹਨ। ਇਹ 'ਝਗੜਾ' ਵੀ ਇਨ੍ਹਾਂ ਮਾਤ੍ਰਾ ਦੇ ਪਰਸਪਰ ਸੰਵਾਦ ਦਾ ਹੀ ਹੈ, ਪ੍ਰੰਤੂ ਪੂਰਨ ਰੂਪ ਵਿਚ ਪ੍ਰਾਪਤ ਨਾ ਹੋਣ ਕਾਰਨ ਇਸ ਬਾਰੇ ਬਾਕੀ ਬਹਿਸ ਫੇਰ 'ਤੇ ਛੱਡਦੇ ਹਾਂ। ਭਾਵੇਂ ਇਸ ਨੂੰ ਗੋਰਖ ਦੇ ਨਾਂ ਨਾਲ ਜੋੜਿਆ ਗਿਆ ਹੈ, ਪਰ ਅਜਿਹਾ ਨਹੀਂ ਹੈ। ਗੋਰਖ ਨਾਥ ਦਾ ਸਮਾਂ ਦਸਵੀਂ, ਗਿਆਰ੍ਹਵੀਂ ਸਦੀ ਦਾ ਹੈ ਤੇ ਇਸ ਰਚਨਾ ਦੀ ਭਾਸ਼ਾ ਇਤਨੀ ਪੁਰਾਣੀ ਸਿੱਧ ਨਹੀਂ ਹੁੰਦੀ। ਮਾਲੂਮ ਹੁੰਦਾ ਹੈ ਕਿ ਕਿਸੇ ਜੋਗੀ

ਸਾਧੂ ਨੇ ਇਸ ਨੂੰ ਗੋਰਖ ਦੇ ਨਾਂ 'ਤੇ ਬਾਅਦ ਵਿਚ ਰਚਿਆ। ਸਾਡਾ ਮੰਤਵ ਇਸ ਹਵਾਲੇ ਤੋਂ ਇਤਨਾ ਹੀ ਹੈ ਕਿ ਸੰਵਾਦੀ ਕਾਵਿ ਜਾਂ 'ਝਗੜਾ' ਕਾਵਿ-ਰੂਪ ਦੀ ਪਰੰਪਰਾ ਸਿੱਧ ਸਾਹਿੱਤ ਵਿਚ ਆਪਣੀਆਂ ਜੜ੍ਹਾਂ ਛੁਪਾਈ ਬੈਠੀ ਹੈ, ਇਸ ਨੂੰ ਨਵੀਨ ਨਹੀਂ ਕਿਹਾ ਜਾ ਸਕਦਾ।

2. ਬਾਬਾ ਗੋਰਖਨਾਥ ਵਾਂਗ ਬਾਬਾ ਸਿਰੀ ਚੰਦ ਦੇ ਨਾਮ 'ਤੇ ਵੀ ਮਾਤ੍ਰਾ ਮਿਲਦੀ ਹੈ। ਬਾਬਾ ਸਿਰੀ ਚੰਦ (1494-1612 ਈ:) ਗੁਰੂ ਨਾਨਕ ਸਾਹਿਬ ਦੇ ਵੱਡੇ ਸਪੁੱਤਰ ਮਹਾਨ ਤਿਆਗੀ ਸਨ ਅਤੇ ਉਦਾਸੀ ਸਾਧੂ ਤਾਂ ਇਨ੍ਹਾਂ ਨੂੰ ਗੋਰਖ ਦਾ ਹੀ ਅਵਤਾਰ ਸਿੱਧ ਕਰਦੇ ਹਨ, ਇਸ ਕਰਕੇ ਇਨ੍ਹਾਂ ਦੇ ਨਾਮ 'ਤੇ ਮਾਤ੍ਰਾ ਦੀ ਰਚਨਾ ਹੋਣੀ ਜ਼ਰੂਰੀ ਗੱਲ ਸੀ। ਇਹ ਮਾਤ੍ਰਾ, ਉਦਾਸੀ ਭੇਖ ਵਿਚ ਬੜੇ ਆਦਰ ਨਾਲ ਪੜ੍ਹੀ-ਸੁਣੀ ਜਾਂਦੀ ਹੈ ਤੇ ਇਸੇ ਵਿੱਚੋਂ ਸਾਰ-ਸਿਧਾਂਤ ਦੱਸ ਕੇ ਉਦਾਸੀ ਸੰਪ੍ਰਦਾ ਵਾਲੇ ਆਪਣੇ ਮੂਲ ਨਿਯਮਾਂ ਦੀ ਸਥਾਪਨਾ ਕਰਦੇ ਹਨ, ਵੰਨਗੀ ਵਜੋਂ ਕੁਝ ਸਤਰਾਂ ਪੇਸ਼ ਹਨ:

ਗੁਰੁ ਅਬਿਨਾਸੀ ਖੇਲ ਰਚਾਯਾ। ਅਗਮ ਨਿਗਮ ਕਾ ਪੰਥ ਬਤਾਯਾ।
ਗਿਆਨ ਕੀ ਗੋਦੜੀ ਖਿਮਾ ਕੀ ਟੋਪੀ। ਜਤ ਕਾ ਆੜਬੰਦ ਸੀਲ ਲਿੰਗੋਟੀ।
ਅਕਾਲ ਖਿੰਥਾ, ਨਿਰਾਸ ਝੋਲੀ। ਜੁਗਤਿ ਕਾ ਟੋਪ ਗੁਰਮੁਖੀ ਬੋਲੀ।
ਸ਼ਰਮ ਕਾ ਚੋਲਾ ਸਤ ਕੀ ਸੇਲ੍ਹੀ। ਮਰਯਾਦ ਮੇਖੁਲੀ ਲੈ ਗਲੇ ਮੇਲੀ।....
....ਐਸੀ ਮਾਤ੍ਰਾ ਲੇ ਪਹਿਰੇ ਕੋਇ। ਆਵਾਗਉਣ ਮਿਟਾਵਹਿ ਸੋਇ।

ਭਾਵੇਂ ਸਾਰੇ ਇਸ ਗੱਲ ਨਾਲ ਸਹਿਮਤ ਨਹੀਂ ਕਿ ਇਹ ਸਿਰੀ ਚੰਦ ਜੀ ਦੀ ਹੀ ਰਚਨਾ ਹੈ, ਕਈਆਂ ਦਾ ਖ਼ਿਆਲ ਹੈ ਕਿ ਬਾਵਾ ਪ੍ਰੀਤਮ ਦਾਸ ਜੀ ਨੇ ਇਸ ਦੀ ਰਚਨਾ ਕੀਤੀ, ਜਿਹਾ ਕਿ ਪੰਡਤ ਤਾਰਾ ਸਿੰਘ ਨਰੋਤਮ ਜੀ ਨੇ ਲਿਖਿਆ ਹੈ। ਇਹ 'ਮਾਤ੍ਰਾ ਕਾ ਝਗੜਾ' ਵੀ ਉਨ੍ਹਾਂ ਦੇ ਨਾਂ 'ਤੇ ਜ਼ਰੂਰ ਹੈ ਪਰ ਇਹ ਵੀ ਕਿਸੇ ਉਦਾਸੀ ਸਾਧੂ ਦੀ ਰਚਨਾ ਜਾਪਦੀ ਹੈ।

3. **ਕਾਨ੍ਹ ਗੂਜਰੀ ਕਾ ਝਗੜਾ** : ਕਵੀ ਦਾਨੇ ਨੇ ਬਾਦਸ਼ਾਹ ਫ਼ਰੁਖਸ਼ਿਯਰ ਦੇ ਜ਼ਮਾਨੇ (1713-1719 ਈ:) ਅਠਾਰ੍ਹਵੀਂ ਸਦੀ ਦੇ ਅਰੰਭ ਵਿਚ ਲਿਖਿਆ ਸੀ, ਇਸ ਦੀ ਹੋਰ ਰਚਨਾ 'ਮੂਰਖਨਾਮਾ' ਵੀ ਹੈ। ਨਿਸਚੇ ਦਾ ਇਹ ਕਵੀ ਸਿੱਖ ਜਾਪਦਾ ਹੈ, ਅੰਤਿਮ ਸਤਰਾਂ ਧਿਆਨਯੋਗ ਹਨ:

ਭਵਜਲ ਬੇੜਾ ਸੋਈ ਲੰਘੇ, ਸਤਿਗੁਰ ਜਿਨ੍ਹਾਂ ਲੰਘਾਈ।
....ਜਨਮ ਮਰਨ ਕੇ ਦੂਖ ਤੇ ਛੂਟੇ, ਸਤਿਗੁਰ ਅੰਗ ਸਹਾਈ।੧੧੧।

ਮਾਲੂਮ ਹੁੰਦਾ ਹੈ ਇਹ 'ਝਗੜਾ' ਕਾਫ਼ੀ ਪੜ੍ਹਿਆ ਗਿਆ ਹੈ ਤੇ ਇਸ ਦੇ 5-7 ਨੁਸਖ਼ੇ ਮੇਰੇ ਦੇਖਣ ਵਿਚ ਵੀ ਆਏ ਹਨ:

1. ਸ: ਸਮਸ਼ੇਰ ਸਿੰਘ ਦੁਗਾਲ (ਬਰਾਸਤਾ ਸੁਨਾਮ) ਪਾਸ ਪਿਆ ਖਰੜਾ, ਜਿਸ ਵਿਚ ਕਈ ਚੀਜ਼ਾਂ ਹਨ ਤੇ ਇਸ ਦੇ ਅੰਤ 'ਤੇ ਲਿਖਿਆ ਹੈ:

'ਇਹ ਪੋਥੀ ਸੰਮਤ 1889 ਮਹੀਨਾ ਵੈਸਾਖ ਦਿਨ ਗਯਾ 17, ਥਿਤ ਦੁਆਦਸਮੀ, ਵਲਾਇਤ ਕਸ਼ਮੀਰ, ਪਰਗਣੇ ਬਾਰਾਂਮੂਲੇ, ਡੇਰੇ ਛਾਵਣੀ ਦੇ ਦਰਿਆਇ ਦੇ ਕੰਢੇ ਬੈਠ ਕੇ ਲਿਖੀ ਹੋਗੀ ਹੈ। ਕੁਲ ਪੱਤਰੇ 378।'

2. ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ—ਖਰੜਾ ਨੰ: 712
3. ਮਹਿੰਦਰਾ ਕਾਲਜ, ਪਟਿਆਲਾ—ਖਰੜਾ ਨੰ: 11498
4. ਸਿੱਖ ਰੇਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ—ਖਰੜਾ ਨੰ: 3745
5. ਸਿੱਖ ਰੇਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ—ਖਰੜਾ ਨੰ: 1596
6. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ—ਖਰੜਾ ਨੰ: 41

ਪਹਿਲਾ ਖਰੜਾ ਸਭ ਤੋਂ ਵੱਧ ਪੂਰਨ ਤੇ ਪ੍ਰਮਾਣਿਕ ਜਾਪਿਆ ਹੈ। ਇਸ ਲਈ ਅਸੀਂ ਇਸੇ ਦਾ ਪਾਠ ਦਿੱਤਾ ਹੈ। ਬਾਕੀਆਂ ਵਿਚ ਪਾਠਾਂ ਤੇ ਛੰਦਾਂ ਦਾ ਬਹੁਤ ਭੇਦ ਹੈ, ਕਈ ਕਈ ਨਵੇਂ ਛੰਦ ਰਚ ਕੇ ਪਾਏ ਹਨ ਤੇ ਨਾਂ ਵੀ ਕਿਸੇ 'ਕਾਨ੍ਹ ਗੁਜਰੀ ਕਾ ਝੇੜਾ' ਕਿਸੇ *ਲੀਲ੍ਹਾ ਕਾਨ੍ਹ ਗੁਜਰੀ ਕੀ* ਤੇ ਕਿਸੇ ਕੇਵਲ 'ਰਾਸ ਲੀਲ੍ਹਾ' ਦਿੱਤਾ ਹੈ। ਇਤਨਾ ਪਾਠ ਭੇਦ ਤੇ ਕਲੇਵਰ ਭੇਦ ਦੱਸਦਾ ਹੈ ਕਿ ਕਵੀ ਦਾਨੇ ਦੀ ਇਹ ਰਚਨਾ ਕਾਫ਼ੀ ਲੋਕ-ਪ੍ਰਿਯ ਰਹੀ ਹੈ ਤੇ ਕ੍ਰਿਸ਼ਨ-ਪ੍ਰੇਮੀ ਇਸ ਨੂੰ ਵਾਚਦੇ ਰਹੇ ਹਨ।

ਕ੍ਰਿਸ਼ਨ ਜੀ ਦੀ ਗੋਪੀ ਲੀਲ੍ਹਾ ਪ੍ਰਸਿੱਧ ਹੈ, ਰਾਸ-ਲੀਲ੍ਹਾ ਕਾਰਨ ਇਸ ਦੀ ਜਾਣਕਾਰੀ ਆਮ ਲੋਕਾਂ ਤਕ ਪਹੁੰਚੀ ਹੋਈ ਹੈ। ਖ਼ਾਸ ਕਰਕੇ ਚੰਦ੍ਰਾਵਲਿ ਸਖੀ ਵਾਲਾ ਬ੍ਰਿਤਾਂਤ ਵਧੇਰੇ ਮਸ਼ਹੂਰ ਹੈ। ਇਸੇ ਵੱਲ ਇਸ਼ਾਰਾ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਲਿਖਿਆ ਸੀ:

> **ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥**
> **ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥**

(ਵਾਰ ਆਸਾ ਮ: ੧, ਪੰਨਾ 470)

ਪੁਰਾਣਿਕ ਕਥਾਵਾਂ ਵਿਚ ਚੰਦ੍ਰਾਵਲਿ ਨੂੰ ਰਾਧਿਕਾ ਦੀ ਸਹੇਲੀ ਦੱਸਿਆ ਗਿਆ ਹੈ। ਮਾਤਾ ਵਿੰਦੂਮਤੀ, ਪਿਤਾ ਚੰਦ੍ਰ ਭਾਨ ਸੀ ਤੇ ਇਹ ਕਰੇਲੇ ਪਿੰਡ ਵਿਚ ਗੋਵਰਧਨ ਮੱਲ ਨੂੰ ਵਿਆਹੀ ਹੋਈ ਸੀ। ਇਸ ਦਾ ਕ੍ਰਿਸ਼ਨ ਜੀ ਨਾਲ ਪ੍ਰੇਮ ਹੋ ਗਿਆ, ਪਰ ਘਰ ਦੇ ਰੋਕ ਪਾਉਂਦੇ ਰਹੇ, ਅਖ਼ੀਰ ਕ੍ਰਿਸ਼ਨ ਜੀ ਚਤੁਰਾਈ ਨਾਲ ਇਸ ਨੂੰ ਆਪਣੇ ਨਾਲ ਲੈ ਆਏ। ਲੋਕ ਕਥਾਕਾਰਾਂ ਇਸ ਵਾਰਤਾ ਵਿਚ ਹੋਰ ਵੀ ਰੰਗ ਭਰਿਆ ਹੈ। ਕਹਿੰਦੇ ਹਨ, ਚੰਦ੍ਰਾਵਲਿ ਮਥਰਾ ਵਿਆਹੀ ਹੋਈ ਸੀ ਤੇ ਇਸ ਦੀ ਸੱਸ ਇਸ ਨੂੰ ਰੋਜ਼ ਆਖਦੀ ਕਿ ਤੂੰ ਬਜ਼ਾਰ ਜਾ ਕੇ ਦੁੱਧ ਦਹੀਂ ਵੇਚ ਤੇ ਪੈਸੇ ਵੱਟ ਕੇ ਲਿਆ। ਇਹ ਇਸ ਲਈ ਤਿਆਰ ਨਹੀਂ ਸੀ। ਅਖ਼ੀਰ ਚਲੀ ਗਈ। ਜਮਨਾ ਘਾਟ ਇਸ਼ਨਾਨ ਕੀਤਾ, ਕਾਨ੍ਹ ਜੀ ਵੀ ਉਥੇ ਆ ਗਏ, ਅਚਾਨਕ ਇਸ ਦੀ ਮੁੰਦ੍ਰੀ ਗੁਆਚ ਗਈ। ਇਸ ਨੇ ਕਾਨ੍ਹ ਜੀ ਨੂੰ ਆਖਿਆ ਕਿ ਤੁਸਾਂ ਮੇਰੀ ਮੁੰਦ੍ਰੀ ਚੁਰਾਈ ਹੈ। ਪਰ ਉਹ ਨਾ ਮੰਨੇ ਤੇ ਹੋਰ ਹੋਰ ਛੇੜਖ਼ਾਨੀ ਵਾਲੀਆਂ ਗੱਲਾਂ ਕਰ ਕੇ ਟਾਲਦੇ ਰਹੇ। ਇਹ ਚੰਦ੍ਰਾਵਲਿ ਤੇ ਕ੍ਰਿਸ਼ਨ ਜੀ ਦਾ ਤਕਰਾਰ ਹੀ ਇਸ ਰਚਨਾ ਦਾ ਵਿਸ਼ਾ-ਵਸਤੂ ਹੈ। ਅਸਲ ਗੱਲ ਇਹ ਹੈ, ਦੋਵੇਂ ਹਾਣੀ ਉਮਰ ਦੇ ਨੱਢਾ, ਨੱਢੀ ਪ੍ਰੀਤਿ-ਬੰਧਨ ਵਿਚ ਬੱਝ ਚੁੱਕੇ ਸਨ ਤੇ ਮੁੰਦ੍ਰੀ ਦਾ ਝਗੜਾ ਤਾਂ ਕੇਵਲ ਮੁਲਾਕਾਤ ਲਈ ਬਹਾਨਾ ਮਾਤ੍ਰ ਹੀ ਸੀ:

> ਕਾਨ੍ਹ ਕਹੈ ਸੁਣਿ ਮਾਤ ਜਸੋਧਾਂ, ਬ੍ਰਿਹੁ ਦੀ ਕਾਨੀ ਲਾਈ।
> ਗੁਝੀ ਪੀੜ ਨ ਵਹਿੰਦਾ ਲੋਹੂ, ਕਿਸਮਤਿ ਲਖੀ ਨ ਜਾਈ।

ਨੈਣੀਂ ਨੀਂਦ ਨਾ ਭੁਖ ਅਸਾਨੂੰ, ਪਲ ਪਲ ਲਾਗ ਤਪਾਈ
ਗੁਜਰੀ ਮਿਲੇ ਤਾਂ ਕੋਈ ਦਮ ਜੀਵਾਂ, ਘਰੁ ਜਾਹੁ ਮੇਰੀ ਮਾਈ।੯੧।

ਪਿੱਛੋਂ ਕਾਨ੍ਹ ਜੀ ਆਪ ਗੋਪੀ ਦਾ ਸਾਂਗ ਧਾਰ ਕੇ ਉਸ ਨੂੰ ਆਪਣੇ ਘਰ ਲੈ ਆਉਂਦੇ ਹਨ ਤੇ ਕਹਾਣੀ ਮਿਲਾਪ ਦੇ ਰੰਗ ਵਿਚ ਸਮਾਪਤ ਹੁੰਦੀ ਹੈ। ਦਾਨੇ ਕਵੀ ਦੀ ਖ਼ੂਬੀ ਇਹ ਹੈ ਕਿ ਉਸ ਨੇ ਇਸ ਪ੍ਰੇਮ ਕਹਾਣੀ ਨੂੰ ਪੰਜਾਬੀ ਰੰਗ ਵਿਚ ਰੰਗ ਕੇ ਪੇਸ਼ ਕੀਤਾ ਹੈ। ਸਾਡੀ ਕ੍ਰਿਸ਼ਨ ਕਾਵਿ-ਧਾਰਾ ਵਿਚ ਸੱਚਮੁੱਚ ਇਹ ਇਕ ਮੋਹਰੀ ਰਚਨਾ ਹੈ ਜਿਸ ਨੇ ਹੋਰ ਕਥਾ-ਕਾਵਿ ਲਿਖਣ ਦੀ ਪ੍ਰੇਰਨਾ ਦਿੱਤੀ ਤੇ ਕ੍ਰਿਸ਼ਨ ਗੋਪੀ-ਸੰਵਾਦਾਂ ਦੀ ਲੜੀ ਚਲਾਈ। ਪੰਜਾਬੀ ਕਵੀ, ਹੀਰ ਰਾਂਝੇ ਤੇ ਮਿਰਜ਼ਾ ਸਾਹਿਬਾਂ ਦੇ ਕਿੱਸੇ ਤਾਂ ਲਿਖਦੇ ਹੀ ਸਨ ਪਰ ਕਿਸੇ ਅਵਤਾਰੀ ਪੁਰਸ਼ ਦੀ ਪ੍ਰੇਮ ਲੀਲ੍ਹਾ ਲਿਖਣ ਦੀ ਲੀਹ ਕਵੀ ਦਾਨੇ ਨੇ ਪਾਈ ਤੇ ਕਵੀਆਂ ਨੂੰ ਨਵੀਂ ਦਿਸ਼ਾ ਦਿਖਾਈ। 'ਝਗੜਾ-ਸਾਹਿੱਤ' ਨੂੰ ਰੰਗੀਨੀ ਦੇਣ ਦਾ ਕੰਮ ਵੀ ਇਸੇ ਕਥਾ ਤੋਂ ਸ਼ੁਰੂ ਹੁੰਦਾ ਹੈ।

4. **ਝਗੜਾ ਪੜੋਪੀ ਪੜੋਪੇ ਦਾ**—ਕਵੀ ਚਤਰੇ ਦੀ ਰਚਨਾ ਹੈ। ਇਕ ਚਤੁਰ ਦਾਸ ਕਵੀ ਮਾਝਾਂ ਲਿਖਣ ਵਾਲੇ ਭਾਈ ਸੰਤ ਦਾਸ ਤਪੱਸੀ ਦਾ ਸ਼ਿਸ਼ ਸੀ, ਜਿਸ ਨੇ 1635 ਈ: ਵਿਚ ਸ਼ਾਹਜਹਾਨ ਦੇ ਜ਼ਮਾਨੇ 'ਭਾਗਵਤ ਇਕਾਦਸ ਸਕੰਧ' ਦਾ ਭਾਖਾਨੁਵਾਦ ਕੀਤਾ ਸੀ। ਹੋ ਸਕਦਾ ਹੈ, ਇਸੇ ਚਤੁਰਦਾਸ ਨੇ ਇਹ ਝਗੜਾ ਲਿਖਿਆ ਹੋਵੇ। ਇਸ ਦੀ ਇੱਕੋ ਇਕ ਨਕਲ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ (ਖਰੜਾ ਨੰ; 1596) ਵਿੱਚੋਂ ਮਿਲੀ ਹੈ। ਪੜੋਪਾ ਪੜੋਪੀ ਪੁਰਾਣੇ ਅੰਨ ਦਾਣਾ ਮਿਣਨ ਵਾਲੇ ਭਾਂਡੇ ਸਨ ਜੋ ਕਿ ਕਾਗ਼ਜ਼ਾਂ ਨੂੰ ਭਿਉਂ ਕੁੱਟ ਕੇ ਜਾਂ ਲੱਕੜ ਦੇ ਬਣਾਏ ਜਾਂਦੇ ਸਨ। ਇਨ੍ਹਾਂ ਦਾ ਤੋਲ ਮਾਪ ਵੀ ਅੱਡੋ-ਅੱਡ ਸੀ। ਮਿਸਾਲ ਲਈ ਸਿਆਲਕੋਟ ਵਿਚ ਪੜੋਪੀ ਡੇਢ ਸੇਰ ਦੀ ਤੇ ਗੁਜਰਾਤ ਵਿਚ ਦੋ ਸੇਰ ਦੀ ਮੰਨੀ ਜਾਂਦੀ ਸੀ। ਪੱਛਮੀ ਪੰਜਾਬ ਦੀ ਇਕ ਅਖੌਤ ਹੈ :

ਘਿੰਨੇ ਪੜੋਪੀ ਤੇ ਡੇਵੇ ਪੰਜ ਧਾਨ।

ਚਤੁਰ ਦਾਸ ਕਵੀ ਨੇ ਦੋਹਾਂ ਦਾ ਝਗੜਾ ਕਰਾ ਕੇ ਇਕ ਤਰ੍ਹਾਂ ਨਰ ਨਾਰੀ ਦਾ ਮੁਕਾਬਲਾ ਕਰਾਇਆ ਹੈ। ਪੜੋਪੇ ਜਾਂ ਟੋਪੇ ਦੀ ਆਵਾਜ਼ ਵਿਚ ਮਰਦਾਂ ਵਾਲੀ ਹੈਂਕੜ ਹੈ, ਉਹ ਇਥੋਂ ਤਕ ਵੀ ਆਖ ਦਿੰਦਾ ਹੈ :

ਕੁੱਤੀ ਰੰਨ ਹੋ ਕੇ ਕਰੇਂ ਬਰਾਬਰੀ।

ਇਸ ਤੋਂ ਬਿਨਾਂ ਇਸ ਰਚਨਾ ਵਿਚ ਜੱਟ ਗੋਤਾਂ-ਨਾਗਰਾ, ਬਰਿਆਹ, ਕਾਲੇ ਕੇ, ਫ਼ਿਰੋਜ਼ਕਿਆਂ ਤੇ ਬਾਜਵਿਆਂ ਦਾ ਵੀ ਸੰਕੇਤ ਹੈ।

5. **ਝਗੜਾ ਦਿਓਰ ਭਾਬੀ ਦਾ**—ਕਵੀ ਬਾਹੂ ਬ੍ਰਾਹਮਣ ਦੀ ਕ੍ਰਿਤ ਹੈ, ਇਹ ਵੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੇ ਖਰੜਾ ਨੰ: 1596 ਵਿਚ ਨਕਲ ਹੈ। ਕਿੱਸਾਕਾਰੀ ਦੇ ਖੇਤਰ ਵਿਚ ਸ਼ਾਇਦ ਇਹ ਪਹਿਲਾ ਦਿਓਰ ਭਾਬੀ ਦਾ ਕਿੱਸਾ ਹੈ। ਪਹਿਲਾਂ ਤਾਂ ਦਿਓਰ ਇਹੋ ਕਹਿੰਦਾ ਹੈ—'ਮਾਵਾਂ ਤੁੱਲ ਲਗੇਂ ਤੂ ਸਾਡੀ।' ਪਰ ਅੰਤ ਭਾਬੀ ਦੇ ਉਚੇਚੇ ਸ਼ਿੰਗਾਰ ਦਾ ਵਾਰ ਖ਼ਾਲੀ ਨਹੀਂ ਜਾਂਦਾ। ਰਚਨਾ, ਬੋਲੀ ਤੇ ਸ਼ੈਲੀ ਤੋਂ 17ਵੀਂ ਸਦੀ ਦੀ ਲੱਗਦੀ ਹੈ।

6. **ਝਗੜਾ ਤਿਹੁੰ ਯਾਰਾਂ ਦਾ**—ਰਾਜਾ ਰਾਮ ਦੀ ਰਚਨਾ ਹੈ, ਇਸ ਦੀ ਇੱਕੋ ਇਕ ਕਾਪੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ 1596 ਨੰ: 'ਤੇ ਸੁਰੱਖਿਅਤ ਹੈ। ਇਕ ਰਾਜਾ ਰਾਮ ਦੁੱਗਲ ਕਵੀ ਹੋਇਆ ਹੈ, ਜਿਸ ਨੇ 1687 ਈ: 'ਸੂਰ ਰੰਭਾਵਤ ਕੀ ਕਥਾ' ਲਿਖੀ ਤੇ ਵੈਦਿਕ ਗ੍ਰੰਥ ਸਾਰੰਗਧਰ ਦਾ ਭਾਖਾਨੁਵਾਦ ਕੀਤਾ। ਹੋ ਸਕਦਾ ਹੈ, ਇਹ ਕਿੱਸਾ ਸ਼ਾਇਦ ਏਸੇ ਨੇ ਲਿਖਿਆ ਹੋਵੇ।

'ਅੰਮ੍ਰਿਤਸਰ ਸਿੰਘਾਂ ਕੀ ਜਾਗ੍ਹਾ' ਸੰਕੇਤ ਇਸ ਨੂੰ ਅਠਾਰ੍ਹਵੀਂ ਸਦੀ ਵਿਚ ਲੈ ਜਾਂਦਾ ਹੈ। ਕਵੀ ਨੇ ਨਾਈ, ਡੂਮ, ਬ੍ਰਾਹਮਣ ਦਾ ਝਗੜਾ ਦੱਸ ਕੇ ਸਾਡੇ ਸਮਾਜ ਵਿਚ ਜਾਤੀ ਸੰਘਰਸ਼ ਦਾ ਚੰਗਾ ਦ੍ਰਿਸ਼ ਦਿਖਾਇਆ ਹੈ। ਦੂਜੇ ਸਾਥੀ ਨਾਈ ਨੂੰ ਛੁਟਿਆਉਂਦੇ ਹਨ, ਪਰ ਉਹ ਸਭ ਦੇ ਕੰਨ ਕੁਤਰ ਜਾਂਦਾ ਹੈ।

7. **ਝਗੜਾ ਜੱਟੀ ਤੇ ਖਤਰਾਣੀ ਦਾ**—ਕਵੀ ਸੌਂਧਾ ਸਿੰਘ ਦੀ ਰਚਨਾ ਹੈ ਜੋ ਕਿ ਅੰਮ੍ਰਿਤਸਰ ਲਾਗੇ ਪਿੰਡ ਕਾਲੇ (ਘੰਣੂਪੁਰ) ਦਾ ਜੰਮਪਲ ਸੀ ਤੇ ਇਕ ਮੰਨਿਆ-ਦੰਨਿਆ ਖ਼ੁਸ਼ਨਵੀਸ ਲਿਖਾਰੀ, ਕਵੀ ਤੇ ਸੰਤ ਪੁਰਸ਼ ਸੀ। ਇਸ ਦੀਆਂ ਹੱਥ ਲਿਖੀਆਂ ਪੁਸਤਕਾਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਸੁਰੱਖਿਅਤ ਹਨ। ਇਸ ਦਾ ਸਮਾਂ 1750-1850 ਈ: ਦੇ ਦਰਮਿਆਨ ਦਾ ਹੈ। ਪਹਿਲਾਂ ਨਾਮ ਸੌਂਧਾ ਰਾਮ ਸੀ ਫਿਰ ਸੌਂਧਾ ਸਿੰਘ।

ਸੌਂਧਾ ਸਿੰਘ ਨੇ 'ਉਸਤਤਿ ਅੰਮ੍ਰਿਤਸਰ', 'ਗੁਰੂ ਉਸਤਤਿ', 'ਗੁਰ ਪ੍ਰਣਾਲੀ', 'ਮਿੱਠੜੇ', 'ਪ੍ਰੇਮ ਦੀ ਵਾਰ', 'ਮਹੂਰਤ ਚਿੰਤਾਮਣਿ' ਤੋਂ ਇਲਾਵਾ ਇਕ ਵਿਸ਼ੇਸ਼ ਕਿੱਸਾ 'ਹਾਤਮਨਾਮਾ' ਵੀ ਰਚਿਆ ਹੈ। ਇਸ ਝਗੜੇ ਦਾ ਉਤਾਰਾ ਅਸਾਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 'ਚ ਪਏ ਖਰੜਾ ਨੰ: 800 ਤੋਂ ਲਿਆ ਹੈ, ਜਿਸ ਨੂੰ 1839 ਈ: ਵਿਚ ਤੁਲਸਾ ਸਿੰਘ ਲਿਖਾਰੀ ਨੇ ਨਕਲ ਕੀਤਾ ਸੀ।

8. **ਝਗੜਾ ਜੱਟੀ ਤੇ ਖਤਰਾਣੀ ਦਾ**—ਇਹ ਸੌਂਧਾ ਸਿੰਘ ਦੇ ਲਿਖੇ ਕਿੱਸੇ ਦਾ ਹੀ ਬਦਲਿਆ ਰੂਪ ਹੈ ਜੋ ਕਿ ਮਿ: ਰਿਚਰਡ ਟੈਂਪਲ ਨੇ 1882 ਵਿਚ ਕਿਸੇ ਤੋਂ ਸੁਣ ਕੇ ਰਿਕਾਰਡ ਕੀਤਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਪ੍ਰਸਿੱਧੀ ਪਾਉਣ ਵਾਲੀਆਂ ਰਚਨਾਵਾਂ ਵਿਚ ਕਿਵੇਂ ਲੋਕ, ਸਮੇਂ ਸਮੇਂ ਵਾਧੇ-ਘਾਟੇ ਕਰਦੇ ਰਹਿੰਦੇ ਹਨ।

9. **ਝਗੜਾ ਸੁਖਈ ਵ ਸੁਖਾਇਨ ਕਾ**—ਪੰਡਤ ਗੁਲਾਬ ਸਿੰਘ ਦੀ ਰਚਨਾ ਹੈ ਜੋ ਕਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ 6070 ਨੰ: 'ਤੇ ਪ੍ਰਣੀ ਕੀਤੇ ਕਾਗ਼ਜ਼ 'ਤੇ ਨਕਲ ਹੈ। ਇਹ ਰਚਨਾ ਕਵੀ ਨੇ 1852 ਈ: ਵਿਚ ਸ਼ਹੀਦ ਬੁੰਗੇ, ਅੰਮ੍ਰਿਤਸਰ ਬਹਿ ਕੇ ਰਚੀ। ਸਿੱਖ-ਇਤਿਹਾਸ ਵਿਚ ਕਈ ਗੁਲਾਬ ਸਿੰਘ ਮਿਲਦੇ ਹਨ, 18ਵੀਂ ਸਦੀ ਦੇ ਪੰਡਤ ਗੁਲਾਬ ਸਿੰਘ ਕਰਤਾ *ਮੋਖ ਪੰਥ*, *ਭਾਵਰਸਾਮ੍ਰਿਤ* ਆਦਿ ਹੋਰ ਸਨ। ਇਹ 19ਵੀਂ ਸਦੀ ਵਿਚ ਹੋਏ ਜੋ ਕਿ ਗਿੜਵੜੀ ਵਾਲੇ ਕਰ ਕੇ ਪ੍ਰਸਿੱਧ ਸਨ ਤੇ ਪੰਡਤ ਤਾਰਾ ਸਿੰਘ (ਨਰੋਤਮ) ਜੀ ਦੇ ਵਿਦਿਆ ਗੁਰੂ ਸਨ। ਇਨ੍ਹਾਂ 'ਗੁਰ ਪ੍ਰਣਾਲੀ' ਵੀ ਲਿਖੀ ਹੈ।

10. **ਸੰਵਾਦ ਮੰਦੋਦਰੀ ਰਾਵਣ ਕਾ**—ਇਹ ਮਹਾਰਾਣੀ ਮੰਦੋਦਰੀ ਤੇ ਰਾਵਣ ਦਾ ਝਗੜਾ ਕਵੀ ਪੰਜਾਬ ਸਿੰਘ ਨੇ ਲਿਖਿਆ ਹੈ। ਕਵੀ ਸ਼ਾਇਦ ਭਾਈ ਬਹਲੋ ਜੀ ਦੇ

ਵੰਸ਼ ਵਿੱਚੋਂ ਸੀ। ਇਸ ਦਾ ਉਤਾਰਾ ਕਿਸੇ ਪਾਟੀ ਹੱਥ-ਲਿਖਤ ਤੋਂ ਲਿਆ ਗਿਆ ਸੀ।

11. **ਮਿੱਠੜੇ ਗੋਪੀ ਕਾਨ੍ਹ ਕੇ**—ਰਾਮ ਸਿੰਘ ਦੀ ਰਚਨਾ ਹੈ, ਜੋ ਕਿ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ (1823-62 ਈ:) ਦੇ ਜ਼ਮਾਨੇ ਹੋਇਆ। ਇਸ ਨੇ *ਸੁਨੀਤਿ ਪ੍ਰਕਾਸ਼, ਅਸਪਨਾਮਾ* ਤੇ *ਦੂਰਦ ਦਰਪਣ* ਆਦਿ ਪੁਸਤਕ ਲਿਖੇ। 'ਮਿੱਠੜੇ' ਕਾਵਿ-ਰੂਪ ਇਕ ਤਰ੍ਹਾਂ ਦਾ ਝਗੜਾ ਹੀ ਹੈ, ਜਿਸ ਵਿਚ ਮਿੱਠੇ ਮਿੱਠੇ ਉਲਾਂਭੇ ਮਿਹਣੇ ਦੇ ਕੇ ਆਪਣਾ ਰੋਸ ਪ੍ਰਗਟਾਇਆ ਜਾਂਦਾ ਹੈ। ਗੋਪੀਆਂ ਨੇ ਕਾਨ੍ਹ ਪ੍ਰਤੀ ਐਸਾ ਹੀ ਕੀਤਾ ਹੈ।

12. **ਮਿੱਠੜੇ ਰਾਧਾ ਕ੍ਰਿਸ਼ਨ ਜੀ ਕੇ**—ਭਾਈ ਸੌਂਧਾ ਸਿੰਘ ਪਿੰਡ ਕਾਲੇ (ਘੰਣੂਪੁਰ), ਜ਼ਿਲ੍ਹਾ ਅੰਮ੍ਰਿਤਸਰ ਦੀ ਰਚਨਾ ਹੈ। ਇਸ ਦਾ ਉਤਾਰਾ ਅਸਾਂ ਆਪਣੇ ਪਾਸ ਪਈ ਹੱਥ-ਲਿਖਤ ਤੋਂ ਲਿਆ ਹੈ। ਬਾਵਾ ਬੁੱਧ ਸਿੰਘ ਜੀ ਨੇ 1821 ਈ: ਦੇ ਲਿਖੇ ਨੁਸਖ਼ੇ ਤੋਂ ਇਸ ਦਾ ਪਾਠ ਲਿਆ ਸੀ। ਜ਼ਾਹਰ ਹੈ ਕਿ ਇਹ 19ਵੀਂ ਸਦੀ ਦੇ ਸ਼ੁਰੂ ਵਿਚ ਲਿਖਿਆ ਜਾ ਚੁੱਕਾ ਸੀ, ਇਕ ਥਾਂ ਇਸ ਨੂੰ 'ਪ੍ਰੇਮ ਬਿਲਾਸ ਰਾਧਿਕਾ ਜੀ ਕਾ' ਲਿਖਿਆ ਹੈ।

13. **ਦੂਤੀਆਂ ਕਾਨ੍ਹ ਗੁਜਰੀ ਕੀਆਂ**—ਭਾਈ ਕਾਨ੍ਹ ਸਿੰਘ ਚੌੜ ਪੁਰੀਏ (ਜ਼ਿਲ੍ਹਾ ਮਿੰਟਗੁਮਰੀ) ਦੀ ਰਚਨਾ ਹੈ। ਇਹ ਭਾਈ ਕ੍ਰਿਪਾ ਸਿੰਘ ਦਾ ਪੁੱਤਰ ਗ੍ਰੰਥੀ ਸੀ ਤੇ ਇਸ ਨੇ ਅੰਮ੍ਰਿਤਸਰ ਵਿਖੇ ਭਾਈ ਠਾਕੁਰ ਦਿਆਲ ਸਿੰਘ ਤੋਂ ਵਿੱਦਿਆ ਪੜ੍ਹੀ। ਗੁਰਬਿਲਾਸ ਤੋਂ ਇਲਾਵਾ 'ਹੀਰ', 'ਸੋਹਣੀ', 'ਸੱਸੀ', 'ਮਿਰਜ਼ਾ ਸਾਹਿਬਾਂ', 'ਲੈਲਾ ਮਜਨੂੰ', 'ਸ਼ੀਰੀ ਫਰਹਾਦ' ਆਦਿ ਕਈ ਕਿੱਸੇ ਲਿਖੇ ਹਨ।

ਇਹ ਉਤਾਰਾ ਅਸਾਂ ਪੱਥਰ ਛਾਪੇ ਦੀ (1891 ਈ:) ਕਾਪੀ ਤੋਂ ਲਿਆ ਹੈ।

14. **ਝਗੜਾ ਮੁੰਦਰੀ ਕਾ**—ਬਾਵਾ ਰਾਮਦਾਸ ਦੀ ਰਚਨਾ ਹੈ। ਇਹ ਦੀਵਾਨੇ ਸਾਧੂ ਪਟਿਆਲੇ ਰਹਿੰਦੇ ਸਨ ਤੇ ਚੰਗੇ ਹਿੰਦੀ ਕਵੀ ਸਨ। ਇਨ੍ਹਾਂ ਦਾ ਰਚਨਾ-ਕਾਲ 1823-68 ਈ: ਹੈ। *ਗਣ ਪ੍ਰਸਤਾਰ ਪ੍ਰਕਾਸ਼* ਤੇ *ਰਾਜਨੀਤਿ* ਆਦਿ ਪ੍ਰਸਿੱਧ ਪੁਸਤਕਾਂ ਹਨ।

15. **ਝੇੜਾ ਇਸਤਰੀਆਂ ਕਾ**—ਦੀਪ ਚੰਦ ਖੜ੍ਹੋਟੇ ਦੀ ਰਚਨਾ ਹੈ, ਜੋ ਕਿ ਉੱਨੀਵੀਂ ਸਦੀ ਵਿਚ ਹੋਇਆ। ਇਸ ਨੇ ਮੋਟੀ, ਪਤਲੀ, ਲੰਗੜੀ, ਗੰਜੀ, ਕਾਣੀ, ਮਧਰੀ ਤੇ ਕਾਲੀ, ਗੋਰੀ ਆਦਿ ਦੇ ਕਲਮੀ-ਚਿੱਤਰ ਦਿੱਤੇ ਹਨ। ਇਹ ਅਸਾਂ ਕਿਤੇ ਦੋ ਫਟੇ ਹੱਥ-ਲਿਖਤ ਪੱਤਰਿਆਂ ਤੋਂ ਨਕਲ ਕੀਤਾ ਸੀ।

16. **ਕਥਾ ਸੋਲ੍ਹਾਂ ਸਹੇਲੀਆਂ ਕੀ**—ਲਿਖਣ ਵਾਲੇ ਦਾ ਪੱਕਾ ਪਤਾ ਨਹੀਂ, ਸ਼ਾਇਦ ਸਾਧੂ ਜਨ ਹੀ ਹੋਵੇ। ਸਾਧੂ ਜਨ ਸਤਾਰ੍ਹਵੀਂ ਸਦੀ ਵਿਚ ਮਾਲਵੇ 'ਚ ਹੋਇਆ।

ਇਸ ਵਿਚ ਸੋਲ੍ਹਾਂ ਸਹੇਲੀਆਂ ਦੀ ਜ਼ਬਾਨੀ ਉਨ੍ਹਾਂ ਦੇ ਪਤੀਆਂ ਤੇ ਉਨ੍ਹਾਂ ਪ੍ਰਤੀ ਸਮਾਜ ਦੇ ਰਵੱਈਏ ਦੀ ਤਸਵੀਰ ਦਿੱਤੀ ਗਈ ਹੈ। ਇਸ ਦੀ ਪੁਰਾਣੀ ਹੱਥ ਲਿਖੀ ਤੋਂ ਕੀਤੀ ਨਕਲ ਸਾਨੂੰ ਸ: ਸ਼ਮਸ਼ੇਰ ਸਿੰਘ ਅਸ਼ੋਕ ਜੀ ਦੀ ਕ੍ਰਿਪਾ ਨਾਲ ਮਿਲੀ ਹੈ।

17. **ਵਾਰਤਾ ਸੋਲ੍ਹਾਂ ਸਹੇਲੀਆਂ ਕੀ**—ਗੁਲਾਮ ਮੁਸਤਫ਼ਾ ਦੀ ਰਚਨਾ ਹੈ, ਇਹ

ਪਾਠ 1887 ਈ: ਦੀ ਛਪੀ ਕਾਪੀ ਤੋਂ ਲਿਆ ਹੈ ਤੇ 1904 ਈ: ਵਾਲੀ ਛਾਪ ਨਾਲ ਸੋਧ ਕੀਤੀ ਹੈ।

ਇਕ ਹੋਰ ਕਵੀ ਮੁਨਸ਼ੀ ਗ਼ੁਲਾਮ ਹੁਸੈਨ ਗੁਜਰਾਂਵਾਲੇ ਨੇ ਵੀ ਅਜਿਹਾ ਕਿੱਸਾ ਲਿਖਿਆ ਹੈ।

18. **ਤ੍ਰਿੰਞਣ ਸਹੇਲੀਆਂ ਕਾ**—ਲੱਧੂ ਰਾਮ ਕਵੀਸ਼ਰ ਦੀ ਰਚਨਾ ਹੈ, ਜੋ ਕਿ ਲਾਹੌਰ ਦੇ ਗੁੰਮਟੀ ਬਾਜ਼ਾਰ ਵਿਚ ਰਹਿੰਦਾ ਸੀ। ਇਹ ਪਾਠ 1998 ਈ: ਦੀ ਐਡੀਸ਼ਨ ਤੋਂ ਲਿਆ ਗਿਆ ਹੈ।

19. **ਝਗੜਾ ਅਕਲ ਪ੍ਰੇਮ ਕਾ**—ਕਵੀ ਇੱਛਰਾ ਸਿੰਘ ਦੀ ਕ੍ਰਿਤ ਹੈ ਜੋ ਕਿ ਉੱਨ੍ਹੀਵੀਂ ਸਦੀ ਵਿਚ ਹੋਇਆ। 1904 ਈ: ਦੀ ਛਾਪ ਦਾ ਉਤਾਰਾ ਹੈ।

20. **ਬਖੇੜਾ ਦੇਵਰ ਭਾਬੀ ਕਾ**—ਨਰੈਣ ਸਿੰਘ ਦੀ ਰਚਨਾ ਹੈ ਜੋ ਕਿ ਪਿੰਡ ਸ਼ਹਿਣੇ ਦਾ ਵਸਨੀਕ ਸੀ। ਇਹ ਪੰਡਤ ਰਿਖੀ ਰਾਮ ਮਾਲਕ ਨਿਰੰਕਾਰੀ ਪ੍ਰੈੱਸ, ਲੁਧਿਆਣਾ ਨੇ ਜੁਲਾਈ 1899 ਵਿਚ ਛਾਪੀ ਸੀ। ਇਸ ਦਾ ਖ਼ੁਸ਼ਨਵੀਸ ਕਾਤਬ ਅਮੀਨੁਦੀਨ ਪਿੰਡ ਸ਼ੇਰਪੁਰ ਕਲਾਂ ਤਸੀਲ ਤੇ ਜ਼ਿਲ੍ਹਾ ਲੁਧਿਆਣੇ ਵਾਲਾ ਸੀ।

21. **ਕਿੱਸਾ ਦੇਵਰ ਭਾਬੀ**—ਨਗਾਹੀਆ ਰਾਮ ਕਵੀਸ਼ਰ ਦੀ ਰਚਨਾ ਹੈ ਜੋ ਕਿ ਭਾਈ ਕੇ ਜਸਪਾਲ, ਜ਼ਿਲ੍ਹਾ ਲੁਧਿਆਣਾ ਦਾ ਵਸਨੀਕ ਸੀ। ਇਸ ਨੂੰ ਲਾਲਾ ਨੱਥੂ ਲਾਲ ਬੇਰੀ ਨੇ ਆਪਣੇ ਹਿਤਕਾਰੀ ਪ੍ਰੈੱਸ, ਲੁਧਿਆਣਾ ਵਿਚ ਛਾਪਿਆ ਸੀ। ਇਸ ਦਾ ਕਾਤਬ ਵੀ ਅਮੀਨੁੱਦੀਨ ਸੀ। ਨਗਾਹੀਆ ਰਾਮ ਦੇ ਪਿੰਡ ਦਾ ਹੀ ਇਕ ਕਵੀ ਚੂਹੜ ਸਿੰਘ ਵੀ ਹੋਇਆ ਹੈ, ਜਿਸ ਨੇ 'ਝਗੜਾ ਨਣਦ ਭਰਜਾਈ' ਲਿਖਿਆ, ਇਹ ਹਿਤਕਾਰੀ ਪ੍ਰੈੱਸ (ਲੁਧਿਆਣਾ) ਵਿਚ ਛਪਿਆ। ਇਸੇ ਪ੍ਰੈੱਸ ਵਿਚ ਇਕ ਕਿਸੇ ਕਵੀ ਦਾ 'ਕਾਲੀ ਗੋਰੀ ਦਾ ਝਗੜਾ' ਵੀ ਛਪਿਆ ਸੀ, ਜੋ ਸਾਨੂੰ ਮਿਲ ਨਹੀਂ ਸਕਿਆ।

22. **ਝਗੜਾ ਦਿਰਾਣੀਆਂ ਜਠਾਣੀਆਂ ਦਾ**—ਮਾਲਵੇ ਦੇ ਸਾਧੂ, ਕ੍ਰਿਸ਼ਨ ਦਾਸ ਉਦਾਸੀ ਰਚਿਤ ਹੈ, ਜਿਸ ਨੂੰ 1901 ਈ: ਵਿਚ ਹਿੱਤਕਾਰੀ ਪ੍ਰੈੱਸ, ਲੁਧਿਆਣਾ ਨੇ ਛਾਪਿਆ। ਇਹ ਵੀ ਅਮੀਨੁੱਦੀਨ ਦਾ ਖ਼ੁਸ਼ਖ਼ਤ ਹੈ।

23. **ਝਗੜਾ ਸੋਨੇ ਚਾਂਦੀ ਦਾ**—ਪੀਰ ਬਖ਼ਸ਼ ਦੀ ਰਚਨਾ ਹੈ, ਜੋ ਕਿ ਉੱਨ੍ਹੀਵੀਂ ਸਦੀ ਵਿਚ ਲਾਹੌਰ 'ਚ ਹੋਏ, ਇਹ ਰਚਨਾ ਮਲਕ ਹੀਰਾ ਤਾਰਾਗਨ ਕੁਤਬ, ਬਾਜ਼ਾਰ ਕਸ਼ਮੀਰੀ, ਲਾਹੌਰ ਨੇ 1904 ਈ: ਵਿਚ ਛਾਪੀ ਸੀ।

24. **ਝਗੜਾ ਭੌਰ ਬੁਲਬੁਲ ਕਾ**—ਜੁਆਲਾ ਸਿੰਘ ਫ਼ੌਜੀ ਨੌਕਰ ਦੀ ਰਚਨਾ ਹੈ। ਪ੍ਰਕਾਸ਼ਕ ਸ਼ੇਖ਼ ਅੱਲ੍ਹਾ ਬਖ਼ਸ਼ ਮੌਲਾ ਬਖ਼ਸ਼, ਤਾਜਰਾਨ ਕੁਤਬ, ਲੁਧਿਆਣਾ।

25. **ਝਗੜਾ ਤੀਲੀ ਲੌਂਗ ਦਾ**—ਅਰਜਨ ਸਿੰਘ ਮੈੜ੍ਹ ਰਾਜਪੂਤ ਦੀ ਰਚਨਾ ਜੋ ਕਿ ਅੰਮ੍ਰਿਤਸਰ ਸੁਨਿਆਰੇ ਦਾ ਕੰਮ ਕਰਦਾ ਸੀ। 'ਤੀਲੀ ਲੌਂਗ ਦਾ ਝਗੜਾ' ਭਗਤ ਕ੍ਰਿਪਾ ਰਾਮ ਕਵੀਸ਼ਰ ਮਹਿੰਦੀਪੁਰ, ਜ਼ਿਲ੍ਹਾ ਜਲੰਧਰ ਨੇ ਵੀ ਲਿਖਿਆ ਹੈ। ਪਤਾ ਨਹੀਂ ਇਹ ਝਗੜਾ ਕਦ ਤੋਂ ਚੱਲਿਆ, ਲੋਕ-ਗੀਤਕਾਰ ਦੀ ਤਾੜਨਾ ਸਖ਼ਤ ਹੈ:

'ਤੀਲੀ ਲੌਂਗ ਦਾ ਮੁਕੱਦਮਾ ਭਾਰੀ, ਠਾਣੇਦਾਰਾ! ਸੋਚ ਕੇ ਕਰੀਂ।

26. **ਝਗੜਾ ਸ਼ਰਾਬੀ ਔਰ ਉਸ ਕੀ ਔਰਤ ਕਾ**—ਇਹ ਲਾਲਾ ਚੁਰੰਜੀ ਲਾਲ ਉਪਦੇਸ਼ਕ ਦੀ ਰਚਨਾ ਜੋ ਕਿ ਆਰੀਆ ਸਮਾਜ ਦਾ ਪ੍ਰਚਾਰਕ ਸੀ ਤੇ ਲੁਧਿਆਣੇ ਰਹਿੰਦਾ ਸੀ। ਲਾਲਾ ਰਾਮ ਦਿੱਤਾ ਮੱਲ ਕੁਤਬ ਫਰੋਸ਼, ਲੁਹਾਰੀ ਦਰਵਾਜ਼ਾ ਲਾਹੌਰ ਨੇ 1903 ਵਿਚ ਛਾਪਿਆ ਸੀ।

27. **ਝਗੜਾ ਰੂਹ ਵ ਬੁਤ ਦਾ**—ਇਸ ਦਾ ਕਰਤਾ ਪ੍ਰਸਿੱਧ ਕਿੱਸਾਕਾਰ ਗੁਰਦਿੱਤ ਸਿੰਘ ਖੱਟਰਾਂ ਤਸੀਲ ਸਮਰਾਲਾ (ਜ਼ਿਲ੍ਹਾ ਲੁਧਿਆਣਾ) ਸੀ, ਇਹ ਰਹਿਤੀਏ ਸਿੰਘਾਂ ਵਿੱਚੋਂ ਸੀ, ਇਸ ਨੇ 'ਝਗੜਾ ਮਾਵਾਂ ਧੀਆਂ' ਵੀ ਲਿਖਿਆ ਹੈ। ਹੁਣ, ਚੰਦ ਸਿੰਘ ਮਰਾਝ ਵਾਲੇ ਕਵੀਸ਼ਰ ਨੇ ਵੀ 'ਰੂਹ ਬੁਤ ਦਾ ਝਗੜਾ' ਲਿਖਿਆ ਹੈ।

28. **ਝਗੜਾ ਸੂਮ ਸਖੀ ਦਾ**—ਇਹ ਪ੍ਰਸਿੱਧ ਕਿੱਸਾਕਾਰ ਗੁਰਦਿੱਤ ਸਿੰਘ ਖੜਗ ਦੀ ਰਚਨਾ ਹੈ ਜੋ ਕਿ ਪਿੰਡ ਢੰਡਾਰੀ, ਜ਼ਿਲ੍ਹਾ ਲੁਧਿਆਣਾ ਦਾ ਵਸਨੀਕ ਸੀ। ਇਸ ਦੀ ਅਨੇਕਾਂ ਕਿੱਸਿਆਂ ਤੋਂ ਇਲਾਵਾ ਛੰਦਾਬੰਦੀ ਬਾਰੇ *ਪੰਜਾਬੀ ਪਿੰਗਲ ਪ੍ਰਭਾਕਰ* (1934 ਈ:) ਪੁਸਤਕ ਪ੍ਰਸਿੱਧ ਹੈ। *ਕਿੱਸਾ ਸੂਮ-ਸ਼ਾਹ-ਵ ਬਾਹਮਣ* ਭਾਈ ਬਿਸ਼ਨ ਸਿੰਘ ਨੇ ਵੀ ਲਿਖਿਆ ਹੈ।

29. **ਝੇੜਾ ਛੜਿਆਂ ਦਾ**—ਪੰਡਤ ਕੇਸ਼ਵਾਨੰਦ (ਓਦਵਾਲ) ਪਿੰਡ ਮਾਣੂਕੇ ਤਸੀਲ ਜਗਰਾਵਾਂ, ਜ਼ਿਲ੍ਹਾ ਲੁਧਿਆਣਾ ਦੀ ਰਚਨਾ ਹੈ, ਜੋ ਕਿ ਪੰਡਤ ਕਿਸ਼ੋਰ ਚੰਦ ਖੱਡੋਵਾਲੀਏ ਦਾ ਚੇਲਾ ਸੀ।

30. **ਝਗੜਾ ਛੜੇ ਤੇ ਕਬੀਲਦਾਰ ਦਾ**—ਇਹ ਛੱਜੂ ਸਿੰਘ ਕਵੀਸ਼ਰ ਦੀ ਰਚਨਾ ਹੈ ਜੋ ਕਿ ਦੰਦਰਾਲਾ ਖਰੌਢ ਡਾਕਖਾਨਾ ਭਾਦਸੋਂ, ਜ਼ਿਲ੍ਹਾ ਪਟਿਆਲਾ ਦਾ ਵਸਨੀਕ ਹੈ। ਇਸ ਦੇ ਕਿੱਸੇ ਤੇ ਚੇਲੇ ਕਾਫੀ ਗਿਣਤੀ ਵਿਚ ਹਨ। ਇਸ ਨੇ 'ਨੂੰਹ ਸੱਸ ਦੀ ਲੜਾਈ', 'ਦਾੜ੍ਹੀ ਗੁੱਤ ਦਾ ਝਗੜਾ', 'ਝਗੜਾ ਖੂਹ ਤੇ ਨਹਿਰ ਦਾ', 'ਝਗੜਾ ਕਪਾਹ ਤੇ ਨਰਮਾ' ਆਦਿ ਕਈ ਝਗੜੇ ਲਿਖੇ ਹਨ। ਇਹ ਕਿੱਸਾ 1950 ਵਿਚ ਦਰਬਾਰ ਹੱਟੀ, ਪਟਿਆਲਾ ਨੇ ਛਾਪਿਆ ਸੀ।

31. **ਬਾਣੀਏ ਤੇ ਜੱਟ ਦੀ ਲੜਾਈ**—ਛੱਜੂ ਸਿੰਘ ਕਵੀਸ਼ਰ ਦੀ ਰਚਨਾ ਹੈ ਜੋ 1955 ਵਿਚ ਛਪੀ ਹੈ।

32. **ਨੂੰਹ ਸੱਸ ਦੀ ਲੜਾਈ**—ਭਾਨ ਸਿੰਘ ਕਵੀਸ਼ਰ ਪਿੰਡ ਦੁੱਦੜ, ਜ਼ਿਲ੍ਹਾ ਪਟਿਆਲਾ ਦੀ ਰਚਨਾ ਹੈ। 1953 ਵਿਚ ਪ੍ਰਕਾਸ਼ਿਤ ਹੋਈ।

33. **ਝਗੜਾ ਕਣਕ ਤੇ ਛੋਲਿਆਂ ਦਾ**—ਚੰਨਣ ਸਿੰਘ ਕਵੀਸ਼ਰ, ਪਿੰਡ ਰਾਇ ਸਿੰਘ ਵਾਲਾ ਸਕਰੌਦੀ ਸਿੰਘਾਂ ਦੀ, ਤਸੀਲ ਭਵਾਨੀਗੜ੍ਹ, ਜ਼ਿਲ੍ਹਾ ਪਟਿਆਲਾ ਕ੍ਰਿਤ ਹੈ। 1955 ਵਿਚ ਛਪਿਆ ਹੈ।

34. **ਝਗੜਾ ਕਣਕ ਤੇ ਛੋਲਿਆਂ ਦਾ**—ਇਹ ਗੌਣ, ਸਾਈਂ ਮੁਹੰਮਦ ਮੁਰਾਦ ਅਲੀ ਨੇ ਲਿਖਿਆ ਸੀ, ਜੋ ਕਿ ਵਟਾਲੇ ਦਾ ਸੀ। 1932 ਈ: ਦੀ ਛਾਪ ਹੈ।

35. **ਝਗੜਾ ਲੱਸੀ ਤੇ ਚਾਹ ਦਾ**—ਬੂਟਾ ਸਿੰਘ ਦੀ ਰਚਨਾ ਹੈ ਜੋ ਕਿ ਰਾਮ ਬਾਗ, ਅੰਮ੍ਰਿਤਸਰ ਦਾ ਵਾਸੀ ਸੀ। ਇਸ ਨੂੰ ਭਾਈ ਮਿਹਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ ਨੇ ਦੁਬਾਰਾ ਛਾਪਿਆ ਹੈ।

ਇਹ 'ਝਗੜੇ' ਅਸਾਂ ਇਸ ਸੂਚੀ ਵਿਚ ਸ਼ਾਮਲ ਕੀਤੇ ਹਨ, ਜਿਨ੍ਹਾਂ ਵਿਚ ਅੱਧੇ ਕੁ ਹੱਥ ਲਿਖਤਾਂ ਤੋਂ ਲਏ ਹਨ ਤੇ ਅੱਧੇ ਕੁ ਪੁਰਾਣੇ ਛਪਿਆਂ ਹੋਇਆਂ ਤੋਂ ਹਾਸਲ ਕੀਤੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਾਫ਼ੀ 'ਝਗੜੇ' ਮਿਲਦੇ ਹਨ ਜਿਨ੍ਹਾਂ ਨੂੰ ਇਸ ਸੰਕਲਨ ਵਿਚ ਨਹੀਂ ਪਾਇਆ ਗਿਆ ਜਾਂ ਸ਼ਾਮਲ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ। ਜਿਵੇਂ ਕਿ 'ਝਗੜਾ ਨਣਦ ਭਰਜਾਈ'—ਚੂਹੜ ਸਿੰਘ, 'ਝਗੜਾ ਨੂੰਹ ਸਹੁਰਾ'—ਨੌਰਾਤਾ ਸਿੰਘ, 'ਝਗੜਾ ਨੂੰਹ ਸਹੁਰਾ'—ਗੁਰਦਿੱਤ ਸਿੰਘ 'ਹਵਾਲਦਾਰ' ਮਾਂਡਲੇ, 'ਝਗੜਾ ਕਾਲੀ ਗੋਰੀ ਦਾ', 'ਝਗੜਾ ਮਾਵਾਂ ਧੀਆਂ'—ਗੁਰਦਿੱਤ ਸਿੰਘ, 'ਝਗੜਾ ਤੀਲੀ ਲੌਂਗ'—ਭਗਤ ਕਿਰਪਾ ਰਾਮ, 'ਝਗੜਾ ਇਸ਼ਕ ਤੇ ਹੁਸਨ ਦਾ'—ਬਖ਼ਸ਼ੀ ਈਸਾਈ, 'ਝਗੜਾ ਨੂੰਹ ਸੱਸ'—ਚਰਨ ਸਿੰਘ ਕੇਵਲ, 'ਝਗੜਾ ਦੋਧੀ ਤੇ ਹਲਵਾਈ ਦਾ'—ਅਨੂਪ ਸਿੰਘ, 'ਝਗੜਾ ਜੱਟੀ ਤੇ ਸੁਨਿਆਰਾ'—ਜੀਵਨ ਸਿੰਘ, 'ਸਵਾਲ ਜਵਾਬ ਸੂਫ਼ੀ ਵ ਸ਼ਰਾਬੀ'—ਘਸੀਟਾ ਮੱਲ, 'ਝਗੜਾ ਲੱਸੀ ਤੇ ਚਾਹ'—ਜੀ. ਮੋਹਨ ਫੁਰਤਾ, 'ਝਗੜਾ ਘੁੱਗੀ ਕਾਂ'—ਫ਼ਜ਼ਲ ਦੀਨ ਨੁਸ਼ਹਿਰਾ, ਝਗੜਾ ਘੁੱਗੀ ਕਾਂ—ਅਹਿਮਦ ਦੀਨ, 'ਝਗੜਾ ਰੂਹ ਤੇ ਬੁਤ'—ਚੰਦ ਸਿੰਘ ਮਰਾਝ ਆਦਿ।

ਹੁਣ ਛੱਜੂ ਸਿੰਘ ਨੇ ਅੱਧੀ ਦਰਜਨ ਝਗੜੇ ਲਿਖੇ ਹਨ ਤੇ ਚੰਗੇ ਲਿਖੇ ਹਨ। ਮੇਰਾ ਖ਼ਿਆਲ ਹੈ ਕਿ 'ਕਿੱਸਾ ਨੂੰਹ ਸੱਸ' ਨਾਂ ਹੇਠ ਅਨੇਕਾਂ ਰਚਨਾਵਾਂ ਛਪੀਆਂ, ਜਿਨ੍ਹਾਂ ਦਾ ਹੁਣ ਬਹੁਤਾ ਵੇਰਵਾ ਨਹੀਂ ਮਿਲਦਾ, ਪਰ ਸਨ ਇਹ ਝਗੜੇ ਹੀ। ਇਸ ਤਰ੍ਹਾਂ ਝਗੜਾ-ਸਾਹਿਤ ਦਾ ਪਸਾਰ ਪੇਂਡੂ ਖੇਤਰ ਵਿਚ ਕਾਫ਼ੀ ਰਿਹਾ ਹੈ, ਤੇ ਸ਼ਹਿਰੀ ਜੀਵਨ ਵਾਲੇ ਤਾਂ ਪੱਛਮੀ ਫ਼ੈਸ਼ਨ ਦਾ ਸਾਮਾਨ ਹੀ ਵਧੇਰੇ ਪਸੰਦ ਕਰਦੇ ਹਨ। ਦੂਜੇ ਪਾਸੇ ਸਿੰਘ ਸਭਾ ਲਹਿਰ ਦੇ ਸੁਧਾਰਕ ਪੇਂਡੂ ਕਵੀਸ਼ਰੀ ਨੂੰ ਘੱਟ ਹੀ ਪਸੰਦ ਕਰਦੇ ਸਨ ਤੇ ਕੁਝ ਵਧੇਰੇ ਹੀ ਸਾਊ ਤੇ ਗੰਭੀਰ ਬਣ ਕੇ ਰਾਜ਼ੀ ਸਨ। ਇਸ ਕਰਕੇ ਉਨ੍ਹਾਂ ਲੋਕ ਗੀਤਾਂ ਅਤੇ ਕਿੱਸਕਾਰੀ ਦਾ ਕਾਫ਼ੀ ਵਿਰੋਧ ਕੀਤਾ ਤੇ ਪੇਂਡੂ ਲੋਕ ਕਿਹੜਾ ਘੱਟ ਗੁਜ਼ਾਰਨ ਵਾਲੇ ਸਨ, ਇਨ੍ਹਾਂ ਟੱਪਾ ਜੋੜ ਦਿੱਤਾ:

ਮੁੱਕ 'ਗੇ ਘੜੇ ਦੇ ਦਾਣੇ, ਬਣ 'ਗੇ ਸਿੰਘ ਸਭੀਏ।

ਸ: ਗੁਰਬਖ਼ਸ਼ ਸਿੰਘ ਕੇਸਰੀ, ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਲਿਖਣ ਵਾਲੇ ਇਕ ਪ੍ਰਸਿੱਧ ਪੱਤਰਕਾਰ ਤੇ ਕਵੀ ਸਨ, ਇਹ ਸਰਕਾਰੀ ਪੱਤਰ *ਪਟਿਆਲਾ ਗਜ਼ਟ* ਦੇ ਸਬ-ਐਡੀਟਰ ਵੀ ਰਹੇ ਤੇ ਇਨ੍ਹਾਂ ਕਈ ਸੁਧਾਰਕ ਚੀਜ਼ਾਂ ਲਿਖੀਆਂ, ਜਿਵੇਂ *ਨਿੱਕੀਆਂ ਜਿੰਦਾਂ ਤੇ ਵੱਡੇ ਸਾਕੇ*, *ਪੁਜਾਰੀ ਪ੍ਰਬੰਧ* ਵਗੈਰਾ। ਇਨ੍ਹਾਂ ਨੇ ਇਕ *ਕਲਮ ਤੇ ਤਲਵਾਰ ਦਾ ਸੰਬਾਦ* ਲਿਖਿਆ, ਜੋ ਕਿ ਆਪਣੀ ਤਰ੍ਹਾਂ ਦਾ ਇਕ ਚੰਗਾ ਯਤਨ ਹੈ। ਆਪ ਇਸ ਦੇ ਮੁੱਢ ਵਿਚ ਲਿਖਦੇ ਹਨ:

> ਸਾਡੀ ਮਾਤ ਭਾਸ਼ਾ ਪੰਜਾਬੀ ਦੀ ਕੀ ਨਿਘਰੀ ਹੋਈ ਦਸ਼ਾ ਹੈ, ਇਸ ਦਾ ਕਾਰਨ ਸਾਡੀ ਕੌਮ ਦੇ ਵਿਦਵਾਨ ਲੋਕ ਹਨ, ਜੋ ਕਿ ਨਿਮਾਣੀ ਪੰਜਾਬੀ ਨੂੰ ਅੰਨਯ ਭਾਖਾਵਾਂ ਵਿੱਚੋਂ ਆਪਣੀ ਇਲਮੀਯਤ ਦੇ ਬਲ ਨਾਲ ਚੰਗੇ ਚੰਗੇ ਪੁਸਤਕ ਉਲਟਾ ਕੇ ਮਾਲਾਮਾਲ ਨਹੀਂ ਕਰਦੇ। ਹਾਂ, ਕੁਝ ਪੇਂਡੂ ਕਵੀਸ਼ਰ ਲੋਕ ਅਜਿਹੇ ਹਨ ਜੋ ਵਿਚਾਰੀ ਪੰਜਾਬੀ ਭਾਸ਼ਾ ਨੂੰ ਭੂਸ਼ਿਤ ਕਰਨ ਦੀ ਥਾਂ 'ਕਣਕ ਤੇ ਛੋਲੇ ਦਾ ਸੰਬਾਦ', 'ਸੋਨੇ

ਚਾਂਦੀ ਦਾ ਝਗੜਾ', 'ਜੱਟ ਹਲਵਾਈ ਦੀ ਲੜਾਈ' ਆਦਿ ਨਿਰਾਰਥਕ ਕਿੱਸੇ ਲਿਖ ਕੇ ਦੂਸ਼ਿਤ ਕਰ ਰਹੇ ਹਨ।

ਇਸ ਤਰ੍ਹਾਂ ਦੇ ਸੁਧਾਰਕ ਲੇਖਕ ਪੇਂਡੂ ਕਿੱਸਾਕਾਰੀ ਨੂੰ ਬਹੁਤਾ ਪਸੰਦ ਨਹੀਂ ਸੀ ਕਰਦੇ, ਹਾਲਾਂਕਿ ਇਹੋ ਕਿੱਸਾਕਾਰੀ ਦਾ ਹੀ ਮਸਾਲਾ ਸੀ ਜੋ ਜਨ-ਸਾਧਾਰਨ ਦੇ ਮਨੋਰੰਜਨ ਦਾ ਸਾਧਨ ਸੀ ਤੇ ਸਿੱਖਿਆ ਨਸੀਹਤ ਦਾ ਮਾਧਿਅਮ ਵੀ। ਕੇਸਰੀ ਜੀ ਨੇ 'ਕਲਮ ਤੇ ਤਲਵਾਰ ਦਾ ਸੰਬਾਦ' ਲਿਖ ਕੇ ਇਕ ਅੱਛਾ ਰਸਤਾ ਦਿਖਾਇਆ, ਪ੍ਰੰਤੂ ਜਾਪਦਾ ਇਹ ਹੈ ਕਿ ਸਾਡੇ ਸਾਹਿੱਤਕਾਰਾਂ ਇਸ ਦੀ ਪੈਰਵੀ ਨਹੀਂ ਕੀਤੀ। ਇਸ ਕਾਵਿ-ਰੂਪ ਨੂੰ ਅਪਣਾ ਕੇ, ਉੱਚੀਆਂ ਰਚਨਾਵਾਂ ਰਚਣੀਆਂ ਕੋਈ ਅਸੰਭਵ ਗੱਲ ਨਹੀ ਸੀ। ਅਜੇ ਵੀ ਇਸ ਲਈ ਰਾਹ ਮੋਕਲਾ ਪਿਆ ਹੈ।

ਸ਼ਾਇਦ ਕਈ ਪਾਠਕ ਸ਼ੰਕਾ ਕਰਨ ਕਿ ਇਹ ਕਣਕ ਛੋਲਿਆਂ ਤੇ ਚਾਹ ਲੱਸੀ ਆਦਿ ਦੇ ਝਗੜਿਆਂ ਦਾ ਕਾਵਿ ਪੱਧਰ ਇਤਨਾ ਸੰਤੋਖਜਨਕ ਨਹੀਂ। ਇਹ ਗੱਲ ਠੀਕ ਹੈ ਪਰ ਅਸੀਂ ਇਹ ਦੇਖਣਾ ਹੈ ਕਿ ਕਿਵੇਂ ਪੇਂਡੂ ਕਵੀਸ਼ਰਾਂ ਆਪਣੀ ਕਲਪਨਾ-ਸ਼ਕਤੀ ਦੁਆਰਾ ਇਨ੍ਹਾਂ ਦੇ ਸਵਾਲ-ਜਵਾਬ ਗੁੰਦ ਕੇ ਕਿੱਸੇ ਦਾ ਢਾਂਚਾ ਤਿਆਰ ਕੀਤਾ ਤੇ ਰੌਚਿਕਤਾ ਬਣਾਈ। ਅਸੀਂ ਤਾਂ ਸਮੂਹ ਕਿੱਸਾਕਾਰਾਂ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਸਮੇਂ ਸਮੇਂ ਆਪਣੇ ਸਮਾਜ ਦੇ ਦਵੰਦ ਨੂੰ ਪ੍ਰਗਟਾਇਆ ਤੇ ਦੋ ਪਾਤਰਾਂ ਦੇ ਤਕਰਾਰ ਵਿਚ ਅਸਲ ਪੰਜਾਬੀ ਕਲਹ-ਕਲੋਲਾਂ ਤੇ ਪੇਂਡੂ ਬੋਲਾਂ ਨੂੰ ਸੁਰੱਖਿਅਤ ਕੀਤਾ ਹੈ, ਕਿਉਂਕਿ ਗੁੱਸੇ ਦੇ ਬੋਲਾਂ ਵਿਚ ਝੂਠ-ਮੂਠ ਨਕਲ ਨਹੀਂ ਹੁੰਦੀ। ਇਨ੍ਹਾਂ ਦੀ ਬਣਤਰ ਸਰਲ, ਸਾਦੀ ਤੇ ਛਲ ਫਰੇਬੋਂ ਨਿਰਮਲ ਹੈ। ਸਮਾਂ ਆਏਗਾ ਜਦੋਂ ਇਹ ਸੰਵਾਦ, ਸਵਾਲ-ਜਵਾਬ ਪੁਰਾਣੀ ਸ਼ਰਾਬ ਵਾਂਗ, ਹੋਰ ਹੋਰ ਸੁਆਦ ਦਿੰਦੇ ਰਹਿਣਗੇ।

ਬੰਬਲਾ ਕਵੀਸ਼ਰ—ਭਗਵਾਨ ਸਿੰਘ

ਪੰਜਾਬੀ ਕਿੱਸਾਕਾਰਾਂ ਵਿਚ ਭਗਵਾਨ ਸਿੰਘ ਦਾ ਨਿਵੇਕਲਾ ਸਥਾਨ ਹੈ। ਨਾ ਉਹ ਦਮੋਦਰ ਗੁਲਾਟੀ ਹੀ ਹੈ ਤੇ ਨਾ ਹੀ ਸੱਯਦ ਵਾਰਿਸ ਸ਼ਾਹ, ਪਰ ਉਸ ਦੇ ਸਿੱਧੇ-ਸਾਦੇ ਮਲਵਈ ਰੰਗ ਨੇ ਕਿੱਸਕਾਰੀ ਨੂੰ ਇਕ ਨਵੀਂ ਦਮਕ ਦਿੱਤੀ ਹੈ। ਖ਼ਾਸ ਕਰਕੇ ਉਸ ਦੀ ਹੀਰ ਤੇ ਮਿਰਜ਼ੇ ਨੇ ਮਾਲਵੇ ਦੀਆਂ ਮਹਿਫ਼ਲਾਂ ਨੂੰ ਸਦਾ ਰੌਣਕ ਪ੍ਰਦਾਨ ਕੀਤੀ ਹੈ ਤੇ ਆਮ ਪਾਠਕ ਵੀ ਉਸ ਤੋਂ ਮੁਤਾਸਰ ਹੋਏ ਬਗੈਰ ਨਹੀਂ ਰਹਿ ਸਕੇ। ਉਹ ਲੋਕ-ਕਵੀਆਂ ਦਾ ਸਰਦਾਰ ਹੈ, ਉਸ ਦੀ ਸਰਦਾਰੀ ਨੂੰ ਹਰ ਕਿਸੇ ਪਰਵਾਨ ਕੀਤਾ ਹੈ।

ਭਾਈ ਭਗਵਾਨ ਸਿੰਘ ਕਵੀਸ਼ਰ ਦਾ ਜਨਮ ਪਿੰਡ ਮਰ੍ਹਾਜ, ਜ਼ਿਲ੍ਹਾ ਫ਼ਿਰੋਜ਼ਪੁਰ (ਵਰਤਮਾਨ ਜ਼ਿਲ੍ਹਾ ਬਠਿੰਡਾ, ਬਲਾਕ ਫੂਲ) ਵਿਚ ਸੰਨ 1850 ਈ: ਵਿਚ ਹੋਇਆ।

ਮਰ੍ਹਾਜ (ਮਹਿਰਾਜ) ਮਾਲਵੇ ਦਾ ਮਸ਼ਹੂਰ ਨਗਰ ਹੈ। ਇਸ ਵਿਚ ਵਧੇਰੇ ਸਿੱਧੂ ਜੱਟ ਵੱਸਦੇ ਹਨ ਜੋ ਕਿ ਫੂਲਕੀਆਂ ਖ਼ਾਨਦਾਨ ਸੀ। ਮਾਲਵੇ ਵਿਚ ਭਾਈ ਮੂਲਚੰਦ ਇਕ ਪ੍ਰਸਿੱਧ ਵਿਅਕਤੀ ਹੋਏ ਹਨ। ਇਨ੍ਹਾਂ ਦੇ ਸੰਗਰੂਰ ਤੇ ਸੁਨਾਮ ਵਿਚ ਯਾਦਗਾਰੀ ਸਥਾਨ ਵੀ ਬਣੇ ਹੋਏ ਹਨ। ਭਾਈ ਸਾਹਿਬ ਦੇ ਖਤਰੀ ਖ਼ਾਨਦਾਨ ਵਿਚ ਭਾਈ ਰੱਤੂ ਦੇ ਘਰ ਭਗਵਾਨ ਸਿੰਘ ਦਾ ਜਨਮ 1850 ਈ: ਵਿਚ ਹੋਇਆ।

ਉਹ ਆਪਣੇ ਸਮੇਂ ਦਾ ਬੁੱਧੀਮਾਨ ਆਦਮੀ ਸੀ ਤੇ ਆਪਣੀ ਸੂਝ-ਬੂਝ ਸਦਕੇ ਸਰਕਾਰੇ-ਦਰਬਾਰੇ ਵੀ ਥੋੜ੍ਹਾ ਬਹੁਤ ਮਾਣ ਆਦਰ ਰੱਖਦਾ ਸੀ। ਕੁਝ ਸੱਜਣਾਂ ਇਹ ਵੀ ਦੱਸਿਆ ਹੈ ਕਿ ਉਹ ਥੋੜ੍ਹੇ ਸਮੇਂ ਲਈ ਰਿਆਸਤ ਨਾਭਾ ਵਿਚ ਪਟਵਾਰੀ ਦੇ ਕੰਮ 'ਤੇ ਵੀ ਲੱਗਾ ਰਿਹਾ ਸੀ ਤੇ ਫਿਰ ਕੁਝ ਅਰਸੇ ਲਈ ਅਮਲੋਹ ਥਾਣੇਦਾਰੀ ਦੀ ਜ਼ਿੰਮੇਵਾਰੀ ਵੀ ਨਿਭਾਈ। ਪਰ ਇਹ ਚਾਕਰੀ ਦੇ ਬੰਧਨ ਸ਼ਾਇਰੀ ਲਈ ਮਾਫ਼ਕ ਨਹੀਂ ਸਨ, ਇਸ ਲਈ ਉਹ ਸਭ ਕੁਝ ਛੱਡ ਕੇ ਪਿੰਡ ਆ ਕੇ ਆਰਾਮ ਚੈਨ ਦੀ ਜ਼ਿੰਦਗੀ ਬਿਤਾਉਣ ਲੱਗਾ। ਮਹਾਰਾਜਾ ਹੀਰਾ ਸਿੰਘ ਨਾਭੇ ਵਾਲੇ (1843-1911 ਈ:) ਵਿਦਵਾਨਾਂ ਤੇ ਕਵੀਆਂ ਦੇ ਚੰਗੇ ਕਦਰਦਾਨ ਸਨ ਤੇ ਉਹ ਇਸ ਦੀ ਸ਼ਾਇਰੀ ਦਾ ਚੰਗਾ ਆਦਰ ਕਰਦੇ ਸਨ। ਦੱਸਿਆ ਜਾਂਦਾ ਹੈ ਕਿ ਮਹਾਰਾਜੇ ਦੀ ਹਦਾਇਤ ਨਾਲ ਨਾਭੇ ਦੀ ਹਰ ਮੰਡੀ ਤੋਂ ਭਾਈ ਭਗਵਾਨ ਸਿੰਘ ਨੂੰ ਪੰਦਰਾਂ ਰੁਪਏ ਸਾਲਾਨਾ ਮਿਲਿਆ ਕਰਦੇ ਸਨ। ਲਾਗੇ ਵੱਸਦੇ ਭਦੌੜੀਏ ਸਰਦਾਰਾਂ ਦੇ ਵੀ ਕਵੀ ਦਾ ਆਉਣ ਜਾਣ ਸੀ ਤੇ ਉਹ ਵੀ ਇਸ ਦੀ ਕਵੀਸ਼ਰੀ ਤੋਂ ਪ੍ਰਭਾਵਿਤ ਸਨ। ਖ਼ਾਨਦਾਨੀ ਅਸਰ ਕਰਕੇ, ਕੁਝ ਦਰਵੇਸ਼ੀ ਤੇ ਸੰਤ-ਬਿਰਤੀ ਦਾ ਵੀ ਰੰਗ ਸੀ, ਜਿਸ ਕਰਕੇ ਆਮ ਲੋਕ ਭਗਵਾਨ ਸਿੰਘ ਨੂੰ

'ਭਾਈ' ਕਹਿ ਕੇ ਯਾਦ ਕਰਦੇ ਸਨ। ਕਈ ਥਾਂ ਕਵੀ ਆਪ ਵੀ ਆਪਣੇ ਆਪ ਨੂੰ ਦਰਵੇਸ਼ ਕਹਿੰਦਾ ਹੈ।

ਭਗਵਾਨ ਸਿੰਘ ਦਰਵੇਸ਼ ਦਾ, ਸਭ ਨੂੰ ਦੁਆ ਸਲਾਮ। *(ਮਿਰਜ਼ਾ ਸਾਹਿਬਾਂ)*

ਭਗਵਾਨ ਸਿੰਘ ਚੰਗੇ ਕੱਦ ਕਾਠ ਵਾਲਾ, ਸੋਹਣਾ ਜੁਆਨ, ਰੰਗ ਕਣਕ-ਭਿੰਨਾ ਸੱਜਣ ਤੇ ਸ਼ੌਕੀਨ ਆਦਮੀ ਸੀ। ਜ਼ਿਆਦਾ ਚਿੱਟੇ ਕੱਪੜੇ ਪਹਿਨਣ ਦਾ ਆਦੀ ਸੀ। ਵਾਹਵਾ ਮਾਣ-ਮਟਕ ਨਾਲ ਜ਼ਿੰਦਗੀ ਬਿਤਾਉਂਦਾ ਸੀ ਅਤੇ ਕਿਸੇ ਦੀ ਕਾਣ-ਕਣੌਡ ਨਹੀਂ ਸੀ ਝੱਲਦਾ। ਇਕ ਵਾਰ ਮਹਾਰਾਜਾ ਹੀਰਾ ਸਿੰਘ, ਮਰ੍ਹਾਜ ਲਾਗੇ ਪਿੰਡ ਫੂਲ ਆਏ, ਭਗਵਾਨ ਸਿੰਘ ਵੀ ਉਥੇ ਆ ਗਿਆ। ਉਸ ਦੀ ਜੁੱਤੀ ਕੁਝ ਟੁੱਟੀ ਹੋਈ ਸੀ। ਮਹਾਰਾਜੇ ਨੇ ਹੱਸ ਕੇ ਕਿਹਾ, 'ਭਗਵਾਨ ਸਿੰਘ ਜੇ ਸਾਨੂੰ ਛੱਡ ਕੇ ਨਾ ਆਉਂਦਾ ਤਾਂ ਇਹ ਟੁੱਟੀ ਹੋਈ ਜੁੱਤੀ ਕਾਹਨੂੰ ਪਾਉਂਦਾ ?' ਭਗਵਾਨ ਸਿੰਘ ਹੱਸ ਕੇ ਕਹਿਣ ਲੱਗਾ, 'ਮਹਾਰਾਜ, ਕੀ ਹੋਇਆ ਮੇਰੀ ਜੁੱਤੀ ਟੁੱਟ ਗਈ, ਤੁਹਾਡੇ 'ਫੂਲ ਨਗਰ' ਦਾ ਦਰਸ਼ਨੀ ਦਰਵਾਜ਼ਾ ਵੀ ਤਾਂ ਢੱਠਾ ਪਿਆ ਹੈ।'

ਭਗਵਾਨ ਸਿੰਘ ਵਿਆਹਿਆ ਨਾ ਹੋਣ ਕਰਕੇ ਘਰ ਦੇ ਜੰਜਾਲਾਂ ਤੋਂ ਅਜ਼ਾਦ ਸੀ ਤੇ ਕਵੀਸ਼ਰੀ ਉਸ ਦਾ ਮਨ-ਭਾਉਂਦਾ ਕਿੱਤਾ ਸੀ। ਉਸ ਨੇ ਖ਼ੁਦ ਲਿਖਿਆ ਵੀ ਹੈ :

ਬਾਈ ਪਿੰਡ ਸਿੱਧੂਆਂ ਦੇ ਵਸਦੇ ਬਹਾਰ ਨਾਲ,
ਗੱਦੀਆਂ ਮੁਕਾਮ ਵੱਡਾ ਪਿੰਡ ਮਰ੍ਹਾਜ ਹੈ।
ਤਿਸ ਵਿਚ ਮੇਰਾ ਹੈ ਮੁਕਾਮ ਭਗਵਾਨ ਸਿੰਘਾ,
ਖ਼ੁਸ਼ੀ ਦੀ ਕਵੀਸ਼ਰੀ ਦਾ ਰੋਜ਼ ਮੈਨੂੰ ਕਾਜ ਹੈ। *(ਸੋਹਣੀ ਮਹੀਂਵਾਲ)*

ਇਸ ਖ਼ੁਸ਼ੀ ਦੀ ਕਵੀਸ਼ਰੀ ਕਰਨ ਵਾਲੇ ਬੰਬਲੇ ਕਵੀਸ਼ਰ ਦਾ ਦੇਹਾਂਤ ਪਿੰਡ ਮਰ੍ਹਾਜ ਵਿਚ ਹੀ 1902 ਈ: ਵਿਚ ਹੋਇਆ।

ਕਵੀ ਨੇ ਕਿੱਸਾ ਮਿਰਜ਼ਾ ਸਾਹਿਬਾਂ ਦੇ ਅੰਤ ਵਿਚ ਲਿਖਿਆ ਹੈ:

ਬਹੁਤ ਕਿਤਾਬਾਂ ਛਾਪੀਆਂ, ਜਗ ਸਾਰੇ ਵਿਚ ਆਮ।
ਮੇਰਾ ਕਾਰ ਕਵੀਸ਼ਰੀ, ਹਰਦਮ ਸੁਬਹਾ ਤੇ ਸ਼ਾਮ।
ਮੈਂ ਸਭ ਕਹਾਣੀਆਂ ਜੋੜੀਆਂ, ਜਿਗਰੇ ਕਰਕੇ ਚੀਰ,
ਆਪੋ ਆਪਣੀ ਸਮਝ ਹੈ, ਮੈਥੋਂ ਛੁਟ ਗਏ ਤੀਰ।

ਕਵੀ ਦੇ ਇਸ ਕਥਨ ਤੋਂ ਇਉਂ ਭਾਸਦਾ ਹੈ ਜਿਵੇਂ ਉਸ ਕਈ ਕਿੱਸੇ ਲਿਖੇ ਸਨ, ਪਰ ਪ੍ਰਸਿੱਧ ਚਾਰ ਹਨ :

1. ਹੀਰ;
2. ਸੋਹਣੀ ਮਹੀਂਵਾਲ;
3. ਮਿਰਜ਼ਾ ਸਾਹਿਬਾਂ;
4. ਜੰਦ।

1. ਕਥਾ ਹੀਰ ਰਾਂਝੇ ਕੀ

ਇਹ ਕਿੱਸਾ ਕਵੀ ਨੇ 1943 ਬਿ: ਮੁਤਾਬਕ 1886 ਈ: ਵਿਚ ਰਚ ਕੇ ਯੰਤ੍ਰਾਲਯ ਨਿਰੰਕਾਰੀ, ਲੁਧਿਆਣੇ ਤੋਂ ਪ੍ਰਕਾਸ਼ਿਤ ਕਰਵਾਇਆ ਸੀ, ਜਿਹਾ ਕਿ 'ਹੀਰ' ਦੇ ਅੰਤ ਵਿਚ ਕਵੀ ਨੇ ਦੱਸਿਆ ਹੈ। ਕੁਝ ਲੇਖਕਾਂ ਕਵੀ ਦੇ ਇਸ ਕਥਨ ਤੋਂ 'ਹੁਕਮ ਅੰਗਰੇਜ਼ ਦਾ ਤੇ ਕੰਪਨੀ ਦਾ ਰਾਜ ਹੈ', ਇਹ ਅਨੁਮਾਨ ਲਾਇਆ ਹੈ ਕਿ ਹੀਰ 1857 ਤੋਂ ਪਹਿਲਾਂ ਦੀ ਰਚਨਾ ਹੈ। ਪਰ ਕਵੀ ਨੇ ਤਾਂ ਸੰਮਤ ਸਾਫ਼ ਲਿਖ ਦਿੱਤਾ ਹੈ। ਹਾਂ, 'ਕੰਪਨੀ ਦਾ ਰਾਜ' ਲਿਖਣ ਵਿਚ ਕਵੀ ਨੂੰ ਭੁਲੇਖਾ ਲੱਗਾ ਪ੍ਰਤੀਤ ਹੁੰਦਾ ਹੈ। ਇਹ ਕਿੱਸਾ ਕਬਿੱਤਾਂ ਵਿਚ ਹੈ, ਛੰਦ-ਗਿਣਤੀ ਸਵਾ ਪੰਜ ਸੌ ਤੋਂ ਉੱਤੇ ਹੈ, ਜਿਸ ਨੂੰ ਅਸਾਂ ਪੁਰਾਤਨ ਪਾਠ ਦੇ ਆਧਾਰ 'ਤੇ ਸੰਪਾਦਿਤ ਕਰ ਕੇ ਛਾਪਿਆ ਹੈ। ਪ੍ਰਕਾਸ਼ਕਾਂ ਦੀ ਮਾਰ ਹੇਠ ਆ ਕੇ ਅੱਜ-ਕੱਲ੍ਹ ਇਹ ਕਿੱਸਾ ਅੱਧਾ ਕੁ ਰਹਿ ਗਿਆ ਹੈ। ਇਸੇ ਕਰ ਕੇ ਕੁਝ ਸੱਜਣਾਂ ਇਸ ਦੇ 224 ਛੰਦ ਦੱਸੇ ਹਨ, ਜੋ ਭੁੱਲ ਹੈ।

2. ਸੋਹਣੀ ਮਹੀਂਵਾਲ

ਇਹ ਕਿੱਸਾ ਕਵੀ ਨੇ ਦੋਸਤਾਂ ਯਾਰਾਂ ਦੇ ਕਹਿਣ 'ਤੇ 1948 ਬਿ: (1891 ਈ:) ਵਿਚ ਪਟਿਆਲੇ ਰਚਿਆ ਸੀ ਤੇ ਇਸ ਨੂੰ ਪਹਿਲੀ ਵਾਰ ਭਾਈ ਫੁੰਮਣ ਸਿੰਘ ਮੁਨਸ਼ੀ ਰਾਮ ਕੁਤਬ ਫ਼ਰੋਸ਼, ਪਟਿਆਲਾ ਨੇ ਛਾਪਿਆ ਸੀ। ਇਹ ਕਬਿੱਤਾਂ ਵਿਚ ਹੈ ਤੇ ਇਸ ਦੀ ਰਚਨਾ ਵਿਚ ਪਹਿਲਾਂ ਲਿਖੇ ਸੋਹਣੀ ਦੇ ਕਿੱਸਿਆਂ ਤੋਂ ਯੋਗ ਸਹਾਇਤਾ ਲਈ ਗਈ ਹੈ।

> ਉੱਨੀ ਸੌ ਅਠਤਾਲੀ ਸੰਨ ਬਿਕ੍ਰਮਾਜੀਤ ਦਾ ਹੈ,
> ਸੋਹਣੀ ਮਹੀਂਵਾਲ ਦਾ ਬਣਾਇਆ ਕਿੱਸਾ ਜੋੜ ਕੇ।
> ਪਾਸ ਰੱਖ ਪੋਥੀਆਂ ਮਾਲੂਮ ਕੀਤਾ ਭੇਤ ਸਾਰਾ,
> ਮਤਲਬ ਤਮਾਮ ਵਿਚ ਰੱਖਿਆ ਮਰੋੜ ਕੇ।

3. ਮਿਰਜ਼ਾ ਸਾਹਿਬਾਂ

ਇਹ ਕਿੱਸਾ ਸੱਦਾਂ ਜਾਂ ਕਲੀਆਂ ਵਿਚ ਹੈ। ਏਸ ਸਮੇਂ ਕਿਸ਼ਨ ਸਿੰਘ ਆਰਿਫ਼ ਨੇ ਹੀਰ ਕਲੀਆਂ ਵਿਚ ਲਿਖੀ ਸੀ ਤੇ ਭਗਵਾਨ ਸਿੰਘ ਨੇ ਉਸੇ ਢੰਗ 'ਤੇ 7 ਬੰਦਾਂ ਦਾ ਛੰਦ ਬਣਾ ਕੇ ਇਹ ਕਿੱਸਾ ਰਚਿਆ। ਇਸ ਦੇ 124 ਛੰਦ ਹਨ। ਮਿਰਜ਼ੇ ਦਾ ਕਿੱਸਾ ਆਮ ਤੌਰ 'ਤੇ ਸੱਦਾਂ ਵਿਚ ਹੀ ਰਚਿਆ ਜਾਂਦਾ ਰਿਹਾ ਹੈ ਤੇ ਪੀਲੂ ਦੇ ਪ੍ਰਭਾਵ ਤੋਂ ਕੋਈ ਬਚ ਨਹੀਂ ਸਕਿਆ। ਸ਼ਿੰਗਾਰ ਤੇ ਬੀਰ-ਰਸ ਦਾ ਇਹ ਇਕ ਚੰਗਾ ਸੰਗਮ ਹੈ। *ਮਿਰਜ਼ੇ ਦੀਆਂ ਸੱਦਾਂ* ਪੁਸਤਕ ਵਿਚ ਇਸ ਨੂੰ ਮੈਂ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕੀਤਾ ਹੈ।

4. ਜੰਙ

ਜੰਙ ਵਿੱਚੋਂ ਭਗਵਾਨ ਸਿੰਘ ਦੀ ਜੰਙ ਖ਼ਾਸ ਮਸ਼ਹੂਰ ਰਹੀ ਹੈ। ਮਰਾਜ ਪਿੰਡ

ਦੇ ਇਕ ਬਾਬੇ ਨੇ ਮੈਨੂੰ ਇਹ ਗੱਲ ਸੁਣਾਈ ਸੀ ਕਿ ਸਾਡੇ ਪਿੰਡੋਂ ਲੌਂਗੋਵਾਲ ਜੰਞ ਗਈ ਸੀ ਤਾਂ ਉਥੇ ਕਵੀ ਨੇ ਇਹ 'ਜੰਞ' ਰਚੀ ਸੀ ਤੇ ਆਪਣੇ ਪਿੰਡ ਦੀ ਪੱਤ ਰੱਖੀ ਸੀ। ਇਸ 85 ਸਾਲਾ ਬਜ਼ੁਰਗ ਨੇ ਜੰਞ ਵਿੱਚੋਂ ਇਕ ਦੋ ਕਬਿੱਤ ਵੀ ਮੈਨੂੰ ਸੁਣਾਏ ਸਨ। ਇਸ ਤੋਂ ਪ੍ਰਗਟ ਹੈ ਕਿ ਇਹ 'ਜੰਞ' ਪਹਿਲਾਂ ਤੋਂ ਹੀ ਖ਼ਾਸੀ ਮਸ਼ਹੂਰ ਰਹੀ ਹੈ। *ਪੰਜਾਬੀ ਜੰਞਾਂ* ਪੁਸਤਕ ਵਿਚ ਅਸਾਂ ਇਸ ਦਾ ਪਾਠ ਦਿੱਤਾ ਹੈ।

ਇਨ੍ਹਾਂ ਰਚਨਾਵਾਂ ਵਿੱਚੋਂ ਭਗਵਾਨ ਸਿੰਘ ਦੀ ਵਡਿਆਈ 'ਹੀਰ' ਨੇ ਵਧੇਰੇ ਬਣਾਈ ਹੈ ਤੇ 'ਹੀਰ' ਉਸ ਦੀ ਸੱਚਮੁੱਚ ਵਿਸ਼ੇਸ਼ ਰਚਨਾ ਹੈ।

ਜਿਵੇਂ ਪੰਜਾਬ ਦੀਆਂ ਪ੍ਰੀਤ-ਕਥਾਵਾਂ ਵਿੱਚੋਂ 'ਹੀਰ ਰਾਂਝਾ' ਸ਼੍ਰੋਮਣੀ ਕਥਾ ਮੰਨੀ ਗਈ ਹੈ, ਤਿਵੇਂ ਹੀਰ-ਕਿੱਸਿਆਂ ਵਿੱਚੋਂ *ਹੀਰ ਦਮੋਦਰ*, *ਹੀਰ ਵਾਰਿਸ*, *ਹੀਰ ਭਗਵਾਨ ਸਿੰਘ* ਤੇ *ਹੀਰ ਕਿਸ਼ਨ ਸਿੰਘ ਆਰਿਫ਼* ਨੇ ਵਿਸ਼ੇਸ਼ ਕੀਰਤੀ ਪ੍ਰਾਪਤ ਕੀਤੀ ਹੈ। *ਹੀਰ ਦਮੋਦਰ* ਲਹਿੰਦੇ ਵਿਚ ਵਧੇਰੇ ਪੜ੍ਹੀ ਗਈ ਹੈ। *ਹੀਰ ਵਾਰਿਸ* ਕੇਂਦਰੀ ਪੰਜਾਬ ਉੱਤੇ ਛਾਈ ਰਹੀ ਹੈ ਅਤੇ ਹੀਰ ਭਗਵਾਨ ਸਿੰਘ ਮਾਲਵੇ ਵਿਚ ਸਭ ਤੋਂ ਵੱਧ ਮਸ਼ਹੂਰ ਤੇ ਹਰਮਨ ਪਿਆਰੀ ਹੋਈ ਹੈ। ਉੱਨੀਵੀਂ ਸਦੀ ਵਿਚ ਦਰਜਨਾਂ 'ਹੀਰਾਂ' ਲਿਖੀਆਂ ਗਈਆਂ, ਪਰ ਵਡਿਆਈ-ਯੋਗ *ਹੀਰ ਭਗਵਾਨ ਸਿੰਘ* ਤੇ *ਹੀਰ ਕਿਸ਼ਨ ਸਿੰਘ* ਹੀ ਕਹੀਆਂ ਜਾ ਸਕਦੀਆਂ ਹਨ। *ਹੀਰ ਭਗਵਾਨ ਸਿੰਘ* 1886 ਈ: ਦੀ ਰਚਨਾ ਹੈ ਤੇ 'ਹੀਰ ਕਿਸ਼ਨ ਸਿੰਘ' 1889 ਈ: ਦੀ। 'ਹੀਰ ਕਿਸ਼ਨ ਸਿੰਘ' ਕਲੀਆਂ ਵਿਚ ਲਿਖੀ ਗਈ ਤੇ ਜ਼ਰਾ ਕੁ ਸੂਫ਼ੀ ਰੰਗ ਨੇ ਇਸ ਨੂੰ ਅੱਛਾ ਨਿਖਾਰ ਦਿੱਤਾ। ਜ਼ਬਾਨ ਵੀ ਅੱਛੀ ਮਾਂਜੀ-ਸੁਆਰੀ ਟਕਸਾਲੀ ਭਾਂਤ ਦੀ ਸੀ। ਇਨ੍ਹਾਂ ਗੁਣਾਂ ਨੇ ਇਸ ਦੀ ਚੰਗੀ ਕਦਰ ਕਰਾਈ। 'ਹੀਰ ਭਗਵਾਨ ਸਿੰਘ' ਕਈ ਗੱਲਾਂ ਵਿਚ ਨਿਰਾਲੀ ਹੈ। ਪਹਿਲਾਂ ਇਹ ਕਬਿੱਤਾਂ ਵਿਚ ਹੈ, ਦੂਜੇ ਇਸ ਦੀ ਬੋਲੀ ਕੇਂਦਰੀ ਟਕਸਾਲੀ ਦੇ ਖ਼ਾਸ ਨੇੜੇ ਹੋਣ ਦੇ ਬਾਵਜੂਦ ਮਾਲਵੇ ਦੀ ਬੋਲ-ਚਾਲ ਤੇ ਮਜੀਠੀ ਰੰਗ ਵਿਚ ਰੰਗੀ ਹੋਈ ਹੈ। ਇਹ ਠੀਕ ਹੈ ਕਿ ਕਿਸ਼ਨ ਸਿੰਘ ਦੀ ਜ਼ਬਾਨ ਵਧੇਰੇ ਸੁਥਰੀ ਤੇ ਸਾਹਿੱਤਕ ਹੈ। ਉਸ ਦੇ ਖ਼ਿਆਲਾਂ ਦਾ ਪਸਾਰ ਵਧੇਰੇ ਵਿਆਪਕਤਾ ਵਾਲਾ ਹੈ, ਪਰ ਭਗਵਾਨ ਸਿੰਘ ਵਾਲੀ ਸਹਿਜ-ਸੁਭਾਵਿਕਤਾ ਉਸ ਵਿਚ ਨਹੀਂ। ਅੱਲ੍ਹੜ ਮਾਸੂਮ ਹੁਸਨ ਤੇ ਸ਼ਿੰਗਾਰੇ ਹੁਸਨ ਵਿਚ ਜੋ ਭੇਦ ਹੁੰਦਾ ਹੈ, ਉਹ ਇਨ੍ਹਾਂ ਦੋਹਾਂ ਕਵੀਆਂ ਦੀਆਂ 'ਹੀਰਾਂ' ਵਿਚ ਪ੍ਰਤੱਖ ਹੈ।

ਆਮ ਤੌਰ 'ਤੇ ਕਿੱਸਾ ਰਚਨਾ ਲਈ ਬੈਂਤ ਤੇ ਦਵੱਈਆ ਛੰਤ ਹੀ ਵਧੇਰੇ ਵਰਤੇ ਜਾਂਦੇ ਰਹੇ ਹਨ। ਇਸ ਰੂਪਕ ਰੀਤ ਨੂੰ ਭੰਨ ਕੇ ਨਵੇਂ ਰਾਹ ਤੁਰਨਾ ਖ਼ਾਸਾ ਮੁਸ਼ਕਲ ਕੰਮ ਸੀ। ਅਸੀਂ ਇਹ ਵੀ ਵੇਖਦੇ ਹਾਂ ਕਿ ਸਾਡੇ ਪੰਜਾਬੀ ਕਿੱਸਾਕਾਰ ਕਵੀਆਂ ਦਾ ਮੂੰਹ ਜ਼ਿਆਦਾ ਪੱਛਮ ਵੱਲ ਰਿਹਾ ਹੈ ਤੇ ਉਹ ਫ਼ਾਰਸੀ ਢੰਗ ਦੇ ਬਹਿਰ ਤੇ ਅਲੰਕਾਰ ਜ਼ਿਆਦਾ ਵਰਤਦੇ ਰਹੇ। ਭਗਵਾਨ ਸਿੰਘ ਸ਼ਾਇਦ ਪਹਿਲਾ ਸਫਲ ਕਵੀ ਹੈ, ਜਿਸ ਕਬਿੱਤਾਂ ਵਿਚ ਕਿੱਸਾ ਲਿਖਣ ਦਾ ਬੀੜਾ ਚੁੱਕਿਆ ਹੈ, ਭਾਵੇਂ ਤਜਰਬੇ ਤਾਂ ਹੋਰਾਂ ਵੀ ਕੀਤੇ। ਕਬਿੱਤ ਬ੍ਰਿਜ-ਭਾਸ਼ਾ ਦਾ ਪ੍ਰਮਾਣਿਕ ਛੰਦ ਹੈ ਤੇ ਇਹ ਉਸੇ ਪਾਸਿਓਂ ਆਇਆ। ਇਤਿਹਾਸਕ ਤੌਰ 'ਤੇ ਜੇ ਦੇਖਿਆ ਜਾਵੇ ਤਾਂ ਅਸਲੀਅਤ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਲਾਈ ਜਾਗ ਨੇ ਉੱਤਰੀ ਹਿੰਦੀ ਦੀ ਸਾਹਿੱਤਕ ਜ਼ਬਾਨ

ਬ੍ਰਿਜ ਭਾਸ਼ਾ ਨਾਲ ਪੰਜਾਬੀਆਂ ਦੇ ਸੰਬੰਧ ਡੂੰਘੇ ਕਰ ਦਿੱਤੇ ਸਨ। ਨਿਰਮਲੇ ਸੰਤਾਂ ਨੇ ਖ਼ਾਸਕਰ ਮਾਲਵੇ ਦੇ ਇਲਾਕੇ ਵਿਚ ਲੋਕਾਂ ਦੀ ਬਿਰਤੀ ਨੂੰ ਇਸ ਸਾਹਿੱਤਕ ਅਧਿਐਨ ਵੱਲ ਲਾ ਲਿਆ ਸੀ। ਇਸ ਬ੍ਰਿਜ-ਸਾਹਿੱਤ ਦਾ ਪ੍ਰਭਾਵ ਪੰਜਾਬੀ ਉੱਤੇ ਪੈਣਾ ਕੁਦਰਤੀ ਗੱਲ ਸੀ। ਭਗਵਾਨ ਸਿੰਘ ਆਦਿ ਕਵੀਸ਼ਰਾਂ ਦਾ ਕਬਿੱਤਾਂ ਵਿਚ ਹੀਰ ਲਿਖਣਾ ਇਸੇ ਪ੍ਰਭਾਵ ਦਾ ਸਿੱਟਾ ਹੈ। ਉਸ ਨੇ ਇਸ ਬੱਤੀ ਅੱਖਰੇ ਵਰਣਕ ਛੰਦ ਨੂੰ ਨਿਭਾਉਣ ਵਿਚ ਕਿਤੇ ਕਿਤੇ ਖੁੱਲ੍ਹ ਵੀ ਲਈ ਹੈ। ਇਸ ਤੋਂ ਪਹਿਲਾਂ ਪੰਜਾਬੀ ਕਬਿੱਤ, ਬਹੁਤ ਘੱਟ ਗਿਣਤੀ ਵਿਚ ਲਿਖੇ ਮਿਲਦੇ ਹਨ। ਸ਼ਾਇਦ ਸਭ ਤੋਂ ਪੁਰਾਣਾ ਕਬਿੱਤ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਹੈ, ਜਿਸ ਵਿਚ ਉਨ੍ਹਾਂ ਗੋਪੀਆਂ ਦੇ ਬਿਰਹੋਂ ਦਾ ਬਿਆਨ ਕੀਤਾ ਹੈ।

ਭਗਵਾਨ ਸਿੰਘ ਦੀ ਹੀਰ ਦੀ ਵਿਸ਼ੇਸ਼ਤਾ ਸਥਾਪਣ ਵਾਲਾ ਦੂਜਾ ਗੁਣ ਅਸਾਂ ਉਸ ਦੀ ਮਲਵਈ ਅੰਸ਼ ਦੱਸਿਆ ਹੈ। ਮਲਵਈ ਜੀਵਨ ਆਪਣੇ ਸਿੱਧੇ ਪੱਧਰੇ ਸੁਭਾ (Character) ਲਈ ਮਸ਼ਹੂਰ ਹੈ। ਜ਼ਮੀਨਾਂ ਚੋਖੀਆਂ ਹੋਣ ਕਰਕੇ ਸ਼ਾਇਦ ਇਨ੍ਹਾਂ ਨੂੰ ਵਪਾਰਕ ਹੇਰਾਫੇਰੀਆਂ ਸਿੱਖਣ ਦੀ ਲੋੜ ਨਹੀਂ ਪਈ। ਵੱਡੇ ਵੱਡੇ ਸ਼ਹਿਰਾਂ ਦੀ ਵਸੋਂ ਤੇ ਕੇਂਦਰੀ ਸਰਗਰਮੀਆਂ ਤੋਂ ਵੀ ਕੁਝ ਦੁਰੇਡੇ ਰਹਿਣ ਕਰਕੇ ਚਤੁਰਾਈ, ਚਪਲਤਾ, ਵੱਸ ਲੱਗਦੇ ਇਨ੍ਹਾਂ ਦੇ ਹਿੱਸੇ ਘੱਟ ਹੀ ਆਈ ਹੈ। ਇਸ ਸਾਦ-ਮੁਰਾਦੀ ਜ਼ਿੰਦਗੀ ਦੀ ਬੋਲੀ ਉੱਤੇ ਛਾਪ ਲੱਗਣੀ ਜ਼ਰੂਰੀ ਸੀ। ਭਗਵਾਨ ਸਿੰਘ ਦੀ ਇਹ ਆਪਣੀ ਮਾਤ-ਭਾਸ਼ਾ ਸੀ। ਜਿਵੇਂ ਦਮੋਦਰ ਨੇ ਲਹਿੰਦੀ ਦੀ ਚਾਸ਼ਨੀ ਪਾ ਕੇ ਇਕ ਨਵਾਂ ਰੰਗ ਬੰਨ੍ਹਿਆ ਹੈ, ਉਵੇਂ ਭਗਵਾਨ ਸਿੰਘ ਦਾ ਹੁਨਰ ਵੀ ਮਲਵਈ ਰੰਗ ਨਾਲ ਵਧੇਰੇ ਉਘੜਿਆ ਹੈ। ਇਸ ਦਾ ਇਹ ਮਤਲਬ ਨਹੀਂ ਕਿ ਉਸ ਨੇ ਕਿਸੇ ਉਪਭਾਸ਼ਾ ਵਿਚ ਰਚਨਾ ਕੀਤੀ ਹੈ। ਉਹ ਸਾਹਿੱਤਕ ਭਾਸ਼ਾ ਵਰਤਦਾ ਹੈ, ਜੋ ਕੇਂਦਰੀ ਟਕਸਾਲੀ ਤੋਂ ਵੱਖ ਨਹੀਂ। ਕਿਤੇ ਕਿਤੇ ਸਾਧ ਭਾਸ਼ਾ ਵਾਲੇ ਹਿੰਦੁਸਤਾਨੀ ਰੰਗ ਵਿਚ ਵੀ ਡੁਬਾ ਦਿੱਤਾ ਹੈ ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਥਾਂ-ਥਾਂ ਉਸ ਨੇ ਆਪਣੇ ਇਲਾਕਾਈ ਸ਼ਬਦ ਨਗੀਨਿਆਂ ਵਾਂਗ ਜੜ ਕੇ ਰਚਨਾ ਨੂੰ ਇਕ ਨਵੀਂ ਨੁਹਾਰ ਦਿੱਤੀ ਹੈ। ਮਿਸਾਲ ਲਈ ਕੁਝ ਸ਼ਬਦ ਧਿਆਨ-ਯੋਗ ਹਨ, ਜਿਵੇਂ ਕਿ :

ਬੰਬਲਾ—ਅਲਬੇਲਾ, ਹਸਮੁੱਖ। ਸਦਿਕਾ—ਐਵੇਂ ਮੁਫ਼ਤ। ਆਵਾਗੌਣ—ਐਵੇਂ ਵਾਧੂ। ਦਸੌਂਟੇ—ਤਕਲੀਫ਼ਾਂ। ਧੰਦਾਲ—ਕੰਮ ਧੰਦੇ। ਰਿਹਾੜ—ਹੱਠ, ਜ਼ਿੱਦ। ਬਿਆਵੇ—ਹੱਥ ਆਵੇ, ਲੱਭੇ। ਖੋਲੀਆਂ—ਡੰਗਰ ਵੱਛਾ। ਦੋਹਣੀ—ਦੁੱਧ ਚੋਣ ਵਾਲਾ ਭਾਂਡਾ। ਹਵਾਨਣਾ—ਹਮ-ਉਮਰ। ਨਾਬਰ—ਇਨਕਾਰੀ। ਬਿੰਦ—ਥੋੜ੍ਹਾ ਚਿਰ। ਸਾਮਾਂ—ਉਹੋ। ਢਾਡਰੀ ਢਾਂਡੀ—ਗਊ। ਘੜੋਲਾ—ਘੜਾ। ਰੰਧ—ਰੋਲ-ਗੌਲਾ। ਉਧਮੂਲ—ਉਪਦਰਵ। ਗਹਾਲ—ਰੌਲਾ, ਭੀੜ। ਭਰੋਟੜਾ—ਭਾਰ। ਬਹੇਲ—ਅਵਾਰਾ। ਕਸੀਰ—ਕੱਖ। ਛਲੋਦੀ—ਛਲਾਈ। ਕਸੂਤਾ—ਨਠੀਕ। ਕੰਦੇਂਤ—ਕਦੀ ਵੀ। ਕੋੜਮਾ—ਟੱਬਰ। ਸੁਬੀ—ਰੱਸੀ। ਸਦੇਹਾ—ਸਾਹਜਰੇ। ਬਗੋਵੇ—ਨਿੰਦੇ। ਖੁੱਦਮਾਂ—ਗੇਂਦਾ। ਹਨਾੜੀ—ਬਲਦਾਂ ਦੀ ਜੋੜੀ। ਕਰਤੱਤ—ਕੰਮ। ਚੋਬਰ—ਜੁਆਨ। ਆਥਣ—ਸ਼ਾਮ। ਖੰਧਾ—ਡੰਗਰ। ਓਢਨੀ—ਪੜਦਾ। ਹਰਖ—ਗੁੱਸਾ। ਲੀਕਾ—ਤੁਹਮਤਾਂ। ਉਲੱਦਣੀ—ਉਲਟਾਉਣੀ। ਸੀਰ—

ਹਿੱਸਾ। ਰੋਹੀ—ਜੰਗਲ। ਕਿੰਘੀ—ਹੱਥ ਦੀ ਕੜਿੰਗੜੀ। ਚੂੰਡਾ—ਜੂੜਾ। ਬੰਨੀ—ਲਾੜੀ। ਠੇਠਰ—ਬੇਸਮਝ। ਖੁੰਧਰਾਂ—ਸ਼ਰਾਰਤਾਂ ਆਦਿਕ।

ਇਉਂ ਕਵੀ ਨੇ ਮਲਵਈ ਉਪਭਾਸ਼ਾ ਦੇ ਕਈ ਪਦ ਸਾਹਿੱਤਕ ਤਿਜੌਰੀ ਵਿਚ ਸਾਂਭ ਦਿੱਤੇ ਹਨ। ਇਸ ਨਾਲ ਉਸ ਦੀ ਕਵਿਤਾ ਨੂੰ ਸੱਚਮੁੱਚ ਭਾਗ ਲੱਗੇ ਹਨ। ਮਿਸਾਲ ਲਈ ਦੋ ਕਬਿੱਤਾਂ ਦਾ ਸੁਆਦ ਵੇਖ ਲੈਣਾ ਉੱਚਿਤ ਹੀ ਹੈ। ਸਹਿਤੀ ਹੀਰ ਨੂੰ ਕਹਿੰਦੀ ਹੈ:

ਭਾਬੀ! ਸੁੰਦਰ ਸਰੂਪ ਨੀਂ ਅਨੂਪ ਰੂਪ ਰਾਂਝਣੇ ਦਾ
ਪਤਲਾ ਪਤੰਗ ਜਾਣੀ ਦੇਖਦੇ ਹੀ ਰਹੀਏ ਨੀਂ।
ਕੰਨੀਂ ਵਾਲੇ ਬੁੰਦੇ ਨੀਂ ਫੁਲੇਲ-ਭਿੰਨੇ ਜੁੰਡੇ ਉਸ,
ਸੋਹਣੇ ਜਹੇ ਮੁੰਡੇ ਦੀ ਸਿਫ਼ਤ ਕੀਕੂੰ ਕਹੀਏ ਨੀਂ।
ਛੱਡੀਏ ਨਾ ਬਾਂਹ ਜੇ ਪਨਾਹ ਹੋਵੇ ਦੋਸਤੀ ਦੀ,
ਐਹੋ ਜੇਹੇ ਯਾਰਾਂ ਦੇ ਹਜ਼ਾਰਾਂ ਦੁੱਖ ਸਹੀਏ ਨੀਂ।
ਖ਼ੌਫ਼ ਮੈਨੂੰ ਮਾਪਿਆਂ ਤੋਂ ਆਵੇ ਭਗਵਾਨ ਸਿੰਘਾ,
ਨਹੀਂ ਲਾ ਬਿਭੂਤ ਵਾਂ ਕੇ ਦੁਆਰੇ ਡਿੱਗੇ ਰਹੀਏ ਨੀਂ।33।

ਜਾਂ

ਜਾਇਕੇ ਜਟੇਟੀ ਡੇਰਾ ਪੁੱਛਦੀ ਰੰਝੇਟੜੇ ਦਾ,
ਦੱਸੋ ਨੀਂ ਗੁਵਾਂਢਣੋਂ: ਰੰਝੇਟਾ ਕਿੱਥੇ ਹੁੰਦੜਾ?
ਤਖ਼ਤ ਹਜ਼ਾਰੇ ਵਾਲਾ ਮਾਹੀ ਜੋੜ੍ਹਾ ਚੂਚਕੇ ਦਾ
ਸੁੰਦਰ ਸਰੂਪ ਸੋਹਣਾ ਸਾਂਵਰਾ ਜੋ ਮੁੰਡੜਾ।
ਵੰਝਲੀ ਵਜਾਵੇ ਨਾਲੇ ਚਾਰਦਾ ਸੀ ਮੱਝੀਆਂ ਨੂੰ,
ਕੰਨ ਵਿਚ ਰੱਖਦਾ ਸੁਨੈਰੀ ਜੋੜ੍ਹਾ ਬੁੰਦੜਾ।
ਚਾਕ ਦੀ ਨਿਸ਼ਾਨੀ ਤੈਨੂੰ ਦੱਸਾਂ ਭਗਵਾਨ ਸਿੰਘਾ,
ਤੇੜ ਸੂਹੀ ਲੁੰਗੀ ਤੇ ਫੁਲੇਲ ਭਿੰਨਾ ਜੁੰਡੜਾ।265। *(ਹੀਰ ਭਗਵਾਨ ਸਿੰਘ)*

ਮਹਾਂ ਕਵੀ ਟੈਗੋਰ ਨੇ ਇਕ ਥਾਂ ਲਿਖਿਆ ਹੈ ਕਿ 'ਮੇਰੀ ਸ਼ਰਾਬ ਮੇਰੇ ਹੀ ਪਿਆਲੇ ਵਿਚ ਪੀਓ, ਜਦੋਂ ਇਸ ਨੂੰ ਦੂਜੇ ਭਾਂਡੇ ਵਿਚ ਉਲਟਾਇਆ ਜਾਂਦਾ ਹੈ ਤਾਂ ਇਸ ਦੀ ਝੱਗ ਦੀ ਮਾਲਾ ਟੁੱਟ ਜਾਂਦੀ ਹੈ।' ਭਗਵਾਨ ਸਿੰਘ ਨੇ ਬਹੁਤ ਕੁਝ ਵਾਰਿਸ ਤੋਂ ਲਿਆ ਹੈ। ਬੇਅੰਤ ਤੁਕਾਂ ਤੇ ਖ਼ਿਆਲ ਸਹਿਜੇ ਹੀ ਮੇਲੇ ਮਿਲਾਏ ਜਾ ਸਕਦੇ ਹਨ, ਪਰ ਭਗਵਾਨ ਸਿੰਘ ਦੀ ਖ਼ੂਬੀ ਇਹ ਹੈ ਕਿ ਉਸ ਨੇ ਬੈਂਤ ਦੀ ਥਾਂ ਕਬਿੱਤ ਤੇ ਫ਼ਾਰਸੀ ਰੰਗੀ ਕੇਂਦਰੀ ਪੰਜਾਬੀ ਦੀ ਥਾਂ ਮਲਵਈ ਰੰਗ ਵਾਲੀ ਬੋਲੀ ਵਰਤ ਕੇ ਭਾਂਡਾ ਜ਼ਰੂਰ ਬਦਲਿਆ ਹੈ। ਪਰ ਝੱਗ ਦੀ ਮਾਲਾ ਟੁੱਟਣ ਨਹੀਂ ਦਿੱਤੀ, ਸਗੋਂ ਕਈ ਥਾਂ ਐਸਾ ਰੰਗ ਬੰਨ੍ਹਿਆ ਹੈ ਕਿ ਵਾਰਿਸ ਵੀ ਪਿੱਛੇ ਰਹਿ ਗਿਆ ਹੈ।

ਕਵੀ ਦੇ ਬਿਆਨ ਵਿਚ ਸਹਿਜ-ਸੁਭਾਵਕਤਾ ਹੈ। ਕੁਦਰਤੀ ਪਰਵਾਹ ਉਸ ਨੂੰ ਵਹਾਈ ਲਈ ਚਲਿਆ ਜਾਂਦਾ ਹੈ। ਇਹੋ ਹਾਲ ਉਸ ਦੀ ਕਹਾਣੀ-ਚਾਲ ਦਾ ਹੈ। ਉਹ ਬਹੁਤੀਆਂ ਬਰੀਕੀਆਂ ਵਿਚ ਜਾਣ ਦੀ ਥਾਂ ਮੋਟੀਆਂ ਮੋਟੀਆਂ ਗੱਲਾਂ ਵੱਲ ਨਾਟਕੀ

ਤਰੀਕੇ ਨਾਲ ਬਿਆਨ ਦਿੰਦਾ ਹੈ, ਜਿਨ੍ਹਾਂ ਨਾਲ ਉਸ ਦੇ ਨਾਇਕ ਨਾਇਕਾ ਦੀ ਕਿਸਮਤ ਬਣਦੀ ਵਿਗੜਦੀ ਹੈ। ਇਹ ਇਕ ਚੰਗੇ ਕਿੱਸਾਕਾਰ ਦਾ ਲੱਛਣ ਹੈ।

ਦ੍ਰਿਸ਼-ਵਰਣਨ ਤੇ ਪੇਂਡੂ ਸੁਭਾਅ (Character) ਚਿੱਤਰਣ ਵਿਚ ਉਹ ਖ਼ਾਸ ਉਸਤਾਦੀ ਵਿਖਾਉਂਦਾ ਹੈ। ਪੰਜਾਬੀ ਰਹਿਣੀ-ਬਹਿਣੀ, ਗਹਿਣੇ, ਕੱਪੜੇ, ਭਾਂਡੇ, ਮਠਿਆਈਆਂ ਆਦਿ ਦੀ ਨਾਮਾਵਲੀ ਚੰਗੇ ਵੇਰਵੇ ਨਾਲ ਦੇ ਕੇ ਖ਼ੁਸ਼ ਹੁੰਦਾ ਹੈ, ਕਿਤੇ ਕਿਤੇ ਲੋੜ ਤੋਂ ਵੱਧ ਵੀ। ਇਸ ਦਾ ਮਤਲਬ ਇਹ ਨਹੀਂ ਕਿ ਇਸ ਬਿਆਨ ਤੋਂ ਹੀਰ ਦੇ ਸਮੇਂ ਦੀ ਰਹਿਣੀ-ਬਹਿਣੀ ਦਾ ਪਤਾ ਲੱਗਦਾ ਹੈ। ਅਸੀਂ ਇਹ ਕਹਿ ਸਕਦੇ ਹਾਂ ਕਿ 'ਹੀਰ ਭਗਵਾਨ ਸਿੰਘ' ਦੇ ਪ੍ਰੇਮੀਆਂ ਦੀ ਦਰਦ-ਕਹਾਣੀ ਹੀ ਨਹੀਂ ਦੱਸਦੀ, ਸਗੋਂ ਅੱਜ ਤੋਂ ਸੌ ਵਰ੍ਹੇ ਪਹਿਲਾਂ ਦੇ ਪੰਜਾਬ ਤੇ ਖ਼ਾਸ ਕਰਕੇ ਮਾਲਵੇ ਦੇ ਕਈ ਜੀਉਂਦੇ-ਜਾਗਦੇ ਨਕਸ਼ ਵੀ ਸਾਡੀਆਂ ਅੱਖਾਂ ਸਾਹਮਣੇ ਲਿਆਉਂਦੀ ਹੈ।

ਬੀਰ ਰਸ ਤੇ ਸਟੇਜੀ ਕਵੀ

ਸਾਰੇ ਸੰਸਾਰ ਦੀ ਕਵਿਤਾ ਦੀਆਂ ਦੋ ਪ੍ਰਧਾਨ ਧਾਰਾਵਾਂ ਹਨ—ਸ਼ਿੰਗਾਰ ਰਸੀ ਜਾਂ ਬੀਰ ਰਸੀ। ਸ਼ਿੰਗਾਰ ਰਸ ਦਾ ਸਥਾਈ ਭਾਵ ਪ੍ਰੀਤਿ ਹੈ, ਇਸ ਕਰਕੇ ਇਸ ਨੂੰ ਅਸੀਂ ਪ੍ਰੀਤਿ-ਕਾਵਿ-ਧਾਰਾ ਸੌਖਿਆਂ ਹੀ ਕਹਿ ਸਕਦੇ ਹਾਂ। ਇਹ ਪ੍ਰੀਤਿ ਵੀ ਦੋ ਭਾਗਾਂ ਵਿਚ ਵੰਡੀ ਜਾ ਸਕਦੀ ਹੈ—ਰੱਬੀ ਪ੍ਰੀਤਿ ਪ੍ਰਗਟਾਉਣ ਵਾਲੀ ਰਚਨਾ ਅਧਿਆਤਮਕ ਕਾਵਿ-ਧਾਰਾ ਹੈ ਤੇ ਸੰਸਾਰੀ ਪ੍ਰੀਤਿ ਦਾ ਕਿੱਸਾ ਸੁਣਾਉਣ ਵਾਲੀ ਕਿੱਸਾ-ਕਾਵਿ-ਧਾਰਾ। ਇਸ ਵਿਚ ਲਗਪਗ ਸਾਰਾ ਰੋਮਾਂਟਿਕ ਕਾਵਿ ਆ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਆਖੀਏ ਤਾਂ ਇਸ਼ਕ ਹਕੀਕੀ ਵਾਲੀ ਕਵਿਤਾ ਗੁਰੂ ਬਾਣੀ, ਸੂਫ਼ੀ ਬਾਣੀ ਜਾਂ ਸੰਤ ਬਾਣੀ ਹੈ ਤੇ ਇਸ਼ਕ ਮਜਾਜ਼ੀ ਵਾਲੀ ਬਾਕੀ ਸਾਰੀ ਰਚਨਾ। ਇਸ ਤੋਂ ਬਿਨਾਂ ਜੇ ਕੋਈ ਕਾਵਿ ਵਿਚ ਹੋਰ ਪ੍ਰਧਾਨ ਸੁਰ ਹੈ ਤਾਂ ਉਹ ਬੀਰ ਰਸੀ ਹੈ। ਜੇ ਅਸੀਂ ਪੁਰਾਣਾ ਸੰਸਕ੍ਰਿਤ, ਫ਼ਾਰਸੀ, ਯੂਨਾਨੀ ਤੇ ਲਾਤੀਨੀ ਸਾਹਿੱਤ ਫੋਲੀਏ ਤਾਂ ਉਸ ਵਿਚ ਮਹਾਂਭਾਰਤ, ਸ਼ਾਹਨਾਮਾ, ਇਲੀਅਡ ਤੇ ਓਡੀਸੀ ਦਾ ਹੀ ਚਰਚਾ ਸੁਣਾਈ ਦੇਵੇਗਾ। ਪੁਰਾਣੇ ਜ਼ਮਾਨੇ ਨਾਲ ਸਨੱਧ-ਬੱਧ ਦਿੱਸਦੇ ਹਨ ਤੇ ਉਨ੍ਹਾਂ ਦੀ ਲੋਕ-ਪ੍ਰਚੱਲਤ ਗਾਥਾ, ਬੀਰ-ਸਾਕਿਆਂ ਨਾਲ ਭਰੀ ਹੋਈ ਹੈ। ਇਹ ਬੀਰ-ਗਾਥਾ ਗਾ ਕੇ ਸੁਣਾਉਣ ਵਾਲੇ ਚਾਰਣ, ਭੱਟ ਜਾਂ ਢਾਡੀ ਸਨ ਜੋ ਸੂਰਬੀਰਾਂ ਦੀ ਮਹਿਮਾ ਕਰਕੇ ਉਨ੍ਹਾਂ ਦਾ ਗੌਰਵ ਪ੍ਰਗਟਾਉਂਦੇ ਤੇ ਹੋਰਾਂ ਨੂੰ ਉਸ ਰਾਹ ਚੱਲਣ ਲਈ ਉਕਸਾਉਂਦੇ ਸਨ। ਇਹ ਪਰੰਪਰਾ ਢੇਰ ਚਿਰ ਪੁਰਾਣੀ ਹੈ। ਜੇ ਅਸੀਂ ਇਸ ਨੂੰ ਮੌਜੂਦਾ ਸਟੇਜੀ ਕਵੀ ਮੰਡਲੀ ਨਾਲ ਜੋੜ ਸਕੀਏ ਤਾਂ ਇਹ ਕੋਈ ਬਹੁਤ ਕਿੰਤੂ ਵਾਲੀ ਗੱਲ ਨਹੀਂ ਜਾਪੇਗੀ।

ਬੀਰ ਰਸੀ ਰਚਨਾ ਲਈ ਜ਼ਰੂਰੀ ਨਹੀਂ ਕਿ ਲੜਾਈ ਘਮਸਾਨ ਹੋਵੇ ਤੇ ਲਹੂ ਲੁਹਾਣ ਅਵਸਥਾ ਹੋਵੇ। ਦਰਅਸਲ ਬੀਰ ਰਸ ਦਾ ਸਥਾਈ ਭਾਵ 'ਉਤਸ਼ਾਹ' ਹੈ। ਇਹ ਉਤਸ਼ਾਹ ਜੁੱਧ ਲਈ ਹੋ ਸਕਦਾ ਹੈ ਤੇ ਕਿਸੇ ਹੋਰ ਚੰਗੇ ਕੰਮ ਲਈ ਵੀ ਹੋ ਸਕਦਾ ਹੈ। ਇਸ ਕਰਕੇ ਪ੍ਰਾਚੀਨ ਸਾਹਿੱਤਕਾਰਾਂ ਨੇ ਇਸ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਸੀ—ਯੁੱਧ ਬੀਰ, ਦਇਆ ਬੀਰ, ਦਾਨ ਬੀਰ ਤੇ ਧਰਮ ਬੀਰ। ਇਸ ਬਾਰੇ ਬੀਰਤਾ ਮੰਡਲ ਵਿਚ 'ਉਤਸ਼ਾਹ' ਬੁਨਿਆਦੀ ਚੀਜ਼ ਹੈ। ਪੁਰਾਣੇ ਭੱਟ ਜਾਂ ਢਾਡੀ, ਸੂਰਮਿਆਂ ਦਾ ਜੰਗੀ ਬ੍ਰਿਤਾਂਤ ਸੁਣਾ ਕੇ ਉਤਸ਼ਾਹ ਵਧਾਉਂਦੇ ਸਨ ਤੇ ਮੌਜੂਦਾ ਕਵੀ ਸਮਾਜਿਕ ਜਾਂ ਰਾਜਸੀ ਕ੍ਰਾਂਤੀ ਲਈ ਉਤਸ਼ਾਹ ਜਗਾ ਕੇ ਆਪਣੇ ਪਵਿੱਤਰ ਕਰਤਵ ਦੀ ਪਾਲਣਾ ਕਰਦੇ ਹਨ। ਅਰਬੀ ਜਾਂ ਫ਼ਾਰਸੀ ਦੀ ਕਸੀਦਾਕਾਰੀ ਨਾਲ ਸ਼ਾਇਦ ਇਸ ਨੂੰ ਰਲਾਉਣਾ ਠੀਕ

ਨਹੀਂ, ਉਹ ਨਿਰੋਲ ਸ਼ਖ਼ਸੀ ਪੂਜਾ ਸੀ, ਵਿਅਕਤੀਗਤ ਵਡਿਆਈ ਸੀ, ਜਿਸ ਦੁਆਰਾ ਉਸਤਤਿਕਾਰ ਕੇਵਲ ਦਾਨ ਜਾਂ ਬਖ਼ਸ਼ੀਸ਼ ਦਾ ਭਿਖਾਰੀ ਹੁੰਦਾ ਸੀ, ਭਾਵੇਂ ਪੁਰਾਣੇ ਭੱਟਾਂ ਜਾਂ 'ਚਾਰਣਾਂ' ਵਿਚ ਵੀ ਇਸ ਕਿਸਮ ਦੇ ਸਤੋਤ੍ਰਕਾਰ ਰਹੇ ਹਨ ਜੋ ਖ਼ਾਸ ਖ਼ਾਸ ਕਬੀਲਿਆਂ ਜਾਂ ਰਾਜਿਆਂ ਰਾਣਿਆਂ ਦੀ ਮਹਿਮਾ ਕਰ ਕੇ ਆਪਣਾ ਗੁਜ਼ਾਰਾ ਤੋਰਦੇ ਸਨ, ਪਰੰਤੂ ਗੁਰੂਆਂ ਨੇ ਪੰਜਾਬ ਨੂੰ ਜੀਵਨ ਦੀ ਅਜਿਹੀ ਜਾਗ ਲਾਈ ਕਿ ਇਥੋਂ ਦੀ ਭੱਟ ਤੇ ਢਾਡੀ ਸ਼੍ਰੇਣੀ ਵੀ ਵਿਅਕਤੀ ਦੀ ਲੋਕ-ਭਲਾਈ ਦੀ ਕ੍ਰਾਂਤੀਕਾਰੀ ਲਹਿਰ ਦੀ ਗਾਇਕ ਬਣ ਗਈ। ਸੋ, ਮੁੱਢਲੇ ਪੰਜਾਬੀ ਕਾਵਿ ਵਿਚ ਬੀਰ ਰਸ ਦੀ ਧੂਣੀ ਧੁਖਾਉਣ ਵਾਲੇ ਇਹੋ ਭੱਟ ਜਾਂ ਢਾਡੀ ਸਨ, ਜਿਨ੍ਹਾਂ ਬੀਰ ਰਸੀ ਕਾਵਿ-ਧਾਰਾ ਦੇ ਪ੍ਰਵਾਹ ਨੂੰ ਨਿਰੰਤਰ ਜਾਰੀ ਰੱਖਿਆ। ਸਤੇ ਬਲਵੰਡ ਦੀ ਰਾਮਕਲੀ ਰਾਗ ਵਿਚ ਲਿਖੀ ਵਾਰ ਸਾਡੇ ਸਾਹਮਣੇ ਹੈ, ਜਿਸ ਵਿਚ ਉਨ੍ਹਾਂ ਪੰਜ ਗੁਰੂਆਂ ਦੀ ਸਿਫ਼ਤ ਗਾਈ ਹੈ, ਇਸ ਵਿਚ ਅਧਿਆਤਮਕਤਾ ਦਾ ਨੂਰ ਵੀ ਵਰ੍ਹਦਾ ਦਿੱਸਦਾ ਹੈ ਤੇ ਨਾਲ ਹੀ ਸ਼ਕਤੀ ਦਾ ਜ਼ਹੂਰ ਵੀ ਸਾਫ਼ ਦਿਖਾਈ ਦਿੰਦਾ ਹੈ:

> **ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥**
> **ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥**
>
> *(ਵਾਰ ਰਾਮਕਲੀ ਰਾਇ ਬਲਵੰਡਿ, ਪੰਨਾ 967)*

ਜਦੋਂ ਗੁਰੂ ਨਾਨਕ ਦੇ ਛੇਵੇਂ ਸਰੂਪ ਨੇ ਆਪਣਾ ਜਾਮਾ ਬਦਲ ਲਿਆ, ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰ ਲਈਆਂ ਤਾਂ ਇਹੋ ਭੱਟ ਤੇ ਢਾਡੀ, ਬੀਰ ਰਸ ਦੀ ਧੁੰਨ ਗੁੰਜਾਉਣ ਲੱਗੇ। ਗੁਰੂ ਗ੍ਰੰਥ ਸਾਹਿਬ ਦੀ ਇਕ ਪ੍ਰਾਚੀਨ ਬੀੜ ਭਾਈ ਪੈਂਦੇ ਵਾਲੀ, ਰਾਵਲਪਿੰਡੀ ਦੇ ਮਹੱਲਾ ਸੈਦਪੁਰੀ ਵਿਚ ਧਰਮਸ਼ਾਲਾ ਭਾਈ ਬੂਟਾ ਸਿੰਘ ਵਿਚ ਪਈ ਰਹੀ ਹੈ ਤੇ ਹੁਣ ਇਧਰ ਦਿੱਲੀ ਵਿਚ ਸੁਰੱਖਿਅਤ ਹੈ, ਇਸ ਵਿਚ ਇਸੇ ਵਾਰ ਨਾਲ ਦੋ ਪਉੜੀਆਂ ਹੋਰ ਸ਼ਾਮਲ ਹਨ ਜੋ ਗੁਰੂ ਹਰਿਗੋਬਿੰਦ ਜੀ ਦੀ ਉਸਤਤਿ ਵਿਚ ਹਨ। ਸ਼ਾਇਦ ਇਹ ਸਤੇ ਬਲਵੰਡ ਨੇ ਜਾਂ ਇਨ੍ਹਾਂ ਦੇ ਕਿਸੇ ਉਤਰਾਧਿਕਾਰੀ ਨੇ ਆਖੀਆਂ ਹੋਣ:

> **ਪੰਚਾਇਣੁ ਕਾਇਆ ਪਲਟਿ ਥਾਇਂ ਛਿਵੇ ਕੀਓਨੁ ਨਿਵਾਸ।**
> **ਅਉਤਰਿਆ ਅਉਤਾਰ ਲੈ, ਬਾਲ ਰੂਪ ਸਭ ਗੁਣ ਤਾਸ।**
> **ਪਿਛੈ ਕੁਦਰਤਿ ਘਤੀਅਨੁ ਧਰਤਿਕੁ ਤੋ ਲਿਅਨੁ ਅਕਾਸ਼।**
> **ਦਿਨਸੁ ਚੜਾਇਅਨੁ ਰਾਤਿ ਘਤਿ, ਕੁਦਰਤਿ ਕੀਓਨੁ ਪ੍ਰਗਾਸੁ।**
> **ਆਈ ਵਾਉ ਨ ਡੋਲਈ, ਪਰਬਤ ਜਿਵੇ ਕਉਲਾਸ।**
> **ਨਾਨਕ ਅੰਗਦ ਅਮਰਦਾਸ ਗੁਰੂ ਅਰਜਨ ਤੂ ਰਾਮ ਦਾਸੁ।**
> **ਪੰਚਾਇਣ ਕਾਇਆ ਪਲਟਿ, ਥਾਇ ਛਿਵੇ ਕੀਓਨਿ ਨਿਵਾਸ।**
> **ਅੰਬਰੁ ਧਰਤਿ ਵਿਛੋੜਿਅਨੁ, ਵਿਣੁ ਥੰਮਾ ਗਗਨ ਖਲੋਆ।**
> **ਬਾਬੇ ਤੂ ਵਡਿਆਈਓ, ਸੁਵੰਨੀ ਖਿਵੇ ਚੰਦੋਆ।**
> **ਚਉਦਾ ਰਤਨ ਨਿਕਾਲਿਓਨੁ, ਕਲਿ ਅੰਦਰਿ ਚਾਨਣੁ ਹੋਆ।**
> **ਅਗੈ ਡੁਬੀ ਜਾਂਦੀ ਸੀ ਮੇਦਨੀ, ਦੇ ਹਥੀ ਆਪਿ ਖਲੋਆ।**
> **ਨਾਨਕ ਅੰਗਦ ਅਮਰ ਗੁਰ, ਰਾਮ ਦਾਸ ਅਰਜਣ ਸਭਿ ਆਪੇ ਹੋਆ।**
> **ਪੰਚਾਇਣੁ ਆਪਿ ਵਰਤਿਆ, ਛਿਅ ਪੁਰਖੁ ਭਿ ਆਪੇ ਹੋਆ।**

ਇਹ ਡੁੱਬੀ ਜਾਂਦੀ ਹਿੰਦਵਾਇਣ ਨੂੰ ਤਾਰਨ ਵਾਲਾ ਗੁਰੂ ਹਰਿਗੋਬਿੰਦ ਸਾਹਿਬ ਆਮ ਜਨਤਾ ਨੂੰ ਵੀ ਬੀਰ-ਰਸੀ ਰੰਗ ਵਿਚ ਰੰਗ ਰਿਹਾ ਸੀ। ਆਪ ਦੇ ਦਰਬਾਰ ਦੇ ਢਾਡੀ ਅਬਦੁੱਲਾ ਤੇ ਨੱਥਮੱਲ ਸਨ, ਜਿਨ੍ਹਾਂ ਵਾਰਾਂ ਸੁਣਾ ਸੁਣਾ ਸੰਗਤਾਂ ਨੂੰ ਧਰਮ-ਯੁੱਧ ਲਈ ਤਿਆਰ ਕੀਤਾ। ਇਤਿਹਾਸ ਵਿਚ ਇਨ੍ਹਾਂ ਵੱਲੋਂ 72 ਵਾਰਾਂ ਗਾਏ ਜਾਣ ਦਾ ਜ਼ਿਕਰ ਹੈ ਪਰੰਤੂ ਹੁਣ ਸਿਰਫ਼ ਇਹੀ ਪਉੜੀਆਂ ਮਿਲਦੀਆਂ ਹਨ :

ਦੋ ਤਲਵਾਰੀ ਬੱਧੀਆਂ,
ਇਕ ਅਜ਼ਮਤ ਦੀ ਹਿਮਤ ਬਾਹਾਂ ਕੋਟ ਗੜ੍ਹ,
ਕਟਕ ਸਿਪਾਹੀ ਨੀਲ ਨਲ ਪੱਗ ਤੇਰੀ, ਕੀ ਜਹਾਂਗੀਰ।

ਇਸ ਤੋਂ ਇਲਾਵਾ ਸਾਨੂੰ ਹੋਰ ਪਉੜੀਆਂ ਮਿਲਦੀਆਂ ਹਨ, ਜੋ ਉਸ ਸਮੇਂ ਬਾਰੇ ਦੱਸਦੀਆਂ ਹਨ। ਭਾਈ ਮਨੀ ਸਿੰਘ ਦੇ ਦਾਦਾ ਭਾਈ ਬਲੂ ਜੀ ਧਰਮ ਹੇਤ ਸ੍ਰੀ ਅੰਮ੍ਰਿਤਸਰ ਦੀ ਜੰਗ ਵਿਚ ਜੂਝਦਾ ਰਣ ਵਿਚ ਸ਼ਹੀਦੀ ਪਾ ਗਿਆ ਸੀ। ਇਸ ਸਬੰਧੀ ਭੱਟ (ਕਵੀ) ਲਿਖਦਾ ਹੈ :

ਜੁਗ ਛੱਤੀ ਤਉ ਆਪੇ ਛੰਨੇ ਆਤੇ ਛੱਤੇ ਆਪੇ ਸ੍ਰਿਸਟਿ ਉਪਾਇਆ।
ਰਾਵਨੁ ਕੰਸ ਉਪਾਏ ਆਪੇ, ਆਪੇ ਮਾਰ ਖਪਾਇਆ।
ਸੋਲਾਂ ਸੈ ਇਕਾਨਮੇ ਬਲੂ ਜੂਝਿਆ ਬੈਸਾਖ ਬਾਨਮੇਂ ਮੌ ਜੱਸ ਗਾਇਆ॥

(ਗਿ: ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨਾ 30)

17 ਵੈਸਾਖ 1691 ਬਿ: ਨੂੰ ਇਹ ਮੁਰਤਜ਼ਾ ਖ਼ਾਂ ਨੂੰ ਮਾਰ ਕੇ ਸ਼ਹੀਦ ਹੋਇਆ ਸੀ ਤੇ ਇਹ ਮੁਰਤਜ਼ਾ ਖ਼ਾਂ (ਫ਼ਰੀਦ ਖ਼ਾਂ) ਉਹੋ ਸੀ, ਜਿਸ ਨੇ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਸਾਹਿਬ ਨੂੰ ਵੱਧ ਤੋਂ ਵੱਧ ਤਸੀਹੇ ਦੇਣ ਦੀ ਜ਼ਿੰਮੇਵਾਰੀ ਉਠਾਈ ਸੀ। ਅਜਿਹੇ ਦੁਸ਼ਟ ਨੂੰ ਮਾਰਨਾ ਕੋਈ ਛੋਟੀ ਮੋਟੀ ਗੱਲ ਨਹੀਂ ਸੀ। ਭਾਈ ਬੱਲੂ ਨੇ ਜਦੋਂ ਇਹ ਬੀਰ ਸਾਕਾ ਕੀਤਾ ਤਾਂ ਉਸ ਦੀ ਥਾਂ ਥਾਂ ਮਹਿਮਾ ਹੋਣੀ ਕੁਦਰਤੀ ਗੱਲ ਸੀ। ਅਸੀਂ ਇਸ ਨੂੰ ਵਿਅਕਤੀਗਤ ਸਤੋਤਰ ਨਹੀਂ ਕਹਿ ਸਕਦੇ, ਇਹ ਤਾਂ ਸੁਤੰਤਰਤਾ-ਸੰਗਰਾਮ ਦੇ ਸੱਚੇ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਸੀ।

ਇਸੇ ਤਰ੍ਹਾਂ ਜਦੋਂ ਗੁਰੂ ਤੇਗ਼ ਬਹਾਦਰ ਜੀ ਦਾ ਧੜ ਉਠਾ ਕੇ ਲਿਆਉਣ ਦਾ ਬੀਰ ਕਾਰਨਾਮਾ ਭਾਈ ਲੱਖੀ ਵਣਜਾਰੇ ਦੇ ਵੱਡੇ ਸਪੁੱਤਰ ਭਾਈ ਨਗਾਹੀਏ ਨੇ ਨਿਭਾਇਆ ਤਾਂ ਉਸ ਦੀ ਵੀ ਹਰ ਥਾਂ ਉਸਤਤਿ ਹੋਈ। ਕੇਸੋ ਭੱਟ ਨੇ ਉੱਚੀ ਉੱਚੀ ਗਾ ਕੇ ਸੁਣਾਇਆ :

ਸਿਮਰ ਸੁਲਤਾਨ ਹਿਰਦੈ ਦੇ ਗਿਆਨ,
ਸਾਹਿਬ ਕਰੂੰ ਯਾਦ ਸਤਿਗੁਰ ਹੋਹੁ ਸਹਾਇ।
ਨਗਾਹੀਏ ਤਉ ਲੱਖੀ ਕੇ ਜਨਮ ਲੀਆ, ਰਉਂਤ ਰਾਣੇ ਢਾਇ।
ਰਣੇ ਛੋੜਾ ਨਹੀਂ ਦਾਣਾ ਜ਼ੁਲਾ ਪੁਰ ਕੇ ਆਂਬ ਕਟਾਇ।
ਧੰਨ ਧਾਰਾ ਦੇਈ ਗ੍ਰਾਂਬਨੀ, ਪੂਤ ਜਨਮਿਆ ਨਗਾਹੀਆ,
ਪਾਂਚ ਸੈ ਹੇੜੀ ਮਾਰ ਭਗਾਇ।
ਗੁਰੂ ਕੀ ਲੋਥ ਉਠਾਇ ਲਿਆਨੀ ਜਸ ਜਗ ਮੇਂ ਪਾਇਆ
ਪਿਤਾ ਪੂਤ ਰੋਸ਼ਨ ਭਏ ਆਇ।

> ਜੱਸ ਗਾਊਂ ਤਊ ਲਖੀਏ ਗੋਧੂ ਠਾਕੁਰ ਕਾ, ਤਾਜੀ ਬੰਧੇ ਬਾਰ, ਊਠਾਂ ਕੀ ਸੋਹੇ ਲਾਰ।
> ਬਾਹਮਣ ਭੱਟਾਂ ਕੋ ਦੀਆ ਦਾਨ, ਬੇਲ ਤੇਰੀ ਕੋ ਗੁਰੂ ਵਧਾਇ।
> ਜਸ ਜੋੜਿ ਕੇਸੋ ਭੱਟ ਭਣਿਆ, ਸਾਲ ਸਤ੍ਰਾਂ ਸੈਂ ਅਠੱਤੀਆ,
> ਰਕਾਬ ਗੰਜ ਕੇ ਮਲ੍ਹਾਨ, ਕੰਗਣੇ ਕੀ ਜੋੜੀ, ਮੁਹਰੈਂ ਕੀ ਮਾਲਾ, ਭੱਟੈਂ ਕੀ ਪਹਿਨਾਇ।
>
> *(ਪੰਜਾਬੀ ਵਾਰਾਂ, ਪੰਨਾ 31)*

ਇਸ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ 'ਅਨੰਦਪੁਰ ਦਰਬਾਰ' ਵਿਚ ਅਨੇਕਾਂ ਭੱਟ ਤੇ ਢਾਡੀ ਆਉਂਦੇ ਰਹੇ, ਜੋ ਗੁਰੂ ਜਸ ਗਾਉਂਦੇ ਰਹੇ। ਇਨ੍ਹਾਂ ਵਿੱਚੋਂ ਸਾਨੂੰ ਢਾਡੀ ਮੁਸ਼ਕੀ ਤੇ ਛਬੀਲੇ ਦੀਆਂ ਪਉੜੀਆਂ ਮਿਲਦੀਆਂ ਹਨ :

ਢਾਡੀ ਛਬੀਲੇ ਦਾ ਇਕ ਛੰਦ ਇਸ ਪ੍ਰਕਾਰ ਹੈ :

> ਤੂ ਸਾਢ ਤਿਹਥੀ ਮੇਦਨੀ, ਸਭ ਧੰਦੇ ਲਾਈ।
> ਤੂ ਵਡਾ ਪੁਰਖ ਮਹਾਂ ਬਲੀ, ਧੁਰ ਅਜ਼ਮਤਿ ਪਾਈ।
> ਤੂ ਜਗ ਆਇਓਂ ਬਲਰਾਜ ਹੋ, ਤੂੰ ਦੇਹਿ ਵਧਾਈ।
> ਤੈਨੂੰ ਜਨਕ ਧਰੇ ਸਿਰ ਸੇਹਰੇ, ਸੀਤਾ ਪਰਣਾਈ।
> ਤੂ ਨਾਮੇ ਉਤੇ ਬਹੁੜਿਓਂ, ਮੁਈ ਗਊ ਜਿਵਾਈ।
> ਤੂ ਦ੍ਰੋਪਤਾਂ ਦੀ ਪੈਜ ਰਖੀਆ, ਕਾਇਆਂ ਕਜਵਾਈ।
> ਤੂ ਮੱਛ ਅਕਾਸ਼ੋਂ ਲਾਹਿਆ, ਧਰ ਧਨੁਖ ਚਲਾਈ।
> ਨਾਨਕ, ਅੰਗਦ, ਅਮਰਦਾਸ, ਰਲਿ ਭਗਤਿ ਕਮਾਈ।
> ਤੂੰ ਚਹੁੰ ਜੁਗਾਂ ਵਿਚ ਪੜ੍ਹੀਂਦਾ, ਚਾਰ ਵੇਦ ਉਗਾਹੀ।
> ਤੇਗ ਬਧੀ ਗੋਬਿੰਦ ਸਿੰਘ, ਦਸਵੀਂ ਪਾਤਸ਼ਾਹੀ। *(ਪੰਜਾਬੀ ਵਾਰਾਂ, ਪੰਨਾ 185)*

ਖ਼ਾਲਸਾ ਪੰਥ ਦੀ ਸਾਜਨਾ ਉਪਰੰਤ ਪੰਜਾਬ ਅੰਦਰ ਬੀਰਤਾ ਦੀ ਲਹਿਰ ਜ਼ੋਰ ਨਾਲ ਚੱਲੀ। ਇਸ ਦੀ ਅਗਵਾਈ ਸਮੇਂ ਸਮੇਂ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦਰਬਾਰਾ ਸਿੰਘ (ਦੀਵਾਨ), ਬਾਬਾ ਦੀਪ ਸਿੰਘ ਸ਼ਹੀਦ, ਨਵਾਬ ਕਪੂਰ ਸਿੰਘ, ਭਾਈ ਮਹਿਤਾਬ ਸਿੰਘ ਮੀਰਾਂ ਕੋਟੀਆ, ਸ: ਜੱਸਾ ਸਿੰਘ ਆਹਲੂਵਾਲੀਆ, ਸ: ਬਘੇਲ ਸਿੰਘ, ਬਾਬਾ ਆਲਾ ਸਿੰਘ, ਸ: ਚੜ੍ਹਤ ਸਿੰਘ, ਮਹਾਰਾਜਾ ਰਣਜੀਤ ਸਿੰਘ, ਸ: ਹਰੀ ਸਿੰਘ ਨਲੂਆ ਅਤੇ ਸ: ਸ਼ਾਮ ਸਿੰਘ ਅਟਾਰੀ ਆਦਿ ਕਰਦੇ ਰਹੇ ਤੇ ਇਨ੍ਹਾਂ ਦਾ ਵਾਰਾਂ ਰਾਹੀਂ ਜਸ ਗਾਇਆ ਜਾਂਦਾ ਰਿਹਾ। ਇਹ ਵਾਰਾਂ ਕਸੀਦੇ ਨਹੀਂ ਸਨ, ਜਿਵੇਂ ਕਿ ਅਰਬੀ ਫ਼ਾਰਸੀ ਵਿਚ ਹੁੰਦਾ ਆਇਆ ਹੈ, ਸਗੋਂ ਇਹ ਤਾਂ ਯਥਾਰਥਕ ਕਹਾਣੀਆਂ ਨੂੰ ਜ਼ਰਾ ਚਮਕਾ ਕੇ ਇਸ ਲਈ ਪੇਸ਼ ਕੀਤਾ ਗਿਆ ਸੀ ਤਾਂ ਕਿ ਧਰਮ-ਯੋਧਿਆਂ ਦੀ ਸ਼ਖ਼ਸੀਅਤ ਪ੍ਰੇਰਨਾਦਾਇਕ ਹੋਵੇ ਤੇ ਅੱਗੋਂ ਦੀ ਪੀੜ੍ਹੀ ਬੀਰ ਕਾਰਨਾਮਿਆਂ ਤੋਂ ਪ੍ਰਭਾਵਿਤ ਹੋ ਕੇ ਆਪਣਾ ਕਰਤੱਵ ਨਿਭਾਉਂਦੀ ਜਾਵੇ। ਇਹ ਲੋਕ ਭਾਈਚਾਰੇ ਦੇ ਪਰੇ (ਸੱਥ) ਵਿਚ ਉਸੇ ਤਰ੍ਹਾਂ ਗੱਜ ਕੇ ਬੋਲਦੇ ਤੇ ਆਪਣੇ ਨਾਇਕ ਨੂੰ ਸੰਬੋਧਨ ਕਰਦੇ ਸਨ ਜਿਵੇਂ ਅੱਜ-ਕੱਲ੍ਹ ਦੇ ਸਟੇਜੀ ਕਵੀ। ਸੋ, ਇਹ ਭੱਟ ਢਾਡੀ ਸਾਡੇ ਪੁਰਾਣੇ ਅਜਿਹੇ ਕਲਾਕਾਰ ਸਨ, ਜਿਨ੍ਹਾਂ ਉਦੋਂ ਸਟੇਜੀ ਕਵੀਆਂ ਵਾਲੀ ਜ਼ਿੰਮੇਵਾਰੀ ਨੂੰ ਖ਼ੂਬਸੂਰਤੀ ਨਾਲ ਨਿਭਾਇਆ ਤੇ ਬੀਰ ਕਾਵਿ-ਧਾਰਾ ਨੂੰ ਅੱਗੇ ਅੱਗੇ ਵਧਾਇਆ।

ਅੰਗਰੇਜ਼ੀ ਰਾਜ ਦੇ ਆਉਣ ਨਾਲ ਇਹ ਬੀਰ ਰਸੀ ਚਮਕ ਮੱਧਮ ਪੈ ਗਈ, ਪੰਜਾਬੀਆਂ ਦੇ ਸਾਰੇ ਹਥਿਆਰ ਬਰਤਾਨਵੀ ਤੋਸ਼ੇਖ਼ਾਨੇ ਦਾ ਸ਼ਿੰਗਾਰ ਬਣ ਗਏ। ਅੰਤ ਵਿਚਾਰਾ ਸ਼ਾਹ ਮੁਹੰਮਦ, ਸਿੱਖ ਰਾਜ ਦਾ ਮਰਸੀਆ ਪੜ੍ਹਦਾ ਪੜ੍ਹਦਾ ਤੁਰ ਗਿਆ ਤੇ ਪੰਜਾਬ ਦੇ ਬੀਰ ਬਹਾਦਰ ਗ਼ੁਲਾਮੀ ਦੀ ਨੀਂਦ ਸੌਂ ਗਏ।

ਇਹ ਗੱਲ ਉਨ੍ਹੀਵੀਂ ਸਦੀ ਦੇ ਅੱਧ ਤੋਂ ਬਾਅਦ ਦੀ ਹੈ ਜਦੋਂ ਨਾਮਧਾਰੀ ਲਹਿਰ ਤੇ ਸਿੰਘ ਸਭਾ ਲਹਿਰ ਨੇ ਲੋਕਾਂ ਨੂੰ ਹਲੂਣਾ ਦਿੱਤਾ। ਖ਼ਾਸ ਕਰਕੇ ਬਾਬਾ ਰਾਮ ਸਿੰਘ ਨਾਮਧਾਰੀ ਦਾ ਹੋਕਾ ਅਜ਼ਾਦੀ ਦਾ ਬਿਗਲ ਹੀ ਸੀ। ਇਸ ਸਮੇਂ ਮਹਿਕਮਾ ਤਾਲੀਮ ਪੰਜਾਬ ਦੇ ਡਾਇਰੈਕਟਰ ਡਾਕਟਰ ਲੈਟੀਨਰ ਸਨ ਤੇ ਮੌਲਾਨਾ ਮੁਹੰਮਦ ਹੁਸੈਨ ਅਜ਼ਾਦ ਇਸੇ ਮਹਿਕਮੇ ਦੇ ਮੁਲਾਜ਼ਮ ਸਨ। ਇਨ੍ਹਾਂ ਮੌਲਾਨਾ ਹਾਲੀ ਦੀ ਮਦਦ ਨਾਲ ਪੰਜਾਬ ਵਿਚ ਉਰਦੂ ਮੁਸ਼ਾਇਰਿਆਂ ਦਾ ਪ੍ਰਵਾਹ ਚਲਾਇਆ ਤੇ ਨਾਲ ਨਾਲ ਜਿਸ ਦਾ ਕੁਝ ਕਵੀਆਂ 'ਤੇ ਅਸਰ ਵੀ ਹੋਇਆ। ਪੰਜਾਬੀ ਕਵੀ ਦਰਬਾਰ ਹੋਣ ਲੱਗੇ ਤੇ ਸਟੇਜੀ ਕਵੀਆਂ ਨੂੰ ਤਬ੍ਹਾ ਅਜ਼ਮਾਈ ਦਾ ਮੌਕਾ ਮਿਲਣ ਲੱਗਾ। ਇਸ ਤੋਂ ਪਹਿਲਾਂ ਵੀ ਸਟੇਜੀ ਕਵੀ ਮੌਜੂਦ ਸਨ, ਜੋ ਭਲਵਾਨਾਂ ਵਾਂਗ ਅਖਾੜੇ ਲਾ ਕੇ ਆਪਣੀ ਰਚਨਾ ਸੁਣਾਇਆ ਕਰਦੇ ਸਨ। ਇਹ ਬੈਂਤਬਾਜ਼ ਸ਼ਾਇਰ ਆਮ ਤੌਰ 'ਤੇ ਬੈਂਤ ਹੀ ਲਿਖਦੇ ਸਨ ਤੇ ਇਹ ਇਸ਼ਕੀ ਬੈਂਤ ਮੇਲਿਆਂ ਮੁਸਾਹਿਬਿਆਂ ਦੇ ਇਕੱਠਾਂ ਵਿਚ ਜਾ ਕੇ ਆਪਣੇ ਅੰਦਾਜ਼ ਨਾਲ ਸੁਣਾਉਂਦੇ ਤੇ ਲੋਕਾਂ ਦੀ ਵਾਹ ਵਾਹ ਲੈਂਦੇ ਸਨ।

ਇਹ ਮੇਲੇ ਸਨ—ਲਾਹੌਰ ਚਰਾਗ਼ਾਂ ਦਾ ਮੇਲਾ, ਚਿੰਤਪੂਰਨੀ, ਮੁਕਤਸਰ, ਜਗਰਾਵਾਂ, ਛਪਾਰ ਆਦਿ।

ਉਸ ਸਮੇਂ ਇਨ੍ਹਾਂ ਰਵਾਇਤੀ ਸ਼ਾਇਰਾਂ ਪਾਸ ਕੋਈ ਚੱਜ ਜਾਂ ਮਜ਼ਮੂਨ ਨਹੀਂ ਸੀ ਜਿਵੇਂ ਉਰਦੂ ਸ਼ਾਇਰ ਉਸ ਸਮੇਂ ਹੁਸਨ ਤੇ ਇਸ਼ਕ ਦੀ ਮੋਮਬੱਤੀ ਬਾਲ ਕੇ ਸ਼ੇਖ਼ੀ ਦੀਆਂ ਗੱਲਾਂ ਕਰਦੇ ਸਨ, ਕੁਝ ਇਹੋ ਜਿਹੀ ਗੱਲਬਾਤ ਪੰਜਾਬੀ ਦੇ ਪਹਿਲੇ ਸਟੇਜੀ ਕਵੀ ਕਰਦੇ ਰਹੇ। ਇਨ੍ਹਾਂ ਵਿਚ ਰਫ਼ੀਕ, ਆਸ਼ਾ ਅਲੀ ਖ਼ਾਂ, ਗਾਮੂ ਖ਼ਾਂ, ਅਰੂੜ ਰਾਇ, ਫ਼ਜ਼ਲਸ਼ਾਹ ਹਦਾਇਤੁੱਲਾ, ਪੀਰਾਂ ਦਿੱਤਾ ਆਦਿ ਮੋਹਰੀ ਸਨ।

ਇਨ੍ਹਾਂ ਵਿੱਚੋਂ ਵਧੇਰੇ ਪ੍ਰਸਿੱਧ ਸ਼ਾਇਰਾਂ ਨੂੰ ਮਹਿਕਮਾ ਤਾਲੀਮ ਨੇ ਵੀ ਆਪਣੇ ਸਟੇਜੀ ਕਵੀ ਦਰਬਾਰਾਂ ਵਿਚ ਸੱਦਾ ਦੇਣਾ ਸ਼ੁਰੂ ਕੀਤਾ। ਉਸ ਸਮੇਂ ਇਹ ਕਵੀ ਦਰਬਾਰ ਲਾਹੌਰ, ਅੰਮ੍ਰਿਤਸਰ ਜਾਂ ਗੁਜਰਾਂਵਾਲੇ ਆਦਿ ਹੀ ਹੋਇਆ ਕਰਦੇ ਸਨ ਤੇ ਉਹ ਵੀ ਖ਼ਾਸ ਖ਼ਾਸ ਨਵਾਬਾਂ ਜਾਂ ਸੇਠਾਂ ਦੀਆਂ ਕੋਠੀਆਂ ਵਿਚ ਇਹ ਮਹਿਫ਼ਲਾਂ ਜੰਮਦੀਆਂ ਸਨ। ਪੰਜਾਬੀ ਬਾਰੇ ਅਜੇ ਇਤਨੀ ਚੇਤਨਾ ਵੀ ਨਹੀਂ ਸੀ ਜਾਗੀ। 1864 ਈ: ਵਿਚ ਓਰੀਐਂਟਲ ਕਾਲਜ ਬਣਿਆ। 1877 ਈ: ਵਿਚ ਪੰਜਾਬੀ ਦੀਆਂ ਕਲਾਸਾਂ ਸ਼ੁਰੂ ਹੋਈਆਂ, 1882 ਈ: ਵਿਚ ਪੰਜਾਬ ਯੂਨੀਵਰਸਿਟੀ ਬਣੀ ਤੇ 1870-80 ਈ: ਦੇ ਦਰਮਿਆਨ ਹੀ ਸਟੇਜਾਂ ਸਜਣ ਲੱਗੀਆਂ। ਇਹ ਸਮਾਂ ਪੰਜਾਬ ਵਿਚ ਪੁਨਰ-ਜਾਗ੍ਰਿਤੀ ਦਾ ਸੀ। ਸਿੰਘ ਸਭਾ ਲਹਿਰ, ਆਰੀਆ ਸਮਾਜ ਤੇ ਈਸਾਈ ਮਿਸ਼ਨਰੀ ਲਹਿਰ ਆਪਣੇ ਆਪਣੇ ਤਰੀਕੇ ਨਾਲ ਕੰਮ ਕਰ ਰਹੇ ਸਨ ਤੇ ਇਨ੍ਹਾਂ ਦੇ ਦ੍ਰਿਸ਼ਟੀਕੋਣਾਂ ਵਿਚ ਅੰਤਰ ਵੀ ਸੀ ਜੋ ਕਿ ਸਭਾ ਲਾ ਕੇ ਸਟੇਜਾਂ ਤੋਂ ਦਰਸਾਇਆ ਜਾਂਦਾ ਸੀ। ਦੂਜੇ ਸ਼ਬਦਾਂ ਵਿਚ

ਅਸੀਂ ਕਹਿ ਸਕਦੇ ਹਾਂ ਕਿ ਕਿਸੇ ਜਾਗ੍ਰਿਤੀ ਕਾਲ ਵਿਚ ਪੰਜਾਬੀ ਦੀ ਸਟੇਜ ਸਥਾਪਿਤ ਹੋਈ ਤੇ ਇਸ ਰਾਹੀਂ ਨਵੇਂ ਨਵੇਂ ਸੁਧਾਰਾਂ ਦਾ ਪ੍ਰਚਾਰ ਕੀਤਾ ਗਿਆ, ਜਿਨ੍ਹਾਂ ਦੇ ਮੋਹਰੀ ਗਿਆਨੀ ਦਿੱਤ ਸਿੰਘ, ਪ੍ਰੋ: ਗੁਰਮੁਖ ਸਿੰਘ ਆਦਿ ਸਨ। ਗਿ: ਦਿੱਤ ਸਿੰਘ ਜੀ ਤਾਂ ਕੜਾਕੇਦਾਰ ਨਜ਼ਮਾਂ ਲਿਖ ਲਿਖ ਕੇ ਵੀ ਸੁਧਾਰ ਦਾ ਕੰਮ ਕਰ ਰਹੇ ਸਨ।

ਵੀਹਵੀਂ ਸਦੀ ਦੇ ਅਰੰਭ ਨਾਲ ਰਾਜਸੀ ਚੇਤਨਾ ਸ਼ੁਰੂ ਹੋਈ ਅਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਸਟੇਜ ਬਣਨ 'ਤੇ ਸਟੇਜੀ ਕਵੀ ਗੱਜਣ ਲੱਗੇ। 1907 ਈ: ਵਿਚ ਬਾਰ ਦੇ ਜ਼ਮੀਨ ਮਾਲਕਾਂ ਨੂੰ ਬੇਦਖ਼ਲ ਕੀਤਾ ਜਾਣ ਲੱਗਾ ਤਾਂ ਕਿਸਾਨ ਲਹਿਰ ਉੱਠੀ। ਸ਼ਾਇਰ ਲਾਲਾ ਬਾਂਕੇ ਦਿਆਲ ਗੁਜ਼ਰਾਂਵਾਲੀਆ ਸਾਡੀ ਮੌਜੂਦਾ ਸਟੇਜੀ ਕਵਿਤਾ ਦਾ ਮੋਢੀ ਸੀ, ਜਿਸ 1907 ਈ: ਵਿਚ 'ਪਗੜੀ ਸੰਭਾਲ ਜੱਟਾ' ਦਾ ਨਗ਼ਮਾ ਥਾਂ ਥਾਂ ਗੁੰਜਾਇਆ। ਇਹ ਸਰਕਾਰੀ ਨੌਕਰੀ ਨੂੰ ਲੱਤ ਮਾਰ ਕੇ ਇਸ ਅੰਦੋਲਨ ਵਿਚ ਆਇਆ ਸੀ, ਇਸ ਦੀ ਕਵਿਤਾ ਤਾਂ ਭਾਵੇਂ ਸਿੱਧੀ-ਸਾਦੀ ਹੀ ਸੀ, ਪਰ ਜਨ-ਸਾਧਾਰਨ ਨੂੰ ਜਗਾਉਣ ਲਈ ਇਹ ਬੜੀ ਕਾਰਗਰ ਸਿੱਧ ਹੋਈ।

ਇਹ ਇਸ ਪ੍ਰਕਾਰ ਸੀ :

ਪਗੜੀ ਸੰਭਾਲ ਜੱਟਾ! ਪਗੜੀ ਸੰਭਾਲ ਓਇ,
ਸਾਡੀਆਂ ਗੱਲਾਂ ਗਈਆਂ ਤੋਂ ਦੇ ਮੁਲ ਓਇ,
ਜਾਤਾ ਨ ਸਾਨੂੰ ਸਾਡੇ ਲਾਟ ਨੇ ਭੁਲ ਓਇ,
ਕੀਤਾ ਨਾ ਕਿਸੇ ਸਾਡਾ, ਦੁੱਖ ਦਾ ਖ਼ਿਆਲ ਓਇ,
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ।
ਸੁਣਿਆ ਬਦਲਾਏ ਕੁਝ ਗਏ ਹਨ ਕਾਇਦੇ,
ਉਹੋ ਬਦਲਾਏ ਐਪਰ ਜਿਹੜੇ ਬੇਫ਼ਾਇਦੇ।
ਫੋਕੀ ਤਸੱਲੀ ਦੇ ਕੇ ਦਿੱਤਾ ਈ ਟਾਲ ਓਇ,
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ।
ਹਿੰਦ ਸੀ ਮੰਦਰ ਸਾਡਾ, ਇਸ ਦੇ ਪੁਜਾਰੀ ਓਇ,
ਝੱਲੇਗਾ ਹੋਰ ਅਜੇ ਕਦ ਤਕ ਖੁਆਰੀ ਓਇ
ਮਰਨੇ ਦੀ ਕਰ ਲੈ ਹੁਣ ਤੂੰ ਛੇਤੀ ਤਿਆਰੀ ਓਇ,
ਮਰਨੇ ਤੋਂ ਜੀਣਾ ਭੈੜਾ ਹੋ ਕੇ ਬੇਹਾਲ ਓਇ,
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ।
ਮੰਨਦੀ ਨ ਗੱਲ ਸਾਡੀ, ਭੈੜੀ ਸਰਕਾਰ ਵੇ,
ਅਸੀਂ ਕਿਉਂ ਮੰਨੀਏ ਵੀਰੋ, ਏਸ ਦੀ ਕਾਰ ਵੇ,
ਹੋਇਕੇ ਕੱਠੇ ਵੀਰੋ, ਮਾਰੋ ਲਲਕਾਰ ਵੇ,
ਤਾੜੀ ਦੁਹੱਥੜ ਵੱਜਦੀ, ਛੈਣਿਆ ਨਾਲ ਵੇ,
ਪਗੜੀ ਸੰਭਾਲ ਜੱਟਾ!
ਫ਼ਸਲਾਂ ਨੂੰ ਖਾ ਗੇ ਕੀੜੇ, ਤਨ ਤੇ ਨਾ ਦਿਸਦੇ ਲੀੜੇ,
ਭੁੱਖਾਂ ਨੇ ਖ਼ੂਬ ਨਪੀੜੇ, ਰੋਂਦੇ ਵੀ ਬਾਲ ਓਇ।
ਪਗੜੀ ਸੰਭਾਲ ਜੱਟਾ!

ਬਣ ਕੇ ਤੇਰੇ ਲੀਡਰ, ਰਾਜੇ ਦੇ ਖ਼ਾਨ ਬਹਾਦਰ,
ਤੈਨੂੰ ਫਸਾਉਣ ਖ਼ਾਤਰ, ਵਿਛਦੇ ਪਏ ਜਾਲ ਓਇ,
ਪਗੜੀ ਸੰਭਾਲ ਜੱਟਾ!

ਇਕ ਨੌਜੁਆਨ ਨੇ ਇਸੇ ਜਲਸੇ ਵਿਚ ਨਜ਼ਮ ਪੜ੍ਹੀ ਸੀ:

ਭਾਰਤ ਵਾਸੀਓ ਸੁੱਤਿਓ ਗ਼ਾਫ਼ਲੋ ਵੇ, ਫੇਰੀ ਤੁਸਾਂ ਨੇ ਕਿਉਂ ਐ ਢਾਈ ਹੋਈ?
ਸੂਰਬੀਰਾਂ ਦੀ ਤੁਸੀਂ ਸੰਤਾਨ ਹੋ ਕੇ, ਅਣਖ ਮਿੱਟੀ 'ਚ ਕਿਉਂ ਮਿਲਾਈ ਹੋਈ?
ਅੱਜ ਉਜੜਦੀ ਪਈ ਜੇ ਬਾਰ ਵੇਖੋ, ਵਾਰੀ ਤੁਸਾਂ ਦੀ ਕੱਲ੍ਹ ਨੂੰ ਆਈ ਹੋਈ,
ਬਣ ਕੇ ਮਾਂ ਜੋ ਪੁੱਤਾਂ ਨੂੰ ਖਾਣ ਆਵੇ, ਉਹ ਡਾਇਣ ਹੋਈ ਕਿ ਮਾਈ ਹੋਈ?

ਚੌਧਰੀ ਸ਼ਹਾਬੁੱਦੀਨ ਵੀ ਸ਼ਿਅਰ ਲਿਖਦੇ ਸਨ, ਉਨ੍ਹਾਂ ਬਾਰ ਦੇ ਝਗੜੇ ਬਾਰੇ ਇਉਂ ਲਿਖਿਆ ਸੀ:

ਇਨ੍ਹਾਂ ਕਾਜ਼ੀਆਂ ਦੀ ਜੇ ਖ਼ਬਰ ਹੁੰਦੀ, ਅਸਾਂ ਬਾਰ ਵਿਚ ਆਵਣਾ ਕਾਸਨੂੰ ਸੀ?
ਵੱਸਦੇ ਘਰਾਂ ਨੂੰ ਆਪ ਉਜਾੜ ਕੇ ਤੇ, ਟੱਬਰ ਲਿਆਵਣਾ ਕਾਸਨੂੰ ਸੀ?
ਭਾਜੜ ਢੋ ਕੇ ਦੇਸ ਬਦੇਸ ਹੋਣਾ, ਐਡਾ ਵਖਤ ਕਮਾਵਣਾਂ ਕਾਸਨੂੰ ਸੀ?
ਜਿਹੜੇ ਜੰਗਲੀ ਲੋਕ ਅਬਾਦ ਏਥੇ, ਡੇਰਾ ਉਨ੍ਹਾਂ ਦਾ ਢਾਵਣਾ ਕਾਸ ਨੂੰ ਸੀ?

ਕਈ ਹੋਰ ਗੁੰਮਨਾਮ ਕਵੀ ਵੀ ਸਨ, ਜਿਨ੍ਹਾਂ ਨੂੰ ਉਸ ਸਮੇਂ ਅੰਗਰੇਜ਼ੀ ਰਾਜ ਦੇ ਤਸੀਹੇ ਸਹਿਣੇ ਪਏ। ਬਰਦਾ ਪਿਸ਼ਾਵਰੀ ਇਸੇ ਤਰ੍ਹਾਂ ਦਾ ਸ਼ਾਇਰ ਸੀ ਜੋ ਰਾਵਲਪਿੰਡੀ ਜੇਲ੍ਹ ਵਿਚ ਡੱਕ ਦਿੱਤਾ ਗਿਆ ਸੀ। ਉਹ ਲਿਖਦਾ ਹੈ:

ਤੇ ਤੇਰ੍ਹਵੀਂ ਸਦੀ ਦਾ ਤਊਰ ਫਿਰਦਾ, 'ਵਾਵਾਂ ਵਗਿ ਰਹੀਆਂ ਗ਼ਮ ਖਾਵਣੇ ਨੂੰ।
ਬਾਦਸ਼ਾਹਾਂ ਅਦਾਲਤਾਂ ਛੱਡੀਆਂ ਨੇ, ਲੱਕ ਬੱਧੇ ਨੇ ਜ਼ੁਲਮ ਕਮਾਵਣੇ ਨੂੰ।
ਤੁਹਮਤ ਚੋਰੀ ਦੀ ਲਾ ਕੇ ਪਕੜ ਲੈਂਦੇ, ਪੱਲੇ ਖ਼ਰਚ ਨਾ ਰੱਖਦੇ ਖਾਵਣੇ ਨੂੰ।
ਬਰਦਾ ਆਖਦਾ ਜ਼ਿਮੀ ਹੋ ਗਈ ਤਾਂਬਾ, ਕਿਤੇ ਥਾਂ ਨਹੀਂ ਲੁੱਕ ਜਾਵਣੇ ਨੂੰ।

(ਸੀਹਰਫ਼ੀ)

ਸੰਨ ਚੌਦਾਂ ਦੀ ਵੱਡੀ ਜੰਗ ਆ ਗਈ, ਜਿਸ ਨਾਲ ਲੋਕਾਂ ਵਿਚ ਸਵਰਾਜ ਦੀ ਭੁੱਖ ਚਮਕੀ। ਇਸੇ ਸਮੇਂ ਕਈ ਪੰਜਾਬੀ ਰੁਜ਼ਗਾਰ ਖ਼ਾਤਰ ਪਰਦੇਸ਼ਾਂ ਵਿਚ ਗਏ। ਉਨ੍ਹਾਂ ਨੂੰ ਕੈਨੇਡਾ ਤੇ ਅਮਰੀਕਾ ਤੋਂ ਅਜ਼ਾਦੀ ਦੀ ਚਾਟ ਲੱਗੀ। ਇਨ੍ਹਾਂ ਵਿਚ ਕਈ ਸੱਜਣ ਲੇਖਕ ਤੇ ਕਵੀ ਸਨ, ਜਿਨ੍ਹਾਂ ਅਜ਼ਾਦੀ ਦਾ ਹੋਕਾ ਦੇਣ ਖ਼ਾਤਰ ਲੋਕਾਂ ਵਿਚ ਨਜ਼ਮਾਂ ਪੜ੍ਹਨੀਆਂ ਸ਼ੁਰੂ ਕੀਤੀਆਂ। ਇਨ੍ਹਾਂ ਵਿਚ ਸਭ ਤੋਂ ਪਹਿਲਾਂ *ਗ਼ਦਰ ਗੂੰਜਾਂ* ਦੇ ਕਵੀਆਂ ਦਾ ਨਾਮ ਆਉਂਦਾ ਹੈ। ਨਵੰਬਰ 1913 ਤੋਂ *ਗ਼ਦਰ ਅਖ਼ਬਾਰ* ਸਾਨਫ਼ਰਾਂਸਿਸਕੋ (ਅਮਰੀਕਾ) ਤੋਂ ਸ਼ੁਰੂ ਹੋਇਆ। ਇਸ ਵਿਚ ਇਹ ਕਵਿਤਾਵਾਂ ਛੱਪਦੀਆਂ ਸਨ। ਫੇਰ ਇਨ੍ਹਾਂ ਦੀ ਮੰਗ ਆਉਣ 'ਤੇ *ਗ਼ਦਰ ਗੂੰਜਾਂ* ਨਾਮ ਹੇਠ ਇਨ੍ਹਾਂ ਦੇ ਸੱਤ ਸੰਗ੍ਰਹਿ ਛਾਪੇ ਗਏ। ਪਹਿਲੇ 1914 ਵਿਚ *ਗ਼ਦਰ ਗੂੰਜ ਨੰ: 1* ਨਿਕਲੀ ਤੇ ਫਿਰ ਬਾਕੀ ਹੌਲੀ ਹੌਲੀ। ਇਨ੍ਹਾਂ ਵਿਚ ਛਪਣ ਵਾਲੇ ਕਵੀ ਭਗਵਾਨ ਸਿੰਘ ਪ੍ਰੀਤਮ, ਹਰਨਾਮ ਸਿੰਘ 'ਟੁੰਡੀਲਾਟ', ਮੁਨਸ਼ਾ ਸਿੰਘ 'ਦੁਖੀ' ਤੇ ਭਾਗ ਸਿੰਘ ਆਦਿ ਸਨ।

ਭਗਵਾਨ ਸਿੰਘ ਸਟੇਜ ਦਾ ਬਾਦਸ਼ਾਹ ਸੀ, ਲੈਕਚਰ ਵੀ ਦਿੰਦਾ ਸੀ ਤੇ ਕਵਿਤਾ ਵੀ ਖ਼ੂਬ ਸੁਣਾਉਂਦਾ ਸੀ। ਉਸ ਦੀ ਕਵਿਤਾ ਇਉਂ ਚੱਲਦੀ ਹੈ:

ਸਾਰੀ ਖ਼ਲਕ ਖ਼ੁਦਾਇ ਬੇਦਾਰ ਬੈਠੀ, ਸੁੱਤਾ ਜਾਗਦਾ ਤੂੰ ਹਿੰਦੁਸਤਾਨ ਕਿਉਂ ਨਹੀਂ ?
ਪਾਟੇ ਕਪੜੇ ਜਿਸਮ ਕਮਜ਼ੋਰ ਹੋਇਆ, ਜੁੱਸੇ ਜ਼ੋਰ ਤੇ ਜਿਗਰ ਵਿਚ ਤਾਨ ਕਿਉਂ ਨਹੀਂ ?
ਕਾਲਾ ਚੋਰ ਆਖੇ ਸਾਰਾ ਜਗ ਤੈਨੂੰ, ਸੁਖੀ ਵਸਦੀ ਤੇਰੀ ਸੰਤਾਨ ਕਿਉਂ ਨਹੀਂ ?
ਨ ਉਹ ਰੰਗ ਤੇਰਾ ਨ ਉਹ ਰੂਪ ਤੇਰਾ, ਨ ਉਹ ਬਾਣ ਤੇ ਨ ਗੁਮਾਨ ਕਿਉਂ ਨਹੀਂ ?
ਉਠੋ ਸ਼ੇਰ ਮਰਦੋ ਵੇਲਾ ਸੌਣ ਦਾ ਨਹੀਂ, ਜਾ ਕੇ ਵੇਖਦੇ ਕੁਲ ਜਹਾਨ ਕਿਉਂ ਨਹੀਂ ?
ਬੰਦਰਬਾਂਟ ਕਰਦਾ ਜ਼ਾਲਮ ਨਾਲ ਸਾਡੇ, ਬੇਈਮਾਨ ਦੀ ਕੱਢਦੇ ਜਾਨ ਕਿਉਂ ਨਹੀਂ ?

(ਗ਼ਦਰ ਗੂੰਜ ਨੰ: 1)

ਹਰਨਾਮ ਸਿੰਘ ਟੁੰਡੀਲਾਟ ਦੀ ਇਹ ਨਜ਼ਮ 'ਅੱਖਾਂ ਖੋਲ੍ਹੋ ਹਿੰਦੀ ਵੀਰੋ, ਕੌਮ ਗ਼ਰਕਦੀ ਜਾਂਦੀ ਏ' ਬਹੁਤ ਮਸ਼ਹੂਰ ਹੋਈ ਸੀ।

ਉਸ ਦੀ ਕਵਿਤਾ ਇਉਂ ਚੱਲਦੀ ਹੈ:

ਵੇਲਾ ਆਣ ਪੁੱਜਾ ਕਿਉਂ ਨਹੀਂ ਜਾਗਦੇ ਹੋ, ਸੁੱਤੇ ਘੂਕ ਹਿੰਦੂ ਮੁਸਲਮਾਨ ਵੀਰੋ ?
ਜ਼ਾਲਮ ਕੌਮ ਅੰਗਰੇਜ਼ ਦੀ ਬੜੀ ਭੈੜੀ, ਇਨ੍ਹਾਂ ਲੁੱਟ ਖਾਧਾ ਹਿੰਦੁਸਤਾਨ ਵੀਰੋ।
ਲਾਇਆ ਮਾਮਲਾ ਚੱਕੀਆ ਚਰਖ਼ਿਆਂ ਨੂੰ, ਕੀਤੀ ਤੁਸਾਂ ਹੈ ਬੰਦ ਜ਼ਬਾਨ ਵੀਰੋ।
ਮਜ਼੍ਹਬੀ ਝਗੜਿਆਂ 'ਤੇ ਤੁਸਾਂ ਜ਼ੋਰ ਪਾਇਆ, ਕੀਤਾ ਦੇਸ ਦਾ ਨਹੀਂ ਧਿਆਨ ਵੀਰੋ।
ਤੁਸੀਂ ਭੋਲਿਓ ਮੂਲ ਨ ਖ਼ਬਰ ਲੀਤੀ, ਝਗੜਾ ਘੱਤਿਆ ਵੇਦ ਕੁਰਾਨ ਵੀਰੋ।
ਮੰਦਰ ਮਸਜਿਦਾਂ ਤੁਸਾਂ ਦੇ ਢਹਿਣ ਲੱਗੇ, ਕਿਥੇ ਤੁਸਾਂ ਦਾ ਦੀਨ ਈਮਾਨ ਵੀਰੋ ?

ਮੁਨਸ਼ਾ ਸਿੰਘ 'ਦੁਖੀ' ਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ:

ਨਾਲ ਮਿੰਨਤਾਂ ਨਹੀਂ ਹੱਕ ਮਿਲਣ ਲੱਗੇ, ਆਓ ਹੱਕ ਲਈਏ ਹੱਕਦਾਰ ਵਾਂਗੂੰ।
ਵੱਜੇ ਢੋਲ ਅਜ਼ਾਦੀ ਦੇ ਜੱਗ ਅੰਦਰ, ਸੁਣਦੇ ਤੁਸੀਂ ਕਿਉਂ ਨਹੀਂ ਕੰਨਮਾਰ ਵਾਂਗੂੰ।
ਹਿੰਦੁਸਤਾਨੀਓ ਖ਼ਬਰ ਲੋ ਉਠੋ ਜਲਦੀ, ਮਾਤਾ ਤੜਫਦੀ ਸਖ਼ਤ ਬੀਮਾਰ ਵਾਂਗੂੰ।
ਚਸ਼ਮਾ ਆਬਿ ਹਯਾਤ ਦਾ ਦੁਖੀ ਇਹੋ, ਗ਼ਦਰ ਗ਼ਦਰ ਕੂਕੇ ਪਿਆਰੇ ਯਾਰ ਵਾਂਗੂੰ।
ਸਾਨੂੰ ਕਸਮ ਸਰੀਰ ਦੀ ਹਿੰਦ ਵੀਰੋ, ਜਿੰਨਾ ਜ਼ੁਲਮ ਹੋਇਆ ਵੱਟਾ ਲਾਹ ਦਿਆਂਗੇ।
ਹਿੰਦੀ ਮਰੇ ਨਹੀਂ ਅਜੇ ਜ਼ਿੰਦਾ ਬਾਕੀ, ਸਾਰੇ ਜੱਗ ਨੂੰ ਸਾਫ਼ ਦਿਖਲਾ ਦਿਆਂਗੇ।
ਨਹੀਂ ਬਾਪ ਦਾਦੇ ਵਾਲਾ ਖ਼ੂਨ ਸੁੱਕਾ, ਵੀਰੋ ਪਤਾ ਫ਼ਿਰੰਗੀ ਨੂੰ ਲਾ ਦਿਆਂਗੇ।
'ਦੁਖੀ' ਮਿਟਣ ਵਾਲੇ ਨਹੀਂ ਦਾਗ਼ ਸਾਡੇ, ਕੱਢੇ ਸੁਖਨ ਜ਼ਬਾਨੋਂ ਨਿਭਾ ਦਿਆਂਗੇ।

ਇਹ *ਗ਼ਦਰ ਗੂੰਜਾਂ* ਦੇ ਕਵੀ ਸਾਡੇ ਮੁੱਢਲੇ ਸਟੇਜੀ ਕਵੀ ਸਨ, ਜਿਨ੍ਹਾਂ ਇਨਕਲਾਬ ਦਾ ਨਾਹਰਾ ਮਾਰਿਆ ਤੇ ਦੇਸ਼ ਨੂੰ ਹਲੂਣਾ ਦੇ ਕੇ ਜਗਾਇਆ। ਇਨ੍ਹਾਂ ਲੋਕਾਂ ਦੀ ਹਿੰਮਤ ਦਾ ਸਿੱਟਾ ਸੀ ਕਿ ਪੰਜਾਬ ਵਿਚ ਕ੍ਰਾਂਤੀ ਦੇ ਸ਼ੋਅਲੇ ਭੜਕਣ ਲੱਗੇ ਅਤੇ ਅਕਾਲੀ ਲਹਿਰ ਵਜੂਦ ਵਿਚ ਆਈ। ਮਈ 1920 ਵਿਚ *ਅਕਾਲੀ* ਅਖ਼ਬਾਰ ਸ਼ੁਰੂ ਹੋਇਆ। ਇਸ ਦੇ ਪਹਿਲੇ ਪਰਚੇ ਵਿਚ ਛਪਣ ਵਾਲੀ ਹੀਰਾ ਸਿੰਘ 'ਦਰਦ' ਦੀ ਨਜ਼ਮ ਸੀ:

ਅੱਖਾਂ ਖੋਲ੍ਹ ਵਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ।
ਝੰਡਾ ਫੜਿਆ ਹੱਥ ਸੱਚ ਦਾ, ਜੋਤਿ ਮਾਰਦੀ ਲਾਲੀ ਜੇ।
ਕਿਤਨਾ ਪਿਆ ਹਨੇਰ ਭਰਾਵੋ, ਬਾਗ ਉਜਾੜੇ ਮਾਲੀ ਜੇ।
ਅੱਖਾਂ ਖੋਲ੍ਹ ਵਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ।
ਅੱਖੀਂ ਵੇਖ ਬੇਅਦਬੀ ਹੁੰਦੀ, ਬੀਰ ਨ ਕਦੀ ਸਹਾਰ ਸਕੇ।
ਜਿਸ ਨੇ ਸੀਸ ਤਲੀ 'ਤੇ ਧਰਿਆ, ਉਸ ਨੂੰ ਕੋਈ ਨ ਮਾਰ ਸਕੇ।
ਜੀਉਂਦੇ ਹੋਣ ਅਕਾਲੀ ਵਰਗੇ, ਕੌਮ ਕਦੀ ਨ ਹਾਰ ਸਕੇ।
ਨਾ ਕੋਈ ਉਸ ਦਾ ਕਾਲਜ ਖੋਹੇ, ਨਾ ਕੋਈ ਖੋ ਦਰਬਾਰ ਸਕੇ।
ਇਕ ਅਕਾਲੀ ਬਾਝੋਂ ਯਾਰੋ, ਬਣ ਗਈ ਕੌਮ ਪਰਾਲੀ ਜੇ।
ਅੱਖਾਂ ਖੋਲ੍ਹ ਵਿਲੜ ਵੀਰੋ।

ਦਰਅਸਲ ਪੰਜਾਬ ਵਿਚ ਸਟੇਜੀ ਕਵਿਤਾ ਦਾ ਅਸਲੀ ਦੌਰ ਅਕਾਲੀ ਲਹਿਰ ਨਾਲ ਹੀ ਚੱਲਿਆ, ਜਿਸ ਦੇ ਮੋਢੀ ਕਵੀ ਗਿ: ਹੀਰਾ ਸਿੰਘ ਦਰਦ, ਰਘਬੀਰ ਸਿੰਘ ਬੀਰ, ਗਿ: ਗੁਰਮੁਖ ਸਿੰਘ ਮੁਸਾਫ਼ਰ, ਫ਼ੀਰੋਜ਼ਦੀਨ ਸ਼ਰਫ਼, ਬਲਵੰਤ ਸਿੰਘ ਗਜਰਾਜ ਤੇ ਵਿਧਾਤਾ ਸਿੰਘ ਤੀਰ ਆਦਿ ਸਨ। ਜੱਲ੍ਹਿਆਂ ਵਾਲੇ ਬਾਗ਼ ਵਿਚ ਜੋ ਖ਼ੂਨੀ ਸਾਕਾ ਹੋਇਆ, ਉਸ ਨੇ ਇਨ੍ਹਾਂ ਕਵੀਆਂ ਨੂੰ ਜਗਾਇਆ। *ਗ਼ਦਰ ਗੂੰਜਾਂ* ਨੇ ਵੀ ਇਨ੍ਹਾਂ ਨੂੰ ਚੇਤੰਨ ਕੀਤਾ ਸੀ, ਪਰ ਜਨਰਲ ਡਾਇਰ ਦੀਆਂ ਤੋਪਾਂ ਤੇ ਬੀ.ਟੀ. ਦੀਆਂ ਡਾਂਗਾਂ ਨੇ ਇਨ੍ਹਾਂ ਨੂੰ ਸੰਗਰਾਮ ਜੂਝਣ ਲਈ ਤਿਆਰ-ਬਰ-ਤਿਆਰ ਕਰ ਦਿੱਤਾ।

ਦਰਦ ਜੀ ਨੇ 'ਕੌਮੀ ਲੋਕ' ਲਿਖੀ, ਜੋ ਇਉਂ ਚੱਲਦੀ ਹੈ:

ਬੀਰਾਂ ਦੀ ਕੌਮੇ ਹੁਣ ਤੂੰ, ਅੱਖੀਆਂ ਤਾਂ ਖੋਲ੍ਹ ਵੇ।
ਜਾਗ ਨਾ ਆਵੇ ਤੈਨੂੰ, ਵਜਦੇ ਪਏ ਢੋਲ ਵੇ।
ਸੂਰਜ ਦੇ ਵਾਂਗ ਕਿਥੇ, ਤੇਰੀ ਉਹ ਸ਼ਾਨ ਵੇ।
ਕਿਥੇ ਨਿਸ਼ਾਨ ਤੇਰੇ, ਝੂਲਦੇ ਅਸਮਾਨ ਵੇ।
ਕਿਥੇ ਦੁਧਾਰਾ ਖੰਡਾ, ਕਿਥੇ ਕ੍ਰਿਪਾਨ ਵੇ?
ਲੁਟਿਆ ਸਾਮਾਨ ਤੇਰਾ, ਰਿਹਾ ਕੀ ਕੋਲ ਵੇ?
ਬੀਰਾਂ ਦੀ ਕੌਮੇ ਹੁਣ ਤੂੰ, ਅੱਖੀਆਂ ਤਾਂ ਖੋਲ੍ਹ ਵੇ।

ਦਰਦ ਜੀ ਕਾਫ਼ੀ ਸਮਾਂ ਸਟੇਜ 'ਤੇ ਛਾਏ ਰਹੇ ਤੇ ਉਨ੍ਹਾਂ ਅਨੇਕਾਂ ਮਾਅਰਕੇ ਦੀਆਂ ਨਜ਼ਮਾਂ ਲਿਖੀਆਂ, ਜਿਨ੍ਹਾਂ ਪੰਜਾਬੀਆਂ ਨੂੰ ਅਜ਼ਾਦੀ ਦੇ ਘੋਲ ਲਈ ਤਿਆਰ ਕਰ ਦਿੱਤਾ:

ਸਮਾਂ ਬਦਲਿਆ, ਬਦਲਿਆ ਜੱਗ ਸਾਰਾ, ਹਰ ਇਕ ਚਮਨ ਦੀ ਨਾਲੇ ਬਹਾਰ ਬਦਲੀ।
ਖਿੜੇ ਫੁੱਲਾਂ 'ਤੇ ਬੁਲਬੁਲਾਂ ਸਜ ਗਈਆਂ, ਸਾਵੀ ਸੂਹੀ ਪੋਸ਼ਾਕ ਗੁਲਜ਼ਾਰ ਬਦਲੀ।
ਨਵਾਂ ਰੰਗ ਹੈ ਅੱਜ ਤਰਾਨਿਆਂ ਦਾ, ਹਰ ਇਕ ਸਾਜ਼ ਦੀ ਵੇਖ ਲੌ ਤਾਰ ਬਦਲੀ।
ਪਰ ਅਫ਼ਸੋਸ ਹੈ ਖ਼ਾਲਸਾ ਪੰਥ ਵੀਰਾ, ਅਜੇ ਤਕ ਨਾ ਤੇਰੀ ਰਫ਼ਤਾਰ ਬਦਲੀ।
ਤੇਰੇ ਤਪ ਨੇ ਪੂਰੀਆਂ ਸਭ ਪਾਈਆਂ, ਜੋਗੀ ਰਾਜ ਸਮਾਧੀ ਨੂੰ ਖੋਲ੍ਹ ਹੁਣ ਤਾਂ।
ਮੋਨ ਧਾਰਿਆ ਕਿਸੇ ਨ ਭੇਟ ਰੱਖੀ, ਰੱਬ ਦੇ ਵਾਸਤੇ ਮੂੰਹ ਥੀਂ ਬੋਲ ਹੁਣ ਤਾਂ।
ਤਖ਼ਤ ਤਾਜ ਛੱਡ ਕੇ ਝੁੱਗੀ ਪਾ ਬੈਠਾ, ਐਦਾਂ ਨਹੀਂ ਰਹਿਣੀ ਇਹ ਵੀ ਕੋਲ ਹੁਣ ਤਾਂ।
ਛੱਡ ਆਸਰੇ ਲੰਮਿਆਂ ਲਾਰਿਆਂ ਦੇ, ਦਰਦ ਦਿਲਾਂ ਦੇ ਰੱਜ ਕੇ ਫੋਲ ਹੁਣ ਤਾਂ।

ਹੀਰਾ ਸਿੰਘ ਦਰਦ ਦੀ ਪਰਧਾਨ ਸੁਰ ਕੌਮੀ ਦਰਦ ਹੈ, ਰਾਸ਼ਟਰੀ ਵੇਦਨਾ ਹੈ। ਇਕ ਵਤਨ-ਪ੍ਰਸਤ ਕਵੀ ਦੀ ਸੱਚੀ ਕੂਕ ਫ਼ਰਿਆਦ ਹੈ ਜੋ ਆਖ਼ਰ ਸੁਣੀ ਗਈ। ਰਘਬੀਰ ਸਿੰਘ ਬੀਰ ਪੜ੍ਹੇ ਲਿਖੇ ਸੱਜਣ ਸਨ। ਉਹ ਵੀ ਕਵੀ ਦਰਬਾਰਾਂ ਵਿਚ ਆਉਂਦੇ ਤੇ ਲੋਕਾਂ ਨੂੰ ਆਪਣੇ ਬੋਲਾਂ ਰਾਹੀਂ ਜਗਾਉਂਦੇ :

ਡਾਇਰਾ ਤੇਰੇ ਜੇਹੇ ਕਈ ਤੂਫ਼ਾਨ ਆਏ, ਇਸ ਦੁਨੀਆਂ ਫ਼ਨਾਹ ਦੇ ਬਹਿਰ ਅੰਦਰ।
ਕਈ ਭਰੇ ਬੇੜੇ ਉਨ੍ਹਾਂ ਗ਼ਰਕ ਕੀਤੇ, ਆਪਣੇ ਜ਼ੁਲਮ ਤੇ ਸਿਤਮ ਦੀ ਲਹਿਰ ਅੰਦਰ।
ਆਜ਼ਾਦ ਹੋਇ ਕੇ ਝੱਗ ਦੇ ਵਾਂਗ ਬਹਿ ਗਏ, ਆਯਾ ਜਗਤ ਪਿਤਾ ਜਦੋਂ ਕਹਿਰ ਅੰਦਰ।
ਜਿਹੜੀ ਅੱਗ ਤੂੰ ਹੈ ਅੰਮ੍ਰਿਤਸਰ ਬਾਲੀ, ਇਕ ਦਿਨ ਬਲੇਗੀ ਉਹ ਤੇਰੇ ਸ਼ਹਿਰ ਅੰਦਰ।
ਇਹ ਨ ਸਮਝ ਸੱਜਣ ਤੈਨੂੰ ਮਿਲੀ ਪੈਨਸ਼ਨ, ਘਰ ਬੈਠ ਕੇ ਐਸ਼ ਮਨਾਣ ਦੇ ਲਈ।
ਅੰਮ੍ਰਿਤਸਰੋਂ ਤੁਰੀਆਂ ਨੇ ਸ਼ਹੀਦ ਰੂਹਾਂ, ਤੈਨੂੰ ਖ਼ਾਬ ਦੇ ਵਿਚ ਡਰਾਣ ਦੇ ਲਈ।

ਕਵੀ ਦੀ ਭਵਿੱਖਬਾਣੀ ਸੱਚੀ ਸੀ। ਆਖ਼ਰ ਅਜਿਹਾ ਜਬਰ ਕਮਾਉਣ ਵਾਲੇ ਹਾਕਮ ਓਡਵਾਇਰ ਨੂੰ ਪੰਜਾਬ ਦੀ ਗ਼ੈਰਤ ਨੇ ਊਧਮ ਸਿੰਘ ਦਾ ਰੂਪ ਧਾਰ ਕੇ ਇਕ ਜਲਵਾ ਦਿਖਾਇਆ। ਇਹ ਸਮਝਣਾ ਭੁੱਲ ਹੋਵੇਗੀ ਕਿ ਅਕਾਲੀ ਲਹਿਰ ਦੀ ਇਕ ਅਜ਼ਾਦੀ ਵਾਲੀ ਜੰਗ ਵਿਚ ਕੇਵਲ ਸਿੱਖ ਕਵੀ ਹੀ ਸ਼ਾਮਲ ਸਨ, ਸਿੱਖਾਂ ਤੋਂ ਬਿਨਾਂ ਮੁਸਲਮਾਨ ਤੇ ਹਿੰਦੂ ਕਵੀ ਵੀ ਪੰਜਾਬ ਦੀ ਸਟੇਜ ਨੂੰ ਆਪਣੀ ਸ਼ਾਇਰੀ ਨਾਲ ਵਰਸਾਉਂਦੇ ਰਹੇ।

ਬਾਬੂ ਫ਼ੀਰੋਜ਼ਦੀਨ ਸ਼ਰਫ਼ ਕੋਮਲ ਮਿਜਾਜ਼ ਦੇ ਕਵੀ ਸਨ, ਸ਼ਿੰਗਾਰ ਰਸ ਉਨ੍ਹਾਂ ਨੂੰ ਵਧੇਰੇ ਪਸੰਦ ਸੀ, ਪਰ ਜਦ ਫ਼ਿਰੰਗੀ ਸਰਕਾਰ ਨੂੰ ਮੁਖ਼ਾਤਬ ਹੁੰਦੇ ਤਾਂ ਕਹਿਰ ਵਰਸਾਉਣ ਲੱਗ ਜਾਂਦੇ, ਆਪ ਦਾ ਬੈਂਤ ਹੈ :

ਹਰ ਪਾਸਿਓਂ ਚੁੱਭਣ ਫ਼ਰੇਬ ਤੇਰੇ, ਬਣ ਕੇ ਭੱਖੜੇ ਵਾਂਗ ਚੋਭ ਕਰੇ ਵੇ।
ਰੋ ਰੋ ਕੇ ਤੇਰਿਆਂ ਵਾਅਦਿਆਂ ਨੂੰ, ਪੈ ਗਈਆਂ ਅੱਖੀਆਂ ਵਿਚ ਵੀ ਕੁੱਕਰੇ ਵੇ।
ਜ਼ਖ਼ਮ ਜਿਗਰ ਦੇ ਪੁੰਗਰੇ ਕਈ ਵਾਰੀ, ਤੇਰੇ ਕੌਲ ਪਰ ਕਦੀ ਨਾ ਪੁੱਕਰੇ ਵੇ।
ਅੱਖਰ ਤੇਰਿਆਂ ਝੂਠਿਆਂ ਲਾਰਿਆਂ ਦੇ, ਸਾਡੀ ਹਿੱਕ ਦੀ ਪੱਟੀ 'ਤੇ ਉੱਕਰੇ ਵੇ।

ਮੁਹੰਮਦ ਰਮਜ਼ਾਨ ਹਮਦਮ ਉਸਤਾਦ ਕਵੀ ਸੀ ਤੇ ਅੰਗ੍ਰੇਜ਼ੀ ਸਰਕਾਰ ਦੀ ਕੂਟਿਲ ਨੀਤੀ ਦੇ ਪੜਦੇ ਪਾੜਨਾ ਉਸ ਦਾ ਕੰਮ ਸੀ। ਉਹ ਲਿਖਦਾ ਹੈ :

ਲੈ ਗਏ ਦੀਨ ਇਮਾਨ ਗਿਆਨ ਸਾਡਾ, ਲੈ ਗਏ ਰਾਜ ਸਾਡਾ ਪਾਈ ਪਾਈ ਲੈ ਗਏ।
ਅੰਨ ਧਨ ਲੈ ਗਏ ਦੁੱਧ ਦਹੀਂ ਲੈ ਗਏ, ਦੁਸ਼ਮਣ ਹੂੰਝ ਕੇ ਸਾਰੀ ਖ਼ੁਦਾਈ ਲੈ ਗਏ।
ਕਣਕ ਚੌਲ ਕਪਾਹ ਨਾ ਘਾਹ ਛੱਡਿਆ, ਖੱਲਾਂ ਤੀਕ ਵੀ ਲਾਹ ਕੇ ਕਸਾਈ ਲੈ ਗਏ।
ਦੇਸੀ ਕਫ਼ਨ ਨਹੀਂ ਹੁੰਦਾ ਨਸੀਬ ਹਮਦਮ, ਕੰਬਲ ਸੁੱਟ ਗਏ ਲੇਫ ਤੁਲਾਈ ਲੈ ਗਏ।

ਇਸੇ ਤਰ੍ਹਾਂ ਵਿਧਾਤਾ ਸਿੰਘ ਤੀਰ, ਦਰਸ਼ਨ ਸਿੰਘ, ਬਿਸਰਾਮ ਸਿੰਘ ਸਾਰਸ, ਬਲਵੰਤ ਸਿੰਘ ਗਜਰਾਜ, ਜਸਵੰਤ ਵੰਤਾ ਆਦਿ ਅਨੇਕਾਂ ਹੋਰ ਵੀ ਕਵੀ ਸਨ ਜੋ ਅਜ਼ਾਦੀ ਦੇ ਸੰਗ੍ਰਾਮੀਆਂ ਨੂੰ ਉਭਾਰਦੇ ਤੇ ਬਿਨਾਂ ਹਥਿਆਰੋਂ ਬਰਤਾਨਵੀ ਸਰਕਾਰ ਨੂੰ ਵੰਗਾਰਦੇ ਰਹਿੰਦੇ ਸਨ। ਇਹ ਸਮਾਂ ਉਹ ਹੈ ਜਦੋਂ ਜੱਲ੍ਹਿਆਂ ਵਾਲਾ ਬਾਗ਼ ਦੇ ਸਾਕੇ ਨੇ ਅਜ਼ਾਦੀ ਦੀ ਜਵਾਲਾ ਭੜਕਾਈ ਤੇ ਅਕਾਲੀ ਲਹਿਰ ਨੇ ਇਹ ਅੱਗ ਦੂਣ ਸਵਾਈ ਚਮਕਾਈ।

ਅਜਿਹੇ ਸਰਗਰਮ ਵਾਤਾਵਰਣ ਬਗ਼ੈਰ ਨਾ ਕਵਿਤਾ ਹੀ ਚੜ੍ਹਦੀ ਕਲਾ ਵਿਚ ਆ ਸਕਦੀ ਸੀ ਤੇ ਨਾ ਹੀ ਪੂਰਨੇ ਪਾਏ ਜਾ ਸਕਦੇ ਸਨ, ਜੈਸਾ ਕਿ ਸਾਡੇ ਉਦੋਂ ਦੇ ਸਟੇਜੀ ਕਵੀਆਂ ਨੇ ਪਾਏ।

1925 ਈ: ਵਿਚ ਗੁਰਦੁਆਰਾ ਐਕਟ ਬਣ ਗਿਆ, ਜਿਸ ਕਰਕੇ ਗੁਰਦੁਆਰਾ ਸੁਧਾਰ ਲਹਿਰ ਦੀ ਤੇਜ਼ੀ ਮੱਧਮ ਪੈ ਗਈ। 1926 ਵਿਚ ਹੀ ਪੰਜਾਬੀ ਸਭਾ ਵਜੂਦ ਵਿਚ ਆਈ, ਜਿਸ ਦੇ ਕਰਤਾ ਧਰਤਾ ਲਾਲਾ ਧਨੀ ਰਾਮ ਚਾਤ੍ਰਿਕ, ਸ. ਸ. ਚਰਨ ਸਿੰਘ ਸ਼ਹੀਦ, ਗਿ: ਹੀਰਾ ਸਿੰਘ ਦਰਦ ਆਦਿ ਸਨ। ਇਨ੍ਹਾਂ ਕਈ ਚੰਗੇ ਪੰਜਾਬੀ ਕਵੀ ਦਰਬਾਰ ਕੀਤੇ, ਖ਼ਾਸ ਕਰਕੇ ਸ਼ਿਮਲੇ ਵਾਲਾ ਕਵੀ ਦਰਬਾਰ ਤਾਂ ਬਹੁਤ ਹੀ ਪ੍ਰਸਿੱਧ ਹੈ। ਇਸ ਤੋਂ ਪਿੱਛੋਂ ਸਿਵਲ ਨਾ-ਫ਼ਰਮਾਨੀ ਲਹਿਰ ਚੱਲ ਪਈ ਤੇ ਅਕਾਲੀ ਨੇਤਾ ਵੀ ਆਪਣੀਆਂ ਰਾਜਸੀ ਮੰਗਾਂ ਲਈ ਜ਼ੋਰਦਾਰ ਕਾਨਫ਼ਰੰਸਾਂ ਕਰਨ ਲੱਗ ਪਏ। ਇਨ੍ਹਾਂ ਕਾਨਫ਼ਰੰਸਾਂ ਨਾਲ ਕਵੀ ਦਰਬਾਰ ਵੀ ਹੁੰਦਾ ਸੀ। ਇਸ ਤਰ੍ਹਾਂ ਸਟੇਜੀ ਕਵੀਆਂ ਨੂੰ ਉਤਸ਼ਾਹ ਮਿਲਦਾ ਰਿਹਾ ਤੇ ਇਸ ਮੰਡਲੀ ਵਿਚ ਨਵੇਂ ਨਵੇਂ ਗੱਭਰੂ ਸ਼ਾਮਲ ਹੁੰਦੇ ਗਏ। ਮੇਰਾ ਖ਼ਿਆਲ ਹੈ ਕਿ ਅਕਾਲੀਆਂ ਦੀ ਸਰਪ੍ਰਸਤੀ ਬਿਨਾਂ ਸ਼ਾਇਦ ਇਹ ਸਟੇਜੀ ਕਵਿਤਾ ਦੀ ਲਹਿਰ ਮੱਧਮ ਵੀ ਪੈ ਜਾਂਦੀ, ਪਰ ਸੰਗ੍ਰਾਮੀਏ ਨੇਤਾ ਸਦਾ ਸਟੇਜੀ ਕਵੀਆਂ ਤੇ ਢਾਡੀਆਂ ਨੂੰ ਨਾਲ ਲੈ ਕੇ ਤੁਰਦੇ ਰਹੇ। ਐਜੂਕੇਸ਼ਨਲ ਕਾਨਫ਼ਰੰਸ ਉੱਤੇ ਹੋਣ ਵਾਲੇ ਕਵੀ ਦਰਬਾਰਾਂ ਨੇ ਵੀ ਕਵੀਆਂ ਨੂੰ ਕਾਫ਼ੀ ਪ੍ਰੋਤਸਾਹਨ ਦਿੱਤਾ। ਇਕ ਗੱਲ ਹੋਰ ਵੀ ਹੈ ਕਿ ਸਿੱਖਾਂ ਦੇ ਗੁਰਪੁਰਬਾਂ ਸਮੇਂ ਕਵੀ ਦਰਬਾਰ ਕਰਨ ਦਾ ਰਿਵਾਜ ਆਮ ਹੋ ਗਿਆ ਸੀ, ਜਿਸ ਕਰਕੇ ਸਟੇਜ ਦੇ ਪਹਿਲੇ ਅਭਿਆਸ ਲਈ ਹਰ ਇਲਾਕੇ ਦੇ ਕਵੀ ਨੂੰ ਮੌਕਾ ਮਿਲਦਾ ਰਹਿੰਦਾ ਸੀ ਤੇ ਉਹ ਦੂਜੇ ਸੀਨੀਅਰ ਸਟੇਜੀ ਕਵੀਆਂ ਦੀ ਮਕਬੂਲ ਰਚਨਾ ਤੇ ਪੜ੍ਹਤ ਤੋਂ ਕੁਝ ਨਾ ਕੁਝ ਹਾਸਲ ਕਰਦਾ ਰਹਿੰਦਾ ਸੀ। ਸੋ, ਸਟੇਜੀ ਕਵੀ ਹੋਣਾ ਇਕ ਸ਼ਾਨ ਵਾਲੀ ਗੱਲ ਸੀ, ਜਿਸ ਵਿਚ ਮਾਇਆ ਵੀ ਮਿਲਦੀ ਸੀ ਤੇ ਜੱਸ ਵਡਿਆਈ ਵੀ। ਇਹੋ ਕਾਰਨ ਹੈ ਕਿ ਅਕਾਲੀ ਲਹਿਰ ਦੇ ਤੂਫ਼ਾਨ ਤੋਂ ਬਾਅਦ ਜੋ ਕਵੀ ਅੱਗੇ ਆਏ, ਉਨ੍ਹਾਂ ਦੀ ਸੂਚੀ ਤਕੜੀ ਲੰਮੀ ਹੈ। ਬਲੱਗਣ, ਨੂਰਪੁਰੀ, ਸ਼ਹੀਦ, ਵੰਤਾ, ਬੇਕਲ, ਸਾਬਰ, ਅਜ਼ਾਦ, ਸ਼ਮਸ਼ੇਰ, ਦਲੇਰ, ਦਾਮਲ, ਆਸੀ, ਘੁਮਨ, ਚਾਤਰ, ਜਸਵੰਤ ਰਾਇ, ਭਾਈਆ, ਫ਼ਾਨੀ, ਬਾਗ਼ੀ ਆਦਿ ਕਈ ਕਵੀ ਹੋਏ ਅਤੇ ਇਸ ਤੋਂ ਅਗਲੀ ਪੀੜ੍ਹੀ ਵਿਚ ਕੁੰਦਨ, ਮਾਨ, ਹਜ਼ਾਰਾ ਸਿੰਘ, ਸੂਬਾ ਸਿੰਘ, ਤੀਰ, ਦਰਦੀ, ਤੁਲਸੀ, ਮੁਸ਼ਤਾਕ, ਮਹਿਰਮ, ਮਾਹੀਆ, ਦੀਪਕ, ਨਿਰਛਲ, ਦਰਦ, ਕੋਮਲ, ਧੀਰ, ਨੂਰ, ਫ਼ਰਿਆਦੀ, ਸ਼ਿਵ ਕੁਮਾਰ, ਸੁਰਜੀਤ, ਗੁਰਚਰਨ ਰਾਮਪੁਰੀ ਆਦਿ ਨਵੇਂ ਨਵੇਂ ਕਈ ਕਵੀ ਆਏ, ਜਿਨ੍ਹਾਂ ਦਾ ਰੰਗ ਵੱਖਰਾ ਸੀ। ਇਨ੍ਹਾਂ ਵਿੱਚੋਂ ਕਈਆਂ ਨੇ ਬੈਂਤ ਦੀ ਥਾਂ ਨਵੇਂ ਨਵੇਂ ਬਹਿਰ ਅਪਣਾਏ ਤੇ ਕਲਾ ਦੇ ਚੰਗੇ ਜੌਹਰ ਦਿਖਾਏ। ਮਹਾਨ ਕਵੀ ਅਖਵਾਉਣ ਵਾਲਿਆਂ ਨੂੰ ਵੀ ਇਨ੍ਹਾਂ ਦੀ ਕਲਮ ਦਾ ਸਿੱਕਾ ਮੰਨਣਾ ਪਿਆ, ਹਾਲਾਂ ਕਿ ਇਹ ਸਟੇਜੀ ਕਵਿਤਾ ਦੇ ਪੈਂਡੇ 'ਤੇ ਚੱਲ ਕੇ ਹੀ ਇਥੇ ਅੱਪੜੇ ਸਨ।

ਭਾਵੇਂ ਕਿਤਾਬੀ ਕਵੀ ਤੇ ਸਟੇਜੀ ਕਵੀ ਦਾ ਭਿੰਨ ਭੇਦ ਕਰਨਾ ਮੁਨਾਸਿਬ ਨਹੀਂ, ਪਰ ਸਾਡੇ ਕਈ ਆਲੋਚਕ ਸਟੇਜੀ ਕਵੀ ਤੇ ਉਸ ਦੀ ਕਵਿਤਾ ਨੂੰ ਹੇਠਲੇ ਦਰਜੇ

ਵਿਚ ਰੱਖ ਕੇ ਰਾਜ਼ੀ ਹਨ। ਇਹ ਕੋਈ ਨਿਆਇ-ਸੰਗਤ ਨਿਰਣਾ ਨਹੀਂ। ਆਖ਼ਰ ਮੋਹਨ ਸਿੰਘ ਮਾਹਰ ਤੇ ਸ਼ਿਵ ਕੁਮਾਰ ਵਰਗੇ ਵੀ ਤਾਂ ਪਹਿਲਾਂ ਸਟੇਜੀ ਕਵੀ ਵੀ ਹੀ ਸਨ। ਇਨ੍ਹਾਂ ਦੀ ਉੱਚ ਪੱਧਰੀ ਕਲਾ ਤੋਂ ਕੌਣ ਇਨਕਾਰ ਕਰ ਸਕਦਾ ਹੈ। ਸਗੋਂ ਮੈਂ ਇਹ ਗੱਲ ਨਿਧੜਕਤਾ ਨਾਲ ਕਹਿਣੀ ਚਾਹੁੰਦਾ ਹਾਂ ਕਿ ਸਟੇਜੀ ਕਵੀ ਕਈ ਗੱਲਾਂ ਵਿਚ ਕਿਤਾਬੀ ਕਵੀ ਨਾਲੋਂ ਵਧੇਰੇ ਚੇਤੰਨ ਹੁੰਦਾ ਹੈ, ਕਿਉਂਕਿ ਉਸ ਨੂੰ ਰੋਜ਼ ਸਰੋਤਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਸ ਦੀ ਰਚਨਾ ਸਦਾ ਕਸੌਟੀ 'ਤੇ ਚੜ੍ਹਦੀ ਹੈ। ਦੂਜੇ ਉਹ ਆਪਣੇ ਸੰਗੀ ਸਾਥੀ ਕਵੀਆਂ ਦੀ ਸੰਗਤ ਤੋਂ ਵੀ ਬਹੁਤ ਕੁਝ ਸਿੱਖਦਾ ਤੇ ਉਸ ਰੌਸ਼ਨੀ ਵਿਚ ਆਪਣੀ ਕਵਿਤਾ ਸੰਵਾਰਦਾ ਸ਼ਿੰਗਾਰਦਾ ਰਹਿੰਦਾ ਹੈ, ਜਦੋਂ ਕਿ ਕਿਤਾਬੀ ਕਵੀ ਨੂੰ ਇਹ ਮੌਕਾ ਹਾਸਲ ਹੀ ਨਹੀਂ ਹੁੰਦਾ। ਤੀਜੇ, ਅਦਾਇਗੀ ਜਾਂ ਪੜ੍ਹੰਤ ਦਾ ਢੰਗ ਇਕ ਵੱਖਰੀ ਕਿਸਮ ਦੀ ਕਲਾ ਹੈ ਜੋ ਸਾਰੀ ਰਚਨਾ ਨੂੰ ਹੀ ਨਵੇਂ ਰੂਪ ਵਿਚ ਪੇਸ਼ ਕਰਦੀ ਹੈ। ਇਹ ਪੇਸ਼ਕਾਰੀ ਕਈ ਵਾਰ ਮੁਲੰਮੇ ਨੂੰ ਸੋਨਾ ਬਣਾਉਣ ਵਾਲੀ ਹੁੰਦੀ ਹੈ।

ਚੌਥੀ ਗੱਲ, ਜੋ ਸਟੇਜੀ ਕਵੀ ਨੂੰ ਸਦਾ ਸਿਹਰਾ ਦਿਖਾਉਂਦੀ ਹੈ, ਉਹ ਚੱਲਦੇ ਮਾਮਲੇ ਦਾ ਮਜ਼ਮੂਨ ਹੈ, ਜੇ ਉਹ ਪੁਰਾਣੇ ਇਤਿਹਾਸ ਨੂੰ ਵੀ ਦੁਹਰਾਉਂਦਾ ਹੈ ਤਾਂ ਇਸ ਲਈ ਕਿ ਵਰਤਮਾਨ ਦੇ ਸੰਗ੍ਰਾਮ ਨੂੰ ਉਸ ਤੋਂ ਸ਼ਕਤੀ ਮਿਲਦੀ ਹੈ ਤੇ ਲੋਕੀਂ ਜੋਸ਼ ਵਿਚ ਆਉਂਦੇ ਹਨ। ਸੋ, ਸਟੇਜੀ ਕਵੀ ਸਦਾ ਕੁਠਾਲੀ ਵਿਚ ਪਿਆ ਰਹਿੰਦਾ ਹੈ ਤੇ ਉਸ ਦੇ ਲਈ ਜ਼ਰੂਰੀ ਹੈ ਕਿ ਉਹ ਕੋਈ ਨਵੀਂ ਗੱਲ ਕਰੇ ਤੇ ਨਵੇਂ ਤਰੀਕੇ ਨਾਲ ਕਰੇ ਤਾਂ ਕਿ ਲੋਕ ਉਸ ਤੋਂ ਪ੍ਰੇਰਨਾ ਪ੍ਰਾਪਤ ਕਰ ਸਕਣ। ਜੋ ਕਵੀ ਇਹ ਨਹੀਂ ਕਰ ਸਕਦਾ, ਉਹ ਆਪਣੇ ਆਪ ਪਿੱਛੇ ਚਲਿਆ ਜਾਂਦਾ ਹੈ। ਮੈਂ ਇਹ ਨਹੀਂ ਆਖਦਾ ਕਿ ਅਜਿਹੀ ਪ੍ਰਾਪੇਗੰਡੇ ਦੀ ਹਰ ਰਚਨਾ, ਅਮਰ ਕਵਿਤਾ ਬਣ ਜਾਂਦੀ ਹੈ, ਪਰ ਇਹ ਮੰਨਣਾ ਹੀ ਪੈਂਦਾ ਹੈ ਕਿ ਉਹ ਕਈ ਪ੍ਰੀਖਿਆਵਾਂ ਵਿੱਚੋਂ ਨਿਕਲ ਕੇ ਹੀ ਲੋਕਾਂ ਸਾਹਮਣੇ ਆਉਂਦੀ ਹੈ ਤੇ ਆਪਣਾ ਉਚਿਤ ਪ੍ਰਭਾਵ ਵੀ ਪਾਉਂਦੀ ਹੈ। ਇਨ੍ਹਾਂ ਦੇ ਵਿਸ਼ੇ ਖੇਤੀਬਾੜੀ, ਸੰਤਾਨ-ਸੰਜਮ ਤੋਂ ਲੈ ਕੇ ਸੰਸਾਰ-ਸ਼ਾਂਤੀ ਤਕ ਦੇ ਹੋ ਸਕਦੇ ਹਨ, ਪਰ ਇਨ੍ਹਾਂ ਦੀ ਕਥਨ-ਸ਼ੈਲੀ ਸਦਾ ਆਪਣਾ ਰੰਗ ਦਿਖਾਉਂਦੀ ਹੈ।

ਜੈਸਾ ਕਿ ਅਸੀਂ ਅੱਗੋਂ ਕਹਿ ਚੁੱਕੇ ਹਾਂ ਕਿ ਸਟੇਜੀ ਕਵੀ ਆਮ ਤੌਰ 'ਤੇ ਚਲੰਤ ਮਾਮਲੇ ਨੂੰ ਜ਼ਰਾ ਛੂੰਹਦਾ ਹੈ ਤੇ ਲੋਕਾਂ ਨੂੰ ਉਸ ਬਾਰੇ ਚੇਤੰਨ ਕਰਦਾ ਹੈ, ਪਰ ਇਹ ਸਾਵਧਾਨੀ ਦੀ ਅਵਸਥਾ ਪੈਦਾ ਕਰਨ ਲਈ ਉਹ ਬੀਤੇ ਇਤਿਹਾਸ ਨੂੰ ਨਵੇਂ ਜੋਸ਼ ਨਾਲ ਪੇਸ਼ ਕਰਦਾ ਹੈ। ਇਸੇ ਰੁਚੀ ਦਾ ਸਿੱਟਾ ਹੈ ਕਿ ਨਵੀਨ ਸਟੇਜੀ ਕਵੀਆਂ ਨੇ ਅਨੇਕਾਂ ਵਾਰਾਂ ਲਿਖੀਆਂ ਤੇ ਬੀਰ ਰਸੀ ਕਾਵਿ ਦਾ ਭੰਡਾਰ ਭਰਿਆ ਹੈ। ਇਨ੍ਹਾਂ ਵਾਰ-ਕਰਤਿਆਂ ਵਿਚ ਵਿਧਾਤਾ ਸਿੰਘ ਤੀਰ, ਹਰਸ਼ਾ ਸਿੰਘ ਚਾਤਰ, ਹਰਿੰਦਰ ਸਿੰਘ ਰੂਪ, ਕੁੰਦਨ, ਮਾਨ, ਹਜ਼ਾਰਾ ਸਿੰਘ, ਗੁਰਦਾਸਪੁਰੀ, ਤੁਲਸੀ ਤੇ ਦਰਦੀ ਦਾ ਨਾਂ ਖ਼ਾਸ ਤੌਰ 'ਤੇ ਉੱਘਾ ਹੈ। ਪ੍ਰੋ: ਮੋਹਨ ਸਿੰਘ ਨੇ 'ਰਾਣੀ ਸਾਹਿਬ ਕੌਰ ਦੀ ਵਾਰ' ਲਿਖੀ ਤੇ ਇਕ ਪੰਜਾਬਣ ਬੀਰੰਗਨਾ ਨੂੰ ਜਿੱਤਾਂ ਜਿੱਤਦਿਆਂ ਦਿਖਾਇਆ। ਹਰਿੰਦਰ ਸਿੰਘ ਰੂਪ ਨੇ ਵਾਰ-ਖੇਤਰ ਵਿਚ ਨਵੇਂ ਤਜਰਬੇ ਕੀਤੇ। ਉਨ੍ਹਾਂ ਇਕ 'ਵਾਰ ਦਸਵੀਂ ਪਾਤਸ਼ਾਹੀ ਦੀ'

ਲਿਖੀ ਜਿਸ ਵਿਚ ਚੰਡੀ ਦੀ ਵਾਰ ਦੇ ਭਿੰਨ ਭਿੰਨ ਬਹਿਰ ਵਰਤੇ ਗਏ ਹਨ। ਵਿਧਾਤਾ ਸਿੰਘ ਤੀਰ ਨੇ ਅਨੇਕਾਂ ਵਾਰਾਂ ਲਿਖੀਆਂ ਤੇ ਥਾਂ ਥਾਂ ਉਹੀ ਹੇਕ ਨਾਲ ਗਾ ਕੇ ਸੁਣਾਈਆਂ। ਗੁਰਦੇਵ ਸਿੰਘ ਮਾਨ ਨੇ ਭਾਵੇਂ ਕਈ ਵਾਰਾਂ ਰਚੀਆਂ ਹਨ, ਪਰ ਉਸ ਦੀ 'ਅਕਾਲੀ ਫੂਲਾ ਸਿੰਘ ਦੀ ਵਾਰ' ਆਪਣੀ ਮਿਸਾਲ ਆਪ ਹੈ ਤੇ ਅਕਾਲੀ ਕਾਨਫਰੰਸਾਂ ਵਿਚ ਬਾਰ ਬਾਰ ਫ਼ੁਰਮਾਇਸ਼ ਕਰ ਕੇ ਸੁਣੀ ਸੁਣਾਈ ਜਾਂਦੀ ਰਹੀ ਹੈ। ਹਜ਼ਾਰਾ ਸਿੰਘ ਨੂੰ 'ਵਾਰਾਂ ਦਾ ਬਾਦਸ਼ਾਹ' ਕਿਹਾ ਜਾਂਦਾ ਹੈ। ਉਸ ਦੀ ਪੜ੍ਹੰਤ ਵਿਚ ਲੋਹੜੇ ਦੀ ਚੁਸਤੀ ਹੈ। ਰਾਮ ਨਾਰਾਇਣ ਸਿੰਘ ਦਰਦੀ ਨੇ ਭਾਰਤੀ ਸੈਨਿਕਾਂ ਦੀਆਂ ਚੀਨ ਤੇ ਪਾਕਿਸਤਾਨ ਨਾਲ ਹੋਈਆਂ ਲੜਾਈਆਂ ਸਬੰਧੀ ਕਈ ਨਵੀਨ ਲੰਮੀਆਂ ਵਾਰਾਂ ਲਿਖੀਆਂ ਤੇ ਬੀਰ ਨਾਇਕ ਦਾ ਜਸ ਗਾਇਆ ਹੈ। ਇਹ ਵਾਰ-ਕਰਤੇ ਪੁਰਾਣੇ ਢੰਗ ਨਹੀਂ ਵਰਤਦੇ, ਸਗੋਂ ਆਪਣੀ ਨਵੀਂ ਕਾਵਿ-ਸ਼ੈਲੀ ਨਾਲ ਨਵੀਂ ਗੱਲ ਕਰਦੇ ਹਨ। ਜਿਵੇਂ ਹਜ਼ਾਰਾ ਸਿੰਘ ਕਹਿੰਦਾ ਹੈ:

ਮਚਿਆ ਯੁੱਧ ਹਿਮਾਲਾ ਉੱਤੇ, ਬਾਰਸ਼ ਹੋਏ ਅੰਗਿਆਰਾਂ ਦੀ।
ਦੇਸ ਮੇਰੇ ਦੇ ਚੜ੍ਹੇ ਸੂਰਮੇ, ਰੁੱਤ ਆਈ ਤਲਵਾਰਾਂ ਦੀ।
ਸੂਰਮਿਆਂ ਨੇ ਚੰਡੀ ਸਿਮਰੀ, ਲਗੀ ਚੋਟ ਨਗਾਰੇ 'ਤੇ।
ਉਠੋ ਯਾਰੋ! ਜਿਸ ਨੇ ਮਰਨਾ, ਆਪਣੇ ਦੇਸ ਪਿਆਰੇ 'ਤੇ।
ਗੱਲ ਕਰੋ ਕੋਈ ਰਣ-ਤੱਤੇ ਦੀ, ਜਾਂ ਯੋਧੇ ਬਲਕਾਰਾਂ ਦੀ।
ਮੱਚਿਆ ਯੁੱਧ ਹਿਮਾਲਾ ਉਤੇ, ਬਾਰਸ਼ ਹੋਏ ਅੰਗਿਆਰਾਂ ਦੀ।

ਇੰਦਰਜੀਤ ਤੁਲਸੀ ਦੀ ਆਵਾਜ਼ ਨੇ ਸਾਡੀ ਸੈਨਾ ਦੇ ਬਹਾਦਰਾਂ ਨੂੰ ਹਰ ਥਾਂ ਉਭਾਰਿਆ ਹੈ ਤੇ ਇਸ ਤਰ੍ਹਾਂ ਅਸੀਂ ਵਾਰਕਾਰਾਂ ਦਾ ਅਹਿਸਾਨ ਨਹੀਂ ਭੁੱਲ ਸਕਦੇ। ਇਨ੍ਹਾਂ ਦੀ ਸੇਵਾ ਦਾ ਦੇਸ ਦੀ ਰਾਖੀ ਵਿਚ ਵੀ ਹਿੱਸਾ ਹੈ ਤੇ ਸਾਡੇ ਬੀਰ-ਸਾਹਿੱਤ ਵਿਚ ਵੀ।

ਆਮ ਲੋਕੀਂ ਇਹ ਕਹਿੰਦੇ ਸੁਣੀਂਦੇ ਹਨ ਕਿ ਜ਼ਮਾਨਾ ਬਦਲ ਗਿਆ ਹੈ। ਜੰਗੀ ਗੀਤ ਜਾਂ ਬੀਰ-ਕਾਵਿ ਹੁਣ ਬੇਮੌਕਾ ਰਾਗ ਹੈ। ਅੱਜ-ਕੱਲ੍ਹ ਤਾਂ ਅਮਨ ਦੇ ਗੀਤ ਲਿਖਣੇ ਚਾਹੀਦੇ ਹਨ। ਅਸੀਂ ਅਮਨ ਤੋਂ ਇਨਕਾਰੀ ਨਹੀਂ, ਪਰ ਜ਼ਮਾਨੇ ਨੇ ਇਨ੍ਹਾਂ ਦੋ ਦਹਾਕਿਆਂ ਵਿਚ ਹੀ ਦੇਖ ਲਿਆ ਹੈ ਕਿ ਦੁਸ਼ਟ ਆਪਣੀ ਦੁਸ਼ਟਤਾਈ ਛੱਡਣ ਲਈ ਤਿਆਰ ਨਹੀਂ, ਇਸ ਲਈ ਇਨ੍ਹਾਂ ਅਮਨ-ਦੋਖੀਆਂ ਦਾ ਮੂੰਹ ਤਲਵਾਰ ਨਾਲ ਹੀ ਭੰਨਿਆ ਜਾ ਸਕਦਾ ਹੈ। ਇਸੇ ਕਰਕੇ ਸਾਡੇ ਕਵੀਆਂ ਨੂੰ ਮੁੜ 'ਵਾਰ ਰਚਨਾ' ਕਰਨੀ ਪੈ ਰਹੀ ਹੈ ਤਾਂ ਕਿ ਦੇਸ਼ ਦੇ ਗੱਭਰੂ ਭਾਰਤ ਮਾਤਾ ਦੀ ਰੱਖਿਆ ਲਈ ਤਿਆਰ-ਬਰ-ਤਿਆਰ ਰਹਿਣ। ਇਤਿਹਾਸ ਦੱਸਦਾ ਕਿ ਦੁਸ਼ਟ ਦਮਨ ਲਈ ਬੀਰਾਂ ਦੀ ਲੋੜ ਬਣੀ ਰਹੇਗੀ ਤੇ ਬੀਰ ਬਹਾਦਰਾਂ ਨੂੰ ਉਤਸ਼ਾਹਤ ਕਰਨ ਵਾਲੀ ਕਵੀ ਮੰਡਲੀ ਵੀ ਨਿਤਰਦੀ ਰਹੇਗੀ ਅਤੇ ਬੀਰ ਕਾਵਿ-ਧਾਰਾ ਨਵੀਂ ਨਰੋਈ ਹੋ ਕੇ ਪ੍ਰਵਾਹਿਤ ਹੁੰਦੀ ਰਹੇਗੀ। ਸਟੇਜੀ ਕਵੀ ਸਦਾ ਇਸ ਕੰਮ ਵਿਚ ਮੋਹਰੀ ਰਹੇ ਸਨ ਤੇ ਇਨ੍ਹਾਂ ਦਾ ਸਤਿਕਾਰ ਵੀ ਮੋਹਰੀਆਂ ਵਾਲਾ ਰਹੇਗਾ। ਇਸ ਦਾ ਅਰਥ ਇਹ ਨਹੀਂ ਕਿ ਇਹ ਅਮਨ ਦੇ ਮੁੱਦਈ ਨਹੀਂ, ਅਮਨ ਲਈ ਕਲਮ ਜਾਂ ਜ਼ਬਾਨ ਨਹੀਂ ਚਲਾਉਂਦੇ, ਸਗੋਂ ਸਟੇਜੀ ਕਵੀਆਂ ਵਿਚੋਂ ਹੀ ਐਸੇ

ਦੂਰਦਰਸ਼ੀ ਕਲਾਕਾਰ ਅੱਗੇ ਆਏ ਹਨ ਜਿਨ੍ਹਾਂ ਅਮਨ ਦੀ ਆਵਾਜ਼ ਨੂੰ ਜੰਗੀ ਪੱਧਰ 'ਤੇ ਬੁਲੰਦ ਕੀਤਾ ਹੈ ਤੇ ਮਾਨਵ ਸੰਸਕ੍ਰਿਤੀ ਦੀ ਰੱਖਿਆ ਲਈ ਜ਼ੋਰਦਾਰ ਪੁਕਾਰ ਕੀਤੀ ਹੈ। ਕੁੰਦਨ ਤਾਕੀਦ ਕਰਦਾ ਹੈ:

ਖ਼ੂਨੀ ਆਤਮਾ, ਇਹ ਅਮਨ ਦੇ ਪੁਜਾਰੀ
ਇਨਸਾਨੀਅਤ ਦੇ ਕਾਤਲ, ਤਹਿਜ਼ੀਬ ਦੇ ਸ਼ਿਕਾਰੀ
ਐਟਮ ਦੀ ਅੱਗ ਵਿੱਚੋਂ, ਇਹ ਸਵਰਗ ਭਾਲ ਰਹੇ ਨੇ,
ਲਾਲਚ ਦੇ ਕੇ ਡਾਲਰਾਂ ਦੇ, ਹੋਣੀ ਨੂੰ ਟਾਲ ਰਹੇ ਨੇ
ਸਦੀਆਂ ਦੇ ਸੁੱਤਿਆਂ ਦੀ ਪਰ ਜਾਗ ਖੁੱਲ੍ਹ ਰਹੀ ਏ,
ਇਕ ਲਾਲ ਜਿਹੀ ਅਨ੍ਹੇਰੀ, ਅੱਖਾਂ ਵਿਚ ਝੁਲ ਰਹੀ ਏ।

ਸ਼ਿਵ ਕੁਮਾਰ ਦਾ ਹੋਕਾ ਇਸ ਤੋਂ ਵੀ ਦਰਦਨਾਕ ਸੁਰਾਂ ਵਿਚ ਉਭਰਦਾ ਹੈ:

ਸੁਣਿਓ ਵੇ ਕਲਮਾਂ ਵਾਲਿਓ, ਸੁਣਿਓ ਵੇ ਅਕਲਾਂ ਵਾਲਿਓ
ਸੁਣਿਓ ਵੇ ਹੁਨਰਾਂ ਵਾਲਿਓ, ਹੈ ਅੱਖ ਚੁਭੀ ਅਮਨ ਦੀ
ਆਇਓ ਵੇ ਫੂਕਾਂ ਮਾਰਿਓ
ਇਕ ਦੋਸਤੀ ਦੇ ਜ਼ਖ਼ਮ ਤੇ, ਸਾਂਝਾਂ ਦਾ ਲੋਗੜ ਬੰਨ੍ਹ ਕੇ,
ਸਮਿਆਂ ਦੀ ਥੋਹਰ ਪੀਡ਼ ਕੇ, ਦੁੱਧਾਂ ਦਾ ਛਿੱਟਾ ਮਾਰਿਓ।
ਵਿਹੜੇ ਵਿਚ ਸਾਡੀ ਧਰਤਿ ਦੇ, ਤਾਰੀਖ਼ ਟੂਣਾ ਕਰ ਗਈ
ਸੋਹ ਦਾ ਤੱਕਲਾ ਗੱਡ ਕੇ, ਸਾਹਾਂ ਦੇ ਪੱਤਰ ਵੱਢ ਕੇ
ਹੱਡੀਆਂ ਦੇ ਚਾਵਲ ਡੋਲ੍ਹ ਕੇ, ਨਫ਼ਰਤ ਦੀ ਮੌਲੀ ਬੰਨ੍ਹ ਕੇ।
ਲਹੂਆਂ ਦੀ ਗਾਗਰ ਧਰ ਗਈ,
ਓ ਸਾਥੀਓ! ਓ ਬੇਲੀਓ! ਤਹਿਜ਼ੀਬ ਜੀਊਂਦੀ ਮਰ ਗਈ।
ਇਖ਼ਲਾਕ ਦੀ ਅੱਡੀ 'ਤੇ ਮੁੜ, ਵਹਿਸ਼ਤ ਦਾ ਬਿਸੀਅਰ ਲੜ ਗਿਆ
ਇਤਿਹਾਸ ਦੇ ਇਕ ਬਾਬ ਨੂੰ, ਮੁੜ ਕੇ ਜ਼ਹਿਰ ਹੈ ਚੜ੍ਹ ਗਿਆ
ਸੱਦਿਓ ਵੇ ਕੋਈ ਮਾਂਦਰੀ, ਸਮਿਆਂ ਨੂੰ ਦੰਦਲ ਪੈ ਗਿਆ
ਸੱਦਿਓ ਵੇ ਕੋਈ ਜੋਗੀਆਂ, ਧਰਤੀ ਨੂੰ ਗਸ਼ ਹੈ ਪੈ ਗਈ
ਸੁੱਖੋ ਵੇ ਰੋਟ ਪੀਰ ਦੇ, ਪਿਪਲਾਂ ਨੂੰ ਤੰਦਾਂ ਕੱਚੀਆਂ
ਆਓ ਵੇ ਇਸ ਬਾਰੂਦ ਦੀ, ਵਰਮੀ 'ਤੇ ਪਾਓ ਲੱਸੀਆਂ
ਓ ਦੋਸਤੋ! ਓ ਮਹਿਰਮੋ! ਕਾਹਨੂੰ ਇਹ ਅੱਗਾਂ ਮੱਚੀਆਂ
ਹਾੜਾ ਜੇ ਦੇਸ਼ਾਂ ਵਾਲਿਓ, ਹਾੜਾ ਜੇ ਕੌਮਾਂ ਵਾਲਿਓ
ਓ ਐਟਮਾਂ ਦੇ ਤਾਜਰੋ, ਬਾਰੂਦ ਦੇ ਵਣਜਾਰਿਓ
ਹੁਣ ਹੋਰ ਨ ਮਨੁੱਖ ਸਿਰ, ਲਹੂਆਂ ਦਾ ਕਰਜ਼ਾ ਚਾੜ੍ਹਿਓ
ਹੈ ਅੱਖ ਚੁਭੀ ਅਮਨ ਦੀ, ਆਇਓ ਵੇ ਫੂਕਾਂ ਮਾਰਿਓ।

ਇਹ ਆਵਾਜ਼ ਦੱਸਦੀ ਹੈ ਕਿ ਸਟੇਜੀ ਕਵੀ ਕਿਸ ਕਿਸ ਖ਼ੂਬਸੂਰਤੀ ਨਾਲ ਕੀ ਕੀ ਆਖ ਸਕਦਾ ਹੈ ਤੇ ਉਸ ਦੀ ਸੁਰ ਵਿਚ ਕਿਤਨਾ ਜ਼ੋਰ ਹੈ।

ਮਾਲਵੇ ਦੀ ਕਵੀਸ਼ਰੀ

ਮਾਲਵੇ ਦੀ ਧਰਤੀ ਜਿਥੇ ਖੁੱਲ੍ਹੇ ਜੰਗਲ ਬੇਲਿਆਂ, ਮੈਰਿਆਂ, ਚਰਾਂਦਾਂ ਤੇ ਟਿੱਬਿਆਂ, ਰੋਹੀਆਂ ਲਈ ਪ੍ਰਸਿੱਧ ਹੈ, ਉਥੇ ਇਥੋਂ ਦੀਆਂ ਦੋ ਚੀਜ਼ਾਂ ਬਹੁਤ ਹੀ ਮਸ਼ਹੂਰ ਹਨ—ਸੰਤ ਸਾਧੂ ਤੇ ਕਵੀਸ਼ਰ। ਇਸ ਪਾਸੇ ਸਾਧੂ ਫ਼ਕੀਰ ਕੁਝ ਜ਼ਿਆਦਾ ਹੀ ਵਿਚਰਦੇ ਰਹੇ ਹਨ, ਵਾਤਾਵਰਣ ਹੀ ਐਸਾ ਸੀ। ਲੋਕ ਸਿੱਧ-ਸਾਦੇ ਅਲਬੇਲੇ ਸੁਭਾਅ ਦੇ ਸਨ, ਜੰਗਲ ਬੇਲਿਆਂ ਵਿਚ ਮੱਝਾਂ, ਗਊਆਂ, ਭੇਡ ਬੱਕਰੀਆਂ ਤੇ ਊਠ ਘੋੜੇ ਛੱਡਣਾ ਤੇ ਦੁੱਧ ਪੀ ਛੱਡਣਾ। ਅੰਨ ਘੱਟ ਸੀ ਅਤੇ ਦੁੱਧ ਘਿਉ ਜ਼ਿਆਦਾ। ਪਾਣੀ ਦੀ ਘਾਟ ਕਾਰਨ ਖੇਤੀਬਾੜੀ ਵੀ ਘੱਟ ਸੀ, ਸੜਕਾਂ ਵੀ ਨਾਂ-ਮਾਤਰ ਸਨ। ਇਸ ਕਰਕੇ ਸ਼ਾਹੀ ਲਸ਼ਕਰਾਂ ਦਾ ਲਾਂਘਾ ਕਿਤੇ ਵੱਧ ਘੱਟ ਹੀ ਹੁੰਦਾ ਸੀ ਤੇ ਸਰਕਾਰ ਵੀ ਇੱਕਾ-ਦੁੱਕਾ ਚੌਧਰੀ ਤੋਂ ਮਾਮੂਲੀ ਮਾਮਲਾ ਲੈ ਕੇ ਆਪਣੀ ਹਕੂਮਤ ਹੋਣ ਦਾ ਭੱਸ ਪੂਰਾ ਕਰ ਲੈਂਦੀ ਸੀ। ਅਸਲ ਵਿਚ ਜੰਗਲ ਦੇਸ਼ ਉਪਰ ਕਿਸੇ ਦੀ ਕੋਈ ਹਕੂਮਤ ਨਹੀਂ ਸੀ, ਇਸ ਲਈ ਲੋਕਾਂ ਦੀ ਆਤਮਾ ਉੱਤੇ ਨਾ ਹਾਕਮਾਂ ਦਾ ਬੋਝ ਸੀ ਤੇ ਨਾ ਹੀ ਫ਼ੌਜਾਂ ਦਾ। ਇਹ ਲੋਕ ਖੁੱਲ੍ਹੀ ਰਹਿਣੀ-ਬਹਿਣੀ ਅਤੇ ਸੁਤੰਤਰਤਾ ਦੇ ਸ਼ੌਕੀਨ ਸਨ, ਦਰਬਾਰੀ ਅਦਬ-ਅਦਾਬ ਸਿੱਖਣ ਦੀ ਇਨ੍ਹਾਂ ਨੂੰ ਲੋੜ ਹੀ ਨਹੀਂ ਪਈ।

ਅਜਿਹਾ ਵਾਤਾਵਰਣ ਫ਼ਕੀਰਾਂ, ਸਾਧਾਂ, ਸੰਤਾਂ ਤੇ ਕਲਾਕਾਰਾਂ ਦੋਹਾਂ ਲਈ ਬੜਾ ਹੀ ਸੂਤ ਬੈਠਦਾ ਹੈ। ਇਸ ਕਰਕੇ ਜਿਥੇ ਇਸ ਇਲਾਕੇ ਵਿਚ ਸਾਧੂ ਦਰਵੇਸ਼ ਆਮ ਭ੍ਰਮਣ ਕਰਦੇ ਰਹੇ ਹਨ, ਉਥੇ ਕਵੀਸ਼ਰ ਵੀ ਆਪਣੀ ਮੌਜ ਵਿਚ ਕੁਝ ਨਾ ਕੁਝ ਗਾਉਂਦੇ, ਸੁਣਾਉਂਦੇ ਤੇ ਆਪਣੇ ਲੋਕਾਂ ਦਾ ਮਨ ਰੀਝਾਉਂਦੇ ਰਹੇ ਹਨ।

ਹਰ ਖੇਤਰ ਦਾ ਦੋ ਕਿਸਮ ਦਾ ਸਾਹਿੱਤ ਹੁੰਦਾ ਹੈ—ਲਿਖਤੀ ਤੇ ਜ਼ਬਾਨੀ। ਲਿਖਤੀ ਸਾਹਿੱਤ ਜਿਥੇ ਕੇਵਲ ਪੜ੍ਹਿਆਂ-ਲਿਖਿਆਂ ਦੇ ਬੋਧ ਵਿਚ ਆਉਂਦਾ ਹੈ, ਉਥੇ ਜ਼ਬਾਨੀ ਸਾਹਿੱਤ ਹਰ ਕਿਸੇ ਲਈ ਖੁੱਲ੍ਹਾ ਹੁੰਦਾ ਹੈ। ਸਾਡਾ ਪੰਜਾਬੀ ਲੋਕ-ਕਾਵਿ ਇਸੇ ਤਰ੍ਹਾਂ ਦਾ ਹੈ ਤੇ ਇਸੇ ਪ੍ਰਕਾਰ ਦੇ ਖੁੱਲ੍ਹੇ ਵਾਤਾਵਰਣ ਦੀ ਉਪਜ ਹੈ। ਭਾਵੇਂ ਪੰਜਾਬ ਦੇ ਹਰ ਕੋਨੇ ਵਿਚ ਲੋਕ ਸਾਹਿੱਤ ਰਚੀਂਦਾ ਆਇਆ ਹੈ ਪਰ ਮਾਲਵੇ ਨੂੰ ਇਹ ਸੁਭਾਗ ਕੁਝ ਵਧੇਰੇ ਮਾਤਰਾ ਵਿਚ ਪ੍ਰਾਪਤ ਹੈ। ਇਥੇ ਲੋਕ-ਗੀਤਾਂ ਦਾ ਦਰਿਆ ਰੋਹੀਆਂ-ਟਿੱਬਿਆਂ ਤੇ ਜੰਗਲ-ਬੇਲਿਆਂ ਨੂੰ ਸਰਸ਼ਾਰ ਕਰਦਾ ਰਿਹਾ। ਆਮ ਮੱਝੀਆਂ ਦੇ ਛੇੜੂ ਮਾਹੀ, ਭੇਡਾਂ ਬੱਕਰੀਆਂ ਚਾਰਨ ਵਾਲੇ ਵਾਗੀ ਤੇ ਸਾਧਾਰਣ ਕਿਰਤੀ ਕਿਸਾਨ ਇਸ ਭੰਡਾਰ ਨੂੰ ਭਰਪੂਰ ਕਰਦੇ ਰਹੇ ਹਨ। 'ਮੋੜੀਂ ਬਾਬਾ ਡਾਂਗ ਵਾਲਿਆ' ਦਾ ਹੋਕਰਾ ਆਮ ਸੁਣਾਈ

ਦੇਂਦਾ ਤੇ 'ਤੂੰਬਾ ਵੱਜਦਾ ਈ ਨਾ ਤਾਰ ਬਿਨਾਂ' ਦੀ ਸ਼ਿਕਾਇਤ ਸਦਾ ਚੱਲਦੀ ਰਹੀ ਹੈ, ਕਿਉਂਕਿ ਪ੍ਰੇਮ ਬਿਨਾਂ ਜੀਉਣਾ ਸੰਭਵ ਨਹੀਂ ਹੋ ਸਕਿਆ। ਦੂਜੇ ਪਾਸੇ ਸਾਧਾਰਣ ਵਾਗੀ ਮੁੰਡਾ ਇਸ ਸਚਾਈ ਤੋਂ ਵੀ ਜਾਣੂ ਹੈ ਕਿ ਇਹ ਜ਼ਿੰਦਗੀ ਸਦਾ ਨਹੀਂ, ਇਕ ਦਿਨ ਇਸ ਨੂੰ ਕਾਲ ਨੇ ਦਬੋਚ ਹੀ ਲੈਣਾ ਹੈ:

ਕਾਲੀ ਤਿਤਰੀ ਕਮਾਦੋਂ ਨਿਕਲੀ, ਉੱਡਦੀ ਨੂੰ ਬਾਜ਼ ਪੈ ਗਿਆ।
ਕਬਰਾਂ ਉਡੀਕਦੀਆਂ, ਜਿਉਂ ਪੁੱਤਰਾਂ ਨੂੰ ਮਾਵਾਂ।

ਇਹੋ ਜਿਹੇ ਲੋਕ-ਗੀਤਾਂ ਦੀ ਗੁੰਜਾਰ ਵਿਚ ਹੀ ਨਵੇਂ ਕਵੀਸ਼ਰਾਂ ਦੀ ਪੀੜ੍ਹੀ ਦਾ ਜਨਮ ਹੋਇਆ। ਕਵੀ ਤਾਂ ਹਰ ਕੋਈ ਹੁੰਦਾ ਹੈ, ਪਰ ਇਹ ਲੋਕਾਂ ਦੇ ਸਤਿਕਾਰੇ ਕਲਾਕਾਰ 'ਕਵੀਸ਼ਰ' ਕਹਿ ਕੇ ਪੁਕਾਰੇ ਜਾਂਦੇ ਹਨ। ਇਹ ਕਿਤੇ ਕਿਸੇ ਵਿਦਿਆਲੇ ਜਾਂ ਸਕੂਲ ਵਿਚ ਸ਼ਾਸਤਰੀ ਢੰਗ ਦੀ ਸਾਹਿੱਤਕ ਸਿੱਖਿਆ ਲੈ ਕੇ ਨਹੀਂ ਬਣਦੇ, ਇਹ ਤਾਂ ਜਲਸਿਆਂ, ਮੇਲਿਆਂ ਮੁਸਾਹਬਿਆਂ ਤੇ ਵਿਆਹਾਂ ਸਮੇਂ ਆਪਣੇ ਆਪ ਖੁੰਭਾਂ ਵਾਂਗ ਉੱਠਦੇ ਹਨ। ਇਨ੍ਹਾਂ ਦੀ ਵੱਡੀ ਟਕਸਾਲ ਮੇਲਿਆਂ ਉੱਤੇ ਲੱਗੇ ਅਖਾੜੇ ਹਨ। ਲੋਕਾਂ ਦੇ ਮਨੋਰੰਜਨ ਲਈ ਥਾਂ ਥਾਂ ਮੇਲਿਆਂ ਉੱਤੇ ਗੌਣ-ਪਾਣੀ ਦੇ ਅਖਾੜੇ ਲੱਗਦੇ ਤੇ ਉਸਤਾਦ ਕਵੀਸ਼ਰ ਆਪਣੇ ਗਵੰਤਰੀ ਚੇਲੇ ਨਾਲ ਲੈ ਕੇ ਤਰ੍ਹਾਂ ਤਰ੍ਹਾਂ ਦੇ ਕਿੱਸੇ ਗਾ ਗਾ ਕੇ ਸੁਣਾਉਂਦੇ ਤੇ ਲੋਕਾਂ ਨੂੰ ਰੀਝਾਉਂਦੇ ਹਨ। ਇਨ੍ਹਾਂ ਕਿੱਸਿਆਂ ਵਿਚ ਪ੍ਰੀਤ-ਕਿੱਸੇ ਵੀ ਹੁੰਦੇ ਤੇ ਜੰਗ ਯੁੱਧ ਦੇ ਸਾਕੇ ਵੀ ਚਾਅ ਨਾਲ ਸੁਣਾਏ ਜਾਂਦੇ। ਪਰਮਾਰਥ ਦੀਆਂ ਪ੍ਰਸਿੱਧ ਕਹਾਣੀਆਂ ਵੀ ਲੋਕਾਂ ਦਾ ਧਿਆਨ ਇਧਰ ਖਿੱਚਦੀਆਂ ਸਨ। ਸੋ, ਇਸ ਤਰ੍ਹਾਂ ਪ੍ਰੇਮ-ਕਥਾਵਾਂ ਤੇ ਬੀਰ-ਗਾਥਾਵਾਂ ਦੇ ਆਸਰੇ ਮਾਲਵੇ ਦੀ ਕਵੀਸ਼ਰੀ ਅੱਗੇ ਅੱਗੇ ਕਦਮ ਵਧਾਉਂਦੀ ਗਈ। ਲੋਕ ਇਨ੍ਹਾਂ ਦੇ ਸਰਪ੍ਰਸਤ ਸਨ ਤੇ ਇਹ ਲੋਕਾਂ ਦੇ ਕਲਾਕਾਰ ਆਪਣੀ ਬੁੱਧੀ ਅਨੁਸਾਰ ਸੈਂਕੜੇ ਕਿੱਸੇ ਲਿਖ ਲਿਖ ਕੇ, ਗਾ ਗਾ ਕੇ ਆਪਣੀ ਰੋਜ਼ੀ ਵੀ ਕਮਾਉਂਦੇ ਰਹੇ ਤੇ ਨਾਮਣਾ ਵੀ ਕਮਾਉਂਦੇ ਰਹੇ।

ਇਕ ਗੱਲ ਹੋਰ, ਵਿਆਹ ਸ਼ਾਦੀਆਂ ਦੇ ਮੌਕਿਆਂ 'ਤੇ ਮਨੋਰੰਜਨ ਦੇ ਸਾਧਨ ਖ਼ਾਸ ਜੁਟਾਏ ਜਾਂਦੇ ਸਨ। ਇਸ ਵਿਚ ਕਵੀ ਕਵੀਸ਼ਰਾਂ ਦਾ ਗੌਣ-ਪਾਣੀ, ਖ਼ਾਸ ਤੌਰ 'ਤੇ ਆਕਰਸ਼ਣ ਦਾ ਕਾਰਨ ਹੁੰਦਾ ਸੀ। ਵਿਆਹਾਂ ਦੀ ਇਕ ਵਿਸ਼ੇਸ਼ ਗੱਲ ਇਹ ਸੀ ਕਿ ਜੰਢ ਬੰਨ੍ਹਣ ਦਾ ਆਮ ਰਿਵਾਜ ਸੀ। ਇਹ ਵੀ ਇਕ ਅਜੀਬ ਕਿਸਮ ਦਾ ਸ਼ੁਗਲ ਸੀ ਕਿ ਨਵੇਂ ਆਏ ਬਰਾਤੀ ਮਹਿਮਾਨਾਂ ਦੇ ਸਾਹਮਣੇ ਖਾਣ-ਪੀਣ ਦਾ ਸਾਰਾ ਸਾਮਾਨ ਪਰੋਸ ਕੇ ਫਿਰ ਇਕਦਮ ਖਾਣੋਂ ਰੋਕ ਦਿੱਤਾ ਜਾਵੇ। ਇਹ ਰੋਕ, ਪਿੰਡ ਦੀਆਂ ਚਤੁਰ ਕੁੜੀਆਂ ਕੋਈ ਗੀਤ ਗਾ ਕੇ ਲਾਉਂਦੀਆਂ ਸਨ ਤੇ ਫਿਰ ਇਸ ਰੋਕ ਨੂੰ ਹਟਾਉਣ ਦਾ ਕੰਮ ਕਿਸੇ ਹੰਢੇ-ਵਰਤੇ ਕਵੀਸ਼ਰ ਨੂੰ ਕਰਨਾ ਪੈਂਦਾ ਸੀ। ਉਹ ਗਾ ਕੇ ਬੱਧੀ ਜੰਢ ਖੋਲ੍ਹਦਾ ਤੇ ਜਾਂਞੀਆਂ ਦੇ ਬੰਧਨ ਕੱਟ ਕੇ ਉਨ੍ਹਾਂ ਨੂੰ ਸੁਰਖ਼ਰੂ ਕਰਦਾ। ਇਸ ਰਿਵਾਜ ਨੇ ਮਾਲਵੇ ਦੀ ਕਵੀਸ਼ਰ-ਪਰੰਪਰਾ ਨੂੰ ਬੜਾ ਪ੍ਰਫੁੱਲਤ ਕੀਤਾ। ਦਰਜਨਾਂ ਕਵੀਸ਼ਰ ਇਸੇ ਅਭਿਆਸ ਵਿੱਚੋਂ ਨਿਕਲ ਕੇ ਚੰਗੇ ਗਵੱਈਏ ਤੇ ਕਲਕਾਰ ਬਣੇ। ਛੰਦਾ-ਬੰਦੀ ਦੀ ਚੰਗਿਆੜੀ ਉਨ੍ਹਾਂ ਇਸੇ ਧੂਣੀ ਤੋਂ ਲਈ। ਇਸ ਦਾ ਭਾਵ ਇਹ ਵੀ ਨਹੀਂ ਕਿ

'ਜੋਧ ਰਚਨਾ' ਨੇ ਹੀ ਸਭ ਨੂੰ ਕਵੀ ਬਣਾਇਆ। ਹੋਰ ਵੀ ਕਈ ਸਬੱਬ ਸਨ, ਜਿਨ੍ਹਾਂ ਆਸਰੇ ਇਹ ਕਵੀਸ਼ਰੀ ਦੀ ਵੇਲ ਵਧੀ। ਕਈ ਕਵੀਸ਼ਰਾਂ ਦਾ ਰੁਜ਼ਗਾਰ ਹੀ ਕਿੱਸਾਕਾਰੀ ਸੀ। ਉਹ ਇਸੇ ਆਸਰੇ ਵਕਤ ਲੰਘਾਉਂਦੇ ਤੇ ਸ਼ੁਹਰਤ ਬਣਾਉਂਦੇ। ਉੱਨੀਵੀਂ ਸਦੀ ਦੇ ਅਖ਼ੀਰ ਵਿਚ ਜਦ ਲੁਧਿਆਣੇ ਵਿਚ ਪ੍ਰੈੱਸ ਆਮ ਹੋ ਗਏ ਤਾਂ ਕਿੱਸਾਕਾਰੀ ਨੂੰ ਬਹੁਤ ਉਤਸ਼ਾਹ ਮਿਲਿਆ। ਨਾਮੀ ਕਵੀਸ਼ਰਾਂ ਨੇ ਧੜਾ-ਧੜ ਆਪਣੀਆਂ ਚੀਜ਼ਾਂ ਛਪਵਾਈਆਂ। ਭਗਵਾਨ ਸਿੰਘ ਮਾਲਵੇ ਦਾ ਮੋਹਰੀ ਕਿੱਸਾਕਾਰ ਸੀ, ਉਹ ਲਿਖਦਾ ਹੈ :

> ਬਾਈ ਪਿੰਡ ਸਿੱਧੂਆਂ ਦੇ ਵਸਦੇ ਬਹਾਰ ਨਾਲ
> ਗੱਦੀਆਂ ਮੁਕਾਮ ਵੱਡਾ ਪਿੰਡ ਇਹ ਮਰਾਝ ਹੈ
> ਤਿਸ ਵਿਚ ਮੇਰਾ ਹੈ ਮੁਕਾਮ ਭਗਵਾਨ ਸਿੰਘਾ
> ਖ਼ੁਸ਼ੀ ਦੀ ਕਵੀਸ਼ਰੀ ਦਾ ਰੋਜ਼ ਮੈਨੂੰ ਕਾਜ ਹੈ।

ਇਸ ਨੇ ਹੀਰ, ਸੋਹਣੀ, ਮਿਰਜ਼ਾ ਸਾਹਿਬਾਂ ਆਦਿ ਕਈ ਕਿੱਸੇ ਲਿਖੇ ਤੇ ਇਸ ਦੀ 'ਹੀਰ' ਬਹੁਤ ਸਲਾਹੀ ਗਈ। ਉਸ ਨੂੰ ਗੱਲ ਕਰਨੀ ਆਉਂਦੀ ਸੀ ਤੇ ਉਹ ਮਲਵਈ ਸ਼ਬਦਾਵਲੀ ਨੂੰ ਕਵਿਤਾ ਵਿਚ ਨਗੀਨੇ ਵਾਂਗ ਜੜ੍ਹਨਾ ਜਾਣਦਾ ਸੀ। ਇਕ ਕਬਿੱਤ ਸਰੋਤਿਆਂ ਦੀ ਦਿਲਚਸਪੀ ਲਈ ਪੇਸ਼ ਹੈ:

ਸਹਿਤੀ, ਹੀਰ ਨੂੰ ਕਹਿੰਦੀ ਹੈ—

> ਭਾਬੀ ! ਸੁੰਦਰ ਸਰੂਪ ਨੀ ਅਨੂਪ ਰੂਪ ਰਾਂਝਣੇ ਦਾ
> ਪਤਲਾ ਪਤੰਗ ਜਾਣੀ ਦੇਖਦਿਆਂ ਹੀ ਰਹੀਏ ਨੀਂ
> ਕੰਨੀਂ ਵਾਲੇ ਬੁੰਦੇ ਨੀਂ ਫਲੇਲ-ਭਿੰਨੇ ਜੁੰਡੇ ਓਸੇ
> ਸੋਹਣੇ ਜਹੇ ਮੁੰਡੇ ਦੀ ਸਿਫਤ ਕੀਕੂੰ ਕਰੀਏ ਨੀਂ
> ਛੱਡੀਏ ਨਾ ਬਾਂਹ ਜੇ ਪਨਾਹ ਹੋਵੇ ਦੋਸਤੀ ਦੀ
> ਐਹੋ ਜੇਹੇ ਯਾਰਾਂ ਦੇ ਹਜ਼ਾਰਾਂ ਦੁੱਖ ਸਹੀਏ ਨੀਂ
> ਖੌਫ ਮੈਨੂੰ ਮਾਪਿਆਂ ਤੋਂ ਆਵੇ ਭਗਵਾਨ ਸਿੰਘਾ
> ਨਹੀਂ ਤਾਂ ਬਿਭੂਤ ਲਾ ਕੇ ਦਵਾਰੇ ਡਿੱਗੇ ਰਹੀਏ ਨੀ।੩੩੧।

(ਹੀਰ ਭਗਵਾਨ ਸਿੰਘ, ਪੰਨਾ 126)

ਪ੍ਰੀਤਿ-ਕਿੱਸਿਆਂ ਤੋਂ ਬਿਨਾਂ ਸਾਧੂ ਈਸ਼ਰ ਦਾਸ, ਸਾਧੂ ਸਦਾ ਰਾਮ ਤੇ ਸਾਧੂ ਦਯਾ ਸਿੰਘ ਆਰਿਫ਼ ਆਦਿ ਅਜਿਹੇ ਸੰਤ ਕਵੀ ਹੋਏ, ਜਿਨ੍ਹਾਂ ਇਸ ਦੁਨੀਆਂ ਤੋਂ ਵੈਰਾਗ ਪੈਦਾ ਕਰਨ ਲਈ ਬੜਾ ਕੁਝ ਲਿਖਿਆ ਤੇ ਇਨ੍ਹਾਂ ਦੇ ਵੈਰਾਗ ਵਿਚ ਵੀ ਅਜੀਬ ਕਿਸਮ ਦੀ ਹੂਕ ਹੈ:

ਸਾਧੂ ਈਸ਼ਰ ਦਾਸ ਦੀ ਇਕ 'ਕਾਫ਼ੀ', ਸ਼ਾਇਦ ਕਾਫ਼ੀ ਹੋਵੇਗੀ :

> ਰੋ ਰੋ ਕਰਨ ਸਿਆਪੇ ਭੈਣਾਂ, ਮਿਲ ਜਾ ਜਾਂਦੀ ਵਾਰਾਂ ਦੇ
> ਆਖ਼ਰ ਮੇਲੇ ਕਦੋਂ ਹੋਣਗੇ, ਭਾਈਆਂ ਬਰਖ਼ੁਰਦਾਰਾਂ ਦੇ
> ਏਸ ਵਿਛੋੜੇ ਨਾਲੋਂ ਵੀਰਾ, ਫੱਟ ਭਲੇ ਤਲਵਾਰਾਂ ਦੇ
> ਕੱਤਾਂ ਬਾਝੋਂ ਕੌਣ ਵੰਡਾਵੇ, ਦੁੱਖ ਪਏ ਸਿਰ ਨਾਰਾਂ ਦੇ

ਖਿੜੀਆਂ ਕਲੀਆਂ ਛੋਡ ਚਲੇ ਹੁਣ, ਉਡੇ ਭੌਰ ਗੁਲਜ਼ਾਰਾਂ ਦੇ
ਮੌਤ ਨਿਮਾਣੀ ਖ਼ਾਲੀ ਕੀਤੇ, ਰੱਤੇ ਪਲੰਘ ਨਵਾਰਾਂ ਦੇ
ਪਾਣੀ ਬਾਝ ਤਿਹਾਏ ਮਰ'ਗੇ, ਬਾਲਕ ਸ਼ਾਹੂਕਾਰਾਂ ਦੇ
ਮੀਂਹ ਤੂਫ਼ਾਨ ਹਨੇਰੀ ਝਾਂਬੇ, ਝੜਗੇ ਫੁੱਲ ਅਨਾਰਾਂ ਦੇ
ਈਸ਼ਰ ਦਾਸਾ ਕਾਲ ਹੇੜੀ ਨੇ, ਮਿਰਗ ਵਿਛੋੜੇ ਡਾਰਾਂ ਦੇ।9।

ਸਾਧੂ ਦਯਾ ਸਿੰਘ ਆਰਿਫ਼ ਦਾ 'ਜ਼ਿੰਦਗੀ ਬਿਲਾਸ', 'ਹੀਰ ਵਾਰਿਸ' ਵਾਂਗ ਮਸ਼ਹੂਰ ਰਿਹਾ ਹੈ ਤੇ ਬਹੁਤ ਪੜ੍ਹਿਆ ਗਿਆ ਹੈ। ਬਾਵਜੂਦ ਇਸ ਦੇ ਕਿ ਇਸ ਨੇ ਸੰਸਾਰਕ ਪਦਾਰਥਾਂ ਦੀ ਛਿਨ-ਭੰਗਰਤਾ ਦਰਸਾ ਕੇ ਵੈਰਾਗ ਦਾ ਠਾਠ ਬੰਨ੍ਹਿਆ, ਪਰ ਕਿਤੇ ਰੰਗ ਫਿੱਕਾ ਨਹੀਂ ਪੈਣ ਦਿੱਤਾ। ਇਸ ਤੋਂ ਵੀ ਵੱਧ ਕਮਾਲ ਦੀ ਗੱਲ ਇਹ ਹੈ ਕਿ ਕੋਈ ਦਾਅਵਾ ਨਹੀਂ ਕੀਤਾ, ਸਗੋਂ ਪੂਰੀ ਨਿਮਰਤਾ ਦਿਖਾਈ ਹੈ। 'ਸਪੁੱਤਰ ਬਿਲਾਸ' ਦਾ ਛੰਦ ਹੈ:

ਸੁਣੋ ਸੱਜਣੋ! ਬੇਨਤੀ ਫੱਕਰਾਂ ਦੀ, ਕਵੀ ਬਹੁਤ ਜਹਾਨ 'ਤੇ ਬਹਿਰ ਵਰਗੇ
ਕਵੀਰਾਜ ਪਰਧਾਨ ਹੈ ਵਾਂਗ ਸਾਗਰ, ਅਸੀਂ ਨਹੀਂ ਗ਼ਰੀਬਣੀ ਨਹਿਰ ਵਰਗੇ
ਸਾਨੂੰ ਔੜ ਦੇ ਬੱਦਲਾਂ ਵਾਂਗੂ ਜਾਣੋ, ਕਵੀ ਸੌਣ ਬਹਾਰ ਦੀ ਲਹਿਰ ਵਰਗੇ
ਦਯਾ ਸਿੰਘ ਆਖੇ, 'ਕਵੀਓ! ਮਾਫ਼ ਕਰਨਾ, ਅਸੀਂ ਨਹੀਂ ਜੇ ਕਿਸੇ ਦੇ ਪੈਰ ਵਰਗੇ।

ਭਾਵੇਂ ਕਿਤਾਬੀ ਕਵੀਸ਼ਰ ਤੇ ਗਵੰਤਰੀ ਕਵੀਸ਼ਰ ਦੋਹਾਂ ਨੂੰ ਨਿਖੇੜਨਾ ਔਖਾ ਹੈ, ਪਰ ਇਹ ਮੰਨਣਾ ਪੈਂਦਾ ਹੈ ਕਿ ਉੱਚੀ ਸੁਰ ਨਾਲ ਗਾਉਣ ਵਾਲੇ ਕਵੀਸ਼ਰਾਂ ਦੀ ਪਰੰਪਰਾ ਆਪਣੀ ਹੈ। ਇਹ ਛੰਦ-ਪ੍ਰਬੰਧ ਤੇ ਵਿਚਾਰ-ਪ੍ਰਬੰਧ ਵਿਚ ਕਿਸੇ ਸਨਾਤਨ ਸਕੂਲ ਨੂੰ ਪਰਵਾਨ ਨਹੀਂ ਕਰਦੇ। ਜੋ ਆਵੇ ਤੇ ਜਿਵੇਂ ਆਵੇ, ਛੰਦ ਵਿਚ ਗੁੰਦ ਕੇ ਪੇਸ਼ ਕਰਦੇ ਹਨ। ਇਹ ਆਪਣੀਆਂ ਰਚਨਾਵਾਂ ਛਾਪਣੀਆਂ ਵੀ ਪਸੰਦ ਨਹੀਂ ਕਰਦੇ, ਕਿਉਂਕਿ ਐਸਾ ਹੋਣ ਨਾਲ ਹੋਰਾਂ ਵੱਲੋਂ ਇਨ੍ਹਾਂ ਦੀ ਕੁਵਰਤੋਂ ਦਾ ਡਰ ਹੈ। ਭਾਵੇਂ ਪਿੱਛੋਂ ਇਹ ਛਪ ਵੀ ਜਾਂਦੀਆਂ ਹਨ, ਪਰ ਪਹਿਲੇ ਅਖਾੜਿਆਂ ਵਿਚ ਸੁਣਾ ਸੁਣਾ ਕੇ ਸੋਧੀਆਂ ਮਾਂਜੀਆਂ ਜਾਂਦੀਆਂ ਤੇ ਫਿਰ ਕਿਤੇ ਪ੍ਰੈੱਸ ਦੇ ਹਵਾਲੇ ਹੁੰਦੀਆਂ, ਇਸੇ ਲਈ ਇਹ ਕਥਨ ਪ੍ਰਸਿੱਧ ਹੈ:

ਪਹਿਲਾਂ ਕੁਛ ਸਾਲ ਮੁੰਡੇ ਮੇਲਿਆਂ 'ਤੇ ਗਾਉਣਗੇ
ਫੇਰ ਪਿੱਛੋਂ ਬਾਬੂ ਜੀ, ਕਾਪੀਆਂ ਛਪਾਉਣਗੇ।

ਇਹ ਹਕੀਕਤ ਹੈ ਕਿ ਮਾਲਵੇ ਵਿਚ—ਛਪਾਰ, ਜਰਗ, ਕੋਟਲੇ, ਜਗਰਾਵੀਂ, ਚੜ੍ਹਿੱਕ, ਤਖ਼ਤੂਪੁਰੇ, ਮਾਈਸਰਖ਼ਾਨੇ, ਬਠਿੰਡੇ, ਮੁਕਤਸਰ—ਥਾਂ-ਥਾਂ ਮੇਲੇ ਲੱਗਦੇ ਰਹਿੰਦੇ ਹਨ ਤੇ ਇਨ੍ਹਾਂ ਮੇਲਿਆਂ 'ਤੇ ਇਹ ਕਵੀਸ਼ਰ ਆਪਣੇ ਸਪੈਸ਼ਲ ਕਵੀ ਦਰਬਾਰ ਲਾਉਂਦੇ ਆਏ ਹਨ। ਸੋ, ਇਹ ਮੇਲੇ ਇਸ ਕੰਠ-ਸਾਹਿਤ ਦਾ ਕੇਂਦਰ ਹਨ। ਉਸਤਾਦ ਕਵੀਸ਼ਰ ਲਿਖਦਾ ਤੇ ਉਸ ਦੇ ਚੇਲੇ ਗਾ ਗਾ ਸੁਣਾਉਂਦੇ। ਕੋਈ ਜ਼ਰੂਰੀ ਨਹੀਂ ਕਿ ਹਰ ਕੋਈ ਪਹਿਲੋਂ ਤਿਆਰ ਕੀਤੀ ਚੀਜ਼ ਹੀ ਸੁਣਾਵੇ, ਕਈ ਵਾਰ ਮੌਕੇ 'ਤੇ ਹੀ ਫੁਰਦੀ ਧਾਰਨਾ ਨਾਲ ਕਵੀਸ਼ਰੀ ਜੋੜੀ ਜਾਂਦੀ ਤੇ ਫਿਲਬੰਦੀਆ ਰਚਨਾ ਕਰਕੇ ਵਾਹ ਵਾਹ

ਘੱਟੀ ਜਾਂਦੀ। ਮੰਗਲਾਚਰਣ ਕਰਨਾ ਪਹਿਲੀ ਗੱਲ ਸੀ ਤੇ ਫਿਰ ਛੰਦਾਬੰਦੀ ਵਿਚ ਆਪਣਾ ਥਾਂ ਟਿਕਾਣਾ ਦੱਸਣਾ ਵੀ ਜ਼ਰੂਰੀ ਗੱਲ ਸੀ।

ਇਸ ਤਰ੍ਹਾਂ ਦੇ ਗਵੰਤਰੀ ਕਵੀਸ਼ਰ ਅਨੇਕਾਂ ਹੋਏ—ਕਾਂਸ਼ੀ ਰਾਮ ਅਨਮੋਲ, ਨੱਥਾ ਸਿੰਘ ਭੂਰੀ ਵਾਲਾ, ਮਾਨ ਸਿੰਘ, ਗੰਗਾ ਸਿੰਘ ਭੂੰਦੜ, ਮਾਘੀ ਸਿੰਘ, ਮਿੱਤ ਸਿੰਘ ਮੌੜ, ਚੰਦ ਸਿੰਘ ਮਰਾਝ, ਪੰ: ਭਗਤ ਰਾਮ, ਜੀਵਾ ਰਾਮ ਝੰਡੂਕੇ, ਰਾਮ ਸਿੰਘ ਜੰਘੀਆਣਾ, ਬਾਬੂ ਰੱਜਬ ਅਲੀ, ਅਛਰੂ ਰਾਮ, ਪੂਰਨ ਸਿੰਘ ਰਾਮੇਵਾਲਾ, ਸ਼ੇਰ ਸਿੰਘ ਤਖ਼ਤੂਪੁਰੀਆ, ਕਿਸ਼ੋਰ ਚੰਦ ਬੱਦੋਵਾਲੀਆ, ਮੀਰ ਵੀਰੂ, ਵਰਿਆਮ ਸਿੰਘ ਢੰਡਾਰੀ, ਮੋਹਨ ਸਿੰਘ ਰੋਡੇ, ਕਰਨੈਲ ਸਿੰਘ ਪਾਰਸ, ਪਾਲ ਸਿੰਘ ਪੰਛੀ, ਛੱਜੂ ਸਿੰਘ, ਚੰਨਣ ਸਿੰਘ ਸਕਰੌਦੀ ਆਦਿ।

ਇਨ੍ਹਾਂ ਲੋਕਾਂ ਨੇ ਸੈਂਕੜੇ ਕਿੱਸੇ ਜੋੜੇ ਤੇ ਸੈਂਕੜੇ ਥਾਈਂ ਸੁਣਾ ਸੁਣਾ ਕੇ ਵਾਹ ਵਾਹ ਲੀਤੀ। ਬਾਬੂ ਰੱਜਬ ਅਲੀ ਨੇ ਇਨ੍ਹਾਂ ਦਾ ਚਰਚਾ ਦੋ ਛੰਦਾਂ ਵਿਚ ਇਉਂ ਬੰਨ੍ਹਿਆ ਹੈ :

ਮਾਨ ਸਿੰਘ ਤੇ ਗੰਗਾ ਸਿੰਹੁ ਦੇਸ ਦੇ ਪੁਰਾਣੇ ਸ਼ੇਰ
ਮਿੱਤੂ ਦੀ ਮਸ਼ਹੂਰੀ ਰਹੀ ਪੁਆਧ ਸਾਬ ਤਿਹਾੜੇ ਤੇ।
ਅਤਰੇ ਦੇ ਜੇਡ ਤਪ ਤੇਜ ਨ ਕਿਸੇ ਦਾ ਯਾਰੋ,
ਕਰ ਕਰ ਛੁੱਟੀਆਂ ਜਮਾ ਲਏ ਦਾਬਾ ਖਾੜੇ ਤੇ।
ਸ਼ੇਰ ਸਿੰਘ ਜੈਸਾ ਸੋਹਣਾ ਜੁਆਨ ਨ ਕਵੀਸ਼ਰਾ ਮੈਂ,
ਗੈਸ ਵਾਂਗੂ ਚੀਰਨੋ ਚਨੈਣ ਹੋ ਜੇ ਖਾੜੇ ਤੇ।
ਸਿਉਨਾ ਬਣ ਵਿਕਿਆ ਮੁਲੰਮਾ ਬਿੱਪ ਭਗਤੂ ਦਾ,
ਸਾਰੀ ਹੀ ਉਮਰ ਟੱਟੂ ਲੈ ਕੇ ਵਾਹਿਆ ਭਾੜੇ ਤੇ।
ਰਾਮੇਵਾਲਾ ਪੂਰਨ ਸਿੰਘ ਹੁਸ਼ਿਆਰ ਜ਼ਾਦਾ ਪਿੰਗਲ ਮੈਂ,
ਫੁਲੇ ਵਾਲਾ ਮੁਣਸ਼ੀ ਵੰਡਾਵੇ ਨਾਲ ਅੱਧ ਜੀ।
ਸੰਤੂ ਖੰਡਿਆਲੋਂ ਰਾਗ ਤਾਨ ਦੀ ਖ਼ਬਰ ਸਾਰੀ,
ਵੀਰੂ ਮੀਰ ਲੋਕਾਂ ਨੂੰ ਹਸਾਵੇ ਲਾ ਕੇ ਸੱਦ ਜੀ,
ਹੀਰ ਨਾਥ ਕਵਿਤਾ ਸਿਖਾਉਂਦਾ ਸੋਹਣੇ ਮੋਹਣਿਆਂ ਨੂੰ,
ਬੋਲ ਸਹੁਰੇ ਮੁੰਡਿਆਂ ਦੇ ਮਸ਼ੀਨਾਂ ਨਾਲੋਂ ਵੱਧ ਜੀ।
ਮਾਘੀ, ਬਾਬੂ ਅਤੇ ਰਾਮ ਸਿੰਘ ਦੀ ਹੈ ਘਾੜਤ ਇਕੋ,
ਸ਼ੇਰੀ ਤਿੰਨਾਂ ਸ਼ਾਇਰਾਂ ਬਣਾਈ ਜਮਾਂ ਹੱਦ ਜੀ।

ਇਸ ਤਰ੍ਹਾਂ ਦੇ ਮਲਵਈ ਕਵੀਸ਼ਰਾਂ ਦੀ ਲਿਸਟ ਲੰਮੀ ਹੈ, ਜਿਨ੍ਹਾਂ ਆਪਣੇ ਗੌਣ-ਪਾਣੀ ਨਾਲ ਲੋਕਾਂ ਨੂੰ ਨਿਹਾਲ ਕੀਤਾ। ਇਹ ਸਾਰੇ ਪੇਂਡੂ ਕਵੀ ਸਨ, ਜਿਨ੍ਹਾਂ ਆਪਣੇ ਪੇਂਡੂ ਸਭਿਆਚਾਰ ਦੀ ਗੱਲ ਕੀਤੀ ਤੇ ਅੱਜ ਵੀ ਇਹ ਲੋਕ ਸਾਡੀ ਪੇਂਡੂ ਵਸੋਂ ਦੇ ਮਨੋਰੰਜਨ ਦੇ ਸਭ ਤੋਂ ਵੱਧ ਆਧਾਰ ਹਨ। ਇਨ੍ਹਾਂ ਕਵੀਸ਼ਰਾਂ ਤੋਂ ਹੀ ਮਸਾਲਾ ਲੈ ਕੇ ਕਈ ਤੂੰਬੀ ਵਾਲੇ ਗਮੰਤਰੀ ਤੇ ਕੁਝ ਢਾਡੀ ਜਥੇ ਵੀ ਬਣੇ, ਜਿਨ੍ਹਾਂ ਸਮਾਜ ਦੀ ਤਰ੍ਹਾਂ ਤਰ੍ਹਾਂ ਨਾਲ ਸੇਵਾ ਕੀਤੀ। ਸਮਾਜ ਨੇ ਵੀ ਇਨ੍ਹਾਂ ਨੂੰ ਇਤਨਾ ਧਨ ਸਨਮਾਨ ਦਿੱਤਾ

ਕਿ ਇਨ੍ਹਾਂ ਨੂੰ ਹੋਰ ਕਿੱਤਾ ਕਰਨ ਦੀ ਲੋੜ ਨਹੀਂ ਪਈ। ਪੁਰਾਣੀਆਂ ਕਹਾਣੀਆਂ ਨੂੰ ਤਾਂ ਇਨ੍ਹਾਂ ਬਾਰ ਬਾਰ ਦੁਹਰਾਇਆ ਤੇ ਜੇ ਲੋੜ ਪਈ ਤਾਂ ਮੌਜੂਦਾ ਮਸਲੇ ਲੈ ਕੇ ਵੀ ਚੰਗੇ ਛੰਦ ਜੋੜੇ। ਇਹ ਮੰਨਣਾ ਪਵੇਗਾ ਕਿ ਇਹ ਮਸ਼ੀਨੀ ਮਨੁੱਖ ਦੇ ਵਾਦਾਂ ਪ੍ਰਤਿਵਾਦਾਂ ਤੋਂ ਮੁਕਤ ਕਲਾਕਾਰ, ਸਿੱਧੀ ਜ਼ਿੰਦਗੀ ਦੀ ਗੱਲ ਸਿੱਧੇ-ਸਾਦੇ ਤਰੀਕੇ ਨਾਲ ਕਰ ਕੇ ਆਪਣਾ ਉਚਿਤ ਪ੍ਰਭਾਵ ਪਾਉਂਦੇ ਆਏ ਹਨ। ਜਿਸ ਤਰ੍ਹਾਂ ਇਹ ਪੇਂਡੂ ਕਲਾਕਾਰ ਪੇਂਡੂ ਸ਼ੈਲੀ ਤੇ ਪੇਂਡੂ ਹੀ ਬੋਲੀ ਵਿਚ ਪੰਜਾਬੀ ਸੰਸਕ੍ਰਿਤੀ ਦੀ ਝਾਕੀ ਸਾਨੂੰ ਸਿਖਾਉਂਦੇ ਹਨ, ਸ਼ਾਇਦ ਕੋਈ ਪੜ੍ਹਿਆ-ਲਿਖਿਆ ਐਸਾ ਨਾ ਕਰ ਸਕਦਾ। ਦਰਅਸਲ ਇਨ੍ਹਾਂ ਨੂੰ ਆਪਣੀ ਜ਼ਬਾਨ ਤੇ ਆਪਣੇ ਕਲਚਰ ਨਾਲ ਅਪਣੱਤ ਹੈ, ਜਦੋਂ ਕਿ ਵਿਦਵਾਨ ਤਬਕਾ ਇਸ ਤੋਂ ਸੱਖਣਾ ਹੈ। ਫਿਰ ਇਨ੍ਹਾਂ ਦੀ ਛੰਦਾਬੰਦੀ ਨਿਵੇਕਲੀ ਕਿਸਮ ਦੀ ਹੈ ਜੋ ਗਾਉਣ ਦੀਆਂ ਸੁਰਾਂ 'ਤੇ ਚੱਲਦੀ ਹੈ, ਇਸੇ ਕਰਕੇ ਇਨ੍ਹਾਂ ਦਰਜਨਾਂ ਕਿਸਮ ਦੇ ਛੰਦਾਂ ਨੂੰ ਜਨਮ ਦਿੱਤਾ ਹੈ, ਜੋ ਪਹਿਲੇ ਪਿੰਗਲ ਵਿਚ ਪ੍ਰਾਪਤ ਨਹੀਂ।

ਲੋਕਾਂ ਨੂੰ ਮਨੋਰੰਜਨ ਚਾਹੀਦਾ ਹੈ, ਜੀਵਨ ਦੀ ਸੇਧ ਚਾਹੀਦੀ ਹੈ, ਆਪਣੇ ਦੁੱਖਾਂ ਸੁੱਖਾਂ ਦਾ ਪ੍ਰਗਟਾਵਾ ਵੀ ਚੰਗਾ ਲੱਗਦਾ ਹੈ। ਇਨ੍ਹਾਂ ਲੋਕ-ਕਲਾਕਾਰ ਮਲਵਈ ਕਵੀਸ਼ਰਾਂ ਨੇ ਆਪਣੇ ਵਿੱਤ ਅਨੁਸਾਰ ਇਨ੍ਹਾਂ ਸਾਰੇ ਕਰਤੱਵਾਂ ਨੂੰ ਨਿਭਾਇਆ ਤੇ ਆਪਣੇ ਸਰੋਤਿਆਂ ਨੂੰ ਲੋੜ ਅਨੁਸਾਰ ਹਸਾਇਆ ਤੇ ਰੁਆਇਆ ਵੀ ਹੈ। ਸਾਡਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਗਿਆਨੀ ਲੋਕਾਂ ਦੀ ਯੋਗ ਕਦਰਦਾਨੀ ਕਰ ਕੇ, ਨਵੇਂ ਸਮਾਜ ਦੀ ਉਸਾਰੀ ਵਿਚ ਇਨ੍ਹਾਂ ਨੂੰ ਯੋਗਦਾਨੀ ਬਣਾਈਏ।

ਦੁੱਲਾ ਭੱਟੀ

ਮੁਗਲ ਇਤਿਹਾਸ ਦੇ ਸ਼ਾਹੀ ਲੇਖਕਾਂ ਦੀਆਂ ਕਿਤਾਬਾਂ ਵਿਚ ਸ਼ਾਇਦ ਦੁੱਲੇ ਦੀ ਚਰਚਾ ਇਤਨੀ ਨਹੀਂ ਮਿਲਦੀ, ਜਿਤਨੀ ਕਿ ਆਮ ਪੰਜਾਬੀ ਲੋਕਾਂ ਦੇ ਦਿਲਾਂ ਦੀ ਤਖ਼ਤੀ ਉੱਤੇ ਉਸ ਦੀ ਬਹਾਦਰੀ ਤੇ ਗ਼ੈਰਤ ਦੀ ਬਾਂਕੀ ਤਸਵੀਰ ਉਕਰੀ ਹੋਈ ਹੈ। ਦੁੱਲਾ ਸਾਂਦਲ ਬਾਰ ਦਾ ਜੰਮਪਲ ਭੱਟੀ ਬਹਾਦਰ ਰਾਜਪੂਤ ਸੀ, ਜਿਸ ਨੇ ਅਕਬਰ ਵਰਗੇ ਬਾਦਸ਼ਾਹ ਨੂੰ ਵੰਗਾਰਦਿਆਂ ਪੰਜਾਬ ਵਿਚ ਤਰਥੱਲੀ ਮਚਾ ਛੱਡੀ ਸੀ ਤੇ ਅਖ਼ੀਰ ਆਪਣੇ ਸਵੈਮਾਨ ਤੇ ਸੁਤੰਤਰਤਾ ਦੀ ਸੁਰੱਖਿਆ ਕਰਦਿਆਂ ਆਪਣੀ ਜਾਨ ਵੀ ਕੁਰਬਾਨ ਕਰ ਦਿੱਤੀ ਸੀ। ਪੇਂਡੂ ਲੋਕ ਉਸ ਦੀ ਵਰਿਆਮਗੀ ਤੇ ਸਾਹਸ ਨੂੰ ਸਦੀਆਂ ਤੋਂ ਸ਼ਰਧਾਂਜਲੀ ਦਿੰਦੇ ਆਏ ਹਨ ਅਤੇ ਲੋਕ-ਗਵੰਤ੍ਰੀਆਂ ਤਾਂ ਉਸ ਦਾ ਬੀਰ-ਕਿੱਸਾ ਢੱਡ ਸਾਰੰਗੀ ਨਾਲ ਸੁਣਾ ਸੁਣਾ ਕੇ ਲੱਖਾਂ ਕਰੋੜਾਂ ਸੀਨਿਆਂ ਵਿਚ ਸਵੈਮਾਨ ਦੀ ਜੋਤਿ ਜਗਾਈ ਹੈ। ਇਹ ਇਕ ਸੱਚਾਈ ਹੈ ਕਿ:

ਦੁੱਲੇ ਭੱਟੀ ਨੂੰ ਗਾਉਂਦਾ ਜੱਗ ਸਾਰਾ।

ਹੋਰ ਤਾਂ ਹੋਰ, ਨਿੱਕੇ ਨਿੱਕੇ ਬਾਲਕ ਵੀ :

ਸੁੰਦ੍ਰ ਮੁੰਦ੍ਰੀਏ ਹੋ! ਤੇਰਾ ਕੌਣ ਬਿਚਾਰਾ ਹੋ! ਦੁੱਲਾ ਭੱਟੀ ਵਾਲਾ ਹੋ।

ਕਹਿ ਕੇ ਉਸ ਪ੍ਰਤੀ ਆਪਣਾ ਪ੍ਰੇਮ ਪ੍ਰਗਟ ਕਰਦੇ ਹਨ।

ਪੰਜਾਬ ਬੀਰਾਂ ਦੀ ਭੂਮੀ ਹੈ। ਪੁਰਾਤਨ ਗ੍ਰੰਥਾਂ ਵਿਚ ਇਥੋਂ ਦੇ ਵਸਨੀਕਾਂ ਨੂੰ 'ਅਯੁੱਧ ਜੀਵੀ' ਅਰਥਾਤ ਹਥਿਆਰ ਆਸਰੇ ਜੀਵਨ ਬਤੀਤ ਕਰਨ ਵਾਲੇ ਜਾਂ ਜੰਗਜੂ ਯੋਧੇ ਕਹਿ ਕੇ ਚੇਤੇ ਕੀਤਾ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਇਹ ਲੋਕ ਆਪਣੀ ਅਜ਼ਾਦੀ ਤੇ ਸਵੈਮਾਨ ਲਈ ਜਾਨ ਤਾਂ ਨਿਛਾਵਰ ਕਰ ਦਿੰਦੇ ਹਨ, ਪਰ ਆਪਣੀ ਗ਼ੈਰਤ ਨਹੀਂ ਸੀ ਛੱਡਦੇ। ਇਸ ਕਰਕੇ ਵੀਰਗਤੀ ਪ੍ਰਾਪਤ ਕਰਨ ਵਾਲੇ ਯੋਧਿਆਂ ਦੀ ਮੌਤ ਸੋਗ ਦਾ ਕਾਰਨ ਨਹੀਂ, ਸਗੋਂ ਖ਼ੁਸ਼ੀਆਂ ਦਾ ਸ਼ਗਨ ਮੰਨੀ ਗਈ ਹੈ। ਇਕ ਸੁਹਾਗ ਭਾਗ ਗੁਆ ਚੁੱਕੀ ਪੰਜਾਬਣ ਮਾਣ ਨਾਲ ਕਹਿੰਦੀ ਹੈ ਕਿ ਭੈਣੇ! ਚੰਗਾ ਹੋਇਆ ਜੇ ਮੇਰਾ ਕੰਤ ਸਨਮੁੱਖ ਜੂਝਦਾ ਸ਼ਹੀਦੀਆਂ ਪਾ ਗਿਆ। ਜੇ ਕਿਤੇ ਪਿੱਠ ਦੇ ਕੇ ਭੱਜ ਕੇ ਘਰ ਆ ਜਾਂਦਾ ਤਾਂ ਮੈਂ ਤਾਂ ਸ਼ਰਮ ਦੀ ਮਾਰੀ ਕਿਸੇ ਨੂੰ ਮੂੰਹ ਦਿਖਾਉਣ ਜੋਗੀ ਨਹੀਂ ਸੀ।

ਭਲਾ ਹੋਆ ਜੁ ਮਾਰਿਆ, ਬਹਿਣ ਹਮਾਰਾ ਕੰਤੁ
ਲੱਜੇਜੀ ਤੁ ਵਯੰਸਖਰੁ ਜਾਇ ਭੱਗਾ ਘਰਿ ਅੰਤੁ।

ਇਤਿਹਾਸ ਦੱਸਦਾ ਹੈ ਕਿ ਸੈਂਕੜੇ ਵੀਰ ਪੰਜਾਬੀ ਇਸੇ ਬੀਰ-ਪਰੰਪਰਾ ਦਾ ਪਾਲਣ ਕਰਦੇ ਆਏ ਹਨ। ਪੋਰਸ ਨੇ ਥੋੜ੍ਹੀ ਫ਼ੌਜ ਦੇ ਬਾਵਜੂਦ ਦੁਨੀਆਂ ਦੇ ਫ਼ਤਹਿ-ਆਜ਼ਮ ਸਿਕੰਦਰ ਨਾਲ ਟੱਕਰ ਲਈ ਤੇ ਪੰਜਾਬੀਆਂ ਦੇ ਸਵੈਮਾਨ ਨੂੰ ਹਰ ਤਰ੍ਹਾਂ ਸੁਰੱਖਿਅਤ ਕੀਤਾ।

ਭੱਟੀ ਰਾਜੇ ਅਨੰਗਪਾਲ ਨੇ ਮਹਿਮੂਦ ਗਜ਼ਨਵੀ ਦੇ ਹੱਲਿਆਂ ਨੂੰ ਰੋਕਣ ਦਾ ਪੂਰਾ ਜਤਨ ਕੀਤਾ, ਪਰ ਜਦ ਕੋਈ ਵਾਹ ਨਾ ਰਹੀ ਤਾਂ ਖ਼ੁਦ ਹੀ ਬਠਿੰਡੇ ਦੇ ਕਿਲ੍ਹੇ ਵਿਚ ਚਿਖਾ ਬਣਾ ਕੇ ਸਤੀਆਂ ਵਾਂਗ ਆਪਣਾ ਆਪ ਭਸਮ ਕਰ ਲਿਆ। ਅਜਿਹੀਆਂ ਬਹਾਦਰੀ ਦੀਆਂ ਮਿਸਾਲਾਂ ਨਾਲ ਸਾਡਾ ਇਤਿਹਾਸ ਭਰਿਆ ਪਿਆ ਹੈ। ਜਿਥੇ ਪੰਜਾਬੀ ਬਹਾਦਰੀ ਖ਼ਾਨਦਾਨੀ ਹੈ, ਪੀੜ੍ਹੀਓਂ-ਪੀੜ੍ਹੀ ਚਲੀ ਆ ਰਹੀ ਹੈ, ਉਥੇ ਪੰਜਾਬ ਦੀ ਭੂਗੋਲਿਕ ਸਥਿਤੀ ਨੇ ਵੀ ਪੰਜਾਬੀਆਂ ਨੂੰ ਬੀਰਤਾ ਦੇ ਅਭਿਆਸ ਵਿਚ ਪਰਿਪੱਕ ਕਰ ਦਿੱਤਾ ਹੈ। ਪੰਜਾਬ ਪ੍ਰਾਂਤ, ਭਾਰਤ ਦੇ ਉੱਤਰੀ ਪੱਛਮੀ ਦਰਿਆ-ਖ਼ੈਬਰ, ਬੋਲਾਨ ਆਦਿ ਦੇ ਨਾਲ ਲੱਗਦਾ ਪਹਿਲਾ ਇਲਾਕਾ ਹੈ। ਜੋ ਵੀ ਮੱਧ ਏਸ਼ੀਆ ਵੱਲੋਂ ਹਨੇਰੀ ਉੱਠੀ, ਜੋ ਵੀ ਹਮਲਾਵਰ ਇਸ ਪਾਸਿਓਂ ਅੱਗੇ ਵਧਿਆ, ਸਭ ਤੋਂ ਪਹਿਲਾਂ ਪੰਜਾਬੀਆਂ ਨੂੰ ਹੀ ਉਸ ਨਾਲ ਦੋ ਚਾਰ ਹੋਣਾ ਪਿਆ। ਸੋ 'ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ' ਇਕ ਇਤਿਹਾਸਕ ਸਚਾਈ ਬਣ ਗਈ। ਇਸ ਵਿਰਸੇ ਦਾ ਸਿੱਟਾ ਸੀ ਕਿ ਇਥੇ ਅਨੋਖੀ ਕਿਸਮ ਦੇ ਤਲਵਾਰੀਏ ਤੇ ਸੂਰਬੀਰ ਯੋਧੇ ਪੈਦਾ ਹੋਏ। ਸੋਲ੍ਹਵੀਂ ਸਦੀ ਦਾ ਅਣਖੀਲਾ ਯੋਧਾ ਦੁੱਲਾ ਭੱਟੀ ਵੀ ਇਸੇ ਅਮੀਰ ਪਰੰਪਰਾ ਦੀ ਪੈਦਾਵਾਰ ਸੀ।

ਪੰਜਾਬ ਤੇ ਰਾਜਸਥਾਨ ਅੰਦਰ ਭੱਟੀ ਬੰਸ ਬੀਰਤਾ ਲਈ ਉਂਜ ਹੀ ਮਸ਼ਹੂਰ ਹੈ। ਦੁੱਲੇ ਦਾ ਜਨਮ ਇਸੇ ਰਾਠ ਘਰਾਣੇ ਵਿਚ ਪਿਤਾ ਫ਼ਰੀਦਾ ਖ਼ਾਂ ਦੇ ਘਰ ਮਾਤਾ ਲੱਧੀ ਦੀ ਕੁੱਖੋਂ ਪਿੰਡੀ ਭੱਟੀਆਂ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਹੋਇਆ। ਇਸ ਸਮੇਂ ਅਕਬਰ ਦਾ ਜ਼ਮਾਨਾ ਸੀ। ਦੁੱਲੇ ਦਾ ਪਿਤਾ ਫ਼ਰੀਦਾ ਖ਼ਾਂ ਵੀ ਬੜਾ ਤਕੜਾ ਰਾਠ ਸੀ। ਇਸ ਨੇ ਕੁਝ ਸਾਥੀ ਮਿਲਾ ਕੇ ਇਲਾਕੇ ਵਿਚ ਆਪਣੀ ਜੈ ਜੈਕਾਰ ਰਚਾਈ ਹੋਈ ਸੀ ਤੇ ਮੁਗ਼ਲਾਂ ਨੂੰ ਮਾਮਲਾ ਦੇਣੋਂ ਇਨਕਾਰੀ ਸੀ। ਜਦ ਅਕਬਰ ਲਾਹੌਰ ਆਇਆ ਤਾਂ ਉਸ ਨੇ ਭਾਰੀ ਫ਼ੌਜ ਭੇਜ ਕੇ ਫ਼ਰੀਦ ਖ਼ਾਂ ਨੂੰ ਫੜ ਲਿਆਂਦਾ ਤੇ ਲਾਹੌਰ ਲਿਆ ਕੇ ਕਤਲ ਕਰ ਦਿੱਤਾ। ਇਸ ਸਮੇਂ ਦੁੱਲੇ ਦੀ ਮਾਂ ਗਰਭਵਤੀ ਸੀ, ਇਸ ਦਾ ਅਜੇ ਜਨਮ ਨਹੀਂ ਸੀ ਹੋਇਆ। ਇਸੇ ਮੌਕੇ 'ਤੇ ਅਕਬਰ ਦੇ ਮਹਿਲਾਂ ਵਿਚ ਇਕ ਰਾਜਪੂਤ ਬੇਗਮ ਦੇ ਪੇਟੋਂ ਸ਼ਹਿਜ਼ਾਦਾ ਸਲੀਮ ਦਾ ਜਨਮ ਹੋਇਆ, ਜਿਸ ਨੂੰ ਛੋਟੇ ਹੁੰਦੇ ਨੂੰ 'ਸ਼ੇਖ਼ੂ ਬਾਬਾ' ਵੀ ਕਹਿੰਦੇ ਸਨ। ਇਹ ਮੁੱਢ ਤੋਂ ਹੀ ਲਿੱਸਾ ਜਿਹਾ ਸੀ। ਸਿਆਣੇ ਵੈਦਾਂ ਦੀ ਰਾਇ ਸੀ ਕਿ ਇਸ ਨੂੰ ਕਿਸੇ ਤਕੜੀ ਚੰਗੀ ਰਾਜਪੂਤ ਸੁਆਣੀ ਦਾ ਦੁੱਧ ਚੁੰਘਾਇਆ ਜਾਵੇ। ਖੋਜ ਭਾਲ ਕੀਤੀ ਗਈ ਤੇ ਮਾਈ ਲੱਧੀ ਇਸ ਕੰਮ ਲਈ ਲਾਹੌਰ ਲਿਆਂਦੀ ਗਈ। ਇਉਂ ਸ਼ਹਿਜ਼ਾਦਾ ਸਲੀਮ ਤੇ ਦੁੱਲਾ ਇੱਕੋ ਮਾਂ ਦਾ ਦੁੱਧ ਪੀ ਕੇ ਪਲਦੇ ਰਹੇ ਤੇ ਇਕੱਠੇ ਹੀ ਖੇਡਦੇ ਤੇ ਸ਼ਸਤਰ-ਵਿਦਿਆ ਸਿੱਖਦੇ ਰਹੇ। ਸਾਨੂੰ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਅਕਬਰ ਬਾਦਸ਼ਾਹ 1582 ਤੋਂ 1598 ਈ: ਤਕ ਸੋਲ੍ਹਾਂ ਸਾਲ ਲਾਹੌਰ

ਰਿਹਾ। ਇਸ ਸਮੇਂ ਸ਼ਹਿਜ਼ਾਦਾ ਸਲੀਮ ਦੀ ਆਪਣੇ ਪਿਤਾ ਅਕਬਰ ਨਾਲ ਕਿਸੇ ਗੱਲੋਂ ਅਣਬਣ ਹੋ ਗਈ ਤੇ ਅਕਬਰ ਆਪਣੇ ਪੋਤੇ ਖ਼ੁਸਰੋ ਨੂੰ ਵਧੇਰੇ ਪਿਆਰ ਕਰਨ ਲੱਗਾ। ਸਲੀਮ ਨੇ 1601 ਵਿਚ ਅਲਾਹਾਬਾਦ (ਯੂ.ਪੀ.) ਪਹੁੰਚ ਕੇ ਗੜਬੜ ਸ਼ੁਰੂ ਕਰ ਦਿੱਤੀ ਤੇ ਥਾਂ-ਥਾਂ ਆਪਣੇ ਸਾਥੀ ਇਕੱਠੇ ਕਰ ਕੇ ਤਖ਼ਤ ਹਾਸਲ ਕਰਨ ਲਈ ਤਿਆਰੀ ਕਰਨ ਲੱਗਾ। ਦੱਸਿਆ ਜਾਂਦਾ ਹੈ ਕਿ ਸ਼ਹਿਜ਼ਾਦਾ ਸਲੀਮ ਨੇ ਪਹਾੜ ਦੇ ਇਲਾਕੇ ਵਿਚ ਰਾਜਾ ਬਾਸੂ ਨੂਰਪੁਰੀਏ ਨੂੰ ਤੇ ਬਾਰ ਵਿਚ ਦੁੱਲੇ ਭੱਟੀ ਨੂੰ ਗੜਬੜ ਫੈਲਾਉਣ ਲਈ ਨੀਅਤ ਕੀਤਾ।

ਇਸ ਮੌਕੇ ਦਾ ਫ਼ਾਇਦਾ ਉਠਾ ਕੇ ਦੁੱਲੇ ਭੱਟੀ ਨੇ ਆਪਣੀ ਤਲਵਾਰ ਦੇ ਜ਼ੋਰ ਨਾਲ ਇਕ ਵਾਰ ਤਾਂ ਸਾਰੀ ਬਾਰ ਹਿਲਾ ਦਿੱਤੀ ਤੇ ਲਾਹੌਰ ਦੀਆਂ ਕੰਧਾਂ ਵੀ ਕੰਬਣ ਲੱਗੀਆਂ। ਆਉਂਦੇ ਜਾਂਦੇ ਸ਼ਾਹੀ ਟਾਂਡੇ ਨੂੰ ਲੁੱਟ ਲੈਣਾ ਤੇ ਖ਼ਜ਼ਾਨਾ ਖਿਸਕਾ ਲੈਣਾ ਇਨ੍ਹਾਂ ਲਈ ਮਾਮੂਲੀ ਗੱਲ ਸੀ। ਇਕ ਵਾਰ ਇਸ ਨੇ ਕਸ਼ਮੀਰ ਤੋਂ ਸੂਬਾ ਲਾਹੌਰ ਲਈ ਆਉਂਦੀਆਂ ਡਾਲੀਆਂ ਦਾ ਡੇਰਾ ਲੁੱਟਿਆ। ਦੁੱਲਾ ਇਕ ਗੈਰਤਮੰਦ ਹੋਣ ਦੇ ਨਾਤੇ ਆਪਣੇ ਪਿਉ ਦੇ ਕਤਲ ਦਾ ਬਦਲਾ ਵੀ ਲੈਣਾ ਚਾਹੁੰਦਾ ਸੀ ਤੇ ਨਾਲ ਨਾਲ ਆਪਣੇ ਮੁੱਢ ਕਦੀਮੀ ਯਾਰ ਸਲੀਮ ਦੀ ਵੀ ਮਦਦ ਕਰਨਾ ਚਾਹੁੰਦਾ ਸੀ। ਜਦੋਂ ਅਕਬਰ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਮਿਰਜ਼ਾ ਅਲਾਉਦੀਨ ਤੇ ਮਿਰਜ਼ਾ ਜ਼ਿਆਉਦੀਨ ਦੀ ਕਮਾਨ ਹੇਠ ਭਾਰੀ ਫ਼ੌਜ ਭੇਜੀ। ਸਾਡੇ ਲੋਕ-ਸਾਹਿਤ ਵਿਚ ਇਸ ਦਾ ਨਾਂ ਮਿਰਜ਼ਾ ਨਿਜ਼ਾਮੁਦੀਨ ਕਿਹਾ ਜਾਂਦਾ ਹੈ। ਖ਼ੈਰ, ਸ਼ਾਹੀ ਲਸ਼ਕਰ ਦੀ ਸੋਅ ਸੁਣ ਕੇ ਅੱਗੋਂ ਦੁੱਲਾ ਵੀ ਤਿਆਰੀਆਂ ਕਰਨ ਲੱਗਾ। ਮਾਂ ਜਾਣਦੀ ਸੀ ਕਿ ਮੁਗ਼ਲਾਂ ਦੇ ਸ਼ਾਹੀ ਲਸ਼ਕਰ ਦੇ ਸਾਹਮਣੇ ਉਸ ਦੇ ਪੁੱਤ ਦੀ ਢਾਣੀ ਕੋਈ ਅਰਥ ਨਹੀਂ ਰੱਖਦੀ। ਇਸ ਕਰਕੇ ਮਾਂ ਦੁੱਲੇ ਨੂੰ ਸਮਝਾਉਂਦੀ ਕਹਿੰਦੀ ਹੈ ਕਿ ਤੂੰ ਨਿਮਰਤਾ ਨਾਲ ਵਕਤ ਲੰਘਾ ਲੈ, ਮੈਨੂੰ ਪਤਾ ਹੈ ਤੈਨੂੰ ਮਾੜੇ ਸੁਪਨੇ ਦਿਖਾਈ ਦੇ ਰਹੇ ਹਨ:

> ਪੁੱਤ ਹੱਥ ਬੰਨ੍ਹ ਕਰਦੀ ਆਂ ਬੇਨਤੀਆਂ, ਸੱਚੀਆਂ ਦਿਆਂ ਸੁਣਾ
> ਰਾਤੀ ਸੁਤੀ ਨੂੰ ਸੁਫਨਾ ਆਇਆ, ਸੁਫਨਾ ਬੁਰੀ ਬਲਾ
> ਤੇਰਾ ਛੱਜਾ ਚੁਬਾਰੇ ਵਾਲਾ ਢਹਿ ਪਿਆ, ਜਿਹਦੀ ਗੂੜ੍ਹੀ ਜਿਹੀ ਮਾਣਦਾ ਛਾਂ
> ਬੂਰਾ ਝੋਟਾ ਚਾਵਣਾ, ਮੁਗ਼ਲਾਂ ਰੋਹੀਆਂ 'ਚ ਕੁੱਠਾ ਆ
> ਭੂਨ ਭੂਨ ਖਾਂਦੇ ਬੋਟੀਆਂ, ਸੀਖਾਂ ਨਾਲ ਟੰਗਾ
> ਤੇਰਾ ਸਾਂਦਲ ਦਾਦਾ ਮਾਰਿਆ, ਦਿੱਤਾ ਭੋਰੇ 'ਚ ਪਾ
> ਮੁਗ਼ਲਾਂ ਪੁੱਠੀਆਂ ਖੱਲਾਂ ਲਾਹ ਕੇ, ਭਰੀਆਂ ਨਾਲ ਹਵਾ
> ਸੋ ਤੂੰ ਬਿੰਦ ਰਾਜਪੂਤ ਦੀ, ਨਿਉਂ ਕੇ ਘੜੀ ਲੰਘਾ
> ਜੰਮਣਾ ਤੇ ਮਰ ਜਾਵਣਾ, ਮਰਦਾਂ ਦੇ ਬੋਲ ਰਹਿਣ ਸਿਰ ਜਾ।

ਮਾਂ ਦੀ ਇਹ ਗੱਲ ਸੁਣ ਕੇ ਦੁੱਲਾ ਰੋਹ ਵਿਚ ਆ ਜਾਂਦਾ ਹੈ ਤੇ ਉਸ ਦਾ ਰਾਜਪੂਤੀ ਖ਼ੂਨ ਖੌਲਣ ਲੱਗ ਪੈਂਦਾ ਹੈ। ਉਹ ਆਪਣੇ ਸਾਥੀ ਡੋਗਰ ਨੂੰ ਸੰਬੋਧਨ ਕਰਦਾ ਕਹਿੰਦਾ ਹੈ:

ਉਠ ਓ ਦਾਦੂ ਭੋਂਗਰਾ, ਮਾਂ ਲੱਧੀ ਨੂੰ ਘਰ ਨੂੰ ਘੱਲ
ਮੈਨੂੰ ਕੋਈ ਨਹੀਂ ਦਿੱਸਦਾ ਸੂਰਮਾ, ਆਵੇ ਦੁੱਲੇ 'ਤੇ ਚੱਲ
ਵਲ ਵਲ ਮਾਰਾਂ ਮੁਗਲਾਂ ਦੀਆਂ ਢਾਣੀਆਂ, ਦੇਵਾਂ ਪੂਰਾਂ ਦੇ ਪੂਰ ਉੱਥਲ
ਮੈਂ ਬੱਦਲ ਬਣਾ ਦਿਆਂ ਧੂੜ ਕੇ, ਕੁਟੀ ਅਮਰ ਤਰਥੱਲ
ਮੈਂ ਮਾਰ ਦਿਆਂ ਬੱਗੇ ਸ਼ੇਰ ਨੂੰ, ਉਹਦੀ ਹੇਠ ਵਿਛਾਵਾਂ ਖੱਲ
ਮੈਂ ਚੜ੍ਹ ਕੇ ਘੋੜਾ ਫੇਰ ਲਾਂ, ਮੇਰੀ ਜਗ 'ਤੇ ਰਹਿ ਜਾਊ ਗੱਲ
ਕੌਣ ਕਮੀਨਾ ਬਾਦਸ਼ਾਹ, ਦੁੱਲੇ ਜਵਾਨ 'ਤੇ ਆਵੇ ਚੱਲ।

ਫਿਰ ਦੁੱਲਾ ਮਾਤਾ ਨੂੰ ਠਕੋਰ ਕੇ ਕਹਿੰਦਾ ਹੈ:

ਦੁੱਲਾ ਮੁੱਖ ਤੋਂ ਬੋਲਦਾ, ਮਾਤਾ ਨੂੰ ਕਹਿ ਠਕੋਰ
ਮੇਰਾ ਦੁੱਲਾ ਨਾਂ ਨ ਰੱਖਦੀਓ, ਰੱਖਦੀਓ ਕੁਝ ਹੋਰ
ਚਾਰ ਚੱਕ ਮੈਂ ਭੱਟੀ ਨੇ ਖਾਵਣੇ, ਦੇਣੇ ਸ਼ੱਕਰ ਵਾਂਗਰ ਭੋਰ
ਮਾਰਾਂ ਅਕਬਰ ਵਾਲੀਆਂ ਡਾਲੀਆਂ, ਤਦੋਂ ਜਾਣੀਂ ਦੁੱਲਾ ਰਾਠੌਰ
ਮੇਰੇ ਹੇਠਾਂ ਬੱਕੀ ਲਾਖੀ, ਜਿਹੜੀ ਤੁਰਦੀ ਸੁੰਬ ਟਕੋਰ
ਮੈਂ ਪੁੱਤ ਆਂ ਬੱਗੇ ਸ਼ੇਰ ਦਾ, ਮੇਰੇ ਸ਼ੇਰਾਂ ਵਰਗੇ ਤੌਰ
ਜੰਮਣਾ ਤੇ ਮਰ ਜਾਵਣਾ, ਓੜਕ ਉਡਣਾ ਪਿੰਜਰੇ ਵਿਚੋਂ ਭੌਰ।

ਇਸ ਤਰ੍ਹਾਂ ਦੁੱਲਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਤੇ ਮੁਗ਼ਲਾਂ ਦੀ ਰਤਾ ਪ੍ਰਵਾਹ ਨਹੀਂ ਸੀ ਕਰਦਾ। ਨਾ ਤਾਂ ਉਸ ਨੂੰ ਸ਼ਾਹੀ ਫ਼ੌਜਾਂ ਦਾ ਡਰ ਸੀ ਤੇ ਨਾ ਹੀ ਮੌਤ ਦਾ। ਓਧਰ ਭਰੇ ਦਰਬਾਰ ਵਿਚ ਅਕਬਰ ਵੰਗਾਰ ਪਾ ਰਿਹਾ ਸੀ:

ਕੋਈ ਵਿਚ ਕਚਹਿਰੀ ਸੂਰਮਾ, ਮੈਨੂੰ ਦੇਵੇ ਹੱਥ ਵਿਖਾਲ
ਜੀਂਦਾ ਦੁੱਲੇ ਨੂੰ ਲਿਆਵੇ ਬੰਨ੍ਹ ਕੇ, ਉਹਦੇ ਪਟਕੇ ਦੇ ਨਾਲ
ਬੱਧਾ ਵੀ ਲਿਆਵੇ ਕੋਈ ਬੰਨ੍ਹ ਕੇ, ਨਰੜ ਲਿਆਵੇ ਰੋਂਦਿਆਂ ਨਾਲ
ਪਿੰਡੀ ਜਾ ਕੇ ਢਾਹ ਦੇਵੇ, ਗੱਲ ਰਹਿ ਜਾਏ ਦੁਨੀਆਂ ਦੇ ਯਾਦ
ਕੋਈ ਉਠ ਕੇ ਬੀੜਾ ਚੁਪ ਲਓ, ਕਰ ਲਓ ਮਿਆਨ ਤਲਵਾਰ
ਜੇ ਦੁੱਲੇ ਨੂੰ ਲਿਆਵੋਂ ਬੰਨ੍ਹ ਕੇ, ਕਰ ਦਿਆਂ ਦੂਣੇ ਮਨਸਬਦਾਰ।

ਇਹ ਸੁਣ ਕੇ ਮਿਰਜ਼ਾ ਨਿਜ਼ਾਮ ਦੀਨ ਬੀੜਾ ਖਾ ਕੇ ਤਲਵਾਰ ਚੁੱਕਦਾ ਤੇ ਬਾਰ 'ਤੇ ਚੜ੍ਹਾਈ ਕਰਦਾ ਹੈ। ਮੁਗ਼ਲਾਂ ਦੀ ਫ਼ੌਜ ਦੁੱਲੇ ਦੇ ਇਲਾਕੇ ਵਿਚ ਪਿੰਡੀ ਭੱਟੀਆਂ ਆ ਜਾਂਦੀ ਹੈ ਤੇ ਉਸ ਦੇ ਸੰਗੀ ਸਾਥੀਆਂ ਨੂੰ ਬੰਨ੍ਹਦੀ ਜਾਂਦੀ ਹੈ। ਜਦੋਂ ਇਸ ਗੱਲ ਦੀ ਖ਼ਬਰ ਦੁੱਲੇ ਨੂੰ ਲੱਗਦੀ ਹੈ ਤਾਂ ਉਹ ਨਾ ਅੱਗਾ ਦੇਖਦਾ ਹੈ ਨਾ ਪਿੱਛਾ, ਉਹ ਪੂਰੇ ਜ਼ੋਰ ਸ਼ੋਰ ਨਾਲ ਆਪਣੀ ਗ਼ੈਰਤ ਲਈ ਅੱਗੇ ਵੱਧ ਵੱਧ ਲੜਦਾ ਹੈ:

ਚੜ੍ਹ ਪਿਆ ਦੁੱਲਾ ਸੂਰਮਾ, ਰੱਬ ਦਾ ਨਾਉਂ ਧਿਆ।
ਦੁੱਲੇ ਘੋੜੀ ਭਜਾਈ ਜ਼ੋਰ ਨਾਲ, ਵਿਚ ਜੰਗ ਦੇ ਵੜਿਆ ਆ।
ਦੁੱਲੇ ਮਾਰੀ ਤਲਵਾਰ ਸੱਜੇ ਹੱਥ ਨਾਲ ਦਿੱਤੀਆਂ ਦਲਾਂ 'ਚ ਕਲੀਰੀਆਂ ਪਾ।
ਆਉਂਦੀ ਘੋੜੀ ਦੁੱਲੇ ਦੀ ਵੇਖ ਕੇ, ਮਿਰਜ਼ੇ ਨੇ ਹਾਥੀ ਦਿੱਤਾ ਬਿਠਾ।
ਭੱਜ ਕੇ ਲੱਧੀ ਦੇ ਪੈਰੀਂ ਪੈ ਗਿਆ, ਦੁੱਲੇ ਦਾ ਬਣ ਗਿਆ ਧਰਮ ਭਰਾ।

ਅੱਗੇ ਪਏ ਨੂੰ ਸ਼ੇਰ ਨਹੀਂ ਖਾਂਵਦਾ, ਲੱਧੀ ਦੁੱਲੇ ਨੂੰ ਦਿੱਤਾ ਸਮਝਾ।
ਦੁੱਲੇ ਨੇ ਤੇਗ਼ਾਂ ਮਾਰੀਆਂ, ਬਾਂਧਾਂ ਲਈਆਂ ਛੁਡਾ।

ਪਿੰਡ ਸੁਧਾਰ, ਜ਼ਿਲ੍ਹਾ ਲੁਧਿਆਣਾ ਦਾ ਇਕ ਕਵੀਸ਼ਰ ਦਫ਼ੇਦਾਰ ਕਿਸ਼ਨ ਸਿੰਘ ਗਿੱਲ ਹੋਇਆ ਹੈ, ਜਿਸ ਨੇ 1897 ਈ: ਵਿਚ ਕਿੱਸਾ *ਦੁੱਲਾ ਭੱਟੀ* ਲਿਖਿਆ। ਉਹ ਵੀ ਦੁੱਲੇ ਦੀ ਮਰਦਾਨਗੀ ਬਿਆਨ ਕਰਦਾ ਕਹਿੰਦਾ ਹੈ :

ਦੁੱਲਾ ਪਹੁੰਚਿਆ ਮੁਗ਼ਲਾਂ ਦੇ ਪਾਸ ਜਾ ਕੇ,
ਜਿਵੇਂ ਜੰਞ ਨੂੰ ਪੈਂਦੀ ਹੈ ਧਾੜ ਲੋਕੋ
ਪਹਿਲਾਂ ਜਾਇ ਬੰਦੂਕ ਦਾ ਵਾਰ ਕੀਤਾ,
ਗੋਲੀ ਚਲਦੀ ਸੀ ਕਾੜ ਕਾੜ ਲੋਕੋ
ਗਿਆ ਮੁੱਕ ਬਾਰੂਦ ਜਾਂ ਪਾਸ ਵਾਲਾ,
ਫੇਰ ਤੀਰ ਛੱਡੇ ਧਾੜ ਧਾੜ ਲੋਕੋ
ਵਾਂਗ ਪੱਤਿਆਂ ਮੁਗ਼ਲ ਉਡਾਇ ਛੱਡੇ,
ਸੱਟੇ ਜ਼ਿਮੀ ਉੱਤੇ ਝਾੜ ਝਾੜ ਲੋਕੋ
ਹੋਏ ਖ਼ਤਮ ਜਾਂ ਤੀਰ, ਫੜ ਲਿਆ ਨੇਜ਼ਾ
ਸੀਨੇ ਸੁੱਟ ਦਸੀ ਪਾੜ ਪਾੜ ਲੋਕੋ
ਜਿਵੇਂ ਬੱਕਰੀ ਮਿਲੇ ਬਘਿਆੜ ਤਾਂਈ,
ਕਰੇ ਟੁਕੜੇ ਉਹ ਪਾੜ ਪਾੜ ਲੋਕੋ
ਆਖ਼ਰ ਤੇਗ਼ ਦੇ ਨਾਲ ਤਬਾਹ ਕੀਤੀ,
ਜਦੋਂ ਖੜਕਦੀ ਸੀ ਖਾੜ ਖਾੜ ਲੋਕੋ।

ਜਦੋਂ ਮਿਰਜ਼ੇ ਨੇ ਇਹ ਹਾਲ ਦੇਖਿਆ ਤਾਂ ਉਹ ਦੌੜ ਕੇ ਮਾਈ ਲੱਧੀ ਦੇ ਪੈਰੀਂ ਜਾ ਪਿਆ ਤੇ ਕਿਹਾ ਕਿ ਇਹ ਮੇਰਾ ਧਰਮ-ਭਰਾ ਹੈ, ਮੈਂ ਇਸ ਨੂੰ ਕੁਝ ਨਹੀਂ ਆਖਾਂਗਾ, ਇਹ ਤਲਵਾਰ ਮਿਆਨ ਕਰ ਲਵੇ। ਮਾਈ ਲੱਧੀ ਭੁਲੇਖੇ ਵਿਚ ਆ ਗਈ। ਦੁੱਲੇ ਨੇ ਵੀ ਇਤਬਾਰ ਕਰ ਲਿਆ, ਪਰ ਮੁਗ਼ਲ ਬੇਈਮਾਨ ਸਨ, ਉਹ ਦੁੱਲੇ ਨੂੰ ਮਦਹੋਸ਼ ਕਰ ਕੇ ਲਾਹੌਰ ਲੈ ਆਏ ਤੇ ਨਖ਼ਾਸ ਚੌਕ ਵਿਚ ਜਾ ਕੇ ਫਾਂਸੀ ਲਾ ਦਿੱਤਾ। ਜਿਸ ਸਮੇਂ ਦੁੱਲਾ ਫਾਂਸੀ ਦੇ ਤਖ਼ਤੇ 'ਤੇ ਸੀ ਤਾਂ ਉਹ ਬੜੇ ਰੋਹ ਵਿਚ ਸੀ ਤੇ ਉਸ ਨੇ ਬਾਦਸ਼ਾਹ ਅਕਬਰ ਤੇ ਮੁਗ਼ਲ ਫ਼ੌਜਾਂ ਨੂੰ ਲਾਹਨਤਾਂ ਪਾਈਆਂ ਤੇ ਬਹੁਤ ਬੁਰਾ ਭਲਾ ਆਖਿਆ, ਪਰ ਹੁਣ ਕੀ ਹੋ ਸਕਦਾ ਸੀ? ਆਖ਼ਰ ਉਸ ਸੂਰਮੇ ਨੇ ਆਪਣਾ ਸਵੈਮਾਨ ਨਾ ਛੱਡਿਆ ਤੇ ਜਾਨ ਦੀ ਬਾਜ਼ੀ ਲਾ ਗਿਆ। ਦੁੱਲੇ ਦੀ ਇਹ ਬੀਰਤਾ ਦਾ ਸਾਕਾ ਪੰਜਾਬੀ ਗੱਭਰੂਆਂ ਦੇ ਸਵੈਮਾਨ ਨੂੰ ਸਦਾ ਉਭਾਰਦਾ ਆਇਆ ਹੈ ਤੇ ਲੋਕ-ਗਵੰਤ੍ਰੀ ਇਸ ਦੀਆਂ ਵਾਰਾਂ ਤੇ ਦੋਹੜੇ ਬੜੇ ਚਾਅ ਨਾਲ ਸੁਣਾ ਕੇ ਜੁਆਨਾਂ ਦਾ ਲਹੂ ਗਰਮ ਕਰਦੇ ਰਹਿੰਦੇ ਹਨ। ਪਤਾ ਨਹੀਂ, ਦੁੱਲੇ ਭੱਟੀ ਵਰਗੇ ਹੋਰ ਕਿੰਨੇ ਪੰਜਾਬੀ ਯੋਧੇ ਹੋਏ, ਜਿਨ੍ਹਾਂ ਹੱਸ ਹੱਸ ਕੇ ਮੌਤ ਤਾਂ ਪਰਵਾਨ ਕਰ ਲਈ ਪਰ ਗ਼ੁਲਾਮੀ ਪਰਵਾਨ ਨਹੀਂ ਕੀਤੀ ਤੇ ਇਸ ਤਰ੍ਹਾਂ ਆਪਣੀ ਸੂਰਮਗਤੀ ਤੇ ਕੁਰਬਾਨੀ ਸਦਕੇ ਪੰਜਾਬੀ ਲੋਕਾਂ ਦੇ ਸਦਾ ਲਈ ਹਰਮਨ ਪਿਆਰੇ ਨਾਇਕ ਬਣ ਗਏ।

ਇਸ਼ਕ ਦੀ ਅਜ਼ਾਦੀ

ਜੇ ਅਜ਼ਾਦੀ, ਆਦਮੀ ਦਾ ਜਨਮ-ਸਿਧ ਅਧਿਕਾਰ ਹੈ ਤਾਂ ਇਸ਼ਕ ਮੁਹੱਬਤ ਦਾ ਵੀ ਜ਼ਿੰਦਗੀ ਨਾਲ ਬੁਨਿਆਦੀ ਸਰੋਕਾਰ ਹੈ। ਇਹ ਗੱਲ ਸ੍ਰਿਸ਼ਟੀ-ਰਚਨਾ ਦੇ ਵਿਕਾਸ ਤੋਂ ਪ੍ਰਗਟ ਹੈ। ਵਿਗਿਆਨਕ ਖੋਜਾਂ ਦਾ ਇਹ ਤੱਥ ਵੀ ਜ਼ਾਹਰ ਹੈ ਕਿ ਇਹ ਸਾਰਾ ਬ੍ਰਹਿਮੰਡ—ਸੂਰਜ ਮੰਡਲ, ਤਾਰਾ ਮੰਡਲ ਤੇ ਇਹ ਧਰਤੀ ਮੰਡਲ—ਸਭ ਇਕ ਦੂਜੇ ਦੇ ਆਕਰਸ਼ਣ ਜਾਂ ਖਿੱਚ 'ਤੇ ਨਿਰਭਰ ਹੈ। ਇਸ ਆਕਰਸ਼ਣ ਦਾ ਸਵਰੂਪ ਕੀ ਹੈ, ਇਹ ਨਿਰੋਲ ਵਿਗਿਆਨਕ ਵਿਸ਼ਾ ਹੈ, ਪਰੰਤੂ ਜੇ ਅਸੀਂ ਆਪਣੀ ਸ੍ਰਿਸ਼ਟੀ ਦੇ ਢਾਂਚੇ ਵੱਲ ਨਜ਼ਰ ਮਾਰੀਏ ਤਾਂ ਸਪੱਸ਼ਟ ਹੋ ਜਾਵੇਗਾ ਕਿ ਇਹ ਸਾਰਾ ਕੁਝ ਇਕ ਦੂਜੇ ਪ੍ਰਤੀ ਆਕਰਸ਼ਣ ਉੱਤੇ ਆਧਾਰਿਤ ਹੈ। ਇਸ ਆਕਰਸ਼ਣ ਨੂੰ ਮਨੋਵਿਗਿਆਨੀਆਂ ਇਸ਼ਕ-ਮੁਹੱਬਤ ਜਾਂ ਪ੍ਰੀਤ-ਪ੍ਰੇਮ ਦਾ ਨਾਂ ਦਿੱਤਾ ਹੋਇਆ ਹੈ ਜੋ ਸਾਹਿੱਤ ਜਾਂ ਕਲਾ ਦੀ ਵੱਖਰੀ ਦੁਨੀਆਂ ਸਿਰਜਦਾ ਰਹਿੰਦਾ ਹੈ। ਸਮਾਜ-ਸ਼ਾਸਤਰੀਆਂ, ਧਰਮ-ਸ਼ਾਸਤਰੀਆਂ ਤੇ ਸਾਹਿੱਤ-ਸ਼ਾਸਤਰੀਆਂ ਦੇ ਨਤੀਜੇ ਰਲਦੇ-ਮਿਲਦੇ ਹਨ। ਫ਼ਰਾਇਡ, ਯੁੰਗ ਆਦਿ ਮਨੋ-ਵਿਗਿਆਨੀ ਇਸੇ ਪ੍ਰਮੁੱਖ ਜਜ਼ਬੇ ਦੀ ਗੱਲ ਕਰਦੇ ਹਨ। ਧਰਮ ਦੇ ਗੰਭੀਰ ਅਨੁਭਵ ਵੀ ਇਸ ਸਿੱਟੇ 'ਤੇ ਪੁੱਜੇ ਹਨ ਕਿ ਰੱਬ ਪ੍ਰੇਮ ਸਰੂਪ ਹੋ ਕੇ ਸਾਰੇ ਵਿਆਪਕ ਹੋ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਮਹਾਂਵਾਕ ਹੈ:

> ਜੱਤ੍ਰ ਤੱਤ੍ਰ ਦਿਸਾ ਵਿਸਾ, ਹੁਇ ਫੈਲਿਓ ਅਨੁਰਾਗ ॥੮੦॥ *(ਜਾਪੁ ਸਾਹਿਬ)*

ਅਤੇ ਇਹ ਸ੍ਰਿਸ਼ਟੀ ਉਸੇ ਪ੍ਰੇਮ-ਲੀਲ੍ਹਾ ਦਾ ਵਿਸਥਾਰ ਹੈ। ਵਾਰਿਸ ਸ਼ਾਹ ਨੇ ਆਪਣਾ, ਹੀਰ ਰਾਂਝੇ ਦਾ ਕਿੱਸਾ ਸ਼ੁਰੂ ਕਰਦਿਆਂ ਇਸੇ ਨੁਕਤੇ ਉੱਤੇ ਉਂਗਲ ਰੱਖੀ ਹੈ:

> ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਚੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
> ਪਹਿਲੇ ਆਪ ਹੀ ਰੱਬ ਨੇ ਇਸ਼ਕ ਕੀਤਾ ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ।
> ਇਸ਼ਕ ਪੀਰ ਫ਼ਕੀਰ ਦਾ ਮੁਰਤਬਾ ਹੈ, ਮਰਦਿ-ਇਸ਼ਕ ਦਾ ਭਲਾ ਰੰਜੂਲ ਮੀਆਂ।
> ਖਿਲੇ ਤਿਨ੍ਹਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।
> *(ਹੀਰ ਵਾਰਿਸ ਸ਼ਾਹ, ਪੰਨਾ 60)*

ਆਖ਼ਰ ਇਹ ਇਸ਼ਕ ਕੀ ਹੈ, ਮਨ ਚਾਹੇ ਪ੍ਰੀਤ-ਮੰਦਿਰ ਅੱਗੇ ਆਤਮ-ਸਮਰਪਣ, ਜਿਤਨਾ ਵੱਡਾ ਪ੍ਰੀਤ ਨਾਇਕ, ਉਤਨਾ ਵੱਡਾ ਹੀ ਇਸ਼ਕ ਜਾਂ ਪ੍ਰੇਮ ਪਿਆਰ ਦਾ ਦਰਜਾ। ਸੋ ਨਫ਼ਸਪ੍ਰਸਤੀ ਨਾਲ ਇਸ ਨੂੰ ਮਿਲਾਉਣਾ ਅਗਿਆਨਤਾ ਹੈ। ਸਾਡੀ ਦਿਮਾਗੀ ਹਾਲਤ ਉਦੋਂ ਕਿਹੋ ਜਿਹੀ ਜਹਾਲਤ ਦਾ ਸ਼ਿਕਾਰ ਹੁੰਦੀ ਹੈ, ਜਦੋਂ ਅਸੀਂ

ਸਰੀਰਕ ਵਾਸ਼ਨਾ ਮਾਤਰ ਨੂੰ 'ਇਸ਼ਕ' ਤਸੱਵਰ ਕਰਨ ਦਾ ਭੁਲੇਖਾ ਖਾਂਦੇ ਹਾਂ। ਇਸ਼ਕ ਤਾਂ ਇਕ ਦੂਜੇ ਪ੍ਰਤੀ ਦੈਵੀ ਤਾਂਘ ਹੈ, ਜਿਸ ਵਿਚ ਆਪਣਾ ਆਪ ਅਭੇਦ ਹੋ ਜਾਂਦਾ ਹੈ ਅਤੇ ਦੂਜਾ ਕੋਈ ਰਹਿੰਦਾ ਹੀ ਨਹੀਂ:

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥

(ਵਾਰ ਆਸਾ, ਮ: ੨, ਪੰਨਾ 474)

ਸੋ ਇਹ ਕੋਈ ਸੌਖਾ ਕੰਮ ਨਹੀਂ। ਵਾਰਿਸ ਸ਼ਾਹ ਆਖਦਾ ਹੈ:

ਘੋੜਾ ਸਬਰ ਦਾ ਜ਼ਿਕਰ ਦੀ ਵਾਗ ਦੇ ਕੇ,
ਨਫ਼ਸ ਮਾਰਨਾ ਕੰਮ ਭੁਜੰਗਿਆਂ ਦਾ,
ਇਸ਼ਕ ਕਰਨ ਤੇ ਤੇਗ਼ ਦੀ ਧਾਰ ਕੱਪਣ,
ਨਾਹੀ ਕੰਮ ਇਹ ਭੁੱਖਿਆਂ ਨੰਗਿਆਂ ਦਾ।

(ਹੀਰ ਵਾਰਿਸ ਸ਼ਾਹ, ਪੰਨਾ 125)

ਸ਼ੇਖ਼ ਸਾਅਦੀ ਦਾ ਕੌਲ ਹੈ ਕਿ ਜਪੀਆਂ ਤਪੀਆਂ ਦੀ ਨਿਮਾਜ਼ ਕੇਵਲ ਸਰੀਰ ਝੁਕਾਉਣ ਮਾਤਰ ਹੈ, ਪਰੰਤੂ ਇਸ਼ਕ ਕਰਨ ਵਾਲਿਆਂ ਦੀ ਨਿਮਾਜ਼ ਆਪਣਾ ਆਪ ਗੁਆਉਣਾ ਹੈ:

ਨਮਾਜ਼ੇ ਜ਼ਾਹਦਾਂ, ਕੱਦੋ ਸਜੂਦ ਅਸਤ।
ਨਮਾਜ਼ੇ ਆਸ਼ਕਾਂ, ਤਰਕੇ ਵਜੂਦ ਅਸਤ।

ਅਜਿਹੇ ਉੱਚੇ ਤੇ ਪਵਿੱਤਰ ਪ੍ਰੀਤ-ਜਜ਼ਬੇ ਦੇ ਕ੍ਰਿਸ਼ਮੇ ਵੀ ਅਨੋਖੇ ਹਨ, ਜਿਨ੍ਹਾਂ ਨਾਲ ਇਤਿਹਾਸ ਭਰਿਆ ਪਿਆ ਹੈ। ਧਰਮ ਤੇ ਸਾਹਿੱਤ ਨੂੰ ਇਸ ਨੇ ਬਹੁਤ ਗੌਰਵ ਪ੍ਰਦਾਨ ਕੀਤਾ ਹੈ। ਇਸ ਤੋਂ ਇਲਾਵਾ ਖੁੱਲ੍ਹੀ ਕੁਦਰਤ ਦੀ ਖੇਡ ਵਿਚ ਲੱਖਾਂ ਕਰੋੜਾਂ ਜੀਵ-ਜੰਤੂ, ਰੁੱਖ-ਬਿਰਖ, ਪਸ਼ੂ-ਪੰਛੀ ਤੇ ਦੇਵ ਦੈਂਤ ਨਿਧੜਕ ਤੇ ਬੇ-ਰੋਕ ਹੋ ਕੇ ਪ੍ਰੀਤ-ਕਲੋਲਾਂ ਕਰਦੇ ਤੇ ਇਸ ਜਗਤ-ਤਮਾਸ਼ੇ ਦੀ ਰੌਣਕ ਵਧਾਉਂਦੇ ਹਨ। ਕਿਤੇ ਕੋਈ ਪਾਬੰਦੀ ਜਾਂ ਰੋਕ ਨਹੀਂ ਅਤੇ ਨਾ ਹੀ ਕਿਸੇ ਕਦੀ ਕੋਈ ਬੰਧਨ ਕਬੂਲ ਕੀਤਾ ਹੈ। ਇਹ ਧੁੰਧੂਕਾਰ ਦੀ ਅਵਸਥਾ ਸੀ, ਜਦੋਂ ਕਿ ਅਜੇ ਚੰਗਿਆਈ ਬੁਰਿਆਈ ਦਾ ਸੰਕਲਪ ਵੀ ਮੂਰਤੀਮਾਨ ਨਹੀਂ ਸੀ ਹੋਇਆ।

ਅਜਿਹੇ ਹਜ਼ਾਰਾਂ ਲੱਖਾਂ ਵਰ੍ਹਿਆਂ ਦੇ ਜੰਗਲੀ ਜੀਵਨ ਦੇ ਮਿੱਠੇ ਕੌੜੇ ਤਜਰਬਿਆਂ ਬਾਅਦ ਹੌਲੀ ਹੌਲੀ ਸਭਿਆਚਾਰਕ ਬਗ਼ੀਚੇ ਦਾ ਵਿਕਾਸ ਹੋਇਆ, ਜਿਸ ਨੂੰ ਅਨੇਕਾਂ ਸੁਗੰਧਤ ਫੁੱਲ ਫਲ ਲੱਗੇ। ਨਿਰਣਾ ਇਹ ਲਿਆ ਗਿਆ ਕਿ ਇਸ ਸਭਿਆਚਾਰਕ ਪੱਧਰ ਨੂੰ ਸਥਿਰ ਰੱਖਣ ਲਈ ਖ਼ਾਸ ਕਿਸਮ ਦਾ ਜ਼ਾਬਤਾ ਤਿਆਰ ਕੀਤਾ ਜਾਵੇ ਤੇ ਨਿਵੇਕਲੀ ਮਰਿਆਦਾ ਵੀ ਬੰਨ੍ਹੀ ਜਾਵੇ। ਕੁਝ ਰਿਸ਼ੀਆਂ ਮੁਨੀਆਂ ਇਸ ਵੱਲ ਪਹਿਲੇ ਵੀ ਸਾਰਥਿਕ ਸੰਕੇਤ ਕੀਤੇ ਹੋਏ ਸਨ ਤੇ ਸਮਾਜ-ਸ਼ਾਸਤਰੀਆਂ ਇਸ ਦੇ ਆਧਾਰ 'ਤੇ ਕੁਝ ਕਰਨ ਤੇ ਕੁਝ ਨਾ ਕਰਨ ਦੀ ਨਿਯਮਾਵਲੀ ਤਿਆਰ ਕੀਤੀ, ਫਿਰ ਧਰਮ-ਅਚਾਰੀਆਂ ਨੇ ਇਸ ਮਰਿਆਦਾ ਦੀ ਪੁਸ਼ਟੀ ਲਈ ਪੱਕੇ ਅਸੂਲ ਸਥਾਪਤ ਕਰ

ਦਿੱਤੇ, ਪਰੰਤੂ ਲੱਗਦਾ ਇਉਂ ਹੈ ਕਿ ਹਜ਼ਾਰਾਂ ਵਰ੍ਹਿਆਂ ਤੋਂ ਅਜ਼ਾਦ ਜੀਵਨ ਗੁਜ਼ਾਰਦਾ ਤੇ ਖੁੱਲ੍ਹੀਆਂ ਮੌਜਾਂ ਮਾਣਦਾ ਮਨੁੱਖ ਇਸ ਮਰਿਆਦਾ ਦੇ ਬੰਧਨਾਂ ਨੂੰ ਪੂਰੀ ਤਰ੍ਹਾਂ ਕਬੂਲ ਕਰਨ ਲਈ ਤਿਆਰ ਨਾ ਹੋਇਆ। ਇਸ ਦਾ ਵੱਡਾ ਕਾਰਨ ਕੁਦਰਤ ਦਾ ਵਿਸ਼ਾਲ ਚੌਗਿਰਦਾ ਸੀ, ਜਿਸ ਵਿਚ ਅਨੇਕਾਂ ਪ੍ਰਾਣੀ ਮਨ ਭਾਉਂਦੀਆਂ ਖੁੱਲ੍ਹਾਂ ਮਾਣਦੇ ਇਧਰ ਉਧਰ ਵਿਚਰਦੇ ਦਿੱਸਦੇ ਸਨ, ਜਿਨ੍ਹਾਂ ਨੂੰ ਆਪਣੇ ਆਪ ਪੈਰੀਂ ਪੈਖੜ ਪਾਉਣ ਦੀ ਕੀ ਲੋੜ ਸੀ, ਪਰੰਤੂ ਮਨੁੱਖ ਵਿਚ ਆਈ ਸਭਿਆਚਾਰਕ ਚੇਤਨਾ ਨੇ ਇਸ ਨੂੰ ਮਜਬੂਰ ਕੀਤਾ ਕਿ ਉਹ ਹੈਵਾਨੀਅਤ ਤੇ ਇਨਸਾਨੀਅਤ ਵਿਚ ਵੱਡੀ ਲਕੀਰ ਨੂੰ ਪਰਵਾਨ ਕਰੇ। ਫਿਰ ਵੀ ਸਮੇਂ-ਸਮੇਂ ਮਨੁੱਖੀ ਦਿਮਾਗ ਵਿਚ ਕਈ ਬਗ਼ਾਵਤਾਂ ਖੜੀਆਂ ਹੁੰਦੀਆਂ ਰਹੀਆਂ। ਚਾਰਵਾਕ ਜਿਹੇ ਪਦਾਰਥਵਾਦੀ ਫ਼ਲਸਫ਼ੇ ਇਸ ਆਚਾਰ-ਸੰਹਿਤਾ ਦੀ ਖਿੱਲੀ ਉਡਾਉਂਦੇ ਰਹੇ। ਵਿਗਿਆਨਕ ਖੋਜਾਂ ਨੇ ਵੀ ਕਈ ਨਵੇਂ ਭੇਤ ਖੋਲ੍ਹੇ, ਜਿਸ 'ਤੇ ਲੋਕ ਆਪਣੇ ਪੁਰਖਿਆਂ ਨੂੰ ਹੀ ਕੋਸਣ ਲੱਗ ਪਏ। ਧਾਰਮਿਕ ਮੰਡਲ ਵਿਚ ਭਗਤੀ ਲਹਿਰ ਤੇ ਸੂਫ਼ੀ ਲਹਿਰ ਦੇ ਸੰਤਾਂ, ਭਗਤਾਂ ਅਤੇ ਦਰਵੇਸ਼ਾਂ ਨੇ ਫੋਕਟ ਜਿੰਦਹੀਨ ਮਜ਼ਬੀ ਮਰਿਆਦਾ ਤੇ ਬਾਹਰੀ ਅਡੰਬਰ ਦੇ ਬੰਧਨਾਂ ਨੂੰ ਨਿਰਾਰਥਕ ਦੱਸ ਕੇ ਅਧਿਆਤਮਕ ਜੀਵਨ ਦੇ ਯਥਾਰਥ ਵੱਲ ਧਿਆਨ ਦਿਵਾਇਆ। ਇਸ ਸਾਰੀ ਬਗ਼ਾਵਤ ਦਾ ਸਾਹਿੱਤ ਤੇ ਕਲਾ ਦੇ ਖੇਤਰ ਵਿਚ ਵੀ ਅਸਰ ਪੈਣਾ ਜ਼ਰੂਰੀ ਸੀ। ਇਸ ਕਰਕੇ ਪ੍ਰੀਤ-ਕਿੱਸਿਆਂ ਦੀਆਂ ਵਾਰਤਾਵਾਂ ਨੇ ਇਸ਼ਕ ਦੀ ਅਜ਼ਾਦੀ ਦੀ ਵਕਾਲਤ ਕਰਨ ਦਾ ਜ਼ਿੰਮਾ ਲਿਆ। ਜੇ ਅਸੀਂ ਹੀਰ ਰਾਂਝੇ ਦੇ ਬਿਰਤਾਂਤ ਦਾ ਪਿੱਛਾ ਫੋਲੀਏ ਤਾਂ ਸਭ ਤੋਂ ਪਹਿਲਾਂ ਸ਼ਾਇਦ ਗੰਗ ਭੱਟ ਨੇ ਅਕਬਰ ਦੇ ਜ਼ਮਾਨੇ, 8-10 ਕਬਿੱਤਾਂ ਵਿਚ ਇਹ ਕਿੱਸਾ ਕਲਮਬੰਦ ਕਰਦਿਆਂ ਉੱਤੇ ਸਿਰਲੇਖ ਹੀ ਇਹ ਦਿੱਤਾ ਹੈ:

ਝਗੜਾ ਹੀਰ ਰਾਂਝੇ ਤਥਾ ਕਾਜ਼ੀ ਕਾ।

ਸਪੱਸ਼ਟ ਹੈ ਕਿ ਇਹ ਸਾਰੀ ਲੜਾਈ ਸ਼ਰੀਅਤ ਤੇ ਇਸ਼ਕ ਦੀ ਅਜ਼ਾਦੀ ਵਿਚਕਾਰ ਸੀ। ਉਦੋਂ ਨਾ ਲੁੱਡਣ ਸੀ, ਨਾ ਸਹਿਤੀ ਤੇ ਨਾ ਹੀ ਮਾਪੇ ਜਾਂ ਹੋਰ ਨਾਥ ਜੋਗੀ। ਚੂੰਕਿ ਇਹ ਕਿੱਸਾ ਆਮ ਪਾਠਕਾਂ ਤਕ ਨਹੀਂ ਪਹੁੰਚਿਆ, ਇਸ ਕਰਕੇ ਇਸ ਦੇ ਦੋ ਛੰਦ ਇਥੇ ਪੇਸ਼ ਕੀਤੇ ਜਾ ਰਹੇ ਹਨ:

ਕਾਜ਼ੀ ਜੀ! ਏਕ ਦਿਲ ਮੇਰਾ ਸੋ ਤੋ, ਰਾਂਝਣੇ ਕੇ ਹਥਿ ਦੀਆ
ਦੂਸਰਾ ਨ ਦਿਲ ਹੈ ਜੋ ਤੂ, ਖੇੜਿਆਂ ਕਉ ਦਿਵਾਵੇਂਗਾ
ਕਰੇਗਾ ਨਿਆਉਂ ਕੈਸਾ, ਦੇਖਤਾ ਹੂੰ ਕਾਜ਼ੀ ਜੀ
ਕੀਤੇ ਬਿਨਾਂ ਕੈਸੇ ਕਾਜ਼ੀ! ਕੁਤਬਾ ਪੜ੍ਹਾਵੇਂਗਾ
ਕਹੈ ਕਵਿ ਗੰਗ ਤੂੰ ਤੋ, ਦਿਲ ਹੀ ਮੈਂ ਸਮਝਿ ਦੇਖਿ
ਐਸਾ ਨਿਆਉਂ ਕਹੂੰ, ਸ਼ਰਹਿ ਨ ਫੁਰਮਾਵੇਂਗਾ
ਯਾਰ ਸੋਂ ਵਿਛੋੜ ਕੇ, ਮੁਖ਼ਾਲਫ਼ ਸੋਂ ਜੋੜਤਾ ਹੈ
ਅਪਨਾ ਕੀਆ ਤੂੰ, ਖ਼ੁਦਾ ਹੀ ਸਿਉਂ ਪਾਵੇਂਗਾ।3।
ਸ਼ਰਹਿ ਕੇ ਸਾਮ੍ਹਣੇ, ਤੂ ਸੁਖ਼ਨ ਕਰਤੀ ਹੈ
ਡਰਤੀ ਭੀ ਨਹੀਂ, ਮੈਂ ਸਜ਼ਾਇ ਕੋ ਪਹੁੰਚਾਊਂਗਾ

ਤੂੰ ਜੋ ਖੜੀ ਕਹਤੀ ਹੈ, ਰਾਂਝਾ ਹੱਕ ਮੇਰਾ ਹੈ
ਤੇਰਾ ਤਊ ਨਿਕਾਹ ਮੈਂ, ਖੇੜਿਆਂ ਸੇ ਬੰਧਾਊਂਗਾ
ਕਹਹਿ ਕਵਿ ਗੰਗ ਤੂ ਤੋਂ, ਦਿਲ ਹੀ ਮੈਂ ਸਮਝ ਦੇਖਿ
ਮਸਲੇ ਕੋ ਮੁਆਫ਼ਕ, ਤੰਬੀਹ ਭੀ ਕਰਵਾਊਂਗਾ
ਤੇਰਾ ਅਰੁ ਰਾਂਝੇ ਕਾ, ਇਸ਼ਕ ਪੜਾ ਦੇਖਤਾ ਹੈਂ
ਕਰੇਂਗਾ ਨਿਆਊਂ ਜੋਈ, ਸੋਈ ਪੱਲੇ ਪਵਾਊਂਗਾ।

ਜ਼ਾਹਰ ਹੈ ਕਿ ਇਹ ਮਸਲਾ ਕੇਵਲ ਸ਼ਰੀਅਤ ਅਤੇ ਇਸ਼ਕ ਦੀ ਅਜ਼ਾਦੀ ਦੇ ਟਕਰਾਅ ਮਾਤਰ ਦਾ ਹੀ ਸੀ ਅਤੇ ਅੱਜ ਵੀ ਹਾਲਤ ਐਸੀ ਹੀ ਹੈ। ਪੁਰਾਤਨ ਬੀਤੀਆਂ ਪ੍ਰੀਤ-ਕਥਾਵਾਂ ਤੋਂ ਵੀ ਇਹੋ ਪ੍ਰਗਟ ਹੁੰਦਾ ਆਇਆ ਹੈ ਕਿ ਨਿਡਰ ਤੇ ਨਿਧੜਕ ਆਸ਼ਕ ਲੋਕ, ਮਰਿਆਦਾ ਦੀ ਮੜ੍ਹੀ 'ਤੇ ਹੀ ਇਸ਼ਕ ਦੀ ਅਜ਼ਾਦੀ ਦਾ ਦੀਵਾ ਬਾਲਦੇ ਆਏ ਹਨ। ਉਹ ਰਾਜ ਜਾਂ ਸਮਾਜ ਦੇ ਭੂਤ ਤੋਂ ਕਦਾਚਿਤ ਭੈ-ਭੀਤ ਨਹੀਂ ਹੁੰਦੇ, ਉਹ ਕਿਸੇ ਅਮਨ-ਚੈਨ ਨਾਲ ਪਾਰ ਲੰਘਾਉਣ ਵਾਲੀ ਕਿਸ਼ਤੀ ਨੂੰ ਭੀ ਨਹੀਂ ਉਡੀਕਦੇ, ਸਗੋਂ ਠਾਠਾਂ ਮਾਰਦੇ ਦਰਿਆਵਾਂ ਵਿਚ ਸੋਹਣੀ ਵਾਂਗ ਨਿਧੜਕ ਹੋ ਕੇ ਠਿੱਲ੍ਹ ਪੈਂਦੇ ਹਨ, ਕਿਉਂਕਿ ਮਹਿਬੂਬ ਦੇ ਇਸ਼ਕ ਤੋਂ ਵੱਧ ਉਨ੍ਹਾਂ ਨੂੰ ਹੋਰ ਕੋਈ ਚੀਜ਼ ਪਿਆਰੀ ਨਹੀਂ ਦਿੱਸਦੀ। ਡਾ: ਇਕਬਾਲ ਦਾ ਸ਼ੇਅਰ ਹੈ:

ਪਰਵਰਦਾ-ਏ ਤੂਫ਼ਾਂ ਕੋ, ਕਿਸ਼ਤੀ ਕੀ ਨਹੀਂ ਹਾਜਤ
ਮੌਜੋਂ ਕੇ ਤਲਾਤਮ ਮੇਂ, ਸਾਹਿਲ ਨਜ਼ਰ ਆਤਾ ਹੈ।

ਅਜਿਹੀ ਕੁਰਬਾਨੀ ਜਾਂ ਜਿੰਦ ਵਾਰਨ ਵਾਲੀ ਕਹਾਣੀ ਅਤਿ ਬਿਖਮਕਾਰ ਹੈ। ਬੁਨਿਆਦੀ ਗੁੰਝਲ ਸਮਾਜ ਦੇ ਦਰਪੇਸ਼ ਹੈ ਕਿ ਮਰਿਆਦਾ ਨੂੰ ਮੂਲੋਂ ਮੁੱਢੋਂ ਮੁਕਾਇਆ ਜਾਵੇ ਜਾਂ ਇਸ਼ਕ ਦੀ ਅਜ਼ਾਦੀ ਨੂੰ ਕੋਈ ਸੁਨਹਿਰੀ ਜ਼ੰਜੀਰ ਪਹਿਨਾਇਆ ਜਾਵੇ। ਸਪੱਸ਼ਟ ਹੈ ਕਿ ਇਸ਼ਕ ਦਾ ਸ਼ੌਕ ਛੱਡਿਆ ਨਹੀਂ ਜਾ ਸਕਦਾ ਤੇ ਨਾ ਹੀ ਮਰਿਆਦਾ ਦਾ ਮਖੌਟਾ ਇਕਦਮ ਉਤਾਰਿਆ ਹੀ ਜਾ ਸਕਦਾ ਹੈ। ਪੰਜਾਬੀਆਂ ਨੇ ਇਸ ਦਾ ਸੁਖਾਲਾ ਹੱਲ 'ਉਧਾਲਾ' ਲੱਭਿਆ ਸੀ, ਪਰ ਇਹ ਘਾਲਾ-ਮਾਲਾ ਵੀ ਸੁਖਾਲਾ ਨਹੀਂ ਹੈ ਤੇ ਨਾ ਹੀ ਇਹ ਕੋਈ ਖਾਲਾ ਜੀ ਦਾ ਵਾੜਾ ਹੈ:

ਹੀਰੇ; ਇਸ਼ਕ ਨਾ ਮੂਲ ਸੁਆਦਿ ਦੇਂਦਾ,
ਨਾਲ ਚੋਰੀਆਂ ਅਤੇ ਉਧਾਲਿਆਂ ਦੇ।

ਵਾਰਿਸ ਸ਼ਾਹ ਇਹ ਨਸੀਹਤਾਂ ਯਾਦ ਕਰਾਉਂਦਾ ਹੋਇਆ ਵੀ ਅੰਤ ਜੋੜੀ ਨੂੰ ਉਧਾਲੇ ਦੇ ਰਾਹ ਹੀ ਤੋਰਦਾ ਹੈ।

ਭਾਰਤ ਨੂੰ ਰਿਸ਼ੀਆਂ ਮੁਨੀਆਂ ਦਾ ਸਾਊ ਦੇਸ਼ ਕਿਹਾ ਜਾਂਦਾ ਹੈ, ਪਰ ਪੁਰਾਣਿਕ ਕਥਾਵਾਂ ਦੱਸਦੀਆਂ ਹਨ ਕਿ ਇਹ ਲੋਕ, ਮਰਿਆਦਾ ਦੇ ਕਿਵੇਂ ਪਰਖੱਚੇ ਉਡਾਉਂਦੇ ਹਨ। ਸ੍ਰੀ ਰਾਮ ਚੰਦਰ, ਮਰਿਆਦਾ ਪੁਰਸ਼ੋਤਮ ਸਨ ਤੇ ਸ੍ਰੀ ਕ੍ਰਿਸ਼ਨ ਮਹਾਰਾਜ ਲੀਲ੍ਹਾਧਾਰੀ ਅਵਤਾਰ, ਉਨ੍ਹਾਂ ਦੀ ਮਹਾਰਾਣੀ ਰੁਕਮਣੀ ਤਾਂ ਸ਼ਾਇਦ ਦੁਆਰਕਾ ਕੰਢੇ ਕਿਤੇ ਸਾਗਰ ਵਿਚ ਅਲੋਪ ਹੋ ਕੇ ਰਹਿ ਗਈ ਤੇ ਕਾਨ੍ਹ ਭਗਵਾਨ ਦਾ ਨਾਮ ਰਾਧਿਕਾ ਰਸੀਲੀ ਤੇ ਸੁਰੀਲੀ ਬੰਸਰੀ ਨੇ ਹੀ ਮਥਰਾ ਬਿੰਦ੍ਰਾਬਨ ਵਿਚ ਜ਼ਿੰਦਾ ਰੱਖਿਆ ਹੋਇਆ

ਹੈ। ਸੋ, ਅੱਜ ਦੇ ਪ੍ਰੇਮੀਆਂ ਤੇ ਬੇ-ਪ੍ਰੇਮੀਆਂ ਨੇ ਪਰਸਪਰ ਵਿਚਾਰ-ਗੋਸ਼ਟੀ ਕਰ ਕੇ ਇਹ ਨਿਰਣਾ ਕਰਨਾ ਹੈ ਕਿ ਨਵੇਂ ਯੁੱਗ ਵਿਚ ਕਿਸ ਅਵਤਾਰ ਨੂੰ ਆਦਰਸ਼ ਬਣਾ ਕੇ ਚੱਲਣਾ ਤੇ ਮਰਿਆਦਾ ਤੇ ਮੁਹੱਬਤ ਦੇ ਮਸਲੇ ਨੂੰ ਜਿਵੇਂ ਕਿਵੇਂ ਨਿਪਟਾਉਣਾ ਹੈ। ਇਹੋ ਅਜੇਕਾ ਗੁੰਝਲਦਾਰ ਜੰਦਰਾ ਹੈ ਜਿਸ ਦੀ ਚਾਬੀ ਤੁਹਾਡੇ ਪਾਸ ਹੈ। ਮੈਂ ਤਾਂ ਸਾਧਾਰਨ ਸਿਕਲੀਗਰ ਵਾਂਗ ਐਵੇਂ ਅਣਘੜ ਕੁੰਜੀਆਂ ਲਾ ਲਾ ਕੇ ਟੱਕਰਾਂ ਮਾਰੀਆਂ ਹਨ। ਪਰ ਇਹ ਵੀ ਪੱਕੀ ਗੱਲ ਹੈ ਕਿ ਮਜ਼ਬੀ ਮੌਲਾਣੇ ਜਾਂ ਹੋਰ ਦਾਨੇ ਪ੍ਰਧਾਨੇ ਇਸ ਦਾ ਹੱਲ ਨਹੀਂ ਕੱਢ ਸਕਦੇ। ਇਸ ਦਾ ਸਮਾਧਾਨ ਤਾਂ ਮਜਨੂੰਆਂ ਦੀ ਮਜਲਿਸ ਵਿਚ ਹੀ ਸੰਭਵ ਹੈ।

ਕਵੀਰਾਜ ਸਾਹਿਬ ਸਿੰਘ 'ਮ੍ਰਿਗਿੰਦ'

ਪੰਜਾਬ ਦੀ ਸਾਹਿੱਤਕਾਰੀ ਜਿਥੇ ਵਚਿੱਤਰ ਭਾਂਤ ਦੀ ਬਹੁ-ਪ੍ਰਕਾਰੀ ਹੈ, ਉਥੇ ਚਮਤਕਾਰੀ ਵੀ ਹੈ। ਇਸ ਵਿਚ ਪਰਮੇਸ਼ਰ ਤੇ ਗੁਰੂਆਂ ਦੀ ਮਹਿਮਾ ਢੇਰ ਹੈ ਤੇ ਦੇਵੀ ਦੇਵਤਿਆਂ ਦੇ ਸਤੋਤਰਾਂ ਦੀ ਵੀ ਘਾਟ ਨਹੀਂ। ਜੇ ਇਹ ਬੀਰ ਕਾਵਿ-ਧਾਰਾ ਦੁਆਰਾ ਜੋਸ਼ ਪੈਦਾ ਕਰਦੀ ਹੈ ਤਾਂ ਸ਼ਿੰਗਾਰ ਰਾਹੀਂ ਰਸਿਕਾਂ ਦਾ ਵੀ ਮਨ ਮੋਂਹਦੀ ਹੈ। ਭਾਸ਼ਾ ਦੇ ਪੱਖ ਤੋਂ ਇਹ ਤ੍ਰਿਬੇਣੀ ਬਣ ਕੇ ਵਹਿੰਦੀ ਹੈ ਤੇ ਹਿੰਦੀ, ਉਰਦੂ, ਪੰਜਾਬੀ ਦਾ ਸੰਗਮ ਰਚਦੀ ਹੈ। ਪੰਜਾਬੀਆਂ ਲਈ ਕੋਈ ਜ਼ਬਾਨ ਗ਼ੈਰ ਨਹੀਂ, ਇਹ ਸਾਰੀਆਂ ਜ਼ਬਾਨਾਂ ਨਾਲ ਸਾਂਝ ਰੱਖਦੇ ਤੇ ਹਰੇਕ ਦੁਆਰਾ ਆਪਣੇ ਭਾਵਾਂ ਦਾ ਸੰਚਾਰ ਕਰ ਕੇ ਪ੍ਰਸੰਨ ਹੁੰਦੇ ਹਨ। ਉੱਨ੍ਹੀਵੀਂ ਸਦੀ ਵਿਚ ਜਦੋਂ ਪੰਜਾਬ ਨੂੰ ਸਿੰਧ ਤੋਂ ਲੈ ਕੇ ਜਮਨਾ ਤਕ ਪੂਰਨ ਸਵਰਾਜ ਪ੍ਰਾਪਤ ਹੋਇਆ ਤਾਂ ਸਾਹਿਤਕਾਰਾਂ ਵੀ ਚੇਤੰਨ ਹੋ ਕੇ ਆਪਣੀ ਕਲਮ ਚਲਾਈ। ਇਹ ਉਹ ਸਮਾਂ ਹੈ ਜਦੋਂ ਬ੍ਰਿਜ ਭਾਸ਼ਾ ਦੇ ਬਹੁਤੇ ਕਵੀ ਨਾਇਕ ਨਾਇਕਾ ਭੇਦ ਤੇ ਸ਼ਿੰਗਾਰ ਰਸ ਦੇ ਅਸ਼ਲੀਲ ਚੱਕਰ ਵਿੱਚੋਂ ਨਹੀਂ ਸੀ ਨਿਕਲ ਸਕੇ ਪਰੰਤੂ ਪੰਜਾਬ, ਗੁਰੂਆਂ ਦੇ ਮਾਰਗ 'ਤੇ ਚੱਲਦਾ ਹੋਇਆ ਅਜਿਹੇ ਦੋਸ਼ਾਂ ਤੋਂ ਮੁਕਤ ਹੋ ਚੁੱਕਿਆ ਸੀ। ਸੋ ਇਸ ਸਦੀ ਵਿਚ ਭਾਈ ਸੰਤੋਖ ਸਿੰਘ (1787 ਈ:—1843 ਈ:) ਜੈਸੇ ਪ੍ਰਤਿਭਾਵਾਨ ਕਵੀ ਨੇ ਗੁਰ-ਇਤਿਹਾਸ ਨੂੰ ਛੰਦਬੱਧ ਕਰਨ ਦਾ ਬੀੜਾ ਉਠਾਇਆ ਤੇ *ਸ੍ਰੀ ਗੁਰ ਨਾਨਕ ਪ੍ਰਕਾਸ਼* ਅਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਜੈਸੇ ਮਹਾਂਕਾਵਿ ਦਾ ਨਿਰਮਾਣ ਕੀਤਾ। ਬਾਬਾ ਸਾਹਿਬ ਸਿੰਘ ਮ੍ਰਿਗਿੰਦ (1814-1876 ਈ:) ਇਕ ਤਰ੍ਹਾਂ ਆਪ ਦੇ ਉਤਰਾਧਿਕਾਰੀ ਸਿੱਧ ਹੋਏ, ਜਿਨ੍ਹਾਂ ਸਮਾਜਿਕ ਲੋੜਾਂ ਨੂੰ ਮੁੱਖ ਰੱਖ ਕੇ ਗਿਆਨਧਾਰਾ ਦਾ ਪ੍ਰਵਾਹ ਚਲਾਇਆ। ਉਨ੍ਹਾਂ ਆਪਣੇ ਇਲਾਕੇ ਦੇ ਸੂਰਬੀਰਾਂ ਰਾਜਿਆਂ ਦਾ ਇਤਿਹਾਸ *ਫੂਲਬੰਸ ਪ੍ਰਕਾਸ਼* ਦੇ ਰੂਪ ਵਿਚ ਲਿਖਿਆ, ਰਾਜਨੀਤਕ ਬੋਧ ਲਈ *ਮਨੂੰ ਸਿਮ੍ਰਤੀ* ਦੇ ਚੋਣਵੇਂ ਅਧਿਆਵਾਂ ਦਾ ਸਾਰੰਸ਼ ਭਾਖਾ ਵਿਚ ਪੇਸ਼ ਕੀਤਾ।

ਵਿਆਕਰਣਕ ਬੋਧ ਖ਼ਾਤਰ ਤੇ ਭਾਸ਼ਾ-ਗਿਆਨ ਲਈ *ਸ਼ਬਦ ਕੁਮਦ ਕਲਾ ਨਿਧਿ* ਗ੍ਰੰਥ ਦੀ ਰਚਨਾ ਕੀਤੀ। ਭਗਤੀ ਭਾਵ ਦਾ ਰੰਗ ਸੰਚਾਰਨ ਖ਼ਾਤਰ *ਭਗਤੀ ਭਾਵ ਪ੍ਰਭਾਕਰ* ਤੇ ਪ੍ਰੇਮ ਭਾਵਨਾ ਨੂੰ ਉਜਾਗਰ ਕਰਨ ਹਿੱਤ *ਪ੍ਰੇਮ ਪਯੋਨਿਧਿ* ਜੈਸਾ ਮੌਲਿਕ ਕਾਵਿ-ਗ੍ਰੰਥ ਰਚ ਕੇ ਨਵੀਂ ਲੀਹ ਪਾਈ। ਇਹ ਮ੍ਰਿਗਿੰਦ ਜੀ ਜੈਸੇ ਦੂਰ-ਅੰਦੇਸ਼ ਬੁੱਧੀਮਾਨ ਸਾਹਿੱਤਕਾਰ ਦੀ ਵਿਲੱਖਣਤਾ ਹੈ ਕਿ ਉਨ੍ਹਾਂ ਜੋ ਕੁਝ ਵੀ ਰਚਿਆ, ਉਹ ਸਮਾਜਿਕ ਵਿਕਾਸ ਖ਼ਾਤਰ ਰਚਿਆ। ਆਪ ਦੇ ਸਨਮੁੱਖ ਸਾਹਿੱਤ ਰਚਨਾ ਦਾ ਉੱਚਾ

ਸੁੱਚਾ ਆਦਰਸ਼ ਸੀ, ਜਿਸ ਕਰਕੇ ਉਹ ਵਿਲਾਸੀ ਸਾਹਿੱਤ ਦੇ ਅਨੁਆਈ ਨਾ ਬਣੇ। ਇਹੋ ਕਾਰਣ ਹੈ ਕਿ ਦੇਸ਼ ਦੇ ਤਮਾਮ ਰਾਜਿਆਂ ਮਹਾਰਾਜਿਆਂ ਆਪ ਦਾ ਸਨਮਾਨ ਕੀਤਾ। ਪਹਿਲੇ ਪਹਿਲੇ ਉਹ ਕੈਂਥਲ ਰਾਜ ਪਾਸ ਰਹੇ, ਫਿਰ ਸੰਗਰੂਰ, ਨਾਭਾ ਤੇ ਪਟਿਆਲੇ ਦੇ ਰਾਜ ਦਰਬਾਰਾਂ ਵਿਚ ਸ਼ੋਭਾ ਪਾਈ। ਇਹ ਸਭ ਆਪ ਦੀ ਪ੍ਰਭਾਵਸ਼ਾਲੀ ਮਨੋਹਰ ਸ਼ਖ਼ਸੀਅਤ ਤੇ ਵਿਦਵਤਾਪੂਰਨ ਕਲਮ ਦਾ ਕ੍ਰਿਸ਼ਮਾ ਸੀ।

ਆਪ ਦਾ ਜਨਮ ਦਰਿਆ ਜਮਨਾ ਕਿਨਾਰੇ ਸਥਿਤ ਪਿੰਡ ਹਲਾਹਰ ਵਿਖੇ ਕੰਬੋਜ ਘਰਾਣੇ ਅੰਦਰ ਭਾਈ ਸਾਹਿਬ ਦੀਵਾਨ ਸਿੰਘ ਜੀ ਦੇ ਘਰ 1814 ਈ: ਨੂੰ ਹੋਇਆ। ਆਪ ਦੇ ਬਾਬਾ ਜੀ, ਭਾਈ ਬਹਾਦਰ ਸਿੰਘ ਸਨ, ਜੋ ਪਹਿਲੇ ਪਹਿਲ ਸਿੱਖੀ ਵਿਚ ਆਏ ਤੇ ਉਨ੍ਹਾਂ ਦਾ ਸਬੰਧ ਨਗਰ ਜਗਮਾਲ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਦੱਸਿਆ ਜਾਂਦਾ ਹੈ। ਇਨ੍ਹਾਂ ਦੇ ਪਿਤਾ ਭਾਈ ਦੀਵਾਨ ਸਿੰਘ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਗ੍ਰੰਥੀ ਰਹੇ। ਵਿਦਿਆ ਖ਼ਾਤਰ ਸਾਹਿਬ ਸਿੰਘ ਅੰਮ੍ਰਿਤਸਰ ਦੇ ਸਾਧੂਆਂ ਪਾਸ ਪੜ੍ਹਦੇ ਰਹੇ ਤੇ ਕੁਝ ਸਮਾਂ ਬਨਾਰਸ ਵੀ ਲਾਇਆ। ਜਦ ਵਾਪਸ ਆਏ ਤਾਂ ਕੈਥਲ ਵਾਲਿਆਂ ਆਪ ਨੂੰ ਰੱਖ ਲਿਆ। ਇਥੋਂ ਮਹਾਰਾਜਾ ਸਰੂਪ ਸਿੰਘ ਸੰਗਰੂਰ ਲੈ ਆਏ। ਫਿਰ ਆਪ ਪਟਿਆਲੇ ਤੇ ਨਾਭੇ ਵੀ ਰਹੇ, ਪਰ ਬਹੁਤਾ ਸਮਾਂ ਸੰਗਰੂਰ ਹੀ ਬਿਤਾਇਆ। ਮਹਾਰਾਜਾ ਰਘਬੀਰ ਸਿੰਘ (ਜੀਂਦ) ਆਪ ਦਾ ਬਹੁਤ ਆਦਰ ਕਰਦੇ ਸਨ। ਮ੍ਰਿਗਿੰਦ ਜੀ ਦਾ ਦੇਹਾਂਤ 1876 ਈ: 'ਚ ਸੰਗਰੂਰ ਵਿਖੇ ਹੋਇਆ। ਆਪ ਦੇ ਸਪੁੱਤਰ ਭਾਈ ਮਦਨ ਸਿੰਘ ਵੀ ਚੰਗੇ ਕਵੀ ਸਨ। ਉਨ੍ਹਾਂ ਵੀ ਤਿੰਨ ਕਵਿਤਾਵਾਂ ਲਿਖੀਆਂ। ਅੱਗੇ ਭਾਈ ਮਦਨ ਸਿੰਘ ਦੇ ਸਪੁੱਤਰ ਭਾਈ ਗੁਰਨਾਮ ਸਿੰਘ ਤੇ ਭਾਈ ਨੰਦਨ ਸਿੰਘ ਜੀ ਸਨ ਜੋ ਕਿ ਚਿਰਕਾਲ ਸੰਗਰੂਰ ਦੀਵਾਨਖ਼ਾਨੇ ਵਿਚ ਗ੍ਰੰਥੀ ਦੀ ਪਦਵੀ 'ਤੇ ਰਹੇ। ਮੈਨੂੰ ਇਨ੍ਹਾਂ ਦੋਹਾਂ ਸੱਜਣਾਂ ਨੂੰ ਮਿਲਣ ਦਾ ਅਵਸਰ ਮਿਲਿਆ। ਇਹ ਗੱਲ ਸ਼ਾਇਦ 1944-45 ਈ: ਦੀ ਹੈ, ਜਦੋਂ ਕਿ ਮ੍ਰਿਗਿੰਦ ਜੀ ਦੇ ਦਸ-ਪੰਦਰਾਂ ਗ੍ਰੰਥਾਂ ਦੇ ਹੱਥ-ਲਿਖਤ ਖਰੜੇ ਮੈਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਲਈ ਇਨ੍ਹਾਂ ਤੋਂ ਪ੍ਰਾਪਤ ਕੀਤੇ ਤੇ ਸ਼੍ਰੋਮਣੀ ਕਮੇਟੀ ਵੱਲੋਂ ਰਕਮ ਵੀ ਭਿਜਵਾਈ। ਜੋ ਕੁਝ ਖ਼ਾਨਦਾਨੀ ਰਵਾਇਤ ਮੈਂ ਸੁਣੀ, ਉਸ ਬਾਰੇ ਇਕ ਨੋਟ ਤਿਆਰ ਕੀਤਾ ਤੇ ਰਚਨਾ ਸੂਚੀ ਵੀ ਬਣਾਈ, ਜੋ ਕਿ ਇਸ ਪ੍ਰਕਾਰ ਹੈ :

1. ਫੂਲਬੰਸ ਪ੍ਰਕਾਸ਼, 2. ਰਾਣੀ ਰਾਜੇਂਦ੍ਰਮਤੀ ਚਰਿੱਤਰ, 3. ਸ੍ਰੀ ਗੁਰੂ ਦਸ ਪੰਚਾਸ਼ਿਕਾ, 4. ਭਗਤੀ ਭਾਵ ਪ੍ਰਭਾਕਰ, 5. ਪ੍ਰੇਮ ਪਯੋਨਿਧਿ (ਗਰਗ ਸੰਹਿਤਾ), 6. ਬਾਜ਼ੀ ਬਿੰਦ ਬੋਧ, 7. ਮਨੂ ਮਾਨਸ ਪ੍ਰਵਾਹ, 8. ਜੋਗ ਜਸ ਪ੍ਰਕਾਸ਼, 9. ਸ਼ਬਦ ਕੁਮਦ ਕਲਾਨਿਧਿ, 10. ਅਸ਼ਟ ਮਹੌਲ, 11. ਸੁਮਨ ਸੰਜੀਵਨ, 12. ਰਾਸ ਮੰਡਲ ਲੀਲ੍ਹਾ, 13. ਧੂਰੀਗਰ ਨਾਟਕ, 14. ਨਿਜ ਕਰਤੂਤ ਨਤੀਜਾ (ਕਰਮਵਿਪਾਕ), 15. ਮ੍ਰਿਗਿੰਦ ਗੁਰਮੁਖੀ ਮਾਰਗ, 16. ਮੂਰਖ ਸ਼ਤਕ, 17. ਹਿੰਦੀ ਬਾਰਹ ਮਾਸਾ ਕ੍ਰਿਸ਼ਣ ਜੀ, 18. ਪੰਜਾਬੀ ਬਾਰਾਂਮਾਹ, 19. ਕਬਿੱਤ ਕੁਸਮ ਵਾਟਿਕਾ, 20. ਕ੍ਰਿਸ਼ਣ ਕੌਤੂਹਲ।

ਕਬਿੱਤ ਕੁਸਮ ਵਾਟਿਕਾ ਸੰਪਾਦਿਤ ਗ੍ਰੰਥ ਹੈ, ਜਿਸ ਵਿਚ ਕਵੀ ਨੇ 50-60 ਕਵੀਆਂ ਦੇ ਚੋਣਵੇਂ ਕਬਿੱਤ ਦਿੱਤੇ ਤੇ ਕੁਝ ਆਪਣੇ ਵੀ ਦਿੱਤੇ ਹਨ। ਇਨ੍ਹਾਂ ਰਚਨਾਵਾਂ

ਦੇ ਬਹੁਤੇ ਖਰੜੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਸੁਰੱਖਿਅਤ ਸਨ ਅਤੇ ਕੁਝ ਕੁ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਤੇ ਭਾਸ਼ਾ ਵਿਭਾਗ ਦੇ ਪੁਸਤਕਾਲੇ ਵਿਚ ਪ੍ਰਾਪਤ ਹਨ। ਇਨ੍ਹਾਂ ਦੇ ਪ੍ਰਕਾਸ਼ਨ ਬਾਰੇ ਕੋਈ ਯੋਜਨਾਬੱਧ ਕੰਮ ਨਹੀਂ ਹੋਇਆ। ਡਾ: ਈਸ਼ੁਰਚੰਦ੍ਰ ਗੁਪਤ ਨੇ ਮ੍ਰਿਗਿੰਦ ਜੀ ਦੇ ਕਾਵਿ-ਗ੍ਰੰਥ *ਪ੍ਰੇਮ ਪਯੋਨਿਧਿ* ਸਬੰਧੀ ਕੁਝ ਆਲੋਚਨਾਤਮਕ ਕਾਰਜ ਕੀਤਾ ਹੈ, ਜਿਸ ਨੂੰ ਹੋਰ ਅੱਗੇ ਵਧਾਉਣ ਦੀ ਲੋੜ ਹੈ।

ਜਿਥੋਂ ਤਕ ਆਪ ਦੀ ਕਾਵਿ-ਰਚਨਾ ਦਾ ਸਬੰਧ ਹੈ, ਉਹ ਮਧੁਰਸ ਤੇ ਪ੍ਰਸ਼ਾਦ ਗੁਣ ਵਾਲੀ ਉੱਚੇ ਦਰਜੇ ਦੀ ਰਚਨਾ ਹੈ। ਪ੍ਰੇਮ ਦੀ ਮਹਿਮਾ ਕਰਦੇ ਲਿਖਦੇ ਹਨ:

ਕਬਿੱਤ :

ਗੁਣ ਕੇ ਆਗਾਰ ਕਵਿ ਪੁੰਗਣ ਉਦਾਰ ਤੇ ਨਿਹਾਰ ਪ੍ਰੇਮ ਸਾਰ ਕੇ ਵਿਚਾਰ ਪ੍ਰੇਮ ਢਰ ਹੈ।
ਪ੍ਰੇਮ ਕੇ ਪ੍ਰਵਾਹ ਪਰ ਪ੍ਰੇਮ ਕੌ ਨਿਬਾਹ ਲਖ, ਪ੍ਰੇਮ ਕੇ ਪਯੋਨਿਧਿ ਮੇਂ ਪ੍ਰੇਮੀ ਭਏ ਤਰ ਹੈ।
ਪ੍ਰੇਮ ਰਸ ਸਾਨੀ ਯਹ ਪ੍ਰੇਮ ਕੀ ਕਹਾਨੀ ਪ੍ਰੇਮ ਉਮੰਗ ਮ੍ਰਿਗਿੰਦ ਜੁ ਬਖਾਨੀ ਪ੍ਰੇਮ ਭਰ ਹੈ।
ਰਾਖੇ ਉਤਸ਼ਾਹ ਚਿਤ ਚਾਹ ਸੋਂ ਸੁਨੈਯੇ ਪ੍ਰੇਮੀ, ਪ੍ਰੇਮ ਸੋਂ ਉਮਾਹ ਹੈ ਤੋ ਵਾਹ ਵਾਹ ਕਰ ਹੈ।

(ਪ੍ਰੇਮ ਪਯੋਨਿਧਿ, ਤਰੰਗ ੧੮)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਰਸ ਛੋਹ ਨੇ ਜਿਵੇਂ ਪੰਜਾਬ ਦਾ ਇਨਕਲਾਬੀ ਕਾਇਆ ਕਲਪ ਕੀਤਾ, ਜੋਗ ਭੋਗ ਦੋਵੇਂ ਬਖ਼ਸ਼ ਕੇ, ਖ਼ਾਲਸੇ ਦਾ ਤੇਜ ਪ੍ਰਤਾਪ ਵਧਾਇਆ, ਇਸ ਦੀ ਥਾਂ ਥਾਂ ਪ੍ਰਸੰਸਾ ਹੈ:

ਭੋਗ ਮੈਂ ਨ ਜੋਗ ਕਹੂੰ ਜੋਗ ਹੋਤ ਜੀਵਨ ਕੋ,
ਜੋਗ ਭੋਗ ਦੋਊ ਦੈ ਦਯਾਲ ਰਚੀ ਸਾਹ ਸੰਗ।
ਰਾਜ ਕੇ ਸਮਾਜ ਦੈ ਜਹਾਜ਼ ਰਚ ਪੰਥ ਰਾਜ,
ਕੀਟ ਤੇ ਮ੍ਰਿਗਿੰਦ ਪਦ ਦੀਨੋ ਦਯਾ ਕੀ ਉਮੰਗ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਸੁਧਾ ਕੀ ਬਿੰਦ,
ਪਾਨ ਦੈਨ ਖ਼ਾਲਸਾ ਕੋ ਖ਼ਾਲਸਾ ਅਮਰ ਰੰਗ।
ਬੰਦਤ ਹੋਂ ਸੀਸ ਧਰਿ ਚਰਣ ਸ਼ਰਣ ਗਤਿ,
ਜਾਪ ਦੈ ਅਕਾਲ ਕੋ ਦੁਕਾਲ ਤੇ ਕਰੇ ਨਿਸੰਗ। *(ਜੋਗ ਜਸ ਪ੍ਰਕਾਸ਼)*

ਇਹ ਕੰਮ ਹਰ ਕੋਈ ਨਹੀਂ ਕਰ ਸਕਦਾ, ਗੁਰੂ ਹੀ ਇਹ ਕਾਰਨਾਮਾ ਕਰ ਸਕਦਾ ਸੀ:

ਸ਼ਤ੍ਰੁਨ ਕੋ ਛੇਕ ਅਭਿਖੇਕ ਖ਼ਾਲਸੇ ਕੋ ਦੀਨ,
ਯਾਂਤੇ ਰਾਜ ਤੇਜ ਕੀ ਪ੍ਰਬੀਨਤਾ ਇਨ੍ਹੋਂ ਕੀ ਹੈ।
ਧਰਮਾਧਿਕਾਰ ਨੀਤਿ ਨਯਾਵ ਕੋ ਪ੍ਰਕਾਰ,
ਪ੍ਰਜਾਪਾਲਨ ਪ੍ਰਚਾਰ ਚਾਰੁ ਚਰਚਾ ਗੁਨੋਂ ਕੀ ਹੈ।
ਗੁਰੂ ਗੋਬਿੰਦ ਸਿੰਘ ਜੂ ਕੇ ਪਾਵਨ ਪਦਾਰਬਿੰਦ,
ਬੰਦਤ ਮ੍ਰਿਗਿੰਦ ਕਰ ਬੰਦ ਕੈ ਬਿਨੋਂ ਕੀ ਹੈ।
ਮੋ ਸੇ ਮਤਿਮੰਦ ਛੰਦ ਬੰਦ ਕੀ ਪਸੰਦ ਪਾਵੈਂ,
ਕੇਵਲ ਕ੍ਰਿਪਾ ਯਹ ਪਰਿਪੂਰਨ ਗੁਰੋਂ ਕੀ ਹੈ।

(ਸ੍ਰੀਮਤ ਮਨੁ ਮਾਨਸ ਪ੍ਰਵਾਹ)

ਇਕ ਗੱਲ ਹੋਰ, ਐਸੇ ਕਾਰਨਾਮੇ ਕਰਨ ਵਿਚ ਗੁਰੂ ਦੇਰ ਵੀ ਨਹੀਂ ਕਰਦਾ, ਇਹ ਕਵੀ ਦਾ ਨਿਸਚਾ ਹੈ:

ਬੇਰ ਬੇਰ ਬਿਨਤੀ ਕਰਤ ਨਿਤ ਟੇਰ ਟੇਰ,
ਅਵਸੇਰ ਲਾਗੀ ਅਵੇਰ ਨਹੀਂ ਕਰਹੈ
ਅਪਨੇ ਬਿਰਦ ਕੀ ਫਰਦ ਜੋ ਨਿਹਾਰੀ ਤੋਹਿ,
ਮ੍ਹਾਰੀ ਦਵਾ ਦਰਦ ਮੈਂ ਦੇਰ ਨਹੀਂ ਕਰਹੈ
ਗੁਰੂ ਗੋਬਿੰਦ ਸਿੰਘ ਘਰ ਜੁ ਪਦਾਰਬਿੰਦ ਮੈਂ ਮ੍ਰਿਗਿੰਦ,
ਅਰਦਾਸ ਕੀਨੋਂ ਕਛੂ ਫੇਰ ਨਹੀਂ ਕਰਹੈ।
ਫੇਰ ਫੇਰ ਮਨ ਕੋ ਕੁਫੇਰ ਤੇ ਚਰਨ ਰਾਖਯੋ,
ਫੇਰ ਵਹੀ ਕਰ ਹੈ ਫੇਰ ਵਹੀ ਕਰਹੈ। *(ਰਾਜੇਂਦ੍ਰਮਤੀ ਚਰਿੱਤਰ)*

ਕਵੀ ਰਾਜ ਮ੍ਰਿਗਿੰਦ ਨੇ ਇਕ ਹੋਰ ਵਧੀਆ ਗੱਲ ਕਰ ਕੇ ਸਾਡਾ ਧਿਆਨ ਖਿੱਚਿਆ ਹੈ ਕਿ ਬੁਧਿਮਾਨ ਸਤਿਗੁਰੂ ਨੇ ਆਪਣੀ ਭਾਸ਼ਾ ਵਿਚ 'ਦਸਮ ਗ੍ਰੰਥ' ਵਰਗਾ ਉੱਤਮ ਗਿਆਨ ਗ੍ਰੰਥ ਰਚ ਕੇ ਸਾਡੀ ਸਾਰੀ ਲੋੜ ਪੂਰੀ ਕਰ ਦਿੱਤੀ ਤੇ ਹੁਣ ਸਾਨੂੰ ਵੇਦਾਂ ਸ਼ਾਸਤ੍ਰਾਂ ਨਾਲ ਟੱਕਰਾਂ ਮਾਰਨ ਦੀ ਲੋੜ ਨਹੀਂ ਰਹੀ। ਇਹ ਗੱਲ ਉੱਨੀਵੀਂ ਸਦੀ ਵਿਚ ਉਹ ਉਦੋਂ ਆਖ ਰਿਹਾ ਹੈ, ਜਦੋਂ ਕਿ ਸਾਡੇ ਅੰਦਰ ਆਪਣੀ ਭਾਸ਼ਾ ਤੇ ਸਾਹਿੱਤ ਦੀ ਚਿਤਾਵਨੀ ਵੀ ਪੈਦਾ ਨਹੀਂ ਸੀ ਹੋਈ। 'ਦਸਮ ਗ੍ਰੰਥ' ਦੇ ਮਹੱਤਵ ਤੋਂ ਅੱਖਾਂ ਮੀਟਣ ਵਾਲੇ ਲੋਕ ਸਮਝਣ ਦੀ ਕੋਸ਼ਿਸ਼ ਕਰਨ ਕਿ ਗੁਰੂ ਨੇ ਇਕ ਕਲਮੀ ਕਾਰਨਾਮਾ ਕੈਸਾ ਕੀਤਾ ਤੇ ਇਸ ਦਾ ਕੀ ਲਾਭ ਹੋਇਆ।

ਇਹ ਛੰਦ ਸੱਚਮੁੱਚ ਸੁਣਨ ਲਾਇਕ ਹੈ:

ਪੰਥ ਸ਼੍ਰੁਤਿ ਸਿੰਮ੍ਰਿਤਿ ਪੁਰਾਤਨਕ ਕੇ ਪੰਥ ਸਭ,
ਫੇਰ ਭਾਵ ਗ੍ਰੰਥ ਨਿਜ ਗ੍ਰੰਥ ਮੈਂ ਉਚਾਰੀ ਹੈ।
ਦੇਸ ਦੇਸ ਭਾਖਾ ਦੇਵ ਭਾਖਾ ਸੰਗ ਜਾਮਨੀ ਹੂੰ,
ਛੰਦਬੰਦ ਬ੍ਰਿਤਿਰਸ ਰੀਤਿ ਸੋਂ ਸ਼ਿੰਗਾਰੀ ਹੈ।
ਸ੍ਰੀ ਗੁਰੂ ਗੋਬਿੰਦ ਸਿੰਘ ਪੂਰਨ ਮ੍ਰਿਗਿੰਦ ਗੁਰ,
ਪੰਥ ਨਿਜ ਰਚਨਾ ਕੋ ਚਰਚਾ ਪ੍ਰਚਾਰੀ ਹੈ।
ਗੁਰਮੁਖੀ ਬਰਨੋਂ ਮੇਂ ਬਨ ਜੈਹੈਂ ਬੇਦ ਚਾਰੋਂ,
ਸ਼ਾਸਤ੍ਰ ਖਟਕ ਹੂੰ ਕੀ ਖਟਕ ਨਿਕਾਰੀ ਹੈ। *(ਸ਼ਬਦ ਬ੍ਰਮਦ ਕਲਾਨਿਧਿ)*

ਬ੍ਰਿਜ ਭਾਸ਼ਾ ਦੇ ਕਵੀਆਂ ਅੰਦਰ ਸ਼ਬਦ ਚਮਤਕਾਰ ਦਿਖਾਉਣ ਦੀ ਵਿਸ਼ੇਸ਼ ਰੁਚੀ ਪਾਈ ਜਾਂਦੀ ਹੈ। ਇਸ ਪੱਖ ਤੋਂ ਮ੍ਰਿਗਿੰਦ ਜੀ ਦਾ ਇਕ ਛੰਦ ਦੇਣਾ ਜ਼ਰੂਰੀ ਹੋ ਗਿਆ ਹੈ। ਸਤਿਗੁਰਾਂ ਨੂੰ ਸੁੰਦਰ ਘੋੜਿਆਂ ਦਾ ਤੇ ਚਿੱਟੇ ਬਾਜ਼ਾਂ ਦਾ ਬਹੁਤ ਸ਼ੌਕ ਸੀ, ਇਸੇ ਗੱਲ ਨੂੰ ਲੈ ਕੇ ਕਬਿੱਤ ਚੱਲਦਾ ਹੈ:

ਬਾਜ਼ਿ ਕੇ ਸਵਾਰ ਬਾਜ਼ ਹੂੰ ਕੇ ਰਿਝਵਾਰ ਪ੍ਰਭੂ,
ਬਾਜਿ ਕੇ ਸ਼ਿੰਗਾਰ ਖਰੀਦਾਰ ਬਡੇ ਬਾਜ ਕੇ।
ਬਾਜਿ ਕੀ ਪਸਿੰਦ ਰਾਖੈਂ, ਬਾਜ ਬੇ-ਮਨਿੰਦ ਰਾਖੈਂ,
ਬਾਜ ਰਾਖੈਂ ਬਾਜਿ ਵੇ ਪਰਿੰਦ ਪਰਿ ਬਾਜ ਕੇ।

ਬਾਜਿ ਬ੍ਰਿੰਦ ਬੋਧ ਮੈਂ, ਪ੍ਰਬੋਧ ਵੈ ਮ੍ਰਿਗਿੰਦ ਕਵਿ,
ਗੁਰੂ ਜੀ ਗੋਬਿੰਦ ਸਿੰਘ ਪਰਖੈਯਾ ਬਾਜ ਕੇ।
ਚੂਮੇ ਭੂਮਿ ਸੁੰਮ ਸੋਂ ਚਲਤ ਚੂਮ ਚੂਮ ਕਰੈਂ,
ਚੂਮੇ ਪਗ ਮਹਾਰਾਜ ਕੇ ਚੂਮੈਂ ਪਗ ਬਾਜ਼ ਕੇ। (ਬਾਜਿਬ੍ਰਿੰਦ ਬੋਧ ਗ੍ਰੰਥ)

ਪੰਜਾਬੀ ਵਿਚ ਮ੍ਰਿਗਿੰਦ ਜੀ ਦਾ ਰਚਿਆ ਬਾਰਾਂਮਾਹ ਕਮਾਲ ਦਾ ਹੈ, ਵੰਨਗੀ ਲਈ ਪਹਿਲੇ ਮਹੀਨੇ ਦਾ ਸ਼ਬਦ-ਚਿੱਤ੍ਰ ਦੇਖਣਾ ਕਾਫ਼ੀ ਹੈ, ਲਓ ਸੁਣੋ:

ਚੜ੍ਹਿਆ ਚੇਤ ਬਸੰਤ ਬਹਾਰਾਂ, ਬਾਗ਼ੀਂ ਖਿੜੀਆਂ ਸਭ ਫੁਲਵਾਰਾਂ
ਵਿਚ ਵਿਚ ਕਰਦੇ ਭੰਵਰ ਗੁੰਜਾਰਾਂ, ਜਲ ਵਿਚ ਜਲਜ ਕਰਨ ਗੁਲਜ਼ਾਰਾਂ,
ਬਣ ਬਣ ਛੁਟਕੀ ਮੁਸ਼ਕ ਫੁਹਾਰਾਂ, ਮਾਨੋਂ ਛਿੜਕੇ ਅਤਰ ਅੱਤਾਰਾਂ।
ਨਿਤ ਵਲ ਚਾਈਆਂ ਇਸ਼ਕ ਮੁਹਾਰਾਂ,
ਵੇ ਮੈਂ ਪਈ ਆਂ ਵਾਂਗ ਬੀਮਾਰਾਂ, ਬਾਝ ਆਰਾਮ ਦੇ।੧।
ਮੈਨੂੰ ਛੱਡ ਗਇਆ ਬਨਵਾਰੀ, ਸੁੰਞੀ ਪਈ ਆ ਮਹਲ ਅਟਾਰੀ।
ਖਿੜੀ ਬਗ਼ੀਚੇ ਸਭ ਫੁਲਵਾੜੀ, ਬਨ ਵਿਚ ਕੂਕੇ ਕੋਇਲ ਕਾਰੀ।
ਸੁਣਿ ਸੁਣਿ ਉਠਦੀ ਲਹਰ ਕਰਾਰੀ, ਹੁਣ ਮੈਂ ਮਰਸਾਂ ਖਾਇ ਕਟਾਰੀ।
ਬ੍ਰਿਹੋਂ ਸਾਂਗ ਸਿਤਮ ਦੀ ਮਾਰੀ, ਲਗਦੇ ਤੀਰ ਜਿਗਰ ਨੂੰ ਕਾਰੀ, ਦੁਸ਼ਮਨ ਕਾਮ ਦੇ।੨।
ਚੰਪਾ ਮੌਲਸਰੀ ਅਲਬੇਲੀ, ਕੂੰਜਾ ਮਰੂਆ ਜ਼ਰਦ ਚੰਬੇਲੀ,
ਨਰਗਸ ਨਰਮਾ ਵੇਲ ਰਵੇਲੀ, ਖਿੜਦੇ ਫੁੱਲ ਲਟਕਦੇ ਵੇਲੀ।
ਛਡੀ ਮੁਸ਼ਕ ਬਸੰਤ ਫੁਲੇਲੀ, ਕੁਬਿਜਾ ਕੀਤੀ ਸਯਾਮ ਸਹੇਲੀ।
ਮੈਂ ਤਾਂ ਕੂਕਾਂ ਵਿਚ ਹਵੇਲੀ, ਤੜਫਾਂ ਸੁੰਞੀ ਸੇਜ ਇਕੇਲੀ, ਦੁੱਖ ਅੱਠ ਜਾਮ ਦੇ।੩।
ਕਿਉਂ ਵੇ ਚੇਤੇ ਸਯਾਮ ਨ ਆਯਾ, ਤੈਂ ਤਾਂ ਸਬਜ਼ੀ ਫਰਸ਼ ਵਿਛਾਯਾ।
ਬੋਲਣ ਪੰਛੀ ਸ਼ਬਦ ਸੁਹਾਯਾ, ਸੁਣ ਝੁਣਕਾਰ ਜਿਗਰ ਭਰ ਆਇਆ।
ਵਗਦਾ ਨੀਰ ਨੈਣ ਝਰਲਾਇਆ, ਹਰਿ ਜੀ ਕੀਤਾ ਮਨ ਦਾ ਭਾਇਆ।
ਕੁਬਿਜਾ ਕਰ ਕਾਮਣ ਸਿਰਿ ਪਾਇਆ,
ਕਿਉਂ ਤੈਂ ਮੈਨੂੰ ਤਦੋਂ ਹਟਾਇਆ ਨਾਲੋਂ ਸਯਾਮ ਦੇ।
ਫੁਲ ਹਰੀ ਕਿ ਹਰ ਦਮ ਯਾਦ, ਅਰਜ਼ ਤੂੰ ਸੁਣੀ ਮੇਰੀ ਫਰਯਾਦ।
ਕਿ ਮੰਗਦੀ ਰੱਬ ਤੋਂ ਇਹੀ ਮੁਰਾਦ ਕਿ ਸ਼ਾਦੀ ਸਯਾਮ ਦੀ।੧।

(ਪੰਜਾਬੀ ਬਾਰਾਂਮਾਹੇ, 1959 ਈ.)

ਗ਼ਰੀਬ ਨਿਵਾਜ਼ ਸਾਹਿੱਤਕਾਰੀ

ਸਾਹਿੱਤਕਾਰ ਦਾ ਮੁੱਖ ਗੁਣ ਇਹ ਵੀ ਹੈ ਕਿ ਉਹ ਦੁਨੀਆਂ ਦੇ ਦੁਖੀਆਂ, ਪੀੜਤ ਪੁਰਸ਼ਾਂ ਦਾ ਦਰਦਮੰਦ ਹੁੰਦਾ ਹੈ। ਸਾਰੇ ਸਾਹਿੱਤ ਦੀ ਫੋਲਾ-ਫਾਲੀ ਕਰ ਲਓ, ਅੱਧੀ ਤੋਂ ਵੱਧ ਕਾਵਿ-ਰਚਨਾ ਪੀੜਤ ਪ੍ਰਾਣੀਆਂ ਦੇ ਵੈਣ ਦੁਹਰਾਉਂਦੀ ਅਤੇ ਵਿਆਕੁਲ ਬੰਦਿਆਂ ਦਾ 'ਮਰਸੀਆ' ਸੁਣਾਉਂਦੀ ਹੈ। ਬਾਲਮੀਕੀ ਰਾਮਾਇਣ ਦਾ ਅਰੰਭ ਕੂੰਜਾਂ ਦੇ ਜੋੜੇ ਦੀ ਕੁਰਲਾਹਟ ਨਾਲ ਹੁੰਦਾ ਹੈ ਤੇ ਮਹਾਂਭਾਰਤ ਘਰੋਂ-ਬਾਹਰੋਂ ਕੱਢੇ ਪਾਂਡਵਾਂ ਦੀ ਵਿਥਿਆ ਉੱਤੇ ਹੌਕੇ ਭਰਦਾ ਹੈ। ਗੁਰੂ ਨਾਨਕ ਦੀ ਰਬਾਬ, ਬਾਬਰਵਾਣੀ ਦੀ ਵਾਰਤਾ ਲੈ ਕੇ ਹੀ ਥਰਥਰਾਉਂਦੀ ਹੈ :

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥

(ਆਸਾ ਮ: ੧, ਪੰਨਾ 360)

ਜੇ ਧਿਆਨ ਨਾਲ ਦੇਖੀਏ ਤਾਂ ਆਸ਼ਕਾਂ ਦੀ ਦਾਸਤਾਨ ਵੀ ਦੁੱਖਾਂ ਦਰਦਾਂ ਦੀ ਦਾਸਤਾਨ ਹੈ, ਭਾਵੇਂ ਉਹ ਕਿਸੇ ਗ਼ਰੀਬ ਚਾਕ ਦੀ ਹੈ ਜਾਂ ਕਿਸੇ ਮੱਝੀਆਂ ਚਾਰਨ ਵਾਲੇ ਮਹੀਂਵਾਲ ਦੀ ਜਾਂ ਫਿਰ ਤੇਸਾ ਫੜ ਕੇ ਪਹਾੜ ਤਰਾਸ਼ਣ ਵਾਲੇ ਕਾਰੀਗਰ ਮਜ਼ਦੂਰ ਦੀ। ਕਵੀਆਂ ਦੀ ਇਨ੍ਹਾਂ ਬੇ-ਸਹਾਰੇ ਅਨਾਥ ਲੋਕਾਂ ਨਾਲ ਹਮਦਰਦੀ ਹੋਣੀ ਸੁਭਾਵਿਕ ਸੀ, ਇਸੇ ਕਰਕੇ ਉਨ੍ਹਾਂ ਸੈਂਕੜਿਆਂ ਦੀ ਗਿਣਤੀ ਵਿਚ ਕਿੱਸੇ ਲਿਖੇ ਤੇ ਦਰਦ ਵਿਚ ਗਾ ਕੇ ਲੋਕਾਂ ਨੂੰ ਉਨ੍ਹਾਂ ਦੇ ਹਮਦਰਦ ਬਣਾਇਆ।

ਇਹ ਵੀ ਇਤਿਹਾਸਕ ਹਕੀਕਤ ਹੈ ਕਿ ਸ੍ਰਿਸ਼ਟੀ ਦਾ ਸਿਰਜਣਹਾਰ ਰੱਬ ਹੈ ਤੇ ਮਨੁੱਖੀ ਸਮਾਜ ਦਾ ਸਿਰਜਣਹਾਰ ਮਨੁੱਖ ਤੇ ਉਸ ਦੀ ਤ੍ਰੀਮਤ ਹੈ, ਪਰੰਤੂ ਇਹ ਇਕ ਕੌੜੀ ਸਚਾਈ ਹੈ ਕਿ ਇਸ ਭਾਰਤੀ ਨਰ ਨਾਰੀ ਨੂੰ ਸਾਡੇ ਧਰਮ-ਸ਼ਾਸਤਰ ਤੇ ਰਾਜਨੀਤੀ-ਸ਼ਾਸਤਰ ਵਾਲੇ ਹੇਠਲੇ ਤੋਂ ਹੇਠਲਾ ਘਟੀਆ ਦਰਜਾ ਦੇ ਕੇ ਸਦਾ ਛੁਟਿਆਉਂਦੇ ਤੇ ਭੁਚਲਾਉਂਦੇ ਰਹੇ ਹਨ। ਭਾਰਤੀ ਧਾਰਮਿਕ ਚਿੰਤਨ ਵਿਚ ਸਭ ਤੋਂ ਵੱਡੀ ਭੁੱਲ ਇਹੋ ਹੋਈ ਹੈ ਕਿ ਇਹ ਇਹੋ ਪ੍ਰਚਾਰ ਕਰਦੇ ਰਹੇ ਕਿ ਕੰਮ ਕਰਨ ਵਾਲੇ ਸਾਰੇ ਸ਼ੂਦਰ ਹਨ, ਨੀਚ ਹਨ ਤੇ ਕੰਮ-ਕਾਰ ਬਜ਼ਾਤੇ ਖ਼ੁਦ ਇਕ ਬੰਧਨ ਹੈ। ਇਸ ਕਰਕੇ ਸਭ ਕਾਸੇ ਦਾ ਤਿਆਗ ਕਰਨਾ ਹੀ ਮੁਕਤੀ ਦਾ ਮਾਰਗ ਖੋਲ੍ਹਦਾ ਹੈ। ਆਖ਼ਰ ਸੋਚਣ ਵਾਲੀ ਗੱਲ ਹੈ ਕਿ ਕਿਰਤੀ ਕੌਣ ਹੈ ਤੇ ਇਸ ਦੀ ਹੈਸੀਅਤ ਕੀ ਹੈ ? ਇਸ ਨੇ ਹਜ਼ਾਰਾਂ ਸਾਲਾਂ ਵਿਚ ਹੁਣ ਤਕ ਕੀ ਕੁਝ ਕੀਤਾ ਹੈ? ਤਾਰੀਖ਼ ਤੁਹਾਨੂੰ ਦੱਸੇਗੀ ਕਿ ਕਿਰਤੀ ਉਹੋ ਦੇਵਤਿਆਂ ਦਾ ਦੇਵਤਾ ਹੈ ਜਿਸ ਧਰਤੀ 'ਤੇ ਮਣਾਂ-ਮੂੰਹੀਂ ਮਿੱਟੀ ਪੁੱਟ ਪੁੱਟ ਕੇ

ਅੰਨ ਉਗਾਇਆ, ਡੰਗਰ ਚਾਰ ਚਾਰ ਕੇ ਦੁੱਧ ਦਾ ਦਰਿਆ ਵਗਾਇਆ, ਸਰਦੀ ਗਰਮੀ ਤੇ ਮੀਂਹ ਝੱਖੜ ਤੋਂ ਬਚਾਓ ਕਰਨ ਲਈ ਕੋਠਾ ਬੱਠਲਾ ਬਣਾਇਆ, ਲੋਹੇ ਲੱਕੜ ਦਾ ਹਰ ਪ੍ਰਕਾਰ ਦਾ ਸਾਜ਼-ਸਾਮਾਨ ਸਜਾਇਆ, ਪਹਿਨਣ ਲਈ ਕੱਪੜਾ ਤਿਆਰ ਕਰਾਇਆ, ਚੋਲਾ ਸਿਲਾਇਆ, ਰੰਗਾਇਆ, ਪੈਰਾਂ ਦੀ ਰਾਖੀ ਲਈ ਜੋੜਾ ਪਹਿਨਾਇਆ। ਜੇ ਆਲਾ-ਦੁਆਲਾ ਗੰਦਾ ਹੋ ਗਿਆ ਤਾਂ ਝਾੜੂ ਫੜ ਕੇ ਹੂੰਝਾ ਲਾਇਆ ਤੇ ਸਾਰੀ ਸਫ਼ਾਈ ਦਾ ਬੋਝ ਉਠਾਇਆ। ਜੋ ਵੀ ਔਖੇ ਤੋਂ ਔਖਾ ਤੇ ਮੈਲਾ ਕੁਚੈਲਾ ਕੰਮ ਸੀ, ਉਹ ਇਸ ਨੇ ਕੀਤਾ ਕਰਵਾਇਆ, ਪਰ ਸਮਾਜ ਅਤੇ ਧਰਮ ਦੇ ਠੇਕੇਦਾਰਾਂ ਨੇ ਇਸ ਦੇ ਭਾਗਵਾਨ ਮੱਥੇ 'ਤੇ ਇਹੋ ਫੱਟਾ ਲਾਇਆ ਕਿ ਇਹ ਸ਼ੂਦਰ ਹੈ, ਛੋਟਾ ਹੈ, ਨੀਚ ਹੈ। ਇਸ ਨੂੰ ਕੋਈ ਧਾਰਮਿਕ ਜਾਂ ਰਾਜਨੀਤਕ ਅਧਿਕਾਰ ਨਹੀਂ। ਇਹ ਲਾਗੀ-ਜੋਗੀ ਹੈ, ਇਹ ਕੰਮੀ-ਕਮੀਣ ਹੈ, ਇਸ ਦਾ ਗੁਜ਼ਾਰਾ ਬਚਿਆ-ਖੁਚਿਆ ਖਾਣ 'ਤੇ ਹੈ ਤੇ ਬਸ। ਇਸ ਤਰ੍ਹਾਂ ਹਿੰਦ ਭਰ ਵਿਚ ਹਰ ਕੰਮ ਕਰਨ ਵਾਲਾ ਛੁਟਿਆਇਆ ਗਿਆ ਅਤੇ ਦਲ ਮਲ ਕੇ ਥੱਲੇ ਲਾਇਆ ਗਿਆ ਤੇ ਅੰਤ ਹੁਣ ਇਸ ਨੂੰ 'ਦਲਿਤ' ਕਹਿ ਕੇ ਬੁਲਾਇਆ ਗਿਆ ਤੇ ਕੁਝ ਰਿਆਇਤਾਂ ਦੇਣ ਦਾ ਢੌਂਗ ਵੀ ਰਚਾਇਆ ਗਿਆ ਤਾਂ ਕਿ ਇਹ ਗ਼ਰੀਬ, ਸਦਾ ਹਾਕਮ ਸ਼੍ਰੇਣੀ ਦਾ ਮੁਫ਼ਤ ਦਾ ਮੋਹਰਾ ਬਣਿਆ ਰਹੇ ਤੇ ਉਨ੍ਹਾਂ ਦਾ ਲੋੜ ਅਨੁਸਾਰ ਵੋਟ-ਬੈਂਕ ਭਰਦਾ ਜਾਵੇ। ਇਹ ਜ਼ਮਾਨੇ ਦੀ ਰਾਜਨੀਤਕ ਲੋੜ ਹੈ ਕਿ ਬਹੁ-ਗਿਣਤੀ ਨਾਲ ਹੋਵੇ ਪਰ ਇਸ ਬਹੁ-ਗਿਣਤੀ ਨਾਲ ਜੋ ਵਰਤਾਰਾ ਹੋਇਆ, ਉਹ ਸਭ ਦੇ ਸਾਹਮਣੇ ਹੈ ਤੇ ਡਾਕਟਰ ਇਕਬਾਲ ਉਸ ਨੂੰ ਦੋ ਸਤਰਾਂ ਵਿਚ ਇਉਂ ਦੱਸ ਗਿਆ ਹੈ:

> **'ਆਹ' ਸ਼ੂਦਰ ਕੇ ਲੀਏ, ਹਿੰਦੁਸਤਾਂ ਗ਼ਮਖ਼ਾਨਾ ਹੈ।**
> **ਦਰਦੇ-ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ।**

ਪਰ ਨਿਰਾਸ਼ ਹੋਣ ਵਾਲੀ ਗੱਲ ਨਹੀਂ। ਆਦਿ ਕਾਲ ਤੋਂ ਹੀ ਸ਼ੁੱਧ ਮਨ ਵਾਲਾ ਸਾਹਿੱਤਕਾਰ, ਇਨ੍ਹਾਂ ਦੱਬੇ-ਕੁਚਲੇ ਸ਼ੂਦਰ ਲੋਕਾਂ ਦੀ ਵਕਾਲਤ ਕਰਦਾ ਆਇਆ ਹੈ। ਸਾਨੂੰ ਬਹੁਤੀ ਸਾਹਿੱਤ-ਰਚਨਾ ਦਾ ਤਾਂ ਪਤਾ ਨਹੀਂ, ਪਰ ਅਸੀਂ ਜਾਣਦੇ ਹਾਂ ਕਿ ਗੁਰੂ ਬਾਬਾ ਨਾਨਕ ਨੇ ਪਹਿਲੀ ਵਾਰ ਇਹ ਗੱਲ ਆਖੀ ਸੀ ਕਿ ਸਮਾਜ ਜਿਸ ਗ਼ਰੀਬ ਕਿਰਤੀ ਨੂੰ ਨੀਚ ਕਹਿ ਕੇ ਦੁਰਕਾਰਦਾ ਆ ਰਿਹਾ ਹੈ, ਮੈਂ ਤਾਂ ਉਸੇ ਨੀਚਾਂ ਦੇ ਨੀਚ ਨੂੰ ਆਪਣਾ ਸਾਥੀ ਬਣਾਉਣ ਤੇ ਗਲ ਨਾਲ ਲਾਉਣਾ ਹੈ। ਸ਼ਾਇਦ ਭਾਰਤੀ ਸਾਹਿੱਤ ਵਿਚ ਇਸ ਤੋਂ ਵੱਧ ਕੋਈ ਇਨਕਲਾਬੀ ਸਤਰ ਨਹੀਂ ਲਿਖੀ ਗਈ:

> **ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
> **ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
> **ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥**

(ਸਿਰੀਰਾਗੁ ਮ: ੧, ਪੰਨਾ 15)

ਉਨ੍ਹਾਂ ਇਹ ਵੀ ਆਖਿਆ ਕਿ ਜਿਥੇ ਗ਼ਰੀਬ-ਗ਼ੁਰਬੇ ਦੀ ਜਿੰਦ ਨਿਮਾਣੀ ਵੱਸਦੀ ਹੈ, ਉਥੇ ਪਰਮੇਸ਼ਰ ਦੀ ਮਿਹਰਬਾਨੀ ਦੀ ਬੱਦਲੀ ਵੀ ਵਰਸਦੀ ਰਹਿੰਦੀ ਹੈ, ਕਿਸੇ ਉਰਦੂ ਸ਼ਾਇਰ ਨੇ ਇਸ ਦੀ ਵਿਆਖਿਆ ਇਉਂ ਕੀਤੀ ਹੈ:

ਜ਼ੁਲਮ ਦੇਖਾ ਤੋ ਸ਼ਹਿਨਸ਼ਾਹੋਂ ਕੀ ਹਸਤੀ ਮੇਂ,
ਖ਼ੁਦਾ ਦੇਖਾ ਤੋ ਗ਼ਰੀਬੋਂ ਕੀ ਬਸਤੀ ਮੇਂ।

ਗੁਰੂ ਸਾਹਿਬ ਨੇ ਇਹ ਗੱਲ ਆਖੀ ਹੀ ਨਹੀਂ, ਬਲਕਿ ਉਹ ਭਾਈ ਲਾਲੋ ਦੀ ਛਪਰੀ ਵਿਚ ਬਹਿ ਕੇ, ਕੋਧਰੇ ਦੀ ਰੋਟੀ 'ਤੇ ਗੁਜ਼ਾਰਾ ਕਰ ਕੇ, ਦੇਸ਼ ਦੇ ਭਵਿੱਖ ਦੀ ਦਰਦਨਾਕ ਗਾਥਾ ਗਾਉਂਦੇ ਰਹੇ ਤੇ ਭੰਡੇ ਬਾਢੀ ਨਾਲ ਮੰਜੀ ਉਣਾਉਂਦੇ ਰਹੇ। ਸਮਾਜ ਦੀ ਨਿਰਧਨ ਸ਼੍ਰੇਣੀ ਆਪ ਦੀ ਕ੍ਰਿਪਾਲਤਾ ਦਾ ਖ਼ਾਸ ਪਾਤਰ ਸੀ। ਇਕ ਵਾਰ ਕੋਈ ਜੰਗਲ ਵਿਚ ਮੱਝਾਂ ਗਊਆਂ ਦਾ ਪਾਲੀ ਮਿਲ ਗਿਆ। ਉਹ ਫ਼ਕੀਰੀ ਰੰਗ ਦੇਖ ਕੇ ਬਹੁਤ ਖ਼ੁਸ਼ ਹੋਇਆ ਤੇ ਦੁੱਧ ਚੋਅ ਕੇ ਲਿਆ ਮੂਹਰੇ ਧਰਿਆ। ਫਿਰ ਉਸ ਨੂੰ ਖ਼ਿਆਲ ਆਇਆ ਕਿ ਪਿੰਡ ਵਿਚ ਜਾ ਕੇ ਇਨ੍ਹਾਂ ਦੇ ਖਾਣ-ਪੀਣ ਲਈ ਕੁਝ ਲਿਆਵਾਂ। ਗੁਰੂ ਸਾਹਿਬ ਉਸ ਦੀ ਸ਼ਰਧਾ ਤੇ ਪ੍ਰੇਮ ਨੂੰ ਅੰਦਰੋਂ-ਅੰਦਰੀਂ ਵਾਚ ਰਹੇ ਸਨ। ਉਨ੍ਹਾਂ ਆਖਿਆ, "ਕਾਕਾ! ਤੇਰਾ ਪ੍ਰੇਮ ਪਿਆਰ ਹੀ ਵਧੀਆ ਪਕਵਾਨ ਹੈ ਤੇ ਤੂੰ ਸਾਡੀ ਨਿਗਾਹ ਵਿਚ ਸੁਲਤਾਨ ਹੈਂ।"

ਸੱਥਰੁ ਤੇਰਾ ਲੇਫ ਨਿਹਾਲੀ, ਭਾਉ ਤੇਰਾ ਪਕਵਾਨ।
ਨਾਨਕ ਸਿਫਤੀ ਤ੍ਰਿਪਤਿਆ, ਤੂੰ ਬਹੁ ਰੇ ਸੁਲਤਾਨ।

(ਪੁਰਾਤਨ ਜਨਮ ਸਾਖੀ)

ਇਸ ਤਰ੍ਹਾਂ ਗ਼ਰੀਬ ਨਿਵਾਜ਼ ਗੁਰੂ ਉਮਰ ਭਰ ਗ਼ਰੀਬਾਂ ਕਿਰਤੀਆਂ ਨੂੰ ਨਿਵਾਜਦੇ ਰਹੇ। ਜਦੋਂ ਮੌਕਾ ਆਇਆ ਤਾਂ ਬਾਬੇ ਬੁੱਢੇ ਵਰਗੇ ਕਿਰਤੀ ਕਿਸਾਨ ਦੇ ਜ਼ਿੰਮੇ ਇਹ ਪਵਿੱਤਰ ਫ਼ਰਜ਼ ਵੀ ਲਾਇਆ ਗਿਆ ਕਿ ਜਦੋਂ ਵੀ ਕੋਈ ਗੁਰਿਆਈ ਦੀ ਗੱਦੀ ਉੱਤੇ ਬੈਠੇ ਤਾਂ ਤਿਲਕ ਤੂੰ ਲਾਉਣਾ ਹੋਵੇਗਾ, ਬ੍ਰਾਹਮਣਾਂ ਦਾ ਵੇਲਾ ਪੁੱਗ ਗਿਆ। ਗੁਰੂ-ਘਰ ਵਿਚ ਇਹੋ ਰੀਤਿ ਪ੍ਰਵਾਣ ਤੇ ਪ੍ਰਧਾਨ ਰਹੀ। ਬਾਬੇ ਨਾਨਕ ਨੇ ਜੋ ਪੂਰਨੇ ਪਾਏ, ਬਾਕੀ ਗੁਰੂ ਵੀ ਉਸੇ ਗਾਡੀਰਾਹ ਉੱਤੇ ਚੱਲਦੇ ਰਹੇ:

ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ, ਪੈਰਾਂ ਉਪਰਿ ਸੀਸੁ ਨਿਵਾਇਆ।

(ਵਾਰ ੧, ਪਉੜੀ 23)

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੱਦੀ ਉੱਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਐਲਾਨੀਆ ਕਿਹਾ ਕਿ ਮੈਂ ਆਇਆ ਹੀ ਸ਼ੂਦਰਾਂ ਨੂੰ ਸਰਦਾਰੀ ਦੇਣ ਲਈ ਹਾਂ, ਇਸ ਤੋਂ ਉਪਰ ਹੋਰ ਕੋਈ ਧਰਮ ਕਰਮ ਨਹੀਂ:

ਨਾਮ ਗ੍ਰੀਬ ਨਿਵਾਜ਼ ਹਮਾਰਾ। ਹੈ ਜਗ ਮਹਿ ਪ੍ਰਸਿੱਧ ਅਪਾਰਾ।
ਸੋ ਸਫਲਾ ਜਗ ਮਹਿ ਤਬ ਥੈ ਹੈ। ਲਘੁ ਜਾਤਿਨ ਕੋ ਬਡਪਨ ਦੈ ਹੈ।
ਜਿਨ ਕੀ ਜਾਤਿ ਵਰਣ ਕੁਲ ਮਾਹੀ। ਸਰਦਾਰੀ ਨਹਿੰ ਭਈ ਕਦਾਹੀਂ।
ਇਨਹੀ ਕੋ ਸਰਦਾਰ ਬਨਾਵੋਂ। ਤਬੀ ਗੋਬਿੰਦ ਸਿੰਘ ਨਾਮ ਸਦਾਵੋਂ।

(ਗਿ: ਗਿਆਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼)

ਭਾਈ ਰਤਨ ਸਿੰਘ ਭੰਗੂ ਨੇ ਆਪਣੇ *ਪੰਥ ਪ੍ਰਕਾਸ਼* ਵਿਚ ਛੋਟੀਆਂ ਜਾਤਾਂ ਦੀ ਲੰਮੀ ਲਿਸਟ ਵੀ ਦਿੱਤੀ ਹੈ ਕਿ ਗੁਰੂ ਨੇ ਇਹ ਪ੍ਰਤਿੱਗਿਆ ਕੀਤੀ ਹੈ ਕਿ ਮੈਂ ਇਨ੍ਹਾਂ

ਸਾਰੇ ਨਿਮਾਣੇ ਨਿਤਾਣੇ ਲੋਕਾਂ ਨੂੰ ਪਾਤਸ਼ਾਹੀ ਦੇਣ ਆਇਆ ਹਾਂ। ਦੁਨੀਆਂ ਯਾਦ ਕਰੇਗੀ ਕਿ ਕੋਈ ਸੱਖਣੇ ਸਿਰਾਂ 'ਤੇ ਕਲਗੀਆਂ ਸਜਾਉਣ ਆਇਆ ਸੀ। ਇਹ ਬਚਨ ਵੀ ਸੁਣਨ ਲਾਇਕ ਹਨ ਕਿ ਗੁਰੂ ਨੂੰ ਕਿਸ ਕਿਸ ਦੀ ਚਿੰਤਾ ਸੀ।

ਜੱਤ ਸਨਾਤਿ ਔਰ ਬਾਰਹ ਜਾਤ।
ਜਾਨੈ ਨਹਿ ਰਾਜਨੀਤ ਕੀ ਬਾਤ।
'ਜੱਟ ਬੂਟ' ਕਹਿ ਜਿਹ ਜਗ ਮਾਹੀ।
ਬਨੀਏ ਬਕ ਕਿਰਾੜ ਖੱਤ੍ਰੀ ਸਦਾਈ।੧੦।
ਲੁਹਾਰ ਤ੍ਰਖਾਣ ਹੁਤ ਜਾਤਿ ਕਮੀਨੀ।
ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ।
ਗੁੱਜਰ ਗੁਾਰ ਅਹੀਰ ਕਮਜਾਤ।
ਕੰਬੋਇ ਸੂਦਨ ਕੋਇ ਪੁਛੈ ਨ ਬਾਤ।
ਝੀਵਰ, ਨਾਈ ਅਰੋੜੇ ਘੁਮਿਆਰ।
ਸਾਇਣੀ ਸੁਨਿਆਰੇ, ਚੂੜ੍ਹੇ ਚਮਿਆਰ।
ਭੱਟ ਔ ਬ੍ਰਾਹਮਣ ਹੁਤੇ ਮੰਗਵਾਰ।
ਬਹੁਰੂਪੀਏ, ਲੁਬਾਣੇ ਔ ਬਟਵਾਲ।
ਇਨ ਗ੍ਰੀਬ ਸਿਖਨ ਕੋ ਦੇੱਯੇ ਪਾਤਸ਼ਾਹੀ।
ਏ ਯਾਦ ਰਖੈ ਹਮਰੀ ਗੁਰਿਆਈ।੨੩। *(ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼)*

ਇਸ ਤਰ੍ਹਾਂ ਦੂਰ-ਅੰਦੇਸ਼ ਦਾਨੇ ਗੁਰੂਆਂ ਨੇ ਦਲਿਤ ਲੋਕਾਂ ਨੂੰ ਦਲੇਰ ਸ਼ੇਰ ਬਣਾ ਕੇ ਸ਼ਹਿਨਸ਼ਾਹੀਅਤ ਨਾਲ ਟਕਰਾਇਆ। ਹੋਰ ਇਨਕਲਾਬ ਕੀ ਹੁੰਦਾ ਹੈ। ਧਰਮ ਦੇ ਖੇਤਰ ਵਿਚ ਬ੍ਰਾਹਮਣੀ ਸਾਜ਼ਸ਼ ਤੇ ਰਾਜ ਦੇ ਖੇਤਰ ਵਿਚ ਮੁਗ਼ਲ ਸ਼ਹਿਨਸ਼ਾਹੀਅਤ ਦੋਹਾਂ ਨੂੰ ਵੰਗਾਰ ਕੇ ਥਾਂ ਮਾਰਿਆ। ਲੋਕੀਂ ਇਹ ਕਾਰਨਾਮਾ ਦੇਖ ਕੇ ਅਸ਼ ਅਸ਼ ਕਰ ਉੱਠੇ ਕਿ ਇਹ ਗ਼ਰੀਬ ਚੇਲਿਆਂ ਨੂੰ ਗੁਰੂ ਬਣਾਉਣ ਵਾਲਾ ਕਾਮਲ ਮਰਦ ਸੱਚਮੁੱਚ ਧੰਨਤਾ ਦੇ ਯੋਗ ਹੈ:

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ। *(ਵਾਰ ਭਾਈ ਗੁਰਦਾਸ, ਪਉੜੀ 17)*

ਇਥੇ ਹੀ ਬਸ ਨਹੀਂ ਹੋਈ, ਸਗੋਂ ਦਸਮ ਪਾਤਸ਼ਾਹ ਨੇ ਇਨ੍ਹਾਂ ਗ਼ਰੀਬ ਕਿਰਤੀ ਸਿੱਖਾਂ ਦੀ ਮਹਿਮਾ ਕਰਦਿਆਂ ਇਹ ਹਕੀਕਤ ਵੀ ਉਜਾਗਰ ਕਰ ਦਿੱਤੀ ਕਿ ਇਹ ਲੋਕ, ਰਾਜ ਤੇ ਸਮਾਜ ਦੇ ਸਿਰਜਣਹਾਰ ਹੀ ਨਹੀਂ, ਬਲਕਿ ਮੇਰੇ ਵਰਗੇ ਕੀਟਾਂ ਦੇ ਸਾਜਨਹਾਰ ਵੀ ਇਹੋ ਹੀ ਹਨ, ਕਿਉਂਕਿ ਜੋ ਕੋਈ ਆਗੂ ਬਣਦਾ ਹੈ, ਉਹ ਵੀ ਇਨ੍ਹਾਂ ਦੇ ਸਹਿਯੋਗ ਸਦਕੇ ਹੀ ਇਹ ਰੁਤਬਾ ਪਾਉਂਦਾ ਹੈ:

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੈ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕਰੋਰ ਪਰੇ॥

(ਸਵੱਯੇ ਪਾ: ੧੦)

ਧਾਰਮਿਕ ਤੇ ਰਾਜਨੀਤਕ ਖੇਤਰ ਵਿਚ ਗ਼ਰੀਬ ਜਨਤਾ ਦੀ ਇਤਨੀ ਮਹਿਮਾ ਕਿਸੇ ਹੋਰ ਪੀਰ ਪੈਗ਼ੰਬਰ ਜਾਂ ਅਵਤਾਰ ਨੇ ਨਹੀਂ ਕੀਤੀ। ਹਰ ਆਗੂ ਸਾਰੀ ਕਾਰਗੁਜ਼ਾਰੀ ਦਾ ਸਿਹਰਾ ਆਪਣੇ ਸਿਰ ਹੀ ਬੰਨ੍ਹਦਾ ਰਿਹਾ, ਪਰ ਸਤਿਗੁਰਾਂ ਸਾਰੀ ਵਡਿਆਈ ਜਨਤਾ ਨੂੰ ਦਿੱਤੀ। ਫਿਰ ਉਨ੍ਹਾਂ ਸਾਰੀ ਸੱਤਾ ਸਿੱਧਿਆਂ, ਖ਼ੁਦ ਜਨਤਾ ਨੂੰ ਸੌਂਪ ਕੇ ਖ਼ੁਸ਼ੀ ਮਨਾਈ ਤੇ ਬੁਲੰਦ ਆਵਾਜ਼ ਨਾਲ ਕਿਹਾ :

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥
ਖ਼ਾਲਸੇ ਮਹਿ ਹੌ ਕਰੌ ਨਿਵਾਸ॥
ਖ਼ਾਲਸਾ ਮੇਰੋ ਪਿੰਡ ਪਰਾਨ॥
ਖ਼ਾਲਸਾ ਮੇਰੀ ਜਾਨ ਕੀ ਜਾਨ॥ *(ਸਰਬ ਲੋਹ, ਗ੍ਰੰਥ)*

ਗੁਰੂਆਂ, ਸਾਹਿੱਤ ਤੇ ਮਨੁੱਖਤਾ ਉੱਤੇ ਇਕ ਹੋਰ ਮਿਹਰਬਾਨੀ ਵੀ ਕੀਤੀ ਕਿ ਅਜੇ ਵੀ ਇਨਕਲਾਬੀ ਬਾਣੀ ਲਿਖਣ ਵਾਲੇ ਤੇ ਜ਼ਿੰਦਗੀ ਨੂੰ ਸੱਚ ਦਾ ਰਾਹ ਦੱਸਣ ਵਾਲੇ ਸ਼ੂਦਰ ਮਹਾਂਪੁਰਸ਼ਾਂ ਦੇ ਬਚਨ ਵੀ ਸਾਡੇ ਲਈ ਸੰਭਾਲ ਦਿੱਤੇ ਤਾਂ ਕਿ ਦੁਨੀਆਂ ਜਾਣੇ ਕਿ ਸਾਰੇ ਧਾਰਮਿਕ ਗਿਆਨ ਦਾ ਠੇਕਾ ਸਿਰਫ਼ ਬ੍ਰਾਹਮਣ ਆਦਿਕ ਸੁਵਰਨ ਜਾਤੀਆਂ ਪਾਸ ਹੀ ਨਹੀਂ, ਗ਼ਰੀਬ ਕਿਰਤੀ ਵੀ ਇਸ ਮਾਣ ਦੇ ਵੱਧ ਅਧਿਕਾਰੀ ਹਨ। ਕਬੀਰ ਸਾਹਿਬ ਬੜੇ ਨਿਧੜਕਤਾ ਨਾਲ ਕਹਿੰਦੇ ਹਨ ਕਿ ਕੀ ਰੱਬ ਨੇ ਬ੍ਰਾਹਮਣ ਦੇ ਪਿੰਡੇ ਵਿਚ ਦੁੱਧ ਪਾਇਆ ਹੋਇਆ ਹੈ ਤੇ ਸਾਡੇ ਵਿਚ ਲਹੂ ? ਸਚਾਈ ਇਹ ਹੈ ਕਿ ਅਸੀਂ ਸਾਰੇ ਹੀ ਬ੍ਰਹਮ ਦੀ ਅੰਸ਼ ਹਾਂ ਤੇ ਇਲਾਹੀ ਨੂਰ ਦਾ ਜ਼ਹੂਰ ਹਾਂ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥ *(ਗਉੜੀ ਕਬੀਰ ਜੀ, ਪੰਨਾ 324)*

ਇਸੇ ਤਰ੍ਹਾਂ ਭਗਤ ਨਾਮਦੇਵ ਜੀ ਨੇ ਆਪ-ਬੀਤੀ ਦੱਸਦਿਆਂ ਇਹ ਗੱਲ ਆਖੀ ਕਿ ਪਾਂਡਿਆਂ ਮੈਨੂੰ ਸ਼ੂਦਰ ਸ਼ੂਦਰ ਆਖ ਕੇ ਮੰਦਰ ਵਿੱਚੋਂ ਕੱਢਿਆ ਸੀ। ਹੋਰ ਮੇਰਾ ਕੋਈ ਕਸੂਰ ਨਹੀਂ ਸੀ, ਮੈਂ ਆਪਣਾ ਦੁੱਖ ਆਪਣੇ ਮਾਲਕਾਂ ਨੂੰ ਦੱਸਿਆ ਕਿ ਇਹ ਤੇਰੇ ਪਾਂਡੇ ਮੈਨੂੰ ਢੇਡ, ਨੀਚ ਕਹਿ ਕੇ ਭੰਡ ਰਹੇ ਹਨ। ਮੇਰਾ ਤਾਂ ਇਸ ਨਾਲ ਕੁਝ ਨਹੀਂ ਵਿਗੜਦਾ, ਤੇਰੀ ਸ਼ਾਨ ਨੂੰ ਹੀ ਵੱਟਾ ਲੱਗ ਰਿਹਾ ਹੈ। ਕਰਤਾਰ ਨੇ ਇਹ ਪੁਕਾਰ ਸੁਣੀ ਤੇ ਪਾਂਡਿਆਂ ਨੂੰ ਠਿੱਠ ਕਰਨ ਲਈ ਮੰਦਰ ਦਾ ਦੁਆਰ ਹੀ ਨਾਮੇ ਭਗਤ ਵੱਲ ਕਰ ਦਿੱਤਾ।

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥

ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ ॥
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥

(ਮਲਾਰ ਨਾਮਦੇਵ ਜੀ, ਪੰਨਾ 1292)

ਇਸ ਘਟਨਾ ਤੋਂ ਜ਼ਾਹਰ ਹੁੰਦਾ ਹੈ ਕਿ ਸਚਾਈ ਸਦਾ ਗ਼ਰੀਬ ਕਿਰਤੀ ਵੱਲ ਰਹੀ ਹੈ ਤੇ ਪ੍ਰਪੰਚੀ ਧਰਮੀ ਸਦਾ ਮੂੰਹ ਦੀ ਖਾਂਦੇ ਰਹੇ ਹਨ।

ਭਗਤ ਰਵਿਦਾਸ ਜੀ ਨੇ ਵੀ ਆਪਣੇ ਕਈ ਤਜਰਬੇ ਬਾਣੀ ਵਿਚ ਅੰਕਿਤ ਕਰ ਕੇ ਸਾਨੂੰ ਦੱਸਿਆ ਹੈ ਕਿ ਅਸਾਡੀ ਹਾਲਤ ਤਾਂ ਉਸ ਬਾਦਸ਼ਾਹ ਵਰਗੀ ਹੈ, ਜਿਸ ਨੂੰ ਸਿੰਘਾਸਨ 'ਤੇ ਬੈਠਿਆਂ ਕਿਤੇ ਨੀਂਦ ਆ ਜਾਵੇ ਤੇ ਉਹ ਸੁਪਨੇ ਵਿਚ ਭਿਖਾਰੀ ਬਣ ਕੇ ਮੰਗਦਾ ਫਿਰੇ। ਦਰਅਸਲ ਐਸਾ ਨਹੀਂ ਹੈ। ਜੇ ਰੱਬ ਸੋਨਾ ਹੈ ਤਾਂ ਅਸੀਂ ਵੀ ਉਸੇ ਸੋਨੇ ਦੇ ਕੰਗਣ ਹਾਂ। ਜੇ ਰੱਬ ਨਿਰਮਲ ਜਲ ਦਾ ਸਾਗਰ ਹੈ ਤਾਂ ਅਸੀਂ ਉਸੇ ਦੀਆਂ ਜਲ-ਤਰੰਗਾਂ ਹਾਂ। ਅਸੀਂ ਭੁੱਲਾਂ ਦਾ ਸ਼ਿਕਾਰ ਹੋ ਕੇ ਆਪਣਾ ਗੌਰਵ ਗੁਆ ਬਹਿੰਦੇ ਹਾਂ, ਪਰ ਸਾਡਾ ਸਰਬ-ਸਾਂਝਾ ਪਿਤਾ ਇਤਨਾ ਮਿਹਰਬਾਨ ਹੈ ਕਿ ਉਹ ਸਾਡੇ ਵਰਗੇ ਸ਼ੂਦਰਾਂ ਦੇ ਸੀਸ ਉੱਤੇ ਛਤਰ ਝੁਲਾ ਕੇ ਪ੍ਰਸੰਨ ਹੁੰਦਾ ਹੈ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥

(ਮਾਰੂ ਰਵਿਦਾਸ ਜੀ, ਪੰਨਾ 1106)

ਹੁਣ ਸਮਾਂ ਆ ਗਿਆ ਹੈ ਕਿ ਸੱਚੇ ਧਾਰਮਿਕ ਪੁਰਸ਼ ਤੇ ਸੁਹਿਰਦ ਸਾਹਿੱਤਕਾਰ ਜਿਹੜੇ ਨਿਮਾਣੇ ਨਿਤਾਣੇ ਗ਼ਰੀਬ ਕਿਰਤੀਆਂ ਦਾ ਪੱਖ ਪੂਰਦੇ ਰਹੇ ਹਨ, ਉਹ ਸ਼ਾਹੀ ਸਿੰਘਾਸਨ 'ਤੇ ਬੈਠਣ। ਇਹ ਕੋਈ ਰਵਾਇਤ ਵਾਲੀ ਗੱਲ ਨਹੀਂ, ਇਹ ਤਾਂ ਉਨ੍ਹਾਂ ਦਾ ਅਧਿਕਾਰ ਹੈ ਜੋ ਦੇਰ ਬਾਅਦ ਮਿਲ ਰਿਹਾ ਹੈ। ਮਾਲਕ ਦੀ ਖੇਡ ਐਸੀ ਹੈ ਕਿ ਉਹ ਇਹ ਸਭ ਕੁਝ ਖਿਨਾਂ ਪਲਾਂ ਵਿਚ ਕਰ ਸਕਦਾ ਹੈ। ਗੁਰਵਾਕ ਹੈ:

ਖਿਨ ਮਹਿ ਨੀਚ ਕੀਟ ਕਉ ਰਾਜ ॥
ਪਾਰਬ੍ਰਹਮ ਗਰੀਬ ਨਿਵਾਜ ॥ *(ਗਉੜੀ ਸੁਖਮਨੀ ਮ: ੫, ਪੰਨਾ 277)*

ਇਸ ਸਮੇਂ ਜਿਥੇ ਸਮੂਹ ਕਿਰਤੀ ਵਰਗ ਨੂੰ ਜਥੇਬੰਦ ਹੋਣ ਦੀ ਲੋੜ ਹੈ, ਉਥੇ ਸਿਆਸੀ ਸ਼ਤਰੰਜਬਾਜ਼ਾਂ ਦੀਆਂ ਸਾਜ਼ਸ਼ਾਂ ਤੋਂ ਵੀ ਸਾਵਧਾਨ ਹੋਣਾ ਅਤਿ ਜ਼ਰੂਰੀ ਹੈ। ਸਾਨੂੰ ਸਮਾਜ-ਸ਼ਾਸਤਰੀ ਦੱਸਦੇ ਹਨ ਕਿ ਜਮਾਤੀ-ਆਚਰਣ ਇਕ ਦਿਨ ਵਿਚ ਨਹੀਂ ਬਦਲਦੇ। ਸੋ, ਜਿਨ੍ਹਾਂ ਜਾਤਾਂ ਨੇ ਘੱਟ ਗਿਣਤੀ ਵਿਚ ਹੋ ਕੇ, ਵੱਧ ਤਾਕਤ ਦਾ ਰੰਗ ਮਾਣਿਆ ਹੈ, ਉਨ੍ਹਾਂ ਦੇ ਛਲ ਫ਼ਰੇਬਾਂ ਤੋਂ ਅਜੇ ਵੀ ਬਚਣ ਦੀ ਜ਼ਰੂਰਤ ਹੈ, ਤਾਂ ਹੀ ਅਸੀਂ ਮੰਜ਼ਲ 'ਤੇ ਪਹੁੰਚ ਸਕਦੇ ਹਾਂ।

ਸਤਲੁਜ ਕੰਢੇ ਦੋ ਬਾਬਿਆਂ ਦੀ ਮੁਲਾਕਾਤ

ਅੱਜ ਤੋਂ ਸੱਤ ਅੱਠ ਸਦੀਆਂ ਪਹਿਲਾਂ ਸਤਲੁਜ ਦਰਿਆ ਦੇ ਕੰਢੇ, ਆਸਾ ਦੇਸ ਵਿਚ, ਅਜੋਧਨ (ਪਾਕਪਟਨ) ਨਗਰੀ ਲਾਗੇ ਇਕ ਵੱਡਾ ਪੱਤਣ ਸੀ, ਜਿਥੋਂ ਦੀ ਦਰਿਆ (ਸਤਲੁਜ) ਪਾਰ ਕੀਤਾ ਜਾਂਦਾ ਸੀ ਤੇ ਇਹ ਪੱਤਣ ਬਾਬਾ ਫ਼ਰੀਦ ਜੀ ਵਰਗੇ ਸੂਫ਼ੀ ਦਰਵੇਸ਼ ਦੀ ਚਰਨ-ਛੁਹ ਸਦਕਾ ਪਵਿੱਤਰ 'ਪਾਕ-ਪਟਨ' ਕਹਾਇਆ। ਇਸ ਥਾਂ ਬਾਬਾ ਫ਼ਰੀਦ ਜੀ ਨੇ ਕਾਫ਼ੀ ਉਮਰ ਗੁਜ਼ਾਰੀ ਸੀ ਅਤੇ ਆਪਣੀ ਅਧਿਆਤਮਕ ਤੇ ਸਦਾਚਾਰਕ ਸਿੱਖਿਆ ਦਾ ਦਰਿਆ ਵਗਾਇਆ ਸੀ।

ਜਦੋਂ ਗੁਰੂ ਨਾਨਕ ਸਾਹਿਬ ਪਾਕਪਟਨ ਪਹੁੰਚੇ ਤਾਂ ਬਾਬੇ ਫ਼ਰੀਦ ਜੀ ਦੀ ਗੱਦੀ ਦਾ ਜਾਨਸ਼ੀਨ ਸ਼ੇਖ਼ ਇਬ੍ਰਾਹੀਮ ਸੀ; ਉਹ ਗੁਰੂ ਸਾਹਿਬ ਵਰਗੇ ਉੱਚੇ ਦਰਵੇਸ਼ ਮਹਾਂਪੁਰਸ਼ ਦਾ ਦਰਸ਼ਨ ਕਰ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਨਾਨਕ ਸਾਹਿਬ ਰਬਾਬ ਨਾਲ ਤੌਹੀਦ ਦੀਆਂ ਇਹ ਸਤਰਾਂ ਅਲਾਪ ਰਹੇ ਸਨ:

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ *(ਵਾਰ ਮਲਾਰ ਮ: ੧, ਪੰਨਾ 1291)*

ਸ਼ੇਖ਼ ਇਬ੍ਰਾਹੀਮ ਨੇ ਸਵਾਲ ਕੀਤਾ ਕਿ ਤੁਸੀਂ ਇਕ ਇਕ ਦੀ ਧੁਨਿ ਲਾ ਰਹੇ ਹੋ, ਪਰ ਹਿੰਦੂ ਆਖਦੇ ਹਨ ਕਿ ਅਸਾਡਾ ਰਾਮ ਹੋਰ ਹੈ ਤੇ ਮੁਸਲਮਾਨ ਕਹਿੰਦੇ ਹਨ ਕਿ ਅਸਾਡਾ ਅੱਲ੍ਹਾ ਹੋਰ ਹੈ, ਇਹ ਤਾਂ ਦੋ ਰੱਬ ਹੋ ਗਏ, ਅਸੀਂ ਕਿਸ ਨੂੰ ਧਿਆਈਏ:

ਏਕ ਸਾਹਿਬ ਤੇ ਦੁਇ ਹਦੀਂ, ਕਿਹੜਾ ਸੇਵੀ ਤੇ ਕਿਹੜਾ ਰੱਦੀ।

ਗੁਰੂ ਸਾਹਿਬ ਦਾ ਜਵਾਬ ਸੀ:

ਹਿਕੋ ਸਾਹਿਬੁ ਹਿਕਾ ਹਦਿ, ਹਿਕੋ ਸੇਵਿ ਤੇ ਦੂਜਾ ਰਦਿ।

ਉਸ ਸਮੇਂ ਦੇਸ ਵਿਚ 'ਵਾਰ' ਕਾਵਿ-ਰੂਪ ਬੜਾ ਪ੍ਰਚੱਲਤ ਸੀ ਤਾਂ ਸ਼ੇਖ਼ ਇਬ੍ਰਾਹੀਮ ਨੇ ਕਿਹਾ, "ਅਸਾਨੂੰ ਖ਼ੁਦਾ ਦੀ ਸਿਫ਼ਤ ਦੀ ਵਾਰ ਹੀ ਗਾ ਕੇ ਸੁਣਾਓ। ਕਿਉਂਕਿ ਵਾਰ-ਰਚਨਾ ਲਈ ਦੁਂਹ ਦਾ ਹੋਣਾ ਜ਼ਰੂਰੀ ਹੈ—ਇਕ ਨਾਇਕ, ਇਕ ਪ੍ਰਤਿਨਾਇਕ। ਤੁਸੀਂ ਆਖਦੇ ਹੋ ਕਿ ਰੱਬ ਇਕ ਹੀ ਹੈ, ਫਿਰ ਜਦ ਵਾਰ-ਰਚਨਾ ਕਰੋਗੇ ਤਾਂ ਦੂਜਾ ਕਿਸ ਨੂੰ ਖੜਾ ਕਰੋਗੇ ਜਦੋਂ ਕਿ ਦੂਜਾ ਕੋਈ ਹੈ ਹੀ ਨਹੀਂ।" ਇਸ ਦੇ ਜਵਾਬ ਵਿਚ ਸਤਿਗੁਰਾਂ 'ਆਸਾ ਦੀ ਵਾਰ' ਇਸੇ ਆਸਾ ਦੇਸ਼ ਦੀ ਧੁਨਿ ਵਿਚ ਗਾ ਕੇ ਉਚਾਰੀ ਜਿਸ ਤੋਂ ਸ਼ੇਖ਼ ਇਬ੍ਰਾਹੀਮ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਨੇ ਆਪਣੇ ਬਜ਼ੁਰਗ

ਬਾਬਾ ਫ਼ਰੀਦ ਦਾ ਕਲਾਮ ਵੀ ਸਤਿਗੁਰਾਂ ਦੇ ਭੇਟ ਕੀਤਾ। ਗੁਰੂ ਸਾਹਿਬ ਬਹੁਤ ਖ਼ੁਸ਼ ਹੋਏ, ਕਿਉਂਕਿ ਉਹ ਐਸੇ ਰੂਹਾਨੀ ਕਲਾਮ ਦੀ ਤਲਾਸ਼ ਵਿਚ ਸਨ।

(ੳ) ਬਾਬਾ ਫ਼ਰੀਦ ਜੀ ਨੇ ਕਿਸੇ ਸਮੇਂ ਚਿੰਤਾਤੁਰ ਹੋ ਕੇ ਲਿਖਿਆ ਸੀ ਕਿ ਜਦੋਂ ਸਮਾਂ ਸੀ, ਉਦੋਂ ਬੇੜਾ ਤਿਆਰ ਨਹੀਂ ਕੀਤਾ, ਹੁਣ ਜਦੋਂ ਦਰਿਆ ਚੜ੍ਹ ਰਿਹਾ ਹੈ ਤੇ ਡਰਾਉਣੀਆਂ ਲਹਿਰਾਂ ਪਾਰ ਜਾਣੋਂ ਵਰਜ ਰਹੀਆਂ ਹਨ ਤਾਂ ਪਰਲੇ ਕਿਨਾਰੇ ਕੌਣ ਪੁੱਜ ਸਕੇਗਾ? ਜੇਕਰ ਆਪਣੇ ਮਾਲਕ ਨਾਲ ਮਿਲਾਪ ਵੀ ਨਾ ਹੋ ਸਕਿਆ ਤਾਂ ਫਿਰ ਕੁੱਖ ਹਰੀ ਨਹੀਂ ਹੋਵੇਗੀ ਤੇ ਛਾਤੀਆਂ ਵਿਚ ਦੁੱਧ ਕਿਥੋਂ ਆਉਣਾ ਹੈ। ਕੁਝ ਏਸ ਕਿਸਮ ਦੇ ਫ਼ਿਕਰੇ ਬਾਬੇ ਫ਼ਰੀਦ ਦੇ ਉਸ ਹੂਕਾਂ ਭਰੇ ਗੀਤ ਵਿਚ ਰੂਹ ਨੂੰ ਫ਼ਿਕਰ ਲਾਉਂਦੇ ਦਿਸਦੇ ਸਨ:

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥

(ਸੂਹੀ ਫਰੀਦ ਜੀ, ਪੰਨਾ 794)

ਗੁਰੂ ਨਾਨਕ ਸਾਹਿਬ ਐਸੀ ਨਿਰਾਸਤਾ ਨੂੰ ਨੇੜੇ ਫਟਕਣ ਨਹੀਂ ਸੀ ਦਿੰਦੇ। ਉਨ੍ਹਾਂ ਆਖਿਆ, ਕੋਈ ਗੱਲ ਨਹੀਂ, ਜੇ ਬੇੜਾ ਸਮੇਂ ਸਿਰ ਤਿਆਰ ਨਹੀਂ ਕੀਤਾ ਜਾ ਸਕਿਆ ਤਾਂ ਹੁਣ ਵੀ ਵੇਲਾ ਹੈ ਕਿ ਇਸ ਬੇੜੇ ਨੂੰ ਬੰਨ੍ਹਣ ਦਾ ਉੱਦਮ ਕੀਤਾ ਜਾਵੇ ਤੇ ਪਾਰ ਬੈਠੇ ਸੱਜਣ ਨੂੰ ਮਿਲਣ ਦਾ ਉਪਰਾਲਾ ਕੀਤਾ ਜਾਵੇ:

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥

(ਸੂਹੀ ਮ: ੧, ਪੰਨਾ 729)

(ਅ) ਫਿਰ ਬਾਬੇ ਫ਼ਰੀਦ ਜੀ ਨੇ ਤਾੜਨਾ ਕੀਤੀ ਕਿ ਰਾਤ ਦੇ ਪਹਿਲੇ ਪਹਿਰ ਰੂਹਾਨੀਅਤ ਦਾ ਫੁੱਲ ਖਿੜਦਾ ਤੇ ਦੂਜੇ ਪਹਿਰ ਫਲ ਲੱਗਦਾ ਹੈ। ਜੋ ਜਾਗਦੇ ਹਨ, ਕੇਵਲ ਉਹੋ ਇਸ ਦਾਤਿ ਤੋਂ ਲਾਹਾ ਲੈ ਸਕਦੇ ਹਨ:

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥ *(ਸਲੋਕ ਫਰੀਦ ਜੀ, ਪੰਨਾ 1384)*

ਬਾਬੇ ਨਾਨਕ ਨੇ ਕਿਹਾ ਕਿ ਮਾਯੂਸ ਹੋਣ ਵਾਲੀ ਕੋਈ ਗੱਲ ਨਹੀਂ। ਠੀਕ ਹੈ ਕਿ ਸਾਰੇ ਲੋਕ ਪਹਿਲੇ ਜਾਂ ਦੂਜੇ ਪਹਿਰ ਜਾਗ ਨਹੀਂ ਸਕਦੇ, ਪਰ ਇਹ ਵੀ ਗੱਲ ਯਾਦ ਰੱਖਣ ਵਾਲੀ ਹੈ ਕਿ ਮਾਲਕ ਬੜਾ ਮਿਹਰਵਾਨ ਹੈ, ਕਈ ਵਾਰ ਉਹ ਸੁੱਤਿਆਂ ਨੂੰ ਹਲੂਣਾ ਦੇ ਕੇ ਖ਼ੁਦ ਉਠਾ ਲੈਂਦਾ ਹੈ ਤੇ ਆਪਣੇ ਨਾਮ ਦਾ ਜਾਮ ਪਿਲਾ ਦਿੰਦਾ ਹੈ। ਇਹ ਉਸ ਦੀ ਦਾਤਿ ਹੈ, ਸਾਡੇ ਤਪ ਤੇ ਸਾਡੀ ਘਾਲ ਦਾ ਸਿੱਟਾ ਨਹੀਂ:

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਇਕਿ ਜਾਗੰਦੇ ਨਾ ਲਹਨਿ੍ ਇਕਨਾ ਸੁਤਿਆ ਦੇਇ ਉਠਾਲਿ ॥

(ਸਲੋਕ ਫਰੀਦ ਜੀ, ਪੰਨਾ 1384)

(ੲ) ਫ਼ਿਰ ਬਾਬਾ ਫ਼ਰੀਦ ਜੀ ਨੇ ਆਖਿਆ ਕਿ ਮੈਂ ਆਪਣੇ ਜਿਸਮ ਨੂੰ ਤੰਦੂਰ

ਵਾਂਗ ਤਾਪਣ ਲਈ ਤਿਆਰ ਹਾਂ ਤੇ ਇਸ ਵਿਚ ਆਪਣੇ ਹੱਡਾਂ ਦਾ ਬਾਲਣ ਵੀ ਪਾ ਸਕਦਾ ਹਾਂ। ਮੈਂ ਉਸ ਦੀ ਰਾਹ 'ਤੇ ਪੈਰਾਂ ਦੀ ਥਾਂ ਸਿਰ ਭਾਰ ਹੋ ਕੇ ਵੀ ਚੱਲਣ ਲਈ ਤਿਆਰ ਹਾਂ, ਬਸ਼ਰਤਿ ਕਿ ਮੇਰਾ ਮਹਿਬੂਬ ਮੈਨੂੰ ਮਿਲ ਜਾਵੇ:

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥ *(ਸਲੋਕ ਫਰੀਦ ਜੀ, ਪੰਨਾ 1384)*

ਬਾਬੇ ਨਾਨਕ ਨੇ ਕਿਹਾ ਕਿ ਫ਼ਰੀਦ ਜੀ! ਤੁਸੀਂ ਇਤਨੀ ਖੇਚਲ ਕਿਉਂ ਕਰਦੇ ਹੋ? ਇਸ ਤਨ ਨੂੰ ਤੰਦੂਰ ਬਣਾਉਣ ਦੀ ਲੋੜ ਨਹੀਂ ਤੇ ਨਾ ਹੀ ਹੱਡੀਆਂ ਦਾ ਬਾਲਣ ਕਰਨਾ ਸ਼ੋਭਦਾ ਹੈ। ਸਾਡੇ ਸਿਰ ਪੈਰ ਨੇ ਕੀ ਵਿਗਾੜਿਆ ਹੈ ਕਿ ਅਸੀਂ ਇਨ੍ਹਾਂ ਨੂੰ ਮਿੱਟੀ ਘੱਟੇ ਰੋਲੀਏ। ਤੁਸੀਂ ਧਿਆਨ ਲਾ ਕੇ ਦੇਖੋ, ਮਾਲਕ ਕਿਤੇ ਬਾਹਰ ਦੂਰ ਨਹੀਂ, ਉਹ ਤਾਂ ਤੁਹਾਡੇ ਅੰਦਰ ਹੀ ਹੈ, ਤੁਸੀਂ ਆਪਣੇ ਅੰਦਰ ਝਾਤੀ ਮਾਰੋ ਤਾਂ ਤੁਹਾਨੂੰ ਉਸ ਦਾ ਦੀਦਾਰ ਹੋ ਜਾਵੇਗਾ:

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥
(ਸਲੋਕ ਫਰੀਦ ਜੀ, ਪੰਨਾ 1384)

(ਸ) ਬਾਬੇ ਫ਼ਰੀਦ ਜੀ ਨੇ ਕਿਹਾ ਕਿ ਮੈਂ ਇਕ ਰਾਤ ਵੀ ਉਸ ਤੋਂ ਵਿਛੜਨਾ ਬਰਦਾਸ਼ਤ ਨਹੀਂ ਕਰ ਸਕਦਾ, ਦੋਹਾਗਣੀਆਂ ਪਤਾ ਨਹੀਂ ਕਿਵੇਂ ਸਮਾਂ ਲੰਘਾਉਂਦੀਆਂ ਹਨ। ਨਾ ਉਨ੍ਹਾਂ ਦੀ ਸਹੁਰੇ ਘਰ ਇੱਜ਼ਤ ਹੈ ਤੇ ਨਾ ਹੀ ਪੇਕੇ ਘਰ। ਪਤੀ ਉਨ੍ਹਾਂ ਨਾਲ ਗੱਲ ਕਰਨ ਲਈ ਵੀ ਤਿਆਰ ਨਹੀਂ, ਫਿਰ ਉਹ ਸੋਹਾਗਣਾਂ ਕਿਵੇਂ ਹਨ?

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥
ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥ *(ਸਲੋਕ ਫਰੀਦ ਜੀ, ਪੰਨਾ 1379)*

ਬਾਬਾ ਨਾਨਕ ਇਸ ਗੁੰਝਲ ਨੂੰ ਸੁਲਝਾਉਂਦੇ ਹੋਏ ਫ਼ੁਰਮਾਉਂਦੇ ਹਨ ਕਿ ਜੋ ਸੁਆਣੀ ਸਹੁਰੇ ਪੇਕੇ ਕੰਤ ਦੀ ਹੀ ਬਣ ਕੇ ਰਹਿੰਦੀ ਹੈ, ਉਸ ਕੰਤ ਦੀ ਜੋ ਬੇਅੰਤ ਅਗਮ ਅਪਾਰ ਸਿਰਜਣਹਾਰ ਹੈ, ਉਹੋ ਸੱਚੀ ਸੁਹਾਗਣਿ ਹੈ:

ਸਸੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਧੰਨੁ ਸੋੁਹਾਗਣੀ ਜੋ ਭਾਵਹਿ ਵੇਪਰਵਾਹ ॥
(ਮਾਰੂ ਵਾਰ, ਮ: ੧, ਪੰਨਾ 1088)

(ਹ) ਬਾਬਾ ਫਰੀਦ ਜੀ ਇਕ ਥਾਂ ਆਪਣੀ ਰਾਇ ਜ਼ਾਹਰ ਕਰਦੇ ਹਨ ਕਿ ਹੰਸਾਂ ਦੀ ਰੀਸ ਕਰ ਕੇ ਕਈ ਬਗਲੇ ਵੀ ਲੰਮੀ ਤਾਰੀ ਲਾਉਣ ਦਾ ਢੌਂਗ ਰਚਦੇ ਹਨ, ਅਰਥਾਤ ਦੋਹਾਗਣਾਂ ਵੀ ਸੁਹਾਗਣਾਂ ਦੀ ਨਕਲ ਕਰ ਕੇ ਪਿਰ ਨੂੰ ਰੀਝਾਉਣ ਦਾ ਹੀਲਾ ਕਰਦੀਆਂ ਹਨ, ਪ੍ਰੰਤੂ ਉਨ੍ਹਾਂ ਦੀ ਆਸ ਪੂਰੀ ਨਹੀਂ ਹੁੰਦੀ, ਸਗੋਂ ਮੂਧੇ ਮੂੰਹ ਡਿੱਗ ਕੇ ਖ਼ੁਆਰ ਹੀ ਹੁੰਦੀਆਂ ਹਨ। ਇਸ ਕਰਕੇ ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਮੈਂ ਤਾਂ

ਐਸੇ ਨਕਲੀ ਦਰਵੇਸ਼ਾਂ ਜਾਂ ਪਰਮ ਹੰਸਾਂ ਤੋਂ ਆਪਣਾ ਆਪ ਬਚਾਉਣਾ ਹੀ ਚਾਹੁੰਦਾ ਹਾਂ। ਮੈਨੂੰ ਇਨ੍ਹਾਂ ਦੇ ਸੰਗ ਦੀ ਲੋੜ ਨਹੀਂ:

ਮੈ ਜਾਨਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥

(ਸਲੋਕ ਫਰੀਦ ਜੀ, ਪੰਨਾ 1384)

ਪਰ ਗੁਰੂ ਨਾਨਕ ਸਾਹਿਬ ਨਿਰਾਸ਼ਾ ਨੂੰ ਆਸ ਵਿਚ ਬਦਲਦੇ ਹੋਏ ਕਹਿੰਦੇ ਹਨ ਕਿ ਕੀ ਹੰਸ ਤੇ ਕੀ ਬਗਲਾ, ਤੁਸੀਂ ਇਹ ਚਿੰਤਾ ਨਾ ਕਰੋ, ਮਾਲਕ ਚਾਹੇ ਤਾਂ ਕਾਲੇ ਕਲੂਟੇ ਕਾਂ ਨੂੰ ਵੀ ਹੰਸ ਬਣਾ ਸਕਦਾ ਹੈ। ਸੋ, ਦੁਹਾਗਣਿ ਨੂੰ ਸੁਹਾਗਣ ਬਣਾਉਣਾ ਮਿਹਰਵਾਨ ਮਾਲਕ ਦੀ ਮਿਹਰਬਾਨੀ ਹੈ।

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥ *(ਸਲੋਕ ਫਰੀਦ, ਪੰਨਾ 1384)*

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਸਾਹਿਬ ਨੇ ਫ਼ਰੀਦ ਬਾਣੀ ਦੇ ਐਸੇ ਸਪੱਸ਼ਟੀਕਰਨ ਦਿੱਤੇ ਹਨ ਕਿ ਜਗਿਆਸੂ ਉਦਾਸਨੀਤਾ ਤਿਆਗ ਕੇ ਆਸ਼ਾਵਾਦੀ ਹੋ ਅੱਗੇ ਵਧਣ ਦਾ ਯਤਨ ਕਰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਸਾਹਿੱਤਕ ਸਰਪ੍ਰਸਤੀ

ਮਹਾਰਾਜਾ ਰਣਜੀਤ ਸਿੰਘ ਇਕ ਅਨੋਖੀ ਭਾਂਤ ਦਾ ਬੀਰ ਅਤੇ ਦਾਨਾ-ਬੀਨਾ ਪੰਜਾਬੀ ਸੀ, ਜਿਸ ਨੇ ਸਦੀਆਂ ਬਾਅਦ ਪੰਜਾਬ ਵਿਚ ਸੁਤੰਤਰ ਰਾਜ ਕਾਇਮ ਕਰ ਕੇ ਇਥੇ ਸਾਂਸਕ੍ਰਿਤਿਕ ਤੇ ਕਲਾਤਮਕ ਵਿਕਾਸ ਦਾ ਵਾਤਾਵਰਣ ਬਣਾਇਆ। ਉਹ ਕੇਵਲ ਰਾਜਨੀਤੀ ਤੇ ਯੁੱਧ ਕਲਾ ਵਿਚ ਹੀ ਪ੍ਰਬੀਨ ਨਹੀਂ ਸੀ, ਸਗੋਂ ਉਸ ਹੋਰ ਸੂਖਮ ਹੁਨਰਾਂ ਦੀ ਵੀ ਰੱਜ ਕੇ ਸਰਪ੍ਰਸਤੀ ਕੀਤੀ। ਇਹੋ ਕਾਰਨ ਹੈ ਕਿ ਉਸ ਦੇ ਚਾਲ੍ਹੀ-ਸਾਲਾ ਰਾਜ ਸਮੇਂ ਪੰਜਾਬ ਨੇ ਚਿੱਤਰਕਲਾ, ਮੰਦਰ ਕਲਾ, ਸ਼ਿਲਪ ਕਲਾ ਤੇ ਸਾਹਿੱਤ ਕਲਾ ਆਦਿ ਵਿਚ ਬੜੀਆਂ ਲੰਮੀਆਂ ਉਲਾਂਘਾਂ ਪੁੱਟੀਆਂ। ਸ੍ਰੀ ਹਰਿਮੰਦਰ ਸਾਹਿਬ ਦਾ ਇਮਾਰਤੀ ਹੁਨਰ ਦੱਸਦਾ ਹੈ ਕਿ ਮੰਦਰ-ਕਲਾ ਕਿਨ੍ਹਾਂ ਉੱਚੀਆਂ ਸਿੱਖਰਾਂ ਨੂੰ ਛੋਹ ਰਹੀ ਸੀ। ਦਿੱਲੀ, ਬਨਾਰਸ ਤੇ ਕਾਂਗੜੇ ਦੇ ਦਰਜਨਾਂ ਚਿੱਤਰਕਾਰ ਮਹਾਰਾਜੇ ਪਾਸ ਆਏ ਤੇ ਕਈ ਪੱਛਮੀ ਕਲਾਕਾਰ ਵੀ ਉਸ ਦੀ ਉਦਾਰਤਾ ਤੋਂ ਵਰੋਸਾਏ। ਮਿ. ਬਾਰ 'ਸਿੱਖ ਰਾਜ ਨੂੰ ਚਿੱਤਰਕਾਰੀ ਦੀ ਸੂਖਮ ਕਲਾ ਦਾ ਦੇਸ਼' ਕਹਿ ਕੇ ਯਾਦ ਕਰਦਾ ਹੈ। ਖ਼ਾਲਸਾ ਦਰਬਾਰ ਦੇ ਇਹ ਚਿੱਤਰ ਅੱਜ ਸਾਡੇ ਕੋਲ ਨਾਂ-ਮਾਤਰ ਹਨ। ਕੁਝ ਲਾਹੌਰ ਪਏ ਹਨ ਤੇ ਬਹੁਤ ਸਾਰੇ ਬ੍ਰਿਟਿਸ਼ ਮਿਊਜ਼ੀਅਮ, ਵਿਕਟੋਰੀਆ ਐਲਬਰਟ ਮਿਊਜ਼ੀਅਮ ਜਾਂ ਫਿਰ ਇੰਡੀਆ ਆਫ਼ਿਸ ਲਾਇਬ੍ਰੇਰੀ, ਲੰਡਨ ਦਾ ਸ਼ਿੰਗਾਰ ਹਨ।

ਇਹ ਤਾਂ ਇਕ ਇਤਿਹਾਸਕ ਹਕੀਕਤ ਹੈ ਕਿ ਅਠਾਰ੍ਹਵੀਂ ਸਦੀ ਪੰਜਾਬ ਲਈ ਅਤਿਅੰਤ ਗੜਬੜ ਤੇ ਬਦਅਮਨੀ ਦਾ ਜ਼ਮਾਨਾ ਸੀ। 20 ਹਮਲੇ ਤਾਂ ਕਾਬਲ ਵੱਲੋਂ ਹੀ ਹੋਏ। ਸੋ, ਇਹ ਇਕ ਤਰ੍ਹਾਂ ਕਲਹ ਦਾ ਸਮਾਂ ਸੀ, ਕਲਾ ਦਾ ਨਹੀਂ। ਪਰ ਜਦ ਸਿੱਖ ਸੰਗ੍ਰਾਮੀਆਂ ਦੀ ਘਾਲ ਨਾਲ ਕੁਝ ਅਮਨ-ਅਮਾਨ ਹੋਇਆ ਤਾਂ ਸਾਰੇ ਰਾਜਿਆਂ ਤੇ ਸਰਦਾਰਾਂ ਨੇ ਆਪਣੇ ਆਪਣੇ ਵਿੱਤ ਅਨੁਸਾਰ ਕਲਾ ਤੇ ਸਾਹਿੱਤ ਨੂੰ ਪ੍ਰਫੁੱਲਤ ਕਰਨ ਦੇ ਯਤਨ ਕੀਤੇ।

ਕਈ ਰਿਆਸਤਾਂ ਦੇ ਰਾਜੇ, ਖ਼ੁਦ ਵਿਦਵਾਨ ਸਨ। ਰਾਜਾ ਫ਼ਤਹਿ ਸਿੰਘ ਕਪੂਰਥਲੇ ਵਾਲਾ ਚੰਗਾ ਕਵੀ ਸੀ। ਰਾਜਾ ਜਸਵੰਤ ਸਿੰਘ ਨਾਭਾ ਦੀ ਰਚਿਤ *ਭਾਸ਼ਾ ਭੂਸ਼ਣ* ਪੁਸਤਕ ਦਾ ਟੀਕਾ ਦੱਸਦਾ ਹੈ ਕਿ ਉਹ ਸਾਹਿੱਤਕ ਪਰੰਪਰਾ ਦਾ ਚੰਗਾ ਗਿਆਤਾ ਸੀ। ਸੰਗਰੂਰ ਵਿਚ ਸਾਹਿਬ ਸਿੰਘ ਮ੍ਰਿਗਿੰਦ, ਪਟਿਆਲੇ ਵਿਚ ਕੇਸ਼ੋ ਦਾਸ

ਤੇ ਬਾਵਾ ਰਾਮਦਾਸ ਅਤੇ ਕੈਥਲ ਵਿਚ ਭਾਈ ਸੰਤੋਖ ਸਿੰਘ ਵਰਗੇ ਮਹਾਨ ਸਾਹਿੱਤਕਾਰ ਆਪਣੀ ਕਲਾ ਦੇ ਜੌਹਰ ਦਿਖਾ ਰਹੇ ਸਨ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਭ ਤੋਂ ਵੱਡਾ ਸੀ। ਉਸ ਦੇ ਸਾਧਨ ਵੀ ਵਿਸ਼ਾਲ ਸਨ। ਇਸ ਕਰਕੇ ਉਸ ਨੇ ਬੜੀ ਉਦਾਰਤਾ ਨਾਲ ਹਿੰਦੀ, ਪੰਜਾਬੀ ਅਤੇ ਫ਼ਾਰਸੀ ਕਵੀਆਂ ਦੀ ਸਰਪ੍ਰਸਤੀ ਕੀਤੀ। ਉਹ ਆਪਣੀ ਸੰਸਕ੍ਰਿਤੀ, ਕਲਾ ਤੇ ਸਾਹਿੱਤਕ ਵਿਰਸੇ ਲਈ ਪੂਰੀ ਤਰ੍ਹਾਂ ਚੇਤੰਨ ਸੀ। ਇਸ ਦੀ ਪੁਸ਼ਟੀ ਉਸ ਦੇ ਸਰਕਾਰੀ ਪੁਸਤਕ-ਭੰਡਾਰ ਤੋਂ ਵੀ ਭਲੀਭਾਂਤ ਹੋ ਜਾਂਦੀ ਹੈ ਜਿਸ ਵਿਚ ਸੈਂਕੜੇ ਫ਼ਾਰਸੀ, ਹਿੰਦੀ ਤੇ ਪੰਜਾਬੀ ਪੁਸਤਕਾਂ ਸਨ। ਜਦ ਕਦੀ ਖ਼ਾਲਸਾ ਸੈਨਾ ਦੁਸ਼ਮਣ ਦੇ ਇਲਾਕੇ ਉੱਤੇ ਚੜ੍ਹਾਈ ਕਰਦੀ ਤਾਂ ਮਹਾਰਾਜਾ ਆਪਣੇ ਜਰਨੈਲਾਂ ਨੂੰ ਉਚੇਚਾ ਹੁਕਮ ਦਿੰਦਾ ਕਿ ਫਲਾਣੇ ਨਵਾਬ ਕੋਲ ਚੰਗਾ ਵਧੀਆ ਕੁਤਬਖ਼ਾਨਾ ਸੁਣੀਂਦਾ ਹੈ, ਉਸ ਨੂੰ ਕਿਸੇ ਤਰ੍ਹਾਂ ਨੁਕਸਾਨ ਨਾ ਪਹੁੰਚੇ।

1834 ਈਸਵੀ ਵਿਚ ਜਦੋਂ ਪਿਸ਼ਾਵਰ ਉੱਤੇ ਕਬਜ਼ਾ ਕਰਨ ਲਈ ਹਮਲਾ ਹੋਇਆ ਤਾਂ ਮਹਾਰਾਜੇ ਨੇ ਉਚੇਚੀ ਤਾਕੀਦ ਕੀਤੀ ਕਿ ਚਮਕਨੀ ਦੇ ਅਖੂਨਜ਼ਾਦਿਆਂ ਕੋਲ ਬੜੀ ਵੱਡੀ ਲਾਇਬ੍ਰੇਰੀ ਸੁਣੀਂਦੀ ਹੈ, ਉਸ ਨੂੰ ਆਂਚ ਨਾ ਆਉਣ ਦਿੱਤੀ ਜਾਵੇ। ਅਜਿਹਾ ਹੀ ਹੋਇਆ। ਇਸੇ ਤਰ੍ਹਾਂ ਮਹਾਰਾਜਾ ਸੁੰਦਰ ਲਿਖਤਾਂ ਦਾ ਬੜਾ ਸ਼ੌਕੀਨ ਤੇ ਕਦਰਦਾਨ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਪੋਥੀਆਂ ਲਿਖਣ ਵਾਲਿਆਂ ਨੂੰ ਮਾਨ-ਸਨਮਾਨ ਦਿੰਦਾ ਰਹਿੰਦਾ ਸੀ। ਲਾਹੌਰ ਦਾ ਖ਼ੁਸ਼-ਨਵੀਸ ਪੀਰ ਬਖ਼ਸ਼ ਅਰਬੀ ਤੇ ਫ਼ਾਰਸੀ ਦਾ ਬੜਾ ਅੱਛਾ ਕਾਤਿਬ ਸੀ। ਉਸ ਨੂੰ ਲਾਹੌਰ ਦਰਬਾਰ ਵੱਲੋਂ ਨਿਵਾਜਿਆ ਗਿਆ। ਇਕ ਵਾਰ ਕੋਈ ਖ਼ੁਸ਼-ਨਵੀਸ ਕੁਰਾਨ ਸ਼ਰੀਫ਼ ਲਿਖ ਕੇ ਲਈ ਜਾ ਰਿਹਾ ਸੀ ਤਾਂ ਜੋ ਦੂਰ ਕਿਸੇ ਮੁਸਲਮ ਨਵਾਬ ਪਾਸ ਪਹੁੰਚ ਕੇ ਉਸ ਤੋਂ ਉਮਰ ਦੀਆਂ ਰੋਟੀਆਂ ਪ੍ਰਾਪਤ ਕਰ ਸਕੇ। ਮਹਾਰਾਜੇ ਨੇ ਸਾਰੀ ਗੱਲ ਜਾਣ ਕੇ ਫ਼ੌਰਨ ਉਸ ਨੂੰ ਬੁਲਾਇਆ ਤੇ ਦਸ ਹਜ਼ਾਰ (ਰੁਪੈ) ਦੇ ਕੇ ਨਿਹਾਲੋ-ਨਿਹਾਲ ਕਰ ਦਿੱਤਾ। ਲਾਗਿਓਂ ਫ਼ਕੀਰ ਅਜੀਜ਼ੁੱਦੀਨ ਕਹਿਣ ਲੱਗਾ, "ਮਹਾਰਾਜ, ਇਹ ਤਾਂ ਮੋਮਨਾਂ ਦੇ ਕੰਮ ਦੀ ਚੀਜ਼ ਹੈ, ਤੁਸੀਂ ਕੀ ਕਰੋਗੇ?" ਅੱਗੋਂ ਮਹਾਰਾਜ ਨੇ ਹੱਸ ਕੇ ਜਵਾਬ ਦਿੱਤਾ, "ਮੈਨੂੰ ਖ਼ੁਦਾ ਨੇ ਇਕ ਅੱਖ ਦਿੱਤੀ ਹੈ ਤਾਂ ਕਿ ਮੈਂ ਸਭ ਨੂੰ ਤੇ ਸਾਰੇ ਧਰਮ-ਗ੍ਰੰਥਾਂ ਨੂੰ ਇਕਸਾਰ ਦੇਖਾਂ।"

ਗਿਆਨੀ ਸੰਤ ਸਿੰਘ ਉਨ੍ਹਾਂ ਦੇ ਦਰਬਾਰੀ ਰਤਨ ਸਨ ਜੋ ਕਿ ਸੰਸਕ੍ਰਿਤ ਤੇ ਫ਼ਾਰਸੀ ਦੇ ਵੀ ਚੰਗੇ ਵਿਦਵਾਨ ਸਨ। ਇਨ੍ਹਾਂ 'ਤੁਲਸੀ ਰਾਮਾਇਣ' ਦਾ 'ਭਾਵ ਪ੍ਰਕਾਸ਼ਨੀ ਟੀਕਾ' ਲਿਖਿਆ ਸੀ, ਜਿਸ ਦੀ ਪੰਜਾਬ ਤੋਂ ਬਾਹਰ ਵੀ ਬੜੀ ਪ੍ਰਸਿੱਧੀ ਹੋਈ। ਸ: ਲਹਿਣਾ ਸਿੰਘ ਮਜੀਠੀਏ ਦੀ ਟੈਕਨੀਕਲ ਵਿਦਿਆ ਤੋਂ ਹਰ ਕੋਈ ਪ੍ਰਭਾਵਿਤ ਸੀ। ਉਸ ਨੂੰ ਮਹਾਰਾਜੇ ਨੇ ਘੜੀ ਤੇ ਬੰਦੂਕ ਬਣਾਉਣ ਸਦਕਾ 'ਹੱਸ਼ਾਮੁਦੌਲਾ' ਤੇ 'ਕੈਸਰੁਲ ਇਕਤਦਾਰ' ਦਾ ਖ਼ਿਤਾਬ ਦਿੱਤਾ ਸੀ। ਇਸੇ ਤਰ੍ਹਾਂ ਆਪ ਦੇ ਦਰਬਾਰੀ ਫ਼ਕੀਰ ਅਜੀਜ਼ੁੱਦੀਨ ਤੇ ਕਾਦਰਬਖ਼ਸ਼ ਵਰਗੇ ਅਰਬੀ, ਫ਼ਾਰਸੀ ਦੇ ਬੜੇ ਚੰਗੇ ਆਲਮ ਫ਼ਾਜ਼ਲ ਸਨ। ਕਾਦਰਬਖ਼ਸ਼ ਨੂੰ ਤਾਂ ਲੁਧਿਆਣੇ ਅੰਗਰੇਜ਼ੀ ਸਿੱਖਣ ਲਈ ਭੇਜਿਆ ਗਿਆ ਸੀ। ਦੀਵਾਨ ਅਮਰ ਨਾਥ ਨੇ 'ਜ਼ਫ਼ਰਨਾਮਾ-ਇ-ਰਣਜੀਤ ਸਿੰਘ' ਲਿਖਿਆ।

ਮੁਨਸ਼ੀ ਸੋਹਨ ਲਾਲ ਸੂਰੀ ਨੇ 'ਉਮਦਾਤੁਲ-ਤਵਾਰੀਖ਼' ਵਰਗੀ ਲਾਜਵਾਬ ਰਚਨਾ ਕੀਤੀ। ਪੰ: ਰਾਧਾ ਕ੍ਰਿਸ਼ਨ ਇਕ ਹੋਰ ਵਿਦਵਾਨ ਸੀ, ਜਿਸ ਨੇ ਰਾਜ-ਪ੍ਰਬੰਧ ਦੇ 'ਕਵਾਇਦ' ਲਿਖੇ। ਮਹਾਰਾਜੇ ਦਾ ਇਹ ਵੀ ਖ਼ਿਆਲ ਸੀ ਕਿ ਬਰਤਾਨਵੀ ਸਰਕਾਰ ਦਾ ਵਿਧਾਨ ਤਰਜਮਾਇਆ ਜਾਵੇ ਤੇ ਇਸ ਮਨੋਰਥ ਲਈ ਉਸ ਕੈਪਟਨ ਵੇਡ ਤੋਂ ਕਾਪੀ ਵੀ ਮੰਗਵਾਈ ਸੀ। *ਕਵਾਇਦ ਆਈਨ ਅੰਗਰੇਜ਼ੀ-ਦਰ-ਗੁਰਮੁਖੀ* ਸ਼ਾਇਦ ਇਸੇ ਕਿਸਮ ਦੀ ਕਿਤਾਬ ਸੀ। ਸ: ਹਿੰਮਤ ਸਿੰਘ ਨੇ ਕਸ਼ਮੀਰ ਦੇ ਬੰਦੋਬਸਤ ਬਾਰੇ ਕਿਤਾਬ ਲਿਖੀ ਸੀ।

ਸਾਨੂੰ ਪਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਅਨੇਕਾਂ ਪੰਜਾਬੀ ਸ਼ਾਇਰਾਂ ਨੂੰ ਵੀ ਨਕਦ ਇਨਾਮ ਤੇ ਜਗੀਰਾਂ ਦੇ ਕੇ ਸਨਮਾਨਿਆ ਜਿਨ੍ਹਾਂ ਵਿਚੋਂ ਸੱਯਦ ਹਾਸ਼ਮ ਸ਼ਾਹ ਦਾ ਨਾਂ ਮਸ਼ਹੂਰ ਹੈ। ਉਸ ਦੀ ਕ੍ਰਿਤ 'ਸ਼ੀਰੀਂ ਫ਼ਰਹਾਦ' ਦਾ ਖਰੜਾ, ਰਿਕਾਰਡ ਆਫ਼ਸ ਲਾਇਬ੍ਰੇਰੀ ਵਿਚ ਪਿਆ ਹੈ, ਜਿਸ ਉੱਤੇ ਮਹਾਰਾਜੇ ਦੀ ਇਹ ਮੋਹਰ ਲੱਗੀ ਹੋਈ ਹੈ—**ਅਕਾਲ ਸਹਾਇ, ਰਣਜੀਤ ਸਿੰਘ, ਦਾਰੁਲਤਖ਼ਤ ਸੰਮਤ 1869।** ਅਹਿਮਦਯਾਰ ਪ੍ਰਸਿੱਧ ਕਿੱਸਾਕਾਰ ਸੀ, ਇਸ ਨੇ ਫ਼ਾਰਸੀ ਵਿਚ 'ਸ਼ਾਹਨਾਮਾ-ਇ-ਰਣਜੀਤ ਸਿੰਘ' ਤੇ ਪੰਜਾਬੀ ਵਿਚ 'ਹਾਤਮਨਾਮਾ' ਲਿਖਿਆ ਤੇ ਸਰਕਾਰ ਵੱਲੋਂ ਚੰਗੀ ਜਗੀਰ ਪ੍ਰਾਪਤ ਕੀਤੀ। ਕਾਦਰਯਾਰ ਤਾਂ ਸਾਫ਼ ਲਿਖਦਾ ਹੈ :

> **ਪੂਰਨ ਭਗਤ ਦੀ ਗੱਲ ਸੁਣਾਇਕੇ ਜੀ,**
> **ਇਕ ਖੂਹ ਇਨਾਮ ਲਿਖਾਇਆ ਮੈਂ।**

ਇਨ੍ਹਾਂ ਤੋਂ ਬਿਨਾਂ ਸਾਨੂੰ ਪਤਾ ਹੈ ਕਿ ਸਾਵਣਯਾਰ, ਸੌਧਾਂ ਸਿੰਘ, ਹਾਕਮ ਸਿੰਘ, ਭਾਗ ਸਿੰਘ, ਜਾਫ਼ਰਬੇਗ ਆਦਿ ਅਨੇਕਾਂ ਕਵੀ ਮਹਾਰਾਜੇ ਦੀਆਂ ਮਿਹਰਬਾਨੀਆਂ ਤੋਂ ਵਰੋਸਾਏ ਸਨ।

ਇਹੋ ਨਹੀਂ ਕਿ ਸ਼ੇਰਿ-ਪੰਜਾਬ ਨੇ ਕੇਵਲ ਪੰਜਾਬੀ ਜਾਂ ਫ਼ਾਰਸੀ ਸ਼ਾਇਰਾਂ ਦੀ ਸਰਪ੍ਰਸਤੀ ਕੀਤੀ, ਸਗੋਂ ਅਨੇਕਾਂ ਹਿੰਦੀ ਕਵੀ ਵੀ ਉਸ ਦੇ ਦਰਬਾਰ ਤੋਂ ਸਨਮਾਨ ਪਾਉਂਦੇ ਰਹੇ। ਪੰਜਾਬ ਦੀ ਇਹ ਪੁਰਾਤਨ ਪਰੰਪਰਾ ਰਹੀ ਹੈ ਕਿ ਉਹ ਸਦਾ ਭਾਰਤੀ ਸਾਹਿੱਤਕ ਧਾਰਾ ਨਾਲ ਜੁੜਿਆ ਆਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਿਸਾਲ ਸਾਡੇ ਸਾਹਮਣੇ ਹੈ, ਜਿਸ ਵਿਚ ਦੇਸ਼ ਭਰ ਦੇ ਸੰਤਾਂ-ਦਰਵੇਸ਼ਾਂ ਦੇ ਬਚਨ, ਬਿਨਾਂ ਕਿਸੇ ਇਲਾਕਾਈ ਜਾਂ ਮਜ਼੍ਹਬੀ ਭਿੰਨ-ਭੇਦ ਦੇ, ਸਤਿਕਾਰ ਸਹਿਤ ਸੰਚਿਤ ਕੀਤੇ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਅਜਿਹਾ ਸਾਹਿੱਤ ਦਰਬਾਰ ਰਚਿਆ ਜਿਸ ਵਿਚ ਦਰਜਨਾਂ ਹਿੰਦੀ ਕਵੀ ਭਾਗ ਲੈਂਦੇ ਰਹੇ। ਉਨ੍ਹਾਂ ਹੋਰ ਗੱਲ ਇਹ ਵੀ ਕੀਤੀ ਕਿ ਉੱਤਰੀ ਭਾਰਤ ਦੇ ਕਈ ਹਿੰਦੀ ਗ੍ਰੰਥਾਂ ਨੂੰ ਲਿਪੀਅੰਤਰ ਕਰਾ ਕੇ ਗੁਰਮੁਖੀ ਵਿਚ ਲਿਆਂਦਾ।

ਸ਼ੇਰਿ-ਪੰਜਾਬ ਇਸ ਪਰੰਪਰਾ ਤੋਂ ਜਾਣੂ ਸੀ। ਇਸੇ ਕਰਕੇ ਉਸ ਦੇ ਦਰਬਾਰ ਵਿਚ ਜਿਥੇ ਪੰਜਾਬ ਦੇ ਅਨੇਕਾਂ ਹਿੰਦੀ ਕਵੀ ਬੁੱਧ ਸਿੰਘ, ਰਾਮਦਾਸ ਮਿਸ਼ਰ, ਮੇਘ ਸਿੰਘ, ਜੈ ਸਿੰਘ, ਸ਼ਿਵ ਦਯਾਲ, ਗੰਗਾਧਰ ਆਦਿ ਆਏ, ਉਥੇ ਗਵਾਲ ਭੱਟ ਤੇ ਪਜਨੇਸ਼ ਵਰਗੇ ਬਾਹਰਲੇ ਹਿੰਦੀ ਕਵੀ ਵੀ ਲਾਹੌਰ ਦਰਬਾਰ ਵਿਚ ਸ਼ੋਭਾ ਪਾਉਂਦੇ ਰਹੇ। ਭਾਈ ਬੁੱਧ ਸਿੰਘ ਲਾਹੌਰੀ ਨੇ ਮਹਾਰਾਜੇ ਦੀ ਹਦਾਇਤ ਉੱਤੇ 1811 ਵਿਚ 'ਬੁੱਧਿ ਬਾਰਧਿ'

ਗ੍ਰੰਥ ਲਿਖਿਆ ਸੀ, ਜਿਸ ਦੇ 14 ਪ੍ਰਬੰਧ ਹਨ ਤੇ ਇਸ ਦੇ ਖਰੜੇ ਲਾਇਬ੍ਰੇਰੀਆਂ ਵਿਚ ਆਮ ਮਿਲਦੇ ਹਨ। ਉਹ ਲਿਖਦਾ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਤਾਪ।
ਰਾਜ ਖਾਲਸੇ ਲਹਯੋ ਅਮਾਪ।
ਮਹਾਂ ਸਿੰਘ ਨ੍ਰਿਪ ਵਰ ਗ੍ਰਿਹ ਨੰਦ।
ਪ੍ਰਗਟਯੋ ਉਦਧਿ ਸਦਨ ਜਯੋਂ ਚੰਦ।
ਸ੍ਰੀ ਰਣਜੀਤ ਸਿੰਘ ਜੁ ਨਾਮ।
ਜਹਿ ਜਗ ਜੀਤ ਕਰਯੋ ਸੁ ਗੁਲਾਮ।
ਲਵਪੁਰ ਮਹਿ ਜਾਕੀ ਰਜਧਾਨੀ।
ਤੇਜਵੰਤ ਬਲਵੰਤ ਮਹਾਨੀ।157।
ਦੋਹਿਰਾ-ਤਾਂ ਨ੍ਰਿਪ ਮੋਹਿ ਬੁਲਾਇ ਕੈ, ਕੀਨੋ ਬਹੁ ਸਨਮਾਨ।
ਰਾਜਨੀਤਿ ਕੀ ਪ੍ਰੀਤਿ ਜਬ, ਚੀਤ ਚਢੀ ਅਤਿ ਆਨ।160।

ਗਣੇਸ਼ ਦਾਸ ਪਿੰਗਲ ਨੇ ਦੇਸ਼-ਭਗਤੀ ਦੀ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਮਹਾਰਾਜੇ ਦੀਆਂ ਮੁਲਤਾਨ, ਪਿਸ਼ੌਰ ਤੇ ਸੈਦੋਵਾਲ ਦੀਆਂ ਜੰਗਾਂ ਦਾ ਬ੍ਰਿਤਾਂਤ *ਫ਼ਤਹਿਨਾਮਾ ਗੁਰੂ ਖ਼ਾਲਸਾ ਜੀ ਕਾ* ਵਿਚ ਬਹੁਤ ਸੋਹਣੀ ਤਰ੍ਹਾਂ ਕਲਮਬੰਦ ਕੀਤਾ ਹੈ, ਉਹ ਕਹਿੰਦਾ ਹੈ :

ਸ੍ਰੀ ਗੋਬਿੰਦ ਸਿੰਘ ਆਪ ਦੀਨੋ ਬਡੋ ਪਰਤਾਪ,
ਰਣਜੀਤ ਸਿੰਘ ਥਾਪ ਜੋਤਿ ਅਪਣੀ ਸੁ ਪਾਇ ਕੈ।
ਪ੍ਰਿਥਮ ਪੰਜਾਬ ਜੀਤਿ ਨੀਤਿ ਮੈ ਪ੍ਰਬੀਨ ਭਏ,
ਕਾਂਗੜੇ ਕਾ ਕੋਟ ਦੇਵੀ ਦੀਓ ਹਰਖਾਇ ਕੈ।
ਅਟਕ ਪਟਕ ਦੇਸ ਲੀਨੇ ਦੇਰ ਕੀਨੀ ਨਾਹਿ,
ਮਾਰ ਮੁਲਤਾਨ, ਕਸ਼ਮੀਰ ਲੀਆ ਧਾਇ ਕੇ।
ਪਾਛੇ ਕਰੀ ਦੌਰ ਸੁ ਪਿਸ਼ੌਰ ਮਾਰ ਲੀਏ ਹਏ,
ਅਬ ਚੜ੍ਹੇ ਸਭ ਸਿੰਘ ਮਨ ਖੁਨਸਾਹਿ ਕੇ।

ਮਥਰਾ ਵਾਸੀ ਗਵਾਲ ਭੱਟ ਖ਼ਾਨਦਾਨੀ ਕਵੀ ਸੀ ਤੇ ਉਹ ਕਾਫ਼ੀ ਦੇਰ ਲਾਹੌਰ ਰਿਹਾ। ਇਸ ਨੂੰ ਪੰਜ ਸੌ ਰੁਪਈਆ ਮਾਸਿਕ ਮਿਲਦਾ ਸੀ। ਉਸ ਨੇ ਸ਼ੇਰਿ-ਪੰਜਾਬ ਦੀਆਂ ਜਿੱਤਾਂ ਦੀ ਚਰਚਾ ਆਪਣੇ ਮਹਾਂਕਾਵਿ 'ਵਿਜਯ ਵਿਨੋਦ' ਵਿਚ ਬੜੇ ਵਿਸਥਾਰ ਨਾਲ ਕੀਤਾ ਹੈ। ਉਹ ਲਿਖਦਾ ਹੈ ਕਿ ਉਸ ਦੇ ਰਾਜ ਵਿਚ ਗਾਂ ਤੇ ਸ਼ੇਰ ਇੱਕੋ ਘਾਟ ਪਾਣੀ ਪੀਂਦੇ ਸਨ :

ਪਰਮ ਪ੍ਰਤਾਪੀ ਮਹਾਰਾਜਾ ਰਣਜੀਤ ਸਿੰਘ,
ਕੇਤੇ ਰੰਕ ਕੀਏ ਭੂਪ ਭੂਪੇ ਰੰਕ ਸਰ ਜੀ।
ਚੋਰ ਧਾੜਵੀਨ ਕੀ ਨ ਰਾਖੀ ਹੈ ਨਿਸ਼ਾਨੀ ਕੋਊ,
ਸ਼ੇਰ ਗਾਈਂ ਪਾਨੀ ਪੀਐਂ ਮੇਲ ਏਕ ਮਰਜੀ।28।

ਭਾਈ ਸੌਂਧਾ ਸਿੰਘ ਨੇ ਸਾਰੀ ਉਮਰ ਹੀ ਲਿਖਣ-ਪੜ੍ਹਨ ਵਿਚ ਗੁਜ਼ਾਰੀ ਸੀ।

ਬੜਾ ਸੰਤ-ਸੁਭਾਅ ਆਦਮੀ ਸੀ। ਇਸ ਨੇ ਕਈ ਚੀਜ਼ਾਂ ਲਿਖੀਆਂ। *ਹਾਤਮਨਾਮਾ* ਉਸ ਦੀ ਅਮੋਲਕ ਕ੍ਰਿਤ ਹੈ।

ਭਾਈ ਮੇਘ ਸਿੰਘ, ਗਿਆਨੀ ਸੰਤ ਸਿੰਘ ਜੀ ਦਾ ਸ਼ਾਗਿਰਦ ਸੀ। ਇਸ ਨੇ *ਭਾਈ ਸਾਹਿਬ ਚੰਦ੍ਰਿਕਾ* ਵਿਚ ਗਿਆਨੀ ਜੀ ਦਾ ਜੀਵਨ ਵੀ ਲਿਖਿਆ ਹੈ। ਸ਼ੇਰਿ-ਪੰਜਾਬ ਦੇ ਦਾਨ ਦੀ ਮਹਿਮਾ ਕਰਦਾ ਉਹ ਲਿਖਦਾ ਹੈ ਕਿ ਸੂਰਜ ਆਪਣੇ ਰੱਥ ਦੇ ਘੋੜੇ ਇਸ ਲਈ ਨਹੀਂ ਛੱਡਦਾ ਤਾਂ ਕਿ ਕਿਤੇ ਮਹਾਰਾਜੇ ਵਰਗਾ ਦਾਨੀ ਉਸ ਦੇ ਰਾਂਕੇ (ਘੋੜੇ) ਵੀ ਦਾਨ ਵਿਚ ਨਾ ਦੇ ਛੱਡੇ। ਕਵੀ ਦੀ ਕਲਪਨਾ-ਉਡਾਰੀ ਦੇਖੋ:

ਕਰੁਣ ਮਰੁਤ ਹਰਿਚੰਦ ਬਲਿ ਦਾਨੀ ਭਏ,
ਅਜ ਕੀ ਕਹਾਨੀ ਮਨੁ ਦਾਨ ਮਨ ਮੇਰੇ ਨਾ।
ਸ਼ਿਵ ਔ ਦਧੀਚਿ ਮੋਰਧੁਜ ਦੀਹ ਦਾਨ ਦੀਨੇ,
ਬਿਕ੍ਰਮ ਔ ਭੋਜ ਨ੍ਰਿਪ ਜਗ ਜਸ ਬੋਰੇ ਨਾ।
ਕਹੈ ਮੇਘ ਸਿੰਘ ਦਾਨਬੀਰ ਅਬ ਨਯੋ ਭਯੋ,
ਕਾਂਪਤ ਕੁਬੇਰ ਮੇਰੁ ਇੰਦ੍ਰ ਤਾਸ ਤੋਰੇ ਨਾ।
ਰਾਜਾ ਰਣਜੀਤ ਸਿੰਘ ਜੁਕੇ ਅਸ਼ਵਦਾਨ ਦੇਖਿ,
ਯਾਂ ਹੀ ਤੇ ਕਿਕਾਨ ਭਾਨੁ ਸਯੰਦਨ ਤੇ ਛੋਰੇ ਨਾ।

ਪੂਰਨ ਸਿੰਘ ਇਕ ਹੋਰ ਧੜੱਲੇਦਾਰ ਹਿੰਦੀ ਕਵੀ ਹੈ ਜਿਸ ਨੇ ਮਹਾਰਾਜੇ ਵੱਲੋਂ ਸਰਹੱਦ ਫ਼ਤਹਿ ਕਰਨ ਦੇ ਕਾਰਨਾਮੇ ਨੂੰ ਕਈ ਛੰਦਾਂ ਵਿਚ ਭਰਪੂਰ ਸ਼ਰਧਾਂਜਲੀ ਅਰਪਣ ਕੀਤੀ ਹੈ ਕਿਉਂਕਿ ਇਹ ਘਟਨਾ ਬੜੀ ਭਾਰੀ ਅਹਿਮੀਅਤ ਰੱਖਦੀ ਸੀ, ਜਿਸ ਨੇ ਇਤਿਹਾਸ ਦਾ ਰੁਖ਼ ਬਦਲਿਆ:

ਤਾਪ ਤੋਂ ਤਲਾਕ ਸੇਤੀ ਲਗੇ ਕਈ ਲਾਖ ਸੀਸ,
ਹਾਰਿਓ ਨ ਸਿਡਾ ਜੀਤ ਬੈਠੋ ਹੈ ਦਿਸਾਨੇ ਪੈ।
ਖੈਬਰ ਜਲਾਲਾਬਾਦ ਕਾਬੁਲ ਬਰਰਾਟ ਪਰੀ,
ਗਜ਼ਨੀ ਕੰਧਾਰ ਧਮਕ ਲਾਗੀ ਐਰਾਨੇ ਪੈ।
ਰੂਮ ਸ਼ਾਮ ਬਲਖ ਕੋ ਬੁਖਾਰਾ ਡਰਪਾਤ ਭਏ।
ਕਾਂਪਿਓ ਮਖਿਆਲਾ ਧਾਂਕ ਪਈ ਕੁਰਸਾਨੇ ਪੈ।
ਪੂਰਨ ਸਿੰਘ ਕੀ ਬਿਨੰਤੀ ਸੁਨ ਦੂਲੋ ਰਣਜੀਤ ਸਿੰਘ,
ਕਾਹੇ ਕੋ ਕਰਤ ਕੋਪ ਕਾਬਲੀ ਕੁਤਾਨੇ ਪੈ?

ਕਵੀ ਪਦਮਾਕਰ ਨੇ ਸ਼ੇਰਿ-ਪੰਜਾਬ ਦੇ ਫ਼ੌਜੀ ਪ੍ਰਭਾਵ ਦੀ ਵਿਸ਼ੇਸ਼ ਚਰਚਾ ਕੀਤੀ ਹੈ। ਇਹ ਕਈ ਰਾਜ ਦਰਬਾਰਾਂ ਵਿਚ ਰਿਹਾ ਸੀ। ਮਹਾਰਾਜੇ ਦੀ ਸ਼ਮਸ਼ੀਰ ਦੀ ਸਿਫ਼ਤ ਕਰਦਾ ਉਹ ਕਹਿੰਦਾ ਹੈ:

ਦਾਹਨ ਤੇ ਦੂਨੀ ਤੇਗ ਤਿਗੁਨੀ ਤ੍ਰਿਸੂਲ ਹੂੰ ਤੇ,
ਚਿਲਨਾ ਤੇ ਚਊਗੁਨੀ ਚਲਾਕ ਚਕਰ ਚਾਲੀ ਹੈ।
ਕਹਹਿ ਪਦਮਾਕਰ ਮਹੀਪ ਰਣਜੀਤ ਸਿੰਘ!
ਐਸੀ ਸ਼ਮਸ਼ੇਰ ਸ਼ੇਰ ਸ਼ਤ੍ਰੁਨ ਪੈ ਘਾਲੀ ਹੈ।

ਪਵਨ ਤੇ ਪੰਚ ਔ ਪਚੀਸ ਗੁਨੀ ਪਾਵਕ ਤੈ,
ਪਰਗਟ ਪਚਾਸਗੁਨ ਪ੍ਰਲੈਕੀ ਪਰਨਾਲੀ ਹੈ।
ਸਾਂਪਨ ਤੇ ਸਊਗੁਨੀ ਸਹੰਸਗੁਨੀ ਸ਼ੇਸ ਹੂੰ ਤੇ,
ਲਾਖ ਗੁਨੀ ਲੂਕ ਤੇ ਕਰੋਰ ਗੁਨੀ ਕਾਲੀ ਹੈ।

ਇਹ ਇਤਿਹਾਸ ਦੀ ਇਕ ਵਿਸ਼ੇਸ਼ ਅਨੋਖੀ ਘਟਨਾ ਹੈ ਕਿ ਦਿੱਲੀ ਅਤੇ ਕਾਬਲ ਦੀਆਂ ਦੋਹਾਂ ਤਾਕਤਾਂ ਦੇ ਵਿਰੋਧ ਦੇ ਬਾਵਜੂਦ ਸਿੰਘ ਸ਼ਕਤੀ ਨੇ ਲਾਹੌਰ ਉੱਤੇ ਆਪਣੀ ਪ੍ਰਭੂਸੱਤਾ ਦਾ ਝੰਡਾ ਝੁਲਾ ਦਿੱਤਾ ਸੀ। ਜਿਸ ਪੰਜਾਬ ਨੂੰ ਪੰਜ-ਸੱਤ ਦਹਾਕਿਆਂ ਤੋਂ ਅਫ਼ਗਾਨ ਲੁੱਟਦੇ ਆ ਰਹੇ ਸਨ, ਇਨ੍ਹਾਂ ਹੜ੍ਹਾਂ ਨੂੰ ਠੱਲ੍ਹ ਪਾ ਕੇ ਦੇਸ਼ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕਰਨਾ ਸੱਚ-ਮੁੱਚ ਕਰਾਮਾਤ ਵਾਲੀ ਗੱਲ ਸੀ। ਇਹ ਸਿਹਰਾ ਇਤਿਹਾਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਿਰ ਬੰਨ੍ਹਿਆ ਅਤੇ ਸਾਡੇ ਕਵੀਆਂ ਨੇ ਜਿੱਥੇ ਉਸ ਦੀ ਮਹਿਮਾ ਗਾ ਕੇ ਆਪਣਾ ਕਰਤੱਵ ਨਿਭਾਇਆ ਹੈ, ਉਥੇ ਹਿੰਦੀ-ਪੰਜਾਬੀ ਸਾਹਿੱਤ ਦੀ ਵੀ ਚੰਗੀ ਸੇਵਾ ਕੀਤੀ ਹੈ।

ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬੀ

ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੀ ਵਾਗਡੋਰ ਸੰਭਾਲ ਕੇ ਦੇਸ਼ ਦੀ ਤਰੱਕੀ ਲਈ ਹਰ ਕਿਸਮ ਦੇ ਉਹ ਉਪਰਾਲੇ ਕੀਤੇ, ਜੋ ਕਿ ਉਸ ਸਮੇਂ ਦੇ ਹਾਲਾਤ ਵਿਚ ਇਕ-ਪੁਰਖੀ ਰਾਜ ਵਿਚ ਸੰਭਵ ਸਨ। ਮਿ: ਲਾਰੰਸ ਨੇ ਠੀਕ ਲਿਖਿਆ ਹੈ ਕਿ ਸ਼ੇਰਿ-ਪੰਜਾਬ ਦੇ ਰਾਜਨੀਤਕ ਮੰਚ 'ਤੇ ਆਉਣ ਤੋਂ ਪਹਿਲਾਂ ਪੰਜਾਬ ਦੀ ਸੰਸਕ੍ਰਿਤੀ ਤੇ ਸਾਹਿੱਤ ਦਾ ਸਰਬਨਾਸ਼ ਹੋ ਚੁੱਕਾ ਸੀ। ਸੋ, ਪੰਜਾਬ ਦੀ ਸੁਤੰਤਰਤਾ ਤੇ ਪ੍ਰਭੂਸੱਤਾ ਦੀ ਸਥਾਪਨਾ ਬਿਨਾਂ ਸੰਸਕ੍ਰਿਤੀ ਤੇ ਸਾਹਿੱਤ ਦਾ ਪੁਨਰ-ਉਥਾਨ ਅਸੰਭਵ ਸੀ। ਇਸ ਕਰਕੇ ਇਹ ਸਿਹਰਾ ਸ਼ੇਰਿ-ਪੰਜਾਬ ਦੇ ਸਿਰ ਹੀ ਸੱਜਦਾ ਹੈ ਕਿ ਉਸ ਨੇ ਅਜਿਹਾ ਵਾਤਾਵਰਣ ਸਥਾਪਿਤ ਕੀਤਾ, ਜਿਸ ਵਿਚ ਸਾਹਿੱਤ ਤੇ ਕਲਾ ਵਰਗੀਆਂ ਚੀਜ਼ਾਂ ਪ੍ਰਫੁੱਲਤ ਹੋ ਸਕਣ। ਮਿ. ਮੈਕਗ੍ਰੇਗਰ ਨੇ ਇਹ ਗੱਲ ਬੜੀ ਸਪੱਸ਼ਟ ਕਰ ਕੇ ਲਿਖੀ ਹੈ ਕਿ ਭਾਵੇਂ ਉਸ ਦਾ ਬਹੁਤਾ ਸਮਾਂ ਸੈਨਿਕ ਸਰਗਰਮੀਆਂ ਵਿਚ ਹੀ ਬੀਤਦਾ ਸੀ, ਪਰ ਫਿਰ ਵੀ ਉਹ ਸਾਹਿੱਤਕ ਵਾਰਤਾਲਾਪਾਂ ਲਈ ਕਦੀ ਨਾ ਕਦੀ ਸਮਾਂ ਕੱਢ ਹੀ ਲੈਂਦਾ ਸੀ। ਉਸ ਦੇ ਇਸੇ ਸ਼ੌਕ ਤੇ ਲਗਨ ਦਾ ਸਿੱਟਾ ਹੈ ਕਿ ਪੰਜਾਬ ਵਿਚ ਸਭਿਆਚਾਰਕ ਸਾਹਿੱਤਕ ਪੁਨਰ-ਜਾਗ੍ਰਿਤੀ ਦਾ ਦੌਰ ਸ਼ੁਰੂ ਹੋਇਆ ਤੇ ਪੰਜਾਬੀ ਭਾਸ਼ਾ ਅਤੇ ਸਾਹਿੱਤ ਦੀ ਕਦਰ ਹੋਣ ਲੱਗੀ।

(1) ਪੰਜਾਬੀ ਭਾਸ਼ਾ

ਪਹਿਲੇ ਅਸਾਂ ਦੇਖਣਾ ਹੈ ਕਿ ਸ਼ੇਰਿ-ਪੰਜਾਬ ਨੇ ਪੰਜਾਬੀ ਭਾਸ਼ਾ ਲਈ ਕੀ ਕੀਤਾ? ਪੰਜਾਬੀ ਦੇ ਵਿਰੋਧੀ ਆਮ ਤੌਰ 'ਤੇ ਇਹ ਦਲੀਲ ਦਿਆ ਕਰਦੇ ਹਨ ਕਿ ਜੇਕਰ ਪੰਜਾਬੀ ਰਾਜ-ਕਾਜ ਲਈ ਫਿੱਟ ਹੁੰਦੀ ਤਾਂ ਮਹਾਰਾਜਾ ਰਣਜੀਤ ਸਿੰਘ ਇਸ ਨੂੰ ਜ਼ਰੂਰ ਦਫ਼ਤਰੀ ਜ਼ੁਬਾਨ ਬਣਾਉਂਦਾ ਤੇ ਸਰਕਾਰੀ ਕੰਮ-ਕਾਜ ਇਸ ਰਾਹੀਂ ਚਲਾਉਂਦਾ।

ਦਰਅਸਲ ਅਜਿਹੀ ਘੁੰਤਰਬਾਜ਼ੀ ਕਰਨ ਵਾਲੇ ਇਸ ਗੱਲ ਤੋਂ ਉੱਕਾ ਅੱਖਾਂ ਮੀਟ ਲੈਂਦੇ ਹਨ ਕਿ ਉਸ ਸਮੇਂ ਪੰਜ ਸੱਤ ਦਹਾਕਿਆਂ ਤੋਂ ਵਿਦੇਸ਼ੀ ਧਾੜਾਂ ਰਾਹੀਂ ਲੁੱਟੇ ਮਾਰੇ ਪੰਜਾਬ ਦੀ ਰਾਜਨੀਤਕ ਅਵਸਥਾ ਕਿਹੋ ਜਿਹੀ ਸੀ? ਉਸ ਮਾੜੀ ਹਾਲਤ ਵਿਚ ਜ਼ਬਾਨ, ਸਾਹਿੱਤ ਤੇ ਹੁਨਰ ਦੀ ਪ੍ਰਫੁੱਲਤਾ ਲਈ ਕੀ ਗੱਲ ਹੋ ਸਕਦੀ ਸੀ? ਇਸ ਕਰਕੇ ਮਹਾਰਾਜੇ ਦਾ ਸਭ ਤੋਂ ਪ੍ਰਮੁੱਖ ਕਰਤੱਵ ਇਹ ਸੀ ਕਿ ਉਹ ਦੇਸ਼ ਦੀ ਅਜ਼ਾਦੀ ਤੇ ਪ੍ਰਭੂਸੱਤਾ ਨੂੰ ਸੰਪੂਰਣ ਭਾਂਤ ਸਥਾਪਿਤ ਕਰੇ। ਇਸ ਉਦੇਸ਼ ਦੀ ਪੂਰਤੀ ਲਈ ਸੈਨਿਕ ਸੰਗਠਨ ਦੀ ਸਭ ਤੋਂ ਵੱਧ ਲੋੜ ਸੀ। ਅਸੀਂ ਜਾਣਦੇ ਹਾਂ ਕਿ ਪਹਿਲੇ ਤਾਂ ਇਹ ਸਟੇਟ

ਹੀ ਕਿਸੇ ਇਕ ਸਰੂਪ ਵਿਚ ਨਹੀਂ ਸੀ। ਥਾਂ-ਥਾਂ ਛੋਟੇ ਛੋਟੇ ਸਰਦਾਰ ਕਾਬਜ਼ ਸਨ ਤੇ ਕਿਧਰੇ ਨਵਾਬਾਂ ਦਾ ਕੁੰਡਲ ਘੇਰਾ ਪਾਈ ਬੈਠਾ ਸੀ ਤੇ ਉਤੋਂ ਹਮਲਾਵਰ ਨਿੱਤ ਨਵੀਂ ਛੇੜਖਾਨੀ ਕਰਦੇ ਰਹਿੰਦੇ ਸਨ। ਇਸ ਬਦਅਮਨੀ ਵਾਲੀ ਹਾਲਤ ਨੂੰ ਬਦਲ ਕੇ ਸਾਰੇ ਇਲਾਕੇ ਨੂੰ ਇਕ ਲੜੀ ਵਿਚ ਪਰੋਣ ਦੀ ਲੋੜ ਸੀ ਤੇ ਫਿਰ ਇਸ ਦਾ ਰਾਜ-ਪ੍ਰਬੰਧ ਕਰਨਾ ਵੀ ਅਤਿ ਜ਼ਰੂਰੀ ਸੀ। ਇਸ ਤੋਂ ਇਲਾਵਾ ਜੋ ਦੋ ਰਾਜਨੀਤਕ ਵੱਡੀਆਂ ਸ਼ਕਤੀਆਂ ਪੰਜਾਬੀ ਸੁਤੰਤਰਤਾ ਨੂੰ ਹੜੱਪਣ ਲਈ ਤਾਬੜ-ਤੋੜ ਜਤਨ ਕਰ ਰਹੀਆਂ ਸਨ, ਉਨ੍ਹਾਂ ਦੇ ਨੱਕ ਨਕੇਲ ਪਾਉਣਾ ਸਭ ਤੋਂ ਵੱਧ ਜ਼ਰੂਰੀ ਸੀ। ਇਹ ਦੋ ਤਾਕਤਾਂ ਸਨ—ਅਫ਼ਗਾਨ ਤੇ ਅੰਗਰੇਜ਼। ਅਫ਼ਗਾਨ ਪੱਛਮ ਉੱਤਰ ਵੱਲੋਂ ਤੇ ਅੰਗਰੇਜ਼ ਦਿੱਲੀ ਵੱਲੋਂ ਪੰਜਾਬ ਉੱਤੇ ਅੱਖਾਂ ਲਾਈ ਬੈਠੇ ਸਨ ਕਿ ਕਦੋਂ ਇਸ ਨੂੰ ਆਪਣੇ ਕਬਜ਼ੇ ਵਿਚ ਕਰੀਏ।

ਕੋਈ ਵੀ ਇਤਿਹਾਸ ਦਾ ਜਾਣੂ ਇਸ ਗੱਲ ਤੋਂ ਇਨਕਾਰ ਨਹੀਂ ਕਰੇਗਾ ਕਿ ਉਸ ਸਮੇਂ ਸਰਬ ਪ੍ਰਿਥਮ ਸਭ ਤੋਂ ਵੱਧ ਫ਼ੌਜੀ ਸ਼ਕਤੀ ਦੀ ਲੋੜ ਸੀ, ਜਿਸ ਦੇ ਬਲਬੂਤੇ ਇਨ੍ਹਾਂ ਮਾਰੂ ਸ਼ਕਤੀਆਂ ਨੂੰ ਠੱਲ੍ਹ ਪਾਈ ਜਾਂਦੀ। ਸੋ, ਸ਼ੇਰਿ-ਪੰਜਾਬ ਲਈ ਅਤਿ ਜ਼ਰੂਰੀ ਕਾਰਜ ਇਹੋ ਸੀ ਕਿ ਪੰਜਾਬ ਦੀ ਸੈਨਿਕ ਸ਼ਕਤੀ ਹਰ ਤਰ੍ਹਾਂ ਮਜ਼ਬੂਤ ਹੋਵੇ ਤੇ ਫਿਰ ਇਥੋਂ ਦਾ ਰਾਜ-ਪ੍ਰਬੰਧ ਸਥਿਰ ਤੇ ਸੁਰੱਖਿਅਤ ਹੋਵੇ।

ਅਜਿਹੇ ਹਾਲਾਤ ਵਿਚ ਇਹ ਫ਼ੈਸਲਾ ਕਰਨਾ ਔਖਾ ਨਹੀਂ ਕਿ ਪਹਿਲੇ ਕੀ ਕਰਨਾ ਚਾਹੀਦਾ ਸੀ। ਸੋ, ਸ਼ੇਰਿ-ਪੰਜਾਬ ਨੇ ਪਹਿਲਾਂ ਉਹ ਕੀਤਾ ਜਿਸ ਦੀ ਪਹਿਲੇ ਆਵੱਸ਼ਕਤਾ ਸੀ। ਰਾਜ-ਕਾਜ ਦਾ ਕੰਮ ਚਲਾਉਣ ਲਈ ਫ਼ਾਰਸੀ ਦੀ ਵਰਤੋਂ ਨੂੰ ਹੀ ਅਪਣਾਇਆ ਗਿਆ ਜੋ ਕਿ ਕਈ ਸਦੀਆਂ ਤੋਂ ਪੰਜਾਬ ਦੇ ਦਫ਼ਤਰਾਂ ਵਿਚ ਚਾਲੂ ਹੋ ਕੇ ਪੱਕ ਚੁੱਕੀ ਸੀ। ਫ਼ਾਰਸੀ ਕੇਵਲ ਹਿੰਦ ਵਿਚ ਹੀ ਨਹੀਂ, ਬਲਕਿ ਕਈ ਗੁਆਂਢੀ ਮੁਸਲਿਮ ਮੁਲਕਾਂ ਵਿਚ ਰਾਜ-ਭਾਸ਼ਾ ਤੇ ਕਲਚਰ-ਭਾਸ਼ਾ ਦਾ ਕੰਮ ਭੁਗਤਾ ਰਹੀ ਸੀ, ਇਸ ਦੇ ਮਹੱਤਵ ਅਤੇ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਥੋਂ ਤਕ ਕਿ ਈਸਟ ਇੰਡੀਆ ਕੰਪਨੀ ਵੀ ਲਗਭਗ ਸੌ ਵਰ੍ਹੇ ਤਕ ਇਸੇ ਫ਼ਾਰਸੀ ਰਾਹੀਂ ਹੀ ਹਿੰਦ ਦਾ ਰਾਜ-ਪ੍ਰਬੰਧ ਚਲਾਉਂਦੀ ਰਹੀ। ਅਜਿਹੀ ਅਵਸਥਾ ਵਿਚ ਸ਼ੇਰਿ-ਪੰਜਾਬ ਲਈ ਸਹੀ ਰਸਤਾ ਇਹ ਸੀ ਕਿ ਉਹ ਦਫ਼ਤਰੀ ਜ਼ੁਬਾਨ ਦੇ ਨਾਤੇ ਫ਼ਾਰਸੀ ਤੋਂ ਹੀ ਕੰਮ ਲੈਂਦਾ ਜਾਵੇ।

ਕਿਸੇ ਰਾਜ ਦੀ ਰਾਜ-ਭਾਸ਼ਾ ਕਿਹੜੀ ਹੋਵੇ ਤੇ ਪ੍ਰਾਂਤਕ ਭਾਸ਼ਾ ਨੂੰ ਕੀ ਦਰਜਾ ਦਿੱਤਾ ਜਾਵੇ, ਇਹ ਪੂਰਨ ਅਮਨ ਵੇਲੇ ਦੀਆਂ ਗੱਲਾਂ ਹਨ। ਜਿਸ ਕਿਸਮ ਦੇ ਹਾਲਾਤ ਵਿਚੋਂ ਮਹਾਰਾਜੇ ਨੇ ਆਪਣਾ ਰਾਜਨੀਤਕ ਸਫ਼ਰ ਸ਼ੁਰੂ ਕੀਤਾ, ਉਸ ਵਿਚ ਅਜਿਹਾ ਸੰਭਵ ਨਹੀਂ ਸੀ। ਮਹਾਰਾਜੇ ਨੇ ਪੰਜਾਬੀ ਭਾਸ਼ਾ ਨੂੰ ਅਦਾਲਤੀ ਜ਼ੁਬਾਨ ਬਣਾਉਣ ਲਈ ਕੋਈ ਕਦਮ ਉਠਾਉਣ ਦੀ ਲੋੜ ਨਹੀਂ ਸਮਝੀ ਤੇ ਉਹ ਆਪਣਾ ਕੰਮ ਫ਼ਾਰਸੀ ਤੋਂ ਹੀ ਲੈਂਦਾ ਰਿਹਾ। ਸੋ, ਰਾਜਨੀਤਕ ਹਾਲਤ ਵੱਲੋਂ ਅੱਖਾਂ ਮੀਟ ਕੇ ਇਹ ਕਹਿਣਾ ਕਿ ਪੰਜਾਬੀ ਇਸ ਦੇ ਯੋਗ ਨਹੀਂ ਸੀ, ਇਹ ਸਰਾਸਰ ਗ਼ਲਤ ਬਿਆਨੀ ਹੈ।

ਅਸੀਂ ਇਸ ਤੋਂ ਜ਼ਰਾ ਹੋਰ ਅਗੇਰੇ ਜਾ ਕੇ ਜਦੋਂ ਦੇਖਦੇ ਹਾਂ ਕਿ ਕੀ ਉਸ ਸਮੇਂ ਕਿਸੇ ਹੋਰ ਦੇਸੀ ਰਾਜ ਨੇ ਅਜਿਹੀ ਤਬਦੀਲੀ ਕੀਤੀ? ਇਸ ਦਾ ਜਵਾਬ ਹੈ, ਨਹੀਂ।

ਸ: ਕਪੂਰ ਸਿੰਘ (I.C.S.) ਨੇ ਇਕ ਵਧੀਆ ਮਿਸਾਲ ਦਿੱਤੀ ਹੈ ਕਿ ਉਸ ਸਮੇਂ ਮਰਹੱਟਿਆਂ ਨੇ ਵੀ ਤਲਵਾਰ ਦੇ ਜ਼ੋਰ ਨਾਲ ਕੁਝ ਰਾਜਨੀਤਕ ਸ਼ਕਤੀ ਬਣਾ ਲਈ ਸੀ ਤੇ ਕੁਝ ਇਲਾਕਾ ਸੁਤੰਤਰ ਕਰ ਲਿਆ ਸੀ, ਪਰ ਉਹ ਵੀ ਸਾਰਾ ਕੰਮ-ਕਾਜ ਫ਼ਾਰਸੀ ਰਾਹੀਂ ਹੀ ਚਲਾਉਂਦੇ ਰਹੇ, ਉਨ੍ਹਾਂ ਮਰਾਠੀ ਨੂੰ ਰਾਜ-ਭਾਸ਼ਾ ਨਹੀਂ ਬਣਾਇਆ। ਅੱਜ ਵੀ ਪੇਸ਼ਵਾ ਦੇ ਜ਼ਮਾਨੇ ਦਾ ਸਾਰਾ ਰਿਕਾਰਡ ਫ਼ਾਰਸੀ ਵਿਚ ਹੀ ਪ੍ਰਾਪਤ ਹੈ।

ਇਸ ਘਟਨਾ ਤੋਂ ਇਹ ਨਤੀਜਾ ਕੱਢਣਾ ਉਚਿਤ ਨਹੀਂ ਕਿ ਮਰਾਠੀ ਜ਼ੁਬਾਨ ਕਾਬਲ ਨਹੀਂ ਸੀ ਜਾਂ ਪੇਸ਼ਵਾ ਨੇਤਾਵਾਂ ਨੇ ਕੋਈ ਭੁੱਲ ਕੀਤੀ, ਸਗੋਂ ਕਹਿਣਾ ਇਹੋ ਮੁਨਾਸਿਬ ਹੈ ਕਿ ਉਨ੍ਹਾਂ ਚਾਲੂ ਫ਼ਾਰਸੀ ਜ਼ਬਾਨ ਤੋਂ ਪੂਰਾ ਫ਼ਾਇਦਾ ਉਠਾਇਆ ਤੇ ਆਪਣੇ ਅਜ਼ਾਦ ਇਲਾਕੇ ਦੀ ਸੁਰੱਖਿਆ ਤੇ ਸੰਭਾਲ ਲਈ ਲੋੜੀਂਦੇ ਜਤਨ ਕੀਤੇ। ਸੋ, ਜਦ ਕੋਈ ਪੱਖਪਾਤੀ ਬਿਰਤੀ ਵਾਲਾ ਇਸ ਕਿਸਮ ਦੀ ਗੱਲ ਕਰਦਾ ਹੈ ਕਿ ਸ਼ੇਰਿ-ਪੰਜਾਬ ਨੇ ਪੰਜਾਬੀ ਨੂੰ ਇਸ ਲਈ ਨਜ਼ਰ-ਅੰਦਾਜ਼ ਕੀਤਾ, ਕਿਉਂਕਿ ਇਹ ਸਰਕਾਰੀ ਭਾਸ਼ਾ ਬਣਨ ਦੇ ਯੋਗ ਨਹੀਂ ਸੀ ਤਾਂ ਇਹ ਸਾਰਾ ਮਨੋਕਲਪਨਾ ਦਾ ਮਹੱਲ ਆਪਣੇ ਆਪ ਡਿਗ ਕੇ ਢਹਿ-ਢੇਰੀ ਹੋ ਜਾਂਦਾ ਤੇ ਪਤਾ ਲੱਗਦਾ ਹੈ ਕਿ ਇਸ ਵਿਚ ਸਚਾਈ ਰੱਤਾ ਭਰ ਵੀ ਨਹੀਂ।

ਜਿਥੋਂ ਤਕ ਲਾਹੌਰ ਦਰਬਾਰ ਵਿਚ ਅਮਲੀ ਵਰਤਾਰੇ ਦਾ ਤੁਅੱਲਕ ਹੈ, ਸਾਰੀ ਗੱਲਬਾਤ ਪੰਜਾਬੀ ਵਿਚ ਕੀਤੀ ਜਾਂਦੀ ਸੀ ਤੇ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਹੀ ਬੋਲੀ ਤੇ ਵਰਤੀ ਜਾਂਦੀ ਸੀ। ਕਿਤੇ ਕਿਤੇ ਖ਼ਾਸ ਵਿਦੇਸ਼ੀ ਮਹਿਮਾਨ ਦੀ ਲੋੜ ਨੂੰ ਮੁੱਖ ਰੱਖ ਕੇ ਫ਼ਾਰਸੀ ਜ਼ੁਬਾਨ ਵੀ ਇਸਤੇਮਾਲ ਕਰ ਲਈ ਜਾਂਦੀ ਸੀ। ਬਾਹਰਲੇ ਲੋਕਾਂ ਨਾਲ ਚਿੱਠੀ-ਪੱਤਰ ਕਰਨ ਸਮੇਂ ਜਾਂ ਅਹਿਮਦਨਾਮੇ ਲਿਖਣ ਸਮੇਂ ਭਾਵੇਂ ਫ਼ਾਰਸੀ ਦੀ ਵਰਤੋਂ ਸੀ, ਪਰ ਉਸ ਫ਼ਾਰਸੀ ਵਿਚ ਦਰਜਨਾਂ ਪੰਜਾਬੀ ਸ਼ਬਦ ਇਉਂ ਨਗੀਨਿਆਂ ਵਾਂਗ ਜੜੇ ਹੁੰਦੇ ਸਨ, ਜਿਵੇਂ ਉਹ ਜ਼ੁਬਾਨ ਦਾ ਕੁਦਰਤੀ ਅੰਗ ਹੋਣ। ਰਣਜੀਤ ਸਿੰਘ ਦੀ ਸਰਕਾਰੀ ਮੋਹਰ ਵਿਚ 'ਅਕਾਲ ਸਹਾਇ' ਗੁਰਮੁਖੀ ਵਿਚ ਹੀ ਲਿਖਿਆ ਮਿਲਦਾ ਹੈ।

(2) ਪੰਜਾਬੀ ਸਾਹਿੱਤ

ਜਿਥੋਂ ਤਕ ਪੰਜਾਬੀ ਸਾਹਿੱਤ ਦੀ ਬਿਰਧੀ ਦਾ ਤੁਅੱਲਕ ਹੈ, ਇਸ ਲਈ ਸ਼ੇਰਿ-ਪੰਜਾਬ ਦੇ ਯਤਨ ਵਿਸ਼ੇਸ਼ ਪ੍ਰਸੰਸਾ ਦੇ ਪਾਤਰ ਹਨ। ਉਸ ਨੇ ਅਨੇਕਾਂ ਕਵੀ ਆਪਣੇ ਪਾਸ ਰੱਖ ਕੇ ਕਈ ਚੀਜ਼ਾਂ ਲਿਖਾਈਆਂ ਤੇ ਕਿਤਨੇ ਹੀ ਸਾਹਿੱਤਕਾਰਾਂ ਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਰਪ੍ਰਸਤੀ ਕੀਤੀ। ਸਾਡੇ ਲਈ ਇਹ ਸੰਭਵ ਨਹੀਂ ਕਿ ਹਰ ਕਵੀ ਸਬੰਧੀ ਪੂਰੇ ਇਤਿਹਾਸਕ-ਸ੍ਰੋਤਾਂ ਨਾਲ ਇਹ ਦੱਸਿਆ ਜਾਵੇ ਕਿ ਸ਼ੇਰਿ-ਪੰਜਾਬ ਨੇ ਫਲਾਣੇ ਕਵੀ ਦੀ ਇਸ ਢੰਗ ਨਾਲ ਸਰਪ੍ਰਸਤੀ ਕੀਤੀ, ਪਰੰਤੂ ਸਾਨੂੰ ਪਤਾ ਹੈ ਕਿ ਜੋ ਕਵੀ ਮਹਾਰਾਜੇ ਦੀ ਮਿਹਰਬਾਨੀ ਦੇ ਪਾਤਰ ਬਣੇ, ਉਨ੍ਹਾਂ ਦੀ ਲਿਸਟ ਲੰਮੀ ਹੈ। ਪਰ ਦੋ ਦਰਜਨ ਦੇ ਲਗਭਗ ਵਰਣਨ ਯੋਗ ਨਾਮ ਇਹ ਹਨ :

1. ਸੱਯਦ ਹਾਸ਼ਮ ਸ਼ਾਹ; 2. ਮੌਲਵੀ ਅਹਿਮਦਯਾਰ; 3. ਬੁੱਧ ਸਿੰਘ ਲਾਹੌਰੀ; 4. ਪੰ: ਨਿਹਾਲ ਸਿੰਘ ਲਾਹੌਰੀ; 5. ਭਾਈ ਦਸੌਂਧਾ ਸਿੰਘ; 6. ਗਿਆਨੀ ਸੰਤ ਸਿੰਘ; 7. ਭਾਈ ਗੁਰਮੁਖ ਸਿੰਘ; 8. ਹਾਕਮ ਸਿੰਘ ਦਰਵੇਸ਼; 9. ਸਾਵਣ ਯਾਰ;

10. ਜਾਫ਼ਰਬੇਗ; 11. ਗਣੇਸ਼ਦਾਸ; 12. ਰਾਮ ਦਾਸ; 13. ਪੂਰਨ ਸਿੰਘ; 14. ਭਾਗ ਸਿੰਘ; 15. ਨਿਹਾਲ ਸਿੰਘ; 16. ਗਵਾਲ ਭੱਟ; 17. ਸਾਹਿਬ ਸਿੰਘ ਮ੍ਰਿਗਿੰਦ; 18. ਮੇਘ ਸਿੰਘ; 19. ਸ਼ਿਵ ਦਿਆਲ; 20. ਜੈ ਸਿੰਘ; 21. ਸਹਾਈ ਸਿੰਘ; 22. ਮਿਹਰ ਸਿੰਘ ਗੁਜਰਾਤੀ; 23. ਸ਼ਾਹ ਮੁਹੰਮਦ; 24. ਕਾਨ੍ਹ ਸਿੰਘ ਬੰਗਾ; 25. ਪਦਮਾਕਾਰ ਆਦਿ।

ਸੱਯਦ ਹਾਸ਼ਮ ਸ਼ਾਹ (1734-1843 ਈ:) ਦਾ ਨਾਮ ਇਸ ਸਾਹਿੱਤਕਾਰ-ਸੂਚੀ ਵਿਚ ਸਿਖਰ ਉੱਤੇ ਹੈ। ਇਹ ਪਿੰਡ ਜਗਦੇਉ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਜੰਮਪਲ ਸਨ ਤੇ ਚੰਗੇ ਹਕੀਮ, ਦਰਵੇਸ਼ ਤੇ ਸ਼ਾਇਰ ਹੋਣ ਦੇ ਨਾਤੇ ਲੋਕਾਂ ਵਿਚ ਚੰਗੀ ਸ਼ੁਹਰਤ ਰੱਖਦੇ ਸਨ। ਮਹਾਰਾਜਾ ਰਣਜੀਤ ਸਿੰਘ ਨਾਲ ਇਨ੍ਹਾਂ ਦੇ ਸੰਬੰਧਾਂ ਬਾਰੇ ਵੱਖ-ਵੱਖ ਰਾਵਾਂ ਹਨ। ਕੁਝ ਪੰਜਾਬੀ ਸਾਹਿੱਤ ਦੇ ਇਤਿਹਾਸਕਾਰਾਂ ਲਿਖਿਆ ਹੈ ਕਿ ਉਹ ਮਹਾਰਾਜੇ ਦਾ ਦਰਬਾਰੀ ਕਵੀ ਸੀ ਅਤੇ ਕੁਝ ਨੇ ਇਹ ਵੀ ਲਿਖਿਆ ਹੈ ਕਿ ਉਸ ਦਾ ਦਰਬਾਰ ਨਾਲ ਕੋਈ ਸਰੋਕਾਰ ਨਹੀਂ ਸੀ, ਪਰੰਤੂ ਰਵਾਇਤ ਬੜੀ ਬਲਵਾਨ ਹੈ। ਅੱਜ ਤੋਂ ਸੌ ਸਾਲ ਪਹਿਲਾਂ ਡਾਕਟਰ ਲਾਇਟਨਰ[1] ਜੋ ਪੰਜਾਬ ਵਿਚ ਵਿਦਿਆ ਵਿਭਾਗ ਦਾ ਮੁਖੀ ਸੀ, ਉਸ ਨੇ ਇਹ ਗੱਲ ਲਿਖੀ ਹੈ ਕਿ ਜਦੋਂ ਸ਼ੇਰਿ-ਪੰਜਾਬ ਨੇ ਅੰਮ੍ਰਿਤਸਰ ਦੇ ਇਲਾਕੇ ਉੱਤੇ ਕਬਜ਼ਾ ਕੀਤਾ ਤਾਂ ਹਾਸ਼ਮ ਸ਼ਾਹ ਉਨ੍ਹਾਂ ਮੁਸਲਿਮ ਬਾਗ਼ੀਆਂ ਵਿਚ ਸੀ ਜੋ ਮਹਾਰਾਜੇ ਦੀ ਅਧੀਨਗੀ ਕਬੂਲ ਕਰਨ ਲਈ ਤਿਆਰ ਨਹੀਂ ਸਨ, ਪਰ ਸਾਧਾਰਨ ਹਾਲਾਤ ਹੋ ਜਾਣ 'ਤੇ ਮਿਹਰਬਾਨ ਮਹਾਰਾਜੇ ਨੇ ਹਾਸ਼ਮ ਸ਼ਾਹ ਦੀ ਸਾਹਿੱਤਕ ਪ੍ਰਸਿੱਧੀ ਤੇ ਅਰਬੀ ਵਿਦਵਤਾ ਨੂੰ ਮੁੱਖ ਰੱਖ ਕੇ ਉਸ ਨੂੰ ਚੰਗੀ ਜਾਗੀਰ ਪ੍ਰਦਾਨ ਕੀਤੀ। ਹੌਲੀ ਹੌਲੀ ਇਹ ਸੰਪਰਕ ਵਧਦਾ ਗਿਆ ਤੇ ਹਾਸ਼ਮ ਦੀ ਸ਼ਾਇਰੀ ਵਧੇਰੇ ਅਸਰ-ਅੰਦਾਜ਼ ਹੁੰਦੀ ਗਈ। ਰਵਾਇਤ ਹੈ ਕਿ ਮਹਾਰਾਜੇ ਨੂੰ ਹਾਸ਼ਮ ਦੇ ਦੋਹੜੇ ਬਹੁਤ ਪਿਆਰੇ ਲੱਗਦੇ ਸਨ ਤੇ ਇਹ ਡਿਉਢ ਤਾਂ ਉਹ ਬਾਰ-ਬਾਰ ਸੁਣ ਕੇ ਰਾਜ਼ੀ ਸਨ :

> ਕਾਮਲ ਸ਼ੌਕ ਮਾਹੀ ਦਾ ਮੈਨੂੰ, ਨਿਤ ਰਹੇ ਜਿਗਰ ਵਿਚ ਵਸਦਾ, ਲੂੰ ਲੂੰ ਰੱਸਦਾ।
> ਰਾਂਝਣ ਬੇਪ੍ਰਵਾਹੀ ਕਰਦਾ ਅਤੇ ਕੋਈ ਗੁਨਾਹ ਨ ਦੱਸਦਾ, ਉੱਠ ਉੱਠ ਨੱਸਦਾ।
> ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ, ਵੇਖ ਤੱਤੀ ਵੱਲ ਹੱਸਦਾ, ਜ਼ਰਾ ਨ ਖੱਸਦਾ।
> ਹਾਸ਼ਮ ਕੰਮ ਨਹੀਂ ਹਰ ਕਸ ਦਾ ਆਸ਼ਕ ਹੋਣ ਦਰਸ ਦਾ ਬ੍ਰਿਹੋਂ ਰੱਸਦਾ।

ਭਾਈ ਬੁੱਧ ਸਿੰਘ ਲਾਹੌਰੀ ਹਿੰਦੀ ਤੇ ਫ਼ਾਰਸੀ ਦਾ ਚੰਗਾ ਵਿਦਵਾਨ ਸੀ ਤੇ ਮਹਾਰਾਜਾ ਉਸ ਦੀ ਉਚੇਚੀ ਕਦਰ ਕਰਦਾ ਸੀ। ਉਸ ਨੂੰ ਮਹਾਰਾਜੇ ਨੇ ਕਿਹਾ,

---

1. The famous Mathematician and Arabic Scholar Hashim Shah wrote numerous novelettes in Panjabi, which are still much read, he got a jagir near Jagdeo Kalan in recognition of his literary eminence and his Arabic Scholarship secured his pardon from the ever forgiving Ranjit Singh, when he had once joined in a revolution against the 'Sikh Sirkar' the 'Servus Servorum' of the Panjab. Hashim Shah's 'Shirin Ferhad' in Panjabi, his story of 'Sassi Punnu' and of 'Sohni Mahiwal' still form the delight of thousands.

(History of Indigenous Education in the Panjabi,1883)

ਅਯਾਰਦਾਨਸ਼ ਪੁਸਤਕ ਦੀ ਬੜੀ ਚਰਚਾ ਹੈ। ਇਸ ਦਾ ਦੇਸੀ ਅਨੁਵਾਦ ਕਰੋ ਤਾਂ ਕਿ ਸਾਡੇ ਲੋਕ ਉਸ ਤੋਂ ਲਾਭ ਉਠਾ ਸਕਣ। ਚੁਨਾਂਚਿ ਬੁੱਧ ਸਿੰਘ ਨੇ *ਬੁਧਿਬਾਰਧਿ* ਨਾਮ ਹੇਠ ਇਸ ਰਾਜਨੀਤੀ ਗ੍ਰੰਥ ਦਾ ਤਰਜਮਾ ਕੀਤਾ। ਉਹ ਲਿਖਦਾ ਹੈ:

ਸ੍ਰੀ ਰਣਜੀਤ ਸਿੰਘ ਜੁ ਨਾਮ। ਜਹਿ ਜਗ ਜੀਤ ਕਰਯੋ ਸੁ ਗੁਲਾਮ।
ਲਵਪੁਰ ਮਹਿ ਜਾਂ ਕੀ ਰਜਧਾਨੀ। ਤੇਜਵੰਤ ਬਲਵੰਤ ਮਹਾਨੀ।47।
ਤਾਂ ਨ੍ਰਿਪ ਮੋਹਿ ਬੁਲਾਇ ਕੇ, ਕੀਨੋਂ ਬਹੁ ਸਨਮਾਨ।
ਰਾਜਨੀਤਿ ਕੀ ਪ੍ਰੀਤਿ ਜਬ ਚੀਤ ਚਵੀ ਅਤਿ ਆਨ।60।
ਕਹਾ ਸੁਖਨ ਸੁਖ ਸੌ ਬਿਗਸਾਇ। ਸਭਾ ਸੁਭਗ ਜਹਿ ਰਹੀ ਸੁਹਾਇ।
'ਬੁਧਿਬਾਰਿਧਾ' ਜੁ ਨੀਤਿ ਕਹਾਵਤ। ਕਵਿ ਕੁਲ ਜਾਂਕੀ ਕੀਰਤਿ ਗਾਵਤ।
ਨਾਮ 'ਅਯਾਰਦਾਨਸ਼ਹਿ' ਜਾਸ। ਸੋ ਭਾਖਾ ਅਬ ਕਰੋ ਸੁ ਰਾਸ।
ਸੁਨ ਨ੍ਰਿਪ ਬੈਨ ਅਨੈ ਚਿਤਿ ਧਾਰਿ। ਭਾਖਾ ਤਾਂ ਕੀ ਕਰੀ ਸਵਾਰ।
ਦੋਹਾ ਅਰ ਚੌਪਈ ਬਨਾਈ। ਹੁਤੀ ਫ਼ਾਰਸੀ ਮਹਿ ਜੋ ਭਾਈ। (*ਬੁਧਿਬਾਰਧਿ*)

ਇਸੇ ਤਰ੍ਹਾਂ ਇਸ ਜ਼ਮਾਨੇ ਦਾ ਭਾਈ ਸੌਂਧਾ ਸਿੰਘ ਪਿੰਡ ਕਾਲਾ (ਘਣੂਪੁਰ), ਜ਼ਿਲ੍ਹਾ ਅੰਮ੍ਰਿਤਸਰ ਦਾ ਵਾਸੀ ਬੜਾ ਅੱਛਾ ਲਿਖਾਰੀ ਤੇ ਕਵੀ ਸੀ। ਉਸ ਨੇ 1808 ਵਿਚ ਫ਼ਾਰਸੀ ਰਚਨਾ *ਹਾਤਮਨਾਮਾ* ਦਾ ਸੁੰਦਰ ਸਰਲ ਅਨੁਵਾਦ ਕੀਤਾ ਸੀ। ਉਹ ਮਹਾਰਾਜੇ ਨੂੰ ਅਸੀਸਾਂ ਦਿੰਦਾ ਕਹਿੰਦਾ ਹੈ:

ਰਣਜੀਤ ਸਿੰਘ ਭੂਪਾਲ ਕਾ, ਅਸਥਿਰ ਹੋਵਹਿ ਰਾਜ।
ਇਹ ਹੈ ਭਾਵਨੀ ਦਾਸ ਕੀ, ਸੰਵਾਰਹਿ ਤਾਂ ਕੇ ਕਾਜ।
ਜਬ ਲੌ ਅਸਥਿਰ ਜਗਤ ਮਹਿ, ਗੰਗ ਜਮੁਨ ਕੇ ਨੀਰ।
ਤਬ ਲੌ ਤਾਂ ਕੇ ਰਾਜ ਕਉ, ਰਾਖਹਿ ਸ੍ਰੀ ਰਘੁਬੀਰ। (*ਹਾਤਮਨਾਮਾ*)

ਹਾਕਮ ਸਿੰਘ ਜੋ ਕਿ ਪਿੰਡ ਰਾਇਪੁਰ, ਜ਼ਿਲ੍ਹਾ ਲੁਧਿਆਣੇ ਦਾ ਵਸਨੀਕ ਸੀ, ਤੇ ਜਰਨੈਲ ਗੁਲਾਬ ਸਿੰਘ ਪਹੂਵਿੰਡੀਏ ਦੀ ਫ਼ੌਜ ਵਿਚ ਘੋੜ ਸਵਾਰ ਸੀ, ਉਸ ਨੇ ਪੰਜਾਬੀ ਵਿਚ ਦਰਜਨ ਤੋਂ ਉੱਤੇ ਰਚਨਾਵਾਂ ਲਿਖੀਆਂ ਹਨ ਤੇ ਇਕ ਸੀਹਰਫ਼ੀ 'ਗੁਰੂ ਖ਼ਾਲਸੇ ਸ਼ਾਹ ਜੀ' ਵੀ ਲਿਖੀ ਹੈ। ਇਸ ਸਿਰਲੇਖ ਤੋਂ ਇਕ ਗੱਲ ਭਲੀਭਾਂਤ ਪ੍ਰਗਟ ਹੈ ਕਿ ਉਸ ਸਮੇਂ ਦੇ ਸਿਆਣੇ ਪੰਜਾਬੀ ਮਹਾਰਾਜਾ ਰਣਜੀਤ ਸਿੰਘ ਦੀ ਥਾਂ ਸਰਕਾਰ ਖ਼ਾਲਸਾ ਨੂੰ ਹੀ ਪ੍ਰਣਾਮ ਕਰਦੇ ਸਨ ਤੇ ਗੁਰੂ ਖ਼ਾਲਸੇ ਨੂੰ ਹੀ 'ਸ਼ਾਹ' ਕਹਿ ਕੇ ਬੁਲਾਉਣਾ ਠੀਕ ਸਮਝਦੇ ਸਨ।

ਅਲਫ, ਆਪ ਗੋਬਿੰਦ ਸਿੰਘ ਗੁਰੂ ਸੱਚੇ, ਸਾਹਿਬ ਖ਼ਾਲਸੇ ਪੰਥ ਨੂੰ ਧਾਰਿਆ ਜੀ।
ਚਾਰੋਂ ਵਰਣ ਤੋਂ ਬੀਰ ਬਣਾਇ ਸਾਜੇ, ਸਾਧਾਂ ਗਊਆਂ ਨੂੰ ਪਕੜਿ ਉਬਾਰਿਆ ਜੀ।
ਪਾਇਆ ਵਿਚਿ ਥਰਥਲ ਬਲਾਇਤਾਂ ਦੇ, ਕਾਫ਼ਰ ਤੁਰਕਾਂ ਨੂੰ ਘੇਰ ਕੇ ਮਾਰਿਆ ਜੀ।
ਹਾਕਮ ਸਿੰਘ ਦਾ ਗੁਰੂ ਦਿਆਲ ਹੋਇਆ, ਨਜ਼ਰ ਮਿਹਰ ਦੀ ਖ਼ਾਲਸਾ ਤਾਰਿਆ ਈ।
ਜੋ ਜੰਗ ਮੈਂ ਜਿਨ੍ਹਾਂ ਦਾ ਗੁਰੂ ਜੀਤੇ, ਉਨ੍ਹਾਂ ਸੰਗਤਾਂ ਨੂੰ ਕਾਈ ਹਾਰ ਨਾਹੀ।
ਗਿਣਤੀ ਅੰਤ ਨ ਆਂਵਦਾ ਖ਼ਾਲਸੇ ਦਾ, ਫੌਜਾਂ ਦਲਾਂ ਦਾ ਪਾਰਾਵਾਰ ਨਾਹੀ।
ਬਾਦਸ਼ਾਹ ਰਣਜੀਤ ਸਿੰਘ ਗੁਰੂ ਕਰਿਆ, ਗੁਰੂ ਫ਼ਜ਼ਲ ਦਾ ਕੁਝ ਸ਼ੁਮਾਰ ਨਾਹੀ।

ਹਾਕਮ ਸਿੰਘ ਭਾਵਾ ਪੰਥ ਸਤਿਗੁਰੂ ਦਾ, ਜੀਹਦੇ ਪੰਥ ਦਾ ਉਰਾਰਾ ਤੇ ਪਾਰ ਨਾਹੀ।
ਗਾਫ਼, ਗੁਰੂ ਗਿਆਰਮਾ ਖ਼ਾਲਸਾ ਜੀ, ਜਿਨ੍ਹੀ ਜਾਣਿਆ ਭਉਜਲੋਂ ਪਾਰ ਹੋਏ।
ਨਿਤ ਭੋਗਦੇ ਭੋਗ ਵਿਲਾਇਤਾਂ ਦੇ, ਸਿੰਘ ਸੂਰਮੇ ਹਠੀ ਹਜ਼ਾਰ ਹੋਏ।
ਬਾਦਸ਼ਾਹ ਰਣਜੀਤ ਸਿੰਘ ਗੁਰੂ ਕਰਿਆ, ਉਹਦੀ ਮਿਹਰ ਵਿਚ ਕਈ ਸਰਦਾਰ ਹੋਏ।
ਹਾਕਮ ਸਿੰਘ ਦਰਵੇਸ਼ ਭੀ ਆਸ ਕਰਦਾ, ਕਦੀ ਅਸਾਂ ਭੀ ਫ਼ਜ਼ਲ ਗੁਰਦੁਆਰ ਹੋਏ।

ਸਾਵਣਯਾਰ ਨੇ ਆਪਣੀ ਰਚਨਾ ਵਿਚ ਜਿਥੇ ਸ਼ੇਰਿ-ਪੰਜਾਬ ਦੇ ਲਾਸਾਨੀ ਪ੍ਰਭਾਵ ਨੂੰ ਅੰਕਿਤ ਕੀਤਾ ਹੈ, ਉਥੇ ਉਹ (ਰਾਣੀ) ਮੋਰਾਂ ਦੀ ਪ੍ਰੀਤਿ ਤੇ ਵਿਛੋੜੇ ਦੀ ਚਰਚਾ ਕਰਨੋਂ ਵੀ ਨਹੀਂ ਰੁਕਿਆ। ਉਹ ਇਕ ਗੱਲ ਸਾਫ਼ ਕਹਿੰਦਾ ਹੈ ਕਿ ਰਣਜੀਤ ਸਿੰਘ ਨੇ ਨਿਮਾਣੇ-ਨਿਤਾਣੇ ਗ਼ਰੀਬਾਂ ਹਲਵਾਹ ਤੇ ਹਟਵਾਣੀਏ ਲੋਕਾਂ ਨੂੰ ਜਰਨੈਲ, ਕਰਨੈਲ ਬਣਾ ਕੇ ਅੱਗੇ ਲਿਆਂਦਾ:

ਅਲਫ਼, ਦੇਸ ਪੰਜਾਬ ਦੇ ਵਿਚ ਅੰਦਰ, ਇਕ ਪਾਤਸ਼ਾਹ ਆਖ਼ਰੀਂ ਦਉਰ ਦਾ ਈ।
ਦੂੰਬ ਬੱਕਰੀ ਦੀ ਬਾਘ ਆਣ ਬੱਧਾ, ਜਿਸ ਅਦਲ ਪਾਇਆ ਇਸ ਤਉਰ ਦਾ ਈ।
ਲਏ ਸਾਰ ਗ਼ਰੀਬ ਨਿਮਾਣਿਆਂ ਦੀ, ਜਿਨ ਰਾਜ ਕੀਤਾ ਵੱਡੇ ਗਉਰ ਦਾ ਈ।
ਸਾਵਣ ਯਾਰ ਬੇਟਾ ਮਹਾਂ ਸਿੰਘ ਜਾਇਆ, ਰਣਜੀਤ ਸਿੰਘ ਵਾਲੀ ਲਾਹੌਰ ਦਾ ਈ।
ਹੇ ਹੁਕਮ ਤੇਰਾ ਰਣਜੀਤ ਸਿੰਘ, ਸਾਰੇ ਮੁਲਖ ਉੱਤੇ ਪਰਵਾਨ ਹੋਇਆ।
ਧੰਨੀ ਘੇਪ ਵਲਾਇਤਾਂ ਬਲਖ ਤਾਈਂ, ਕਸ਼ਮੀਰ ਸਣੇ ਖ਼ੁਰਾਸਾਨ ਹੋਇਆ।
ਠੰਠਾ ਭੱਖਰ ਛਛਰਾ ਵਿਚ ਥਲੀਂ, ਹੋਰ ਸਿੰਧ ਤੇ ਸਣੇ ਐਰਾਨ ਹੋਇਆ।
ਸਾਵਣਯਾਰ ਪਹਾੜ ਤੇ ਮਾਲਵਾ ਜੀ, ਲੱਖੀ ਜੰਗਲ ਹਿੰਦੁਸਤਾਨ ਹੋਇਆ।

ਪੰਜਾਬ ਦੇ ਹਲ-ਵਾਹਕਾਂ, ਕਿਰਤੀਆਂ, ਫ਼ੌਜੀਆਂ ਤੇ ਹੋਰ ਘਾਲਾਂ ਘਾਲਣ ਵਾਲਿਆਂ ਨੂੰ ਜਿਵੇਂ ਸ਼ੇਰਿ-ਪੰਜਾਬ ਨੇ ਸਨਮਾਨਿਆ ਤੇ ਵਡਿਆਇਆ, ਉਹ ਸੱਚਮੁੱਚ ਇਕ ਅਨੋਖੀ ਗੱਲ ਸੀ। ਜੋ ਚੀਜ਼ ਕੇਵਲ ਮੁਗ਼ਲਜ਼ਾਦਿਆਂ ਜਾਂ ਪਠਾਣਜ਼ਾਦਿਆਂ ਤਕ ਮਹਿਦੂਦ ਸੀ, ਉਹ ਸਾਰੀਆਂ ਨਿਆਮਤਾਂ ਮਹਾਰਾਜੇ ਨੇ ਆਪਣੇ ਗ਼ਰੀਬ ਸਿਪਾਹੀਆਂ ਨੂੰ ਦਿੱਤੀਆਂ:

ਸ਼ੇ, ਖ਼ੂਬ ਡਿਠੀ ਸ਼ਾਨ ਖ਼ਾਲਸੇ ਦੀ, ਕੈਂਠੇ ਸ਼ਾਲ ਦੁਸ਼ਾਲੇ ਸਪੁੱਤਿਆਂ ਨੂੰ।
ਹਾਥੀ ਘੋੜੇ ਹੰਬਾਰੀਆਂ ਉਠ ਝੂਲਾਂ, ਸੁਇਨਾ ਕਾਕੜਾ ਖੋਤਿਆਂ ਕੁੱਤਿਆਂ ਨੂੰ।
ਨਾਈਆਂ ਡੂੰਮਾਂ ਤੇ ਕੰਮੀਆਂ ਟਹਿਲੀਆਂ ਨੂੰ, ਸੁਇਨਾ ਦਿੱਤਾ ਜਗਾਇ ਕੇ ਸੁੱਤਿਆਂ ਨੂੰ।
ਸਾਵਣਯਾਰ ਰਣਜੀਤ ਸਿੰਘ ਰੰਗ ਲਾਇਆ, ਜ਼ਰੀ ਬਾਦਲਾ ਦੇ ਹਲ-ਜੁੱਤਿਆਂ ਨੂੰ।

ਜਾਫ਼ਰ ਬੇਗ ਇਕ ਮੁਸਲਮਾਨ ਸ਼ਾਇਰ ਸੀ। ਉਸ ਨੇ ਸ਼ੇਰਿ-ਪੰਜਾਬ ਦੀ ਚੜ੍ਹਤ ਨੂੰ ਅੱਖੀਂ ਵੇਖਿਆ ਤੇ ਉਸ ਦੇ ਨਿਆਂ ਦੀ ਚਰਚਾ ਵੀ ਕੰਨੀਂ ਸੁਣੀ ਸੀ। ਇਸ ਬਾਰੇ ਉਹ ਨਿਝੱਕ ਹੋ ਕੇ ਲਿਖਦਾ ਹੈ:

ਅਲਫ਼ ਆਖ ਤੂੰ ਸਿਫ਼ਤ ਸਰਕਾਰ ਵਾਲੀ, ਸਿੰਘ ਪੰਥ ਵਿਚ ਹੋਏ ਧਾਰੀ।
ਜੀਹਦੇ ਰਾਜ ਕੁਆਰੀਆਂ ਰਾਹ ਤੁਰੀਆਂ, ਛੇੜਦਾ ਨਾਹਿ ਕੋ ਖ਼ੌਫ਼ ਭਾਰੀ।
ਭੰਗੀ ਰਾਮਗੜ੍ਹੀਏ ਰਾਜੇ ਜ਼ੇਰ ਕੀਤੇ, ਲਈ ਜ਼ੋਰ ਦੇ ਨਾਲ ਪੰਜਾਬ ਸਾਰੀ।
ਜਾਫ਼ਰਬੇਗ ਜਿਹਦੇ ਵੱਲ ਰੱਬ ਹੋਵੇ, ਫਤੇ ਆਉਂਦੀ ਵਿਚ ਮੈਦਾਨ ਭਾਰੀ।

ਤੇ ਤਾਬਿਆ ਨਾਲ ਸਰਦਾਰ ਰਾਜੇ, ਸੰਦਲਦੀਪ ਬੀਕਾਨੇਰ ਜੀਨ ਤਾਈਂ।
ਧੁਰੋਂ ਟਾਪੂਓਂ ਲੰਦਨੋਂ ਚਲ ਗੋਰੇ, ਹੱਥ ਬੰਨ੍ਹਿਆ ਕਰਨ ਤਾਜ਼ੀਮ ਤਾਈਂ।
ਚੰਬਾ ਕੁੱਲੂ ਕੁਟੰਤ ਸੇ ਆਵਹਿੰ ਟਕੇ, ਸਾਰਾ ਮੁਲਖ ਸਰਕਾਰ ਦੀ ਈਨ ਤਾਈਂ।
ਜਾਫ਼ਰ ਬੇਗ ਸਰਕਾਰ ਦੀ ਧਮਕ ਭਾਰੀ, ਟਕੇ ਆਉਂਦੇ ਚੀਨਮ ਚੀਨ ਤਾਈਂ।

ਜਾਫ਼ਰ ਬੇਗ ਨੇ ਮਹਾਰਾਜੇ ਦੇ ਦਿਹਾਂਤ ਬਾਰੇ ਬੜੇ ਪਤੇ ਦੀ ਗੱਲ ਲਿਖੀ ਹੈ ਕਿ ਅੰਗਰੇਜ਼ਾਂ ਨੇ ਦਗ਼ੇ ਨਾਲ ਸ਼ਰਾਬ ਵਿਚ ਜ਼ਹਿਰ ਮਿਲਾ ਕੇ ਮਹਾਰਾਜੇ ਨੂੰ ਮਾਰਿਆ। ਇਸ ਗੱਲ ਦਾ ਸੰਕੇਤ ਕੁਝ ਇਤਿਹਾਸਕ-ਲਿਖਤਾਂ ਤੋਂ ਵੀ ਮਿਲਦਾ ਹੈ, ਪਰੰਤੂ ਜਾਫ਼ਰ ਬੇਗ ਦਾ ਬੇਬਾਕ ਬਿਆਨ ਧਿਆਨਯੋਗ ਹੈ:

ਦਾਲ ਦਗ਼ਾ ਫ਼ਿਰੰਗੀਆਂ ਵਿਚ ਬਡਾ, ਆਕਿਲ ਆਮ ਦੇ ਆਦਿ ਜੁਗਾਦਿ ਸਾਰੇ।
ਦਗ਼ੇ ਨਾਲ ਲਿਆ ਦਿੱਲੀ ਤਖ਼ਤ ਏਨ੍ਹਾਂ, ਦਗ਼ੇ ਨਾਲ ਲਏ ਕਿਲ੍ਹੇ ਕੋਟ ਭਾਰੇ।
ਅੰਤ ਨਾਲ ਸਰਕਾਰ ਦੇ ਦਗ਼ਾ ਕੀਤਾ, ਬਣੇ ਬਹੁਤ ਮਹਾਰਾਜ ਦੇ ਖ਼ਾਸ ਪਿਆਰੇ।
ਜਾਫ਼ਰ ਬੇਗ ਸਰਕਾਰ ਨੂੰ ਸ਼ੀਦ ਕੀਤਾ, ਰਹੇ ਪਾਸ ਅੰਬੀਰ ਮੁਸਾਹਬ ਸਾਰੇ।

ਭਾਗ ਸਿੰਘ ਵੀ ਸਮਕਾਲੀ ਕਵੀ ਹੈ। ਉਸ ਨੇ ਆਪਣੀਆਂ ਬੈਂਤਾਂ ਵਿਚ ਮਹਾਰਾਜੇ ਲਈ ਬੜੀ ਅਪਣੱਤ ਦੀ ਭਾਵਨਾ ਪ੍ਰਗਟ ਕੀਤੀ ਹੈ। ਉਸ ਨੂੰ ਚੰਗਾ ਨਿਆਂਕਾਰ, ਧਰਮ ਅਵਤਾਰ ਤੇ ਦਾਨੀ ਦੱਸ ਕੇ ਕਿਹਾ ਹੈ:

ਐਨ ਉਮਰ ਦਰਾਜ਼ ਜੁ ਹੋਇ ਤੇਰੀ, ਵਿਚ ਖ਼ਾਲਸੇ ਦੇ ਸਰਕਾਰ ਹੈਂ ਤੂੰ।
ਸ਼ੀਂਹ ਬੱਕਰੀ ਇਕੱਠੇ ਨੀਰ ਪੀਵਣ, ਹੱਕ ਨਿਆਉਂ ਤੇ ਧਰਮ ਅਉਤਾਰ ਹੈਂ ਤੂੰ।
ਹੀਰੇ ਮੋਤੀਆਂ ਚੁਨਿਆਂ ਪੰਨਿਆਂ ਦਾ, ਦਾਨ ਕਰਨ ਨੂੰ ਬੜਾ ਅਪਾਰ ਹੈਂ ਤੂੰ।
ਸੂਰਜ ਚੰਦ ਰਾਜ ਅਖੰਡ ਤੇਰਾ, ਭਾਗ ਸਿੰਘ ਮੇਰੀ ਸਰਕਾਰ ਹੈਂ ਤੂੰ।
ਗ਼ੈਨ ਗ਼ਮ ਨਾਹੀ ਤੇਰੇ ਰਾਜ ਅੰਦਰ, ਸਾਰੀ ਖ਼ਲਕ ਘਣਾ ਸੁਖ ਪਾਇਆ ਏ।
ਗਿਲਜੇ ਮਾਰ ਨਵਾਬ ਖ਼ਰਾਬ ਕੀਤੇ, ਦਲ ਮੁਗ਼ਲ ਪਠਾਣਾਂ ਦਾ ਘਾਇਆ ਏ।
ਦੋਹੀ ਫਿਰੀ ਸਰਕਾਰ ਦੀ ਦੇਸ ਸਾਰੇ, ਹੋਇਆ ਖ਼ਾਲਸੇ ਦਾ ਤੇਜ ਸਵਾਇਆ ਏ।
ਭਾਗ ਸਿੰਘ ਅਕਾਲ ਤੋਂ ਸਿਧਿ ਪਾਈ, ਕਲੂ ਕਾਲ ਮੇਂ ਹੁਕਮ ਚਲਾਇਆ ਏ ।19।

(ਬੈਂਤਾਂ ਭਾਗ ਸਿੰਘ ਕੀਆਂ)

ਭਾਈ ਨਿਹਾਲ ਸਿੰਘ ਨੇ 'ਬੈਂਤਾਂ ਸ਼ੇਰ ਸਿੰਘ ਕੀਆਂ' ਵਿਚ ਮਹਾਰਾਜੇ ਸ਼ੇਰ ਸਿੰਘ ਦਾ ਹਾਲ ਲਿਖਿਆ ਹੈ, ਪਰ ਉਹ ਵੱਡੇ ਮਹਾਰਾਜਾ ਸ਼ੇਰਿ-ਪੰਜਾਬ ਦੀ ਪ੍ਰਭੁਤਾ ਦੱਸਦਾ ਲਿਖਦਾ ਹੈ:

ਤੇ ਤਰਹ ਸਰਕਾਰ ਦੀ ਅਜਬ ਭਾਰੀ, ਤੋਪਾਂ ਰਹਿਕਲਾਂ ਸਣੇ ਜੰਬੂਰਿਆਂ ਦੇ।
ਕਲਾਨੌਰ ਫ਼ਿਲੌਰ ਪਿਸ਼ੌਰ ਤਾਈਂ, ਟਕੇ ਦੇਂਵਦੇ ਨੀ ਮਾਰੇ ਹੂਰਿਆਂ ਦੇ।
ਤੇਗ਼ ਢਾਲ ਤਲਵਾਰ ਤੁਫੰਗ ਨੇਜ਼ੇ, ਕੌਣ ਅਟਕਦਾ ਈ ਅੱਗੇ ਸੂਰਿਆਂ ਦੇ।
ਪੈਣ ਭਾਜੜਾਂ ਚੀਨਮ ਚੀਨ ਤਾਈਂ, ਕਾਬਲ ਕੰਬਦਾ ਜ਼ਰਾ ਖੰਘੂਰਿਆਂ ਦੇ ।4।

ਕਾਨ੍ਹ ਸਿੰਘ ਬੰਗਾ ਲਿਖਦਾ ਹੈ ਕਿ ਆਪਣੇ ਲੋਕ ਹੀ ਨਹੀਂ, ਬਲਕਿ ਫ਼ਿਰੰਗੀ ਵੀ ਉਸ ਨੂੰ ਟੋਪੀ ਲਾਹ ਕੇ ਸਲਾਮ ਕਰਦੇ ਸਨ:

ਹੁਈ ਦਿਨ ਬਦਿਨ ਜੀਤ ਸਰਕਾਰ ਕੀ। ਜੁ ਦੁਸ਼ਮਨ ਕਰੈ ਸਿਫ਼ਤ ਦਰਬਾਰ ਕੀ ।40।
ਗੁਰੂ ਪੁਸ਼ਤ ਉਸ ਕੀ ਪੈ ਮੱਦਤ ਧਰੈਂ। ਸਭੀ ਲਾਟ ਆ ਕਰ ਮੁਤਾਬਤ ਕਰੈ ।50।

ਸਿਰੋਂ ਲਾਹਿ ਟੋਪੀ ਕੇ ਕਰਤੇ ਸਲਾਮ। ਕਰੈ ਬਾਦਸ਼ਾਹੀ ਮੁਲਕ ਕੀ ਤਮਾਮ।51।

ਸ਼ਾਹ ਮੁਹੰਮਦ ਨੇ ਸਾਰੀ ਪ੍ਰਭੁਤਾ ਨੂੰ ਇੱਕੋ ਬੈਂਤ ਵਿਚ ਕਲਮਬੰਦ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਉਹ ਆਪਣਾ 'ਜੰਗਨਾਮਾ' ਸ਼ੁਰੂ ਹੀ ਇਉਂ ਕਰਦਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਯਾ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਿਸ਼ੌਰ ਚੰਬਾ, ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਤਿੱਬਤ ਦੇਸ ਲਦਾਖ਼ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਅੱਛਾ ਰਜ ਕੇ ਰਾਜ ਕਮਾਇ ਗਿਆ।5।

ਇਸ ਰਾਜ ਦੀ ਖ਼ੁਸ਼ਹਾਲੀ ਬਾਰੇ ਇਸ ਪੰਜਾਬੀ ਮੁਸਲਮਾਨ ਦੀ ਰਾਇ ਬੜੀ ਵਜ਼ਨ ਵਾਲੀ ਹੈ ਕਿ ਕਿਸ ਤਰ੍ਹਾਂ ਉਦੋਂ ਪੰਜਾਬੀਅਤ ਦੀ ਭਾਵਨਾ ਨੇ ਸਾਰੇ ਹਿੰਦੂ ਮੁਸਲਮਾਨਾਂ ਨੂੰ ਇਕਸੁਰ ਕੀਤਾ ਹੋਇਆ ਸੀ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੁਹਾਂ ਦੇ ਉੱਤੇ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਅੱਗੇ ਨਹੀਂ ਸੀ ਤੀਸਰੀ ਜ਼ਾਤ ਆਈ।3।

ਇਨ੍ਹਾਂ ਸਾਰੇ ਕਵੀਆਂ ਦੀਆਂ ਉਪ੍ਰੋਕਤ ਟੂਕਾਂ ਤੋਂ ਇਹ ਗੱਲ ਪ੍ਰਗਟ ਹੈ ਕਿ ਮਹਾਰਾਜਾ ਰਣਜੀਤ ਸਿੰਘ ਇਕ ਸ਼ਕਤੀਸ਼ਾਲੀ, ਸੂਰਬੀਰ ਸਿਆਣਾ ਪੁਰਖ ਸੀ, ਜਿਸ ਸਦੀਆਂ ਬਾਅਦ ਪੰਜਾਬ ਨੂੰ ਸੁਤੰਤਰ ਰਾਜ ਬਣਾਇਆ ਤੇ ਇਸ ਨੂੰ ਹਰ ਤਰ੍ਹਾਂ ਸੁਰੱਖਿਅਤ ਕਰ ਕੇ ਹਰ ਪਾਸੇ ਵਧਾਇਆ ਤੇ ਵਡਿਆਇਆ। ਦੂਸਰੀ ਇਹ ਗੱਲ ਕਿ ਉਸ ਦਾ ਰਾਜ ਸਾਰੇ ਹਿੰਦੂ, ਮੁਸਲਮਾਨ ਤੇ ਸਿੱਖਾਂ ਦਾ ਸਾਂਝਾ ਰਾਜ ਸੀ। ਉਸ ਨੇ ਕਿਸੇ ਸਮੇਂ ਵੀ ਪੱਖਪਾਤ ਤੋਂ ਕੰਮ ਨਾ ਲਿਆ, ਸਗੋਂ ਸਭ ਨੂੰ ਇੱਕੋ ਜਿਹਾ ਪਿਆਰਿਆ ਤੇ ਸਤਿਕਾਰਿਆ। ਇਸੇ ਸਾਂਝ ਤੋਂ ਸੰਮਿਲਤ ਕੋਸ਼ਿਸ਼ ਦਾ ਸਿੱਟਾ ਸੀ ਕਿ ਪੰਜਾਬ ਨੇ ਰਾਜ-ਪ੍ਰਬੰਧ, ਫ਼ੌਜ, ਖੇਤੀਬਾੜੀ, ਵਪਾਰ, ਕਲਾ ਕੌਸ਼ਲ, ਇਮਾਰਤਸਾਜ਼ੀ, ਚਿੱਤਰਕਾਰੀ ਅਤੇ ਸਾਹਿੱਤਕਾਰੀ ਨੇ ਸਭ ਪਾਸੇ ਤਰੱਕੀ ਕੀਤੀ।

ਪੰਜਾਬੀ ਜ਼ੁਬਾਨ ਨੂੰ ਦਫ਼ਤਰੀ ਜ਼ਬਾਨ ਨਾ ਬਣਾਉਣ ਦਾ ਕਾਰਨ ਇਹ ਨਹੀਂ ਕਿ ਉਹ ਪੰਜਾਬੀ ਨੂੰ ਨਹੀਂ ਸੀ ਚਾਹੁੰਦਾ ਜਾਂ ਪੰਜਾਬੀ ਇਸ ਦੇ ਯੋਗ ਨਹੀਂ ਸੀ, ਸਗੋਂ ਇਸ ਦਾ ਸਹੀ ਕਾਰਨ ਇਤਿਹਾਸਕ ਸੀ ਕਿ ਪੰਜਾਬ ਦੀ ਸੁਤੰਤਰਤਾ ਨੂੰ ਸਥਿਰ ਰੱਖਣ ਲਈ ਦੇਸ਼ ਦੀ ਸੈਨਿਕ ਸ਼ਕਤੀ ਨੂੰ ਮਜ਼ਬੂਤ ਕਰਨਾ ਪਹਿਲੀ ਜ਼ਰੂਰਤ ਸੀ, ਜਿਸ ਵੱਲ ਉਸ ਪੂਰਾ ਪੂਰਾ ਧਿਆਨ ਦਿੱਤਾ। ਇਸ ਤੋਂ ਇਲਾਵਾ ਜਦ ਕਦੀ ਵੀ ਮੌਕਾ ਮਿਲਿਆ ਤਾਂ ਉਸ ਪੰਜਾਬੀ ਕਵੀਆਂ ਦੀ ਪੂਰੀ ਪੂਰੀ ਕਦਰਦਾਨੀ ਕੀਤੀ ਤੇ ਉਨ੍ਹਾਂ ਨੂੰ ਜਗੀਰਾਂ ਤੇ ਇਨਾਮ ਦੇ ਕੇ ਚੰਗੇਰਾ ਸਾਹਿੱਤ ਸਿਰਜਣ ਲਈ ਉਤਸ਼ਾਹਿਤ ਕੀਤਾ।

ਸ਼ਾਇਦ ਇਸ ਕਿਸਮ ਦੀ ਕਵਿਤਾ ਨੂੰ ਕਸੀਦਾਗੋਈ ਦੇ ਖ਼ਾਤੇ ਪਾ ਕੇ ਨਜ਼ਰ-ਅੰਦਾਜ਼ ਕੀਤਾ ਜਾ ਸਕਦਾ ਸੀ, ਪਰ ਇਨ੍ਹਾਂ ਰਚਨਾਵਾਂ ਵਿਚ ਪੰਜਾਬੀ ਕੌਮੀਅਤ ਦੇ ਜਜ਼ਬੇ ਦਾ ਠਾਠਾਂ ਮਾਰਦਾ ਸਮੁੰਦਰ ਹੈ, ਜੋ ਪੰਜਾਬੀ ਸ਼ਾਨ-ਮਾਨ ਦੇ ਮਾਣਕ ਮੋਤੀ ਲਿਆ ਕੇ ਸਾਡੇ ਸਾਹਵੇਂ ਰੱਖਦਾ ਹੈ। ਨਾਇਕ ਦੀ ਮਹਿਮਾ ਹੋਣਾ ਕੁਦਰਤੀ ਗੱਲ ਹੈ ਪਰ ਅਜਿਹੇ ਬਿਖੜੇ ਸਮੇਂ ਵਿਚ ਨਾਇਕ ਹੋਣਾ ਸੱਚਮੁੱਚ ਹੀ ਮਾਅਰਕੇ ਦੀ ਗੱਲ ਸੀ।

ਜਥੇਦਾਰ ਸ਼ਰਮ ਸਿੰਘ—ਜੀਵਨ ਤੇ ਕਵਿਤਾ

ਦੁਨੀਆਂ ਵਿਚ ਤਿੰਨ ਤਰ੍ਹਾਂ ਦੇ ਇਨਸਾਨ ਹਨ। ਇਕ ਉਹ ਜੋ ਜਿਸਮਾਨੀ ਤੌਰ 'ਤੇ ਤਾਂ ਖ਼ੂਬਸੂਰਤ ਹੁੰਦੇ ਹਨ, ਪਰ ਰੂਹਾਨੀ ਤੌਰ 'ਤੇ ਇਤਨੇ ਉੱਜਲ-ਚਿੱਤ ਨਹੀਂ ਹੁੰਦੇ। ਦੂਜੇ, ਕਈ ਅਜਿਹੇ ਹਨ ਜੋ ਰੂਹਾਨੀ ਤੌਰ 'ਤੇ ਚੰਗੇ ਹੋਣ ਦੇ ਬਾਵਜੂਦ ਜਿਸਮ ਵੱਲੋਂ ਮਸਾਂ ਗੁਜ਼ਾਰਾ ਕਰਦੇ ਹਨ। ਤੀਜੀ ਤਰ੍ਹਾਂ ਦੇ ਐਸੇ ਲੋਕ ਵੀ ਹਨ ਜੋ ਜ਼ਬਾਨੀ ਜ਼ਬਾਨੀ ਜਾਂ ਬੋਲ-ਚਾਲ ਤੋਂ ਸੋਹਣੇ ਜ਼ਰੂਰ ਲੱਗਦੇ ਹਨ, ਪਰ ਉਂਜ ਬਾਕੀ ਪਾਸਿਆਂ ਤੋਂ ਕੋਰੇ ਹੁੰਦੇ ਹਨ। ਜਿਸਮਾਨੀ, ਰੂਹਾਨੀ ਤੇ ਜ਼ਬਾਨ ਦੀ ਖ਼ੂਬਸੂਰਤੀ ਦਾ ਸੰਗਮ ਕਿਤੇ ਕਿਤੇ ਹੀ ਹੁੰਦਾ ਹੈ। ਜਥੇਦਾਰ ਸ਼ਰਮ ਸਿੰਘ ਜੀ ਅਜਿਹੇ ਪਤਵੰਤੇ ਪੁਰਸ਼ ਸਨ, ਜਿਨ੍ਹਾਂ ਨੂੰ ਤਿੰਨਾਂ ਪਹਿਲੂਆਂ ਤੋਂ ਸੰਪੂਰਨਤਾ ਪ੍ਰਾਪਤ ਸੀ। ਪਰਮੇਸ਼ਰ ਨੇ ਜੈਸਾ ਉੱਜਲ-ਦੀਦਾਰੀ ਚਿਹਰਾ ਬਖ਼ਸ਼ਿਆ ਸੀ, ਵੈਸੀ ਹੀ ਉਨ੍ਹਾਂ ਦੀ ਨਿਰਮਲ ਪਵਿੱਤਰ ਆਤਮਾ ਸੀ। ਇਸ ਦੇ ਨਾਲ ਹੀ ਆਪ ਨੂੰ ਸਰਸਵਤੀ ਦਾ ਵਰਦਾਨ ਪ੍ਰਾਪਤ ਸੀ। ਉਹ ਜਦ ਵੀ ਬੋਲਦੇ, ਬੜੀ ਹੀ ਖ਼ੂਬਸੂਰਤ ਜ਼ਬਾਨ ਵਿਚ ਬੋਲਦੇ, ਕਿਉਂਕਿ ਉਹ ਮਿੱਠ ਬੋਲੜੇ ਗੁਰੂ ਦੇ ਸਿੱਖ ਸਨ ਤੇ ਕੌੜਾ ਬੋਲਣਾ ਜਾਣਦੇ ਹੀ ਨਹੀਂ ਸਨ। ਇਸ ਸੁਭਾਅ ਤੇ ਜ਼ਬਾਨ ਦੀ ਮਿਠਾਸ ਨੇ ਉਨ੍ਹਾਂ ਨੂੰ ਹਰ ਥਾਂ ਇੱਜ਼ਤ ਤੇ ਸ਼ੁਹਰਤ ਬਖ਼ਸ਼ੀ। ਉਹ ਉਮਰ ਭਰ ਧਰਮ ਪ੍ਰਚਾਰ ਵਿਚ ਲੱਗੇ ਰਹੇ ਤੇ ਉਨ੍ਹਾਂ ਆਪਣੀ ਕਥਨੀ ਤੇ ਕਰਣੀ ਦੇ ਸਦਕੇ ਹਰ ਪਾਸਿਓਂ ਸਤਿਕਾਰ ਪਾਇਆ। ਭਾਵੇਂ ਧਰਮ ਪ੍ਰਚਾਰ ਦੀ ਦੁਨੀਆਂ ਵਿਚ ਹੋਰ ਗੁਣੀ ਗਿਆਨੀ ਵੀ ਚੰਗੀ ਸ਼ੋਭਾ ਰੱਖਦੇ ਹਨ, ਪਰ ਉੱਚੇ ਆਚਾਰਵਾਨ ਗੁਰਮੁਖ ਸਿੱਖ, ਵਿਦਵਾਨ ਵਕਤਾ ਤੇ ਕਥਾਵਾਚਕ ਦੇ ਨਾਤੇ ਜੋ ਮਾਣ ਪ੍ਰਤਿਸ਼ਠਾ ਜਥੇਦਾਰ ਜੀ ਨੂੰ ਮਿਲੀ, ਉਹ ਸੱਚਮੁੱਚ ਬੇਮਿਸਾਲ ਹੈ।

ਇਕ ਵਾਰ ਅਨੰਦਪੁਰ ਸਾਹਿਬ ਬੈਠਿਆਂ-ਬੈਠਿਆਂ ਮੈਂ ਉਨ੍ਹਾਂ ਦੀ ਫ਼ਰਿਸ਼ਤਾ-ਸ਼ਖ਼ਸੀਅਤ ਬਾਰੇ ਇਕ ਕਬਿੱਤ ਲਿਖਿਆ ਸੀ:

ਸ਼ਰਮ ਨਹੀਂ ਕਰਤੇ ਵਹੁ ਕਰਮ ਧਰਮ ਕਰਨੇ ਮੇਂ,
ਸੁੰਦਰ ਸਜੀਲੇ ਸ਼ਰਮੀਲੇ ਦਿਲਦਾਰ ਹੈਂ।
ਗੁਣੀ ਹੈਂ ਗਿਆਨੀ ਵਿਦਵਾਨ ਵਖਿਆਨੀ ਬੜੇ,
ਮਹਿਫ਼ਲ ਸ਼ਿੰਗਾਰੇਂ ਜਬ ਮੁੱਖ ਸੇ ਉਚਾਰ ਹੈਂ।
ਸ਼ਾਇਰੀ ਕੀ ਸ਼ਾਨ ਹੂੰ ਪੈ ਦੇਵੇਂ ਜਾਨ ਵਾਰ ਸਦਾ,
ਕੇਸੋ ਕ੍ਰਿਪਾਨਧਾਰੀ ਕੋਮਲ ਕਲਾਕਾਰ ਹੈਂ।

ਨਿਰਮਲ ਨੀਲਧਾਰੀ ਸ਼ੀਲਧਾਰੀ ਛੈਲ ਬਾਂਕੇ,
ਹਮਾਰੇ ਤੋ ਹੈਂ ਯਾਰ ਯਿਹ ਤੁਮ੍ਹਾਰੇ ਜਥੇਦਾਰ ਹੈਂ।

ਆਪ ਦਾ ਜਨਮ ਸ: ਹਰੀ ਸਿੰਘ ਜੀ ਦੇ ਘਰ 1904 ਈ: ਵਿਚ ਸਣਖਤ੍ਰ ਪਿੰਡ (ਲਾਗੇ ਪੰਜ ਗਰਾਈਆਂ), ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਖ਼ਾਲਸਾ ਹਾਈ ਸਕੂਲ, ਨਾਰੋਵਾਲ ਤੋਂ ਮੈਟ੍ਰਿਕ ਕੀਤੀ ਤੇ ਕੁਝ ਸਮੇਂ ਬਾਅਦ 1930 ਈ: ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲ ਹੋ ਗਏ। ਪੜ੍ਹਾਈ ਕਰ ਹੀ ਰਹੇ ਸਨ ਕਿ ਬਰ੍ਹਮਾ ਤੋਂ ਅਧਿਆਪਕ ਜੋੜੀ ਦੀ ਮੰਗ ਆ ਗਈ। ਪ੍ਰਿੰ: ਗੰਗਾ ਸਿੰਘ ਜੀ ਦੀ ਪ੍ਰੇਰਨਾ 'ਤੇ ਆਪ ਆਪਣੀ ਸੁਪਤਨੀ ਬੀਬੀ ਅਮਰ ਕੌਰ ਸਮੇਤ ਜਨਵਰੀ 1932 ਈ: ਵਿਚ ਮੇਮੀਓ (ਬਰ੍ਹਮਾ) ਚਲੇ ਗਏ ਜਿਥੇ ਕਿ ਇਨ੍ਹਾਂ ਦੋਹਾਂ ਨੇ ਏ.ਵੀ. ਸਕੂਲ ਵਿਚ 20 ਅਪ੍ਰੈਲ 1935 ਈ: ਤਕ ਸਰਵਿਸ ਕੀਤੀ। ਦੇਸ਼ ਵਾਪਸ ਆ ਗਏ ਤੇ ਸਾਲ ਕੁ ਭਰ ਵਿਹਲੇ ਰਹੇ। 1936 ਈ: ਵਿਚ 'ਸਰਬ ਹਿੰਦ ਸਿੱਖ ਮਿਸ਼ਨ' ਬਣਿਆ ਤਾਂ ਆਪ ਸ਼੍ਰੋਮਣੀ ਕਮੇਟੀ ਅਧੀਨ ਸਿੱਖ ਮਿਸ਼ਨਰੀ ਲੱਗੇ। ਪਹਿਲੇ 10-12 ਸਾਲ ਸਹਾਰਨਪੁਰ (ਯੂ.ਪੀ.) ਪ੍ਰਚਾਰ ਸੇਵਾ ਕਰਦੇ ਰਹੇ। 1941 ਈ: ਵਿਚ ਅਲੀਗੜ੍ਹ (ਯੂ.ਪੀ.) ਭਾਰੀ ਪ੍ਰਚਾਰ ਕਾਨਫ਼ਰੰਸ ਹੋਈ, ਜਿਸ ਵਿਚ ਹਜ਼ਾਰਾਂ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਮੈਨੂੰ ਵੀ ਉਸ ਸਮੇਂ ਇਹ ਕਾਨਫ਼ਰੰਸ ਅੱਖੀਂ ਵੇਖਣ ਦਾ ਸੁਭਾਗ ਮਿਲਿਆ। ਸਿੱਖ ਬਣਨ ਦਾ ਉਤਸ਼ਾਹ ਸੱਚਮੁੱਚ ਠਾਠਾਂ ਮਾਰ ਰਿਹਾ ਸੀ ਤੇ ਹਰ ਇਕ ਦੀ ਜ਼ਬਾਨ 'ਤੇ ਇਹ ਗੀਤ ਸੀ :

ਹਮਾਰੀ ਕੌਮ ਕਾ ਬੱਚਾ ਹਰ ਇਕ ਸਰਦਾਰ ਹੋ ਜਾਏ।

ਅਜਿਹੀ ਸਫਲਤਾ ਦਾ ਸਿਹਰਾ ਪ੍ਰਚਾਰ-ਮੰਡਲ ਦੇ ਇਨ੍ਹਾਂ ਸਿੱਖ ਮਿਸ਼ਨਰੀਆਂ ਦੇ ਸਿਰ ਹੀ ਸੀ। ਯੂ.ਪੀ. ਸਿੱਖ ਮਿਸ਼ਨ ਦੇ ਮੋਢੀ ਸੰਚਾਲਕ ਗਿ: ਸਾਧੂ ਸਿੰਘ (ਭੌਰਾ), ਗਿ: ਬਾਦਲ ਸਿੰਘ, ਗਿ: ਸ਼ਰਮ ਸਿੰਘ, ਗਿਆਨੀ ਅਮਰ ਸਿੰਘ 'ਚਾਕਰ' ਤੇ ਗਿ: ਤੇਜਾ ਸਿੰਘ ਵਰਗੇ ਪੰਜ ਪਾਂਡਵ ਸਨ ਜਿਨ੍ਹਾਂ ਛੂਤ-ਛਾਤ, ਵਹਿਮ-ਭਰਮ ਤੇ ਕਾਇਰਤਾ ਦੀ ਕੌਰਵ-ਸ਼ਕਤੀ ਨੂੰ ਨਸ਼ਟ ਕਰ ਕੇ, ਧਰਮ ਦੀ ਜੈ ਜੈਕਾਰ ਕੀਤੀ। ਪ੍ਰਿੰ: ਗੰਗਾ ਸਿੰਘ ਜੀ (ਦੇਹਾਂਤ 24 ਦਸੰਬਰ 1961 ਈ:) ਦਾ ਰੋਲ ਸੱਚਮੁੱਚ ਭਗਵਾਨ ਕ੍ਰਿਸ਼ਨ ਵਾਲਾ ਸੀ, ਜੋ ਸਦਾ ਇਨ੍ਹਾਂ ਪੰਜਾਂ ਜੋਧਿਆਂ ਨੂੰ ਹੱਲਾਸ਼ੇਰੀ ਤੇ ਅਗਵਾਈ ਦਿੰਦੇ ਤੇ ਵੱਡੇ ਵੱਡੇ ਪ੍ਰਚਾਰ-ਕੈਂਪਾਂ ਵਿਚ ਖ਼ੁਦ ਜਾ ਕੇ ਜਾਦੂ-ਭਰੀਆਂ ਤਕਰੀਰਾਂ ਰਾਹੀਂ, ਸਿੱਖ ਧਰਮ ਦੀ ਵਿਸ਼ੇਸ਼ਤਾ ਦਰਸਾਉਂਦੇ ਤੇ ਵਿਰੋਧੀਆਂ ਦੇ ਛੱਕੇ ਛੁਡਾਉਂਦੇ।

ਗਿਆਨੀ ਸ਼ਰਮ ਸਿੰਘ ਜੀ ਦਾ ਪ੍ਰਿੰਸੀਪਲ ਸਾਹਿਬ ਨਾਲ ਬਹੁਤ ਡੂੰਘਾ ਪਿਆਰ ਸੀ ਤੇ ਉਹ ਸਦਾ ਉਨ੍ਹਾਂ ਦੇ ਸ਼ਾਇਰਾਨਾ ਅੰਦਾਜ਼ ਤੇ ਪ੍ਰਵਾਜ਼ ਤੋਂ ਸਦਕੇ ਜਾਂਦੇ ਸਨ। ਉਹ ਲਿਖਦੇ ਹਨ :

1. *ਪਰਮ ਸਤਿਕਾਰ ਯੋਗ ਪ੍ਰਿੰਸੀਪਲ ਗੰਗਾ ਸਿੰਘ!*
ਸਭ ਕੇ ਪਿਆਰੇ ਸਭ ਹੂੰ ਕੇ ਮਨ ਭਾਤੇ ਥੇ।
ਸਭਾ-ਜਿੱਤ ਸਭਾ ਕਾ ਸ਼ਿੰਗਾਰ ਥੇ ਉਦਾਰ ਚਿੱਤ
ਉੱਜਲ ਦੀਦਾਰ ਥੇ ਅਪਾਰ ਸ਼ੋਭਾ ਪਾਤੇ ਥੇ।

ਮਹਾਨ ਪ੍ਰਚਾਰਕ ਉਸਤਾਦ ਪ੍ਰਚਾਰਕੋਂ ਕੇ,
ਪਾਵਨ ਪਵਿੱਤਰ ਮਿੱਤ੍ਰ ਵਿਦਿਆ ਕੇ ਦਾਤੇ ਥੇ।
ਹੰਗਤਾ ਬਿਹੀਨ ਮਸਕੀਨ ਮਿਠਬੋਲੇ ਸਖਾ
ਨਿਰਭੈ ਨਿਰਵੈਰ ਸਦਾ ਹੰਸਤੇ ਹੰਸਾਤੇ ਥੇ।
2. ਕੇਹਰ ਕੇ ਸਮਾਨ ਜਬ ਸਭਾ ਮਾਹਿ ਗਰਜਤੇ ਥੇ,
ਧਰਮ ਵਿਰੋਧੀਓਂ ਕੇ ਛੱਕੇ ਛੂਟ ਜਾਤੇ ਥੇ।
ਰਸਿਕ ਲਿਖਾਰੀ ਕਵੀ ਫਿਲਾਸਫੀ ਵਾਚਸਪਤੀ,
ਜਾਂ ਕੇ ਵਾਕ ਸੁਨ ਕੇ ਅਵਾਕ ਰਹਿ ਜਾਤੇ ਥੇ।
ਖੋਲ੍ਹ ਖੋਲ੍ਹ ਭੇਦ ਗੁਰਮਤਿ ਕੇ ਸੁਨਾਤੇ ਜਬ,
ਅਪਨੇ ਬਿਗਾਨੇ ਸਭ ਵਜਦ ਮੇਂ ਆਤੇ ਥੇ।
ਨਿਰਮਲ ਗਿਆਨ ਹੂੰ ਕੀ ਗੰਗ ਕਾ ਤਰੰਗ ਥੇ ਵੁਹ,
ਧੋਇ ਧੋਇ ਮੈਲ ਅਗਿਆਨ ਕੀ ਗੰਵਾਤੇ ਥੇ।
3. ਜਿਹਬਾ ਪੈ ਸੁਰਸਤੀ ਥੀ ਮਸਤੀ ਥੀ ਨੈਨਨ ਮੇਂ,
ਝੂਮਤੇ ਥੇ ਆਪ ਤੋ ਸਰੋਤੇ ਝੂਮ ਜਾਤੇ ਥੇ।
ਕਾਹੂੰ ਕੀ ਨ ਕਾਨ ਰੰਕ ਭੂਪਤਿ ਸਮਾਨ ਜਾਨੇ
ਕਾਹੂੰ ਕੋ ਨ ਦੇਵਹਿੰ ਭੈ ਕਾਹੂੰ ਸੇ ਨ ਖਾਤੇ ਥੇ।
ਤਬੀਅ ਲਉਬਾਲੀ ਮਤਵਾਲੀ ਕਿੰਤੂ ਮਤਿ ਵਾਲੀ
ਰੰਗ ਹਸਹਿ ਰੰਗਿ ਰੋਵਹਿੰ ਚੁਪ ਕਰ ਜਾਤੇ ਥੇ।
ਗੁਰੂ ਗ੍ਰੰਥ ਪ੍ਰਭੂ ਸ਼ਬਦਾਮ੍ਰਿਤ ਕੋ ਰਸ ਨੀਕੋ
ਗਟਾ ਗਟ ਪੀਤੇ ਆਪ ਔਰੋਂ ਕੋ ਪਿਲਾਤੇ ਥੇ।

ਹਾਪੜ ਸਿੱਖ ਮਿਸ਼ਨ ਦੇ ਇੰਚਾਰਜ ਗਿ: ਬਾਦਲ ਸਿੰਘ ਜੀ ਸਨ ਤੇ ਅਲੀਗੜ੍ਹ ਸਿੱਖ ਮਿਸ਼ਨ ਦੇ ਗਿ: ਸਾਧੂ ਸਿੰਘ ਜੀ। ਜਦੋਂ ਗਿ: ਸਾਧੂ ਸਿੰਘ ਜੀ ਸਰਵਿਸ ਛੱਡ ਗਏ ਤਾਂ ਗਿਆਨੀ ਸ਼ਰਮ ਸਿੰਘ ਇਸ ਦੇ ਇੰਚਾਰਜ ਬਣੇ। ਮਾ: ਰਣਧੀਰ ਸਿੰਘ ਆਪ ਦੀ ਸੱਜੀ ਬਾਂਹ ਸਨ ਤੇ ਭਾਈ ਰਘਬੀਰ ਸਿੰਘ ਮੋਟਰਾਂ ਵਾਲੇ ਪ੍ਰਚਾਰ ਦੇ ਕੰਮਾਂ ਵਿਚ ਖ਼ਾਸ ਦਿਲਚਸਪੀ ਲੈਂਦੇ ਤੇ ਲੋੜ ਅਨੁਸਾਰ ਮਾਲੀ ਇਮਦਾਦ ਵੀ ਕਰਦੇ। 1956 ਈ: ਵਿਚ ਗਿ: ਸ਼ਰਮ ਸਿੰਘ ਜੀ ਹੁਸ਼ਿਆਰਪੁਰ ਸਿੱਖ ਮਿਸ਼ਨ ਦੇ ਇੰਚਾਰਜ ਲੱਗੇ ਅਤੇ ਮਈ 1959 ਈ: ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਬਣ ਕੇ ਅਨੰਦਪੁਰ ਸਾਹਿਬ ਆਏ। ਸਤੰਬਰ 1962 ਈ: ਵਿਚ ਆਪ ਦੀ 58 ਸਾਲਾ ਨੌਕਰੀ ਦੀ ਮਿਆਦ ਪੂਰੀ ਹੁੰਦੀ ਸੀ, ਪਰੰਤੂ ਆਪ ਦੀ ਸੁਯੋਗਤਾ ਤੇ ਧਾਰਮਿਕ ਪ੍ਰਭਾਵ ਨੂੰ ਮੁੱਖ ਰੱਖ ਕੇ ਕਮੇਟੀ 7-8 ਸਾਲ ਲਗਾਤਾਰ ਆਪ ਨੂੰ ਐਕਸਟੈਨਸ਼ਨ ਦਿੰਦੀ ਰਹੀ ਤੇ ਆਪ ਜਥੇਦਾਰੀ ਤੇ ਧਰਮ ਪ੍ਰਚਾਰ ਦੀ ਸੇਵਾ ਨਿਭਾਉਂਦੇ, ਸਦਾ ਧੜੇਬੰਦੀ ਤੋਂ ਨਿਰਲੇਪ ਰਹੇ। ਇਕ ਵਾਰ ਪਾਰਟੀ ਵਾਲਿਆਂ ਨੂੰ ਵੋਟ ਦੀ ਲੋੜ ਪੈ ਗਈ ਤਾਂ ਆਪ ਨੇ ਸਾਫ਼ ਜੁਆਬ ਦੇ ਦਿੱਤਾ ਕਿ ਮੈਂ ਕਿਸੇ ਧੜੇ ਨਾਲ ਸਬੰਧਤ ਨਹੀਂ, ਬੇਸ਼ੱਕ ਅਸਤੀਫ਼ਾ ਲੈ ਲਓ। ਹਾਲਾਤ ਦੀ ਲੋੜ ਅਨੁਸਾਰ ਨਵਾਂ ਜਥੇਦਾਰ ਨੀਅਤ ਕੀਤਾ ਗਿਆ ਤੇ ਆਪ ਕੁਝ ਹਫ਼ਤਿਆਂ ਲਈ ਹੈੱਡ ਪ੍ਰਚਾਰਕ ਬਣ ਕੇ ਅੰਮ੍ਰਿਤਸਰ ਚਲੇ ਗਏ ਤੇ ਆਪ ਨੂੰ ਫਿਰ ਜਥੇਦਾਰ

ਥਾਪਿਆ ਗਿਆ। ਇਹ ਸੀ ਉਨ੍ਹਾਂ ਦੀ ਦਲੇਰੀ ਤੇ ਨਿਰਪੱਖਤਾ। ਮਾਸਟਰ ਤਾਰਾ ਸਿੰਘ ਜੀ ਦੇ ਵਰਤ ਬਾਰੇ ਮਾਮਲਾ ਪੰਜ ਪਿਆਰਿਆਂ ਦੇ ਸਪੁਰਦ ਹੋਇਆ ਤਾਂ ਆਪ ਵੀ ਇਨ੍ਹਾਂ ਵਿੱਚੋਂ ਸਨ। ਇਹ ਫ਼ੈਸਲਾ ਸਿੱਖ ਰਵਾਇਤਾਂ ਨੂੰ ਪ੍ਰਗਟਾਉਣ ਵਾਲਾ ਸੀ ਕਿ ਸਿੱਖ ਕੌਮ ਵਿਚ ਵਿਅਕਤੀ ਮੁੱਖ ਨਹੀਂ, ਸਗੋਂ ਪੰਥ ਹੀ ਅੰਤਿਮ ਫ਼ੈਸਲਾਕਾਰ ਹੈ। ਇਸ ਸੁਚੱਜੇ ਫ਼ੈਸਲੇ ਵਿਚ ਜਥੇਦਾਰ ਸ਼ਰਮ ਸਿੰਘ ਜੀ ਦਾ ਖ਼ਾਸ ਹਿੱਸਾ ਸੀ।

ਫਿਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਸਤ੍ਰ ਵਲੈਤ ਤੋਂ ਵਾਪਸ ਲਿਆਂਦੇ ਗਏ ਤਾਂ ਇਨ੍ਹਾਂ ਦੇ ਦਰਸ਼ਨ ਦੇਸ਼ ਭਰ ਵਿਚ ਕਰਾਏ ਗਏ ਤੇ ਇਸ ਕੰਮ ਦੀ ਜ਼ਿੰਮੇਵਾਰੀ ਜਥੇਦਾਰ ਸ਼ਰਮ ਸਿੰਘ ਜੀ ਨੂੰ ਸੌਂਪੀ ਗਈ ਤੇ ਉਨ੍ਹਾਂ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਫਿਰ ਕੇ ਜਿਥੇ ਸ਼ਸਤ੍ਰ ਦਿਖਾਏ, ਉਥੇ ਤਕਰੀਰਾਂ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਆਦਰਸ਼ ਵੀ ਸੋਹਣੀ ਤਰ੍ਹਾਂ ਪੇਸ਼ ਕੀਤਾ ਤੇ ਇਸ ਦੀ ਥਾਂ-ਥਾਂ ਬਹੁਤ ਪ੍ਰਸੰਸਾ ਹੋਈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਦੀ ਜਥੇਦਾਰੀ ਨਿਭਾਉਂਦਿਆਂ ਵੀ ਉਨ੍ਹਾਂ ਦਾ ਵਕਤਾ-ਗੁਣ ਸਦਾ ਕੰਮ ਆਇਆ। ਜਦੋਂ ਵੀ ਕੋਈ ਦੇਸੀ ਬਿਦੇਸ਼ੀ ਯਾਤਰੂ ਭਾਖੜਾ ਨੰਗਲ ਵੱਲ ਆਉਂਦੇ ਤਾਂ ਉਨ੍ਹਾਂ ਲਈ ਅਨੰਦਪੁਰ ਸਾਹਿਬ ਦੇ ਝੂਲਦੇ ਉੱਚੇ ਨਿਸ਼ਾਨ ਇਕ ਆਕਰਸ਼ਣ ਪੈਦਾ ਕਰਦੇ। ਜੋ ਕੋਈ ਵੀ ਉਥੇ ਪਹੁੰਚਦਾ, ਜਥੇਦਾਰ ਸ਼ਰਮ ਸਿੰਘ ਜੀ ਦੀ ਕਹਿਣੀ ਤੇ ਰਹਿਣੀ-ਬਹਿਣੀ ਤੋਂ ਡੂੰਘੇ ਪ੍ਰਭਾਵ ਲੈ ਕੇ ਜਾਂਦਾ। ਆਪ ਸ਼ਸਤ੍ਰਾਂ ਦੇ ਦਰਸ਼ਨ ਕਰਾਉਂਦੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਜ਼ਮਤ ਦੱਸਦੇ ਕਿ ਕਿਵੇਂ ਉਨ੍ਹਾਂ ਇਥੋਂ ਭਾਰਤ ਵਿਚ ਅਜ਼ਾਦੀ ਦੀ ਲਹਿਰ ਚਲਾਈ ਤੇ 'ਸਿੰਘ ਪੰਥ' ਨੂੰ ਜਨਮ ਦਿੱਤਾ।

ਨੈਣਾਂ ਦੇਵੀ ਦੇ ਹੋਮ ਯੱਗ ਬਾਰੇ ਆਪ ਦੱਸਿਆ ਕਰਦੇ ਕਿ 'ਮੁਗ਼ਲ ਹਕੂਮਤ ਹਿੰਦੂਆਂ ਨੂੰ ਆਪਣੇ ਧਰਮ ਕਰਮ ਕਰਨ ਦੀ ਵੀ ਆਗਿਆ ਨਹੀਂ ਸੀ ਦੇਂਦੀ, ਇਸ ਤੋਂ ਇਲਾਵਾ ਕੋਈ ਹਿੰਦੂ ਰਾਜਾ-ਰਾਣਾ ਇਤਨਾ ਖ਼ਰਚ ਦੇਣ ਲਈ ਵੀ ਤਿਆਰ ਨਹੀਂ ਸੀ। ਗੁਰੂ ਸਾਹਿਬ ਨੇ ਪੰਡਤਾਂ ਨੂੰ ਇਹ ਅਵਸਰ ਪ੍ਰਦਾਨ ਕੀਤਾ ਤੇ ਨਾਲੇ ਹਿੰਦੂ ਜਾਤੀ ਦੀਆਂ ਅੱਖਾਂ ਖੋਲ੍ਹਣ ਲਈ ਸਾਹਮਣੇ ਤਜਰਬਾ ਕਰ ਕੇ ਦਰਸਾਇਆ ਕਿ ਕੋਈ ਦੇਵੀ ਦੇਵਤਾ ਅਸਮਾਨੋਂ ਪ੍ਰਗਟ ਨਹੀਂ ਹੁੰਦਾ ਤੇ ਨਾ ਹੀ ਮਦਦ ਲਈ ਬਹੁੜਦਾ ਹੈ। ਕੇਵਲ ਅਕਾਲੀ ਵਿਸ਼ਵਾਸ ਦਾ ਰਸਤਾ ਤੇ ਤਲਵਾਰ ਦਾ ਦਸਤਾ ਹੀ ਮਜ਼ਲੂਮਾਂ ਤੇ ਗ਼ੁਲਾਮਾਂ ਦੀ ਰਾਖੀ ਕਰ ਸਕਦਾ ਹੈ। ਇਸ ਕਰਕੇ ਉਨ੍ਹਾਂ ਖ਼ਾਲਸੇ ਨੂੰ ਤੇਗ਼ ਪਕੜਾ ਕੇ ਸੰਗ੍ਰਾਮ ਲਈ ਤਿਆਰ-ਬਰ-ਤਿਆਰ ਕੀਤਾ।' ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਉਹ ਸਦਾ ਆਮ ਗੱਲਾਂਬਾਤਾਂ, ਵਾਰਤਾਲਾਪਾਂ ਤੇ ਭਾਸ਼ਨਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਦੀ ਕਲਾ ਦੇ ਗੁਣ ਗਾਉਂਦੇ। ਉਨ੍ਹਾਂ ਦੀ ਸਾਰੀ ਜੀਵਨ-ਕਹਾਣੀ ਸਿੱਖੀ ਪ੍ਰਚਾਰ ਦੀ ਕਹਾਣੀ ਹੈ। ਅਨੰਦਪੁਰ-ਨਿਵਾਸ ਨੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕੀਤਾ ਸੀ ਤੇ ਸਦਾ ਹੀ ਇਸੇ ਮਸਤਾਨਾ ਰੰਗ ਵਿਚ ਵਿਚਰਦੇ ਅਤੇ ਕਵਿਤਾ ਦੁਆਰਾ ਸਤਿਗੁਰੂ ਦਾ ਜਸ ਗਾਉਂਦੇ ਰਹਿੰਦੇ। ਸ਼ੇਅਰੋ-ਸ਼ਾਇਰੀ ਸੁਣਨੀ-ਸੁਣਾਉਣੀ ਉਨ੍ਹਾਂ ਦੀ ਮਨਭਾਉਂਦੀ ਖ਼ੁਰਾਕ ਸੀ। ਕੋਈ ਚੰਗਾ ਸ਼ਿਅਰ ਸੁਣਿਆ, ਝਟ ਨੋਟ ਕਰ ਲਿਆ, ਇਹ

ਉਨ੍ਹਾਂ ਦਾ ਸੁਭਾਅ ਸੀ। ਮਿੱਤਰਾਂ ਤੋਂ ਉਹ ਵਾਰਨੇ ਜਾਂਦੇ ਸਨ ਤੇ ਮਿੱਤਰ ਉਨ੍ਹਾਂ ਤੋਂ। ਭੌਰਾ ਜੀ ਤੇ ਸ: ਮੁਕੰਦ ਸਿੰਘ ਮੈਨੇਜਰ (ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ) ਵਰਗੇ ਮਿੱਤਰਾਂ ਦਾ ਮਾਣ ਕਰਦੇ ਨਾ ਥੱਕਦੇ। ਉਹ ਸੱਚਮੁੱਚ ਹਰਮਨ ਪਿਆਰੇ ਸਨ ਤੇ ਹਰ ਥਾਂ ਸਤਿਕਾਰੇ ਜਾਂਦੇ ਸਨ। ਹੱਥ ਵਿਚ ਤਿੰਨ ਫੁੱਟੀ ਕ੍ਰਿਪਾਨ ਤੇ ਗਲ ਵਿਚ ਦੁੱਧ-ਚਿੱਟਾ ਹਜ਼ੂਰੀਆ ਪਹਿਨੀਂ ਇਧਰ-ਉਧਰ ਘੁੰਮਦੇ ਇਉਂ ਲੱਗਦੇ ਸਨ ਕਿ ਜਿਵੇਂ ਕੋਈ ਫ਼ਰਿਸ਼ਤਾ ਉਤਰ ਆਇਆ ਹੋਵੇ। ਚੁੱਪ-ਚੁਪਾਤੇ ਉਨ੍ਹਾਂ ਦਾ ਸੰਸਾਰ ਤੋਂ ਜਾਣਾ ਵੀ ਅਨੋਖੀ ਜਿਹੀ ਘਟਨਾ ਸੀ। ਕਿਸੇ ਨੂੰ ਚੇਤਾ ਨਹੀਂ ਸੀ ਕਿ ਕੁਦਰਤ ਉਨ੍ਹਾਂ ਨੂੰ ਸਾਥੋਂ ਇਤਨੀ ਜਲਦੀ ਵਿਛੋੜ ਲਵੇਗੀ। ਉਹ 5 ਜਨਵਰੀ 1971 ਈ: ਨੂੰ ਅੰਮ੍ਰਿਤ ਵੇਲੇ ਤਕਰੀਬਨ ਦੋ ਤਿੰਨ ਵਜੇ ਅਚਾਨਕ ਗੁਰਪੁਰੀ ਸਿਧਾਰ ਗਏ।

ਇਹ ਮੌਤ ਦਾ ਸਦਮਾ ਮੇਰੇ ਦਿਲ ਵਿਚ ਕੂੰਜ ਵਾਂਗ ਇਉਂ ਕੁਰਲਾਇਆ:

ਮਹਿਫ਼ਲ 'ਚੋਂ ਚੁਪਚੁਪਾਤੇ ਹੈ ਕੌਣ ਤੁਰ ਗਿਆ।
ਅਨੰਦਪੁਰ ਦਾ ਵਾਸੀ ਅਨੰਦਪੁਰ ਨੂੰ ਮੁੜ ਗਿਆ।
ਦਿਨ ਦੇ ਚਾਨਣੇ 'ਚ ਕੋਈ ਜਾਣ ਨੀਂ ਸੀ ਦੇਂਦਾ,
ਰਾਤਾਂ ਦੇ ਅਨ੍ਹੇਰਿਆਂ 'ਚ ਉਹ ਪੰਛੀ ਹੈ ਉੜ ਗਿਆ।
ਨੂਰ ਜਿਹਾ ਤੱਕ ਤੱਕ ਮੌਤ ਸ਼ਰਮਾਉਂਦੀ ਰਹੀ,
ਆਖ਼ਰ ਫ਼ਰਿਸ਼ਤਾ ਆਪਣੇ ਘਰ ਨੂੰ ਹੈ ਤੁਰ ਗਿਆ।
ਉਹ ਮੁਸਕਰਾਂਦੀ ਮੂਰਤਿ ਮੁੜ ਕੇ ਨਹੀਂ ਮਿਲੇਗੀ,
ਸਤਲੁਜ ਦੇ ਪਾਣੀਆਂ 'ਚ ਉਹ ਪਤਾਸਾ ਖੁਰ ਗਿਆ।

ਹੁਣ ਸਾਡੇ ਪਾਸ ਵਿਛੜੇ ਸੱਜਣ ਦੀ ਮਧੁਰ ਯਾਦ ਜਾਂ ਅਮਰ ਨਿਸ਼ਾਨੀ ਉਨ੍ਹਾਂ ਦੀ ਕਾਵਿ-ਰਚਨਾ ਹੈ, ਜੋ ਉਹ ਉਰਦੂ, ਹਿੰਦੀ ਤੇ ਪੰਜਾਬੀ ਵਿਚ ਕਦੀ ਕਦਾਈਂ ਲਿਖਦੇ ਰਹੇ ਸਨ।

ਕੁਝ ਚੋਣਵੀਆਂ ਕਵਿਤਾਵਾਂ ਅੱਗੇ ਦਿੱਤੀਆਂ ਜਾਂਦੀਆਂ ਹਨ:

1. ਗੁਰੂ ਨਾਨਕ

ਸਤਿਗੁਰ ਨਾਨਕ ਕੀ ਆਮਦ ਸੇ ਉਜਾਲਾ ਹੋ ਗਯਾ।
ਫ਼ਰਸ਼ ਕਾ ਰੁਤਬਾ ਅਰਸ਼ ਸੇ ਭੀ ਦੁਬਾਲਾ ਹੋ ਗਯਾ।
ਸੰਤ ਹੂਏ ਸੁਰਖ਼ਰੂ ਔਂ ਧਰਮ ਨੇ ਧੀਰਜ ਧਰੀ,
ਕੂੜ ਪਾਖੰਡ ਪਾਪ ਕਾ ਮੂੰਹ ਕਾਲਾ ਕਾਲਾ ਹੋ ਗਯਾ।
ਮਕੀਨਾਨਿ ਪਸਤੀ ਕੇ ਪਯਮੁਰਦਾ ਚਿਹਰੇ ਖਿਲ ਉਠੇ,
ਉਨਕਾ ਭੀ ਕੋਈ ਹਮਾਇਤ ਕਰਨੇ ਵਾਲਾ ਹੋ ਗਯਾ।
ਅਬਰਿ ਰਹਿਮਤ ਸੇ ਹੁਈ ਸਰਸਬਜ਼ ਦਿਲ ਕੀ ਖੇਤੀਆਂ,
ਹੱਕ ਪ੍ਰਸਤੋਂ ਕਾ ਜਹਾਂ ਮੇਂ ਬੋਲ ਬਾਲਾ ਹੋ ਗਯਾ।
ਖ਼ਿਦਮਤੇ ਇਨਸਾਨ ਕਾ ਜਜ਼ਬਾ ਹੂਆ ਬੇਦਾਰ ਫਿਰ,
ਹਰ ਬਸ਼ਰ 'ਭਾਈ' ਓ ਹਰ ਘਰ 'ਧਰਮਸ਼ਾਲਾ' ਹੋ ਗਯਾ।

ਮਸਤੋਂ ਕੀ ਮਹਿਫ਼ਲ ਜੁੜੀ ਕੋਈ ਬੇਗਾਨਾ ਨਾ ਰਹਾ,
ਰਾਗੀ ਮਰਦਾਨਾ ਔ ਸ਼ਰੋਤਾ ਭਗਤ ਬਾਲਾ ਹੋ ਗਯਾ।
ਗਿਆਨ ਕਾ ਸੂਰਜ ਚੜ੍ਹਾ, ਝਗੜੇ ਮਿਟੇ ਪਹਿਚਾਨ ਕਰ,
ਸ਼ੇਖ਼ੋਂ ਬ੍ਰਾਹਮਣ ਹਮਨਵਾ, ਮਸਜਿਦ ਸ਼ਿਵਾਲਾ ਹੋ ਗਯਾ।
ਖਤ੍ਰੀ ਬ੍ਰਾਹਮਣ ਵੈਸ਼ ਸ਼ੂਦ੍ਰ, ਮੁਲਕੀ ਨਸਲੀ ਇਮਤਯਾਜ਼,
ਮਿਟ ਗਏ ਸਾਰੇ ਬਰਾਬਰ ਗੋਰਾ ਕਾਲਾ ਹੋ ਗਯਾ।
ਉਠ ਗਏ ਕਿਬਰੋ ਖ਼ੁਦੀ ਬੇਦਾਰ ਖ਼ੁੱਦਦਾਰੀ ਹੁਈ,
ਰਾਈ ਕਾ ਦਾਨਾ ਭੀ ਹਮਦੋਸ਼ਿ ਹਿਮਾਲਾ ਹੋ ਗਯਾ।
ਦੇਖ ਕਰ ਅਜ਼ਮਤ, ਫ਼ਰਿਸ਼ਤੇ ਹੋ ਕੇ ਹੈਰਾਂ ਕਹਿ ਉਠੇ,
ਕਿਸ ਕਦਰ ਹੁਸ਼ਿਆਰ ਬੰਦਾ ਭੋਲਾ ਭਾਲਾ ਹੋ ਗਯਾ।
ਯਾਦ ਮੇਂ ਉਨ ਕੀ ਕਭੀ ਜਬ ਅਸ਼ਕ ਬਹਿ ਜਾਤੇ ਹੈਂ ਦੋ,
ਸਮਝ ਲੇਤੇ ਹੈਂ ਗੁਨਾਹੋਂ ਕਾ ਅਜ਼ਾਲਾ ਹੋ ਗਯਾ।
ਭਾਗੋ ਦੌੜੋ ਅਸੀਆਂ-ਕਾਰੋ ਰਹਿ ਨਾ ਜਾਨਾ 'ਸ਼ਰਮ' ਸੇ,
ਬਹੁਤ ਸਸਤਾ ਅਬ ਤੋ ਰਹਿਮਤ ਕਾ ਪਯਾਲਾ ਹੋ ਗਯਾ।

2. ਗੁਰੂ ਗੋਬਿੰਦ ਸਿੰਘ

ਗੁਰੂ ਗੋਬਿੰਦ ਸਿੰਘ ਗੁਰ ਕਾਦਰਿ ਹਰ ਕਾਰ ਕੇ ਸਦਕੇ।
ਪਨਾਹਿ ਹਰ ਦੁਆਲਮ ਉਸ ਸੱਚੀ ਸਰਕਾਰ ਕੇ ਸਦਕੇ।
ਜਿਨ੍ਹੇ ਅਪਨੇ ਬੇਗਾਨੇ ਸਭ ਜ਼ਲੀਲੋਂ ਖ਼ੁਆਰ ਕਰਤੇ ਥੇ,
ਕੀਏ ਸਰਦਾਰ ਜਿਸ ਉਸ ਬੇਕਸੋਂ ਕੇ ਯਾਰ ਕੇ ਸਦਕੇ।
ਸ਼ੁਜ਼ਾਯਤ ਕੀ ਅਤਾਯਤ ਕੀ ਮੁਕਤਿ ਔ ਜੁਗਤਿ ਦਰ ਖੋਲ੍ਹੇ,
ਦੀਆ ਜਿਸ ਨਾਮ ਕਾ ਅੰਮ੍ਰਿਤ ਮੈਂ ਉਸ ਦਾਤਾਰ ਕੇ ਸਦਕੇ।
ਬੈਰਾਗੀ ਜਿਸਕਾ ਬੰਦਾ ਥਾ ਸੈਦ ਖ਼ਾਂ ਜਿਸ ਪੇ ਸ਼ੈਦਾ ਥਾ,
ਜਿਸੇ ਨੰਦ ਲਾਲ ਨੇ ਦੇਖਾ ਮੈਂ ਉਸ ਦੀਦਾਰ ਕੇ ਸਦਕੇ।
ਖ਼ਬਰ ਸਰਹੰਦ ਸੇ ਆਨਾ ਵੁਹ ਸੁਨ ਕਰ ਤੇਰਾ ਫ਼ੁਰਮਾਨਾ,
'ਅਮਾਨਤ ਥੀ ਅਦਾ ਹੋ ਗਈ' ਤੇਰੇ ਈਸਾਰ ਕੇ ਸਦਕੇ।
ਤੇਰੇ ਸਰਬੰਸ ਸਾਰੇ ਨੇ ਪੀਏ ਪਿਆਲੇ ਸ਼ਹਾਦਤ ਕੇ,
ਮੇਰੇ ਸਰਬੰਸ ਦਾਨੀ! ਮੈਂ ਤੇਰੇ ਪਰਿਵਾਰ ਕੇ ਸਦਕੇ।
ਸੁਰਾਹੀ ਸੂਲ ਥੀ ਜਿਸਕੀ ਪਿਆਲਾ ਥਾ ਖ਼ੰਜਰ ਜਿਸਕਾ,
ਲੁਡ੍ਹਾਏ ਖ਼ੁਮ ਕੇ ਖ਼ੁਮ ਜਿਸਨੇ ਮੈ ਉਸ ਮੈ-ਖ਼ਾਰ ਕੇ ਸਦਕੇ।
ਜਿਨ੍ਹੇ ਤੂੰ ਪਿਆਰ ਕਰਤਾ ਥਾ ਲਗੇ ਪਿਆਰੇ ਨ ਕਿਉਂ ਮੁਝ ਕੋ,
ਸਰੋਹੀ ਸੈਹਥੀ ਤੀਰੋ ਤਬਰ ਤਲਵਾਰ ਕੇ ਸਦਕੇ।
ਮਹਾਂ ਸਿੰਘ ਜਾਂ ਬ-ਲਬ ਜਿਸ ਦਮ ਤੇਰੇ ਪਹਲੂ ਮੇਂ ਲੇਟਾ ਥਾ,
ਜੋ ਉਸ ਕੇ ਸਾਥ ਤੂੰਨੇ ਕੀ ਮੈਂ ਉਸ ਗ਼ੁਫ਼ਤਾਰ ਕੇ ਸਦਕੇ।
ਹੂੰ ਤਰ ਦਾਮਨ ਤੇਰਾ ਬੰਦਾ, ਮੇਰਾ ਮੌਲਾ! ਸ਼ਰਮ ਰਖਨਾ,
ਮੈਂ ਤੇਰੇ ਪਤਿਤ ਪਾਵਨ ਬਿਰਦ ਬਖ਼ਸ਼ਨਹਾਰ ਦੇ ਸਦਕੇ।

ਅਗਰ ਬਖ਼ਸ਼ੇ ਕਰਮ ਤੇਰਾ ਨ ਬਖ਼ਸ਼ੇ ਤੋ ਬ਼ਕਾਯਤ ਕਜ਼ਾ,
ਤੇਰੇ ਇਕਰਾਰ ਕੇ ਸਦਕੇ ਤੇਰੇ ਇਨਕਾਰ ਕੇ ਸਦਕੇ।

3. ਨੱਜਾ ਕੇ ਖਿਵੱਜਾ

ਤਰਸਤੀ ਹੈ ਤੇਰੇ ਹਾਥੋਂ ਜਾਨ ਜਾਨੇ ਕੇ ਲੀਏ।
ਫਿਰ ਪਕੜ ਤਲਵਾਰ ਮੇਰੇ ਆਜ਼ਮਾਨੇ ਕੇ ਲੀਏ।
ਚਕਵੀ ਕੋ ਖ਼ੁਰਸ਼ੀਦ ਸੇ ਉਲਫ਼ਤ ਚਕੋਰ ਚਾਂਦ ਸੇ,
ਮੇਰਾ ਜੀਵਨ ਵਕਫ਼ ਹੈ ਤੁਝ ਸੇ ਨਿਭਾਨੇ ਕੇ ਲੀਏ।
ਏਕ ਹੀ ਘਰ ਮੇਂ ਬਸੇਰਾ ਹੈ ਮਗਰ ਮਿਲਤੇ ਨਹੀਂ,
ਕਿਆ ਨਿਰਾਲਾ ਢੰਗ ਰੱਖਾ ਹੈ ਸਤਾਨੇ ਕੇ ਲੀਏ।
ਪ੍ਰੇਮ ਕੀ ਬਸਤੀ ਕੇ ਹਰ ਬਾਸੀ ਕਾ ਯਿਹ ਦਸਤੂਰ ਹੈ,
ਹਰ ਵਕਤ ਆਮਾਦਾ ਰਹਿਨਾ ਘਰ ਲੁਟਾਨੇ ਕੇ ਲੀਏ।
ਖਾ ਰਹਾ ਹੈ ਉਲਟਾ ਗ਼ਮ ਮੁਝ ਕੋ ਮੇਰੇ ਗ਼ਮਖ਼ਾਰ ਕਾ,
ਬੱਚੇ ਕੁਰਬਾਂ ਕਰ ਦੀਏ ਹਮ ਕੋ ਬਚਾਨੇ ਕੇ ਲੀਏ।
ਵਾਹ ਰੇ ਜੋਸ਼ਿ ਮੁਹੱਬਤ। ਸਰ ਹਥੇਲੀ ਪਰ ਧਰੇ,
ਜਾ ਰਹਾ ਹੈ ਦੀਪ ਸਿੰਘ ਸਤਿਗੁਰ ਮਨਾਨੇ ਕੇ ਲੀਏ।
ਨੀਚੀ ਗਰਦਨ ਡਾਲ ਕਰ ਹੈਰਾਂ ਡੱਲਾ ਰਹਿ ਗਿਆ,
ਲੜ ਰਹੇ ਸਿੱਖ ਦੇਖ ਕਰ ਤੇਰੇ ਨਿਸ਼ਾਨੇ ਕੇ ਲੀਏ।
ਮੇਰੀ ਨੱਯਾ ਕੇ ਖਿਵੱਯਾ ਹੈਂ, ਗੁਰੂ ਗੋਬਿੰਦ ਸਿੰਘ,
ਉਠੇ ਤੂਫ਼ਾਂ ਸੈਂਕੜੋਂ ਮੇਰੇ ਮਿਟਾਨੇ ਕੇ ਲੀਏ।
ਨਾ ਕੀਆ ਨਾ ਕਰਤੇ ਹੈਂ ਹਮ ਦਾਵਾਇ ਸ਼ੇਅਰੋ ਸੁਖ਼ਨ,
ਇਕ ਬਹਾਨਾ ਹੈ ਉਨ੍ਹੇਂ ਦਿਲ ਕੀ ਸੁਨਾਨੇ ਕੇ ਲੀਏ।

4. ਜ਼ਿਆਰਤਿ ਅਨੰਦਪੁਰ

ਜਬ ਸੁਨੇ ਇਨਸਾਨ ਨੇ ਤੇਰੀ ਬੁਸ਼ਾਰਤ ਕੇ ਮਜ਼ੇ,
ਅਨੰਦਪੁਰ ਕੋ ਚੱਲ ਦੀਏ ਲੇਨੇ ਜ਼ਿਆਰਤ ਕੇ ਮਜ਼ੇ।
ਛੋੜ ਕਰ ਤੇਰੇ ਚਰਨ ਫਿਰ ਜਾ ਕਹਾਂ ਸਕਤਾ ਹੈ ਵੁਹ,
ਜਿਸ ਕੋ ਸਤਿਗੁਰੂ! ਆ ਗਏ ਤੇਰੀ ਸਦਾਕਤ ਕੇ ਮਜ਼ੇ।
ਸੀਸ ਕੋ ਧਰ ਤਲੀ ਆਨਾ ਸ਼ਰਤਿ-ਮਹਿਮਾਨੀ ਤੇਰੀ,
ਚਸ਼ਮੇ ਬੀਨਾਹੀ ਨੇ ਲੂਟੇ ਤੇਰੀ ਦਾਅਵਤ ਕੇ ਮਜ਼ੇ।
ਧਰਮ ਸਿੰਘ ਕਹਿਨੇ ਲਗਾ ਸਦਕੇ ਤੇਰੀ ਤਲਵਾਰ ਕੇ,
ਲੂਟ ਲੇਨੇ ਦੇ ਮੁਝੇ ਇਸ ਕੀ ਨਜ਼ਾਕਤ ਕੇ ਮਜ਼ੇ।
ਮਨੀ ਸਿੰਘ ਜੱਲਾਦ ਸੇ ਬੋਲਾ ਜ਼ਰਾ ਆਹਿਸਤਾ ਕਾਟ,
ਔਰ ਲੇ ਲੇਨੇ ਦੇ ਇਸ ਅਰਸ਼ੀ ਹਲਾਵਤ ਕੇ ਮਜ਼ੇ।

ਜਿਸ ਕਾ ਰਹਿਬਰ ਹੋ ਗੁਰੂ ਗੋਬਿੰਦ ਸਿੰਘ ਜੈਸਾ ਸਖ਼ੀ,
ਉਸ ਕੋ ਕਿਆ ਬਤਲਾ ਸਕੇ ਕੋਈ ਸਖ਼ਾਵਤ ਕੇ ਮਜ਼ੇ।
ਸਿਖ ਕੋ ਹੈਂ, ਬਖ਼ਸ਼ੇ ਗਏ ਰੋਜ਼ਿ ਅਜ਼ਲ ਸੇ ਫ਼ਿਤਰਤਨ,
ਦੀਨ-ਰਖਸ਼ਾ ਔਰ ਦੁਸ਼ਟੋਂ ਸੇ ਅਦਾਵਤ ਕੇ ਮਜ਼ੇ।
ਚੁਕਤਾ ਹੈ ਵਕਤ ਪਰ ਕਬ ਬੋਤਾ ਸਿੰਘ ਕੀ ਤਰਾਂ ਵੋਹ,
ਜਿਸ ਕੇ ਸਿਰ ਸਵਾਰ ਹੋਂ ਸ਼ੌਕਿ-ਸ਼ਹਾਦਤ ਕੇ ਮਜ਼ੇ।
ਮੱਸੇ ਕਾ ਸਰ ਕਾਟ ਕਰ ਕਹਿਨੇ ਲਗੇ ਮਹਿਤਾਬ ਸਿੰਘ,
ਯੂੰ ਚਖਾਤੇ ਹੈਂ ਤੁਝੇ ਤੇਰੀ ਸ਼ਰਾਰਤ ਕੇ ਮਜ਼ੇ।
ਮਾਲਕਿ ਕੂਨੋ-ਮਕਾਂ ਕਾ ਸ਼ੁਕਰੀਆ ਹੈ ਲਾਖ ਬਾਰ,
ਜਿਸ ਨੇ ਬਖ਼ਸ਼ੇ ਐ ਗੁਰੂ! ਤੇਰੀ ਕਿਆਦਤ ਕੇ ਮਜ਼ੇ।
ਸ਼ਹਿਦ ਗੁੜ ਸ਼ੀਰੋ ਸ਼ਕਰ ਅਪਨੀ ਜਗ੍ਹਾ ਮੀਠੇ ਹੈਂ ਸਭ,
'ਸ਼ਰਮ ਸਿੰਘ' ਹੈਂ ਔਰ ਹੀ ਉਸ ਕੀ ਇਬਾਦਤ ਕੇ ਮਜ਼ੇ।

5. ਸਿੰਘ ਪ੍ਰਤਿੱਗਿਆ

ਤੇਰੀ ਰਾਹ ਮੇਂ ਸਰ, ਐ ਅਨੰਦਪੁਰ ਕੇ ਵਾਸੀ,
ਕਟਾਤੇ ਰਹੇ ਹੈਂ ਕਟਾਤੇ ਰਹੇਂਗੇ।
ਸੂਲੀ ਪੇ ਚੜ੍ਹ ਕਰ ਭੀ ਨਾਹਰਾ ਏ ਹੱਕ ਕੇ,
ਲਗਾਤੇ ਰਹੇਂ ਹੈ ਲਗਾਤੇ ਰਹੇਂਗੇ।
ਸਦਾਕਤ ਸੇ ਪੀਛੇ ਹਟੇ ਨਾ ਹਟੇਂਗੇ,
ਕਦਮ ਅਪਨਾ ਆਗੇ ਬੜ੍ਹਾਤੇ ਰਹੇਂਗੇ।
ਤੇਰੇ ਸਰ ਕਾ ਸਦਕਾ ਐ ਸਰਦਾਰ! ਤੇਰੇ,
ਸਰਕਸ਼ੋਂ ਕੇ ਸਰ ਝੁਕਾਤੇ ਰਹੇਂਗੇ।
ਜਹਾਂ ਖ਼ਾਲਸਾ ਵਹਾਂ ਹੋ ਰੱਛਾ ਰਿਆਇਤ,
ਜੁਗੋ ਜੁਗ ਝੰਡੇ ਝੁਲਾਤੇ ਰਹੇਂਗੇ।
ਯਹਾਂ ਭੀ, ਵਹਾਂ ਭੀ, ਇਧਰ ਭੀ, ਉਧਰ ਭੀ,
ਤੇਰੇ ਗੀਤ ਗਾਤੇ ਹੈਂ ਗਾਤੇ ਰਹੇਂਗੇ।
ਸੁਨੀ ਜਾਇਗੀ ਉਨ ਕੀ ਫ਼ਰਯਾਦ ਆਖ਼ਿਰ,
ਜੋ ਬਾਣੀ ਕੋ ਸੁਨਤੇ ਸੁਨਾਤੇ ਰਹੇਂਗੇ।
ਐ ਦਿਲ! ਤੇਰਾ ਵਹਾਂ ਜਾ ਕੇ ਆਨਾ ਹੈ ਮੁਸ਼ਕਿਲ,
ਹਮ ਤੋ ਯੂੰ ਹੀ ਆਤੇ ਔ ਜਾਤੇ ਰਹੇਂਗੇ।

6. ਦੀਦਾਰ ਹੋ ਜਾਏ

ਤੂ ਹੋ ਯਾਰ ਤੋ ਸਾਰਾ ਜ਼ਮਾਨਾ ਯਾਰ ਹੋ ਜਾਏ।
ਜਿਧਰ ਹੋ ਮਰਜ਼ੀ ਤੇਰੀ ਉਧਰ ਹੀ ਕਰਤਾਰ ਹੋ ਜਾਏ।

ਮਿਰੇ ਮਹਿਬੂਬ ਤੇਰੇ ਚਰਣ ਜਿਸ ਧਰਤੀ ਪੇ ਪੜ ਜਾਏਂ,
ਬਸੇਂ ਉਜੜੇ ਹੁਏ ਵੀਰਾਨੇ ਭੀ ਗੁਲਜ਼ਾਰ ਹੋ ਜਾਏਂ।
ਕਿਆ ਪਰਵਾਹ ਹੋ ਸੈਲੇ ਹਵਾਦਾਸ ਕੀ ਮੁਸਾਫ਼ਿਰ ਕੋ,
ਕਿ ਜਿਸਦੀ ਨਾਉ ਕਾ ਤੂੰ ਨਾਖ਼ੁਦਾ ਦਾਤਾਰ ਹੋ ਜਾਏ।
ਹਾਸਲ ਜਿਸਕੋ ਹੋ ਸ਼ਰਫ਼ੇ-ਗੁਲਾਮੀ ਤੇਰੇ ਕਦਮੋਂ ਕੀ,
ਬਸ਼ਰ ਦੋਨੋਂ ਜਹਾਨੋਂ ਮੇਂ ਵੁਹ ਖ਼ੁਦ ਮੁਖ਼ਤਾਰ ਹੋ ਜਾਏ।
ਕਰੇ ਸਦਕੇ ਵੁਹ ਇਕ ਇਕ ਕੇਸ ਪਰ ਦੋਨੋਂ ਜਹਾਨੋਂ ਕੋ,
ਜਿਸੇ ਨੰਦ ਲਾਲ ਕੀ ਮਾਨਿੰਦ ਤਿਰਾ ਦੀਦਾਰ ਹੋ ਜਾਏ।
ਰੁਲੇ ਆ ਕਰ ਨਵਾਬੀ ਔਰ ਖ਼ਿਲਅਤ ਉਸ ਕੇ ਕਦਮੋਂ ਮੇਂ,
ਤਿਰੇ ਸਿੰਘੋਂ ਕੇ ਘੋੜੋਂ ਕਾ ਜੋ ਖ਼ਿਦਮਤਗਾਰ ਹੋ ਜਾਏ।
ਨ ਹੋ ਆਹੋ ਫ਼ੁਗਾਂ ਲਬ ਪੇ ਨ ਮੁਹਤਾਜੇ ਮਸੀਹਾ ਹੋ,
ਬਸ਼ਰ ਤੇਰੀ ਮੁਹੱਬਤ ਕਾ ਅਗਰ ਬੀਮਾਰ ਹੋ ਜਾਏ।
ਛੁਪੀ ਹੁਈ ਹੈਂ ਲਾਖੋਂ ਜੱਨਤੇਂ ਇਕ ਇਕ ਇਸ਼ਾਰੇ ਮੇਂ,
ਨਿਗਾਹੇ ਜਾਂ-ਫ਼ਜ਼ਾਇਸ਼ ਇਧਰ ਭੀ ਇਕ ਬਾਰ ਹੋ ਜਾਏ।

7. ਅਰਦਾਸ

ਮੇਰੇ ਦਾਤਾ! ਬਖ਼ਸ਼ੀਂ ਮੇਰੀ ਕੌਮ ਤਾਈਂ,
ਸਿਮਰਨ ਨਾਮ ਦਾ ਦਾਨ ਇਸ਼ਨਾਨ ਦਾ ਬਲ।
ਸਾਡੀ ਫੇਰ ਦਰਿਆਵਾਂ ਨਾਲ ਦੋਸਤੀ ਹੋਇ,
ਭਲਕੇ ਉੱਠ ਹਰਿ ਨਾਮ ਧਿਆਨ ਦਾ ਬਲ।
ਸੜ ਰਹੇ ਸੰਸਾਰ ਦੇ ਵਾਂਗ ਤਾਰੇ,
ਦੁੱਖ ਝੱਲ ਕੇ ਅੱਗ ਬੁਝਾਣ ਦਾ ਬਲ।
ਬੁੱਢੇ ਵਾਂਗ ਗੰਭੀਰਤਾ ਉਮਰ ਲੰਮੀ,
ਤੇ ਗੁਰਦਾਸ ਵਤ ਕਲਮ ਚਲਾਣ ਦਾ ਬਲ।
ਮਿਟਣ ਪਿੰਡਾਂ ਚੋਂ ਵੈਰ ਵਿਰੋਧ ਝਗੜੇ,
ਇਕ ਦੂਸਰੇ ਤੋਂ ਸਦਕੇ ਜਾਣ ਦਾ ਬਲ।
ਬਿਧੀ ਚੰਦ ਜਵਾਨਾਂ ਦਾ ਬਣੇ ਆਗੂ,
ਬਲ ਪੰਥ ਦੇ ਲੇਖੇ ਲਗਾਣ ਦਾ ਬਲ।
ਲੱਗੇ ਆਰਾ ਪਿਆਰਾ ਮਤੀ ਦਾਸ ਵਾਂਗੂ,
ਤੇ ਦਿਆਲੇ ਦੇ ਸਿਦਕ ਈਮਾਨ ਦਾ ਬਲ।
ਮਨੀ ਸਿੰਘ ਵਾਂਗੂੰ ਬਾ-ਅਮਲ ਆਲਮ,
ਤਾਰੂ ਸਿੰਘ ਦਾ ਧਰਮ ਨਿਭਾਨ ਦਾ ਬਲ।
ਗ਼ੈਰਤ ਬੋਤਾ ਸਿੰਘ ਜੁੱਰਤ ਮਤਾਬ ਸਿੰਘ ਦੀ,
ਤੇ ਸੁਬੇਗ ਸਿੰਘ ਦੇ ਖ਼ਾਨਦਾਨ ਦਾ ਬਲ।

ਜਸ ਜੱਸਾ ਸਿੰਘ ਭਾਗ ਰਣਜੀਤ ਸਿੰਘ ਦੇ,
ਹਰ ਮੈਦਾਨ ਅੰਦਰ ਫ਼ਤਹ ਪਾਨ ਦਾ ਬਲ।
ਹਰੀ ਸਿੰਘ ਦਾ ਦਬਦਬਾ ਰੋਅਬ ਚੜ੍ਹਤਲ,
ਕੰਬੇ ਯਾਦ ਕਰ ਜਿਹਨੂੰ ਅਫ਼ਗਾਨ ਦਾ ਬਲ।
ਫੂਲਾ ਸਿੰਘੀ ਸਪ੍ਰਿਟ ਵਿਚ ਜਥੇਦਾਰਾਂ,
ਬਖ਼ਸ਼ ਸ਼ਾਹਾਂ ਨੂੰ ਪੰਥ ਈਮਾਨ ਦਾ ਬਲ।
ਭਾਗੋ ਵਾਂਗਰਾਂ ਭੈਣਾਂ ਨੂੰ ਭਾਗ ਲੱਗਣ,
ਦੀਪ ਕੌਰ ਦਾ ਦਿਲ ਕ੍ਰਿਪਾਨ ਦਾ ਬਲ।
ਸਦਾ ਆਜਜ਼ ਮਜ਼ਲੂਮਾਂ ਦਾ ਪੜਾ ਕਰਨਾ,
ਨਾਲ ਫ਼ਾਢਿਆਂ ਦੇ ਮੱਥਾ ਡਾਹਨ ਦਾ ਬਲ।
ਅਗਿਆਨ ਕੁਬੁਧਿ ਪਛਾੜ ਦੇਈਏ,
ਵਰਤ ਵਰਤ ਗੁਰਬਾਣੀ ਦੇ ਗਿਆਨ ਦਾ ਬਲ।
ਝੰਡਾ ਝੂਲੇ ਚਹੁੰ ਕੂੰਟ ਵਿਚ ਖ਼ਾਲਸੇ ਦਾ,
ਬਖ਼ਸ਼ ਅਪਣਾ ਪੈਗਾਮ ਪਹੁੰਚਾਣ ਦਾ ਬਲ।

8. ਦਸਮੇਸ਼ ਦੇ ਸ਼ਸਤ੍ਰ

ਇਸ ਦੁਨੀਆ ਚਿ ਉਂਞ ਤਾਂ ਬਥੇਰੇ ਨੇ ਸ਼ਸਤ੍ਰ।
ਇਨ੍ਹਾਂ ਚਿ ਵਾਧਾ ਕਿ ਤੇਰੇ ਨੇ ਸ਼ਸਤ੍ਰ।
ਇਹ ਨੇ ਲਖਾਇਕ ਕਿਸੇ ਆਦਰਸ਼ ਦੇ,
ਧਰਮ ਦੀ ਧੁਜਾ ਨੇ ਫਰੇਰੇ ਨੇ ਸ਼ਸਤ੍ਰ।
ਇਨ੍ਹਾਂ ਨੂੰ ਪੂਜਣ ਅਹਿੰਸਾ ਦੇ ਹਾਮੀ,
ਅਹਿੰਸਾ ਦੇ ਹਾਮੀ ਭਲੇਰੇ ਨੇ ਸ਼ਸਤ੍ਰ।
ਅੰਧਕਾਰ ਵਿਚ ਸੀ ਭਟਕਦੀ ਲੁਕਾਈ,
ਜਿਨ੍ਹਾਂ ਨੇ ਲਿਆਂਦੇ ਸਵੇਰੇ ਨੇ ਸ਼ਸਤ੍ਰ।
ਇਨ੍ਹਾਂ ਨੇ ਪਛਾੜੇ ਪਕੜ ਦੁਸ਼ਟ ਦੋਖੀ,
ਜਿਨ੍ਹਾਂ ਪਾਪ ਦੇ ਪੁੱਟੇ ਡੇਰੇ ਨੇ ਸ਼ਸਤ੍ਰ।
ਮਾੜੇ ਲਤਾੜੇ ਬੇਬਸ ਬੇਕਸਾਂ ਦੇ,
ਜਿਨ੍ਹਾਂ ਪਾਰ ਕੀਤੇ ਸੀ ਬੇੜੇ ਨੇ ਸ਼ਸਤ੍ਰ।
ਬਲਾਚਾਰਗੀ ਦਰਮਖ਼ਾਂ ਜਿਹੜੇ ਆਏ,
ਮਜ਼ਲੂਮ ਦੀ ਢਾਲ ਜਿਹੜੇ ਨੇ ਸ਼ਸਤ੍ਰ।
ਇਹ ਸ਼ਸਤ੍ਰ ਨੇ ਨਸ਼ਤਰ ਗੁਰੂ ਡਾਕਟਰ ਦੇ,
ਤੇ ਰੋਗੀ ਦੇ ਮਿੱਤ੍ਰ ਚੰਗੇਰੇ ਨੇ ਸ਼ਸਤ੍ਰ।
ਇਹ ਸ਼ਸਤ੍ਰ ਨੇ ਮੰਦਰ ਮਸੀਤਾਂ ਦੇ ਰਾਖੇ,
ਇਹ ਧੜੇਬੰਦੀਆਂ ਤੋਂ ਉਚੇਰੇ ਨੇ ਸ਼ਸਤ੍ਰ।
ਇਨ੍ਹਾਂ ਉਤੇ ਹੱਕ ਹੈ ਸਾਰਿਆਂ,
ਇਹ ਨ ਕੱਲੇ ਤੇਰੇ ਨ ਮੇਰੇ ਸ਼ਸਤ੍ਰ।

ਇਨ੍ਹਾਂ ਸ਼ਸਤ੍ਰਾਂ 'ਸ਼ਰਮ' ਰੱਖੀ ਵਤਨ ਦੀ,
ਵਤਨ ਪੂਜਦੇ ਤਾਂਹੀਓਂ ਤੇਰੇ ਨੇ ਸ਼ਸਤ੍ਰ।

9. ਖੰਡਾ ਤੇ ਪਤਾਸਾ

ਦੇਂਦਾ ਰਹੁ ਦਿਲਬਰ! ਤੂੰ ਦਿਲਾਂ ਨੂੰ ਦਿਲਾਸਾ।
ਦਿਲਾਂ ਦੇ ਹੀ ਅੰਦਰ ਹੈ ਦਿਲਬਰ ਦਾ ਵਾਸਾ।
ਚੰਗਾ ਨੀ ਕਰਨਾ ਹੈ ਮਾਣ ਹੁਸਨ ਦਾ,
ਪਲਟ ਦੇਵੇ ਮਾਲਕ ਪਲ ਭਰ ਚਿ ਪਾਸਾ।
ਮੈਂ ਸੂਰਤ ਤੋਂ ਵਧ ਕੇ ਹਾਂ ਸੀਰਤ ਤੋਂ ਸਦਕੇ,
ਮੇਰੇ ਪਿਆਰ ਦਾ ਇਕ ਇਹ ਭੀ ਹੈ ਖ਼ਾਸਾ।
ਖ਼ਫ਼ਾ ਹੋ ਨ ਮੁੱਲਾਂ ਮੇਰੇ ਹਾਸਿਆਂ 'ਤੇ,
ਮੇਰਾ ਤਾਂ ਸੁਭਾ ਈ ਏ ਮੁੱਢੋਂ ਖ਼ੁਲਾਸਾ।
ਕੱਟ ਦੇ ਤੂੰ ਬੇਸ਼ਕ ਮੈਨੂੰ ਮਾਸਾ ਮਾਸਾ,
ਜੇ ਮਿਰੇ ਹਾਸਿਆਂ ਚਿ ਮਿਲੇ ਮੈਲ ਮਾਸਾ।
'ਹੁਸਨੁਲ ਵਜੂਆ' ਦਾ ਮੈਂ ਹਾਂ ਪੁਜਾਰੀ,
ਕਿਸੇ ਹੋਰ ਨੂੰ ਦੇਵੀ ਹੂਰਾਂ ਦਾ ਝਾਂਸਾ।
ਫੁੱਲ ਖਾ ਕੇ ਸ਼ਿਬਲੀ ਦਾ ਮਨਸੂਰ ਰੋਯਾ,
ਮੇਰੇ ਮਹਿਰਮ! ਤੈਥੋਂ ਇਹ ਨਹੀਂ ਸੀ ਆਸ਼ਾ।
ਮੇਰੇ ਕਤਲ 'ਤੇ ਵੇਖ ਦੁਨੀਆ ਜੁੜੀ ਹੈ,
ਆ ਜਾ ਪਰ੍ਹਾਂ ਤੂੰ ਭੀ ਵੇਖਣ ਤਮਾਸ਼ਾ।
ਹੋ ਕੇ ਕਤਲ ਮੈਂ ਮੁੜ ਜੀ ਪਿਆ ਹਾਂ,
ਮੇਰੇ ਕਾਤਲਾ! ਤੇਰਾ ਸੁਰਗਾਂ ਚਿ ਵਾਸਾ।
ਉਰ੍ਹੇ ਹੋ ਤਿਰੇ ਸੋਹਣੇ ਹੱਥਾਂ ਨੂੰ ਚੁੰਮਾਂ,
ਜਿਨ੍ਹਾਂ ਨਾਲ ਕੀਤੀ ਮੇਰੀ ਪੂਰੀ ਆਸਾ।
ਭਰ ਭਰ ਪਿਆਲੇ ਪਿਲਾ ਬੇ-ਖ਼ੁਦੀ ਦੇ,
ਨ ਜਾਵੇ ਕੋਈ ਤੇਰੇ ਦਰ ਤੋਂ ਨਿਰਾਸਾ।
ਬਣਤਰ ਅਨੋਖੀ ਹੈ ਮੇਰੇ ਸੁਭਾ ਦੀ,
ਇਸ ਵਿਚ ਘੁਲੇ ਨੇ ਖੰਡਾ ਪਤਾਸਾ।

10. ਹੌਲੇ ਹੌਲੇ

ਭਾਉਂਦੀ ਗਈ ਇਹ ਅਦਾ ਹੌਲੇ ਹੌਲੇ।
ਵਧਦਾ ਗਿਆ ਹੈ ਸ਼ੁਦਾ ਹੌਲੇ ਹੌਲੇ।

---

*. ਵਲੈਤ ਤੋਂ ਵਾਪਸ ਲਿਆਂਦੇ ਸ਼ਸਤ੍ਰਾਂ ਸਮੇਂ ਲਿਖੀ ਗਈ।

ਪਤਾ ਨਹੀਂ ਖ਼ੁਦਾ ਨੇ ਖ਼ੁਦੀ ਹੈ ਬਣਾਈ,
ਕਿ ਖ਼ੁਦੀ ਤੋਂ ਹੀ ਬਣਿਐ ਖ਼ੁਦਾ ਹੌਲੇ ਹੌਲੇ।
ਬਣਿਆ ਰਹਾਂ ਤੇਰੀ ਬਖ਼ਸ਼ਿਸ਼ ਦਾ ਪਾਤਰ,
ਕਰਦਾ ਈ ਰਹਿਨੈਂ ਗੁਨਾਹ ਹੌਲੇ ਹੌਲੇ।
ਅਸਰ ਕਰ ਗਈ ਇਲਤਜਾ ਹੌਲੇ ਹੌਲੇ,
ਬੇਵਫ਼ਾ ਬਣ ਗਿਐ ਬਾ ਵਫ਼ਾ ਹੌਲੇ ਹੌਲੇ।
ਬੀਮਾਰ ਪੁਰਸੀ ਨੂੰ ਆਉਂਦੇ ਨੇ ਅਕਸਰ,
ਹੁੰਦੀ ਜਾ ਰਹੀ ਸ਼ਫ਼ਾ ਹੌਲੇ ਹੌਲੇ।
ਦੇਖਣ ਤੋਂ ਤੱਕਣ ਅਨੰਦਪੁਰ ਦੇ ਵਾਸੀ,
ਰੁਮਕਦੀ ਜਦੋਂ ਏ ਹਵਾ ਹੌਲੇ ਹੌਲੇ।
ਨਿੰਦਦੀ ਸੀ ਦੁਨੀਆਂ ਹੁਣ ਅਪਣਾ ਰਹੀ ਹੈ,
ਓਸੇ 'ਕੁਰਾਹੀਏ' ਦਾ ਰਾਹ ਹੌਲੇ ਹੌਲੇ।
ਦਿਲ ਤਾਂ ਨੀ ਮੰਨਦਾ ਤੇ ਨਾਹੀ ਮੰਨੇਗਾ,
ਹੁੰਦੇ ਜਾ ਰਹੇ ਹਾਂ ਜੁਦਾ ਹੌਲੇ ਹੌਲੇ।

ਬਾਬਾ ਗੁਰੂ ਨਾਨਕ ਸਿੰਘ?

ਬਾਬਾ ਬਘੇਲ ਸਿੰਘ ਆਖਿਆ ਕਰਦੇ ਸਨ, "ਭੁਝੰਗੀਓ! ਤੁਸੀਂ ਪਹਿਲੀ ਪਾਤਸ਼ਾਹੀ ਦਾ ਨਾਂ ਅੱਧਾ ਨਾ ਲਿਆ ਕਰੋ। ਉਨ੍ਹਾਂ ਨੂੰ 'ਗੁਰੂ ਨਾਨਕ ਸਿੰਘ' ਕਹਿ ਕੇ ਯਾਦ ਕੀਤਾ ਕਰੋ, ਕਿਉਂਕਿ ਉਹ ਬੜੇ ਵੱਡੇ ਬਲਵਾਨ ਸਿੰਘ ਸਨ ਤੇ ਉਨ੍ਹਾਂ ਨੇ ਹੀ ਇਸ 'ਸਿੰਘ ਲਹਿਰ' ਦੀ ਨੀਂਹ ਰੱਖੀ ਸੀ।"

ਅਸੀਂ ਕਈ ਵਾਰ ਅਸਲੀਅਤ ਨੂੰ ਨਾ ਜਾਣਦਿਆਂ, ਬਾਬਾ ਜੀ ਦੀ ਨਸੀਹਤ ਨੂੰ ਅਣਗੌਲਿਆਂ ਕਰ ਕੇ ਕਹਿ ਛੱਡਦੇ : "ਬਾਬਾ ਜੀ, ਅਸੀਂ ਤਾਂ ਕਿਤਾਬ ਵਿਚ ਇਹੋ ਨਾਮ ਪੜ੍ਹਿਐ ਤੇ ਲੋਕ ਵੀ ਇਵੇਂ ਹੀ ਕਹਿੰਦੇ ਆ ਰਹੇ ਨੇ।"

ਫਿਰ ਬਾਬਾ ਜੀ ਜਲਾਲ ਵਿਚ ਆ ਕੇ ਉੱਚੀ ਉੱਚੀ ਬੋਲਦੇ ਕਿ ਬੱਚਿਓ! ਤੁਹਾਨੂੰ ਪਤਾ ਹੈ ਕਿ ਭਾਈ ਗੁਰਦਾਸ ਨੇ ਗੁਰੂ ਨਾਨਕ ਸਿੰਘ ਉੱਤੇ ਪੂਰੀ ਵਾਰ ਲਿਖੀ ਹੈ ਤੇ ਵਾਰਾਂ ਹਮੇਸ਼ਾਂ ਸੂਰਬੀਰਾਂ, ਵਰਿਆਮਾਂ ਉੱਤੇ ਹੀ ਲਿਖੀਆਂ ਜਾਂਦੀਆਂ ਹਨ। ਸਾਧਾਂ, ਫ਼ਕੀਰਾਂ ਉੱਤੇ ਕੌਣ ਵਾਰਾਂ ਲਿਖਦਾ ਹੈ? ਫਿਰ ਇਸ ਵਾਰ ਵਿਚ ਕਵੀ ਨੇ ਸਾਫ਼ ਲਿਖ ਦਿੱਤਾ ਹੈ ਕਿ ਉਹ ਮਹਾਂਪੁਰਸ਼, ਸ਼ੇਰ ਵਾਂਗ ਬੁੱਕਿਆ ਤੇ ਉਸ ਨੇ ਸਾਰੀ ਮ੍ਰਿਗਾਵਲੀ ਭਜਾ ਦਿੱਤੀ। ਇਹ ਮ੍ਰਿਗਾਵਲੀ ਸੀ, ਕਮਜ਼ੋਰ ਤੇ ਬੁਜ਼ਦਿਲ ਪ੍ਰਪੰਚੀ ਸਾਧਾਂ ਸੰਤਾਂ ਦੀ ਮੰਡਲੀ ਜਾਂ ਕਾਇਰ ਹਾਕਮਾਂ ਦੀ ਟੋਲੀ। ਇਹ ਮੈਂ ਆਪਣੇ ਕੋਲੋਂ ਨਹੀਂ ਕਹਿੰਦਾ। ਇਹ ਬਚਨ ਉਨ੍ਹਾਂ ਦਾ ਹੈ ਜੋ ਚਾਰ ਪਾਤਸ਼ਾਹੀਆਂ ਦੀ ਹਜ਼ੂਰੀ ਵਿਚ ਰਹੇ ਸਨ ਤੇ ਸਭ ਕੁਝ ਜਾਣਦੇ ਸਨ। ਇਹ ਬਚਨ ਧਿਆਨ ਨਾਲ ਸੁਣ ਲਵੋ :

ਸਿੰਘ ਬੁਕੇ ਮਿਰਗਾਵਲੀ, ਭੰਨੀ ਜਾਇ ਨ ਧੀਰਿ ਧਰੋਆ।

(ਵਾਰ 1, ਪਉੜੀ 27)

ਬੁਕਿਆ ਸਿੰਘ ਉਜਾੜ ਵਿਚਿ, ਸਭਿ ਮਿਰਗਾਵਲਿ ਭੰਨੀ ਜਾਈ।
ਚੜਿਆ ਚੰਦੁ ਨ ਲੁਕਈ, ਕਢਿ ਕੁਨਾਲੀ ਜੋਤਿ ਛਿਪਾਈ।

(ਵਾਰ 1, ਪਉੜੀ 34)

ਸ਼ੇਰ ਜੰਗਲ ਦੇ ਬਾਦਸ਼ਾਹ ਹੁੰਦੇ ਨੇ, ਉਹ ਕਿਸੇ ਤੋਂ ਭੈ-ਭੀਤ ਨਹੀਂ ਹੁੰਦੇ ਤੇ ਨਾ ਹੀ ਕਿਸੇ ਦੀ ਕਾਣ-ਕਨੌਤ ਮੰਨਦੇ ਹਨ। ਉਹ ਹਰ ਤਰ੍ਹਾਂ ਪੂਰਨ ਭਾਂਤ ਸੁਤੰਤਰ ਵਿਚਰਦੇ ਤੇ ਆਪਣੀ ਗੱਲ ਗਰਜਵੀਂ ਸੁਰ ਵਿਚ ਕਹਿ ਕੇ ਸਭ ਉੱਤੇ ਛਾ ਜਾਂਦੇ ਹਨ। ਬਾਬਾ ਨਾਨਕ ਸਿੰਘ ਹਰੇਕ ਤੀਰਥ 'ਤੇ ਗਿਆ। ਸੁਮੇਰ ਪਰਬਤ ਦੀ ਚੋਟੀ 'ਤੇ ਪਹੁੰਚਿਆ, ਫਿਰ ਮੱਕੇ, ਮਦੀਨੇ, ਬਗ਼ਦਾਦ ਵਿਚ ਵੀ ਉਸ ਫੇਰੀ ਪਾਈ, ਪਰ ਉਸ ਦੇ ਸਾਹਮਣੇ ਕੋਈ ਕੁਸਕਿਆ ਤਕ ਨਹੀਂ। ਸਭ ਨੇ ਉਸ ਅੱਗੇ ਸਿਰ ਝੁਕਾਇਆ :

ਗੜ ਬਗਦਾਦੁ ਨਿਵਾਇਕੇ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ, ਖਟਿ ਦਰਸਨਿ ਪਾਖੰਡਿ ਜਿਣਾਇਆ।
ਜੀਤੀ ਨਉਖੰਡ ਮੇਦਨੀ, ਸਤਿਨਾਮ ਦਾ ਚਕ੍ਰ ਫਿਰਾਇਆ।.....
ਹਿੰਦੂ ਮੁਸਲਮਾਣਿ ਨਿਵਾਇਆ। *(ਵਾਰ ੧, ਪਉੜੀ 37)*

ਏਨਾ ਹੀ ਨਹੀਂ, ਬਾਬਰ ਵਰਗੇ ਜਾਬਰ ਹਮਲਾਵਰ ਨੂੰ 'ਪਾਪ ਦੀ ਜੰਞ' ਦਾ ਲਾੜਾ ਦੱਸ ਕੇ ਤ੍ਰਿਸਕਾਰਨਾ ਸਿੰਘ-ਕਰਤੱਵ ਹੀ ਸੀ, ਜਿਸ ਦਾ ਮਨੋਰਥ ਰਾਜਸੀ ਖੇਤਰ ਵਿਚ ਹੋ ਰਹੀਆਂ ਵਧੀਕੀਆਂ ਨੂੰ ਨੱਥ ਪਾਉਣਾ ਸੀ। ਇਹ ਗੁਰੂ ਜੀ ਦੀ ਸੋਚ ਵਿਚ ਸ਼ਾਮਲ ਸੀ ਕਿ ਗ਼ਰੀਬ ਗਊਆਂ ਨੂੰ ਨਿਤ ਨਿਤ ਬਘਿਆੜ ਪਾੜ ਕੇ ਨਾ ਖਾਣ, ਸਗੋਂ ਇਹ ਗਊਆਂ ਸ਼ੇਰ ਬਣ ਕੇ ਉਨ੍ਹਾਂ ਜ਼ਾਲਮਾਂ ਦਾ ਟਾਕਰਾ ਕਰਨ ਦੇ ਯੋਗ ਹੋ ਜਾਣ। ਉਹ ਮਾਲਕ ਨੂੰ ਆਖਦੇ ਸਨ:

ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥
(ਆਸਾ ਮ: ੧, ਪੰਨਾ 360)

ਇਥੇ ਹੀ ਬਸ ਨਹੀਂ ਕਿ ਉਨ੍ਹਾਂ ਪੰਡਤਾਂ, ਮੁਲਾਣਿਆਂ, ਜੋਗੀਆਂ ਤੇ ਹੋਰ ਸਾਧਾਂ ਸੰਤਾਂ ਦੀਆਂ ਕਮਜ਼ੋਰੀਆਂ ਨਿਝੱਕ ਹੋ ਕੇ ਦੱਸੀਆਂ, ਸਗੋਂ ਉਨ੍ਹਾਂ ਮਜ਼੍ਹਬ ਦੇ ਠੇਕੇਦਾਰਾਂ ਨੂੰ ਇਹ ਵੀ ਚੰਗੀ ਤਰ੍ਹਾਂ ਦੱਸਿਆ ਕਿ ਸੱਚਾ ਧਰਮ ਕੀ ਹੈ ? ਆਰਤੀ ਤੇ ਜਨੇਊ ਕਿਹੜਾ ਹੈ ? ਨਿਮਾਜ਼ ਤੇ ਰੋਜ਼ਾ ਕਿਹੜਾ ਰੱਖਣਾ ਹੈ ਅਤੇ ਕਿਸ ਮੰਦਰ ਜਾਂ ਮਸੀਤ ਵਿਚ ਜਾ ਕੇ ਪੂਜਾ ਪਾਠ ਜਾਂ ਇਬਾਦਤ ਦਾ ਪਵਿੱਤਰ ਫ਼ਰਜ਼ ਨਿਭਾਉਣਾ ਹੈ ? ਉਸ ਦਾ ਜੋਗ ਵੀ ਵਿਲੱਖਣ ਕਿਸਮ ਦਾ ਸੀ—"ਅੰਜਨ ਮਾਹਿ ਨਿਰੰਜਨਿ" ਰਹਿਣ ਦਾ ਵਰਤਾਰਾ, ਦੁਨੀਆਂ ਦੇ ਰੰਗ ਢੰਗ ਵਿਚ ਰਹਿ ਕੇ ਨਿਰਲੇਪ ਰਹਿਣ ਦੀ ਜੁਗਤੀ। ਉਹ ਕਿਸੇ ਤੋਂ ਡਰਦੇ ਨਹੀਂ ਸਨ ਅਤੇ ਗੱਲ ਵੀ ਬਿਲਕੁਲ ਅਲਹਿਦਾ ਕਿਸਮ ਦੀ ਕਰਦੇ ਸਨ। ਉਹ ਸੱਚਮੁੱਚ ਸ਼ੇਰ ਤਬੀਅਤ ਦੇ ਮਾਲਕ ਸਨ ਤੇ ਉਨ੍ਹਾਂ ਆਪਣੇ ਜ਼ੋਰ ਨਾਲ ਹੌਲੀ ਹੌਲੀ ਸ਼ੇਰਾਂ ਦੀ ਕੌਮ ਪੈਦਾ ਕਰ ਦਿੱਤੀ।

ਇਸ ਇਤਿਹਾਸਕ ਸੱਚ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਆਪ ਦੀ ਸ਼ੇਰਾਂ ਵਾਲੀ ਗਰਜ ਨੇ ਇਕ ਵਾਰ ਸਾਰੇ ਹਿੰਦੁਸਤਾਨ ਵਿਚ ਤਰਥੱਲੀ ਮਚਾ ਦਿੱਤੀ ਕਿ ਜੇ ਜੀਊਣਾ ਹੈ ਤਾਂ ਗੈਰਤ ਨਾਲ ਜੀਊਣਾ ਹੈ ਅਤੇ ਆਪਣੇ ਕਲਚਰ ਤੇ ਧਰਮ ਨੂੰ ਬਰਕਰਾਰ ਰੱਖ ਕੇ ਜੀਊਣਾ ਹੈ:

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥ *(ਵਾਰ ਮਾਝ ਮ: ੧, ਪੰਨਾ 142)*

ਇਵੇਂ ਜਿਵੇਂ ਪੰਜਵੇਂ ਤੇ ਨੌਵੇਂ ਜਾਮੇ ਦੀ ਸ਼ਹਾਦਤ ਵੀ ਇਕ ਵਧੀਆ ਕਿਸਮ ਦਾ 'ਸਿੰਘ ਕਰਮ' ਹੀ ਸੀ, ਜਿਸ ਦਾ ਨਾਹਰਾ ਸੀ ਕਿ ਅਸੀਂ ਨਾ ਡਰਨਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਣਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਬੱਬਰ ਸ਼ੇਰਾਂ ਵਾਲਾ ਜੀਵਨ ਬਿਤਾਇਆ ਤੇ ਔਰੰਗਜ਼ੇਬ ਵਰਗੇ ਕਠੋਰ ਤਾਨਾਸ਼ਾਹ ਨੂੰ ਠੋਕਵਾਂ ਜਵਾਬ ਦੇ ਕੇ ਚੁੱਪ

ਕਰਾਇਆ ਕਿ ਅਕਾਲ ਆਸਰੇ ਅਸੀਂ ਸਦਾ ਕਾਇਮ ਹਾਂ ਤੇ ਸਾਨੂੰ ਹੋਰ ਕਿਸੇ ਦੀ ਪਰਵਾਹ ਵੀ ਕੋਈ ਨਹੀਂ।

ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥

(ਸਵੱਯਾ ਪਾ: ੧੦)

ਕਿ ਤੋਰਾ ਗ਼ਰੂਰ ਅਸਤ ਬਰ ਮੁਲਕੋ ਮਾਲ।
ਵਾ ਮਾਰਾ ਨਿਗਾਹ ਅਸਤ ਯਜ਼ਦਾਂ ਅਕਾਲ। *(ਜ਼ਫ਼ਰਨਾਮਾ ਪਾ: ੧੦)*

ਜ਼ਫ਼ਰਨਾਮੇ ਦੀ ਇਹ ਭਬਕ ਦੱਸਦੀ ਹੈ ਕਿ ਕਿਵੇਂ ਉਨ੍ਹਾਂ ਸਿੱਖਾਂ ਦੇ ਸੀਨਿਆਂ ਵਿਚ ਸ੍ਵੈਮਾਨ ਦੀ ਜਵਾਲਾ ਭੜਕਾਈ ਤੇ ਸਿੰਘ ਲਹਿਰ ਚਲਾਈ। ਚੜ੍ਹਦੀ ਕਲਾ ਸਿੰਘ-ਆਚਾਰ ਦਾ ਮੁੱਖ ਕਿਰਦਾਰ ਹੈ। ਅੱਜ ਦੀ ਸਿੰਘ ਲਹਿਰ ਇਸੇ ਸਪਿਰਿਟ ਦਾ ਵਰਤਾਰਾ ਹੈ, ਜਿਸ ਦਾ ਜੈਕਾਰਾ ਗੁਰੂ ਨਾਨਕ ਸਿੰਘ ਨੇ ਲਗਾਇਆ ਸੀ।

ਕੁਰਬਾਨੀਆਂ ਦਾ ਕਮਾਲ

ਦਸੰਬਰ ਦਾ ਮਹੀਨਾ ਅਤਿ ਦੀ ਸਰਦੀ ਅਤੇ ਅਤਿ ਦੀ ਬੇਦਰਦੀ ਦਾ ਹੈ ਜਦੋਂ ਕਿ ਅਨੰਦਪੁਰ ਤਿਆਗਣ ਬਾਅਦ ਅਜ਼ਾਦੀ ਦੇ ਸੰਗਰਾਮੀਆਂ, ਸੂਰਬੀਰ ਸਿੰਘਾਂ ਨੂੰ ਮੁਗ਼ਲ ਫ਼ੌਜਾਂ ਦੇ ਮਾਰੂ ਝੱਖੜ ਵਿੱਚੋਂ ਲੰਘ ਕੇ ਸ਼ਹੀਦੀਆਂ ਦੀ ਛਹਿਬਰ ਲਾਉਣੀ ਪਈ। ਭਾਵੇਂ ਇਸ ਸਰਗਰਮੀ ਵਿਚ ਸਿੰਘ ਇਕ ਤੋਂ ਇਕ ਮੂਹਰੇ ਹੋ ਕੇ ਜੂਝੇ, ਪਰ ਬਲੀਦਾਨੀ ਨਿੱਕੀਆਂ ਜਿੰਦਾਂ ਦਾ ਵੱਡਾ ਸਾਕਾ ਕਮਾਲ ਦਾ ਸੀ, ਜਿਸ ਨੇ ਇਤਿਹਾਸ ਨੂੰ ਇਕ ਨਵਾਂ ਪਲਟਾ ਦਿੱਤਾ ਅਤੇ ਥਾਂ-ਥਾਂ ਫ਼ਤਹਿਗੜ੍ਹ ਉਸਾਰਨ ਦਾ ਸੰਕਲਪ ਮੂਰਤੀਮਾਨ ਹੋਇਆ।

ਸੰਸਾਰ ਵਿਚ ਤਿੰਨ ਕਿਸਮ ਦੇ ਵਿਅਕਤੀ ਮਿਲਦੇ ਹਨ—ਇਕ ਉਹ, ਜਿਨ੍ਹਾਂ ਦਾ ਪਿਤਾ ਪਿਤਾਮਾ ਮਹਾਨ ਹੋਇਆ ਅਤੇ ਇਸ ਫ਼ਖ਼ਰ ਨਾਲ ਉਹ ਆਪਣੀ ਮਹਾਨਤਾ ਦਾ ਵੀ ਚਰਚਾ ਕਰ ਹੀ ਲੈਂਦੇ ਹਨ। ਦੂਜੇ ਉਹ ਲੋਕ ਹਨ ਜੋ ਖ਼ੁਦ ਕਿਸੇ ਖੇਤਰ ਵਿਚ ਮਹਾਨ ਪ੍ਰਭੁਤਾ ਰੱਖਦੇ ਹਨ, ਭਾਵੇਂ ਉਨ੍ਹਾਂ ਦੇ ਪਿਤਾ-ਪਿਤਾਮਾ ਸਾਧਾਰਨ ਪ੍ਰਕਾਰ ਦੀ ਹੀ ਹੈਸੀਅਤ ਰੱਖਦੇ ਸਨ। ਤੀਜੀ ਕਿਸਮ ਦੇ ਮਨੁੱਖ ਉਹ ਹਨ ਜਿਨ੍ਹਾਂ ਦਾ ਪਿਤਾ-ਪਿਤਾਮਾ ਤਾਂ ਮਹਾਨ ਨਹੀਂ ਸੀ ਅਤੇ ਨਾ ਹੀ ਆਪਣੀ ਹੀ ਕੋਈ ਮਾਣ ਕਰਨ ਜੋਗੀ ਸ਼ਖ਼ਸੀਅਤ ਹੁੰਦੀ ਹੈ, ਪਰ ਉਹ ਆਪਣੇ ਲਾਇਕ ਸਪੁੱਤਰਾਂ ਸਦਕਾ ਗੌਰਵ ਜ਼ਰੂਰ ਅਨੁਭਵ ਕਰਦੇ ਰਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਇਨ੍ਹਾਂ ਤਿੰਨਾਂ ਕਿਸਮਾਂ ਤੋਂ ਵਿਲੱਖਣ ਭਾਂਤ ਦੀ ਹੈ, ਜਿਸ ਦੀ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਜਿਥੇ ਉਹ ਆਪ ਅਨੇਕ-ਪੱਖੀ ਵਡਿਆਈ ਦੇ ਮਾਲਕ ਸਨ, ਉਥੇ ਉਨ੍ਹਾਂ ਦੇ ਪਿਤਾ-ਪਿਤਾਮਾ ਜਾਂ ਦਾਦਾ-ਪੜਦਾਦਾ ਤਕ ਵੀ ਕਲਾਧਾਰੀ ਮਹਾਂਪੁਰਖ ਸਨ। ਪੜਦਾਦਾ ਗੁਰੂ ਅਰਜਨ ਸਾਹਿਬ ਬਾਣੀ ਅਤੇ ਕੁਰਬਾਨੀ ਦੇ ਪੁੰਜ ਸਨ। ਦਾਦਾ ਗੁਰੂ ਹਰਿਗੋਬਿੰਦ ਸਾਹਿਬ ਮੀਰੀ ਪੀਰੀ ਦੇ ਵਾਲੀ, ਦੇਗ ਤੇਗ ਦੇ ਧਨੀ ਸਨ। ਪਿਤਾ ਗੁਰੂ ਤੇਗ਼ ਬਹਾਦਰ ਤਿਆਗ-ਵੈਰਾਗ ਤੇ ਬਲੀਦਾਨ ਦੀ ਸਾਮਰਤੱਖ ਮੂਰਤਿ ਸਨ, ਜਿਨ੍ਹਾਂ ਨੇ ਆਪਣਾ ਸੀਸ ਦੇ ਕੇ ਧਰਮ ਦੀ ਪੈਜ ਰੱਖੀ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਵਿਅਕਤੀਤਵ ਏਸ ਸਾਰੀ ਸੁਨਹਿਰੀ ਵਿਰਾਸਤ ਦਾ ਸੰਗਮ ਸਿੱਧ ਹੋਇਆ। ਜਿਥੇ ਉਹ ਪੜਦਾਦੇ ਵਾਂਗ ਵਿਦਵਾਨ ਕਵੀ ਸਨ, ਉਥੇ ਦਾਦੇ ਵਾਂਗ ਮਹਾਨ ਤਲਵਾਰੀਏ ਜੋਧੇ ਵੀ ਸਨ ਅਤੇ ਪਿਤਾ ਵਾਂਗ ਹਰ ਤਰ੍ਹਾਂ ਦੀ ਕੁਰਬਾਨੀ ਲਈ ਸਦਾ ਤਿਆਰ-ਬਰ-ਤਿਆਰ ਸਨ। ਫਿਰ ਇਸ ਤੋਂ ਵੀ ਅੱਗੇ ਕਮਾਲ ਦੀ ਗੱਲ ਇਹ ਹੈ

ਕਿ ਆਪ ਦੇ ਚਾਰੇ ਸਪੁੱਤਰ ਕੁਰਬਾਨੀਆਂ ਦੇ ਸਿਰ ਸਦਕੇ ਇਤਨੇ ਮਹਾਨ ਸਿੱਧ ਹੋਏ ਕਿ ਤ੍ਵਾਰੀਖ਼ ਉਨ੍ਹਾਂ ਦੀ ਪ੍ਰਸੰਸਾ ਕਰਦੀ ਨਹੀਂ ਥੱਕਦੀ।

ਇਹ ਗੱਲ ਗੁਰੂ ਦਸਮੇਸ਼ ਜੀ ਦੀ ਵਡਿਆਈ ਨੂੰ ਚਾਰ ਚੰਨ ਲਾਉਂਦੀ ਹੈ ਕਿ ਜਿਵੇਂ ਉਨ੍ਹਾਂ ਦੇ ਵਡੇਰਿਆਂ ਨੇ ਆਪਣੇ ਬਲੀਦਾਨ ਰਾਹੀਂ ਜ਼ਿੰਦਗੀ ਨੂੰ ਸਰਬ ਕਲਾ ਸਮਰੱਥ ਬਣਾਇਆ, ਤਿਵੇਂ ਉਨ੍ਹਾਂ ਦੀ ਸੰਤਾਨ ਦੀ ਨਿਰਭੈ ਕੁਰਬਾਨੀ ਨੇ ਵੀ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਸ੍ਵੈਮਾਨ ਨੂੰ ਸ਼ਕਤੀ ਪ੍ਰਦਾਨ ਕੀਤੀ। ਇਉਂ ਦੇਖਿਆਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈਸੀਅਤ ਪੂਰਬ-ਅਧਿਕਾਰੀ ਅਤੇ ਉੱਤਰ-ਅਧਿਕਾਰੀ, ਦੋਹਾਂ ਪਾਸਿਆਂ ਵੱਲੋਂ ਚਮਤਕਾਰੀ ਅਤੇ ਅਤਿਅੰਤ ਉਚੇਰੀ-ਵਡੇਰੀ ਹੈ।

ਸਿੱਖ ਧਰਮ ਤੋਂ ਪਹਿਲਾਂ ਗ੍ਰਿਹਸਤੀ ਜੀਵਨ ਨੂੰ ਅਧਿਆਤਮਕ ਖੇਤਰ ਵਿਚ ਏਨਾ ਮਾਣ ਹਾਸਲ ਨਹੀਂ ਸੀ। ਆਮ ਤੌਰ 'ਤੇ ਇਹੋ ਖ਼ਿਆਲ ਕੀਤਾ ਜਾਂਦਾ ਸੀ ਕਿ ਆਤਮਿਕ ਉੱਚਤਾ ਦੀ ਪ੍ਰਾਪਤੀ ਲਈ ਸੰਸਾਰੀ ਜੀਵਨ ਦਾ ਤਿਆਗ ਹੀ ਜ਼ਰੂਰੀ ਹੈ। ਪ੍ਰਾਚੀਨ ਭਾਰਤੀ ਵਿਚਾਰਧ੍ਰਾਰਾ ਇਸ ਉੱਤੇ ਕੁਝ ਲੋੜ ਤੋਂ ਵੱਧ ਹੀ ਜ਼ੋਰ ਦਿੰਦੀ ਰਹੀ। ਚਾਹੇ ਮਨੂੰ, ਚਾਹੇ ਬੁੱਧ, ਚਾਹੇ ਸ਼ੰਕਰ, ਚਾਹੇ ਗੋਰਖ, ਕੋਈ ਵੀ ਮਹਾਂਪੁਰਖ ਹੋਇਆ, ਸਭ ਨੇ ਬਿਰਕਤੀ ਜੀਵਨ ਨੂੰ ਹੀ ਵਧੇਰੇ ਮਹੱਤਵ ਦਿੱਤਾ। ਪਰ ਗੁਰੂ ਸਾਹਿਬ ਕੁਦਰਤੀ ਜੀਵਨ ਦਾ ਵਿਰੋਧ ਕਰਨ ਲਈ ਰਾਜ਼ੀ ਨਹੀਂ ਸਨ, ਇਸ ਲਈ ਉਨ੍ਹਾਂ ਨੇ ਗ੍ਰਿਹਸਤੀ ਜੀਵਨ ਦੇ ਸਤਿਕਾਰ ਅਤੇ ਮਾਨ-ਸਨਮਾਨ ਨੂੰ ਵਧਾਇਆ। ਬਾਣੀ ਵਿਚ ਇਸ ਦੀ ਵਡਿਆਈ ਕਰ ਕੇ ਹੀ ਨਹੀਂ, ਸਗੋਂ ਖ਼ੁਦ ਗ੍ਰਿਹਸਤੀ ਜੀਵਨ ਗੁਜ਼ਾਰ ਕੇ ਨਵੇਂ ਪੂਰਨੇ ਪਾਏ। ਗੁਰੂ ਨਾਨਕ ਸਾਹਿਬ ਨੇ ਜਿਥੇ ਇਸਤਰੀ ਜਾਤੀ ਦੀ ਵਕਾਲਤ ਕੀਤੀ, ਉਥੇ ਗ੍ਰਿਹਸਤੀ ਗੁਰਮੁਖ ਪੁਰਸ਼ਾਂ ਦੇ ਉਚੇਚੇ ਤੌਰ ਉੱਤੇ ਗੁਣ ਗਾਏ:

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥

(ਆਸਾ ਮ: ੧, ਪੰਨਾ 419)

'ਸਕਲ ਧਰਮ ਮੇਂ ਗ੍ਰਿਸਤ ਪ੍ਰਧਾਨ ਹੈ' ਦਾ ਨਾਹਰਾ ਦੇਣਾ ਸਿੱਖ ਗੁਰੂਆਂ ਦਾ ਹੀ ਕੰਮ ਸੀ। ਆਖ਼ਰ ਕਰਮਯੋਗੀ ਜੀਵਨ ਛੱਡ ਕੇ ਵਿਹਲੜ ਬਣਨਾ, ਸਮਾਜ ਲਈ ਸੁਖਦਾਈ ਨਹੀਂ ਸੀ ਹੋ ਸਕਦਾ ਅਤੇ ਨਾ ਹੀ ਇਸ ਢੰਗ ਨਾਲ ਵਿਅਕਤੀ ਦਾ ਵਿਕਾਸ ਹੀ ਸੰਭਵ ਸੀ। ਇਸ ਲਈ ਸਿੱਖੀ ਨੇ ਗ੍ਰਿਹਸਤੀ ਜੀਵਨ ਨੂੰ ਵਡਿਆਇਆ ਅਤੇ ਇਸ ਨੂੰ ਪੂਰੀ ਤਰ੍ਹਾਂ ਨਿਭਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰਿਹਸਤੀ ਵਿਚ ਰਹਿੰਦਿਆਂ ਸਿੱਖਾਂ ਨੂੰ ਨਿਰਲੇਪਤਾ ਦਾ ਪਾਠ ਪੜ੍ਹਾਇਆ ਅਤੇ ਸਮਝਾਇਆ ਕਿ ਸਾਡੇ ਲਈ "ਅੰਜਨ ਮਾਹਿ ਨਿਰੰਜਨਿ" ਰਹਿਣਾ ਹੀ ਸੱਚਾ ਸੰਨਿਆਸ ਹੈ। ਉਹ ਫ਼ੁਰਮਾਉਂਦੇ ਹਨ:

ਰੇ ਮਨ ਐਸੋ ਕਰਿ ਸੰਨਿਆਸਾ ॥
ਬਨ ਸੇ ਸਦਨ ਸਭੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥ *(ਰਾਮਕਲੀ ਪਾ: ੧੦)*

ਗੁਰੂ ਸਾਹਿਬ ਨੇ ਆਪਣੇ ਸਾਹਮਣੇ ਆਪਣੇ ਸਪੁੱਤਰਾਂ ਦੇ ਬਲੀਦਾਨ ਰਾਹੀਂ ਇਸ

ਨਿਰਲੇਪਤਾ ਦਾ ਪ੍ਰਮਾਣ ਦਿੱਤਾ। ਸਤਿਗੁਰਾਂ ਦਾ ਜੀਵਨ ਰਾਜ-ਜੋਗੀ ਜੀਵਨ ਸੀ, ਜਿਸ ਨੂੰ ਭਾਈ ਨੰਦ ਲਾਲ ਵਰਗੇ ਵਿਦਵਾਨ ਕਵੀਆਂ :

> 'ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ॥
> ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥'

ਕਹਿ ਕੇ ਗਾਇਣ ਕੀਤਾ ਹੈ। ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਇਸ ਬਾਦਸ਼ਾਹੀ ਅਤੇ ਦਰਵੇਸ਼ੀ, ਭਾਵ ਰਾਜ-ਜੋਗ ਦੀ ਜੀਉਂਦੀ ਜਾਗਦੀ ਮਿਸਾਲ ਹੈ। ਜਦੋਂ ਚਮਕੌਰ ਦੀ ਜੰਗ ਵਿਚ ਗੁਰੂ ਸਾਹਿਬ ਆਪਣੇ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੂੰ ਹੱਥੀਂ ਤਿਆਰ ਕਰ ਕਰ ਕੇ ਭੇਜ ਰਹੇ ਸਨ, ਤਦ ਇਹ ਤਾਂ ਉਨ੍ਹਾਂ ਨੂੰ ਜ਼ਾਹਰ ਹੀ ਸੀ ਕਿ ਇਸ ਖ਼ੂਨੀ ਜੰਗ ਵਿਚ ਜਾ ਕੇ ਇਹ ਮੁੜ ਕੇ ਆਉਣ ਵਾਲੇ ਨਹੀਂ। ਪਹਿਲਾਂ ਸਾਹਿਬਜ਼ਾਦਾ ਅਜੀਤ ਸਿੰਘ ਬੜੀ ਮਰਦਾਨਗੀ ਨਾਲ ਜੂਝੇ ਅਤੇ ਅਨੇਕਾਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦੀ ਦਾ ਜਾਮ ਪੀਤਾ। ਫਿਰ ਛੋਟੇ ਸਪੁੱਤਰ ਸਾਹਿਬਜ਼ਾਦਾ ਜੁਝਾਰ ਸਿੰਘ ਅੱਗੇ ਆਏ ਅਤੇ ਉਨ੍ਹਾਂ ਨੇ ਬੇਨਤੀ ਕੀਤੀ ਕਿ ਮੈਨੂੰ ਵੀ ਵੱਡੇ ਭਾਈ ਦੀ ਤਰ੍ਹਾਂ ਜੂਝਣ ਅਤੇ ਧਰਮ ਲਈ ਲੜ ਮਰਨ ਦੀ ਆਗਿਆ ਦਿਓ। ਗੁਰੂ ਸਾਹਿਬ ਇਹ ਸੁਣ ਕੇ ਅਤਿ ਪ੍ਰਸੰਨ ਹੋਏ ਅਤੇ ਤਰ੍ਹਾਂ ਤਰ੍ਹਾਂ ਦੀਆਂ ਅਸੀਸਾਂ ਦੇ ਕੇ ਬੇਟੇ ਨੂੰ ਮੈਦਾਨੇ-ਜੰਗ ਵੱਲ ਭੇਜਿਆ। ਅੱਲ੍ਹਾ ਯਾਰ ਖ਼ਾਂ ਜੋਗੀ ਦੱਸਦਾ ਹੈ ਕਿ ਸਤਿਗੁਰਾਂ ਨੇ ਕਿਸ ਕਿਸ ਤਰ੍ਹਾਂ ਦੇ ਦਿਲਾਸੇ ਦਿੱਤੇ :

> ਲੋ ਜਾਓ ਸਿਧਾਰੋ, ਤੁਮ੍ਹੇ ਅੱਲਾਹ ਕੋ ਸੌਂਪਾ।
> ਮਰ ਜਾਓ ਯਾ ਮਾਰੋ, ਤੁਮ੍ਹੇ ਅੱਲਾਹ ਕੋ ਸੌਂਪਾ।
> ਰੱਬ ਕੋ ਨ ਬਿਸਾਰੋ, ਤੁਮ੍ਹੇ ਅੱਲਾਹ ਕੋ ਸੌਂਪਾ।
> ਸਿਖੀ ਕੋ ਉਭਾਰੋ, ਤੁਮ੍ਹੇ ਅੱਲਾਹ ਕੋ ਸੌਂਪਾ।
> ਬੇਟਾ! ਹੋ ਤੁਮ੍ਹੀਂ, ਪੰਥ ਕੇ ਬੇੜੇ ਕੇ ਖਿਵੱਈਆ।
> ਸਰ ਭੇਂਟ ਕਰੋ ਤਾ ਕਿ ਚਲੇ ਧਰਮ ਕੀ ਨੱਈਆ।
> ਲੇ ਦੇ ਕੇ ਤੁਮ੍ਹੀਂ ਥੇ, ਮਿਰੇ ਗੁਲਸ਼ਨ ਕੇ ਬਕੱਈਆ।
> ਲੋ ਜਾਓ ਕਿ ਰਾਹ ਤਕਤੇ ਹੈਂ, ਸਭ ਖ਼ੁਲਦ ਮੇਂ ਭੱਈਆ।
> ਖ਼ਾਹਸ਼ ਹੈ, ਤੁਮ੍ਹੇ ਤੇਗ ਚਲਾਤੇ ਹੁਏ ਦੇਖੇਂ।
> ਹਮ ਆਂਖ ਸੇ ਬਰਛੀ, ਤੁਮ੍ਹੇਂ ਖਾਤੇ ਹੁਏ ਦੇਖੇਂ।

ਦੁਨੀਆਂ ਦੇ ਇਤਿਹਾਸ ਵਿਚ ਅਜਿਹੀ ਦਲੇਰੀ ਭਰੀ ਘਟਨਾ ਹੋਰ ਨਹੀਂ ਮਿਲਦੀ ਕਿ ਪਿਤਾ ਨੇ ਧਰਮ ਦੀ ਖ਼ਾਤਰ ਆਪਣੇ ਸਪੁੱਤਰਾਂ ਨੂੰ ਇਉਂ ਖ਼ੁਦ ਹੱਥੀਂ ਗਾਨੇ ਬੰਨ੍ਹ ਕੇ ਮੈਦਾਨੇ-ਜੰਗ ਵਿਚ ਭੇਜਿਆ ਹੋਵੇ ਅਤੇ ਫਿਰ ਉਨ੍ਹਾਂ ਦੀ ਸ਼ਹਾਦਤ ਉੱਤੇ ਕੋਈ ਗ਼ਮ ਦਾ ਹੰਝੂ ਨਾ ਕੇਰਿਆ ਹੋਵੇ, ਸਗੋਂ ਬੜੇ ਹੀ ਸਾਹਸ ਅਤੇ ਉਤਸ਼ਾਹ ਨਾਲ ਇਹ ਆਖਿਆ ਹੋਵੇ :

> ਇਨ ਪੁੱਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
> ਚਾਰ ਮੁਏ ਤੋ ਕਿਆ ਭਯਾ, ਜੀਵਤ ਕਈ ਹਜ਼ਾਰ।

ਇਧਰ ਚਮਕੌਰ ਦੀ ਰਣਭੂਮੀ ਨੇ ਨੌਜੁਆਨ ਸਾਹਿਬਜ਼ਾਦਿਆਂ ਦੀ ਤਲਵਾਰ ਦੇ ਚਮਤਕਾਰ ਦੇਖੇ ਅਤੇ ਉਧਰ ਸਰਹੰਦ ਦੀ ਸਰਕਾਰ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਡਰਾਉਣ, ਧਮਕਾਉਣ ਅਤੇ ਲੋਭ-ਲਾਲਚ ਦੇ ਕੇ ਧਰਮ ਬਦਲਾਉਣ ਦੀ ਕੋਸ਼ੀ ਸਾਜ਼ਸ਼ ਕੀਤੀ, ਪਰ ਸਭ ਫ਼ਜ਼ੂਲ। ਸਾਹਿਬਜ਼ਾਦਿਆਂ ਦਾ ਜਵਾਬ ਸੀ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਫ਼ਰਜ਼ੰਦ ਹਾਂ ਅਤੇ ਆਪਣੇ ਬਾਬਾ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਹੁਕਮਾਂ ਦੇ ਪਾਬੰਦ ਹਾਂ। ਉਨ੍ਹਾਂ ਨੇ ਦ੍ਰਿੜ ਕਰਾਇਆ ਸੀ :

ਗੁਰੂ ਤੇਗ਼ ਬਹਾਦਰ ਬੋਲਿਆ, ਧਰ ਪਈਏ ਧਰਮ ਨਾ ਛੋਡੀਏ।

ਇਸ ਤਰ੍ਹਾਂ ਇਨ੍ਹਾਂ ਨਿਰਭੈ ਹੋ ਕੇ ਧਰਮ ਲਈ ਜਿੰਦ ਵਾਰੀ। ਇਹ ਗੱਲ ਧਿਆਨਯੋਗ ਹੈ ਕਿ ਜਿਸ ਪਿਤਾ ਦੇ ਚਾਰੇ ਬੱਚੇ ਦੋ ਹਫ਼ਤਿਆਂ ਵਿਚ ਇਉਂ ਸ਼ਹੀਦ ਹੋ ਗਏ ਹੋਣ, ਉਸ ਦੇ ਦਿਲ ਦੀ ਅਵਸਥਾ ਨੂੰ ਸਮਝਣਾ ਸੌਖੀ ਗੱਲ ਨਹੀਂ। ਇਕ ਕਵੀ ਨੇ ਇਹ ਵੇਦਨਾਮਈ ਮਨੋ-ਚਿੱਤਰ ਇਕ ਛੰਦ ਵਿਚ ਇਉਂ ਕਲਮਬੰਦ ਕੀਤਾ ਹੈ :

ਖ਼ੁਸ਼ੀ ਨਾਲ ਕੁਰਬਾਨੀਆਂ ਦੇਣ ਚਲੇ, ਜੋੜੀ ਏਸ ਪਾਸੇ ਜੋੜੀ ਓਸ ਪਾਸੇ।
ਓਸ ਵੇਲੇ ਸਰਕਾਰ ਨੂੰ ਖਿੱਚ ਹੈਸੀ, ਥੋੜ੍ਹੀ ਏਸ ਪਾਸੇ ਥੋੜ੍ਹੀ ਓਸ ਪਾਸੇ।
ਇਹ ਤਾਂ ਕੋਈ ਵੀ ਆਖ ਨਹੀਂ ਸਕਦਾ ਜੇ, ਜੋੜੀ ਏਸ ਪਾਸੇ, ਤੋੜੀ ਓਸ ਪਾਸੇ।
ਚਾਰੇ ਲਾਲ ਦਸਮੇਸ਼ ਨੇ ਵਾਰ ਕੇ ਤੇ, ਤੋੜੀ ਏਸ ਪਾਸੇ, ਜੋੜੀ ਓਸ ਪਾਸੇ।

ਸਾਹਿਬਜ਼ਾਦਿਆਂ ਦੀ ਇਹ ਕੁਰਬਾਨੀ ਅਜਿਹੀ ਲਾਸਾਨੀ ਸ਼ਕਤੀ ਵਾਲੀ ਜ਼ਿੰਦਗਾਨੀ ਬਣ ਗਈ ਕਿ ਚਾਰ-ਪੰਜ ਸਾਲ ਵਿਚ ਹੀ ਸਰਹੰਦ ਦੀ ਜ਼ਾਲਮ, ਜਾਬਰ ਹਾਕਮ ਜਮਾਤ ਫ਼ਾਨੀ ਹੋ ਗਈ ਅਤੇ ਇਹ ਧਰਤੀ 'ਫ਼ਤਹਿਗੜ੍ਹ' ਬਣ ਕੇ ਸ਼ਹੀਦਾਂ ਮੁਰੀਦਾਂ ਦੀ ਨਵੀਂ ਰਾਜਧਾਨੀ ਹੋ ਗਈ। ਇਹ ਸਭ ਕਮਾਲ ਕੇਵਲ ਕੁਰਬਾਨੀਆਂ ਦਾ ਕਮਾਲ ਸੀ।

ਵਿਸਾਖੀ ਦਾ ਕ੍ਰਿਸ਼ਮਾ

ਅੱਜ ਤੋਂ ਤਿੰਨ ਸਦੀਆਂ ਪਹਿਲੇ ਦੀ ਗੱਲ ਹੈ, ਜੋਬਨਮਤੀਆਂ ਸੁਨਹਿਰੀ ਕਣਕਾਂ ਦੇ ਸਿਰਾਂ 'ਤੇ ਮੋਤੀਆਂ ਦੀਆਂ ਲੜੀਆਂ ਝਿਲਮਿਲਾ ਰਹੀਆਂ ਸਨ। ਲੋਕ-ਯੁੱਗ ਦੇ ਸੁਨਹਿਰੀ ਸਿੱਟੇ ਪੱਕਣ 'ਤੇ ਆਏ ਹੋਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਕਣਕਾਂ ਵਾਂਗ ਜੋਬਨ 'ਤੇ ਪਹੁੰਚੀ ਜੀਵਨ (ਸਿੱਖ) ਲਹਿਰ ਨੂੰ ਅਮਰ ਕਰਨ ਖ਼ਾਤਰ ਅੰਮ੍ਰਿਤ ਪਿਲਾਇਆ ਤਾਂ ਕਿ ਮੌਤ ਉਸ ਨੂੰ ਡਰਾ ਨਾ ਸਕੇ। ਫਿਰ ਹੱਥ ਵਿਚ ਤੇਗ਼ ਫੜਾਈ, ਜਿਸ ਨਾਲ ਉਹ ਲੋਕ-ਸ਼ਕਤੀਆਂ ਦੇ ਵਿਰੋਧੀ ਅਨਸਰ ਨੂੰ ਮੌਤ ਦੇ ਸਪੁਰਦ ਕਰਦੀ ਜਾਵੇ।

ਦਿਨ ਵਿਸਾਖੀ ਦਾ ਸੀ, ਜਦੋਂ ਗੁਰੂ ਸਾਹਿਬ ਨੇ ਇਹ ਪ੍ਰਤੱਗਿਆ ਦੁਹਰਾਈ ਕਿ ਨਿੱਘਰੀ ਤੇ ਢੱਠੀ ਮਨੁੱਖਤਾ ਨੂੰ ਹੁਣ ਸ਼ਾਹੀ ਸਿੰਘਾਸਨ 'ਤੇ ਬਿਠਾਇਆ ਜਾਵੇਗਾ। ਮੈਂ ਆਪਣੇ ਅਕਾਲ ਪੁਰਖ ਦੀ ਬਰਕਤ ਸਦਕਾ ਦਲਿਤਾਂ, ਨੀਚਾਂ ਤੇ ਮਿੱਟੀ ਘੱਟੇ ਵਿਚ ਰੁਲ ਰਹੇ ਕੀਟਾਂ ਨੂੰ ਜ਼ਿੰਦਗੀ ਦੇ ਸਰਦਾਰ ਬਣਾਵਾਂਗਾ ਤੇ ਦੁਨੀਆਂ ਯਾਦ ਕਰੇਗੀ ਕਿ ਕੋਈ ਧਰਤੀ 'ਤੇ ਆਇਆ ਸੀ। ਮੇਰਾ ਨਾਂ ਵੀ ਗੁਰੂ ਗੋਬਿੰਦ ਸਿੰਘ ਹੈ :

ਸਤ ਸਨਾਤਿ ਔ ਬਾਰਹ ਜਾਤ॥ ਜਾਨੈ ਨਹਿ ਰਾਜਨੀਤਿ ਕੀ ਬਾਤ॥
ਜੱਟ ਬੂਟ ਕਹਿੰ ਜਿਹ ਜਗ ਮਾਂਹੀਂ॥ ਬਣੀਏ ਬਕਾਲ ਕਿਰਾੜ ਖੱਤ੍ਰੀ ਸਦਾਹੀ॥
ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ॥ ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ॥
ਗੁੱਜਰ ਗੁਾਰ ਹੀਰ ਕਮਜਾਤ॥ ਕੰਬੋਇ ਸੂਦਨ ਕੋਇ ਨ ਪੂਛੈ ਬਾਤ॥੨੧॥
ਝੀਵਰ ਨਾਈ ਔ ਰੋੜੇ ਘੁਮਿਆਰ॥ ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ॥
ਭੱਟ ਔ ਬ੍ਰਾਹਮਣ ਹੁਤੇ ਮੰਗਵਾਰ॥ ਬਹੁ ਰੂਪੀਏ ਲੁਬਾਣੇ ਔ ਘੁਮਿਆਰ॥੨੨॥
ਇਨ ਗ੍ਰੀਬ ਸਿੰਘਨ ਕੋ ਦਯੈ ਪਾਤਸ਼ਾਹੀ॥ ਏ ਯਾਦ ਰਖੈਂ ਹਮਰੀ ਗੁਰਿਆਈ॥

(ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼)

ਨਾਮ ਗਰੀਬ ਨਿਵਾਜ਼ ਹਮਾਰਾ।
ਹੈ ਜਗ ਮਹਿੰ ਪ੍ਰਸਿੱਧ ਅਪਾਰਾ।
ਸੋ ਸਫਲਾ ਜਗ ਮੈਂ ਤਬ ਹੈ ਹੈ।
ਲਘੁ ਜਾਤਨ ਕੋ ਬਡਪਨ ਦੈ ਹੈ।
ਜਿਨਕੀ ਜਾਤਿ ਵਰਣ ਕੁਲ ਮਾਹੀ।
ਸਰਦਾਰੀ ਨਹਿੰ ਭਈ ਕਦਾਂਹੀ।
ਕੀਟਨ ਤੇ ਇਨ ਕੋ ਮ੍ਰਿਗਿੰਦ੍ਰ।

ਕਰੋ ਹਰਨ ਹਿਤ ਤੁਰਕ ਗਜਿੰਦੂ।
ਇਨ ਹੀ ਕੋ ਸਰਦਾਰ ਬਨਾਵੋਂ।
ਤਬਹਿ ਗੋਬਿੰਦ ਸਿੰਘ ਨਾਮ ਕਹਾਵੋਂ।

(ਗਿ: ਗਿਆਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼)

ਗੱਲਾਂ ਉਹੋ ਹੋਈਆਂ, ਜੋ ਜਨਤਾ ਦਾ ਪੈਗ਼ੰਬਰ ਚਾਹੁੰਦਾ ਸੀ। ਉਹ ਅਗੰਮੜੇ ਮਰਦ ਨੇ ਸਦੀਆਂ ਤੋਂ ਪੱਤਝੜ ਦੀ ਮਾਰੀ ਹਿੰਦੁਸਤਾਨੀ ਜਨਤਾ ਦੇ ਜੀਵਨ ਵਿਚ ਇਨਕਲਾਬੀ ਬਹਾਰਾਂ ਲਿਆ ਕੇ ਗੁਲਜ਼ਾਰਾਂ ਖਿੜਾਈਆਂ। ਇਹ ਇਕ ਵੱਡੀ ਕਰਾਮਾਤ ਸੀ। ਇਹ ਸ਼ਾਇਰ ਦੀ ਉਸ ਕਲਪਨਾ ਦਾ ਜਵਾਬ ਸੀ, ਜੋ ਦੇਰ ਤੋਂ ਮੰਗ ਕਰ ਰਹੀ ਸੀ :

ਬਹਾਰ ਮੇਂ ਮੱਟੀ ਭੀ ਉਗਲ ਦੇਤੀ ਹੈ ਫੂਲ।
ਮਰਦ ਹੈ, ਤੋ ਖਿਜ਼ਾਂ ਮੇਂ ਬਹਾਰ ਪੈਦਾ ਕਰ।

ਦੁਨੀਆਂ ਨੇ ਵੇਖਿਆ ਕਿ ਮਾਮੂਲੀ ਤੋਂ ਮਾਮੂਲੀ ਚਿੜੀਆਂ ਸਰੀਖੇ ਸਿੱਖਾਂ ਨੂੰ ਤੇਗਾਂ ਫੜ ਕੇ ਸ਼ਹਿਨਸ਼ਾਹੀਅਤ ਨਾਲ ਟਕਰਾਇਆ ਗਿਆ। ਅਮਰ ਤੇ ਨਿਰਭੈ ਜਾਗੀ ਜਨਤਾ ਨੇ ਆਪਣੀ ਵਚਿੱਤਰ ਸ਼ਕਤੀ ਨਾਲ ਸਾਮਰਾਜੀ ਹਾਥੀ ਨੂੰ ਪਿਛਾਂਹ ਧਕੇਲਿਆ। ਧਰਮ ਦੇ ਪਰਦੇ ਹੇਠ ਸਮਾਜ ਨੂੰ ਵਿੱਚੋਂ ਖਾ ਰਹੀ ਬ੍ਰਾਹਮਣੀ ਸ਼ਹਿਨਸ਼ਾਹੀਅਤ ਤੇ ਲੋਕ-ਮਾਰੂ ਮੁਗ਼ਲ ਸ਼ਹਿਨਸ਼ਾਹੀਅਤ ਦੋਹਾਂ ਨੂੰ ਵੰਗਾਰ ਕੇ ਥਾਂ ਮਾਰਿਆ ਅਤੇ ਕਲਗ਼ੀਆਂ ਵਾਲੇ ਨੇ ਖ਼ੁਦ ਘਾਹੀ ਸਿੱਖਾਂ ਦੇ ਸਿਰ 'ਤੇ ਕਲਗ਼ੀਆਂ ਸਜਾਈਆਂ। ਇਹ ਸੁੰਦਰ ਬਾਂਕੀ ਸੂਰਤ ਵੇਖ ਕੇ ਖ਼ੁਦ ਗੁਰੂ ਦੀ ਆਤਮਾ ਮੁਸਕਰਾਉਂਦੀ ਹੋਈ ਇਉਂ ਗੁਣਗੁਣਾ ਰਹੀ ਸੀ :

ਖ਼ਾਲਸਾ ਮੇਰੋ ਰੂਪ ਹੈ ਖ਼ਾਸ।
ਖ਼ਾਲਸੇ ਮਹਿ ਹੌ ਕਰੌ ਨਿਵਾਸ।
ਖ਼ਾਲਸਾ ਮੇਰੋ ਪਿੰਡ ਪਰਾਨ।
ਖ਼ਾਲਸਾ ਮੇਰੀ ਜਾਨ ਕੀ ਜਾਨ। *(ਸਰਬਲੋਹ ਗ੍ਰੰਥ)*

ਗੁਰੂ ਗੋਬਿੰਦ ਸਿੰਘ ਜੀ ਆਪ ਖ਼ਾਲਸਾ ਬਣੇ ਤੇ ਖ਼ਾਲਸੇ ਨੂੰ ਗੁਰੂ ਗੋਬਿੰਦ ਸਿੰਘ ਬਣਾਇਆ। ਇਹ ਗੁਰੂ ਚੇਲੇ ਦਾ ਕੌਤਕ ਸੱਚਮੁੱਚ ਹੀ ਵਾਹ ਵਾਹ ਦੇ ਯੋਗ ਸੀ, ਦੁਨੀਆਂ ਨੇ ਗੱਜ ਕੇ ਹਾਮੀ ਭਰਦਿਆਂ ਆਖਿਆ :

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਗੁਰੂ ਗੋਬਿੰਦ ਸਿੰਘ ਜੀ ਦੀ ਇਸ ਲਈ ਵਾਹ ਵਾਹ ਨਹੀਂ ਕਿ ਉਹ ਆਪਣੇ ਚੇਲਿਆਂ ਨੂੰ ਬਹਿਸ਼ਤਾਂ ਦੇ ਪਟੇ ਲਿਖ ਕੇ ਦੇ ਗਏ ਹਨ ਤੇ ਨਾ ਹੀ ਕਲਗ਼ੀ ਵਾਲੇ ਦੀ ਵਾਹ ਵਾਹ ਇਸ ਲਈ ਹੈ ਕਿ ਉਨ੍ਹਾਂ ਆਪਣੀ ਉੱਮਤ ਦੀ ਖ਼ੁਦਾ ਪਾਸ ਸਿਫ਼ਾਰਸ਼ ਕਰਨ ਦਾ ਜ਼ਿੰਮਾ ਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਤਾਂ ਇਸ ਲਈ ਵਾਹ ਵਾਹ ਦੇ ਯੋਗ ਹੋਏ, ਕਿਉਂਕਿ ਉਨ੍ਹਾਂ ਕੀਟਾਂ ਨੂੰ ਸਿੰਘਾਸਨ 'ਤੇ ਬਿਠਾਇਆ ਤੇ ਮੈਲੇ ਕੁਚੈਲੇ, ਛਿੱਗਿਆਂ ਢੱਠਿਆਂ ਨੂੰ ਗੁਰੂ ਗੋਬਿੰਦ ਸਿੰਘ ਬਣਾਇਆ। ਮਨੁੱਖ ਦੀ ਅੰਦਰਲੀ ਜੋਤਿ ਨੂੰ ਜਗਾ ਕੇ ਅੰਧਕਾਰੀ ਸੰਸਾਰ ਨੂੰ ਜਗਮਗਾ ਦੇਣਾ ਉਨ੍ਹਾਂ ਦੀ ਮਹਾਨ ਕਰਾਮਾਤ ਸੀ।

ਲੋਕ-ਯੁੱਗ ਦੇ ਮੋਢੀ ਮਹਾਨ ਗੁਰੂ ਸਾਹਿਬ ਇਹ ਚਾਹੁੰਦੇ ਸਨ ਕਿ ਜ਼ਿੰਦਗੀ ਦੀ ਗੁਰਿਆਈ ਧਰਤੀ ਦੇ ਸਰਦਾਰ ਨੂੰ ਸੌਂਪੀ ਜਾਵੇ। ਇਹ ਨਾ ਹੋਵੇ ਕਿ ਲੋਕ ਸਦਾ ਅਰਸ਼ਾਂ ਤੋਂ ਉਤਰਨ ਵਾਲੇ ਨਬੀਆਂ, ਪੀਰਾਂ ਜਾਂ ਅਵਤਾਰਾਂ ਦੀ ਉਡੀਕ ਵਿਚ ਵਿਅਰਥ ਸਮਾਂ ਗੁਆਉਂਦੇ ਰਹਿਣ। ਸੋ, ਉਨ੍ਹਾਂ ਕਲਾ ਵਰਤਾ ਕੇ ਮਨੁੱਖ ਦੇ ਅੰਦਰਲੇ ਰੱਬ ਨੂੰ ਜਗਾਇਆ। "ਮਨ ਤੂੰ ਜੋਤਿ ਸਰੂਪੁ ਹੈ" ਦਾ ਮੰਤ੍ਰ ਦ੍ਰਿੜ੍ਹਾਉਣ ਦਾ ਮੰਤਵ ਇਹ ਸੀ ਕਿ ਪਰਮੇਸ਼ਰ ਦਾ ਸ਼ਹਿਜ਼ਾਦਾ ਨਿਰਧਨਾਂ ਵਾਂਗ ਦਿਨ ਨਾ ਬਿਤਾਵੇ, ਸਗੋਂ ਚੰਗੀ ਤਰ੍ਹਾਂ ਜਾਣੇ ਕਿ ਦੇਗ ਅਤੇ ਤੇਗ਼ ਉਸ ਦੇ ਖੱਬੇ ਹੱਥ ਦੇ ਕਰਤੱਵ ਹਨ।

ਗੁਰੂ ਸਾਹਿਬ, ਇਸ ਤੋਂ ਵੀ ਜ਼ਰਾ ਹੋਰ ਅਗੇਰੇ ਗਏ। ਉਨ੍ਹਾਂ ਦੁਨੀਆਂ ਸਾਹਮਣੇ ਸਪੱਸ਼ਟ ਕੀਤਾ ਕਿ ਮੈਨੂੰ ਤਾਂ ਇਸ ਜਾਗਦੀ ਅਮਰ ਜਨਤਾ ਦੀ ਸੇਵਾ ਪਸੰਦ ਹੈ ਅਤੇ ਹੋਰ ਕਿਸੇ ਦੇਵੀ ਦੇਵਤਾ ਦੀ ਪੂਜਾ ਉਪਾਸ਼ਨਾ ਨਹੀਂ ਭਾਉਂਦੀ। ਜੇ ਕਿਸੇ ਨੂੰ ਇਹ ਖ਼ਿਆਲ ਹੈ ਕਿ ਮੇਰਾ ਇਥੇ ਦਾਨ ਕੀਤਾ ਅੱਗੇ ਸਹਾਈ ਹੋਵੇ, ਤਾਂ ਉਹ ਲੋਕ-ਭਲਾਈ ਲਈ ਦਾਨ ਕਰੇ। ਹੋਰ ਦਾਨ ਕਿਸੇ ਕੰਮ ਨਹੀਂ ਆਵੇਗਾ।

'ਮੇਰੇ ਪਾਸ ਵੀ ਜੋ ਕੁਝ ਹੈ, ਦੌਲਤ, ਘਰ-ਬਾਰ, ਮੇਰਾ ਆਪਣਾ ਸਰੀਰ, ਸਭ ਕੁਝ ਇਸ ਲੋਕ-ਦੇਵਤਾ ਅੱਗੇ ਸਮਰਪਣ ਹੈ।'

'ਮੈਂ ਇਸ ਲੋਕ-ਸ਼ਕਤੀ ਦੇ ਸਦਕੇ ਹੀ ਸਭ ਧਰਮ-ਯੁੱਧ ਜਿੱਤੇ ਤੇ ਸ਼ੈਤਾਨੀ ਤਾਕਤ ਨੂੰ ਹਾਰ ਦਿੱਤੀ। ਸੱਚ ਪੁੱਛੋ ਤਾਂ ਮੈਂ ਨਾਚੀਜ਼ ਨੂੰ 'ਕਲਗੀਵਾਲਾ' ਬਣਾਉਣ ਵਾਲੀ ਇਹ ਜਿਉਂਦੀ-ਜਾਗਦੀ ਅਮਰ ਜਨਤਾ ਹੀ ਹੈ:

> **ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥**
> **ਇਨਹੀ ਹੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕਰੋਰ ਪਰੇ ॥** *(ਸਵੈਯਾ)*

ਇਹ ਲੋਕ-ਯੁੱਗ ਦੇ ਮੋਢੀ ਮਹਾਨ ਗੁਰੂ ਜੀ ਦੇ ਆਪਣੇ ਸ਼ਬਦ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਜ਼ਿੰਦਗੀ ਦੀ ਗੁਰਿਆਈ ਜਾਗਦੀ ਜਨਤਾ ਨੂੰ ਸੌਂਪ ਕੇ ਹਰ ਤਰ੍ਹਾਂ ਦੀ ਸ਼ਖ਼ਸੀ ਗ਼ੁਲਾਮੀ ਦਾ ਖ਼ਾਤਮਾ ਕਰ ਦਿੱਤਾ। ਗੁਰੂਆਂ ਨੇ ਦੋ ਸੌ ਵਰ੍ਹੇ ਦੀ ਘਾਲ ਦੁਆਰਾ ਜਨਤਾ ਨੂੰ ਇਤਨਾ ਨਿਪੁੰਨ ਤੇ ਬਲਵਾਨ ਬਣਾ ਦਿੱਤਾ ਕਿ ਉਹ ਸੱਚਮੁੱਚ ਪੈਗ਼ੰਬਰੀ ਦੇ ਯੋਗ ਹੋ ਗਏ। ਇਉਂ ਸੰਗਤ ਜਾਂ ਪੰਥ ਨੂੰ ਗੁਰੂ ਥਾਪਿਆ ਗਿਆ। ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਂਪੁਰਸ਼ ਇਸ ਦੇ ਪਹਿਲੇ ਸ਼ਿਸ਼ ਬਣੇ, ਜਿਨ੍ਹਾਂ ਇਸ ਤੋਂ ਪਾਹੁਲ ਲਈ। ਦੁਨੀਆਂ ਦੇ ਇਤਿਹਾਸ ਵਿਚ ਜਾਗ੍ਰਿਤ ਜਨਤਾ ਨੂੰ ਗੁਰੂ ਮੰਨਣ ਦੀ ਸ਼ਾਇਦ ਇਹ ਪਹਿਲੀ ਘਟਨਾ ਸੀ, ਜਦੋਂ ਕਿ ਅਜੇ ਰਾਜਸੀ ਸੰਸਾਰ ਵਿਚ ਵੀ ਡੈਮੋਕ੍ਰੇਸੀ ਜਾਂ ਲੋਕ-ਰਾਜ ਨਾਂ ਦੀ ਕੋਈ ਚੀਜ਼ ਮੂਰਤੀਮਾਨ ਨਹੀਂ ਸੀ ਹੋਈ। ਇਹ ਸਭ ਵਿਸਾਖੀ ਦਾ ਕ੍ਰਿਸ਼ਮਾ ਸੀ:

1. ਅਨੰਦਪੁਰ ਦੀ ਵਿਸਾਖੀ ਦੀ ਇਹ ਵੀ ਇਕ ਗ਼ੈਰ-ਮਾਮੂਲੀ ਘਟਨਾ ਸੀ ਕਿ ਸੱਚੇ ਪ੍ਰੇਮ-ਮਾਰਗ ਵਿਚ ਸਿਰ ਦੇਣਾ ਇਕ ਮਾਮੂਲੀ ਗੱਲ ਹੈ।

2. ਜਾਤ-ਪਾਤ ਦੇ ਹੱਦ ਬੰਨੇ ਭੰਨ ਕੇ ਮਨੁੱਖੀ ਸਮਾਨਤਾ ਵਿਚ ਵਿਸ਼ਵਾਸ ਦ੍ਰਿੜ੍ਹਾਉਣਾ ਇਕ ਹੋਰ ਕਰਾਮਾਤ ਸੀ। ਰੱਬ ਦੇ ਸ਼ਹਿਜ਼ਾਦੇ ਮਨੁੱਖ ਨੂੰ ਸਿੰਘ (ਸ਼ੇਰ) ਦਾ

ਖ਼ਿਤਾਬ ਅਤੇ ਅਬਲਾ ਨਿਮਾਣੀ ਨੂੰ 'ਕੌਰ' ਕਹਿ ਕੇ ਸਨਮਾਨਣਾ, ਇਸ ਸਮਾਨਤਾ ਦਾ ਅਭੇਦ ਵਰਤਣਾ ਸੀ।

3. ਗੁਰੂ ਗੋਬਿੰਦ ਸਿੰਘ ਜੀ ਦਾ ਖੰਡਾ ਤੇ ਮਾਤਾ ਸਾਹਿਬ ਦੇਵਾਂ ਜੀ ਵੱਲੋਂ ਪਾਏ ਪਤਾਸੇ ਇਸ ਗੱਲ ਦਾ ਸੰਕੇਤ ਸਨ ਕਿ ਜ਼ਿੰਦਗੀ ਜਿਊਣ ਲਈ ਤੇਜ ਤੇ ਮਧੁਰਤਾ ਦੋਹਾਂ ਦੀ ਲੋੜ ਹੈ।

4. ਪੁਰਾਣੀ ਧਾਰਮਿਕ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਇਕ ਹੋਰ ਕਦਮ ਉਠਾਇਆ ਗਿਆ ਕਿ ਜਾਗ੍ਰਿਤ ਜਨਤਾ (ਪੰਥ) ਗੁਰੂ ਹੈ, ਹੋਰ ਕੋਈ ਗੁਰੂ ਨਹੀਂ। ਇਸ ਗੁਰੂ ਤੋਂ ਗੋਬਿੰਦ ਸਿੰਘ ਜੀ ਵਰਗੇ ਮਹਾਂਪੁਰਸ਼ ਵੀ ਪਾਹੁਲ ਲੈਣਾ ਫ਼ਖ਼ਰ ਸਮਝਦੇ ਹਨ।

5. ਇਸ ਮਰਿਆਦਾ ਨੂੰ ਚਲਾਉਣ ਜਾਂ ਅੱਗੇ ਵਧਾਉਣ ਲਈ ਕਿਸੇ ਗ਼ੈਬੀ ਅਵਤਾਰ ਦੀ ਲੋੜ ਨਹੀਂ, ਸਗੋਂ ਅੰਮ੍ਰਿਤ-ਬਾਣੀ ਦੇ ਸਦਕੇ ਜਾਗ੍ਰਿਤ ਪੰਚ ਪੁਰਸ਼ ਕਿਤੇ ਵੀ ਇਹ ਪ੍ਰਵਾਹ ਚਲਾ ਸਕਦੇ ਹਨ। ਇਹ ਧਾਰਮਿਕ ਖੇਤਰ ਵਿਚ ਪੰਚਾਇਤੀ ਨਿਜ਼ਾਮ ਚਲਾਉਣ ਦਾ ਇਨਕਲਾਬੀ ਕਾਰਨਾਮਾ ਸੀ।

ਨਾਭੇ ਦਾ ਵਿਦਵਾਨ ਘਰਾਣਾ

ਨਾਭਾ ਭਾਵੇਂ ਕੋਈ ਵੱਡਾ ਸ਼ਹਿਰ ਨਹੀਂ, ਪਰ ਇਸ ਨੇ ਕਈ ਵੱਡੇ ਵੱਡੇ ਆਦਮੀ ਪੈਦਾ ਕਰ ਕੇ ਚੰਗੀ ਵਡਿਆਈ ਖੱਟੀ ਹੈ। ਵਰਤਮਾਨ ਸਮੇਂ ਅੰਦਰ ਦੋ ਨਾਂ ਬੜੇ ਉੱਘੇ ਹਨ। ਇਹ ਹਕੀਕਤ ਹੈ ਕਿ ਮਹਾਰਾਜਾ ਹੀਰਾ ਸਿੰਘ ਜੀ ਦੀ ਸ਼ਾਹਾਨਾ ਸ਼ਖ਼ਸੀਅਤ ਤੇ ਭਾਈ ਕਾਨ੍ਹ ਸਿੰਘ ਜੀ ਦੀ ਆਲਮਾਨਾ ਸ਼ਖ਼ਸੀਅਤ ਨੇ ਨਾਭੇ ਨੂੰ ਚਾਰ ਚੰਨ ਲਾਏ। ਮਹਾਰਾਜਾ ਹੀਰਾ ਸਿੰਘ ਦੀ ਉਦਾਰਤਾ ਤੇ ਨਿਆਂਕਾਰੀ ਦੀਆਂ ਕਹਾਣੀਆਂ ਅਜੇ ਤਕ ਸੁਣਾਈ ਦਿੰਦੀਆਂ ਹਨ ਤੇ ਭਾਈ ਕਾਨ੍ਹ ਸਿੰਘ ਜੀ ਦੀ ਵਿਦਵਤਾ ਤਾਂ ਸਾਰੇ ਵਿਦਵਾਨ ਮੰਡਲ ਦੀ ਜਾਣੀ-ਪਛਾਣੀ ਗੱਲ ਹੈ।

1. ਭਾਈ ਕਾਨ੍ਹ ਸਿੰਘ ਜੀ

ਵੀਹਵੀਂ ਸਦੀ ਦੇ ਪੰਜਾਬੀ ਵਿਦਵਾਨਾਂ ਵਿਚ ਭਾਈ ਸਾਹਿਬ ਭਾਈ ਕਾਨ੍ਹ ਸਿੰਘ 'ਨਾਭਾ' ਦਾ ਨਾਮ ਸ਼ਿਰੋਮਣੀ ਦਰਜਾ ਰੱਖਦਾ ਹੈ। ਆਪ ਜਿਥੇ ਭਾਰਤੀ ਧਰਮਾਂ ਤੇ ਸਾਹਿੱਤ-ਸਿਧਾਂਤਾਂ ਦੇ ਪੰਡਿਤ ਸਨ, ਉਥੇ ਪੰਜਾਬ ਦੇ ਪ੍ਰਾਚੀਨ ਸਾਹਿੱਤ ਦੇ ਵੀ ਪੂਰਣ ਗਿਆਤਾ ਸਨ। ਸ਼ਾਇਦ ਉਹ ਪਹਿਲੇ ਪੰਜਾਬੀ ਲੇਖਕ ਹਨ, ਜਿਨ੍ਹਾਂ ਪੰਜਾਬ ਦੇ ਪ੍ਰਾਚੀਨ ਸਾਹਿੱਤ ਨੂੰ ਅੱਗੇ ਰੱਖ ਕੇ ਕੋਸ਼, ਛੰਦਾਬੰਦੀ ਤੇ ਅਲੰਕਾਰ-ਸ਼ਾਸਤ੍ਰ ਸਬੰਧੀ ਪੁਸਤਕਾਂ ਰਚ ਕੇ ਸਾਹਿੱਤਕਾਰਾਂ ਨੂੰ ਸੁਚੱਜੀ ਭਾਂਤ ਦੀ ਨਵੀਂ ਰਹਿਨੁਮਾਈ ਦਿੱਤੀ। ਕੋਸ਼ਕਾਰੀ ਖੇਤਰ ਵਿਚ ਉਨ੍ਹਾਂ *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼* ਜੈਸਾ ਮਹਾਨ ਗ੍ਰੰਥ ਰਚ ਕੇ, ਪੰਜਾਬ ਤੇ ਪੰਜਾਬੀ ਦੀ ਜੋ ਬੇਨਜ਼ੀਰ ਸੇਵਾ ਕੀਤੀ, ਉਸ ਦੀ ਮਿਸਾਲ ਸਾਰੇ ਭਾਰਤੀ ਸਾਹਿੱਤ ਵਿਚ ਵੀ ਘੱਟ ਹੀ ਮਿਲਦੀ ਹੈ। ਇਹ ਇਕ ਅਮਰ ਰਚਨਾ ਹੈ ਜੋ ਪੰਜਾਬ ਦੇ ਪੁਰਾਤਨ ਇਤਿਹਾਸ ਤੇ ਸਾਹਿੱਤ ਦਾ ਮੁਤਾਲਿਆ ਕਰਨ ਦੇ ਚਾਹਵਾਨਾਂ ਲਈ ਸਦਾ ਸੁਚੱਜੇ ਤੇ ਸਿਆਣੇ ਗਾਇਡ ਦਾ ਕੰਮ ਦੇਂਦੀ ਰਹੇਗੀ। ਇਸ ਤੋਂ ਇਲਾਵਾ ਉਨ੍ਹਾਂ ਉਸ ਭਰਮ ਭੁਲੇਖੇ ਦੇ ਯੁੱਗ ਵਿਚ ਜ਼ਿੰਦਗੀ ਦੀਆਂ ਨਰੋਈਆਂ ਕੀਮਤਾਂ ਨੂੰ ਸਮਝਣ ਸਮਝਾਉਣ ਹਿੱਤ ਕਲਮ ਚਲਾਈ, ਉਹ ਵਿਸ਼ੇਸ਼ ਪ੍ਰਸੰਸਾ ਦੀ ਹੱਕਦਾਰ ਹੈ। ਦਰਅਸਲ ਉਹ ਪੂਰਬੀ ਤੇ ਪੱਛਮੀ ਵਿਦਿਆ ਦਾ ਪਹਿਲਾ ਸਫਲ ਸੰਗਮ ਸੀ। ਜਿਸ ਨੂੰ ਸੰਸਕ੍ਰਿਤ, ਫ਼ਾਰਸੀ ਤੋਂ ਇਲਾਵਾ ਅੰਗਰੇਜ਼ੀ ਦਾ ਚੰਗਾ ਬੋਧ ਸੀ, ਉਸ ਨੇ ਸਾਡੇ ਇਤਿਹਾਸ ਤੇ ਧਰਮ ਨੂੰ ਵਿਗਿਆਨਕ ਲੀਹਾਂ 'ਤੇ ਪਰਖ ਕੇ ਪੇਸ਼ ਕੀਤਾ। ਉਸ ਦੀ ਸਰਬਪੱਖੀ ਵਿਦਵਤਾ ਤੇ ਗੁਣਵੰਤ ਸ਼ਖ਼ਸੀਅਤ ਦਾ ਹੀ ਪ੍ਰਭਾਵ ਸੀ ਕਿ ਸਿੱਖ ਕੌਮ ਵਿਚ ਉਨ੍ਹਾਂ

ਨੂੰ 'ਭਾਈ ਸਾਹਿਬ' ਜਾਂ 'ਪੰਥ ਰਤਨ' ਕਹਿ ਕੇ ਯਾਦ ਕੀਤਾ ਜਾਂਦਾ ਹੈ ਅਤੇ ਇਹ ਸਤਿਕਾਰ ਉਨ੍ਹਾਂ ਦੀਆਂ ਅਮਰ ਰਚਨਾਵਾਂ ਸਦਕਾ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ।

ਆਪ ਦਾ ਜਨਮ ਨਾਭੇ ਲਾਗੇ ਆਪ ਦੇ ਨਾਨਕੇ ਘਰ ਪਿੰਡ ਛੋਟੇ ਬਨੇਰੇ ਵਿਚ ਬਾਬਾ ਨਾਰਾਇਣ ਸਿੰਘ ਜੀ ਦੇ ਘਰ ਮਾਤਾ ਹਰਿ ਕੌਰ ਦੀ ਕੁੱਖੋਂ 11 ਭਾਦੋਂ 1918 ਬਿ: (1861 ਈ:) ਨੂੰ ਹੋਇਆ। ਆਪ ਦੇ ਪੜਦਾਦਾ ਬਾਬਾ ਨੌਧ ਸਿੰਘ ਢਿੱਲੋਂ ਪਿੰਡ ਪਿਥੋਂ ਦੇ ਪਤਵੰਤੇ ਪੁਰਸ਼ ਸਨ, ਜੋ ਕੁਝ ਸਮਾਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਮੁਸਾਹਿਬ ਵੀ ਰਹੇ ਸਨ। ਇਨ੍ਹਾਂ ਦੇ ਸਪੁੱਤਰ ਬਾਬਾ ਸਰੂਪ ਸਿੰਘ ਜੀ ਡੇਰਾ ਬਾਬਾ ਅਜਾਪਾਲ ਸਿੰਘ ਜੀ ਦੇ ਮੋਹਤਮਿਮ ਨੀਯਤ ਹੋਏ। ਇਸ ਤੋਂ ਬਾਅਦ ਬਾਬਾ ਗੁਰਦਿਆਲ ਸਿੰਘ ਤੇ ਬਾਬਾ ਨਾਰਾਇਣ ਸਿੰਘ ਜੀ 'ਸ੍ਰੀ ਮਹੰਤ' ਰਹੇ। ਭਾਈ ਕਾਨ੍ਹ ਸਿੰਘ ਜੀ ਦੇ ਪਿਤਾ ਬਾਬਾ ਨਾਰਾਇਣ ਸਿੰਘ ਜੀ ਉੱਚੇ ਦਰਜੇ ਦੇ ਗੁਰਮੁਖ ਸਿੱਖ ਸਨ। ਆਪ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਬਹੁਤਾ ਜ਼ਬਾਨੀ ਕੰਠ ਸੀ ਤੇ ਮਹੀਨੇ ਵਿਚ ਚਾਰ ਪਾਠ ਕਰ ਲਿਆ ਕਰਦੇ ਸਨ। ਮਹਾਰਾਜਾ ਹੀਰਾ ਸਿੰਘ ਦੇ ਹਿਰਦੇ ਵਿਚ ਆਪ ਦਾ ਬਹੁਤ ਆਦਰ ਸੀ। ਇਹ ਦੱਸਣ ਤੋਂ ਭਾਵ ਇਹ ਹੈ ਕਿ ਭਾਈ ਸਾਹਿਬ ਦਾ ਜਨਮ ਅਜਿਹੇ ਗੁਰਮੁਖ ਘਰਾਣੇ ਵਿਚ ਹੋਇਆ, ਜਿਥੇ ਆਪ ਨੂੰ ਸਿੱਖੀ ਸ਼ਰਧਾ ਵਿਰਸੇ ਵਿਚੋਂ ਹੀ ਪ੍ਰਾਪਤ ਹੋਈ। ਮੁੱਢਲੀ ਵਿੱਦਿਆ ਇਲਾਕੇ ਦੇ ਪੰਡਤਾਂ ਤੇ ਗਿਆਨੀਆਂ ਤੋਂ ਪ੍ਰਾਪਤ ਕੀਤੀ ਤੇ ਫਿਰ ਉਚੇਰੇ ਅੰਗਰੇਜ਼ੀ ਤੇ ਫ਼ਾਰਸੀ ਵਿੱਦਿਆ ਹਾਸਲ ਕਰਨ ਲਈ ਆਪ ਨੇ ਤਿੰਨ ਸਾਲ ਲਖਨਊ, ਦਿੱਲੀ, ਲਾਹੌਰ ਆਦਿ ਥਾਵਾਂ 'ਤੇ ਗੁਜ਼ਾਰੇ। ਇਸੇ ਫੇਰੀ ਵਿਚ ਪ੍ਰੋ: ਗੁਰਮੁਖ ਸਿੰਘ ਜੀ ਨਾਲ ਮੇਲ ਹੋਇਆ ਤੇ ਗੁਰਮਤਿ ਪ੍ਰਚਾਰ ਦੀ ਪ੍ਰੇਰਨਾ ਜਾਗੀ। ਜਿਸ ਸਮੇਂ ਆਪ ਵਾਪਸ ਨਾਭੇ ਆਏ ਤਾਂ ਮਹਾਰਾਜਾ ਹੀਰਾ ਸਿੰਘ ਦੀ ਪਾਰਖੂ ਅੱਖ ਨੇ ਆਪ ਨੂੰ ਆਪਣੇ ਪਾਸ ਰੱਖ ਲਿਆ। 1888 ਈ: ਵਿਚ ਟਿੱਕਾ ਰਿਪੁਦਮਨ ਸਿੰਘ ਨੂੰ ਪੜ੍ਹਾਉਣ ਦਾ ਕੰਮ ਆਪ ਦੇ ਜ਼ਿੰਮੇ ਲੱਗਾ। 1893 ਈ: ਵਿਚ ਮਹਾਰਾਜਾ ਸਾਹਿਬ ਨੇ ਉਨ੍ਹਾਂ ਨੂੰ ਆਪਣਾ ਪ੍ਰਾਈਵੇਟ ਸਕੱਤਰ ਬਣਾ ਲਿਆ। ਇਸ ਤੋਂ ਬਾਅਦ ਆਪ 'ਨਾਜ਼ਮ' ਮੁਕੱਰਰ ਹੋ ਕੇ ਅਤੇ ਕਾਫ਼ੀ ਸਮਾਂ ਮੰਤਰੀ ਪਦ 'ਤੇ ਵੀ ਸੁਸ਼ੋਭਿਤ ਰਹੇ। ਇਨ੍ਹਾਂ ਦਿਨਾਂ ਵਿਚ ਹੀ ਗੁਰਮਤਿ ਪ੍ਰਚਾਰ ਦੇ ਲਾਭ ਹਿੱਤ *ਗੁਰਮਤਿ ਪ੍ਰਭਾਕਰ*, *ਗੁਰਮਤਿ ਸੁਧਾਕਰ* ਤੇ *ਹਮ ਹਿੰਦੂ ਨਹੀਂ* ਆਦਿ ਵਿਦਵਤਾ ਭਰਪੂਰ ਪੁਸਤਕਾਂ ਲਿਖੀਆਂ। ਪੰਜਾਬ ਦੇ ਰਾਜਨੀਤਕ ਖੇਤਰ ਵਿਚ ਵੀ ਆਪ ਦੀ ਕਾਬਲੀਅਤ ਦਾ ਚੰਗਾ ਪ੍ਰਭਾਵ ਸੀ। ਪੋਲੀਟੀਕਲ ਏਜੰਟ ਕਰਨਲ ਜੀ.ਆਰ. ਡਨਲਪ ਸਮਿਥ ਲਿਖਦਾ ਹੈ:

'ਮੇਰੇ ਦਿਲ ਵਿਚ ਸ: ਕਾਨ੍ਹ ਸਿੰਘ ਵਾਸਤੇ ਹਮੇਸ਼ਾ ਇੱਜ਼ਤ ਤੇ ਸਨਮਾਨ ਰਿਹਾ ਹੈ। ਫੂਲਕੀਆਂ ਰਿਆਸਤਾਂ ਅੰਦਰ ਮੈਂ ਅਜਿਹਾ ਅਫ਼ਸਰ ਕੋਈ ਨਹੀਂ ਦੇਖਿਆ, ਜਿਸ ਮਹਾਰਾਜੇ ਤੇ ਰਿਆਸਤ ਦਾ ਕੰਮ ਇਤਨੀ ਸਿਆਣਪ ਤੇ ਵਫ਼ਾਦਾਰੀ ਨਾਲ ਨਜਿੱਠਿਆ ਹੋਵੇ।'

ਪੰਥਕ ਕੰਮਾਂ ਵਿਚ ਉਨ੍ਹਾਂ ਦਾ ਪਾਇਆ ਹਿੱਸਾ ਸਤਿਕਾਰਯੋਗ ਹੈ। ਖ਼ਾਲਸਾ ਕਾਲਜ, ਅੰਮ੍ਰਿਤਸਰ ਲਈ ਪੱਕਾ ਪ੍ਰਬੰਧ ਕਰਨ ਵਾਸਤੇ 21 ਲੱਖ ਰੁਪਏ ਦਾ ਫ਼ੰਡ ਇਕੱਤਰ ਕਰਨਾ ਆਪ ਦੀ ਸਿਆਣਪ ਦਾ ਸਿੱਟਾ ਸੀ। ਫਿਰ ਮਿਸਟਰ ਮੈਕਾਲਿਫ਼ ਵਰਗੇ

ਅੰਗਰੇਜ਼ ਸੱਜਣ ਨੂੰ ਸਿੱਖ ਧਰਮ ਤੇ ਇਤਿਹਾਸ ਤੋਂ ਜਾਣੂੰ ਕਰਾ ਕੇ *ਸਿੱਖ ਰਿਲੀਜਨ* ਜੇਹਾ ਗ੍ਰੰਥ ਲਿਖਾਉਣਾ ਆਪ ਦੀ ਹੀ ਸੁਯੋਗਤਾ ਸੀ। 1908 ਈ: ਵਿਚ ਤਿੰਨ ਸਾਲ ਵਲੈਤ (ਬਰਤਾਨੀਆ) ਰਹਿ ਕੇ ਇਸ ਪੁਸਤਕ ਦੇ ਅੰਤਿਮ ਪਰੂਫ਼ ਪੜ੍ਹਨ ਦੀ ਸੇਵਾ ਵੀ ਆਪ ਨੇ ਨਿਭਾਈ। ਇਸ ਲਗਨ ਤੇ ਪਿਆਰ ਦੇ ਵੱਸ ਹੋ ਕੇ ਮਿ: ਮੈਕਾਲਿਫ਼ ਨੇ ਆਪਣੀ ਪੁਸਤਕ ਦੇ ਸਾਰੇ ਅਧਿਕਾਰ ਭਾਈ ਕਾਨ੍ਹ ਸਿੰਘ ਜੀ ਦੇ ਨਾਮ ਹੀ ਲਿਖ ਦਿੱਤੇ। ਇਹ ਲਿਖਤ ਅਜੇ ਤਕ ਆਪ ਦੇ ਪਰਿਵਾਰ ਪਾਸ ਹੈ।

ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦੋਹਾਂ ਦਾ ਜ਼ਮਾਨਾ ਉਨ੍ਹਾਂ ਅੱਖੀਂ ਦੇਖਿਆ ਸੀ ਤੇ ਇਹ ਸਾਰੀ ਸਿੱਖ ਜੱਦੋ-ਜਹਿਦ ਦਾ ਅਨੁਭਵ ਉਨ੍ਹਾਂ ਦੇ ਅੰਗ-ਸੰਗ ਸੀ ਤੇ ਉਹ ਹਰ ਸਿੱਖ ਵਿਸ਼ੇ 'ਤੇ ਨਿਰਣਾ-ਜਨਕ ਗੱਲ ਕਰਨ ਦਾ ਅਧਿਕਾਰ ਰੱਖਦੇ ਸਨ।

14 ਸਾਲ ਲਗਾਤਾਰ ਮਿਹਨਤ ਕਰ ਕੇ *ਮਹਾਨ ਕੋਸ਼* ਜੈਸਾ ਗ੍ਰੰਥ ਤਿਆਰ ਕਰਨਾ ਆਪ ਦੀ ਸਰਬਪੱਖੀ ਵਿਦਵਤਾ ਦਾ ਪ੍ਰਮਾਣ ਹੈ। ਇਹ 3338 ਪੰਨੇ ਦਾ ਗ੍ਰੰਥ ਚਾਰ ਜਿਲਦਾਂ ਵਿਚ 1930 ਈ: ਵਿਚ ਪ੍ਰਕਾਸ਼ਤ ਹੋਇਆ ਸੀ। ਇਸ ਵਿਚ 64263 ਸ਼ਬਦਾਂ ਦੇ ਅਰਥ ਤੇ ਵਿਆਖਿਆ ਦਿੱਤੀ ਗਈ ਹੈ। ਏ.ਸੀ. ਵੂਲਨਰ ਪ੍ਰਿੰ. ਓਰੀਐਂਟਲ ਕਾਲਜ, ਲਾਹੌਰ ਨੇ ਲਿਖਿਆ ਸੀ:

'ਇਹ ਮਹਾਨ ਕੋਸ਼ ਸੱਚਮੁੱਚ ਹੀ ਸਿੱਖ ਸਾਹਿੱਤ ਦਾ ਇਨਸਾਇਕਲੋਪੀਡੀਆ ਹੈ। ਇਕ ਤਰ੍ਹਾਂ ਇਹ ਹਿੰਦੀ ਪੰਜਾਬੀ ਦਾ ਮਹਾਨ ਕੋਸ਼ ਭੀ ਹੈ, ਭਾਵੇਂ ਇਹ ਇਸ ਦਾ ਉਦੇਸ਼ ਨਹੀਂ।' ਆਪ ਦੀ ਸਾਰੀ ਰਚਨਾਵਲੀ ਇਸ ਪ੍ਰਕਾਰ ਹੈ:

ਗੁਰਮਤਿ ਪ੍ਰਭਾਕਰ; ਗੁਰਮਤਿ ਸੁਧਾਕਰ; ਗੁਰਛੰਦ ਦਿਵਾਕਰ; ਗੁਰਸ਼ਬਦਾਲੰਕਾਰ; ਗੁਰਸ਼ਬਦ ਰਤਨਾਕਰ (ਮਹਾਨ ਕੋਸ਼); ਗੁਰਮਤਿ ਮਾਰਤੰਡ; ਹਮ ਹਿੰਦੂ ਨਹੀਂ; ਸ਼ਰਾਬ ਨਿਸ਼ੇਧ; ਸੱਦ ਪਰਮਾਰਥ; ਚੰਡੀ ਦੀ ਵਾਰ ਸਟੀਕ; ਰੂਪ ਦੀਪ ਪਿੰਗਲ ਸਟੀਕ; ਅਨੇਕਾਰਥ ਕੋਸ਼; ਨਾਮ ਮਾਲਾ ਕੋਸ਼; ਵਲਾਇਤ ਯਾਤਰਾ (ਅਪ੍ਰਕਾਸ਼ਿਤ); ਪਹਾੜ ਯਾਤਰਾ (ਅਪ੍ਰਕਾਸ਼ਿਤ); ਗੁਰ ਮਹਿਮਾ।

ਆਪ ਹਿੰਦੀ ਪੰਜਾਬੀ ਵਿਚ ਕਾਵਿ-ਰਚਨਾ ਵੀ ਕਰਦੇ ਸਨ ਤੇ ਛਾਪ 'ਹਰਿ ਵ੍ਰਿਜੇਸ਼' ਵਰਤਦੇ ਸਨ। ਵੰਨਗੀ ਲਈ ਕਬਿੱਤ ਪੇਸ਼ ਹੈ:

ਦੇਖੀ ਅਮਰਾਵਤੀ ਦੇਵਨ ਕੀ ਸਭਾ ਮੱਧ,
ਸ਼ੋਭਾ ਯੁਤ ਝਾਂਕੀ ਮਹਾਰਾਜ ਅਮਰੇਸ ਕੀ।
ਦੇਖੀਏ ਚਤੁਰਾਨਨ ਕੇ ਰਿਖੀਅਨ ਸੰਥਾ ਦੇਤ,
ਜੋਗ ਧਿਆਨ ਲੀਨ ਪੇਖੀ ਮੂਰਤ ਮਹੇਸ਼ ਕੀ।
ਰਿਖਭ ਕੋ ਤਿਆਗੀ ਰਾਮ ਵੇਸ਼ ਕੇ ਮਹਾਨ ਯੋਧਾ,
ਨੀਤੀ ਮੇਂ ਨਿਪੁੰਨ ਦੇਖੀ ਮੰਡਲੀ ਵ੍ਰਿਜੇਸ਼ ਕੀ।
ਸਾਰੇ ਦ੍ਰਿਸ਼ਯ ਏਕ ਹੀ ਸਥਾਨ ਹੁਏ ਭਾਨ ਹਮੇ,
ਦੇਖੀ ਜਬ ਬਾਂਕੀ ਝਾਂਕੀ ਸੁਆਮੀ ਦਸਮੇਸ਼ ਕੀ।

ਆਪ ਦੀ ਹੁਸੀਨ ਸ਼ਖ਼ਸੀਅਤ ਬੜੀ ਆਕਰਸ਼ਣ ਭਰਪੂਰ ਸੀ। ਚਿਹਰੇ ਦਾ ਸੁੰਦਰ ਰੰਗ ਰੂਪ, ਨੈਣ ਨਕਸ਼ ਤੇ ਨੁਹਾਰ ਸੱਚਮੁੱਚ ਲੁਭਾਉਣ ਵਾਲੀ ਸੀ। ਆਪ ਸ਼ਿਸ਼ਟਾਚਾਰ

ਦੀ ਮੂਰਤਿ ਅਤੇ ਬੜੇ ਵਿਲਾਸੀ ਸੁਭਾਅ ਦੇ ਸਨ। ਜਦ ਆਪ ਆਹਿਸਤਾ ਆਹਿਸਤਾ ਬੋਲਦੇ ਤਾਂ ਜ਼ੁਬਾਨ ਤੋਂ ਮਿਠਾਸ ਝਰਦੀ ਸੀ। ਆਪ ਵਧੇਰੇ ਹਿੰਦੁਸਤਾਨੀ ਜ਼ੁਬਾਨ ਹੀ ਵਰਤਦੇ ਸਨ।

ਦੇਹਾਂਤ 23 ਨਵੰਬਰ 1938 ਈ: ਨੂੰ ਨਾਭੇ ਵਿਖੇ ਹੋਇਆ।

2. ਭਾਈ ਸਾਹਿਬ ਭਗਵੰਤ ਸਿੰਘ 'ਹਰੀ ਜੀ'

ਹਰ ਬਿਰਛ ਦੀ ਵਡਿਆਈ ਦਾ ਪਤਾ ਉਸ ਦੇ ਫਲ ਤੋਂ ਲੱਗਦਾ ਹੈ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਇਕ ਸੁੰਦਰ ਬਿਰਛ ਸਨ, ਜਿਸ ਦੇ ਫਲ ਵਿਦਵਤਾ-ਪੂਰਨ ਗ੍ਰੰਥ ਹਨ ਜਾਂ ਉਨ੍ਹਾਂ ਦੇ ਇੱਕੋ ਇਕ ਲਾਇਕ ਸਪੁੱਤਰ ਭਗਵੰਤ ਸਿੰਘ ਹਰੀ ਜੀ ਹਨ। ਆਪ ਦਾ ਜਨਮ ਮਾਤਾ ਬਸੰਤ ਕੌਰ ਦੀ ਕੁੱਖੋਂ 15 ਫ਼ਰਵਰੀ 1892 ਈ: ਨੂੰ ਹੋਇਆ। ਖ਼ਾਲਸਾ ਹਾਈ ਸਕੂਲ, ਲੁਧਿਆਣਾ ਤੋਂ ਮੈਟ੍ਰਿਕ ਪਾਸ ਕਰ ਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਜਾ ਦਾਖ਼ਲ ਹੋਏ ਤੇ ਕੁਝ ਚਿਰ ਮਹਿੰਦਰਾ ਕਾਲਜ, ਪਟਿਆਲਾ ਵਿਚ ਲਾਇਆ। ਪੜ੍ਹਾਈ ਮੁਕੰਮਲ ਨਹੀਂ ਸੀ ਹੋਈ ਅਤੇ ਆਪ ਆਪਣੇ ਚਾਚਾ ਸ: ਮੀਂਹਾ ਸਿੰਘ ਨਾਲ ਠੇਕੇਦਾਰੀ ਦੇ ਕੰਮ ਵਿਚ ਲੱਗ ਗਏ। 9 ਦਸੰਬਰ 1915 ਈ: ਨੂੰ ਸ: ਜੀਵਨ ਸਿੰਘ 'ਸੇਵਕ' ਦੀ ਸਪੁੱਤਰੀ ਬੀਬੀ ਹਰਨਾਮ ਕੌਰ ਨਾਲ ਸ਼ਾਦੀ ਹੋਈ। ਸਰਦਾਰ ਕਾਨ੍ਹ ਸਿੰਘ ਜੀ ਦਾ ਖ਼ਿਆਲ ਸੀ ਕਿ 'ਹਰੀ ਜੀ' ਨੂੰ ਪੱਤਰਕਾਰੀ ਵਿਚ ਤਾਕ ਕੀਤਾ ਜਾਵੇ, ਪਰ ਉਹ ਇਸ ਪਾਸੇ ਨਹੀਂ ਪਏ। ਕੁਝ ਸਮਾਂ ਕੋਟਾ ਬੂੰਦੀ ਤੇ ਮਿੰਟਗੁਮਰੀ ਵੱਲ ਠੇਕੇਦਾਰੀ ਦੇ ਕੰਮ ਕਰਦੇ ਕਰਾਉਂਦੇ ਰਹੇ। 1936 ਈ: ਵਿਚ ਵਿਦੇਸ਼ ਯਾਤਰਾ ਲਈ ਨਿਕਲ ਪਏ ਤੇ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਮਲਾਇਆ ਆਦਿ ਦੀ ਖ਼ੂਬ ਸੈਰ ਕੀਤੀ। ਇਸ ਦੌਰੇ ਵਿਚ ਉਨ੍ਹਾਂ ਦੇਖਿਆ ਕਿ ਕਿਸ ਤਰ੍ਹਾਂ ਬਾਹਰਲੇ ਲੋਕ ਅਜ਼ਾਦੀ, ਨਿਆਂ ਤੇ ਧਰਮ ਦੇ ਮੁੱਦਈ ਹਨ ਤੇ ਇਸ ਦੇ ਮੁਕਾਬਲੇ 'ਤੇ ਹਿੰਦੁਸਤਾਨੀਆਂ ਵਿਚ ਇਨ੍ਹਾਂ ਗੁਣਾਂ ਦੀ ਕਿੰਨੀ ਘਾਟ ਹੈ।

ਇਸੇ ਸਮੇਂ ਆਪ ਬਾਬਾ ਅਜਾਪਾਲ ਸਿੰਘ ਜੀ ਦੇ ਡੇਰੇ ਦੇ 'ਸ੍ਰੀ ਮਹੰਤ' ਥਾਪੇ ਗਏ ਤੇ ਡੇਰੇ ਦੇ ਪ੍ਰਬੰਧ ਲਈ ਪੂਰਾ ਧਿਆਨ ਦੇਣ ਲੱਗੇ। ਸ਼ਿਕਾਰ ਦਾ ਆਪ ਨੂੰ ਡਾਢਾ ਸ਼ੌਕ ਸੀ ਤੇ ਨਿਸ਼ਾਨਚੀ ਵੀ ਕਮਾਲ ਦੇ ਸਨ। ਇਸੇ ਤਰ੍ਹਾਂ ਸ਼ਿਕਾਰੀ ਜਾਨਵਰਾਂ ਦੀ ਵੀ ਆਪ ਨੂੰ ਡੂੰਘੀ ਜਾਣ-ਪਛਾਣ ਸੀ। ਸ਼ਿਕਾਰ ਤੋਂ ਇਲਾਵਾ ਸ਼ਸਤਰਾਂ ਤੇ ਸੈਰ ਸਪਾਟੇ ਦੀ ਵੀ ਡਾਢੀ ਲਗਨ ਸੀ ਤੇ ਬਾਗ਼ਬਾਨੀ ਵਿਚ ਵੀ ਕਾਫ਼ੀ ਦਿਲਚਸਪੀ ਲੈਂਦੇ ਸਨ। ਜ਼ਮੀਨ ਖੁੱਲ੍ਹੀ ਸੀ, ਘਰ ਦੀ ਕੋਈ ਚਿੰਤਾ ਨਹੀਂ ਸੀ, ਇਸ ਕਰਕੇ ਉਹ ਸਦਾ ਆਪਣੀ ਮੌਜ ਵਿਚ ਖੁੱਲ੍ਹੇ ਵਿਚਰਦੇ ਤੇ ਘਰੋਗੀ ਜ਼ਿੰਮੇਵਾਰੀਆਂ ਦੀ ਘੱਟ ਹੀ ਪ੍ਰਵਾਹ ਕਰਦੇ। ਉਹ ਸਿੰਘ ਚਰਿੱਤਰ ਵਾਲੇ, ਸਾਧੂ ਸੁਭਾਅ ਦੇ ਰਾਜਯੋਗੀ ਪੁਰਸ਼ ਸਨ। ਉਨ੍ਹਾਂ ਦਾ ਕਿਸੇ ਨਾਲ ਜ਼ਰਾ ਵੀ ਵੈਰ ਵਿਰੋਧ ਨਹੀਂ ਸੀ ਤੇ ਨਾ ਹੀ ਕਿਸੇ ਨਾਲ ਕੋਈ ਵਿਸ਼ੇਸ਼ ਪਕੜ ਸੀ। ਮਾਇਆ ਕਦੀ ਆਪਣੇ ਪਾਸ ਰੱਖਦੇ ਹੀ ਨਹੀਂ ਸਨ। ਜੇ ਕਿਤੇ ਸਫ਼ਰ 'ਤੇ ਗਏ ਤਾਂ ਕੁਝ ਰੁਪਏ ਲੈ ਲਏ ਤੇ ਉਵੇਂ ਜਿਵੇਂ ਅਣਖ਼ਰਚੇ ਪੈਸੇ ਘਰ ਮੋੜ ਦਿੱਤੇ। ਉਨ੍ਹਾਂ

ਕਦੀ ਕਿਸੇ ਨੂੰ ਨਹੀਂ ਪੁੱਛਿਆ ਕਿ ਜ਼ਮੀਨ ਦੀ ਕਿੰਨੀ ਆਮਦਨ ਹੈ ਤੇ ਘਰ ਕਿਸ ਚੀਜ਼ ਦੀ ਲੋੜ ਹੈ। ਉਹ ਅਲਬੇਲੇ ਸੁਭਾਅ ਵਿਚ ਰਹਿੰਦੇ ਅਤੇ ਇਨ੍ਹਾਂ ਗੱਲਾਂ ਦੀ ਘੱਟ ਹੀ ਪ੍ਰਵਾਹ ਕਰਦੇ ਸਨ, ਸਾਰੀ ਜ਼ਿੰਮੇਵਾਰੀ ਆਪਣੀ ਜੀਵਨ-ਸਾਥਣ 'ਤੇ ਛੱਡੀ ਹੋਈ ਸੀ। ਉਹ ਕਦੀ ਕਿਸੇ ਨਾਲ ਗੁੱਸੇ ਵੀ ਨਹੀਂ ਸੀ ਹੁੰਦੇ। ਲੜਨਾ ਝਗੜਨਾ ਤਾਂ ਉਨ੍ਹਾਂ ਦੇ ਸੁਭਾਅ ਤੋਂ ਦੂਰ ਸੀ। ਆਪਣਾ ਖ਼ਿਆਲ ਦੱਸਣਾ ਤੇ ਹੱਸ ਛੱਡਣਾ। ਉਹ ਹੱਸਦੇ ਹੱਸਦੇ ਰਿਆਸਤਾਂ ਦੀਆਂ ਕਈ ਦਿਲਚਸਪ ਤੇ ਗੁੱਝੀਆਂ ਗੱਲਾਂ ਸੁਣਾਉਂਦੇ। ਖ਼ਾਸ ਤੌਰ 'ਤੇ ਮਹਾਰਾਜਾ ਹੀਰਾ ਸਿੰਘ ਦੇ ਨਿਆਂ ਤੇ ਉਦਾਰਤਾ ਦੀਆਂ ਕਹਾਣੀਆਂ ਤਾਂ ਉਨ੍ਹਾਂ ਨੂੰ ਬੇਹੱਦ ਯਾਦ ਸਨ। ਮੇਰੇ ਨਾਲ ਵਾਅਦਾ ਵੀ ਕੀਤਾ ਸੀ ਕਿ ਆਪਾਂ ਲਿਖ ਲਈਏ ਤਾਂ ਕਿ ਇਹ ਮਸਾਲਾ ਇਤਿਹਾਸ ਦੇ ਕੰਮ ਆ ਸਕੇ, ਪਰ ਇਹ ਗੱਲ ਪੂਰੀ ਨਾ ਹੋ ਸਕੀ। ਮੈਨੂੰ ਦੋ ਚਾਰ ਵਾਰ ਭਾਈ ਕਾਨ੍ਹ ਸਿੰਘ ਜੀ ਦੀ ਲਾਇਬ੍ਰੇਰੀ ਵਿਚ ਪੁਸਤਕਾਂ ਦੇਖਣ ਲਈ ਘਰ ਜਾਣ ਦਾ ਮੌਕਾ ਮਿਲਿਆ। ਆਪ ਸਦਾ ਖਿੜੇ ਮੱਥੇ ਮਿਲਦੇ ਤੇ ਕਈ ਹਸਾਉਣੀਆਂ ਤੇ ਨੀਤੀ ਦੀਆਂ ਗੱਲਾਂ ਸੁਣਾਉਂਦੇ। ਉਨ੍ਹਾਂ ਵੀ ਦੋ-ਤਿੰਨ ਵਾਰ ਮੇਰੇ ਘਰ ਪਟਿਆਲੇ ਚਰਨ ਪਾਏ।

ਵਿਰਸੇ ਵਿਚ ਸਾਹਿੱਤਕ ਸ਼ੌਕ ਤਾਂ ਆਪ ਨੂੰ ਪ੍ਰਾਪਤ ਹੀ ਸੀ, ਇਸ ਕਰਕੇ ਉਹ ਸਮੇਂ ਸਮੇਂ ਕਲਮੀਂ ਕੰਮ ਵੀ ਕਰਦੇ ਰਹੇ। ਲਗਾਤਾਰ 15-20 ਵਰ੍ਹੇ ਲਗਾ ਕੇ ਉਨ੍ਹਾਂ 'ਦਸਮ ਗ੍ਰੰਥ' ਦਾ ਤੁਕ-ਤਤਕਰਾ ਤਿਆਰ ਕੀਤਾ ਸੀ ਜੋ ਕਿ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਤੋਂ ਬਿਨਾਂ ਦਸਮ ਗ੍ਰੰਥ ਦੇ ਛੰਦ ਤੇ ਅਲੰਕਾਰਾਂ ਬਾਰੇ ਵੀ ਦੋ ਪੁਸਤਕਾਂ ਲਿਖੀਆਂ, ਜੋ ਛਪੀਆਂ ਨਹੀਂ। ਦਸਮ ਗ੍ਰੰਥ ਉਨ੍ਹਾਂ ਦਾ ਮਨ ਭਾਉਂਦਾ ਮਜ਼ਮੂਨ ਸੀ ਤੇ ਇਸ ਬਾਰੇ ਉਹ ਕਈ ਤਰ੍ਹਾਂ ਦੇ ਕੰਮ ਵਿਉਂਤਦੇ ਰਹਿੰਦੇ ਸਨ। ਕਿਸੇ ਸਮੇਂ 'ਰਾਮ ਨੀਤਿ' ਤੇ 'ਵਿਧੀ ਨਿਖੇਧ' ਦੋ ਟ੍ਰੈਕਟ ਵੀ ਲਿਖੇ। ਕਈ ਚੀਜ਼ਾਂ ਲਿਖਣ ਦੀ ਸੋਚਦੇ। ਉਨ੍ਹਾਂ ਦਾ ਖ਼ਿਆਲ ਸੀ ਕਿ ਸ਼ਿਕਾਰੀ ਜਾਨਵਰਾਂ ਤੇ ਸ਼ਸਤਰਾਂ ਬਾਰੇ ਪੁਸਤਕਾਂ ਲਿਖੀਆਂ ਜਾਣ, ਪਰ ਕੈਂਸਰ ਦੇ ਰੋਗ ਨੇ ਪੇਸ਼ ਨਾ ਜਾਣ ਦਿੱਤੀ ਤੇ 9 ਅਕਤੂਬਰ 1968 ਈ: ਸਭ ਨੂੰ ਸਦਾ ਦਾ ਵਿਛੋੜਾ ਦੇ ਗਏ। ਆਪ ਦੇ ਸਪੁੱਤਰ ਸ: ਸੁਦਰਸ਼ਨ ਸਿੰਘ, ਮਹਿੰਦਰ ਸਿੰਘ ਤੇ ਮਨਮੋਹਨ ਸਿੰਘ ਹਨ ਤੇ ਹਰਿਦਰਸ਼ਨ ਕੌਰ ਅਤੇ ਨਰਿੰਦਰ ਕੌਰ ਦੋ ਸਪੁੱਤਰੀਆਂ।

ਸ਼ਿਕਾਰੀ ਵੀ ਹੋਰ ਹੋਣਗੇ, ਲਿਖਾਰੀ ਵੀ ਹੋਰ ਹੋਣਗੇ, ਪਰ ਬਲਿਹਾਰੀ ਜਾਣ ਲਾਇਕ 'ਹਰੀ ਜੀ' ਵਰਗਾ ਭੋਲਾ ਭਾਲਾ ਢਿੱਲੋਂ ਪਾਤਸ਼ਾਹ, ਫ਼ਰਿਸ਼ਤਾ-ਤਬੀਅਤ ਇਨਸਾਨ ਹੋਰ ਨਹੀਂ ਮਿਲਣਾ। ਇਤਨੇ ਨਿਰਛਲ ਤੇ ਸਵੱਛ ਹਿਰਦੇ ਵਾਲੇ ਬੰਦੇ ਘੱਟ ਹੀ ਮਿਲਦੇ ਹਨ। ਡਾ: ਬਲਬੀਰ ਸਿੰਘ ਠੀਕ ਹੀ ਲਿਖਦੇ ਹਨ : 'ਉਸ ਦੇ ਬਚਨ ਸੁੱਧ ਸਨ, ਉਸ ਦਾ ਮਨ ਨਿਰਮਲ ਸੀ, ਉਸ ਦੇ ਕਰਮ ਨਿਸ਼ਕਾਮ ਸਨ। ਰਿਆਸਤੀ ਵਾਯੂ ਮੰਡਲ ਵਿਚ ਵਿਚਰ ਕੇ, ਸਾਧੂ ਬਿਰਤੀ ਧਾਰਨ ਕਰਨੀ ਅਸੰਭਵ ਜਿਹੀ ਗੱਲ ਹੈ, ਪਰ ਉਨ੍ਹਾਂ ਕਰਕੇ ਵਿਖਾ ਦਿੱਤੀ। ਉਨ੍ਹਾਂ ਦਾ ਜੀਵਨ ਜਿਸ ਨਿਰਵੈਰ ਆਚਰਣ ਦਾ ਆਦਰਸ਼ਕ ਨਮੂਨਾ ਸੀ, ਉਸ ਦੀ ਮਿਸਾਲ ਨਹੀਂ।' ਸਰਦਾਰ ਬਹਾਦਰ ਉੱਜਲ ਸਿੰਘ ਜੀ ਦੇ ਸ਼ਬਦਾਂ ਵਿਚ : 'ਉਹ ਇਕ ਵਿਦਵਾਨ ਪਿਤਾ ਦੇ ਵਿਦਵਾਨ ਪੁੱਤਰ ਹੀ ਨਹੀਂ

ਸਨ, ਸਗੋਂ ਪੂਰਨ ਸੰਤ ਸਨ। ਉਹ ਇਕ ਨਿਰਲੇਪ ਜੀਵਨ ਬਸਰ ਕਰਨ ਵਾਲੇ ਅਤੇ ਬੰਦਗੀ ਵਾਲੇ ਸੱਜਣ ਸਨ।'

3. ਬੀਬੀ ਹਰਿਨਾਮ ਕੌਰ ਜੀ

ਬੀਬੀ ਹਰਿਨਾਮ ਕੌਰ ਜੀ, ਸਰਦਾਰ ਜੀਵਨ ਸਿੰਘ 'ਸੇਵਕ' ਜਿਹੇ ਪ੍ਰਸਿੱਧ ਪੱਤਰਕਾਰ ਦੀ ਸਪੁੱਤਰੀ, ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜਿਹੇ ਵਿਦਵਾਨ ਦੀ ਨੂੰਹ ਤੇ ਸ: ਭਗਵੰਤ ਸਿੰਘ 'ਹਰੀ ਜੀ' ਜਿਹੇ ਪਤਵੰਤੇ ਸੱਜਣ ਦੀ ਜੀਵਨ-ਸਾਥਣ ਅਨੰਤ ਗੁਣਾਂ ਦਾ ਸੰਗਮ ਸੀ। ਸ਼ਾਇਦ ਉਹ ਪੰਜਾਬੀ ਦੀ ਪਹਿਲੀ ਕਵਿੱਤਰੀ ਹੈ, ਜਿਸ ਨੇ ਕਾਵਿ-ਰਚਨਾ ਦੁਆਰਾ ਪੰਜਾਬੀ ਜਗਤ ਵਿਚ ਆਪਣਾ ਨਾਂ ਪੈਦਾ ਕੀਤਾ।

ਆਪ ਦਾ ਜਨਮ 12 ਦਸੰਬਰ 1898 ਈ: ਨੂੰ ਮਾਤਾ ਜੱਸ ਕੌਰ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਸੇਵਕ ਸਾਹਿਬ, ਸਿੰਘ ਸਭਾਈ ਖ਼ਿਆਲਾਂ ਦੇ ਸਨ ਤੇ *ਖ਼ਾਲਸਾ ਸੇਵਕ* ਅਖ਼ਬਾਰ ਕੱਢਦੇ ਸਨ, ਤੇ ਪ੍ਰੈੱਸ ਵੀ ਆਪਣਾ ਹੀ ਸੀ। ਇਸ ਕਲਮੀਂ ਵਾਤਾਵਰਣ ਵਿੱਚ ਲਿਖਣ ਦਾ ਸ਼ੌਕ ਲੱਗਾ। ਆਪ ਦੀ ਮਾਤਾ ਜੱਸ ਕੌਰ 20 ਕੁ ਸਾਲ ਦੀ ਉਮਰ ਵਿਚ (15 ਫ਼ਰਵਰੀ 1901 ਈ:) ਹੀ ਚਲਾਣਾ ਕਰ ਗਏ। ਇਸ ਸਮੇਂ ਬੀਬੀ ਹਰਨਾਮ ਕੌਰ ਦੀ ਉਮਰ 4 ਕੁ ਸਾਲ ਤੇ ਛੋਟੀ ਭੈਣ ਬੀਬੀ ਅਮਰ ਕੌਰ ਮਸਾਂ ਦੋ ਕੁ ਸਾਲ ਦੀ ਸੀ। ਦੋਹਾਂ ਬੱਚੀਆਂ ਨੂੰ ਮਾਤਾ ਦੇ ਅਸਹਿ ਵਿਛੋੜੇ ਦਾ ਸਦਮਾ ਝੱਲਣਾ ਪਿਆ। ਮੁੱਢਲੀ ਵਿਦਿਆ ਵਿਕਟੋਰੀਆ ਗਰਲਜ਼ ਸਕੂਲ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਤੇ ਮੈਟ੍ਰਿਕ ਕੰਨਿਆ ਮਹਾਂਵਿਦਿਆਲਾ, ਫ਼ਿਰੋਜ਼ਪੁਰ ਤੋਂ ਪਾਸ ਕੀਤੀ। ਕਵਿਤਾ ਦਾ ਸ਼ੌਕ ਮੁੱਢ ਤੋਂ ਹੀ ਸੀ। ਵਿਕਟੋਰੀਆ ਸਕੂਲ ਵਿਚ ਇਕ ਯੂਰਪੀਨ ਉਸਤਾਦਨੀ ਸੀ। ਉਸ ਦੀ ਜ਼ਬਾਨ ਕਿਸੇ ਵਿਦਿਆਰਥਣ ਨੂੰ ਸਮਝ ਨਹੀਂ ਸੀ ਆਉਂਦੀ। ਇਸ ਮੇਮ ਦਾ ਮਜ਼ਾਕ ਉਡਾਉਣ ਲਈ ਦੋਹਾਂ ਭੈਣਾਂ ਨੇ ਕੋਈ ਤੁੱਕਬੰਦੀ ਰਚੀ ਜੋ ਬੜੀ ਮਸ਼ਹੂਰ ਹੋਈ। ਜਦੋਂ ਭਾਈ ਵੀਰ ਸਿੰਘ ਜੀ ਨੇ ਇਹ ਛੰਦ ਸੁਣਿਆ ਤਾਂ ਉਨ੍ਹਾਂ ਕਿਹਾ ਕਿ ਇਹ ਤਾਂ ਕੁੜੀ ਸਾਡੀ ਹੈ, ਇਸ ਦਾ ਜਨਮ ਭਾਵੇਂ ਹੋਰ ਘਰ ਹੋ ਗਿਆ ਹੈ। ਇਹ ਦੋਵੇਂ ਭੈਣਾਂ ਹੌਲੀ ਹੌਲੀ ਸਿੱਖ ਐਜੂਕੇਸ਼ਨਲ ਕਾਨਫ਼ਰੰਸਾਂ ਦੇ ਮੌਕੇ 'ਤੇ ਕਵਿਤਾਵਾਂ ਪੜ੍ਹਨ ਲੱਗੀਆਂ ਤੇ ਇਹ ਕਵਿਤਾਵਾਂ *ਖ਼ਾਲਸਾ ਸੇਵਕ* ਤੇ *ਖ਼ਾਲਸਾ ਸਮਾਚਾਰ* ਆਦਿ ਵਿਚ ਛਪਦੀਆਂ ਅਤੇ ਦੋਹਾਂ ਦਾ ਉਤਸ਼ਾਹ ਵੱਧਦਾ ਗਿਆ। ਕਈ ਥਾਂ ਕਈ ਵਾਰ ਇਨਾਮ, ਮੈਡਲ ਤੇ ਸਿਰੋਪਾਓ ਆਦਿ ਵੀ ਮਿਲਦੇ ਰਹੇ। ਭਾਈ ਸਾਹਿਬ ਤਖ਼ਤ ਸਿੰਘ ਇਸਤਰੀ ਵਿਦਿਆ ਦੇ ਮੋਢੀ ਸਨ ਤੇ ਉਨ੍ਹਾਂ ਇਸੇ ਮਨੋਰਥ ਲਈ ਫ਼ਿਰੋਜ਼ਪੁਰ ਕੰਨਿਆ ਵਿਦਿਆਲਾ ਚਲਾਇਆ ਸੀ। ਉਹ ਵੀ ਕਵਿਤਾ ਸੁਣ ਕੇ ਬੜੇ ਖ਼ੁਸ਼ ਹੁੰਦੇ ਤੇ ਫ਼ਖ਼ਰ ਕਰਦੇ ਕਿ ਉਨ੍ਹਾਂ ਦੇ ਵਿਦਿਆਲੇ ਨੇ ਇਹ ਲਾਇਕ ਕਵਿਤਰੀਆਂ ਪੈਦਾ ਕੀਤੀਆਂ ਹਨ। ਇਸੇ ਪ੍ਰਭਾਵ ਹੇਠ ਉਨ੍ਹਾਂ ਭਾਈ ਕਾਨ੍ਹ ਸਿੰਘ ਜੀ 'ਨਾਭਾ' ਨਾਲ ਗੱਲ ਕਰ ਕੇ ਉਨ੍ਹਾਂ ਦੇ ਸਪੁੱਤਰ ਸ: ਭਗਵੰਤ ਸਿੰਘ 'ਹਰੀ ਜੀ' ਨਾਲ ਦਸੰਬਰ 1915 ਵਿਚ ਸ਼ਾਦੀ ਕਰ ਦਿੱਤੀ।

ਭਾਈ ਵੀਰ ਸਿੰਘ ਜੀ ਨੂੰ ਮਿਲਣ ਦਾ ਸੁਭਾਗ ਬਚਪਨ ਤੋਂ ਹੀ ਮਿਲਦਾ ਰਿਹਾ, ਜਿਸ ਕਰਕੇ ਬੀਬੀ ਹਰਨਾਮ ਕੌਰ ਜੀ ਉਨ੍ਹਾਂ ਦੇ ਡੂੰਘੇ ਪ੍ਰਭਾਵ ਹੇਠ ਆਏ। ਇਥੇ ਹੀ ਪ੍ਰੋ: ਪੂਰਨ ਸਿੰਘ ਜੀ ਦੇ ਦਰਸ਼ਨ ਹੋਏ ਤੇ ਫਿਰ ਉਨ੍ਹਾਂ ਦੀ ਘਰ ਵਾਲੀ ਸ੍ਰੀਮਤੀ ਮਾਇਆ ਦੇਵੀ ਦੇ ਸੰਪਰਕ ਵਿਚ ਆਏ ਤੇ ਉਹ ਵੀ ਇਨ੍ਹਾਂ ਨੂੰ ਆਪਣੀਆਂ ਧੀਆਂ ਵਾਂਗ ਲਾਡ ਲਡਾਉਂਦੇ ਰਹੇ ਤੇ ਉਹ ਇਕ ਦੋ ਵਾਰ ਪਿਥੋ (ਭਾਈ ਕਾਨ੍ਹ ਸਿੰਘ ਜੀ ਦਾ ਜੱਦੀ ਪਿੰਡ) ਵੀ ਮਿਲਣ ਵਾਸਤੇ ਆਏ।

ਭਾਈ ਕਾਨ੍ਹ ਸਿੰਘ ਵਿਦਵਾਨ ਸਨ, ਕਾਵਿ-ਰਚਨਾ ਦੇ ਪਾਰਖੂ ਸਨ ਤੇ ਆਪ ਦੀ ਲਾਇਬ੍ਰੇਰੀ ਵੀ ਵਿਸ਼ਾਲ ਸੀ। ਇਸ ਵਾਤਾਵਰਣ ਵਿਚ ਇਹ ਸਾਹਿੱਤਕ ਸ਼ੌਕ ਹੋਰ ਪ੍ਰਫੁੱਲਤ ਹੁੰਦਾ ਰਿਹਾ। ਬੀਬੀ ਜੀ ਇਕ ਵਾਰ 'ਸ਼ਾਂਤੀ ਨਿਕੇਤਨ' ਜਾ ਕੇ ਮਹਾਂ ਕਵੀ ਟੈਗੋਰ ਨੂੰ ਮਿਲੇ ਤੇ ਉਨ੍ਹਾਂ ਦੀ ਆਸ਼ੀਰਵਾਦ ਹਾਸਲ ਕੀਤੀ। ਇਸ ਤਰ੍ਹਾਂ ਅਨੇਕਾਂ ਸਿਆਣੇ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਕੀਤੀ ਤੇ ਆਪਣੇ ਕਾਵਿ-ਗੁਣਾਂ ਨੂੰ ਵਧਾਇਆ। ਕਵੀ ਹੋਣ ਤੋਂ ਇਲਾਵਾ ਉਹ ਬੜੇ ਹੀ ਸ਼ਿਸ਼ਟਾਚਾਰ ਵਾਲੀ ਸੁਆਣੀ ਸਨ। ਜਦ ਕਦੀ ਵੀ ਆਪ ਨੂੰ ਮਿਲਣ ਦਾ ਇਤਫ਼ਾਕ ਹੋਇਆ, ਉਹ ਬਹੁਤ ਹੀ ਨਿੱਘ ਤੇ ਪਿਆਰ ਨਾਲ ਮਿਲਦੇ ਤੇ ਸਾਹਿੱਤ ਬਾਰੇ ਗੱਲਾਂ ਕਰਨੀਆਂ ਉਨ੍ਹਾਂ ਦਾ ਮਨਭਾਉਂਦਾ ਸ਼ੌਕ ਸੀ। ਚਿੱਠੀਆਂ ਲਿਖਣ ਵਿਚ ਉਹ ਬੜੇ ਹੀ ਸਾਵਧਾਨ ਸਨ। ਜਦ ਕਦੀ ਵੀ ਕੁਝ ਪੁੱਛਿਆ ਜਾਂਦਾ ਤਾਂ ਉਹ ਫ਼ੌਰਨ ਵਾਪਸੀ ਡਾਕ ਖ਼ੁਦ ਲਿਖ ਕੇ ਭੇਜਦੇ। ਅੰਤ ਉਨ੍ਹਾਂ ਦੀ ਅਖ਼ੀਰੀ ਚਿੱਠੀ ਵੀ ਆ ਗਈ ਤੇ ਉਹ 2 ਜੂਨ 1976 ਨੂੰ ਸਾਨੂੰ ਸਦਾ ਦਾ ਵਿਛੋੜਾ ਦੇ ਗਏ। ਇਸ ਲਿਖਾਰੀ ਖ਼ਾਨਦਾਨ ਦੀ ਗੱਦੀ ਖ਼ਾਲੀ ਨਹੀਂ ਹੋਈ। ਬੀਬੀ ਰਛਪਾਲ ਕੌਰ ਐਮ.ਏ. ਨੇ ਹਿੰਮਤ ਕਰ ਕੇ ਭਾਈ ਕਾਨ੍ਹ ਸਿੰਘ ਬਾਰੇ ਖੋਜ-ਪ੍ਰਬੰਧ ਲਿਖਣ ਦਾ ਬੀੜਾ ਉਠਾਇਆ ਹੈ। ਰੱਬ ਹਿੰਮਤ ਬਖ਼ਸ਼ੇ, ਉਹ ਇਸ ਕੰਮ ਨੂੰ ਅੱਗੇ ਚਲਾਉਂਦੇ ਜਾਣ।

ਆਪ ਦਾ ਪਹਿਲਾ ਕਾਵਿ-ਸੰਗ੍ਰਹਿ *ਅਰਸ਼ੀ ਕਲੀਆਂ* ਨਾਮ ਹੇਠ 1936 ਈ: ਵਿਚ ਛਪਿਆ। ਇਸ ਵਿਚ ਆਪ ਦੀ ਛੋਟੀ ਭੈਣ ਬੀਬੀ ਅਮਰ ਕੌਰ ਦੀਆਂ ਕੁਝ ਕਵਿਤਾਵਾਂ ਵੀ ਸ਼ਾਮਲ ਹਨ। ਬੀਬੀ ਅਮਰ ਕੌਰ ਦੀ ਕਵਿਤਾ 'ਵਹਿੰਦਾ ਨਾਲਾ' ਕਾਫ਼ੀ ਸਲਾਹੀ ਗਈ ਹੈ। ਇਹ ਉਸ ਨੇ ਨੌਵੀਂ ਜਮਾਤ ਵਿਚ ਪੜ੍ਹਨ ਸਮੇਂ ਲਿਖੀ ਸੀ:

ਖਿੜੇ ਚਮਨ ਵਿਚ ਨਾਲਾ ਵਹਿੰਦਾ, ਨ ਜਾਣਾ ਮੁੜ ਵਹੇ ਕਿ ਨਾ।
ਰੁਤ ਫਿਰਿਆਂ ਗੁਲਜ਼ਾਰ ਉਦਾਸੇ, ਸੁੰਦਰਤਾ ਮਤ ਰਹੇ ਕਿ ਨਾ।
ਸੁੰਦਰਤਾ ਦਾ ਹਾਇ ਵਿਛੋੜਾ, ਸੁੰਦਰ ਨਾਲਾ ਸਹੇ ਕਿ ਨਾ।
ਜੇਕਰ ਸਹੇ ਤਾਂ ਕੰਢੇ ਬਹਿ ਕੇ, ਨੈਣਾਂ ਛਹਿਬਰ ਛੁਹੇ ਕਿ ਨਾ।
ਹੇ ਦਿਲ! ਅੱਖੀਓਂ ਸੱਧਰ ਲਾਹ ਲੈ, ਨ ਜਾਣਾ ਮੁੜ ਲਹੇ ਕਿ ਨਾ।
ਇਸ ਜ਼ਿੰਦੜੀ ਦਾ ਕੀ ਭਰਵਾਸਾ, ਆਉਂਦੀ ਰੁੱਤੇ ਰਹੇ ਕਿ ਨਾ।

37 ਸਾਲ ਬਾਅਦ ਬੀਬੀ ਹਰਨਾਮ ਕੌਰ ਜੀ ਨੇ ਆਪਣਾ ਦੂਜਾ ਤੇ ਆਖ਼ਰੀ ਕਾਵਿ-ਸੰਗ੍ਰਹਿ *ਪਾਰਸ ਛੁਹ* ਨਾਮ ਹੇਠ 1973 ਈ: ਵਿਚ ਬੜੀ ਰੀਝ ਨਾਲ ਪ੍ਰਕਾਸ਼ਿਤ ਕੀਤਾ। ਇਸ ਵਿਚ ਕਈ ਕਿਸਮ ਦੀਆਂ ਰਚਨਾਵਾਂ ਹਨ। ਬਹੁਤੀ ਕਾਵਿ-ਰਚਨਾ ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਸਮਰਪਣ ਹੈ। ਇਸ ਤੋਂ ਇਲਾਵਾ ਉਨ੍ਹਾਂ

ਕੁਦਰਤ ਦੇ ਖੁੱਲ੍ਹੇ ਨਜ਼ਾਰਿਆਂ ਵਿਚੋਂ ਚੰਦ, ਤਾਰੇ, ਸਾਗਰ ਤੇ ਫੁੱਲਾਂ ਦੇ ਪ੍ਰਤੀਕ ਲੈ ਕੇ ਆਪਣੀ ਮਾਨਸਿਕ ਅਵਸਥਾ ਬਾਖ਼ੂਬੀ ਪ੍ਰਗਟ ਕੀਤੀ ਹੈ। ਵੰਨਗੀ ਇਸ ਪ੍ਰਕਾਰ ਹੈ :

ਹਾਂ ਦੋਵੇਂ ਅਥਾਹ ਸਾਗਰ

1. ਤੂੰ ਮਹਾਂ ਸਾਗਰ, ਮੇਰਾ ਦਿਲ ਸਾਗਰ,
ਤੇਰੇ ਉਪਰ ਲਹਿਰਾਂ, ਮੇਰੇ ਦਿਲ ਤਰੰਗਾਂ।
ਤੂੰ ਉੱਚੇ ਅਕਾਸ਼ ਦੇ ਰੰਗ ਵਿਚ ਭਿਜਿਆ ਭਿਜਿਆ,
ਮੇਰੀ ਰੂਹ ਕਿਸੇ ਉਚੇ ਪਿਆਰ ਦੇ ਰੰਗ ਵਿਚ ਭਿਜੀ ਭਿਜੀ।
ਤੇਰੇ ਵਿਚ ਤੈਹਾਂ, ਮੇਰੇ ਦਿਲ ਤੈਹਾਂ,
ਕੀ ਕੁਝ ਤੇਰੀਆਂ ਤੈਹਾਂ ਵਿਚ, ਤੂੰ ਜਾਣੇ ਯਾ ਉਹ ਜਾਣੇ।
ਕੀ ਕੁਝ ਮੇਰੇ ਦਿਲ ਤੈਹਾਂ ਵਿਚ ਮੈਂ ਜਾਣਾ ਯਾ ਉਹ ਜਾਣੇ,
ਪਰ ਹਾਂ ਦੋਵੇਂ ਅਥਾਹ ਸਾਗਰ।

2. ਚੰਨਾ! ਜਦ ਵੀ ਵਿਹੜੇ ਆਵੇਂ, ਨਾਲ ਚਾਨਣੀ ਤੇਰੀ,
ਕਦੀ ਹਨੇਰੇ ਵਿਚ ਮਿਲਣ ਦੀ, ਸੱਧਰ ਲਹੀ ਨ ਮੇਰੀ।
ਕੱਲਮ-ਕੱਲਾ ਰਹੇਂ ਅਕਾਸ਼ੀਂ, ਤੂੰ ਕੀ ਜਾਣੇ ਪ੍ਰੀਤਾਂ,
ਮੈਂ ਆਸਾਂ ਦੇ ਮਹਲ ਉਸਾਰਾਂ, ਤੂੰ ਕਰ ਦੇਵੇਂ ਢੇਰੀ।

3. ਅੱਜ ਸਵੇਰੇ ਬੜੀ ਸਵੇਰੇ, ਅੰਬਰ ਸਾਂਭ ਰਿਹਾ ਸੀ ਤਾਰੇ,
ਮੈਂ ਹੱਥ ਲੈ ਕੇ ਪੱਛੀ ਦੋਵੇਂ, ਅੰਬਰ ਅੱਗੇ ਹੱਥ ਪਸਾਰੇ।
ਸੁਹਣੇ ਅੰਬਰ! ਦੋ ਬੁਕ ਤਾਰੇ, ਮੇਰੀ ਪੱਛੀ ਦੇ ਵਿਚ ਪਾ ਦੇ,
ਅੱਜ ਇਹ ਭੇਟਾ ਲੈ ਕੇ ਜਾਣੀ, ਆਪਣੇ ਸੱਜਣ ਦੇ ਮੈਂ ਦੁਆਰੇ।

4. ਨੀਲਾ ਅੰਬਰ ਕਾਗ਼ਜ਼ ਮੇਰਾ, ਨਜ਼ਰ ਮੇਂਡੜੀ ਮੇਰੀ ਕਾਨੀ,
ਤਾਰੇ ਪਾਲਾਂ ਅੱਖਰ ਚਮਕਣ, ਨਿਤ ਲਿਖਦੀ ਮੈਂ ਤੱਕ ਅਸਮਾਨੀ।
ਦਿਲੀ ਵਲਵਲੇ ਮੇਰੇ ਅੰਬਰੀਂ, ਪੜ੍ਹ ਸਕਦਾ ਇਹ ਹੋਰ ਨਾ ਕੋਈ,
ਮੈਂ ਉਕਰੀ ਤੂੰ ਵਾਚ ਸੁਹਣਿਆ! ਮੇਰੀ ਰਮਜ਼ਾਂ ਭਰੀ ਕਹਾਣੀ।

5. ਅੰਬਰ ਤੋਂ ਇਕ ਲੈ ਕੇ ਆਈ, ਟਿਮ ਟਿਮ ਕਰਦਾ ਤਾਰਾ,
ਤਾਰਾ-ਦੀਵਾ ਹੱਥ 'ਤੇ ਰੱਖ ਕੇ, ਮੈਂ ਡਿੱਠਾ ਜਗ ਸਾਰਾ।
ਏਸੇ ਤਾਰੇ ਦੀ ਲੋਅ ਦੇ ਅੰਦਰ, ਲੱਭਿਆ ਪੁਰਖ ਨਿਆਰਾ,
ਜੁਗ ਜੁਗ ਜੀਵਣ ਸੂਰਜ ਤੇ ਚੰਦ, ਸਾਨੂੰ ਤਾਰਾ ਪਿਆਰਾ।

6. ਮੈਂ ਮੁੱਕੀ ਨ ਰਸਤੇ ਮੁੱਕੇ, ਜਿਉਂ ਜਿਉਂ ਟੁਰਾਂ ਲੰਮੇਰੇ,
'ਵਸ' ਮੁੱਕਾ ਬੇਵਸੀ ਨ ਮੁੱਕੀ, ਤਰਲੇ ਲਏ ਬਥੇਰੇ।
ਘੜੀ ਵਸਲ ਦੀ ਝਟਪਟ ਮੁੱਕੇ, ਮੁੱਕਦੇ ਨਹੀਂ ਵਿਛੋੜੇ,
ਦਿਨ ਤੇ ਰਾਤਾਂ ਮੁੱਕੀ ਜਾਵਣ, ਖ਼ਾਬ ਨ ਮੁੱਕਦੇ ਤੇਰੇ।

7. ਭਿੰਨੀ ਰੈਣ ਟੁਰੀ ਹੈ ਜਾਂਦੀ, ਖਿਸਕਣ ਲੱਗੇ ਤਾਰੇ,
ਉੱਠ ਮਨਾ! ਪਹੁ ਫੁੱਟਣ ਲੱਗੀ, ਤੂੰ ਵੀ ਹੋਇ ਕਿਨਾਰੇ।
ਭਰ ਸ਼ੁਕਰਾਨੇ ਵਿਚ ਮਨਾਂ ਤੂੰ, ਕਰ ਹੁਣ ਦਿਨ ਦੀ ਤਿਆਰੀ,
ਆਸ ਉਡੀਕਾਂ ਮੁੜ ਦਿਲ ਧਰ ਕੇ, ਚੁਗ ਲੈ ਚੋਗ ਖਿਲਾਰੀ।

ਘੁੰਗਰਾਣੇ ਦੇ ਸਟੇਸ਼ਨ 'ਤੇ

ਘੁੰਗਰਾਣਾ ਸਟੇਸ਼ਨ, ਲੁਧਿਆਣਾ-ਧੂਰੀ ਲਾਈਨ ਦੇ ਦਰਮਿਆਨ ਪੈਂਦਾ ਹੈ। ਜਦ ਰੇਲ ਗੱਡੀ ਲੰਘਦੀ ਹੈ ਤਾਂ ਮੈਂ ਆਪਣੀ ਜਨਮ-ਭੂਮੀ ਅਤੇ ਇਸ ਦੇ ਆਲੇ-ਦੁਆਲੇ ਨੂੰ ਗਹੁ ਨਾਲ ਤੱਕਦਾ ਨਹੀਂ ਥੱਕਦਾ। ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਇਤਿਹਾਸਕ ਉੱਚਾ ਬੁਰਜ ਹੈ, ਜੋ ਘੁੰਗਰਾਣੇ ਪਰਗਣੇ ਦੀ ਪ੍ਰਭੁਸੱਤਾ ਦਾ ਕਿੱਸਾ ਸੁਣਾਉਂਦਾ ਹੈ। ਸਿੱਖ ਮਿਸਲਾਂ ਦੇ ਜ਼ਮਾਨੇ ਇਹ ਕਿਲ੍ਹਾ ਫ਼ਤਿਹਗੜ੍ਹ ਸੀ, ਪਰ ਉਸ ਦੇ ਬਾਅਦ ਸ: ਤਾਰਾ ਸਿੰਘ ਗੈਬਾ ਪਿੰਡ ਤੋੜਾ ਵਾਲਾ, ਜ਼ਿਲ੍ਹਾ ਬਠਿੰਡਾ ਦਾ ਵਸਨੀਕ ਕੰਗ ਜੱਟ ਇਸ ਮਿਸਲ ਦਾ ਜਥੇਦਾਰ ਬਣਿਆ। ਸ: ਤਾਰਾ ਸਿੰਘ ਪਹਿਲੇ ਪਹਿਲ ਬੱਕਰੀਆਂ ਚਾਰਦਾ ਹੁੰਦਾ ਸੀ। ਜਦ ਦਸਮੇਸ਼ ਜੀ ਦੀ ਚਲਾਈ ਇਨਕਲਾਬੀ ਲਹਿਰ ਨੇ ਪੰਜਾਬ ਵਿਚ ਪੈਰ ਪਸਾਰੇ ਤਾਂ ਇਹ ਵੀ ਸਿੱਖ ਸਰਦਾਰਾਂ ਦੀਆਂ ਜਿੱਤਾਂ ਸੁਣ ਸੁਣ ਕੇ ਪ੍ਰਭਾਵਿਤ ਹੋਇਆ ਤੇ ਅੰਮ੍ਰਿਤ ਛਕ ਕੇ ਡੱਲੇਵਾਲੀਆਂ ਮਿਸਲ ਵਿਚ ਸ਼ਾਮਲ ਹੋ ਗਿਆ। ਇਹ ਜ਼ਮਾਨਾ ਅਹਿਮਦ ਸ਼ਾਹ ਅਬਦਾਲੀ ਨਾਲ ਟਾਕਰੇ ਦਾ ਸੀ। ਸਿੰਘਾਂ ਦੀ ਨੀਤੀ ਇਹ ਸੀ ਕਿ ਦੇਸ਼ ਵਿਚ ਅਫ਼ਗਾਨਾਂ ਦੇ ਪੈਰ ਨਾ ਲੱਗਣ ਦਿੱਤੇ ਜਾਣ ਤੇ ਕਾਬਲੀ ਕੁੱਤੇ ਨੂੰ ਕੱਢ ਕੇ ਪੰਜਾਬ ਦੀ ਵਾਗਡੋਰ ਖ਼ੁਦ ਸੰਭਾਲੀ ਜਾਵੇ। ਏਸ ਖ਼ਾਤਰ ਵੱਡੇ ਘੱਲੂਘਾਰਿਆਂ ਵਰਗੀਆਂ ਕਈ ਖ਼ੂਨੀ ਲੜਾਈਆਂ ਹੋਈਆਂ ਤੇ ਹਜ਼ਾਰਾਂ ਸਿੰਘ ਸ਼ਹੀਦ ਹੋਏ, ਪਰੰਤੂ ਅਖ਼ੀਰ ਜਿੱਤ ਖ਼ਾਲਸੇ ਦੀ ਹੋਈ। ਏਸ ਕਾਰਨਾਮੇ ਨੂੰ ਸਰੰਜਾਮ ਦੇਣ ਵਿਚ ਸ: ਤਾਰਾ ਸਿੰਘ ਗੈਬਾਂ ਮੋਹਰੀ ਬਹਾਦਰਾਂ ਵਿੱਚੋਂ ਸੀ। ਇਹ ਇੱਜੜ ਚਾਰਨ ਵਾਲਾ ਸਾਧਾਰਨ ਵਿਅਕਤੀ ਦਸ ਹਜ਼ਾਰ ਸਵਾਰਾਂ ਦਾ ਸਿਪਹਸਲਾਰ ਬਣਿਆ ਤੇ ਲਗਪਗ ਦਸ ਲੱਖ ਆਮਦਨੀ ਵਾਲੇ ਇਲਾਕੇ ਦਾ ਮਾਲਕ ਹੋਇਆ। ਇਸ ਦੀ ਇਕ ਖ਼ਾਸ ਖ਼ੂਬੀ ਇਹ ਸੀ ਕਿ ਇਹ ਸਾਥੀ ਸਰਦਾਰਾਂ ਨੂੰ ਦੱਸੇ ਬਗ਼ੈਰ ਚੁੱਪ-ਚੁਪੀਤੇ ਆਪਣਾ ਤੂਫ਼ਾਨੀ ਦਸਤਾ ਲੈ ਕੇ ਪਠਾਣੀ ਫ਼ੌਜਾਂ ਉੱਤੇ ਜਾ ਪੈਂਦਾ ਸੀ, ਜਿਵੇਂ ਕੋਈ ਗ਼ੈਬੋਂ ਬਿੱਜ ਪਈ ਹੋਵੇ। ਇਸ ਕਰਕੇ ਸਿੰਘਾਂ ਵਿਚ ਇਸ ਦਾ ਨਾਂ 'ਗੈਬਾ' ਕਰਕੇ ਮਸ਼ਹੂਰ ਹੋਇਆ। ਕਈ ਲਿਖਾਰੀਆਂ ਇਸ ਨੂੰ 'ਘੇਬਾ' ਕਰਕੇ ਲਿਖਿਆ ਹੈ, ਇਹ ਠੀਕ ਨਹੀਂ। ਇਕ ਵਾਰ ਦਾਊਦਪੁਰ ਦੇ ਜ਼ਾਲਮ ਹਾਕਮ ਨੂੰ ਦੰਡ ਦੇਣ ਲਈ 30 ਮੀਲ ਲੰਮਾ ਸਫ਼ਰ ਕਰ ਕੇ ਇਹ ਉਸ ਨੂੰ ਸੋਧ ਆਇਆ ਸੀ।

ਜਦੋਂ ਸਾਰੇ ਇਲਾਕੇ ਸਿੱਖ ਮਿਸਲਾਂ ਦੀ ਰਾਖੀ ਦੇ ਅਧੀਨ ਆਏ ਤਾਂ ਘੁੰਗਰਾਣਾ ਪਰਗਣਾ ਤੇ ਇਸ ਦੇ ਆਲੇ-ਦੁਆਲੇ ਦੇ ਪਿੰਡ ਇਸ ਦੇ ਕਬਜ਼ੇ ਵਿਚ ਆਏ, ਦੁਆਬੇ

ਦਾ ਤਕੜਾ ਇਲਾਕਾ ਵੀ ਇਸ ਨੇ ਮੱਲਿਆ ਤੇ ਰਾਹੋਂ ਇਸ ਦਾ ਹੈੱਡ ਕੁਆਰਟਰ ਸੀ। ਇਹ ਚੰਗਾ ਤਕੜਾ ਸੂਰਬੀਰ ਹੀ ਨਹੀਂ ਸੀ, ਦਾਨੀ ਵੀ ਹੱਦ ਦਰਜੇ ਦਾ ਸੀ ਤੇ ਪਰਜਾ ਦੀ ਭਲਾਈ ਲਈ ਥਾਂ-ਥਾਂ ਲੰਗਰ ਚਲਾਉਂਦਾ ਰਹਿੰਦਾ ਸੀ ਤੇ ਇਸ ਦੀ ਰਾਣੀ ਰਤਨ ਕੌਰ ਵੀ ਲੋਕ-ਸੇਵਾ ਦੇ ਸੁਭਾਉ ਵਾਲੀ ਸੀ।

ਜਦ ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀ ਦਾ ਉਭਾਰ ਹੋਇਆ ਤਾਂ ਉਸ ਦਰਿਆ ਸਤਲੁਜ ਪਾਰ ਦੇ ਇਲਾਕੇ ਵੀ ਆਪਣੇ ਅਧੀਨ ਕਰਨ ਲਈ ਫ਼ੌਜੀ ਸਰਗਰਮੀ ਦਿਖਾਈ। ਉਸ ਦਾ ਨਿਸ਼ਾਨਾ ਸੀ ਕਿ ਇਹ ਦਰਿਆ ਜਮਨਾ ਤਕ ਫੈਲੀਆਂ ਨਿੱਕੀਆਂ ਨਿੱਕੀਆਂ ਰਿਆਸਤਾਂ ਨੂੰ ਮਿਲਾ ਕੇ ਇਕ ਵੱਡੀ ਮਜ਼ਬੂਤ ਸਿੱਖ ਸਲਤਨਤ ਬਣਾਈ ਜਾਵੇ। ਇਸ ਮੰਤਵ ਲਈ ਉਹ ਅੰਬਾਲੇ ਵੱਲ ਆਇਆ। ਸ: ਤਾਰਾ ਸਿੰਘ ਗੈਬਾ ਵੀ ਉਸ ਦੇ ਨਾਲ ਸੀ। ਨਰਾਇਣਗੜ੍ਹ (ਹਰਿਆਣਾ) ਦੇ ਮੁਕਾਮ 'ਤੇ ਭਾਰੀ ਲੜਾਈ ਹੋਈ, ਜਿਸ ਵਿਚ ਬਜ਼ੁਰਗ ਗੈਬਾ ਸਰਦਾਰ ਅਤਿ ਜ਼ਖ਼ਮੀ ਹੋਇਆ ਤੇ ਘਰ ਪਰਤ ਕੇ ਦਮ ਤੋੜ ਗਿਆ। ਉਸ ਦੀ ਸਮਾਧ ਰਾਹੋਂ ਬਣੀ ਹੋਈ ਹੈ। ਇਹ ਗੱਲ ਅਕਤੂਬਰ 1807 ਈ: ਦੀ ਹੈ। ਇਸ ਤੋਂ ਪਿੱਛੋਂ ਰਾਹੋਂ ਦੇ ਕਿਲ੍ਹੇ ਉੱਤੇ ਮਹਾਰਾਜਾ ਰਣਜੀਤ ਸਿੰਘ ਨੇ ਕਬਜ਼ਾ ਕਰ ਲਿਆ ਤੇ ਉਸ ਦੇ ਤਿੰਨ ਪੁੱਤਰਾਂ ਨੂੰ ਗੁਜ਼ਾਰੇ ਲਈ ਜਗੀਰ ਦੇ ਦਿੱਤੀ। ਗੁਜਰ ਸਿੰਘ ਪਾਸ ਕਿਲ੍ਹਾ ਘੁੰਗਰਾਣਾ ਤੇ ਧਰਮਕੋਟ ਦਾ ਇਲਾਕਾ ਰਿਹਾ, ਦਸੌਂਧਾ ਸਿੰਘ ਨੂੰ ਬਦੋਵਾਲ ਦਾ ਇਲਾਕਾ ਮਿਲਿਆ ਤੇ ਝੰਡਾ ਸਿੰਘ ਨੂੰ ਦੁਆਬੇ ਵਿਚ ਨਕੋਦਰ ਦਾ ਇਲਾਕਾ। ਰਾਣੀ ਰਤਨ ਕੌਰ ਨੂੰ ਨੌਂ ਪਿੰਡਾਂ ਦੀ ਵੱਖਰੀ ਜਾਗੀਰ ਦਿੱਤੀ ਗਈ।

ਜਦ ਦੂਜੀ ਵਾਰ ਮਹਾਰਾਜਾ ਰਣਜੀਤ ਸਿੰਘ ਭਾਰੂ ਹੋਇਆ ਤਾਂ ਸ: ਗੁੱਜਰ ਸਿੰਘ ਪਾਸੋਂ ਕਿਲ੍ਹਾ ਘੁੰਗਰਾਣਾ ਵੀ ਖੋਹਿਆ ਗਿਆ। ਇਹ ਮਹਾਰਾਜਾ ਰਣਜੀਤ ਸਿੰਘ ਨੇ ਸ: ਗੁਰਦਿੱਤ ਸਿੰਘ ਡੱਲੇਵਾਲੀਏ ਨੂੰ ਦੇ ਦਿੱਤਾ। ਫਿਰ ਸ: ਕਰਮ ਸਿੰਘ ਸ਼ਾਹਬਾਦੀ ਪਾਸ ਇਸ ਦਾ ਕਬਜ਼ਾ ਰਿਹਾ। ਮਹਾਰਾਜਾ ਰਣਜੀਤ ਸਿੰਘ ਦਾ ਮਾਮਾ ਰਾਜਾ ਭਾਗ ਸਿੰਘ ਤਾਂ ਚਾਹੁੰਦਾ ਸੀ ਕਿ ਇਹ ਇਲਾਕਾ ਉਸ ਨੂੰ ਦੇ ਦਿੱਤਾ ਜਾਵੇ ਤੇ ਇਕ ਵਾਰ ਰਾਜਾ ਸਾਹਿਬ ਸਿੰਘ ਪਟਿਆਲਾ ਨੇ ਵੀ ਇਸ ਕਿਲ੍ਹੇ ਨੂੰ ਘੇਰਾ ਪਾਇਆ। ਇਸ ਖਿਚ-ਧੂਹ ਕਾਰਨ 1808 ਈ: ਵਿਚ ਦੋ ਤਿੰਨ ਮਹੀਨੇ ਇਥੇ ਸਿੱਖ ਸਰਦਾਰਾਂ ਵਿਚ ਗਹਿਗਚ ਲੜਾਈ ਹੁੰਦੀ ਰਹੀ, ਜਿਸ ਕਰਕੇ ਇਸ ਫ਼ਤਿਹਗੜ੍ਹ ਕਿਲ੍ਹੇ ਦਾ ਬਹੁਤਾ ਹਿੱਸਾ ਤਬਾਹ ਹੋ ਗਿਆ ਤੇ ਕੇਵਲ ਇਕ ਬੁਰਜ ਬਾਕੀ ਰਹਿ ਗਿਆ ਜੋ ਪੁਰਾਣੀ ਅਜ਼ਮਤ ਦੀ ਯਾਦ ਦਿਵਾਉਂਦਾ ਹੈ।

ਖੰਡਰ ਬਤਾ ਰਹੇ ਹੈਂ ਕਿ ਇਮਾਰਤ ਅਜ਼ੀਮ ਥੀ।

ਇਨ੍ਹਾਂ ਦਿਨਾਂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰਨ ਲਈ ਅੰਗਰੇਜ਼ਾਂ ਨੇ ਮਿ: ਮੇਟਕਾਫ਼ ਦਾ ਮਿਸ਼ਨ ਭੇਜਿਆ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦੀ ਮੁੱਢਲੀ ਸ਼ਰਤ ਸੀ ਕਿ ਪੰਜਾਬ ਉੱਤੇ ਮੇਰੀ ਪ੍ਰਭੂਸੱਤਾ ਮੰਨੀ ਜਾਵੇ। ਇਸੇ ਲਈ ਉਸ ਨੇ ਤੇਜ਼ੀ ਨਾਲ ਫ਼ੌਜ ਲੈ ਕੇ ਮਾਲਵੇ ਦੇ ਦੋ ਤਿੰਨ ਤੂਫ਼ਾਨੀ ਦੌਰੇ ਕੀਤੇ। ਫ਼ਰੀਦਕੋਟ ਹੋ ਕੇ ਘੁੰਗਰਾਣੇ ਵਿਚਦੀ ਮਲੇਰਕੋਟਲੇ ਗਿਆ ਤੇ ਉਥੋਂ ਨਜ਼ਰਾਨਾ ਵਸੂਲ ਕੀਤਾ। ਮਹਾਰਾਜਾ ਰਣਜੀਤ ਸਿੰਘ ਤੇ ਮੇਟਕਾਫ਼ ਦੋਵੇਂ ਮਨਚਲੇ ਨੌਜੁਆਨ ਸਨ। ਰਣਜੀਤ

ਸਿੰਘ 27-28 ਵਰ੍ਹੇ ਦਾ ਸੀ ਤੇ ਮੈਟਕਾਫ਼ 25 ਵਰ੍ਹਿਆਂ ਦਾ। ਮਲੇਰਕੋਟਲੇ ਰਣਜੀਤ ਸਿੰਘ ਨੇ ਮੈਟਕਾਫ਼ ਨੂੰ ਚੋਭ ਲਾ ਕੇ ਕਿਹਾ—'ਸਾਨੂੰ ਪਤਾ ਲੱਗਾ ਹੈ ਕਿ ਅੰਗਰੇਜ਼ ਦਿੱਲੀ ਕਬਜ਼ੇ ਵਿਚ ਕਰ ਕੇ ਹੁਣ ਪੰਜਾਬ ਉੱਤੇ ਧਾਵਾ ਬੋਲਣ ਵਾਲੇ ਹਨ।' ਅੱਗੋਂ ਮੈਟਕਾਫ਼ ਨੇ ਜਵਾਬ ਦਿੱਤਾ, 'ਉਧਰ ਅਫ਼ਵਾਹ ਇਹ ਹੈ ਕਿ ਰਣਜੀਤ ਸਿੰਘ, ਖ਼ਾਲਸਾ ਦਲ ਲੈ ਕੇ ਦਿੱਲੀ ਉੱਤੇ ਚੜ੍ਹਾਈ ਕਰ ਰਿਹਾ ਹੈ।' ਇਸ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਦੇਸ਼ ਕਿਸ ਰਾਜਨੀਤਕ ਅਵਸਥਾ ਵਿਚੀਂ ਲੰਘ ਰਿਹਾ ਸੀ। ਅੰਗਰੇਜ਼ੀ ਸਫ਼ੀਰ ਆਪਣੀਆਂ ਸ਼ਰਤਾਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਪਿੱਛੇ-ਪਿੱਛੇ ਫਿਰ ਰਿਹਾ ਸੀ ਤੇ ਮਹਾਂਬਲੀ ਰਣਜੀਤ ਸਿੰਘ ਆਪਣੀਆਂ ਮੁਹਿੰਮਾਂ ਵਿਚ ਮਸਰੂਫ਼ ਸੀ।

ਚੁਨਾਂਚਿ ਨਵੰਬਰ 1808 ਈ: ਵਿਚ ਕਈ ਦਿਨ ਮੈਟਕਾਫ਼ ਘੁੰਗਰਾਣੇ ਕੈਂਪ ਲਾ ਕੇ ਬੈਠਾ ਰਿਹਾ ਤੇ ਇਥੋਂ ਲਿਖੇ ਚਿੱਠੀ ਪੱਤਰਾਂ ਵਿਚ ਉਹ ਇਸ ਥਾਂ ਦਾ ਨਾਂ 'ਫ਼ਤਹਿਗੜ੍ਹ ਘੁੰਗਰਾਣਾ' ਲਿਖਦਾ ਹੈ। ਇਹ ਮੈਟਕਾਫ਼ ਉਹੋ ਹੈ ਜੋ ਆਪਣੀ ਮੁਦੱਬਰੀ ਕਰ ਕੇ ਪਿੱਛੋਂ ਹਿੰਦ ਦਾ ਗਵਰਨਰ ਜਨਰਲ (1835-38 ਈ:) ਵੀ ਰਿਹਾ। ਅਖ਼ੀਰ ਸਾਰੀ ਗੱਲਬਾਤ ਤੋਂ ਬਾਅਦ ਅੰਮ੍ਰਿਤਸਰ ਦੇ ਮੁਕਾਮ 'ਤੇ ਅਪ੍ਰੈਲ 1809 ਈ: ਵਿਚ ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ੀ ਸਰਕਾਰ ਵਿਚਕਾਰ ਸੰਧੀਨਾਮਾ ਹੋਇਆ, ਜਿਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੂੰ ਸਤਲੁਜ ਦੇ ਉਰਾਰ ਦਾ ਇਲਾਕਾ ਛੱਡਣਾ ਪਿਆ ਤੇ ਘੁੰਗਰਾਣਾ ਪਰਗਣਾ ਵੀ ਅੰਗਰੇਜ਼ੀ ਰਾਜ ਦਾ ਅੰਗ ਹੋ ਗਿਆ।

'ਸੈਰ-ਇ-ਪੰਜਾਬ' ਦਾ ਕਰਤਾ ਲਿਖਦਾ ਹੈ ਕਿ 1850 ਈ: ਵਿਚ ਘੁੰਗਰਾਣੇ ਪਰਗਣੇ ਹੇਠ 56 ਪਿੰਡ ਸਨ, ਜਿਸ ਦੀ 5,88,894 ਏਕੜ ਜ਼ਮੀਨ ਸੀ ਅਤੇ 72,800 ਰੁਪਈਆ ਸਾਲਾਨਾ ਮਾਮਲਾ ਉਗਰਾਇਆ ਜਾਂਦਾ ਸੀ।

ਘੁੰਗਰਾਣੇ ਵਿਚ ਵਧੇਰੇ ਅਬਾਦੀ ਢਿੱਲੋਂ ਗੋਤ ਦੀ ਹੈ। ਰਵਾਇਤ ਹੈ ਕਿ ਅਠਾਰ੍ਹਵੀਂ ਸਦੀ ਦੇ ਮੱਧਕਾਲ ਵਿਚ ਕੁਝ ਪਰਿਵਾਰ ਝਬਾਲ (ਮਾਝੇ ਦੀ ਧਰਤੀ) ਤੋਂ ਆ ਕੇ ਇਥੇ ਵੱਸੇ। ਲਾਗੇ ਦੋ ਕੋਹ 'ਤੇ ਵੱਸਿਆ ਪਿੰਡ ਡੇਹਲੋਂ ਵੀ ਢਿੱਲੋਂ ਗੋਤ ਦਾ ਹੀ ਹੈ, ਪਰ ਅੰਗਰੇਜ਼ਾਂ ਦੇ ਲਿਆਂਦੇ (ਭੱਈਏ) ਮੁਨਸ਼ੀਆਂ ਨੇ ਢਿੱਲੋਂ ਸ਼ਬਦ ਨੂੰ ਡੇਹਲੋਂ ਪੜ੍ਹ ਕੇ ਇਕ ਨਵਾਂ ਨਾਮ ਪ੍ਰਚੱਲਤ ਕਰ ਦਿੱਤਾ। ਇਸ ਇੱਕੋ ਮਿਸਾਲ ਤੋਂ ਜ਼ਾਹਰ ਹੈ ਕਿ ਕਿਵੇਂ ਬਿਗਾਨੀ ਲਿਪੀ ਜ਼ਬਾਨ ਦੇ ਸਹੀ ਰੂਪ ਨੂੰ ਵਿਗਾੜ ਦਿੰਦੀ ਹੈ।

ਵੀਹਵੀਂ ਸਦੀ ਦੇ ਮੁੱਢ ਵਿਚ ਇਸ ਨਗਰ ਉੱਤੇ ਸਿੰਘ ਸਭਾ ਲਹਿਰ ਦਾ ਡੂੰਘਾ ਅਸਰ ਹੋਇਆ। ਸੰਤ ਅਤਰ ਸਿੰਘ ਜੀ ਦੇ ਪ੍ਰਚਾਰ ਸਦਕਾ ਅਨੇਕਾਂ ਅੰਮ੍ਰਿਤਧਾਰੀ ਸਿੰਘ ਸਜੇ। ਪਿੱਛੋਂ ਗਿਆਨੀ ਅਰਜਨ ਸਿੰਘ ਕਈ ਸਾਲ ਇਥੇ ਕਥਾ ਕਰਦੇ ਰਹੇ, ਜਿਸ ਦਾ ਭੋਗ ਦਸੰਬਰ 1931 ਵਿਚ ਪਿਆ। ਉਨ੍ਹਾਂ ਦੇ ਪ੍ਰਚਾਰ ਨਾਲ ਨਵੀਂ ਚੇਤਨਾ ਆਈ ਅਤੇ ਘੁੰਗਰਾਣਾ ਨਿਵਾਸੀ ਜੰਗਿ-ਅਜ਼ਾਦੀ ਤੇ ਪੰਥਕ ਸਰਗਰਮੀਆਂ ਵਿਚ ਨਰੋਆ ਹਿੱਸਾ ਲੈਂਦੇ ਰਹੇ। ਰਾਣਾ ਘੁੰਗ ਦਾ ਵਸਾਇਆ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ-ਛੂਹ ਨਾਲ ਵਰੋਸਾਇਆ ਇਹ ਨਗਰ ਅੱਜ ਆਪਣੀ ਪਰੰਪਰਾ ਨੂੰ ਮੁੜ ਸੁਰਜੀਤ ਕਰ ਰਿਹਾ ਹੈ।

ਕਲਮ ਦਾ ਕਾਮਿਲ ਕਦਰਦਾਨ

ਮਹਾਰਾਜਾ ਰਣਜੀਤ ਸਿੰਘ ਇਕ ਵਚਿੱਤਰ ਭਾਂਤ ਦਾ ਦਾਨਾ-ਬੀਨਾ ਕਲਾਧਾਰੀ ਪੁਰਖ ਸੀ, ਜਿਸ ਨੇ ਸਦੀਆਂ ਬਾਅਦ ਪੰਜਾਬ ਵਿਚ ਸੁਤੰਤਰ ਰਾਜ ਸਥਾਪਤ ਕਰ ਕੇ ਇਥੇ ਸੰਸਕ੍ਰਿਤਕ ਤੇ ਸਾਹਿਤਕ ਵਿਕਾਸ ਦਾ ਵਾਤਾਵਰਣ ਬਣਾਇਆ। ਉਹ ਕੇਵਲ ਰਾਜਨੀਤੀ ਤੇ ਯੁੱਧ-ਕਲਾ ਵਿਚ ਹੀ ਪ੍ਰਬੀਨ ਨਹੀਂ ਸੀ, ਉਸ ਨੇ ਹੋਰ ਸੂਖਮ ਕਲਾਵਾਂ ਦੀ ਵੀ ਰੱਜ ਕੇ ਸਰਪ੍ਰਸਤੀ ਕੀਤੀ। ਇਹੋ ਕਾਰਣ ਹੈ ਕਿ ਉਸ ਦੇ ਚਾਲ਼ੀ ਸਾਲਾ ਰਾਜ ਸਮੇਂ ਪੰਜਾਬ ਨੇ ਚਿਤ੍ਰਕਲਾ, ਮੰਦਰਕਲਾ, ਸ਼ਿਲਪਕਲਾ ਤੇ ਸਾਹਿਤ ਕਲਾ ਆਦਿ ਵਿਚ ਬੜੀਆਂ ਲੰਮੀਆਂ ਉਲਾਂਘਾਂ ਪੁੱਟੀਆਂ। ਇਕੱਲਾ ਹਰਿਮੰਦਰ ਸਾਹਿਬ ਦਾ ਇਮਾਰਤੀ ਹੁਨਰ ਦੱਸਦਾ ਹੈ ਕਿ ਭਵਨ ਨਿਰਮਾਣ ਕਲਾ ਕਿਨ੍ਹਾਂ ਉੱਚੀਆਂ ਸਿਖਰਾਂ ਨੂੰ ਛੋਹ ਰਹੀ ਸੀ। ਦਿੱਲੀ, ਬਨਾਰਸ, ਲਖਨਊ ਤੇ ਕਾਂਗੜੇ ਦੇ ਦਰਜਨਾਂ ਚਿੱਤ੍ਰਕਾਰ ਮਹਾਰਾਜੇ ਪਾਸ ਆਏ ਤੇ ਕੁਝ ਪੱਛਮੀ ਕਲਾਕਾਰ ਵੀ ਉਸ ਦੀ ਉਦਾਰਤਾ ਤੋਂ ਵਰੋਸਾਏ। ਮਿਸਟਰ ਬਾਰ *ਏ ਜਰਨੀ ਫਰਾਮ ਦਿਹਲੀ ਟੂ ਪਿਸ਼ਾਵਰ* (ਪੰਨਾ 140-42) ਵਿਚ ਸਿੱਖ ਰਾਜ ਨੂੰ 'ਚਿੱਤ੍ਰਕਾਰੀ ਦੀ ਕੋਮਲ ਕਲਾ ਦਾ ਦੇਸ਼' ਕਹਿ ਕੇ ਯਾਦ ਕਰਦਾ ਹੈ। ਖ਼ਾਲਸਾ ਦਰਬਾਰ ਦੇ ਇਹ ਅਮੋਲਕ ਚਿੱਤ੍ਰ ਸਾਡੇ ਪਾਸ ਨਹੀਂ ਹਨ, ਕੁਝ ਲਾਹੌਰ ਪਏ ਹਨ ਤੇ ਕਿਤਨੇ ਹੀ ਲੰਡਨ ਬ੍ਰਿਟਿਸ਼ ਮਿਯੂਜ਼ੀਅਮ, ਵਿਕਟੋਰੀਆ ਐਲਬਰਟ ਮਿਯੂਜ਼ੀਅਮ ਜਾਂ ਫਿਰ ਇੰਡੀਆ ਔਫ਼ਿਸ ਲਾਇਬ੍ਰੇਰੀ ਦਾ ਸ਼ਿੰਗਾਰ ਹਨ।

ਇਹ ਤਾਂ ਇਕ ਇਤਿਹਾਸਕ ਹਕੀਕਤ ਹੈ ਕਿ ਅਠਾਰ੍ਹਵੀਂ ਸਦੀ ਪੰਜਾਬ ਲਈ ਅਤਿਅੰਤ ਗੜਬੜ ਤੇ ਬਦਅਮਨੀ ਦਾ ਜ਼ਮਾਨਾ ਸੀ, ਵੀਹ ਹਮਲੇ ਤਾਂ ਕਾਬਲ ਵਲੋਂ ਹੀ ਹੋਏ। ਨਾਦਰਸ਼ਾਹ ਨੇ ਜੋ ਫਤੂਰ ਪਾਇਆ, ਉਹ ਵੀ ਸਿਰੇ ਦਾ ਸੀ। ਅਜਿਹੀ ਮਾਰਧਾੜ ਵਿਚ ਕਲਮ ਤੇ ਬੁਰਸ਼ ਦੀ ਕੀ ਕਦਰ ਹੋ ਸਕਦੀ ਸੀ। ਸਿੱਖ ਸੰਗ੍ਰਾਮੀਆਂ ਦੀ ਬੇ-ਮਿਸਾਲ ਘਾਲ ਦਾ ਸਿੱਟਾ ਸੀ ਕਿ ਇਥੇ ਕੁਝ ਅਮਨ ਅਮਾਨ ਹੋਇਆ। ਮਾਲਵੇ ਦੀਆਂ ਰਿਆਸਤਾਂ ਵਿਚ ਵੀ ਸਾਹਿੱਤ ਤੇ ਕਲਾ ਦੇ ਦੀਪਕ ਜਗਮਗਾਏ। ਰਾਜਾ ਫ਼ਤਿਹ ਸਿੰਘ ਕਪੂਰਥਲੇ ਵਾਲਾ ਖ਼ੁਦ ਚੰਗਾ ਕਵੀ ਸੀ, ਰਾਜਾ ਜਸਵੰਤ ਸਿੰਘ ਨਾਭਾ ਰਚਿਤ 'ਭਾਸ਼ਾ ਭੂਸ਼ਣ' ਦਾ ਟੀਕਾ ਦੱਸਦਾ ਹੈ ਕਿ ਉਹ ਵੀ ਸਾਹਿੱਤਕ ਪਰੰਪਰਾ ਦਾ ਗਿਆਤਾ ਸੀ। ਸੰਗਰੂਰ ਵਿਚ ਸਾਹਿਬ ਸਿੰਘ ਮ੍ਰਿਗਿੰਦ ਤੇ ਪਟਿਆਲੇ ਕੇਸੋਦਾਸ ਤੇ ਬਾਵਾ ਰਾਮ ਦਾਸ ਜੇਹੇ ਮਹਾਨ ਕਵੀ ਤੇ ਰਿਆਸਤ ਕੈਥਲ ਵਿਚ ਭਾਈ ਸੰਤੋਖ ਸਿੰਘ ਜੀ ਵਰਗਾ ਮਹਾਨ ਸਾਹਿੱਤਕਾਰ ਦਸਾਂ ਗੁਰੂਆਂ ਦੇ ਚਮਤਕਾਰਾਂ ਉਪਰ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ*

ਵਰਗਾ ਮਹਾਨ ਕਾਵਿ ਰਚ ਕੇ ਕੋਈ ਨਵੀਂ ਕਿਸਮ ਦੇ ਪੂਰਨੇ ਪਾ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਗ ਸਭ ਤੋਂ ਵਿਸ਼ਾਲ ਸੀ, ਉਸ ਦੇ ਸਾਧਨ ਵੀ ਵਿਸ਼ਾਲ ਸਨ ਇਸ ਕਰਕੇ ਉਸ ਨੇ ਬੜੀ ਉਦਾਰਤਾ ਨਾਲ ਪੰਜਾਬੀ, ਹਿੰਦੀ ਤੇ ਫ਼ਾਰਸੀ, ਅਰਬੀ ਦੇ ਵਿਦਵਾਨਾਂ ਦੀ ਸਰਪ੍ਰਸਤੀ ਕੀਤੀ। ਉਹ ਆਪਣੀ ਸੰਸਕ੍ਰਿਤੀ, ਕਲਾ ਤੇ ਸਾਹਿੱਤਕ ਵਿਰਸੇ ਲਈ ਪੂਰੀ ਤਰ੍ਹਾਂ ਚੇਤੰਨ ਸੀ, ਇਸ ਦੀ ਪੁਸ਼ਟੀ ਉਸ ਦੀ ਲਾਹੌਰ ਦੀ ਸਰਕਾਰੀ ਲਾਇਬ੍ਰੇਰੀ ਤੋਂ ਭਲੀ-ਭਾਂਤ ਹੋ ਜਾਂਦੀ ਹੈ। ਉਸ ਨੂੰ ਇਲਮੀਅਤ ਦੀ ਕਿਤਨੀ ਕਦਰ ਸੀ, ਇਸ ਗੱਲ ਤੋਂ ਪਤਾ ਲੱਗਦਾ ਹੈ। ਉਸ ਦੀ ਹਦਾਇਤ ਸੀ ਕਿ ਜਦ ਕਦੀ ਖ਼ਾਲਸਾ ਫ਼ੌਜ ਦੁਸ਼ਮਣ ਦੇ ਇਲਾਕੇ ਉੱਤੇ ਚੜ੍ਹਾਈ ਕਰੇ ਤਾਂ ਉਹ ਕਿਸੇ ਨਵਾਬ ਦੇ ਚੰਗੇ ਕੁਤਬਖ਼ਾਨੇ ਨੂੰ ਹਮਲੇ ਦਾ ਸ਼ਿਕਾਰ ਨਾ ਬਣਾਵੇ। 1834 ਵਿਚ ਜਦ ਪਿਸ਼ਾਵਰ ਉੱਤੇ ਕਬਜ਼ਾ ਕਰਨ ਲਈ ਚੜ੍ਹਾਈ ਹੋਈ ਤਾਂ ਮਹਾਰਾਜੇ ਨੇ ਖ਼ੁਦ ਉਚੇਚਾ ਹੁਕਮ ਕੀਤਾ ਕਿ 'ਚਮਕਨੀ' ਦੇ ਅਖ਼ੂਨਜ਼ਾਦਿਆਂ ਪਾਸ ਬੜੀ ਵਧੀਆ ਲਾਇਬ੍ਰੇਰੀ ਸੁਣੀਂਦੀ ਹੈ, ਦੇਖਣਾ, ਉਸ ਨੂੰ ਕਿਸੇ ਤਰ੍ਹਾਂ ਆਂਚ ਨਾ ਆਵੇ। ਇਸ ਹੁਕਮ ਦੀ ਪੂਰੀ ਪੂਰੀ ਪਾਲਣਾ ਕੀਤੀ ਗਈ।

ਮਹਾਰਾਜਾ ਸੁੰਦਰ ਲਿਖਤਾਂ ਦਾ ਬੜਾ ਸ਼ੌਕੀਨ ਤੇ ਦਿਲਦਾਦਾ ਸੀ। ਉਹ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਪੋਥੀਆਂ ਲਿਖਣ ਵਾਲੇ ਖ਼ੁਸ਼ਨਵੀਸਾਂ, ਲਿਖਾਰੀਆਂ ਨੂੰ ਮਾਨ ਸਨਮਾਨ ਬਖ਼ਸ਼ਦਾ ਰਹਿੰਦਾ ਸੀ। ਲਾਹੌਰ ਦਾ ਖ਼ੁਸ਼ਨਵੀਸ ਪੀਰ ਬਖ਼ਸ਼ ਅਰਬੀ ਤੇ ਫ਼ਾਰਸੀ ਦਾ ਬੜਾ ਵਧੀਆ ਕਾਤਿਬ ਸੀ, ਉਸ ਨੂੰ ਮਹਾਰਾਜੇ ਨੇ ਨਿਵਾਜਿਆ। ਇਸੇ ਤਰ੍ਹਾਂ ਕੋਈ ਵਧੀਆ ਖ਼ੁਸ਼ਨਵੀਸ ਕੁਰਾਨ ਸ਼ਰੀਫ਼ ਲਿਖ ਕੇ ਲਈ ਜਾ ਰਿਹਾ ਸੀ ਤਾਂ ਕਿ ਕਿਤੇ ਦੂਰ ਕਿਸੇ ਮੁਸਲਿਮ ਨਵਾਬ ਪਾਸੋਂ ਉਸ ਦਾ ਚੰਗਾ ਇਨਾਮ ਕਨਾਮ ਹਾਸਲ ਕਰ ਕੇ ਉਮਰ ਭਰ ਦੀਆਂ ਰੋਟੀਆਂ ਲੈ ਸਕੇ। ਮਹਾਰਾਜੇ ਨੇ ਸਾਰੀ ਵਿਥਿਆ ਸੁਣ ਕੇ ਉਸ ਨੂੰ ਪਾਸ ਬੁਲਾਇਆ ਤੇ ਦਸ ਹਜ਼ਾਰ ਨਕਦ ਦੇ ਕੇ ਨਿਹਾਲੋਂ ਨਿਹਾਲ ਕਰ ਦਿੱਤਾ। ਲਾਗਿਓਂ ਫ਼ਕੀਰ ਅਜ਼ੀਜ਼ੁਦੀਨ ਕਹਿਣ ਲੱਗਾ, 'ਮਹਾਰਾਜ! ਇਹ ਤਾਂ ਮੋਮਨਾਂ ਦੀ ਚੀਜ਼ ਹੈ, ਤੁਸੀਂ ਕੀ ਕਰੋਗੇ?' ਅੱਗੋਂ ਮਹਾਰਾਜੇ ਨੇ ਹੱਸ ਕੇ ਜਵਾਬ ਦਿੱਤਾ, 'ਫ਼ਕੀਰ! ਮੈਨੂੰ ਖ਼ੁਦਾ ਨੇ ਇੱਕ ਅੱਖ ਇਸੇ ਲਈ ਹੀ ਦਿੱਤੀ ਹੈ ਕਿ ਮੈਂ ਸਾਰੇ ਧਰਮਾਂ ਤੇ ਸਾਰੇ ਧਰਮ-ਗ੍ਰੰਥਾਂ ਨੂੰ ਇਕਸਾਰ ਦੇਖਾਂ।' ਗਿਆਨੀ ਸੰਤ ਸਿੰਘ ਮਹਾਰਾਜੇ ਦਾ ਇਤਬਾਰੀ ਮੁਸਾਹਬ ਸੀ ਜੋ ਸੰਸਕ੍ਰਿਤ ਤੇ ਫ਼ਾਰਸੀ ਦਾ ਗਿਆਤਾ ਸੀ, ਉਸ ਨੇ 'ਤੁਲਸੀ ਰਾਮਾਇਣ' ਦਾ 'ਭਾਵ ਪ੍ਰਕਾਸ਼ਨੀ ਟੀਕਾ' ਲਿਖਿਆ ਜੋ ਪੰਜਾਬ ਤੋਂ ਬਾਹਰ ਵੀ ਕਾਫ਼ੀ ਮਾਨਤਾ ਰੱਖਦਾ ਸੀ। ਮਹਾਰਾਜਾ ਇਲਮੀ ਦੋਸਤ ਸੀ ਤੇ ਟੈਕਨੀਕਲ ਵਿਦਿਆ ਵਧਾਉਣ ਵਿਚ ਵੀ ਵਧੇਰੇ ਦਿਲਚਸਪੀ ਰੱਖਦਾ ਸੀ। ਜਦ ਲਹਿਣਾ ਸਿੰਘ ਮਜੀਠੀਏ ਨੇ ਕਾਰੀਗਰੀ ਕਰਕੇ ਇਕ ਧੁੱਪ-ਘੜੀ ਤੇ ਇਕ ਨਵੀਂ ਤਰ੍ਹਾਂ ਦੀ ਬੰਦੂਕ ਬਣਾ ਕੇ ਦਿਖਾਈ ਤਾਂ ਮਹਾਰਾਜ ਬਹੁਤ ਪ੍ਰਸੰਨ ਹੋਏ ਤੇ ਉਸ ਨੂੰ 'ਕੈਸਰੁਲ ਇਕਤਦਾਰ' 'ਤੇ 'ਹਾਸ਼ਮੁਦੌਲਾ' ਦਾ ਖ਼ਿਤਾਬ ਦੇ ਕੇ ਸਨਮਾਨਿਆ। ਪੰਡਿਤ ਰਾਧਾ ਕਿਸ਼ਨ ਨੂੰ ਕਹਿ ਕੇ ਉਸ ਤੋਂ ਰਾਜ-ਪ੍ਰਬੰਧ ਦੇ ਕਾਇਦੇ ਕਾਨੂੰਨ 'ਕਵਾਇਦ' ਵੀ ਲਿਖਾਏ। ਇਹ ਵੀ ਵਰਣਨਯੋਗ ਹੈ ਕਿ ਮੁਨਸ਼ੀ ਕਾਦਰਬਖ਼ਸ਼ ਨੂੰ ਮਹਾਰਾਜੇ ਨੇ ਖ਼ੁਦ ਲੁਧਿਆਣੇ ਅੰਗਰੇਜ਼ੀ

ਸਿੱਖਣ ਲਈ ਭੇਜਿਆ ਸੀ। ਉਸ ਦਾ ਇਹ ਵੀ ਖ਼ਿਆਲ ਸੀ ਕਿ ਬਰਤਾਨਵੀ ਸਰਕਾਰ ਦਾ ਜੋ ਵਿਧਾਨ ਹੈ, ਉਸ ਨੂੰ ਦੇਸੀ ਜ਼ਬਾਨ ਵਿਚ ਤਰਜਮਾਇਆ ਜਾਵੇ। ਕੈਪਟਨ ਵੇਡ ਨੂੰ ਕਹਿ ਕੇ ਉਸ ਦੀ ਕਾਪੀ ਮੰਗਵਾਈ ਜਿਸ ਦਾ ਪੰਜਾਬੀ ਰੂਪਾਂਤਰਨ ਸ਼ਾਇਦ 'ਕਵਾਇਦ ਆਇਨਿ ਅੰਗਰੇਜ਼ੀ ਦਰ ਗੁਰਮੁਖੀ' ਨਾਂ ਹੇਠ ਤਿਆਰ ਕੀਤਾ ਗਿਆ ਸੀ। ਅਜਿਹੇ ਲਿਖਤੀ ਕੰਮ, ਉਸ ਦੀ ਅਗਰਗਾਮੀ ਦ੍ਰਿਸ਼ਟੀ ਦੇ ਲਖਾਇਕ ਹਨ ਪਰ ਉਹ ਚੇਤੰਨ ਇਤਨਾ ਸੀ ਕਿ ਜਦ 1832 ਵਿਚ ਈਸਾਈ ਪਾਦਰੀ ਜੋਜ਼ਫ ਵੂਲਫ਼ ਲਾਹੌਰ ਆਇਆ ਤਾਂ ਉਸ ਨੇ ਉਥੇ ਸਕੂਲ ਖੋਲ੍ਹਣ ਦੀ ਆਗਿਆ ਮੰਗੀ। ਮਹਾਰਾਜੇ ਨੇ ਪੁੱਛਿਆ ਕਿ ਇਸ ਸਕੂਲ ਵਿਚ ਕੀ ਕੀ ਪੜ੍ਹਾਇਆ ਜਾਵੇਗਾ? ਤਾਂ ਉਸ ਨੇ ਕਿਹਾ, 'ਅਸੀਂ ਬਾਈਬਲ ਦੀ ਸਿੱਖਿਆ ਦੇਵਾਂਗੇ ਤੇ ਧਰਮ ਈਮਾਨ ਦਾ ਸਬਕ ਪੜ੍ਹਾਵਾਂਗੇ', ਤਾਂ ਮਹਾਰਾਜੇ ਨੇ ਹੱਸ ਕੇ ਕਿਹਾ ਕਿ 'ਤੂੰ ਸਾਨੂੰ ਜੋ ਧਰਮ ਈਮਾਨ ਦੀ ਸਿੱਖਿਆ ਦੇ ਰਿਹਾ ਹੈਂ, ਇਹਨਾਂ ਹਿੰਦ ਵਿਚ ਆਏ ਕੰਪਨੀ ਦੇ ਫ਼ਿਰੰਗੀਆਂ ਨੂੰ ਕਿਉਂ ਨਹੀਂ ਧਰਮ ਸਿਖਾਉਂਦਾ, ਜਿਨ੍ਹਾਂ ਦਾ ਕੋਈ ਈਮਾਨ ਹੀ ਨਹੀਂ।' ਪਾਦਰੀ ਦਾ ਇਕ ਸਵਾਲ ਸੀ ਕਿ ਇਨਸਾਨ ਰੱਬ ਨੂੰ ਕਿਵੇਂ ਪਾ ਸਕਦਾ ਹੈ? ਤਾਂ ਮਹਾਰਾਜੇ ਨੇ ਫੌਰਨ ਵਿਅੰਗ ਕੱਸਦਿਆਂ ਆਖਿਆ, 'ਇਹ ਕੋਈ ਔਖੀ ਗੱਲ ਨਹੀਂ, ਫ਼ਿਰੰਗੀਆਂ ਨਾਲ ਸੰਧੀ ਕਰ ਕੇ ਰੱਬ ਪਾਇਆ ਜਾ ਸਕਦਾ ਹੈ ਜਿਵੇਂ ਕਿ ਮੈਂ ਕੀਤਾ ਹੈ।' ਸੋ ਮਹਾਰਾਜੇ ਨੂੰ ਅਨਪੜ੍ਹ ਕਹਿਣਾ ਭੁੱਲ ਹੈ। ਉਹ ਜੋ ਆਲੇ-ਦੁਆਲੇ ਵਰਤ ਰਿਹਾ ਸੀ, ਸਭ ਕੁਝ ਸਮਝਦਾ ਤੇ ਸਮਝ ਕੇ ਹੀ ਦੇਸ ਦੇ ਪ੍ਰਬੰਧ ਦੀ ਨੀਤੀ ਚਲਾਉਂਦਾ ਸੀ। ਜਿਸ ਤਰੀਕੇ ਨਾਲ ਉਸ ਆਪਣੇ ਜਿਉਂਦੇ-ਜੀਅ ਫ਼ਿਰੰਗੀਆਂ ਨੂੰ ਤੀਹ-ਚਾਲ੍ਹੀ ਸਾਲ ਵੱਟੇ-ਵੱਟ ਪਾਈ ਰੱਖਿਆ, ਉਸ ਤਰ੍ਹਾਂ ਹਿੰਦੁਸਤਾਨ ਦਾ ਕੋਈ ਰਾਜਾ ਜਾਂ ਨਵਾਬ ਨਹੀਂ ਕਰ ਸਕਿਆ।

ਜਿਥੋਂ ਤਕ ਸਾਹਿੱਤ ਤੇ ਜ਼ਬਾਨਾਂ ਦੀ ਤਰੱਕੀ ਦਾ ਸਵਾਲ ਹੈ, ਉਸ ਨੇ ਯਥਾਯੋਗ ਉਪਰਾਲੇ ਕੀਤੇ। ਅਨੇਕਾਂ ਪੰਜਾਬੀ ਤੇ ਹਿੰਦੀ ਕਵੀਆਂ ਨੂੰ ਆਦਰ ਸਨਮਾਨ ਦਿੱਤਾ। ਇਸ ਲਿਸਟ ਵਿਚ ਸੱਯਦ ਹਾਸ਼ਮ ਸ਼ਾਹ, ਮੌਲਵੀ ਅਹਿਮਦਯਾਰ, ਪੰਡਿਤ ਨਿਹਾਲ ਸਿੰਘ, ਬੁੱਧ ਸਿੰਘ ਲਾਹੌਰੀ, ਭਾਈ ਸੌਂਧਾ ਸਿੰਘ, ਗੁਰਮੁਖ ਸਿੰਘ ਗਿਆਨੀ, ਹਾਕਮ ਸਿੰਘ ਦਰਵੇਸ਼, ਸਾਵਣਯਾਰ, ਕਾਦਰਯਾਰ, ਜਾਫ਼ਰਬੇਗ, ਗਣੇਸ਼ ਦਾਸ, ਗੰਗਾਧਰ, ਸਾਧੂ ਅਮੀਰ ਦਾਸ, ਪੂਰਨ ਸਿੰਘ, ਜੈ ਸਿੰਘ, ਨਛਤਰ ਸਿੰਘ, ਭਾਗ ਸਿੰਘ, ਨਿਹਾਲ ਸਿੰਘ, ਮੇਘ ਸਿੰਘ, ਸ਼ਿਵ ਦਿਆਲ, ਸਹਾਈ ਸਿੰਘ, ਸ਼ਾਹ ਮੁਹੰਮਦ, ਕਾਨ੍ਹ ਸਿੰਘ ਬੰਗਾ ਆਦਿ ਦੇ ਨਾਂ ਸਹਿਜੇ ਹੀ ਲਏ ਜਾ ਸਕਦੇ ਹਨ, ਜਿਨ੍ਹਾਂ ਮਹਾਰਾਜੇ ਦੇ ਅੱਖੀਂ ਦਰਸ਼ਨ ਕੀਤੇ ਜਾਂ ਫਿਰ ਉਸ ਦੀ ਸਿਫ਼ਤ ਸਲਾਹ ਸੁਣ ਸੁਣ ਕੇ ਕਈ ਤਰ੍ਹਾਂ ਦੀ ਰਚਨਾ ਕੀਤੀ ਹੈ। ਇਸ ਕਿਸਮ ਦੀ ਰਚਨਾਵਲੀ ਨੂੰ ਨਿਰਾ ਕਸੀਦਾਕਾਰੀ ਕਹਿ ਕੇ, ਅਣਡਿੱਠ ਨਹੀਂ ਕੀਤਾ ਜਾ ਸਕਦਾ ਕਿਉਂਕਿ ਜਿਸ ਮਹਾਨ ਬੀਰ-ਨਾਇਕ ਨੇ ਇਤਿਹਾਸ ਦਾ ਪਾਸਾ ਪਲਟਾ ਕੇ ਪੰਜਾਬ ਨੂੰ ਪ੍ਰਭੁਸੱਤਾ ਸੰਪੰਨ ਸੁਤੰਤਰ ਰਾਜ ਬਣਾਇਆ, ਉਸ ਦੀ ਦਾਨਾਈ ਤੇ ਦਲੇਰੀ ਦੀ ਮਹਿਮਾ ਕੀਤੇ ਜਾਣਾ ਕੁਦਰਤੀ ਵਰਤਾਰਾ ਸੀ। ਫਿਰ ਉਸ ਦੇ ਪ੍ਰਾਕ੍ਰਮ ਅਤੇ ਪ੍ਰਭੁਤਾ ਬਾਰੇ ਫ਼ਾਰਸੀ ਵਿਚ ਵੀ ਉਸ ਸਮੇਂ ਜਾਂ ਜ਼ਰਾ ਪਿੱਛੋਂ ਤਵਾਰੀਖ਼ਦਾਨਾਂ ਜੋ ਕੁਝ ਲਿਖਿਆ, ਉਹ ਪੰਜਾਬ ਦੇ ਗੌਰਵ ਦਾ ਜ਼ਰੂਰੀ ਹਿੱਸਾ ਹੈ। ਕੁਝ ਕੁ ਵਰਣਨਯੋਗ

ਆਲਮ ਫ਼ਾਜ਼ਲ ਤੇ ਉਨ੍ਹਾਂ ਦੇ ਗ੍ਰੰਥ ਇਹ ਸਨ :

1. ਮੁਨਸ਼ੀ ਸੋਹਨ ਲਾਲ - ਉਮਦਾ-ਤੁ-ਤਵਾਰੀਖ਼
2. ਦੀਵਾਨ ਗੰਗਾਰਾਮ - ਸ਼ੀਰੋ ਸ਼ੱਕਰ
3. ਮੌਲਵੀ ਅਹਿਮਦਯਾਰ - ਸ਼ਾਹਨਾਮਾ-ਇ-ਰਣਜੀਤ ਸਿੰਘ
4. ਦੀਵਾਨ ਅਮਰਨਾਥ - ਜ਼ਫ਼ਰਨਾਮਾ-ਇ-ਰਣਜੀਤ ਸਿੰਘ
5. ਅਹਿਮਦਸ਼ਾਹ ਬਟਾਲਵੀ - ਤ੍ਵਾਰੀਖ਼ ਹਿੰਦ
6. ਮੌਲਵੀ ਗ਼ੁਲਾਮ ਮੁਹੱਈ-ਉ-ਦੀਨ ਬੂਟੇਸ਼ਾਹ - ਤ੍ਵਾਰੀਖ਼ਿ ਪੰਜਾਬ
7. ਗਣੇਸ਼ ਦਾਸ ਵਡੇਹਰਾ - ਚਹਾਰ-ਗੁਲਸ਼ਨੇ ਪੰਜਾਬ

ਫ਼ਾਰਸੀ ਕਿਤਾਬਾਂ ਹੋਰ ਵੀ ਹਨ ਤੇ ਇਸ ਤੋਂ ਇਲਾਵਾ ਫ਼ਾਰਸੀ ਅੱਖਰਾਂ ਵਿਚ ਛਪੀਆਂ ਕਈ ਪੰਜਾਬੀ ਰਚਨਾਵਾਂ ਐਸੀਆਂ ਹਨ ਜੋ ਦੇਸ਼ ਦੀ ਵੰਡ ਕਾਰਣ ਹਮੇਸ਼ਾਂ ਲਈ ਸਾਡੀਆਂ ਅੱਖਾਂ ਤੋਂ ਓਝਲ ਹੋ ਗਈਆਂ। ਪਿੱਛੇ ਜਿਹੇ ਜਨਾਬ ਸਿਬਤੁਲ ਹਸਨ ਜ਼ੈਗਮ ਨੇ ਦੱਸਿਆ ਸੀ ਕਿ ਮੀਆਂ ਮੁਹੰਮਦਯਾਰ ਦਿਲਾਵਰੀ ਨੇ *ਤਵਾਰੀਖ਼ ਰਾਜ ਸਿੱਖਾਂ* ਕਿਤਾਬ ਲਿਖੀ ਸੀ, ਉਸ ਦੇ ਮੁੱਢ ਵਿਚ ਉਸ ਕਿਹਾ ਸੀ ਕਿ ਜੇ ਇਹ ਗੁਜਰਾਂਵਾਲੇ ਦਾ ਸਰਦਾਰ ਤਖ਼ਤ 'ਤੇ ਨਾ ਬਹਿੰਦਾ ਤਾਂ ਕੰਪਨੀ ਨੇ ਸਾਰਾ ਦੇਸ਼ ਖਾ-ਪੀ ਜਾਣਾ ਸੀ:

> ਅੱਵਿਲ ਨਾਮ ਕਰਤਾਰ ਦਾ ਭਜਨ ਕੀਜੇ, ਜਿਥੋਂ ਯਿਆਰ ਦੇ ਸ਼ਬਦ ਬਖਸ਼ੀਸ਼ ਹੁੰਦੇ।
> ਜੇ ਨਾ ਸ਼ੌਕ ਦਾ ਗਰਮ ਬਾਜ਼ਾਰ ਹੁੰਦਾ, ਪੈਦਾ ਕਿਥੋਂ ਆਦਮ ਇਬਲੀਸ ਹੁੰਦੇ।
> ਜੇ ਨਰਾਜ਼ ਆਕਾਸ਼ ਦਾ ਬੁਰਜ ਹੁੰਦਾ, ਕਿਲੇ ਕੋਟ ਕਿਥੋਂ ਮਹੱਲ ਸ਼ੀਸ਼ ਹੁੰਦੇ।
> ਮੁਹੰਮਦਯਾਰ ਸਰਦਾਰ ਨ ਤਖ਼ਤ ਬਹਿੰਦਾ, ਕਾਬੂ ਕੰਪਨੀ ਨ ਫਰਾਂਸੀਸ ਹੁੰਦੇ।

ਇਹ ਮੈਂ ਇਕ ਮਿਸਾਲ ਦਿੱਤੀ ਹੈ ਕਿ ਸਾਨੂੰ ਢੂੰਡ ਭਾਲ ਤੇ ਫੋਲਾ-ਫਾਲੀ ਕਰਨ ਦੀ ਬਹੁਤ ਲੋੜ ਹੈ ਕਿਉਂਕਿ ਪੰਜਾਬ ਦੀ ਗੌਰਵ ਗਾਥਾ ਗੁਰਮੁਖੀ ਤੇ ਫ਼ਾਰਸੀ ਅੱਖਰਾਂ ਵਿਚ ਇੱਧਰ ਉਧਰ ਦੂਰ-ਦੂਰ ਤਕ ਖਿਲਰੀ ਪਈ ਹੈ। ਜਮਨਾ ਪਾਰ ਤੋਂ ਵੀ ਕਈ ਪਜਨੀਸ਼, ਗ੍ਵਾਲ ਭੱਟ ਤੇ ਪਦਮਾਕਰ (1753-1833) ਜੇਹੇ ਪ੍ਰਸਿੱਧ ਕਵੀ ਲਾਹੌਰ ਸ਼ੇਰਿ-ਪੰਜਾਬ ਦੀ ਸ਼ਾਨ ਦੇਖਣ ਆਏ ਤੇ ਉਨ੍ਹਾਂ ਰੀਤਿ ਅਨੁਸਾਰ ਉਸਤਤਿ ਦੇ ਛੰਦ ਲਿਖੇ ਜਿਨ੍ਹਾਂ ਤੋਂ ਰਣਜੀਤ ਸਿੰਘ ਦੀ ਤੇਗ਼ ਦੀ ਮਹਿਮਾ ਉਜਾਗਰ ਹੁੰਦੀ ਹੈ, ਪਦਮਾਕਰ ਚੂੰਕਿ ਹਿੰਦੀ ਸਾਹਿਤ ਦਾ ਪ੍ਰਭਾਕਰ (ਸੂਰਜ) ਮੰਨਿਆ ਜਾਂਦਾ ਹੈ, ਉਸ ਦਾ ਇਕ ਕਬਿੱਤ *ਰਜ ਬਿਲਾਸ* ਵਿੱਚੋਂ ਉਤਾਰ ਕੇ ਇਥੇ ਪੇਸ਼ ਕਰ ਰਿਹਾ ਹਾਂ :

> ਦਾਹਨ ਤੇ ਦੂਨੀ, ਤੇਗ ਤਿਗੁਨੀ ਤ੍ਰਿਸ਼ੂਲ ਹੂੰਤੇ, ਚਿਲਨਾ ਤੇ ਚਉਗਨੀ ਚਲਾਕ ਚੱਕ੍ਰ ਚਾਲੀ ਹੈ।
> ਕਹੈ ਪਦਮਾਕਰ ਮਹੀਪ ਰਣਜੀਤ ਸਿੰਘ ! ਐਸੀ ਸਮਸ਼ੇਰ ਸ਼ੇਰ ਸ਼ਤ੍ਰੁਕ ਪੈ ਘਾਲੀ ਹੈ।
> ਪਵਨ ਤੇ ਪੰਚ, ਔ ਪਚੀਸ ਗੁਨੀ ਪਾਵਕ ਤੇ, ਪਰਗਟ ਪਚਾਸ ਗੁਨ ਪ੍ਰਲੈ ਕੀ ਪ੍ਰਨਾਲੀ ਹੈ।
> ਸਾਂਪਨਿ ਤੇ ਸਉਗਨੀ, ਸਹੰਸਗੁਨੀ ਸ਼ੇਸ ਹੂੰਤੇ, ਲਾਖ ਗੁਨੀ ਲੂਕ ਤੇ, ਕ੍ਰੋਰਗੁਨੀ ਕਾਲੀ ਹੈ।

ਇਹ ਵੀ ਹਕੀਕਤ ਹੈ ਕਿ ਇਲਮੀਅਤ ਜਾਂ ਅਦਬੀ ਸਰਗਰਮੀਆਂ ਦਾ ਸ਼ੌਕ ਹਰੇਕ ਨੂੰ ਨਹੀਂ ਹੁੰਦਾ, ਇਹ ਤਾਂ ਇਕ ਲਗਨ ਹੈ ਜੋ ਨਵੇਂ ਰਸਤੇ ਤਲਾਸ਼ ਕਰਦੀ ਹੈ। ਸਾਡੇ ਵੀਹਵੀਂ ਸਦੀ ਦੇ ਖੋਜੀ ਸ: ਕਰਮ ਸਿੰਘ ਹਿਸਟੋਰੀਅਨ, ਸ: ਨਾਹਰ ਸਿੰਘ

ਹਿਸਟੋਰੀਅਨ, ਪ੍ਰੇਮ ਸਿੰਘ ਹੋਤੀ, ਪ੍ਰਿੰ. ਸੀਤਾ ਰਾਮ ਕੋਹਲੀ, ਡਾ. ਹਰੀ ਰਾਮ ਗੁਪਤਾ, ਡਾ. ਗੰਡਾ ਸਿੰਘ ਤੇ ਸ. ਸ਼ਮਸ਼ੇਰ ਸਿੰਘ ਅਸ਼ੋਕ ਜੀ ਨੇ ਜਿਸ ਤਰ੍ਹਾਂ ਦੀਆਂ ਘਾਲਾਂ ਘਾਲੀਆਂ, ਉਨ੍ਹਾਂ ਦਾ ਹੀ ਨਤੀਜਾ ਹੈ ਕਿ ਅਸੀਂ, ਅੱਜ ਕਾਫ਼ੀ ਮਾਣ ਮਹਿਸੂਸ ਕਰਦੇ ਹਾਂ। ਸੋ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਇਸ ਖੋਜ-ਕਾਫ਼ਲੇ ਨੂੰ ਅੱਗੇ ਤੋਰੀਏ।

ਮੈਂ ਇਕ ਪੁਰਾਣੀ ਮਿਸਾਲ ਦੇ ਕੇ ਗੱਲ ਸਪੱਸ਼ਟ ਕਰਨੀ ਚਾਹਾਂਗਾ। ਬਖ਼ਤਮੱਲ, ਜੋਹਨ ਮੈਲਕਮ ਦਾ ਮੁਨਸ਼ੀ ਸੀ ਜੋ ਹੋਲਕਰ ਦਾ ਪਿੱਛਾ ਕਰਦੇ ਲਾਰਡ ਲੇਕ ਨਾਲ 1805 ਵਿਚ ਪੰਜਾਬ ਆਇਆ। ਮੈਲਕਮ ਦੀ ਮੰਗ 'ਤੇ ਇਸ ਨੇ ਫ਼ਾਰਸੀ ਵਿਚ *ਖ਼ਾਲਸਾ ਨਾਮਾ* ਲਿਖਿਆ ਜਿਸ ਵਿਚ ਸਿੱਖ ਤ੍ਵਾਰੀਖ਼ ਦੇ ਕੁਝ ਸਿੱਖ ਸਿਧਾਂਤ ਵੀ ਦਰਸਾਏ ਗਏ ਸਨ। ਇਸ ਦੇ ਆਧਾਰ 'ਤੇ *ਸਕੈਚ ਆਫ਼ ਦੀ ਸਿਖਜ਼* ਕਿਤਾਬਚਾ ਤਿਆਰ ਹੋਇਆ ਜੋ ਕਿ ਇਕ ਤਰ੍ਹਾਂ ਸਿੱਖਾਂ ਬਾਰੇ ਅੰਗ੍ਰੇਜ਼ੀ ਵਿਚ ਪਹਿਲੀ ਕਿਤਾਬ ਸੀ। ਅੱਗੇ ਬਖ਼ਤਮੱਲ ਦਾ ਪੁੱਤਰ ਰਾਜਾ ਦੀਨਾਨਾਥ ਹੋਇਆ ਜੋ ਸਾਰੀ ਉਮਰ ਖ਼ਾਲਸਾ ਰਾਜ ਲਈ ਜੂਝਦਾ ਰਿਹਾ। ਇਸੇ ਦਾ ਲਾਇਕ ਪੁੱਤਰ ਦੀਵਾਨ ਅਮਰਨਾਥ ਹੋ ਸੀ, ਜਿਸ ਨੇ *ਜ਼ਫ਼ਰਨਾਮਾ-ਇ-ਰਣਜੀਤ ਸਿੰਘ* ਲਿਖ ਕੇ ਅਦਬੀ ਦੁਨੀਆਂ ਵਿਚ ਤਰਥੱਲੀ ਮਚਾ ਦਿੱਤੀ। ਇਸ ਨੇ ਲਾਹੌਰ ਮੌਲਵੀ ਨੂਰ ਅਹਿਮਦ ਦੇ ਪਿਤਾ ਮੌਲਵੀ ਅਹਿਮਦ ਬਖ਼ਸ਼ ਤੋਂ ਅਰਬੀ, ਫ਼ਾਰਸੀ ਦੀ ਤਾਲੀਮ ਪਾਈ ਸੀ।

ਲਿਖਣਾ ਪੜ੍ਹਨਾ ਭਾਗਵਾਨੀ ਹੈ, ਅਜਬ ਤਰ੍ਹਾਂ ਦੀ ਸੁਆਦਲੀ ਜ਼ਿੰਦਗਾਨੀ ਹੈ ।
ਪਰ ਅਦਬੀ ਕਲਚਰ ਦਾ ਵਾਤਾਵਰਣ ਮਿਲਣਾ ਉੱਚੇ ਭਾਗਾਂ ਦੀ ਨਿਸ਼ਾਨੀ ਹੈ।

ਮੁਬਾਰਕ ਦਾ ਮੁਕਾਮ ਹੋਵੇਗਾ, ਜੇਕਰ ਸਾਡਾ ਮਹਾਂ ਵਿਦਿਆਲਾ ਅਜੇਹੇ ਮਾਹੌਲ ਦਾ ਮਰਕਜ਼ ਬਣ ਜਾਵੇ।

ਲਾਲਾ ਹਰਦਿਆਲ

ਲਾਲਾ ਹਰਦਿਆਲ (1884-1939) ਜਿਥੇ ਸਰਗਰਮ ਕ੍ਰਾਂਤੀਕਾਰੀ ਸੀ, ਉਥੇ ਇਕ ਮਹਾਨ ਪ੍ਰਤਿਭਾਵਾਨ ਲਿਖਾਰੀ ਵੀ ਸੀ, ਜਿਸ ਨੇ ਵਿਦੇਸ਼ਾਂ ਵਿਚ ਹਿੰਦੁਸਤਾਨ ਦੀ ਅਜ਼ਾਦੀ 'ਤੇ ਭਾਰਤੀ ਸਭਿਆਚਾਰ ਲਈ ਠੋਸ ਕੰਮ ਕੀਤਾ। ਖ਼ਾਸ ਕਰਕੇ ਗਦਰ ਪਾਰਟੀ ਦਾ ਪੱਕਾ ਬਾਨ੍ਹਣੂੰ ਬੰਨ੍ਹਣਾ ਉਸੇ ਦੀ ਚੇਤਨ ਘਾਲ ਦਾ ਸਿੱਟਾ ਸੀ।

ਆਪ ਦਾ ਜਨਮ 14 ਅਕਤੂਬਰ 1884 ਨੂੰ ਕਾਇਸਥ ਘਰਾਣੇ ਵਿਚ ਦਿੱਲੀ ਵਿਖੇ ਹੋਇਆ। ਆਪ ਦੇ ਪਿਤਾ ਗੌਰੀ ਦਿਆਲ ਮਾਥਰ ਇਥੇ ਕਚਹਿਰੀ ਵਿਚ 'ਅਹਿਲਮਦ' ਦੀ ਨੌਕਰੀ ਕਰਦੇ ਸਨ। ਸੇਂਟ ਸਟੀਫ਼ਨ ਕਾਲਜ ਤੋਂ ਬੀ.ਏ. ਕਰ ਕੇ ਗੌਰਮਿੰਟ ਕਾਲਜ, ਲਾਹੌਰ ਆ ਦਾਖ਼ਲ ਹੋਇਆ। ਇਥੇ ਅੱਵਲ ਰਹਿ ਕੇ ਐੱਮ.ਏ. (ਅੰਗਰੇਜ਼ੀ) ਕੀਤੀ। ਇਸ ਯੋਗਤਾ ਕਾਰਨ ਆਪ ਨੂੰ ਸਰਕਾਰੀ ਵਜ਼ੀਫ਼ਾ ਮਿਲਿਆ ਤਾਂ ਉਚੇਰੇ ਅਧਿਐਨ ਲਈ 1905 ਵਿਚ ਇੰਗਲੈਂਡ ਚਲਾ ਗਿਆ। ਆਪ ਦੇ ਸੰਬੰਧੀ ਤੇ ਸਾਥੀ ਡਾ. ਗੋਬਿੰਦ ਬਿਹਾਰੀ ਲਾਲ ਅਨੁਸਾਰ, 'ਉਹ ਪਹਿਲਾ ਪੰਜਾਬੀ ਸੀ, ਜਿਸ ਨੂੰ ਇਹ ਕਾਬਲੀਅਤ ਦਾ ਵਜ਼ੀਫ਼ਾ ਮਿਲਿਆ, ਕਿਉਂਕਿ ਇਸ ਤੋਂ ਪਹਿਲਾਂ ਅਜਿਹੇ ਵਜ਼ੀਫ਼ੇ ਕੇਵਲ ਕਲਕੱਤਾ, ਬੰਬਈ ਜਾਂ ਮਦਰਾਸ ਯੂਨੀਵਰਸਿਟੀ ਦੇ ਵਿਦਿਆਰਥੀ ਹੀ ਵਧੇਰੇ ਲਿਜਾਂਦੇ ਸਨ।' ਆਪ ਦੀ ਸ਼ਾਦੀ 17 ਸਾਲ ਦੀ ਉਮਰ ਵਿਚ ਪਟਿਆਲੇ ਦੇ ਵਾਸੀ ਲਾਲਾ ਗੋਪਾਲ ਚੰਦ ਦੀ ਲੜਕੀ ਸੁੰਦਰ ਨਾਲ ਹੋਈ। ਉਨ੍ਹੀਂ ਦਿਨੀਂ ਗੋਪਾਲ ਚੰਦ ਬਰਨਾਲੇ ਨਾਇਬ ਨਾਜ਼ਮ ਸਨ। ਹਰਦਿਆਲ ਨੇ ਲੰਡਨ ਜਾ ਕੇ ਆਕਸਫੋਰਡ ਯੂਨੀਵਰਸਿਟੀ ਵਿਚ ਪੜ੍ਹਾਈ ਸ਼ੁਰੂ ਕਰ ਦਿੱਤੀ ਤੇ 1906 ਈ: ਵਿਚ ਘਰਵਾਲੀ ਨੂੰ ਇਥੇ ਲਿਆਂਦਾ। ਪਰੰਤੂ ਭਾਈ ਪਰਮਾਨੰਦ ਤੇ ਸਾਵਰਕਰ ਜਿਹੇ ਇਨਕਲਾਬੀਆਂ ਨਾਲ ਮੇਲ-ਜੋਲ ਹੋਣ ਸਦਕਾ ਹਿੰਦ ਦੀ ਅਜ਼ਾਦੀ ਲਈ ਵਧੇਰੇ ਕੰਮ ਕਰਨ ਲੱਗਾ।

ਜਦੋਂ ਇਹ ਖ਼ਬਰ ਮਿਲੀ ਕਿ ਅੰਗਰੇਜ਼ੀ ਸਰਕਾਰ ਨੇ ਲਾਲਾ ਲਾਜਪਤ ਰਾਏ ਤੇ ਸ: ਅਜੀਤ ਸਿੰਘ ਨੂੰ ਜਲਾਵਤਨ ਕਰ ਦਿੱਤਾ ਹੈ ਤਾਂ ਇਸ ਨੇ ਸਰਕਾਰੀ ਵਜ਼ੀਫ਼ਾ ਲੈਣਾ ਛੱਡ ਦਿੱਤਾ ਤੇ ਵਾਪਸ ਲਾਹੌਰ ਆ ਕੇ ਨੌਜੁਆਨਾਂ ਨੂੰ ਸੁਤੰਤਰਤਾ-ਸੰਗਰਾਮ ਲਈ ਤਿਆਰ ਕਰਨ ਵਿਚ ਜੁੱਟ ਗਿਆ। ਅੰਗਰੇਜ਼ ਸਰਕਾਰ ਇਹ ਸਰਗਰਮੀ ਬਰਦਾਸ਼ਤ ਨਹੀਂ ਸੀ ਕਰ ਸਕਦੀ, ਇਸ ਕਰਕੇ ਹਰਦਿਆਲ ਨੇ ਆਪਣੀ ਘਰਵਾਲੀ ਸੁੰਦਰ ਨੂੰ ਪਟਿਆਲੇ ਪੇਕੇ ਘਰ ਛੱਡ ਕੇ ਬਿਰਕਤੀ ਧਾਰ ਲਈ। ਪਟਿਆਲੇ ਹੀ ਆਪ ਦੀ ਇਕਲੌਤੀ ਬੱਚੀ ਸ਼ਾਂਤੀ ਦਾ ਜਨਮ ਹੋਇਆ ਜੋ ਕਿ ਵੱਡੀ ਹੋਣ 'ਤੇ ਲਾਹੌਰ ਦੇ

ਬੈਰਿਸਟਰ ਬਿਸ਼ਨ ਨਾਰਾਇਣ (ਪਿੱਛੋਂ ਜਸਟਿਸ) ਨਾਲ ਵਿਆਹੀ ਗਈ। ਸ਼ਾਂਤੀ ਦੀ ਸਪੁੱਤਰੀ ਮਾਲਤੀ, ਪ੍ਰਸਿੱਧ ਨੀਤੀਵਾਨ ਬੀ.ਕੇ. ਨਹਿਰੂ ਦੀ ਨੂੰਹ ਹੈ। ਹਰਦਿਆਲ ਸੰਨਿਆਸ ਲੈ ਕੇ ਸਤੰਬਰ 1908 ਵਿਚ ਲੰਡਨ ਚਲਾ ਗਿਆ। ਇੰਗਲੈਂਡ ਵਿਚ ਵੀ ਭਾਰਤੀ ਨੌਜੁਆਨ ਦਮਨ-ਚੱਕਰ ਦਾ ਸ਼ਿਕਾਰ ਸਨ, ਇਸੇ ਗ਼ੁੱਸੇ ਵਿਚ ਮਦਨ ਲਾਲ ਢੀਂਗਰਾ ਨੇ 1 ਜੁਲਾਈ 1909 ਨੂੰ ਸਰ ਵਿਲੀਅਮ ਕਰਜ਼ਨ ਵਿਲੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਅਜਿਹੇ ਹਾਲਾਤ ਵਿਚ ਫਿਰ ਹਰਦਿਆਲ ਲੰਡਨ ਛੱਡ ਕੇ ਪੈਰਿਸ ਚਲਾ ਗਿਆ। ਉਥੋਂ ਸਤੰਬਰ 1909 ਵਿਚ *ਵੰਦੇ ਮਾਤਰਮ* ਰਸਾਲਾ ਜਾਰੀ ਕੀਤਾ। ਪੈਰਿਸ ਦੀ ਹਾਲਤ ਵੀ ਸਾਜ਼ਗਾਰ ਸਾਬਤ ਨਾ ਹੋਈ। ਉਥੋਂ ਫ਼ਰਵਰੀ 1911 ਵਿਚ ਬਰਕਲੇ (ਅਮਰੀਕਾ) ਚਲਾ ਗਿਆ ਤੇ ਫਿਰ ਅੱਗੇ ਹਾਰਵਰਡ ਪਹੁੰਚ ਗਿਆ, ਜਿਥੇ ਕਿ ਸੰਤ ਤੇਜਾ ਸਿੰਘ (ਐੱਮ.ਏ.) ਨਾਲ ਮੇਲ ਹੋਇਆ। ਜਦ ਲਾਰਡ ਹਾਰਡਿੰਗ ਉੱਤੇ ਦਿੱਲੀ (ਦਸੰਬਰ 1912) ਵਿਖੇ ਬੰਬ ਸੁੱਟਿਆ ਗਿਆ ਤਾਂ ਕ੍ਰਾਂਤੀਕਾਰੀ ਬੜੇ ਖ਼ੁਸ਼ ਹੋਏ। ਬਰਕਲੇ ਵਿਚ ਵਿਦਿਆਰਥੀਆਂ ਨੇ ਜਲਸਾ ਕੀਤਾ ਤਾਂ ਹਰਦਿਆਲ ਨੇ ਮੀਰ ਦਾ ਸ਼ਿਅਰ ਦੁਹਰਾਉਂਦਿਆਂ ਕਿਹਾ, 'ਪਗੜੀ ਅਪਨੀ ਸੰਭਾਲੀਏਗਾ, ਔਰ ਬਸਤੀ ਨਹੀਂ ਯੇ ਦਿੱਲੀ ਹੈ।' ਹਾਰਵਰਡ ਦਾ ਸੰਸਕ੍ਰਿਤ ਪ੍ਰੋਫ਼ੈਸਰ ਵੁਡਜ਼ ਚਾਹੁੰਦਾ ਸੀ ਕਿ ਹਰਦਿਆਲ ਨੂੰ ਲੈਕਚਰਾਰ ਰੱਖ ਲਵੇ, ਕਿਉਂਕਿ ਉਹ ਸੰਸਕ੍ਰਿਤ ਦਾ ਚੰਗਾ ਗਿਆਤਾ ਸੀ, ਪਰ ਸੰਤ ਤੇਜਾ ਸਿੰਘ ਨੇ ਪ੍ਰੇਰਨਾ ਦਿੱਤੀ ਕਿ ਸਾਨਫ਼ਰਾਂਸਿਸਕੋ ਜਾ ਕੇ ਹਿੰਦੀਆਂ ਦਾ ਸੰਗਠਨ ਕਰੋ, ਦੇਸ਼ ਦਾ ਕੰਮ ਜ਼ਰੂਰੀ ਹੈ। ਹਰਦਿਆਲ ਉਥੇ ਕਿਰਤੀ ਸਿੱਖਾਂ ਦੀਆਂ ਢਾਣੀਆਂ ਦੇਖ ਕੇ ਬਹੁਤ ਉਤਸ਼ਾਹਿਤ ਹੋਇਆ। ਉਸ ਨੇ 'ਪੱਗਾਂ ਦਾ ਤੂਫ਼ਾਨ' (Storm of turbans) ਨਾਮੀ ਲੇਖ ਵਿਚ ਇਸ ਦਾ ਜੀਉਂਦਾ-ਜਾਗਦਾ ਚਿੱਤਰਣ ਕੀਤਾ ਹੈ। ਦਰਅਸਲ ਹਰਦਿਆਲ ਦੇ ਆਉਣ ਤੋਂ ਪਹਿਲਾਂ ਵੀ ਕੈਲੇਫੋਰਨੀਆ ਵਿਚ ਰੋਜ਼ੀ ਕਮਾਉਣ ਗਏ ਸਿੱਖਾਂ ਨੇ ਰਲ-ਮਿਲ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ, ਕਿਉਂਕਿ ਅਜ਼ਾਦ ਦੇਸ਼ ਦੇ ਅਜ਼ਾਦ ਵਾਤਾਵਰਣ ਨੇ ਉਨ੍ਹਾਂ ਅੰਦਰ ਇਕ ਨਵੀਂ ਚੇਤਨਾ ਜਗਾ ਦਿੱਤੀ ਸੀ। ਉਥੋਂ ਦੇ ਵਾਸੀ ਪੁੱਛਦੇ ਸਨ—'ਤੁਹਾਡੇ ਮੁਲਕ ਦੀ ਵਸੋਂ ਕਿੰਨੀ ਹੈ?' ਇਹ ਦੱਸਦੇ—33 ਕਰੋੜ ਹੈ। ਫਿਰ ਸਵਾਲ ਹੁੰਦਾ ਹੈ—ਅੰਗਰੇਜ਼ ਕਿੰਨੇ ਕੁ ਹਨ? ਜਵਾਬ ਮਿਲਦਾ—3 ਕਰੋੜ। ਇਹ ਵੀ ਪੁੱਛ ਕੀਤੀ ਜਾਂਦੀ ਕਿ ਤੁਹਾਡਾ ਝੰਡਾ ਕਿਹੜਾ ਹੈ? ਤਾਂ ਆਮ ਆਦਮੀ 'ਯੂਨੀਅਨ ਜੈਕ' ਨੂੰ ਕੌਮੀ ਝੰਡਾ ਦੱਸਦਾ ਜੋ ਕਿ ਦਰਅਸਲ ਬਰਤਾਨਵੀ ਰਾਜ ਦਾ ਝੰਡਾ ਸੀ। ਇਸ ਤਰ੍ਹਾਂ ਦੇ ਸਵਾਲਾਂ ਨਾਲ ਭੋਲੇ-ਭਾਲੇ ਪੰਜਾਬੀਆਂ ਅੰਦਰ ਚਿਣਗਾਂ ਉੱਠਣ ਲੱਗ ਪੈਂਦੀਆਂ ਤੇ ਇਹੋ ਚਿਣਗਾਂ ਜੁੜ ਜੁੜ ਕੇ ਆਖ਼ਰ 'ਗ਼ਦਰ ਪਾਰਟੀ' ਬਣ ਗਈ।

3 ਜੂਨ 1913 ਨੂੰ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕਾਸਟ' ਕਾਇਮ ਹੋਈ। ਅਕਤੂਬਰ ਵਿਚ ਲਾਲਾ ਹਰਦਿਆਲ ਇਥੇ ਆਏ ਤੇ ਨਵੰਬਰ (1913 ਈ:) ਮਹੀਨੇ 'ਗ਼ਦਰ' ਅਖ਼ਬਾਰ ਜਾਰੀ ਹੋਇਆ ਤੇ ਇਸ ਦਾ ਚਰਚਾ ਇਤਨਾ ਫੈਲਿਆ ਕਿ ਪਾਰਟੀ ਦਾ ਨਾਂ 'ਗ਼ਦਰ ਪਾਰਟੀ' ਪ੍ਰਸਿੱਧ ਹੋ ਗਿਆ। ਸਾਨਫ਼ਰਾਂਸਿਸਕੋ, ਸਾਗਰ ਵਿਚ ਉਭਰੀ ਪਹਾੜੀ 'ਤੇ ਵੱਸਿਆ ਸ਼ਹਿਰ ਹੈ, ਜਿਥੇ ਉਦੋਂ ਰੂਸ, ਚੀਨ ਤੇ ਪੋਲੈਂਡ

ਦੋ ਇਨਕਲਾਬੀ ਵੀ ਇਕੱਠੇ ਹੋਏ ਹੋਏ ਸਨ। ਮਕਾਨ ਨੰ: 436, ਹਿੱਲ ਸਟ੍ਰੀਟ ਵਿਚ ਗ਼ਦਰ ਪਾਰਟੀ ਨੇ ਆਪਣਾ ਦਫ਼ਤਰ 'ਯੁਗਾਂਤਰ ਆਸ਼ਰਮ' ਸਥਾਪਿਤ ਕੀਤਾ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ ਅਤੇ ਲਾਲਾ ਹਰਦਿਆਲ ਜਨਰਲ ਸਕੱਤਰ ਨਿਯਤ ਹੋਏ, ਜਿਨ੍ਹਾਂ ਆਪਣੇ ਤੇਜ਼-ਤਰਾਰ ਲੈਕਚਰਾਂ ਤੇ ਲਿਖਤਾਂ ਰਾਹੀਂ ਦਿਨਾਂ ਵਿਚ ਹੀ ਇਸ ਪਾਰਟੀ ਨੂੰ ਤਿਆਰ-ਬਰ-ਤਿਆਰ ਕਰ ਦਿੱਤਾ। ਹਰਦਿਆਲ ਹੀ *ਗ਼ਦਰ* ਅਖ਼ਬਾਰ ਦੀ ਐਡੀਟਰੀ ਕਰਦਾ ਸੀ। ਇਹੋ ਹੀ ਬਹੁਤਾ ਲਿਖਦਾ। ਅੱਗੋਂ ਗੁਰਮੁਖੀ ਦਾ ਪਰਚਾ ਕਰਤਾਰ ਸਿੰਘ ਸਰਾਭਾ ਸਾਇਕਲੋਸਟਾਇਲ ਕਰਦਾ ਤੇ ਉਰਦੂ ਦਾ ਪਰਚਾ ਰਘੁਬਰ ਦਿਆਲ ਕਰਦਾ। ਇਹ ਅਖ਼ਬਾਰ ਦੂਰ ਦੂਰ ਹਾਂਗਕਾਂਗ ਤਕ ਮਾਰ ਕਰਦਾ ਸੀ।

ਇਸ ਸਮੇਂ ਪਾਰਟੀ ਵਿਚ ਲਾਲਾ ਹਰਦਿਆਲ ਸਭ ਤੋਂ ਵੱਧ ਪੜ੍ਹਿਆ-ਲਿਖਿਆ ਹੋਇਆ ਆਦਮੀ ਸੀ ਤੇ ਬੁਲਾਰਾ ਵੀ ਵਧੀਆ ਸੀ। ਜਿਥੇ ਕਿਤੇ ਜਾ ਕੇ ਬੋਲਦਾ, ਲੋਕ ਅਸ਼ ਅਸ਼ ਕਰ ਉੱਠਦੇ। ਇਕ ਵਾਰ ਇਕ ਅੰਗਰੇਜ਼ ਸੁਆਣੀ ਆਪ ਦੇ ਭਾਸ਼ਨ ਉੱਤੇ ਇਤਨੀ ਮਸਤ ਹੋਈ ਕਿ ਤਕਰੀਰ ਬਾਅਦ ਆਪ ਨੂੰ ਜਾ ਚੁੰਮਿਆ ਤੇ ਆਖਣ ਲੱਗੀ ਕਿ 'ਹਰਦਿਆਲ ਤਾਂ ਸਾਡੇ ਗੋਰਿਆਂ ਨਾਲੋਂ ਵੀ ਗੋਰਾ ਹੈ ਤੇ ਉਸ ਨੂੰ ਚੁੰਬਨ ਦੇਣਾ ਮੇਰੇ ਲਈ ਫ਼ਖ਼ਰ ਵਾਲੀ ਗੱਲ ਹੈ।'

ਪੰਜਾਬੀ ਆਪਣੇ ਪੱਗ ਵਾਲੇ ਆਗੂ ਦੀ ਸ਼ੋਭਾ ਸੁਣ ਕੇ ਬਹੁਤ ਖ਼ੁਸ਼ ਹੁੰਦੇ ਤੇ ਜਦ ਕਦੀ ਲਾਲਾ ਹਰਦਿਆਲ 'ਯੁਗਾਂਤਰ ਆਸ਼ਰਮ' ਤੋਂ ਜ਼ਰਾ ਬਾਹਰ ਨਿਕਲਦਾ ਤਾਂ ਕਰਤਾਰ ਸਿੰਘ ਸਰਾਭਾ ਤੇ ਹਰਨਾਮ ਸਿੰਘ ਟੁੰਡੀਲਾਟ ਵਰਗੇ ਨੌਜੁਆਨ ਹਮੇਸ਼ਾਂ ਪਿਸਤੌਲ ਲੈ ਕੇ ਨਾਲ ਚੱਲਦੇ। ਇਕ ਵਿਦਵਾਨ ਵਿਅਕਤੀ ਦਾ ਅਨਪੜ੍ਹਾਂ ਵਿਚ ਰਾਤ ਦਿਨ ਵਾਸਾ ਕਰਨਾ ਤੇ ਫਿਰ ਉਨ੍ਹਾਂ ਨੂੰ ਜਥੇਬੰਦ ਕਰ ਕੇ ਅਜ਼ਾਦੀ ਦੇ ਰਾਹ ਪਾਉਣਾ ਔਖੀ ਕਾਰ ਸੀ, ਪਰ ਲਾਲਾ ਹਰਦਿਆਲ ਦੀ ਪ੍ਰਤਿਭਾ ਨੇ ਥੋੜ੍ਹੇ ਸਮੇਂ ਵਿਚ ਇਸ ਕੰਮ ਨੂੰ ਬਾਖ਼ੂਬੀ ਨਿਭਾਇਆ।

ਕਈ ਵਾਰ ਮੋਟੀ-ਠੁੱਲ੍ਹੀ ਪੰਜਾਬੀ ਸੁਣ ਕੇ ਕਈ ਸਾਥੀ ਮਜ਼ਾਕ ਕਰਦੇ, ਪਰ ਹਰਦਿਆਲ ਹਮੇਸ਼ਾਂ ਇਹੋ ਕਹਿੰਦਾ ਕਿ 'ਇਹ ਆਮ ਜਨਤਾ ਦੀ ਬਲਵਾਨ ਜ਼ਬਾਨ ਹੈ, ਅਸੀਂ ਇਸੇ ਨਾਲ ਹੀ ਅੰਗਰੇਜ਼ ਦਾ ਘਾਣ ਕਰਨਾ ਹੈ।'

ਇਸ ਤਰ੍ਹਾਂ ਉਹ ਪੇਂਡੂ ਪੰਜਾਬੀਆਂ ਦੀ ਸਪਿਰਟ ਨੂੰ ਉਭਾਰੀ ਰੱਖਦਾ। ਉਹ ਜਾਣਦਾ ਸੀ ਕਿ ਇਹ ਕਿਰਤੀ ਕਾਮੇ ਬਹੁਤੇ ਪੜ੍ਹੇ-ਲਿਖੇ ਨਹੀਂ, ਇਸ ਕਰਕੇ ਇਨ੍ਹਾਂ ਦੀ ਰਹਿਣੀ-ਬਹਿਣੀ ਤੇ ਆਮ ਆਦਤਾਂ ਵੀ ਠੁੱਲ੍ਹੀਆਂ ਹੀ ਹਨ। ਸੋ, ਉਹ ਆਪ ਵੀ ਉਨ੍ਹਾਂ ਵਿਚ ਉਹੋ ਜਿਹਾ ਹੋ ਕੇ ਰਚ-ਮਿਚ ਜਾਂਦਾ। ਉਸ ਨੂੰ ਆਪਣੀ ਪੜ੍ਹਾਈ ਦਾ ਵੀ ਬਹੁਤਾ ਮਾਣ ਨਹੀਂ ਸੀ ਤੇ ਨਾ ਹੀ ਇਸ ਦਾ ਕੋਈ ਦਿਖਾਵਾ ਕਰਦਾ, ਸਗੋਂ ਉਹ ਸਿੱਧਾ-ਸਾਦਾ ਜੀਵਨ ਬਸਰ ਕਰ ਕੇ ਖ਼ੁਸ਼ ਹੁੰਦਾ। ਉਹ ਖਾਣ-ਪੀਣ ਤੇ ਪਹਿਨਣ ਵੱਲੋਂ ਵੀ ਬਹੁਤ ਬੇਪ੍ਰਵਾਹ ਹੀ ਰਹਿੰਦਾ। ਉਹ ਆਪਣੇ ਫਟੇ ਪੁਰਾਣੇ ਕੋਟ ਤੇ ਠਿੱਬੀ ਜੁੱਤੀ ਦਾ ਖਹਿੜਾ ਨਾ ਛੱਡਦਾ। ਇਕ ਵਾਰ ਦੋਸਤਾਂ ਚੋਰੀ ਚੋਰੀ ਨਵਾਂ ਕੋਟ ਲਿਆ ਕੇ ਰੱਖ ਦਿੱਤਾ, ਪਰ ਉਸ ਨੂੰ ਉਹ ਨਾ ਭਾਇਆ। ਇਸ ਤਰ੍ਹਾਂ ਕਰਤਾਰ ਸਿੰਘ ਸਰਾਭਾ ਨੇ ਇਕ ਵਾਰ ਨਵੇਂ ਬੂਟ ਲਿਆ ਕੇ ਰਾਤ ਨੂੰ ਸਿਰਹਾਣੇ ਰੱਖ ਦਿੱਤੇ ਅਤੇ ਪੁਰਾਣੀ

ਜੁੱਤੀ ਕਿਧਰੇ ਗ਼ਾਇਬ ਕਰ ਦਿੱਤੀ। ਸੋ, ਉਹ ਇਕ ਅਲਬੇਲਾ ਆਦਮੀ ਸੀ ਜੋ ਸਦਾ ਆਪਣੇ ਬੌਧਿਕ ਚਿੰਤਨ ਵਿਚ ਮਗਨ ਰਹਿੰਦਾ ਤੇ ਪਾਰਟੀ ਦੇ ਕੰਮ ਵੀ ਕਦੀ ਅੱਖੋਂ ਉਹਲੇ ਨਾ ਕਰਦਾ।

ਗ਼ਦਰ ਪਾਰਟੀ ਲਈ ਉਸ ਮਸਾਂ ਇਕ ਛਿਮਾਹੀ ਕੰਮ ਕੀਤਾ। *ਗ਼ਦਰ* ਅਖ਼ਬਾਰ ਵੀ ਚਲਾਇਆ ਤੇ ਥਾਂ ਥਾਂ ਫਿਰ ਕੇ ਤਕਰੀਰਾਂ ਕਰ ਕਰ ਪਾਰਟੀ ਦਾ ਮਿਸ਼ਨ ਵੀ ਫੈਲਾਇਆ। ਪਾਰਟੀ ਉਸ ਨੂੰ ਆਪਣਾ ਦਿਮਾਗ਼ ਸਮਝਦੀ ਸੀ, ਪਰੰਤੂ ਬਰਤਾਨਵੀ ਸਰਕਾਰ ਅਤਿਅੰਤ 'ਖ਼ਤਰਨਾਕ'। ਉਸ ਦਾ ਜਤਨ ਸੀ ਕਿ ਕਿਵੇਂ ਹਰਦਿਆਲ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਅਖ਼ੀਰ ਲੰਡਨ ਤੋਂ ਤਾਰ ਹਿੱਲੀ ਤੇ ਅਮਰੀਕਾ ਸਰਕਾਰ ਨੇ ਕਿਸੇ ਤਕਰੀਰ ਦਾ ਆਧਾਰ ਬਣਾ ਕੇ 25 ਮਾਰਚ 1914 ਨੂੰ ਲਾਲਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਪਾਰਟੀ ਨੇ ਜ਼ਮਾਨਤ 'ਤੇ ਰਿਹਾਅ ਕਰਾ ਲਿਆਂਦਾ। ਫਿਰ ਪਾਰਟੀ-ਨੇਤਾਵਾਂ ਅਤੇ ਹੋਰ ਇਨਕਲਾਬੀਆਂ ਡੂੰਘੀ ਸੋਚ-ਵਿਚਾਰ ਬਾਅਦ ਫ਼ੈਸਲਾ ਕੀਤਾ ਕਿ ਆਖ਼ਰ ਇਹ ਸਾਮਰਾਜੀ ਸਾਜ਼ਸ਼ ਸਾਡਾ ਖਹਿੜਾ ਨਹੀਂ ਛੱਡੇਗੀ, ਹਰਦਿਆਲ ਨੂੰ ਆਪਣੇ ਆਪ ਹੀ ਅਮਰੀਕਾ ਛੱਡ ਜਾਣਾ ਚਾਹੀਦਾ ਹੈ। ਇਸ ਫ਼ੈਸਲੇ ਅਨੁਸਾਰ ਉਹ ਸਵਿਟਜ਼ਰਲੈਂਡ ਟਿੱਕ ਗਿਆ ਤੇ ਜਿਵੇਂ ਕਿਵੇਂ 1915 ਦੇ ਸ਼ੁਰੂ ਵਿਚ ਜਰਮਨ ਪਹੁੰਚ ਗਿਆ ਤੇ ਉਥੇ ਜਰਮਨੀ ਲੋਕਾਂ ਨਾਲ ਮਿਲ ਕੇ ਭਾਰਤ ਦੀ ਅਜ਼ਾਦੀ ਲਈ ਜਤਨ ਕਰਦਾ ਰਿਹਾ। ਉਸ ਦੀ ਕਿਤਾਬ *ਜਰਮਨ ਵਿਚ 44 ਮਹੀਨੇ* ਤੋਂ ਉਸ ਦੀਆਂ ਸਰਗਰਮੀਆਂ ਦੀ ਜਾਣਕਾਰੀ ਮਿਲਦੀ ਹੈ, ਪਰੰਤੂ ਉਥੇ ਰਹਿੰਦਿਆਂ ਉਸ ਨੂੰ ਇਹ ਅਨੁਭਵ ਹੋਇਆ ਕਿ ਜਰਮਨ ਫ਼ਾਸਿਸਟ ਅੰਗਰੇਜ਼ ਤੋਂ ਵੀ ਵੱਧ ਖ਼ਤਰਨਾਕ ਹਨ, ਇਸ ਕਰਕੇ ਉਹ 1918 ਦੇ ਅੰਤ ਸਵੀਡਨ ਜਾ ਕੇ ਵੱਸ ਗਿਆ ਤੇ ਉਥੇ 'ਐਗਦਾ ਐਰੀਸਨ' ਨੂੰ ਆਪਣੀ ਜੀਵਨ-ਸਾਥਣ ਬਣਾ ਲਿਆ ਤੇ ਅਧਿਐਨ ਅਤੇ ਲੇਖਣੀ ਰਾਹੀਂ ਆਪਣੀ ਰੋਜ਼ੀ ਕਮਾਉਣ ਲੱਗਾ।

1927 ਵਿਚ ਅੰਗਰੇਜ਼ੀ ਸਰਕਾਰ ਨੇ ਰਾਜਸੀ ਕੈਦੀ ਰਿਹਾਅ ਕਰ ਦਿੱਤੇ ਅਤੇ ਆਮ ਮੁਆਫ਼ੀ ਦਾ ਐਲਾਨ ਕਰ ਦਿੱਤਾ, ਜਿਸ ਕਰਕੇ ਲਾਲਾ ਹਰਦਿਆਲ ਮੁੜ 1928 ਵਿਚ ਆਕਸਫ਼ੋਰਡ ਯੂਨੀਵਰਸਿਟੀ, ਲੰਡਨ ਵਾਪਸ ਆ ਗਿਆ। ਇਥੇ ਆ ਕੇ ਉਸ ਆਪਣਾ ਡਾਕਟ੍ਰੇਟ ਦਾ ਕੰਮ ਕਰਨ ਦਾ ਨਿਸਚਾ ਕੀਤਾ ਤੇ 'ਸੰਸਕ੍ਰਿਤ ਬੋਧੀ ਸਾਹਿੱਤ ਵਿਚ ਬੋਧੀਸਤਵ ਦਾ ਸਿਧਾਂਤ' ਵਿਸ਼ੇ ਉੱਤੇ ਥੀਸਜ਼ ਲਿਖ ਕੇ ਅਕਤੂਬਰ 1931 ਵਿਚ ਡਾਕਟ੍ਰੇਟ ਦੀ ਡਿਗਰੀ ਲਈ। ਫਿਰ 'ਮਾਡਰਨ ਕਲਚਰ ਇੰਸਟੀਚਿਊਟ' ਕਾਇਮ ਕੀਤਾ ਤੇ ਥਾਂ-ਥਾਂ ਲੈਕਚਰ-ਲੜੀ ਜਾਰੀ ਰੱਖੀ। 1938 ਤਕ ਡਾ: ਹਰਦਿਆਲ ਇੰਗਲੈਂਡ ਹੀ ਰਿਹਾ। 'ਐਥੀਕਲ ਕਲਚਰ ਸੁਸਾਇਟੀ' ਦੇ ਸੱਦੇ 'ਤੇ ਅਮਰੀਕਾ ਲੈਕਚਰ ਦੇਣ ਲਈ ਗਿਆ ਤਾਂ ਉਥੇ ਹੀ ਫ਼ਿਲਾਡੈਲਫ਼ੀਆ (ਪੈਨਸਲਵਾਨੀਆ) ਵਿਚ ਉਸ ਦਾ 4 ਮਾਰਚ 1939 ਈ: ਨੂੰ ਦੇਹਾਂਤ ਹੋ ਗਿਆ। ਸਵੀਡਨ ਸੁਆਣੀ ਨੇ 'ਵੰਦੇ ਮਾਤਰਮ' ਦਾ ਗੀਤ ਗਾ ਕੇ ਅੰਤਿਮ ਸੰਸਕਾਰ ਕੀਤਾ ਤੇ ਉਹ ਵਿਚਾਰੀ ਵੀ ਵਿਛੋੜੇ ਦੀ ਤਾਬ ਨਾ ਝੱਲ ਕੇ 1940 ਈ: ਦੇ ਮੁੱਢ ਵਿਚ ਦਮ ਤੋੜ ਗਈ।

ਕੁਝ ਲੋਕਾਂ ਇਹ ਇਤਰਾਜ਼ ਕੀਤਾ ਹੈ ਕਿ ਹਰਦਿਆਲ ਜਿਸ ਗ਼ਦਰ ਪਾਰਟੀ

ਦੇ ਮੁੱਦਈ ਸਨ, ਜਦ ਉਸ 'ਤੇ ਬਿਪਤਾ ਆਈ, ਮੁਕੱਦਮੇ ਚੱਲੇ ਤਾਂ ਉਸ ਨੂੰ ਅੱਗੇ ਆਉਣਾ ਚਾਹੀਦਾ ਸੀ। ਇਹ ਗੱਲ 1915-16 ਦੀ ਹੈ। ਹਰਦਿਆਲ ਉਨ੍ਹੀਂ ਦਿਨੀਂ ਜਰਮਨ ਵਿਚ ਸੀ ਤੇ ਆਪਣੇ ਵਿੱਤ ਅਨੁਸਾਰ ਅਜ਼ਾਦੀ ਲਈ ਕੰਮ ਕਰ ਰਿਹਾ ਸੀ। ਹਿੰਦ ਸਰਕਾਰ ਉਸ ਨੂੰ ਦੇਸ਼ ਅੰਦਰ ਆਉਣ ਦੀ ਆਗਿਆ ਨਹੀਂ ਸੀ ਦੇ ਸਕਦੀ। ਜੇ ਭਾਵੁਕ ਹੋ ਕੇ ਉਹ ਹਿੰਦ ਵਿਚ ਆ ਵੜਦਾ ਤਾਂ ਸਿਵਾਇ ਫਾਂਸੀ ਜਾਂ ਕਾਲੇ ਪਾਣੀ ਦੇ ਉਸ ਲਈ ਹੋਰ ਕੋਈ ਸਜ਼ਾ ਨਹੀਂ ਸੀ। ਸੋ, ਉਸ ਚੰਗਾ ਕੀਤਾ ਕਿ ਉਹ ਬਰਤਾਨਵੀ ਸਾਮਰਾਜ ਦੇ ਜਾਲ ਵਿਚ ਨਾ ਫਸਿਆ। ਜਦ ਉਹ ਇਨ੍ਹਾਂ ਸਰਗਰਮੀਆਂ ਤੋਂ ਉਪਰਾਮ ਹੋ ਗਿਆ ਤਾਂ ਉਸ ਨੇ ਸਾਰਾ ਸਮਾਂ ਲਿਖਣ-ਪੜ੍ਹਨ ਵੱਲ ਲਾਇਆ ਤੇ ਕਈ ਵਧੀਆ ਚੀਜ਼ਾਂ ਲਿਖੀਆਂ ਜਿਵੇਂ ਕਿ 'ਹਿੰਟਸ ਫ਼ਾਰ ਸੈਲਫ਼ ਕਲਚਰ', 'ਟਵੈਲਵ ਰਿਲੀਜਨਜ਼ ਐਂਡ ਮਾਡਰਨ ਲਾਈਫ਼' ਤੇ 'ਬੌਧੀਸਤਵ ਦਾ ਸਿਧਾਂਤ' ਆਦਿ।

ਡਾ: ਹਰਦਿਆਲ ਕਰਮਯੋਗ ਤੇ ਗਿਆਨਯੋਗ ਦਾ ਸੰਗਮ ਸੀ। 1908 ਤੋਂ 1918 ਤਕ ਦਸ ਸਾਲ ਉਹ ਗ਼ਦਰੀ ਸਰਗਰਮੀਆਂ ਵਿਚ ਲੱਗਾ ਰਿਹਾ ਤੇ 1918 ਤੋਂ 1938 ਤਕ ਉਹ 20 ਸਾਲ ਗੰਭੀਰ ਅਧਿਐਨ ਵਿਚ ਮਗਨ ਰਿਹਾ। ਉਹ ਅਨੇਕ-ਭਾਂਤੀ ਬੌਧਿਕ ਸ਼ਕਤੀ ਦਾ ਮਾਲਕ ਸੀ, ਜਿਸ ਨੂੰ ਚੱਲਦਾ-ਫਿਰਦਾ ਇਨਸਾਈਕਲੋਪੀਡੀਆ ਕਿਹਾ ਜਾ ਸਕਦਾ ਹੈ। 1906 ਤੋਂ 1926 ਤਕ ਉਹ ਲਗਾਤਾਰ *ਮਾਡਰਨ ਰੀਵਿਊ* ਲਈ ਲਿਖਦਾ ਰਿਹਾ। ਉਹ ਜਿਥੇ ਵੀ ਗਿਆ, ਆਪਣੇ ਵਿਚਾਰਾਂ ਦਾ ਪ੍ਰਗਟਾਵਾ ਜ਼ਬਾਨ ਤੇ ਕਲਮ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਕਰਦਾ ਰਿਹਾ ਤੇ ਥਾਂ-ਥਾਂ ਉਸ ਦੀ ਛਾਪ ਵੀ ਪੈਂਦੀ। ਉਹ ਚੌਦਾਂ ਜ਼ਬਾਨਾਂ (ਅੰਗਰੇਜ਼ੀ, ਜਰਮਨ, ਫ਼ਰਾਂਸੀਸੀ, ਲਾਤੀਨੀ, ਯੂਨਾਨੀ, ਸਵੀਡਨ, ਇਤਾਲਵੀ, ਤੁਰਕੀ, ਅਰਬੀ, ਹਿੰਦੀ, ਉਰਦੂ, ਪੰਜਾਬੀ, ਸੰਸਕ੍ਰਿਤ, ਪਾਲੀ ਆਦਿ) ਦੀ ਮੁਹਾਰਤ ਰੱਖਦਾ ਸੀ ਤੇ ਘੁਮੱਕੜ ਬਣ ਕੇ ਉਸ ਨੇ ਕਈ ਦੇਸ਼ ਵਿਦੇਸ਼ ਗਾਹੇ ਤੇ ਜੀਵਨ ਦੇ ਕਈ ਰੰਗ ਢੰਗ ਦੇਖੇ। ਗੋਂਦਾਂ ਗੁੰਦ ਕੇ ਚੋਰੀ ਚੋਰੀ ਭੱਜਣਾ, ਪੈਸਿਆਂ ਤੇ ਪਾਸਪੋਰਟ ਦਾ ਪ੍ਰਅਾੜਾ ਕਰਨਾ, ਨਵੇਂ ਹੋਟਲ ਲੱਭਣੇ ਤੇ ਨਵੇਂ ਨਵੇਂ ਯਾਰ ਰੀਝਣੇ, ਫਿਰ ਆਪਣੀ ਰਾਜਨੀਤਕ ਸਰਗਰਮੀ ਜਾਰੀ ਰੱਖਣਾ ਤੇ ਪੜ੍ਹਾਈ ਲਿਖਾਈ ਵਿਚ ਵੀ ਫ਼ਰਕ ਨਾ ਪੈਣ ਦੇਣਾ ਉਸ ਦੀ ਅਨੋਖੀ ਵਿਉਂਤਬੰਦੀ ਸੀ। ਵੀਰ ਸਾਵਰਕਰ, ਰਾਸ ਬਿਹਾਰੀ ਬੋਸ ਤੇ ਭਾਈ ਪਰਮਾਨੰਦ ਵੀ ਭਾਵੇਂ ਇਵੇਂ ਕਰਦੇ ਰਹੇ, ਪਰ ਗੰਭੀਰ-ਅਧਿਐਨ ਉਨ੍ਹਾਂ ਦਾ ਸ਼ੌਕ ਨਹੀਂ ਸੀ। ਡਾ: ਹਰਦਿਆਲ ਧਰਮ ਦੇ ਪੁਰਾਤਨ ਤਜਰਬੇ ਤੇ ਆਧੁਨਿਕ ਵਿਗਿਆਨ ਦੀਆਂ ਨਵੀਆਂ ਖੋਜਾਂ ਦਾ ਸੰਗਮ ਕਰ ਕੇ ਨਵੀਨ ਸਭਿਆਚਾਰ ਦਾ ਸੁਪਨਾ ਲੈ ਰਿਹਾ ਸੀ, ਜੋ ਸਾਕਾਰ ਨਾ ਹੋਇਆ। ਉਹ ਆਪਣੇ ਵਤਨੀ ਭਾਈਆਂ ਨੂੰ ਕਿਹਾ ਕਰਦਾ ਸੀ ਕਿ ਇਹ ਅੰਗਰੇਜ਼ੀ ਧਰਮ ਈਸਾਈਅਤ, ਅੰਗਰੇਜ਼ੀ ਕਾਨੂੰਨ ਤੇ ਅੰਗਰੇਜ਼ੀ ਰਾਜ-ਪ੍ਰਬੰਧ ਸਾਡੇ ਲਈ ਸਭੇ ਹਾਨੀਕਾਰਕ ਹਨ। ਸਾਨੂੰ ਆਪਣੇ ਸਭਿਆਚਾਰ ਦੀ ਪਛਾਣ ਕਰਨੀ ਚਾਹੀਦੀ ਹੈ। ਇਸੇ ਕਰਕੇ ਉਹ ਤਿੰਨ ਰਾਰਿਆਂ ਉੱਤੇ ਜ਼ੋਰ ਦਿੰਦਾ ਸੀ:

1. ਰੈਨੀਸੈਂਸ (ਬੌਧਿਕ ਜਾਗ੍ਰਿਤੀ);
2. ਰੀਫ਼ਾਰਮੇਸ਼ਨ (ਸਮਾਜਿਕ ਸੁਧਾਰ); ਅਤੇ

3. ਰੈਵੋਲਿਊਸ਼ਨ (ਰਾਜਨੀਤਕ ਕ੍ਰਾਂਤੀ)।

ਉਹ ਗਦਰੀ ਤੋਂ ਵੱਧ ਭਵਿਸ਼ਤ ਸਮਾਜ ਦਾ ਸੁਪਨੇਸਾਜ਼ ਸੀ। ਉਹ ਇਕ ਜੀਵਨ-ਆਦਰਸ਼, ਇਕ ਧਰਮ, ਇਕ ਫਿਲਾਸਫੀ, ਇਕ ਕੌਮ, ਇਕ ਸਟੇਟ, ਇਕ ਵਿਧਾਨ ਤੇ ਇਕ ਝੰਡਾ ਝੁਲਾਉਣ ਦਾ ਹਾਮੀ ਸੀ ਜੋ ਜਾਗ੍ਰਿਤ ਮਾਨਵ ਦੇ ਸਦੀਵੀ ਨਿਸ਼ਾਨੇ ਰਹਿਣਗੇ। ਇਸ ਤੋਂ ਬਿਨਾਂ ਸੰਸਾਰ ਸ਼ਾਂਤੀ ਨਹੀਂ ਹਾਸਲ ਕਰ ਸਕਦਾ।

ਭਾਰਤੀ ਏਕਤਾ ਤੇ ਅਖੰਡਤਾ ਦੇ ਸੱਚੇ ਅਲੰਬਰਦਾਰ
ਭਾਰਤ ਰਤਨ—ਬਾਦਸ਼ਾਹ ਖ਼ਾਨ

ਇਕ ਵਾਰ ਇਕ ਪਠਾਣ ਸ਼ਾਂਤੀ ਨਿਕੇਤਨ ਵਿਖੇ ਗੁਰਦੇਵ ਟੈਗੋਰ ਪਾਸ ਆਇਆ ਤੇ ਕਹਿਣ ਲੱਗਾ, "ਮੈਨੂੰ ਚਿੱਤਰਕਲਾ ਦਾ ਸ਼ੌਕ ਹੈ, ਮੈਨੂੰ ਚਿੱਤਰਕਲਾ ਦੀ ਸਿੱਖਿਆ ਦਿੱਤੀ ਜਾਵੇ।" ਇਸ ਰਿਸ਼ਟ-ਪੁਸ਼ਟ ਪਠਾਨ ਵੱਲ ਤੱਕ ਕੇ ਗੁਰਦੇਵ ਮੁਸਕਰਾਏ ਤੇ ਉਸ ਦਾ ਹੱਥ ਪਕੜ ਕੇ ਕਹਿਣ ਲੱਗੇ ਕਿ ਇਹ ਸਖ਼ਤ ਬਲਵਾਨ ਹੱਥ ਤਾਂ ਬੰਦੂਕ ਫੜਨ ਲਈ ਹਨ, ਬੁਰਸ਼ ਜਾਂ ਤੂਲਿਕਾ ਲਈ ਨਹੀਂ। ਪਠਾਣ ਘਬਰਾਇਆ ਨਹੀਂ, ਉਹ ਮੋੜਵਾਂ ਉੱਤਰ ਦੇ ਕੇ ਕਹਿਣ ਲੱਗਾ, "ਗੁਰਦੇਵ! ਮੈਂ ਐਸੇ ਚਿੱਤਰ ਬਣਾਵਾਂਗਾ ਜਿਨ੍ਹਾਂ ਨੂੰ ਤੱਕ ਕੇ ਅਣਖ਼ੀਲੀ ਅਫ਼ਗ਼ਾਨ ਕੌਮ ਦਾ ਹੱਥ ਤੇਗ਼ ਤੇ ਮੁੱਠ ਉੱਤੇ ਜਾਵੇਗਾ ਤੇ ਉਹ ਕੌਮੀ ਆਨ-ਸ਼ਾਨ ਲਈ ਜੂਝਣ ਹਿੱਤ ਤਿਆਰ-ਬਰ-ਤਿਆਰ ਹੋ ਜਾਵੇਗੀ।" ਇਹ ਉੱਤਰ ਸੁਣ ਕੇ ਗੁਰਦੇਵ ਬਹੁਤ ਪ੍ਰਸੰਨ ਹੋਏ ਤੇ ਉਸ ਨੂੰ ਸਿਖਲਾਈ ਲਈ ਦਾਖ਼ਲ ਕਰ ਲਿਆ ਗਿਆ।

ਇਹ ਪ੍ਰਸਿੱਧ ਹੀ ਹੈ ਕਿ ਪਠਾਣ ਕੌਮ ਦਾ ਕਿਰਦਾਰ ਲੜਾਈ-ਭਿੜਾਈ ਦਾ ਕਿਰਦਾਰ ਹੈ ਤੇ ਉਨ੍ਹਾਂ ਦੀ ਸਾਰੀ ਤਵਾਰੀਖ਼ ਜੰਗਾਂ ਜੁੱਧਾਂ ਦੀ ਤ਼ਾਰੀਖ਼ ਹੈ। ਰਵਾਇਤ ਪ੍ਰਚੱਲਤ ਹੈ ਕਿ ਜੇਕਰ ਉਨ੍ਹਾਂ ਦੀ ਕਿਸੇ ਹੋਰ ਨਾਲ ਟੱਕਰ ਭੇੜ ਨਾ ਹੋਵੇ ਤਾਂ ਉਹ ਆਪਸ ਵਿਚ ਹੀ ਇਸ ਲਈ ਲੜਦੇ ਭਿੜਦੇ ਰਹਿੰਦੇ ਹਨ ਤਾਂ ਕਿ ਹਥਿਆਰ ਚਲਾਉਣ ਦਾ ਅਭਿਆਸ ਬਣਿਆ ਰਹੇ। ਅਜਿਹੀ ਜੰਗਜੂ ਕੌਮ ਵਿੱਚੋਂ ਅਬਦੁਲ ਗ਼ੁਫ਼ਾਰ ਖ਼ਾਂ, ਜਿਹੀ ਕੋਮਲ ਚਿੱਤ ਮਹਾਨ ਸ਼ਖ਼ਸੀਅਤ ਦਾ ਪ੍ਰਗਟ ਹੋਣਾ ਇਕ ਚਮਤਕਾਰ ਹੀ ਕਿਹਾ ਜਾਵੇਗਾ। ਇਹ ਸੌ ਸਾਲ ਦੀ ਉਮਰ ਨੂੰ ਢੁੱਕਣ ਵਾਲਾ ਲੰਮਾ-ਝੰਮਾ ਲੋਹ ਪੁਰਖ—ਸਰਹੱਦੀ ਗਾਂਧੀ, ਫ਼ਰੰਟੀਅਰ ਗਾਂਧੀ, ਬਾਦਸ਼ਾਹ ਖ਼ਾਂ, ਬਾਚਾ ਖ਼ਾਂ, ਫ਼ਖ਼ਰਿ-ਅਫ਼ਗ਼ਾਨ ਤੇ ਖ਼ੁਦਾਈ ਖ਼ਿਦਮਤਗਾਰ ਦਰਵੇਸ਼ ਆਦਿ ਨਾਵਾਂ ਨਾਲ ਇਸ ਲਈ ਯਾਦ ਕੀਤਾ ਜਾਂਦਾ ਹੈ ਕਿਉਂਕਿ ਉਸ ਨੇ ਆਪਣੇ ਘਰਾਣੇ ਦੀ ਪਰੰਪਰਾ ਦੇ ਉਲਟ ਉਮਰ ਭਰ ਸ਼ਾਂਤੀ ਅਮਨ, ਤਪ ਤਿਆਗ ਤੇ ਕੁਰਬਾਨੀ ਦਾ ਜੀਵਨ ਬਸਰ ਕੀਤਾ ਤੇ ਕਦੀ ਵੀ ਹਿੰਸਾ ਦਾ ਰਾਹ ਨਹੀਂ ਅਪਣਾਇਆ। ਲਗਾਤਾਰ 70-80 ਵਰ੍ਹੇ ਸਿਆਸੀ ਮੈਦਾਨ ਵਿਚ ਵਿਚਰ ਕੇ ਕਦੀ ਪੈਂਤੜੇਬਾਜ਼ੀ ਤੋਂ ਕੰਮ ਨਹੀਂ ਲਿਆ, ਸਦਾ ਸਿੱਧੇ-ਸਾਦੇ ਤਰੀਕੇ ਨਾਲ ਆਪਣੇ ਅਸੂਲਾਂ ਉੱਤੇ ਪਹਿਰਾ ਦਿੱਤਾ। ਕਦੀ ਕੋਈ ਲਾਲਸਾ ਨਹੀਂ ਰੱਖੀ ਤੇ ਨਾ ਹੀ ਕਿਸੇ ਸਵਾਰਥ ਲਈ ਸੱਚ, ਅਹਿੰਸਾ, ਸ਼ਾਂਤੀ ਦੇ ਰਾਹ ਤੋਂ ਇਧਰ-ਉਧਰ ਹੋਏ।

ਜਦੋਂ 1934 ਵਿਚ ਕਰਾਚੀ ਵਿਚ ਹੋਏ 'ਸਰਬ ਹਿੰਦ ਕਾਂਗਰਸ ਸਮਾਗਮ' ਸਮੇਂ ਆਪ ਨੂੰ ਪਾਰਟੀ ਦਾ ਪ੍ਰਧਾਨ ਬਣਾਉਣ ਲਈ ਤਜਵੀਜ਼ ਰੱਖੀ ਗਈ ਤਾਂ ਆਪ ਨੇ ਸਾਫ਼ ਇਨਕਾਰ ਕਰਦਿਆਂ ਕਿਹਾ, "ਮੈਂ ਤਾਂ ਖ਼ੁਦਾਈ ਖ਼ਿਦਮਤਗਾਰ ਸਿਪਾਹੀ ਹਾਂ ਤੇ ਸਿਪਾਹੀ ਰਹਿ ਕੇ ਹੀ ਲੋਕਾਂ ਦੀ ਤੇ ਦੇਸ਼ ਦੀ ਸੇਵਾ ਕਰਾਂਗਾ।"

ਇਹ ਜਵਾਬ ਸੁਣ ਕੇ ਪੰਡਿਤ ਜਵਾਹਰ ਲਾਲ ਨਹਿਰੂ ਬਹੁਤ ਮੁਤਾਸਰ ਹੋਏ ਤੇ ਉਠ ਕੇ ਕਹਿਣ ਲੱਗੇ, "ਅਸੀਂ ਬੜੇ ਖ਼ੁਸ਼ਕਿਸਮਤ ਹਾਂ ਕਿ ਸਾਡੇ ਦਰਮਿਆਨ ਅਜਿਹੀ ਸੱਚੀ ਸੁੱਚੀ, ਈਮਾਨਦਾਰ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਮੌਜੂਦ ਹੈ, ਜਿਸ ਦੇ ਇਕ ਇਸ਼ਾਰੇ 'ਤੇ ਜੰਗਜੂ ਪਠਾਣ ਵੀ ਅਹਿੰਸਾ ਦਾ ਸ਼ਾਹਰਾਹ ਅਪਣਾ ਰਹੇ ਹਨ ਤੇ ਜੰਗੇ-ਅਜ਼ਾਦੀ ਵਿਚ ਸਾਡਾ ਹੱਥ ਵਟਾ ਰਹੇ ਹਨ।

ਇਸ ਤਰ੍ਹਾਂ ਇਹ ਖੱਦਰਪੋਸ਼ ਬਾਦਸ਼ਾਹ ਖ਼ਾਨ, ਉਮਰ ਭਰ ਦਰਵੇਸ਼ ਤੇ ਮੁਜਾਹਦ (ਸੰਗ੍ਰਾਮੀਏ) ਬਣ ਕੇ ਸੱਚ ਤੇ ਨਿਆਇ ਲਈ ਨਿਧੜਕ ਹੋ ਕੇ ਜੂਝਦੇ ਰਹੇ ਤੇ ਉਨ੍ਹਾਂ ਕਦੀ ਵੀ ਕਿਸੇ ਦੀ ਟੈਂ ਨਹੀਂ ਮੰਨੀ। ਅਜਿਹੇ ਸਰਬੋਤਮ ਸਵੱਛ ਆਚਰਣ ਦਾ ਨਤੀਜਾ ਹੈ ਕਿ ਅੱਜ (1987) ਆਪ ਨੂੰ ਹਿੰਦ ਸਰਕਾਰ ਨੇ 'ਭਾਰਤ ਰਤਨ' ਦੀ ਉਪਾਧੀ ਨਾਲ ਸਨਮਾਨਿਆ ਤੇ ਇਹ ਕਾਰਗੁਜ਼ਾਰੀ ਕਰਕੇ ਹਿੰਦੁਸਤਾਨ ਨੇ ਵੀ ਕੌਮਾਂਤਰੀ ਖੇਤਰ ਵਿਚ ਆਪਣੀ ਸ਼ੁਹਰਤ ਵਧਾਈ ਹੈ ਕਿ ਉਸ ਦੀ ਨਿਗ੍ਹਾ ਵਿਚ ਕੋਈ ਪੱਖਪਾਤ ਨਹੀਂ, ਕੋਈ ਭਿੰਨ ਭੇਦ ਨਹੀਂ। ਹਰ ਓਹੀ ਇਨਸਾਨ ਭਾਵੇਂ ਉਹ ਕਿਤੇ ਦਾ ਵੀ ਰਹਿਣ ਵਾਲਾ ਹੈ, ਉਹ ਸਾਡੇ ਪਿਆਰ ਤੇ ਸਤਿਕਾਰ ਦਾ ਪਾਤਰ ਹੈ।

ਆਪ ਦਾ ਜਨਮ ਮੁਹੰਮਦ-ਜ਼ਈ ਕਬੀਲੇ ਵਿਚ ਜ਼ਿਲ੍ਹਾ ਪਿਸ਼ਾਵਰ ਦੇ ਪਿੰਡ ਯੁਤਮਾਨਜ਼ਈ ਵਿਖੇ 1889 ਈ: ਵਿਚ ਖ਼ਾਨ ਬਹਿਰਾਮ ਖ਼ਾਂ ਦੇ ਘਰ ਹੋਇਆ। ਮੁੱਢਲੀ ਪੜ੍ਹਾਈ ਆਪਣੇ ਪਿੰਡ ਹੀ ਕੀਤੀ ਤੇ ਫਿਰ ਪਿਸ਼ਾਵਰ ਦੇ ਮਿਸ਼ਨ ਸਕੂਲ ਵਿਚ ਦਸਵੀਂ ਤਕ ਪੜ੍ਹੇ, ਪਰੰਤੂ ਮੈਟ੍ਰਿਕ ਪਾਸ ਨਾ ਕਰ ਸਕੇ। ਫਿਰ ਅਲੀਗੜ੍ਹ ਯੂਨੀਵਰਸਿਟੀ ਦਾ ਉਰਦੂ ਦਾ ਇਕ ਇਮਤਿਹਾਨ ਦਿੱਤਾ। ਪਿਤਾ ਪਿੰਡ ਦੇ ਨੰਬਰਦਾਰ ਸਨ ਤੇ ਚੰਗੀ ਚੋਖੀ ਜਾਇਦਾਦ ਦੇ ਮਾਲਕ ਸਨ, ਪਰ ਅਜ਼ਾਦੀ ਲਈ ਡਾਢੀ ਲਗਨ ਰੱਖਦੇ ਸਨ, ਇਸ ਕਰਕੇ ਇਹ 1930 ਦੀ ਸਿਵਲ ਨਾ-ਫ਼ਰਮਾਨੀ ਲਹਿਰ ਵਿਚ ਕੈਦ ਹੋ ਗਏ। ਇਸ ਦਾ ਅਸਰ ਇਹ ਹੋਇਆ ਕਿ ਆਪ ਦੇ ਨੌਨਿਹਾਲ ਅਬਦੁਲ ਗ਼ੁਫ਼ਾਰ ਖ਼ਾਂ ਵੀ ਜੰਗੇ-ਅਜ਼ਾਦੀ ਦੀ ਲਹਿਰ ਵੱਲ ਖਿੱਚੇ ਗਏ ਤੇ ਉਮਰ ਭਰ ਇਸੇ ਜਦੋ-ਜਹਿਦ ਵਿਚ ਲੱਗੇ ਰਹੇ। ਲਗਭਗ ਉਨ੍ਹਾਂ 30 ਸਾਲ ਜੇਲ੍ਹ ਵਿਚ ਗੁਜ਼ਾਰੇ—14 ਸਾਲ ਅੰਗਰੇਜ਼ੀ ਸਰਕਾਰ ਦੇ ਹੁਕਮ ਹੇਠ ਤੇ 16 ਸਾਲ ਪਾਕਿਸਤਾਨ ਦੀ ਫ਼ੌਜੀ ਸਰਕਾਰ ਦੇ ਕਰੜੇ ਕਾਨੂੰਨ ਹੇਠ। ਪਰੰਤੂ ਇਸ ਲੰਮੀ ਜਦੋ-ਜਹਿਦ ਸਮੇਂ ਉਹ ਕਦੀ ਲੁਕੇ ਨਹੀਂ ਤੇ ਸਦਾ ਆਪਣੇ ਅਸੂਲਾਂ 'ਤੇ ਦ੍ਰਿੜ੍ਹ ਰਹੇ। ਪਹਿਲੇ ਪਹਿਲ ਆਪ ਨੂੰ ਉਰਦੂ ਪੜ੍ਹਨ ਦਾ ਸ਼ੌਕ ਸੀ ਤੇ ਉਹ ਮੌਲਾਨਾ ਅਬੁਲ ਕਲਾਮ 'ਅਜ਼ਾਦ' ਦਾ ਪਰਚਾ 'ਅਲ ਹਲਾਲ', ਜੋ ਕਲਕੱਤੇ ਤੋਂ ਨਿਕਲਦਾ ਸੀ, ਬੜੇ ਚਾਉ ਨਾਲ ਪੜ੍ਹਿਆ ਕਰਦੇ ਸਨ। ਅਜ਼ਾਦ ਜੀ ਦੀਆਂ ਸਰਗਰਮ ਲਿਖਤਾਂ ਨੇ ਇਨ੍ਹਾਂ ਅੰਦਰ ਅਜ਼ਾਦੀ ਦੀ ਜੋਤਿ ਜਗਾਈ। ਇਸੇ ਜੋਸ਼ ਵਿਚ ਇਨ੍ਹਾਂ ਖ਼ੁਦ 'ਪਖ਼ਤੂਨ' ਰਸਾਲਾ 1928 ਈ: ਵਿਚ ਕੱਢਿਆ ਤੇ 1929 ਈ: ਵਿਚ 'ਖ਼ੁਦਾਈ ਖ਼ਿਦਮਤਗਾਰ' ਜਥੇਬੰਦੀ ਕਾਇਮ ਕੀਤੀ।

ਇਸ ਪਰਚੇ ਤੇ ਜਥੇਬੰਦੀ ਰਾਹੀਂ ਇਹ ਆਪਣੇ ਪੱਛੜੇ ਲੋਕਾਂ ਵਿਚ ਸਮਾਜਕ ਸੁਧਾਰ ਤੇ ਵਿਦਿਅਕ ਤਰੱਕੀ ਦੀ ਲਗਨ ਲਾਉਂਦੇ ਰਹੇ। 1931 ਈ: ਵਿਚ ਕਾਂਗਰਸ ਲਹਿਰ ਨਾਲ ਸੰਬੰਧ ਜੁੜਿਆ ਤੇ ਮਹਾਤਮਾ ਗਾਂਧੀ ਦੇ ਸੰਪਰਕ ਵਿਚ ਆਏ। ਗਾਂਧੀ ਜੀ ਆਪ ਦੀ ਸਾਦਾ ਸ਼ਖ਼ਸੀਅਤ ਤੇ ਅਹਿੰਸਾ ਪ੍ਰਤੀ ਦ੍ਰਿੜ੍ਹਤਾ ਤੋਂ ਬਹੁਤ ਪ੍ਰਭਾਵਿਤ ਹੋਏ, ਪਰੰਤੂ ਇਸ ਤੋਂ ਇਹ ਸਿੱਟਾ ਕੱਢਣਾ ਭੁੱਲ ਹੈ ਕਿ ਅਬਦੁਲ ਗ਼ੁਫ਼ਾਰ ਖ਼ਾਂ ਨੇ ਅਹਿੰਸਾ ਦਾ ਪਾਠ ਮਹਾਤਮਾ ਗਾਂਧੀ ਜੀ ਤੋਂ ਪੜ੍ਹਿਆ। ਦਰਅਸਲ ਇਹ ਪਹਿਲਾਂ ਤੋਂ ਹੀ ਅਹਿੰਸਾ ਤੇ ਸੱਚ ਦੇ ਮੁੱਦਈ ਸਨ ਤੇ ਇਹ ਸਮਝਦੇ ਸਨ ਕਿ ਚੰਗੇ ਇਨਸਾਨ ਬਣਨ ਦਾ ਇਹੋ ਇੱਕੋ ਇਕ ਰਸਤਾ ਹੈ ਅਤੇ ਇਸਲਾਮ ਦੀ ਤਾਲੀਮ ਵੀ ਇਹੋ ਹੀ ਹੈ। ਆਪ ਦੇ ਵੱਡੇ ਭਾਈ ਡਾਕਟਰ ਖ਼ਾਨ ਸਾਹਿਬ ਵੀ ਚੰਗੇ ਸਰਗਰਮ ਕਾਂਗਰਸੀ ਨੇਤਾ ਸਨ, ਜਿਨ੍ਹਾਂ ਪਿੱਛੋਂ ਜਾ ਕੇ ਸੂਬਾ ਸਰਹੱਦ ਵਿਚ ਕਾਂਗਰਸ ਵਜ਼ਾਰਤ ਵੀ ਬਣਾਈ। ਕਾਂਗਰਸ ਪਾਰਟੀ ਲਈ ਇਹ ਬੇਹੱਦ ਖ਼ੁਸ਼ੀ ਦੀ ਗੱਲ ਸੀ ਕਿ ਉਸ ਸਮੇਂ ਦੇ ਫ਼ਿਰਕੂ ਵਾਤਾਵਰਣ ਵਿਚ ਇਸ ਮੁਸਲਿਮ ਬਹੁ- ਗਿਣਤੀ ਵਾਲੇ ਸਰਹੱਦੀ ਸੂਬੇ ਵਿਚ ਕੌਮਪ੍ਰਸਤ ਵਿਚਾਰਾਂ ਦੀ ਵਿਜੈ ਹੋਈ ਸੀ। ਇਸ ਕਰਕੇ ਮਹਾਤਮਾ ਗਾਂਧੀ ਜੀ ਨੇ ਵੀ ਬਾਦਸ਼ਾਹ ਖ਼ਾਨ ਨੂੰ ਨਾਲ ਲੈ ਕੇ ਸਰਹੱਦ ਦਾ ਦੋ ਵਾਰ ਦੌਰਾ ਕੀਤਾ।

ਜਦ ਦੂਜੀ ਵਾਰ ਉਹ ਅਕਤੂਬਰ ਵਿਚ ਆਏ ਤਾਂ ਆਪ ਨੇ ਅਬਦੁਲ ਗ਼ੁਫ਼ਾਰ ਖ਼ਾਂ ਦੇ ਪਿੰਡ ਆ ਕੇ ਨਿਵਾਸ ਕੀਤਾ। ਆਪ ਨੇ ਸੁਰੱਖਿਆ ਦੇ ਖ਼ਿਆਲ ਨਾਲ ਕੋਠੇ ਉੱਤੇ ਹਥਿਆਰਬੰਦ ਪਹਿਰਾ ਲਾ ਦਿੱਤਾ ਤਾਂ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਇਸ ਗੱਲ 'ਤੇ ਮਹਾਤਮਾ ਗਾਂਧੀ ਜੀ ਨੇ ਇਤਰਾਜ਼ ਕੀਤਾ ਕਿ ਇਹ ਤਾਂ ਹਿੰਸਕ ਕਾਰਵਾਈ ਹੈ ਜੋ ਕਿ ਕਿਸੇ ਅਹਿੰਸਾਵਾਦੀ ਲਈ ਸ਼ੋਭਨੀਕ ਨਹੀਂ। ਇਸ ਕਾਰਨ ਪਹਿਰਾ ਹਟਾ ਦਿੱਤਾ ਗਿਆ। ਗਾਂਧੀ ਜੀ ਬਹੁਤ ਖ਼ੁਸ਼ ਹੋਏ। ਖ਼ਾਸ ਕਰਕੇ ਖ਼ੁਦਾਈ ਖ਼ਿਦਮਤਗਾਰਾਂ ਦੀ ਸਰਗਰਮੀ ਉਨ੍ਹਾਂ ਨੂੰ ਉਤਸ਼ਾਹ ਦਿੰਦੀ ਸੀ ਕਿ ਇਹੋ ਬਹਾਦਰ ਪਠਾਣ ਦੁਨੀਆਂ ਨੂੰ ਅਮਨ ਦਾ ਸੁਨੇਹਾ ਦੇਣਗੇ ਤੇ ਸਾਡੇ ਹੱਥ ਮਜ਼ਬੂਤ ਕਰਨਗੇ। ਜੁਲਾਈ 1940 ਵਿਚ ਕਾਂਗਰਸ ਪਾਰਟੀ ਨੇ ਬਰਤਾਨਵੀ ਸਰਕਾਰ ਨੂੰ ਮਿਲਵਰਤਣ ਦੇਣ ਦਾ ਮਤਾ ਪਾਸ ਕੀਤਾ, ਜਿਸ ਦੇ ਵਿਰੋਧ ਵਿਚ ਮਹਾਤਮਾ ਗਾਂਧੀ ਤੇ ਸਰਹੱਦੀ ਗਾਂਧੀ ਦੋਵੇਂ ਅਸਤੀਫ਼ਾ ਦੇ ਗਏ। ਇਹ ਕਹਿੰਦੇ ਸਨ ਕਿ ਸਾਨੂੰ ਅਹਿੰਸਾ ਦਾ ਰਾਹ ਨਹੀਂ ਛੱਡਣਾ ਚਾਹੀਦਾ ਜਦੋਂ ਕਿ ਜਰਮਨ ਤੇ ਅੰਗਰੇਜ਼ ਦੋਵੇਂ ਹਿੰਸਕ ਕਾਰਿਆਂ ਵਿਚ ਗ਼ਲਤਾਨ ਹਨ, ਫਿਰ ਅਸੀ ਉਨ੍ਹਾਂ ਦੀ ਮਦਦ ਕਿਉਂ ਕਰੀਏ?

ਦੂਜੀ ਵੱਡੀ ਜੰਗ ਦੇ ਖ਼ਾਤਮੇ ਤੋਂ ਬਾਅਦ ਅੰਗਰੇਜ਼ਾਂ ਹਿੰਦੁਸਤਾਨ ਨੂੰ ਅਜ਼ਾਦ ਕਰਨ ਦੀ ਵਿਉਂਤ ਬਣਾਈ, ਜਿਸ ਦੀ ਬੁਨਿਆਦ ਦੇਸ਼ ਦੀ ਵੰਡ ਸੀ, ਪਰੰਤੂ ਸਰਹੱਦੀ ਗਾਂਧੀ ਇਸ ਦੇ ਸਖ਼ਤ ਖ਼ਿਲਾਫ਼ ਸਨ। ਕਾਂਗਰਸ ਵਰਕਿੰਗ ਕਮੇਟੀ ਨੇ ਆਖ਼ਰ ਇਸ ਵੰਡ ਨੂੰ ਪ੍ਰਵਾਨ ਕਰ ਲਿਆ ਤਾਂ ਸਰਹੱਦੀ ਗਾਂਧੀ ਨੇ ਅੱਖਾਂ ਵਿਚ ਅੱਥਰੂ ਭਰ ਕੇ ਬੜੇ ਦੁਖੀ ਦਿਲ ਨਾਲ ਗਾਂਧੀ ਜੀ ਨੂੰ ਸੰਬੋਧਨ ਕਰਦਿਆਂ ਕਿਹਾ, "ਮਹਾਤਮਾ ਜੀ, ਤੁਸੀਂ ਸਾਨੂੰ ਬਘਿਆੜਾਂ ਦੇ ਹਵਾਲੇ ਕਰ ਦਿੱਤਾ ਹੈ। ਅਸੀਂ ਹੁਣ ਹਿੰਦੁਸਤਾਨ ਤੇ ਪਾਕਿਸਤਾਨ ਦੋਹਾਂ ਲਈ ਬੇਗਾਨੇ ਹੋ ਗਏ ਹਾਂ। ਸਾਨੂੰ ਦੱਸੋ ਅਸੀਂ ਹੁਣ ਕੀ ਕਰੀਏ?"

ਗਾਂਧੀ ਜੀ ਪਾਸ ਇਸ ਦਾ ਕੋਈ ਜਵਾਬ ਨਹੀਂ ਸੀ, ਜੋ ਆਮ ਕਿਹਾ ਕਰਦੇ ਸਨ ਕਿ ਪਾਕਿਸਤਾਨ ਤਾਂ ਮੇਰੀ ਲਾਸ਼ 'ਤੇ ਹੀ ਬਣੇਗਾ, ਪਰ ਇਹ ਗੱਲ ਬਿਲਕੁਲ ਨਿਰਾਰਥਕ ਬਣ ਕੇ ਰਹਿ ਗਈ।

ਇਸ ਉਦਾਸ ਅਵਸਥਾ ਵਿਚ ਬਾਦਸ਼ਾਹ ਖ਼ਾਂ ਪਿਸ਼ਾਵਰ ਚਲੇ ਗਏ ਤੇ ਨਵੇਂ ਹਾਲਾਤ ਅੰਦਰ ਪਠਾਣਾਂ ਦੀ ਅਜ਼ਾਦੀ ਨੂੰ ਬਰਕਰਾਰ ਰੱਖਣ ਲਈ 'ਪਖ਼ਤੂਨਿਸਤਾਨ' ਦਾ ਸੁਪਨਾ ਸਾਕਾਰ ਕਰਨ ਵਿਚ ਜੁੱਟ ਗਏ। ਇਸ ਉਦੇਸ਼ ਲਈ ਉਨ੍ਹਾਂ ਬੜੀ ਜਦੋ-ਜਹਿਦ ਕੀਤੀ ਪਰ ਪਾਕਿਸਤਾਨ ਦੀ ਫ਼ੌਜੀ ਸਰਕਾਰ ਨੇ ਇਸ ਨੂੰ ਰਤਾ ਜਿੰਨਾ ਪਰਵਾਨ ਨਾ ਕੀਤਾ, ਹਾਲਾਂਕਿ ਉਹ ਪਾਕਿਸਤਾਨ ਦੇ ਵਿਧਾਨਕ ਢਾਂਚੇ ਅੰਦਰ ਹੀ ਪਠਾਣਾਂ ਲਈ ਇਕ ਸੰਗਠਿਤ ਸੂਬਾ ਮੰਗਦੇ ਸਨ। ਹੁਣ ਬੁਢਾਪੇ ਨੇ ਕਈ ਰੋਗ ਲਾ ਦਿੱਤੇ ਤੇ ਜੇਲ੍ਹਾਂ ਨੇ ਇਹ ਰੋਗ ਪੱਕੇ ਤੌਰ 'ਤੇ ਗਲ ਪਾ ਦਿੱਤੇ। ਇਸ ਦੇ ਇਲਾਜ ਲਈ ਉਹ ਦਿੱਲੀ ਆਏ। ਇਥੇ ਜੈਨ ਸਭਾ ਨੇ ਆਪ ਨੂੰ ਇਕ ਲੱਖ ਰੁਪਏ ਦੀ ਥੈਲੀ ਭੇਟ ਕੀਤੀ, ਪਰ ਆਪ ਨੇ ਇਹ ਪਰਵਾਨ ਨਹੀਂ ਕੀਤੀ। ਫਿਰ ਬੰਬਈ ਇਲਾਜ ਹੋਇਆ। ਕੁਝ ਠੀਕ ਹੋ ਗਏ ਤੇ ਦਿੱਲੀ ਆ ਕੇ ਫ਼ਿਰ ਅਧਰੰਗ ਦਾ ਹਮਲਾ ਹੋ ਗਿਆ। ਮਹੀਨਾ ਭਰ ਇਥੇ ਰਹੇ। ਹਿੰਦ ਸਰਕਾਰ ਨੇ ਹਰ ਤਰ੍ਹਾਂ ਪੂਰੀ ਸੇਵਾ ਕੀਤੀ ਜੈਸਾ ਕਿ ਉਸ ਦਾ ਫ਼ਰਜ਼ ਸੀ ਤੇ ਇਸੇ ਸਮੇਂ ਹੀ ਦਿੱਲੀ ਸਰਕਾਰ ਨੇ ਆਪਣੀ ਖ਼ੁਸ਼ਨਸੀਬੀ ਸਮਝੀ ਤੇ ਆਪਣਾ ਪਵਿੱਤਰ ਕਰਤੱਵ ਪਛਾਣਦਿਆਂ ਉਨ੍ਹਾਂ ਨੂੰ ਦੇਸ਼ ਦਾ ਸਰਬੋਤਮ ਖ਼ਿਤਾਬ 'ਭਾਰਤ ਰਤਨ' ਪ੍ਰਦਾਨ ਕੀਤਾ। ਇਸ ਗੱਲ ਨਾਲ ਜਿਥੇ ਸਰਹੱਦੀ ਗਾਂਧੀ ਜੀ ਦੀ ਵਡਿਆਈ ਵਧੀ ਹੈ, ਉਥੇ ਭਾਰਤ ਸਰਕਾਰ ਦਾ ਸਿਰ ਵੀ ਉੱਚਾ ਹੋਇਆ ਹੈ ਕਿ ਉਸ ਨੇ ਇਕ ਨਿਸ਼ਕਾਮ ਕਰਮਯੋਗੀ ਦਰਵੇਸ਼, ਸੁਤੰਤਰਤਾ ਸੰਗਰਾਮੀਏ ਤੇ ਭਾਰਤੀ ਏਕਤਾ ਤੇ ਅਖੰਡਤਾ ਦੇ ਮੁੱਦਈ ਮਹਾਨ ਬੀਰ ਨਾਇਕ ਨੂੰ ਸਮੇਂ ਸਿਰ ਪ੍ਰਣਾਮ ਕੀਤਾ ਹੈ।

ਸ਼ਹੀਦੇ-ਆਜ਼ਮ ਸ: ਰਾਮ ਮੁਹੰਮਦ ਸਿੰਘ ਅਜ਼ਾਦ

ਪੰਜਾਬ ਦੀ ਸ਼ਹੀਦੀ ਪਰੰਪਰਾ ਬੜੀ ਅਮੀਰ ਹੈ। ਦੇਸ਼ ਦੀ ਅਜ਼ਾਦੀ ਲਈ ਨਿਧੜਕ ਹੋ ਕੇ ਕੁਰਬਾਨੀ ਦੇਣ ਵਾਲੇ ਸਿੱਖ ਜੋਧਿਆਂ ਦੀ ਗਿਣਤੀ ਭਾਵੇਂ ਹਜ਼ਾਰਾਂ ਵਿਚ ਹੈ, ਪਰੰਤੂ ਵੀਹਵੀਂ ਸਦੀ ਦੇ ਤਿੰਨ ਨੌਜੁਆਨ, ਜਿਨ੍ਹਾਂ ਨੂੰ ਇਤਿਹਾਸ ਭੁਲਾ ਨਹੀਂ ਸਕਿਆ, ਉਹ ਹਨ—ਸ: ਕਰਤਾਰ ਸਿੰਘ ਸਰਾਭਾ, ਸ: ਭਗਤ ਸਿੰਘ ਅਤੇ ਸ: ਊਧਮ ਸਿੰਘ ਸੁਨਾਮੀ ਉਰਫ਼ ਰਾਮ ਮੁਹੰਮਦ ਸਿੰਘ ਅਜ਼ਾਦ। ਇਹ ਤਿੰਨ ਸ਼ਹੀਦੀ ਦੇਵਤੇ ਵਿਸ਼ੇਸ਼ ਆਦਰ ਮਾਣ ਦਾ ਅਧਿਕਾਰ ਰੱਖਦੇ ਹਨ।

ਸ: ਕਰਤਾਰ ਸਿੰਘ ਸਰਾਭਾ ਨੇ 14 ਨਵੰਬਰ 1915 ਈ: ਨੂੰ ਲੁਧਿਆਣੇ, ਸ: ਭਗਤ ਸਿੰਘ ਨੇ 23 ਮਾਰਚ 1931 ਈ: ਨੂੰ ਲਾਹੌਰ ਅਤੇ ਰਾਮ ਮੁਹੰਮਦ ਸਿੰਘ ਅਜ਼ਾਦ ਨੇ 31 ਜੁਲਾਈ 1940 ਈ: ਨੂੰ ਲੰਡਨ ਵਿਚ ਫਾਂਸੀ ਦਾ ਰੱਸਾ ਚੁੰਮਿਆ।

ਇਹ ਊਧਮ ਸਿੰਘ ਕੌਣ ਸੀ, ਜਿਸ ਨੇ ਲੰਡਨ ਜਾ ਕੇ ਊਧਮ ਮਚਾਇਆ ਤੇ ਜੱਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਦੇ ਜ਼ਿੰਮੇਵਾਰ ਹਾਕਮ, ਗਵਰਨਰ ਪੰਜਾਬ ਸਰ ਮਾਈਕਲ ਓਡਵਾਇਰ ਨੂੰ ਗੋਲੀਆਂ ਨਾਲ ਉਡਾਇਆ। ਯਾਦ ਰਹੇ ਕਿ ਜਨਰਲ ਡਾਇਰ ਪਹਿਲੇ ਹੀ ਅਧਰੰਗ ਦਾ ਸ਼ਿਕਾਰ ਹੋ ਕੇ ਮਰ ਚੁੱਕਾ ਸੀ।

ਇਹ ਸਾਕਾ ਦੱਸਦਾ ਹੈ ਕਿ ਇਕ ਸਾਧਾਰਨ ਗ਼ਰੀਬ ਆਦਮੀ, ਜੇ ਪੱਕਾ ਇਰਾਦਾ ਧਾਰ ਲਵੇ ਤਾਂ ਉਹ ਇਨਕਲਾਬੀ ਬਣ ਕੇ ਹੇਠਲੀ-ਉੱਤੇ ਕਰ ਸਕਦਾ ਹੈ ਅਤੇ ਦੁਨੀਆਂ ਨੂੰ ਦੱਸ ਸਕਦਾ ਹੈ ਕਿ ਜ਼ੁਲਮ ਦਾ ਬਦਲਾ ਕਿਵੇਂ ਲਿਆ ਜਾ ਸਕਦਾ ਹੈ।

ਇਹ ਕੰਬੋਜ ਘਰਾਣੇ ਦਾ ਨੌਨਿਹਾਲ 26 ਦਸੰਬਰ 1899 ਈ: ਨੂੰ ਨਗਰ ਸੁਨਾਮ (ਰਿਆਸਤ ਪਟਿਆਲਾ) ਵਿਖੇ ਸ: ਟਹਿਲ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਪੈਦਾ ਹੋਇਆ। ਘਰ ਵਿਚ ਗ਼ਰੀਬੀ ਸੀ, ਪਿਤਾ ਰੇਲਵੇ ਫਾਟਕ 'ਤੇ ਚੌਂਕੀਦਾਰੀ ਕਰ ਕੇ ਮਸਾਂ ਸਮਾਂ ਲੰਘਾਉਂਦਾ ਸੀ। ਬਹੁਤਾ ਸਮਾਂ ਨਾ ਲੰਘਿਆ ਅਤੇ ਬਚਪਨ ਵਿਚ ਹੀ ਇਸ ਦੇ ਮਾਤਾ-ਪਿਤਾ ਚਲਾਣਾ ਕਰ ਗਏ। ਇਕ ਨੇਕ ਆਦਮੀ ਸਰਦਾਰ ਚੰਦਾ ਸਿੰਘ ਸੀ, ਉਸ ਨੇ ਹਿੰਮਤ ਕਰ ਕੇ ਸਾਧੂ ਸਿੰਘ ਤੇ ਊਧਮ ਸਿੰਘ ਦੋਹਾਂ ਭਾਈਆਂ ਨੂੰ ਅੰਮ੍ਰਿਤਸਰ ਲਿਜਾ ਕੇ ਪੁਤਲੀਘਰ ਚੌਂਕ ਲਾਗੇ ਬਣੇ ਸੈਂਟਰਲ ਖ਼ਾਲਸਾ ਯਤੀਮਖ਼ਾਨੇ ਵਿਚ ਦਾਖ਼ਲ ਕਰਾ ਦਿੱਤਾ। ਊਧਮ ਸਿੰਘ ਮਿਹਨਤੀ ਵਿਦਿਆਰਥੀ ਸੀ। ਉਸ ਨੇ ਬੜੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰ ਕੇ ਮੈਟ੍ਰਿਕ ਪਾਸ ਕਰ ਲਈ ਤੇ ਨਾਲ ਨਾਲ ਲੱਕੜੀ ਦੇ ਕੰਮ ਦੀ ਸਿਖਲਾਈ ਹਾਸਲ ਕਰ ਕੇ ਕਾਰੀਗਰ ਵੀ ਬਣ ਗਿਆ।

13 ਅਪ੍ਰੈਲ 1919 ਈ: ਨੂੰ ਵਿਸਾਖੀ ਵਾਲੇ ਦਿਨ ਜੱਲ੍ਹਿਆਂ ਵਾਲੇ ਬਾਗ਼ ਵਿਚ

ਭਾਰੀ ਇਕੱਠ ਹੋਇਆ। ਇਥੇ ਲੋਕ ਆਪਣੇ ਮਹਿਬੂਬ ਨੇਤਾ ਡਾ: ਸੈਫ਼ੂਦੀਨ ਕਿਚਲੂ ਦੀ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਗਟ ਕਰਨ ਲਈ ਇਕੱਤਰ ਹੋਏ ਸਨ। ਵਿਸਾਖੀ ਦੇ ਤਿਓਹਾਰ ਕਰਕੇ ਵੈਸੇ ਵੀ ਸ਼ਰਧਾਲੂ ਲੋਕ ਇਧਰੋਂ-ਉਧਰੋਂ ਪਿੰਡਾਂ ਵਿੱਚੋਂ ਦਰਸ਼ਨਾਂ ਲਈ ਆਏ ਹੋਏ ਸਨ। ਊਧਮ ਸਿੰਘ ਵੀ ਆਪਣੇ ਸਾਥੀਆਂ ਸਮੇਤ ਬਾਗ਼ ਵਿਚ ਆ ਕੇ ਪਾਣੀ ਪਿਆਉਣ ਦੀ ਸੇਵਾ ਕਰ ਰਿਹਾ ਸੀ। ਸ਼ਾਮ ਸਾਢੇ ਚਾਰ ਕੁ ਵਜੇ ਦਾ ਵਕਤ ਸੀ, ਜਦ ਕਿ ਜਨਰਲ ਡਾਇਰ ਆਪਣੀ ਫ਼ੌਜ ਸਮੇਤ ਬਾਗ ਵਿਚ ਦਾਖ਼ਲ ਹੋਇਆ। ਉਸ ਨੇ ਭਾਰੀ ਇਕੱਠ ਦੇਖ ਕੇ ਇਕਦਮ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ, ਜਿਸ ਨਾਲ ਸੈਂਕੜੇ ਪੰਜਾਬੀ ਲਾਸ਼ਾਂ ਬਣ ਕੇ ਡਿੱਗਦੇ ਗਏ ਤੇ ਊਧਮ ਸਿੰਘ ਵੀ ਇਸੇ ਭੱਜ ਦੌੜ ਵਿਚ ਜ਼ਖ਼ਮੀ ਹੋ ਗਿਆ। ਇਹ ਹੱਤਿਆ-ਕਾਂਡ ਬੜਾ ਦਰਦਨਾਕ ਸੀ। ਲੰਡਨ ਦੀ ਪਾਰਲੀਮੈਂਟ ਵਿਚ ਬੜਾ ਰੌਲਾ ਮਚਿਆ ਤੇ ਆਖ਼ਰ ਪੰਜਾਬ ਦੇ ਗਵਰਨਰ ਸਰ ਮਾਇਕਲ ਓਡਵਾਇਰ ਨੂੰ, ਜਿਸ ਨੇ ਜਨਰਲ ਡਾਇਰ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ, ਗੋਰੀ ਸਰਕਾਰ ਨੇ 30 ਮਈ 1919 ਈ: ਨੂੰ ਵਾਪਸ ਵਲੈਤ ਬੁਲਾ ਲਿਆ। ਦੇਸ਼ ਵਿਚ ਇਸ ਖ਼ੂਨੀ ਸਾਕੇ ਵਿਰੁੱਧ ਬੜੇ ਮੁਜ਼ਾਹਰੇ ਹੋਏ, ਪਰ ਸਰਕਾਰ ਦਾ ਰਵੱਈਆ ਬੜਾ ਕਠੋਰ ਸੀ ਤੇ ਲੋਕਾਂ ਦੇ ਹਿਰਦੇ ਦਰਦ ਤੇ ਬੇਚੈਨੀ ਨਾਲ ਭਰੇ ਹੋਏ ਸਨ।

ਊਧਮ ਸਿੰਘ ਦੇ ਸੀਨੇ ਵਿਚ ਇਸ ਸਾਕੇ ਨੇ ਜੋ ਅੱਗ ਬਾਲੀ, ਉਹ ਬੁਝਣ ਵਾਲੀ ਨਹੀਂ ਸੀ। ਇਨ੍ਹਾਂ ਸੋਚਾਂ ਵਿਚ ਗ਼ਲਤਾਨ ਇਹ ਨੌਜੁਆਨ ਅਫ਼ਰੀਕਾ ਚਲਿਆ ਗਿਆ ਤੇ ਫਿਰ ਅਮਰੀਕਾ ਵੱਲ ਨਿਕਲ ਗਿਆ। ਉਥੇ ਗ਼ਦਰ ਪਾਰਟੀ ਦੇ ਆਗੂਆਂ ਨੂੰ ਮਿਲਿਆ ਤੇ ਕੁਝ ਨਾਜਾਇਜ਼ ਹਥਿਆਰ ਲੈ ਕੇ ਜਿਵੇਂ-ਕਿਵੇਂ ਦੇਸ਼ ਪਰਤਿਆ, ਫੜਿਆ ਗਿਆ ਤੇ ਪੰਜ ਸਾਲ ਜੇਲ੍ਹ ਦੀ ਸਜ਼ਾ ਹੋਈ। ਰਿਹਾਈ ਉਪਰੰਤ 1932 ਵਿਚ ਕਸ਼ਮੀਰ ਵੱਲ ਘੁੰਮਦਾ ਰਿਹਾ ਤੇ ਉਹ 1933 ਵਿਚ ਇੰਗਲੈਂਡ ਜਾ ਪੁੱਜਿਆ। ਉਸ ਨੇ ਆਪਣਾ ਸਾਂਝਾ ਨਾਮ—ਰਾਮ ਮੁਹੰਮਦ ਸਿੰਘ ਅਜ਼ਾਦ ਰੱਖਿਆ ਹੋਇਆ ਸੀ ਤੇ ਪਾਸਪੋਰਟ ਉੱਤੇ ਵੀ ਇਹੋ ਨਾਂ ਦਰਜ ਸੀ। ਹੁਣ ਉਹ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਰਾਤ ਦਿਨ ਵਿਉਂਤਾਂ ਘੜਦਾ ਰਹਿੰਦਾ ਸੀ, ਪਰ ਕਿਤੇ ਦਾਅ ਨਹੀਂ ਸੀ ਲੱਗਦਾ। ਇਸ ਸਮੇਂ ਉਸ ਦੀ ਰਹਾਇਸ਼ ਲੰਡਨ ਸ਼ੈਫਰਡ ਬੁਸ਼, ਸਿਕਲੇਅਰ ਰੋਡ ਦੇ ਗੁਰਦੁਆਰੇ ਲਾਗੇ ਸੀ। ਉਸ ਨੇ ਇਕ ਇਸ਼ਤਿਹਾਰ ਪੜ੍ਹਿਆ ਜਿਸ ਵਿਚ ਲਿਖਿਆ ਸੀ—ਈਸਟ ਇੰਡੀਆ ਐਸੋਸੀਏਸ਼ਨ ਵੱਲੋਂ 12 ਜੂਨ 1940 ਨੂੰ ਕੈਕਸਟਨ ਹਾਲ ਵਿਚ ਇਕ ਵੱਡੀ ਮੀਟਿੰਗ ਹੋ ਰਹੀ ਹੈ। ਇਸ ਨੇ ਫ਼ੌਰਨ ਨੀਲੇ ਰੰਗ ਦਾ ਸੂਟ ਪਾ ਕੇ ਅਤੇ ਲਾਲ ਟਾਈ ਲਾ ਕੇ ਉਥੇ ਜਾਣ ਦਾ ਫ਼ੈਸਲਾ ਕਰ ਲਿਆ। ਸਰ ਮਾਇਕਲ ਓਡਵਾਇਰ ਭਾਸ਼ਣ ਦੇ ਹੀ ਰਿਹਾ ਸੀ ਜਦ ਪਿਸਤੌਲ ਦੀਆਂ ਦੋ ਗੋਲੀਆਂ ਛਾਤੀ ਵਿਚ ਮਾਰ ਕੇ ਉਸ ਨੂੰ ਢਹਿ ਢੇਰੀ ਕਰ ਦਿੱਤਾ। ਚਾਰ ਗੋਲੀਆਂ ਹੋਰ ਵੀ ਚਲਾਈਆਂ ਤਾਂ ਕਿ ਦੋ ਚਾਰ ਹੋਰ ਅੰਗਰੇਜ਼ ਹਾਕਮ ਵੀ ਫੁੰਡੇ ਜਾਣ, ਪਰ ਉਹ ਜ਼ਖ਼ਮੀ ਤਾਂ ਹੋ ਗਏ, ਪਰ ਮਾਰੇ ਨਾ ਜਾ ਸਕੇ। ਅੰਤ ਰਾਮ ਮੁਹੰਮਦ ਸਿੰਘ ਨੂੰ ਫੜ ਲਿਆ ਗਿਆ ਤੇ ਮੁਕੱਦਮਾ ਚਲਾ ਕੇ ਫਾਂਸੀ ਦੀ ਸਜ਼ਾ ਸੁਣਾਈ ਗਈ। 31 ਜੁਲਾਈ 1940 ਈ: ਨੂੰ ਫਾਂਸੀ ਹੋਈ ਤੇ ਇਹ ਸੂਰਬੀਰ ਸ਼ਹੀਦਾਂ ਦੀ ਕਤਾਰ ਵਿਚ ਜਾ ਸ਼ਾਮਲ ਹੋਇਆ।

ਸਿੰਘ ਸਭਾ ਲਹਿਰ ਦੇ ਸੱਤ ਸਤਾਰੇ

ਸਿੰਘ ਸਭਾ ਲਹਿਰ, ਪੰਜਾਬ ਦੀ ਸਾਂਸਕ੍ਰਿਤਿਕ ਤੇ ਆਤਮਿਕ ਚੇਤਨਾ ਦੀ ਲਹਿਰ ਸੀ, ਜਿਸ ਨੇ ਇਥੋਂ ਦੇ ਨਿਵਾਸੀਆਂ ਨੂੰ ਆਪਣੇ ਵਿਸ਼ਵਾਸ, ਰੀਤੀ-ਰਸਮ, ਵਿਦਿਆ, ਕਲਾ ਤੇ ਜੀਵਨ ਨੂੰ ਨਿਰਮਲ ਤੇ ਨਰੋਆ ਰੱਖਣ ਅਤੇ ਪ੍ਰਫੁੱਲਤ ਕਰਨ ਦਾ ਉਪਰਾਲਾ ਕੀਤਾ। ਇਸ ਤੋਂ ਪਹਿਲਾਂ ਉੱਠੀ ਨਾਮਧਾਰੀ ਲਹਿਰ (1862-72) ਭਾਵੇਂ ਧਾਰਮਿਕ ਜਾਗ੍ਰਿਤੀ ਦਾ ਚੰਗਾ ਯਤਨ ਸੀ, ਪਰ ਉਸ ਦੇ ਅਪਰਿਪੱਕ ਅਵਸਥਾ ਵਿਚ ਬਣੇ ਰਾਜਸੀ ਰੁਖ਼ ਨੇ ਤੇ ਨਵੇਂ ਵਿਦਿਅਕ ਢੰਗਾਂ ਨਾਲ ਸਾਂਝ ਨਾ ਪਾਉਣ ਦੇ ਫ਼ੈਸਲੇ ਨੇ, ਆਪਣੇ ਆਪ ਕਈ ਰੁਕਾਵਟਾਂ ਖੜੀਆਂ ਕਰ ਲਈਆਂ ਤੇ ਇਸ ਦਾ ਪ੍ਰਤਿਕਰਮ ਇਤਨਾ ਪ੍ਰਚੰਡ ਹੋਇਆ ਕਿ ਸਿੰਘ ਸਭਾ ਲਹਿਰ ਨੂੰ ਰਾਜਸੀ ਸਰਗਰਮੀ ਤੋਂ ਬਚ ਕੇ ਚੱਲਣ ਦਾ ਪ੍ਰਣ ਲੈਣਾ ਪਿਆ।

ਕਿਸੇ ਲਹਿਰ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਉਸ ਦੇ ਆਦਰਸ਼ ਲੋਕਾਂ ਲਈ ਆਕਰਸ਼ਕ ਤੇ ਲਾਭਵੰਦੇ ਹੋਣ ਤੇ ਦੂਜੇ ਉਸ ਦੇ ਸੰਚਾਲਕ ਹਰ ਤਰ੍ਹਾਂ ਸੁਯੋਗ ਤੇ ਸੰਪੰਨ ਹੋਣ। ਲਹਿਰ ਨੂੰ ਯੋਜਨਾ-ਬੱਧ ਕਰਨ ਲਈ ਜਿਥੇ ਤੀਖਣ ਸੂਝ-ਬੂਝ ਤੇ ਸਾਹਸ ਦੀ ਲੋੜ ਹੈ, ਉਥੇ ਸੰਗਠਨ ਤੇ ਮਾਇਕ ਸ਼ਕਤੀ ਵੀ ਦਰਕਾਰ ਹੈ, ਤਾਂ ਹੀ ਕੋਈ ਚੇਤਨਾ ਜਥੇਬੰਦ ਹੋ ਕੇ ਸਮਾਜਿਕ ਕ੍ਰਾਂਤੀ ਦਾ ਰੂਪ ਧਾਰਦੀ ਹੈ। ਸਿੰਘ ਸਭਾ ਲਹਿਰ ਵਿਚ ਪੜ੍ਹੇ-ਲਿਖੇ ਤੇ ਜਨ-ਸਾਧਾਰਨ, ਅਮੀਰ ਤੇ ਗ਼ਰੀਬ ਸਿੱਖਾਂ ਰਲ ਕੇ ਹਿੱਸਾ ਪਾਇਆ। ਜਿਥੇ ਵਿਦਵਾਨ ਸਿੱਖਾਂ ਆਪਣੇ ਫ਼ਰਜ਼ ਨੂੰ ਪਛਾਣਿਆ, ਉਥੇ ਉਤਸ਼ਾਹੀ ਦਾਨੀਆਂ ਨੇ ਵੀ ਪੂਰਾ ਸਹਿਯੋਗ ਦਿੱਤਾ। ਇਨ੍ਹਾਂ ਵਿੱਚੋਂ ਪ੍ਰਮੁੱਖ ਨੇਤਾਵਾਂ ਦੇ ਜੀਵਨ, ਸੰਖੇਪ ਵਿਚ ਪੇਸ਼ ਕੀਤੇ ਜਾਂਦੇ ਹਨ:

1. ਸ: ਠਾਕਰ ਸਿੰਘ ਸੰਧਾਵਾਲੀਆ

ਸੰਧਾਵਾਲੀਏ ਸਰਦਾਰ, ਮਹਾਰਾਜਾ ਰਣਜੀਤ ਸਿੰਘ ਦਾ ਭਾਈਚਾਰਾ ਸਨ। ਸ: ਠਾਕਰ ਸਿੰਘ ਦਾ ਜਨਮ ਸ: ਲਹਿਣਾ ਸਿੰਘ ਸੰਧਾਵਾਲੀਏ ਦੇ ਘਰ 1837 ਈ: ਨੂੰ ਹੋਇਆ। ਸ: ਲਹਿਣਾ ਸਿੰਘ ਨੂੰ ਖ਼ਾਲਸਾ ਦਰਬਾਰ ਵੱਲੋਂ **'ਉਜਲ ਦੀਦਾਰ, ਨਿਰਮਲ ਬੁੱਧੀ, ਸਰਦਾਰ ਬਾਵਕਾਰ, ਬਹਾਦਰ'**, ਕਹਿ ਕੇ ਸਨਮਾਨਿਆ ਜਾਂਦਾ ਸੀ। ਪ੍ਰੰਤੂ ਡੋਗਰਿਆਂ ਤੇ ਅੰਗਰੇਜ਼ਾਂ ਦੀ ਕੁਟਿਲ ਨੀਤੀ ਦਾ ਸ਼ਿਕਾਰ ਹੋ ਕੇ ਉਸ ਨੇ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਸ਼ਹਿਜ਼ਾਦੇ ਨੂੰ ਹੱਥੀਂ ਕਤਲ ਕਰ ਕੇ ਰਾਜ-ਹੱਤਿਆ ਦਾ ਕਲੰਕ

ਆਪਣੇ ਮੱਥੇ 'ਤੇ ਲਾ ਲਿਆ ਸੀ, ਜਿਸ ਨੂੰ ਉਸ ਦੇ ਲਾਇਕ ਪੁੱਤਰ ਸ: ਠਾਕਰ ਸਿੰਘ ਨੇ ਧੋਣ ਦਾ ਪੂਰਾ ਪੂਰਾ ਯਤਨ ਕੀਤਾ। ਪਹਿਲੇ, ਸ: ਠਾਕਰ ਸਿੰਘ ਅੰਮ੍ਰਿਤਸਰ ਦਾ ਅਸਿਸਟੈਂਟ ਕਮਿਸ਼ਨਰ ਸੀ, ਪ੍ਰੰਤੂ ਗੈਰਤਮੰਦ ਸਰਦਾਰ ਹੋਣ ਕਰਕੇ ਅੰਗਰੇਜ਼ ਅਧੀਨ ਬਹੁਤਾ ਚਿਰ ਤਕ ਨਾ ਟਿਕ ਸਕਿਆ। ਉਹ ਸਿੱਖ ਸਮਾਜ ਵਿਚ ਸੁਧਾਰ ਚਾਹੁੰਦਾ ਸੀ, ਸਿੱਖ ਰਾਜ ਚਾਹੁੰਦਾ ਸੀ, ਇਸੇ ਲਈ ਉਸ ਨੇ 1930 ਬਿ: 15 ਸਾਵਣ ਮੁਤਾਬਕ 29 ਜੁਲਾਈ, 1873 ਵਿਚ ਬੁੰਗਾ ਮਜੀਠੀਆ, ਅੰਮ੍ਰਿਤਸਰ ਵਿਖੇ ਚੋਣਵੇਂ ਸਿੱਖਾਂ ਦੀ ਇਕੱਤ੍ਰਤਾ ਬੁਲਾ ਕੇ ਪਹਿਲੀ 'ਸਿੰਘ ਸਭਾ' ਸਥਾਪਤ ਕੀਤੀ, ਜਿਸ ਦਾ ਪ੍ਰਧਾਨ ਉਸ ਨੂੰ ਥਾਪਿਆ ਗਿਆ ਤੇ ਗਿਆਨੀ ਸਰਦੂਲ ਸਿੰਘ ਸਕੱਤਰ ਬਣੇ। ਸਭਾ ਦਾ ਮੁੱਖ ਕੰਮ ਕੁਰੀਤੀਆਂ ਦੂਰ ਕਰ ਕੇ ਗੁਰ-ਮਰਿਆਦਾ ਪ੍ਰਚਾਰਨਾ ਤੇ ਸਿੱਖ ਸੰਗਠਨ ਪੈਦਾ ਕਰਨਾ ਸੀ, ਪ੍ਰੰਤੂ ਹਾਲਾਤ ਨੇ ਸ: ਠਾਕਰ ਸਿੰਘ ਨੂੰ ਇਕਦਮ ਰਾਜਨੀਤਕ ਸਰਗਰਮੀ ਵੱਲ ਲਾ ਦਿੱਤਾ। ਆਪ ਕੁਝ ਚਿਰ 1883 ਵਿਚ ਬਣੇ ਖ਼ਾਲਸਾ ਦੀਵਾਨ ਦੇ ਪ੍ਰਧਾਨ ਵੀ ਰਹੇ, ਪਰ ਸਭ ਕੁਝ ਛੱਡ ਛੁਡਾ ਕੇ 1884 ਵਿਚ ਮਹਾਰਾਜਾ ਦਲੀਪ ਸਿੰਘ ਨੂੰ ਮਿਲਣ ਵਲੈਤ ਚਲੇ ਗਏ ਤੇ ਉਥੇ ਕਈ ਮਹੀਨੇ ਰਹੇ। ਇਸ ਸੰਗਤ ਦਾ ਸਿੱਟਾ ਸੀ ਕਿ ਮਹਾਰਾਜਾ ਦਲੀਪ ਸਿੰਘ ਦੇ ਦਿਲ ਅੰਦਰ ਆਪਣੇ ਖੋਏ ਧਰਮ ਤੇ ਰਾਜ ਦੋਹਾਂ ਲਈ ਉਤਸ਼ਾਹ ਜਾਗਿਆ। ਸ: ਠਾਕਰ ਸਿੰਘ ਨੇ ਦੇਸ਼ ਵਾਪਸ ਆ ਕੇ ਸਿੱਖ ਰਿਆਸਤਾਂ ਤੇ ਰਾਜਪੂਤ ਰਾਜਿਆਂ ਨਾਲ ਸੰਬੰਧ ਸਥਾਪਤ ਕੀਤੇ ਤਾਂ ਕਿ ਮਹਾਰਾਜਾ ਦਲੀਪ ਸਿੰਘ ਨੂੰ ਸਨਮਾਨ ਨਾਲ ਦੇਸ਼ ਵਾਪਸ ਲਿਆਂਦਾ ਜਾਏ। ਇਨ੍ਹਾਂ ਈਵਨਜ਼ ਬੈੱਲ ਦੀ ਕਿਤਾਬ *ਅਨੈਕਸੇਸ਼ਨ ਆਫ਼ ਦੀ ਪੰਜਾਬ* ਦਾ ਪੰਜਾਬੀ ਤਰਜਮਾ ਛਾਪ ਕੇ ਸਿੱਖਾਂ ਵਿਚ ਵੰਡਿਆ ਤਾਂਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨਾਲ ਕਿੰਨਾ ਅਨਿਆ ਕੀਤਾ ਹੈ ਤੇ ਉਸ ਦਾ ਜਾਇਦਾਦੀ ਹੱਕ ਕਿਤਨਾ ਹੈ?

ਇਸ ਸਮੇਂ ਸਿੱਖ ਨੇਤਾ ਦੋ ਵਿਚਾਰ ਰੱਖਦੇ ਸਨ, ਕੁਝ ਮਹਾਰਾਜਾ ਦਲੀਪ ਸਿੰਘ ਦੇ ਆਉਣ ਦੇ ਹੱਕ ਵਿਚ ਸਨ ਤੇ ਕੁਝ ਵਧੇਰੇ ਅੰਗਰੇਜ਼-ਪੱਖੀ ਉਸ ਦੇ ਆਉਣ ਦਾ ਵਿਰੋਧ ਕਰਦੇ ਸਨ।

ਸਿੱਖ ਸੰਗਤਾਂ ਵਿਚ *ਸੌ ਸਾਖੀ* ਦਾ ਪ੍ਰਚਾਰ ਸੀ। ਕੂਕੇ ਪੱਕੀ ਆਸ ਰੱਖਦੇ ਸਨ ਕਿ ਸਿੱਖ ਰਾਜ ਮੁੜ ਆਉਣ ਵਾਲਾ ਹੈ। ਮਹਾਰਾਜਾ ਦਲੀਪ ਸਿੰਘ ਨੇ 1886 ਈ: ਵਿਚ ਵਾਪਸ ਪੰਜਾਬ ਆਉਣ ਦੀ ਵਿਉਂਤ ਵੀ ਬਣਾਈ, ਲੇਕਿਨ ਅੰਗਰੇਜ਼ਾਂ ਉਸ ਨੂੰ ਅਦਨ (ਸਊਦੀ ਅਰਬ) ਵਿਖੇ ਹੀ ਰੋਕ ਦਿੱਤਾ। 25 ਮਈ, 1886 ਨੂੰ ਉਥੇ ਦਲੀਪ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ। ਅੰਗਰੇਜ਼ ਬਹੁਤ ਔਖੇ ਸਨ ਕਿ ਸ਼ਾਇਦ ਠਾਕਰ ਸਿੰਘ ਰੂਸ ਰਵਾਨਾ ਹੋ ਗਿਆ ਹੈ, ਹੁਣ ਹੱਥ ਨਹੀਂ ਆਇਗਾ, ਪਰ ਉਹ ਅਛੋਪਲੇ ਹੀ ਜਨਵਰੀ 1887 ਵਿਚ ਪਾਂਡੀਚਰੀ ਚਲਿਆ ਗਿਆ। ਇਥੇ ਫ਼ਰਾਂਸੀਸੀਆਂ ਨੇ ਪੂਰੀ ਮਦਦ ਕੀਤੀ। ਮਹਾਰਾਜਾ ਦਲੀਪ ਸਿੰਘ ਨੇ ਪੱਤਰ ਰਾਹੀਂ ਆਪ ਨੂੰ ਆਪਣਾ ਪ੍ਰਧਾਨ ਮੰਤਰੀ ਨਿਯਤ ਕੀਤਾ ਤੇ ਆਪਣੀ ਮੋਹਰ ਭੇਜੀ ਤਾਂ ਕਿ ਉਹ ਜਿਵੇਂ ਚਾਹੇ ਉਸ ਦੀ ਵਰਤੋਂ ਕਰ ਸਕੇ। ਇਸ ਸਮੇਂ ਹਾਲਤ ਬੜੀ ਹੀ ਆਸ ਬੰਨ੍ਹਾਊ ਸੀ। ਸ: ਠਾਕਰ ਸਿੰਘ ਦੀ ਰਾਜਨੀਤਕ ਸੂਝ ਬੂਝ ਤੇ ਸਰਗਰਮੀ ਦਾ ਸਿੱਟਾ ਸੀ ਕਿ ਉਸ ਨੇ ਪਾਂਡੀਚਰੀ ਬੈਠਿਆਂ

ਦੇਸ਼ ਭਰ ਦੇ ਕ੍ਰਾਂਤੀਕਾਰੀਆਂ ਨਾਲ ਪੂਰੇ ਸੰਬੰਧ ਸਥਾਪਿਤ ਕਰ ਲਏ ਸਨ। ਰੂਸ, ਨਿਪਾਲ, ਬਰਮਾ, ਹੈਦਰਾਬਾਦ, ਪੁਣਛ, ਬੰਗਾਲ ਆਦਿ ਵਿਚ ਉਸ ਦੇ ਆਪਣੇ ਮਿਸ਼ਨ ਕੰਮ ਕਰਦੇ ਸਨ। ਜਦ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਨੇ ਆਉਣ ਨਾ ਦਿੱਤਾ ਤਾਂ ਸ: ਠਾਕਰ ਸਿੰਘ ਨੇ ਦੁਬਾਰਾ ਫ਼ਰਾਂਸੀਸੀ ਸਟੀਮਰ ਰਾਹੀਂ ਵਲੈਤ ਜਾਣ ਦਾ ਖ਼ਿਆਲ ਬਣਾਇਆ। ਪ੍ਰੰਤੂ ਉਮਰ ਨੇ ਸਾਥ ਨਾ ਦਿੱਤਾ ਤੇ ਉਹ ਅਚਾਨਕ ਬੀਮਾਰ ਹੋ ਕੇ 18 ਅਗਸਤ 1887 ਨੂੰ ਚਲਾਣਾ ਕਰ ਗਿਆ।

2. ਪ੍ਰੋ: ਗੁਰਮੁਖ ਸਿੰਘ

ਆਪ ਦਾ ਜਨਮ ਪਿੰਡ ਚੰਧੜਾਂ, ਜ਼ਿਲ੍ਹਾ ਗੁਜਰਾਂਵਾਲੇ ਦੇ ਵਸਨੀਕ ਇਕ ਗ਼ਰੀਬ ਕਿਰਤੀ ਸਿੱਖ (ਚੰਧੜ ਜੱਟ) ਵਸਾਵਾ ਸਿੰਘ ਦੇ ਘਰ 1849 ਈ: ਨੂੰ ਹੋਇਆ। ਆਪ ਦੇ ਪਿਤਾ ਕਪੂਰਥਲੇ ਦੇ ਰਾਜਾ ਨਿਹਾਲ ਸਿੰਘ ਪਾਸ ਲਾਂਗਰੀ ਸਨ, ਇਸ ਕਰਕੇ ਮੁੱਢਲੀ ਵਿਦਿਆ ਇਥੇ ਪੜ੍ਹੀ। ਬੀ.ਏ. ਦੀ ਪੜ੍ਹਾਈ ਲਾਹੌਰ ਕੀਤੀ ਤੇ ਕੰਵਰ ਬਿਕਰਮ ਸਿੰਘ ਆਪ ਦੀ ਸਦਾ ਸਹਾਇਤਾ ਕਰਦੇ ਰਹੇ, ਉਪ੍ਰੰਤ 1877 ਵਿਚ ਓਰੀਐਂਟਲ ਕਾਲਜ, ਲਾਹੌਰ ਵਿਚ ਅਸਿਸਟੈਂਟ ਪ੍ਰੋਫ਼ੈਸਰ ਲੱਗ ਗਏ। ਆਪ ਹਿਸਾਬ, ਫਿਲਾਸਫੀ ਤੇ ਪੰਜਾਬੀ ਪੜ੍ਹਾਉਂਦੇ ਸਨ। ਜਦੋਂ ਅੰਮ੍ਰਿਤਸਰ ਸਿੰਘ ਸਭਾ ਤੋਂ ਪ੍ਰੇਰਿਤ ਹੋ ਕੇ 12 ਨਵੰਬਰ 1879 ਈ: ਨੂੰ ਲਾਹੌਰ ਵਿਚ ਸਿੰਘ ਸਭਾ ਸਥਾਪਿਤ ਹੋਈ ਤਾਂ ਇਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਤੇ ਸਕੱਤਰ ਪ੍ਰੋ: ਗੁਰਮੁਖ ਸਿੰਘ ਨਿਯਤ ਹੋਏ। ਇਹ ਵਿਦਵਾਨ ਸੱਜਣ ਸਨ, ਇਨ੍ਹਾਂ ਗੁਰਮੁਖੀ ਅਖ਼ਬਾਰ ਤੇ *ਵਿਦਿਆਰਕਾ* (1880) ਮਾਸਿਕ-ਪੱਤਰ ਜਾਰੀ ਕਰ ਕੇ ਗੁਰਮਤਿ ਸਿਧਾਂਤਾਂ ਬਾਰੇ ਲੇਖ ਲਿਖਣੇ ਸ਼ੁਰੂ ਕੀਤੇ। ਇਸ ਸਮੇਂ ਸਰਦਾਰ ਜਵਾਹਰ ਸਿੰਘ 'ਸਰਬਹਿੰਦ ਆਰੀਆ ਪਰਉਪਕਾਰੀ ਸਭਾ' ਦੇ ਮੀਤ ਪ੍ਰਧਾਨ ਸਨ ਤੇ ਭਾਈ ਦਿੱਤ ਸਿੰਘ ਤੇ ਭਾਈ ਮਈਆ ਸਿੰਘ ਆਰੀਆ ਸਮਾਜ ਦੇ ਮੈਂਬਰ ਸਨ, ਪ੍ਰੰਤੂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਪ੍ਰੋ: ਗੁਰਮੁਖ ਸਿੰਘ ਜੀ ਨੇ ਬੜੀ ਹੀ ਦਾਨਾਈ ਨਾਲ ਇਨ੍ਹਾਂ ਸਾਰਿਆਂ ਨੂੰ ਸਿੰਘ ਸਭਾ ਲਹਿਰ ਨਾਲ ਜੋੜਿਆ।

ਫਿਰ ਇਹ ਸਿਹਰਾ ਵੀ ਪ੍ਰੋਫ਼ੈਸਰ ਸਾਹਿਬ ਨੂੰ ਹੀ ਪ੍ਰਾਪਤ ਹੈ ਕਿ ਆਪ ਨੇ ਨੌਕਰੀ ਵਿੱਚੋਂ ਵਿਹਲ ਕੱਢ ਕੇ ਥਾਂ-ਥਾਂ ਸਿੰਘ ਸਭਾਵਾਂ ਕਾਇਮ ਕੀਤੀਆਂ ਤੇ ਵਿਰੋਧੀਆਂ ਦੇ ਇਤਰਾਜ਼ਾਂ ਦਾ ਜਵਾਬ ਦਿੱਤਾ। ਇਨ੍ਹਾਂ ਸਮੂਹ ਸਿੰਘ ਸਭਾਵਾਂ ਦੀ ਕੇਂਦਰੀ ਜਥੇਬੰਦੀ ਬਣਾਉਣ ਲਈ 1883 ਵਿਚ ਖ਼ਾਲਸਾ ਦੀਵਾਨ, ਅੰਮ੍ਰਿਤਸਰ ਸਾਜਿਆ ਗਿਆ, ਜਿਸ ਦੇ ਪ੍ਰਧਾਨ ਬਾਬਾ ਖੇਮ ਸਿੰਘ ਬੇਦੀ ਤੇ ਸਕੱਤਰ ਪ੍ਰੋਫ਼ੈਸਰ ਗੁਰਮੁਖ ਸਿੰਘ ਬਣੇ। ਪ੍ਰੋ: ਗੁਰਮੁਖ ਸਿੰਘ ਕ੍ਰਾਂਤੀਕਾਰੀ ਸੁਧਾਰਕ ਸਨ; ਪ੍ਰੰਤੂ ਬੇਦੀ ਸਾਹਿਬ ਪੁਰਾਣੀਆਂ ਮਾਨਤਾਵਾਂ ਛੱਡਣ ਲਈ ਤਿਆਰ ਨਹੀਂ ਸਨ, ਇਸ ਕਰਕੇ ਮਤਭੇਦ ਵੱਧ ਗਿਆ ਤੇ ਪ੍ਰੋਫ਼ੈਸਰ ਸਾਹਿਬ ਦੀਵਾਨ ਤੋਂ ਵੱਖ ਹੋ ਗਏ। ਉਨ੍ਹਾਂ ਫਿਰ ਹਿੰਮਤ ਕਰ ਕੇ 1886 ਵਿਚ 'ਖ਼ਾਲਸਾ ਦੀਵਾਨ, ਲਾਹੌਰ' ਬਣਾਇਆ, ਜਿਸ ਦੇ ਪ੍ਰਧਾਨ ਸਰ ਅਤਰ ਸਿੰਘ ਭਦੌੜੀਏ ਸਨ ਤੇ ਚੀਫ਼ ਸਕੱਤਰ ਪ੍ਰੋਫ਼ੈਸਰ ਗੁਰਮੁਖ ਸਿੰਘ ਆਪ। ਆਪ ਨੇ ਹੁਣ ਇਥੋਂ

ਸੁਧਾਰਕ (1888) ਰਸਾਲਾ ਸ਼ੁਰੂ ਕੀਤਾ, ਜਿਸ ਵਿਚ ਹਿੰਦੂ ਭਰਮਾਂ-ਕਰਮਾਂ ਦਾ ਸਪੱਸ਼ਟ ਖੰਡਨ ਕੀਤਾ ਹੁੰਦਾ ਅਤੇ ਪੁਜਾਰੀ ਸੰਤਾਂ-ਮਹੰਤਾਂ ਦੇ ਪਰਪੰਚ ਦਾ ਵੀ ਪੜਦਾ ਲਾਹਿਆ ਜਾਂਦਾ। ਇਸ ਭਰਮ-ਖੰਡਨ ਤੇ ਭੇਖ-ਵਿਰੋਧੀ ਪ੍ਰਚਾਰ ਦਾ ਇਤਨਾ ਅਸਰ ਹੋਇਆ ਕਿ ਸਭ ਪਿਛਾਂਹ-ਖਿੱਚੂ ਲੋਕ ਪ੍ਰੋ: ਗੁਰਮੁਖ ਸਿੰਘ ਜੀ ਦੇ ਵਿਰੋਧੀ ਹੋ ਗਏ। ਤਖ਼ਤਾਂ ਤੋਂ ਆਪ ਨੂੰ 'ਤਨਖ਼ਾਹੀਆ' ਕਰਾਰ ਦਿੱਤਾ ਗਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਚੇਚਾ ਹੁਕਮਨਾਮਾ ਜਾਰੀ ਹੋਇਆ:

> "ਕੋਈ ਸ਼ਖ਼ਸ ਉਸ ਕਾ ਪੈਰੋਕਾਰ ਨਾ ਹੋ। ਜੋ ਸ਼ਖ਼ਸ ਉਸ ਕੀ ਪੈਰਵੀ ਕਰੇਗਾ, ਵੁਹ ਭੀ ਬੇ-ਮੁਖ ਔਰ ਲਾਇਕ ਤਨਖ਼ਾਹ ਪੰਥ ਕੇ, ਸਮਝਾ ਜਾਏਗਾ।"

ਬਾਵਜੂਦ ਅਜਿਹੀਆਂ ਵਿਰੋਧਤਾਈਆਂ ਦੇ ਪ੍ਰੋਫ਼ੈਸਰ ਗੁਰਮੁਖ ਸਿੰਘ ਸੱਚ ਤੇ ਨਿਆਂ ਲਈ ਜੂਝਦੇ ਰਹੇ ਤੇ ਬਹੁਤੀਆਂ ਸਿੰਘ ਸਭਾਵਾਂ ਖ਼ਾਲਸਾ ਦੀਵਾਨ, ਲਾਹੌਰ ਨਾਲ ਹੀ ਸਬੰਧਤ ਰਹੀਆਂ। ਅੰਮ੍ਰਿਤਸਰ ਦੀਵਾਨ ਨਾਲ ਕੇਵਲ ਤਿੰਨ ਸਭਾਵਾਂ (ਅੰਮ੍ਰਿਤਸਰ, ਫ਼ਰੀਦਕੋਟ ਤੇ ਰਾਵਲਪਿੰਡੀ) ਹੀ ਸਨ।

ਆਪ ਨੇ ਸਿੱਖਾਂ ਦੀ ਵਿੱਦਿਅਕ ਉੱਨਤੀ ਲਈ ਕਈ ਯਤਨ ਕੀਤੇ। ਲਾਹੌਰ 'ਚ ਗੁਰੂ ਗੋਬਿੰਦ ਸਿੰਘ ਖ਼ਾਲਸਾ ਬੋਰਡਿੰਗ ਹਾਊਸ ਬਣਵਾਇਆ; ਖ਼ਾਲਸਾ ਕਾਲਜ, ਅੰਮ੍ਰਿਤਸਰ ਦੀਆਂ ਬੁਨਿਆਦਾਂ ਰੱਖੀਆਂ; ਪੰਜਾਬੀ ਪ੍ਰਚਾਰ ਲਈ ਕਈ ਅਖ਼ਬਾਰ ਤੇ ਰਸਾਲੇ ਜਾਰੀ ਕੀਤੇ, ਸਿੱਖ-ਇਤਿਹਾਸ ਦੀਆਂ ਅਸ਼ੁੱਧ ਲਿਖਤਾਂ ਨੂੰ ਖੋਜ ਰਾਹੀਂ ਸੋਧ ਕੇ ਪੇਸ਼ ਕਰਨ ਦਾ ਮੁੱਢ ਬੰਨ੍ਹਿਆ।

ਇਸ ਤਰ੍ਹਾਂ ਸਰਬ-ਪੱਖੀ ਵਿਕਾਸ ਲਈ ਇਤਨੀ ਘਾਲ ਘਾਲਣ ਵਾਲੇ ਪ੍ਰੋ: ਗੁਰਮੁਖ ਸਿੰਘ ਜੀ ਨੂੰ ਸਹਿਜੇ ਹੀ ਸਿੰਘ ਸਭਾ ਲਹਿਰ ਦਾ ਬਾਨੀ ਕਿਹਾ ਜਾ ਸਕਦਾ ਹੈ।

ਆਪ ਦਾ ਦਿਹਾਂਤ 24 ਸਤੰਬਰ 1898 ਈ: ਨੂੰ ਕੰਢਾ ਘਾਟ (ਰਿਆਸਤ ਪਟਿਆਲਾ) ਵਿਖੇ ਹੋਇਆ।

3. ਗਿਆਨੀ ਦਿੱਤ ਸਿੰਘ

ਆਪ ਦਾ ਪਹਿਲਾ ਨਾਮ ਦਿੱਤਾ ਰਾਮ ਸੀ। ਆਪ ਦਾ ਜਨਮ ਪਿੰਡ ਨੰਦਪੁਰ ਕਲੌੜ (ਰਿਆਸਤ ਪਟਿਆਲਾ) ਜੋ ਵਰਤਮਾਨ ਸਮੇਂ ਤਹਿਸੀਲ ਬਸੀ ਪਠਾਣਾਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਚ ਸਥਿਤ ਹੈ, ਸ: ਦੀਵਾਨ ਸਿੰਘ ਰਵਿਦਾਸੀਏ ਦੇ ਘਰ 1853 ਈ: ਨੂੰ ਹੋਇਆ। ਮੁੱਢਲੀ ਵਿਦਿਆ ਸੰਤ ਗੁਰਬਖ਼ਸ਼ ਸਿੰਘ ਪਿੰਡ ਤਿਉੜ ਵਾਲਿਆਂ ਪਾਸੋਂ ਪੜ੍ਹੀ ਤੇ ਫਿਰ ਕਾਫ਼ੀ ਅਰਸਾ ਗੁਲਾਬਦਾਸੀਆਂ ਦੇ ਡੇਰੇ ਸੰਤ ਦੇਸਾ ਸਿੰਘ ਪਾਸ ਚੱਠਿਆਂ ਵਾਲੇ (ਜ਼ਿਲ੍ਹਾ ਲਾਹੌਰ) ਰਹੇ। ਪਹਿਲੇ ਗੁਲਾਬਦਾਸੀ ਸਾਧੂ ਬਣ ਕੇ ਪ੍ਰਚਾਰ ਕਰਦੇ ਰਹੇ, ਫਿਰ ਆਰੀਆ ਸਮਾਜ ਦੀਆਂ ਸੁਧਾਰਕ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਭਾਈ ਜਵਾਹਰ ਸਿੰਘ ਲਾਹੌਰ ਆਰੀਆ ਸਮਾਜ ਦੇ ਸਕੱਤਰ ਸਨ ਤੇ ਭਾਈ ਦਿੱਤਾ ਰਾਮ ਪੁਰਾਣੇ ਮਿੱਤਰ ਹੋਣ ਦੇ ਨਾਤੇ ਲਾਹੌਰ ਇਨ੍ਹਾਂ ਪਾਸ ਆਉਂਦੇ ਜਾਂਦੇ ਰਹਿੰਦੇ

ਸਨ। ਦਿੱਤਾ ਰਾਮ ਨੇ ਪਹਿਲੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ ਤੇ ਫਿਰ ਉਥੇ ਹੀ ਓਰੀਐਂਟਲ ਕਾਲਜ ਵਿਚ ਅਧਿਆਪਕ ਲੱਗ ਗਏ।

ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਦੀ ਸੰਗਤ ਦਾ ਹੀ ਸਿੱਟਾ ਸੀ ਕਿ ਇਹ ਸਿੰਘ ਸਭਾ ਲਹਿਰ ਵੱਲ ਆ ਗਏ ਤੇ ਪ੍ਰੋਫ਼ੈਸਰ ਸਾਹਿਬ ਸਿੰਘ ਦੀ ਸੱਜੀ ਬਾਂਹ ਬਣੇ। ਗਿਆਨੀ ਦਿੱਤ ਸਿੰਘ ਚੂੰਕਿ ਪਹਿਲਾਂ ਆਰੀਆ ਸਮਾਜ ਵਿਚ ਰਹੇ ਸਨ, ਇਸ ਕਰਕੇ ਉਸ ਦੀਆਂ ਅੰਦਰਲੀਆਂ ਊਣਤਾਈਆਂ ਤੋਂ ਜਾਣੂ ਸਨ ਤੇ ਉਨ੍ਹਾਂ ਦੇ ਨਿੰਦਕ ਰਵੱਈਏ ਦੇ ਵਿਰੋਧੀ ਸਨ, ਇਸ ਲਈ ਗਿਆਨੀ ਜੀ ਨੇ ਤਕਰੀਰ ਤੇ ਤਹਿਰੀਰ ਰਾਹੀਂ ਆਰੀਆ ਸਮਾਜੀਆਂ ਦੇ ਖ਼ੂਬ ਪੜਛੇ ਲਾਹੇ ਤੇ ਭਰਮਾਂ ਕਰਮਾਂ ਦਾ ਜ਼ੋਰ ਸ਼ੋਰ ਨਾਲ ਖੰਡਨ ਕੀਤਾ। ਦੋ ਤਿੰਨ ਵਾਰ ਆਪ ਨੇ ਸਾਧੂ ਦਯਾ ਨੰਦ ਨਾਲ ਬਹਿਸ ਕੀਤੀ ਤੇ ਉਸ ਨੂੰ ਸਦਾ ਨਿਰੁੱਤਰ ਕੀਤਾ। ਆਪ ਜਿਥੇ ਚੰਗੇ ਵਕਤਾ ਤੇ ਮੁਬਾਹਿਸ ਸਨ, ਉਥੇ ਲਿਖਾਰੀ ਵੀ ਧੜੱਲੇਦਾਰ ਸਨ। ਕੰਵਰ ਬਿਕ੍ਰਮ ਸਿੰਘ ਰਈਸ, ਜਲੰਧਰ ਨੇ 1885 ਵਿਚ ਖ਼ਾਲਸਾ ਪ੍ਰੈੱਸ ਲਾ ਦਿੱਤਾ ਤੇ 1886 ਵਿਚ *ਗੁਰਮੁਖੀ ਖ਼ਾਲਸਾ ਅਖ਼ਬਾਰ* ਚਾਲੂ ਹੋਇਆ। ਗਿਆਨੀ ਦਿੱਤ ਸਿੰਘ ਇਸ ਦੇ ਐਡੀਟਰ ਬਣੇ। ਆਪ ਨੇ ਇਕ 'ਸੁਪਨ ਨਾਟਕ' ਲਿਖਿਆ, ਜਿਸ ਵਿਚ ਕਈ ਸਿੱਖ ਪੋਪਾਂ ਦਾ ਮਖ਼ੌਲ ਉਡਾਇਆ ਹੋਇਆ ਸੀ। ਇਸ 'ਤੇ ਮੁਕੱਦਮਾ ਚੱਲਦਾ ਰਿਹਾ, ਪਰ ਅੰਤ ਗਿਆਨੀ ਜੀ ਬਰੀ ਹੋ ਗਏ।

ਪ੍ਰੈੱਸ ਬੰਦ ਹੋ ਚੁੱਕਾ ਸੀ, ਦੁਬਾਰਾ ਮਹਾਰਾਜਾ ਹੀਰਾ ਸਿੰਘ ਨਾਭਾ ਦੀ ਮਦਦ ਨਾਲ ਮਈ 1893 ਤੋਂ *ਖ਼ਾਲਸਾ ਅਖ਼ਬਾਰ* ਚਾਲੂ ਹੋਇਆ ਤੇ ਲਗਾਤਾਰ ਅੱਠ ਵਰ੍ਹੇ ਗਿਆਨੀ ਜੀ ਫਿਰ ਜ਼ੋਰ-ਸ਼ੋਰ ਨਾਲ ਕਲਮ ਚਲਾ ਕੇ ਭਰਮਾਂ, ਵਹਿਮਾਂ, ਪਖੰਡਾਂ ਤੇ ਭੇਖਾਂ ਦਾ ਸਫ਼ਾਇਆ ਕਰਦੇ ਰਹੇ। ਦੋ ਦਰਜਨ ਤੋਂ ਉਤੇ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚ ਤਰਕ ਪ੍ਰਧਾਨ ਹੈ। ਗਿਆਨੀ ਜੀ ਦਾ ਦੇਹਾਂਤ 6 ਸਤੰਬਰ 1901 ਨੂੰ ਹੋਇਆ।

ਜਿਹਦਾ ਨਾਮ ਲੈਂਦਿਆਂ ਹੀ ਦਿਲ ਵਿਚ ਜੋਸ਼ ਉਠੇ,
ਝੁਕ ਜਾਵੇ ਧੌਣ ਵੱਡੇ ਵੱਡੇ ਅਭਿਮਾਨੀ ਦੀ।
ਸੁੱਤੀ ਹੋਈ ਘੂਕ ਕੌਮ ਆਣ ਕੇ ਜਗਾਈ ਜੀਹਨੇ,
ਅੱਜ ਤਕ ਧੁੰਮ ਪਈ ਹੋਈ ਜਿਹਦੀ ਕਾਨੀ ਦੀ।
ਐਸਾ ਕੌਣ ਬੀਰ ਜੀਹਨੇ ਭਰਮ ਲੀਰ ਲੀਰ ਕੀਤੇ,
ਆਈ ਅੱਜ ਯਾਦ ਉਸ ਸਿੰਘ ਸਭਾ ਬਾਨੀ ਦੀ।
ਭਾਵੇਂ ਉਹਦੀ ਪਾਈ ਨਾ ਕਦਰ ਪੂਰੀ ਪੰਥ ਨੇ ਹੈ,
ਭਾਸੇ ਅੱਜ ਲੋੜ ਫੇਰ ਦਿਤ ਸਿੰਘ ਗਿਆਨੀ ਦੀ।

4. ਭਾਈ ਜਵਾਹਰ ਸਿੰਘ

ਆਪ ਦਾ ਜਨਮ ਗੁਜਰਾਂਵਾਲੀਏ ਸਰਦਾਰ ਆਤਮਾ ਸਿੰਘ ਦੇ ਘਰ 1859 ਨੂੰ ਹੋਇਆ। ਵਿਦਿਆ ਪ੍ਰਾਪਤ ਕਰਨ ਉਪਰੰਤ ਕੁਝ ਸਮਾਂ ਗੁਲਾਬਦਾਸੀਆਂ ਦੀ ਸੰਗਤ ਵਿਚ ਰਹੇ, ਫਿਰ ਰੇਲਵੇ ਵਿਚ ਨੌਕਰੀ ਕਰ ਲਈ। ਇਸ ਸਮੇਂ ਲਾਹੌਰ ਆਰੀਆ ਸਮਾਜ ਦਾ ਤਕੜਾ ਪ੍ਰਚਾਰ ਸੀ। ਆਪ ਵਿਦਵਾਨ ਨੌਜੁਆਨ ਸਨ। ਇਸ ਕਰਕੇ ਆਪ ਨੂੰ

1878 ਵਿਚ ਆਰੀਆ ਸਮਾਜ, ਲਾਹੌਰ ਦਾ ਸਕੱਤਰ ਥਾਪਿਆ ਗਿਆ ਤੇ ਸਾਧੂ ਦਯਾਨੰਦ ਆਪ 'ਤੇ ਬਹੁਤ ਭਰੋਸਾ ਕਰਦੇ ਸਨ। ਫਿਰ ਆਪ 'ਸਰਬ ਹਿੰਦ ਆਰੀਆ ਪਰਉਪਕਾਰੀ ਸਭਾ' ਦੇ ਮੀਤ ਪ੍ਰਧਾਨ ਵੀ ਰਹੇ। 1883 'ਚ ਆਰੀਆ ਕਾਲਜ ਬਣਾਉਣ ਦੀ ਵਿਉਂਤ ਬਣੀ ਤਾਂ ਆਪ ਇਸ ਕਮੇਟੀ ਦੇ ਸਕੱਤਰ ਬਣਾਏ ਗਏ। 1882 ਵਿਚ ਆਪ ਨੇ ਲਾਅ ਦਾ ਕੋਰਸ ਵੀ ਪਾਸ ਕਰ ਲਿਆ ਸੀ, ਹੌਲੀ-ਹੌਲੀ ਤਰੱਕੀ ਕਰਦੇ 1886 ਵਿਚ ਰੇਲਵੇ 'ਚ ਮੈਨੇਜਰ ਲੱਗ ਗਏ ਤੇ ਫਿਰ ਸੁਪ੍ਰਿੰਟੈਂਡੈਂਟ। ਇਸ ਸਮੇਂ ਲਾਹੌਰ ਸਿੰਘ ਸਭਾ ਲਹਿਰ ਦੀ ਸਰਗਰਮੀ ਦਾ ਕੇਂਦਰ ਸੀ ਤੇ ਇਸ ਵਿਚ ਪ੍ਰੋ: ਗੁਰਮੁਖ ਸਿੰਘ ਤੇ ਗਿ: ਦਿੱਤ ਸਿੰਘ ਜਿਹੇ ਸਿਆਣੇ ਮੋਢੀ ਕਾਰਕੁੰਨ ਸਨ, ਇਸ ਕਰਕੇ ਇਨ੍ਹਾਂ ਦੀ ਪ੍ਰੇਰਨਾ ਨਾਲ ਭਾਈ ਜਵਾਹਰ ਸਿੰਘ ਕਪੂਰ ਵੀ ਇਧਰ ਆ ਗਏ।

ਆਪ ਦੀ ਵਿਦਿਅਕ ਯੋਗਤਾ ਤੇ ਸੂਝ-ਬੂਝ ਦੀ ਸਰਕਾਰੇ ਦਰਬਾਰੇ ਵੀ ਚੰਗੀ ਕਦਰ ਸੀ। 1885 ਵਿਚ 'ਅੰਜਮਨਿ ਪੰਜਾਬ' ਦੇ ਫੈਲੋ ਬਣਾਏ ਗਏ। 1889 ਵਿਚ ਉਨ੍ਹਾਂ ਦੀਆਂ ਦੋ ਤਿੰਨ ਕਿਤਾਬਾਂ ਵੀ ਛਪੀਆਂ। ਇਕ ਵਾਰ ਰੇਲਵੇ ਵਾਲਿਆਂ ਸੱਖਰ ਦਾ ਪੁੱਲ ਖੋਲ੍ਹਣ ਦੀ ਰਸਮ ਸਮੇਂ ਜੰਦਰੇ 'ਤੇ ਉਕਰਨ ਲਈ ਇਕ ਛੋਟੀ ਜਿਹੀ ਫ਼ਾਰਸੀ ਨਜ਼ਮ ਦੀ ਮੰਗ ਕੀਤੀ, ਤਾਂ ਇਹ ਨਜ਼ਮ ਸ: ਜਵਾਹਰ ਸਿੰਘ ਜੀ ਦੀ ਹੀ ਲਿਖੀ ਚੁਣੀ ਗਈ ਸੀ। ਇਸ ਤਰ੍ਹਾਂ ਉਹ ਫ਼ਾਰਸੀ, ਉਰਦੂ, ਅੰਗਰੇਜ਼ੀ ਵਿਚ ਅੱਛਾ ਲਿਖ ਸਕਦੇ ਸਨ ਤੇ ਸਿੱਖ ਕੌਮ ਦੀ ਵਿਦਿਅਕ ਤਰੱਕੀ ਲਈ ਯਤਨ ਕਰਦੇ ਰਹਿੰਦੇ ਸਨ। ਜਦ 1892 ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਬਣਨ ਲੱਗਾ ਤਾਂ ਆਪ ਕਾਲਜ ਕੌਂਸਲ ਦੇ ਆਨਰੇਰੀ ਸਕੱਤਰ ਥਾਪੇ ਗਏ ਤੇ ਇਹ ਸੇਵਾ ਆਪ ਨੇ 1906 ਤਕ ਨਿਭਾਈ। 1897 ਵਿਚ ਆਪ ਲਿਟਰੇਰੀ ਸੁਸਾਇਟੀ, ਕਲਕੱਤਾ ਦੇ ਮੈਂਬਰ ਬਣੇ ਅਤੇ 1899 ਵਿਚ 'ਪੰਜਾਬ ਟੈਕਸਟ ਬੁੱਕ ਕਮੇਟੀ' ਦੇ ਮੈਂਬਰ। 1904 ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਫੈਲੋ ਨੀਅਤ ਹੋਏ। 14 ਮਈ, 1910 ਈ: ਨੂੰ ਦੇਹਾਂਤ ਹੋਇਆ।

5. ਸਰ ਅਤਰ ਸਿੰਘ ਭਦੌੜ

ਆਪ ਦਾ ਜਨਮ ਰਈਸ ਘਰਾਣੇ ਵਿਚ ਸ: ਖੜਕ ਸਿੰਘ ਜੀ ਦੇ ਘਰ 1833 ਈ: ਨੂੰ ਨਗਰ ਭਦੌੜ, (ਰਿਆਸਤ ਪਟਿਆਲਾ) ਵਿਚ ਹੋਇਆ। ਆਪ ਸੰਸਕ੍ਰਿਤ, ਫ਼ਾਰਸੀ ਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ ਸਨ ਤੇ ਪੰਜਾਬ ਸਰਕਾਰ ਨੇ ਆਪ ਨੂੰ 'ਮਹਾਂ ਮਹੋਪਧਿਆਇ' ਤੇ 'ਫ਼ਜ਼ਲ-ਉਲ-ਫ਼ੁਜ਼ਲਾ' ਆਦਿ ਉਪਾਧੀਆਂ ਨਾਲ ਸਨਮਾਨਿਤ ਕੀਤਾ ਹੋਇਆ ਸੀ। 1869 ਵਿਚ ਆਪ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਦੇ ਮੈਂਬਰ ਤੇ ਪੰਜਾਬ ਯੂਨੀਵਰਸਿਟੀ, ਲਾਹੌਰ ਦੀ ਸੈਨੇਟ ਦੇ ਮੈਂਬਰ ਵੀ ਰਹੇ। 1880 ਵਿਚ ਆਪ ਨੂੰ ਬਰਤਾਨਵੀ ਸਰਕਾਰ ਨੇ ਸੀ.ਐਸ.ਆਈ. ਦਾ ਤੇ 1888 ਵਿਚ ਕੇ.ਸੀ.ਐਸ.ਆਈ. ਦਾ ਖ਼ਿਤਾਬ ਦਿੱਤਾ। ਜਿਥੇ ਠਾਕਰ ਸਿੰਘ ਸੰਧਾਵਾਲੀਆ ਸਖ਼ਤ ਅੰਗਰੇਜ਼ ਵਿਰੋਧੀ ਸਨ, ਉਥੇ ਸਰ ਅਤਰ ਸਿੰਘ ਪੱਕੇ ਅੰਗਰੇਜ਼-ਪ੍ਰਸਤ ਸਨ।

ਜਦੋਂ ਸਿੰਘ ਸਭਾ ਲਹਿਰ ਚੱਲੀ ਤਾਂ ਆਪ ਨੇ ਸਿੱਖਾਂ ਦੀ ਤਰੱਕੀ ਲਈ ਪੂਰੇ ਪੂਰੇ ਯਤਨ ਕੀਤੇ। 1886 ਵਿਚ ਸਮੂਹ ਸਿੰਘ ਸਭਾਵਾਂ ਦੀ ਕੇਂਦਰੀ ਜਥੇਬੰਦੀ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਹੋਈ ਤਾਂ ਆਪ ਨੂੰ ਇਸ ਦਾ ਪ੍ਰਧਾਨ ਬਣਾਇਆ ਗਿਆ ਤੇ ਪ੍ਰੋ: ਗੁਰਮੁਖ ਸਿੰਘ ਸਕੱਤਰ ਬਣੇ। ਆਪ ਦੀ ਸੂਝ ਬੂਝ ਭਰੀ ਅਗਵਾਈ ਦਾ ਸਿੱਟਾ ਸੀ ਕਿ ਇਹ ਦੀਵਾਨ ਪੰਥ ਵਿਚ ਵਧੇਰੇ ਸਤਿਕਾਰਿਆ ਗਿਆ ਤੇ ਸੌ ਤੋਂ ਉੱਤੇ ਸਿੰਘ ਸਭਾਵਾਂ ਇਸੇ ਨਾਲ ਸਬੰਧਤ ਹੋਈਆਂ। ਖ਼ਾਲਸਾ ਪ੍ਰੈੱਸ ਚਲਾਉਣ ਤੇ ਖ਼ਾਲਸਾ ਕਾਲਜ ਬਣਾਉਣ ਲਈ ਆਪ ਨੇ ਮੋਹਰੀ ਯਤਨ ਕੀਤੇ। ਕਿਉਂਕਿ ਕਾਲਜ ਕੌਂਸਲ ਦਾ ਪ੍ਰਧਾਨ ਸਦਾ ਅੰਗਰੇਜ਼ ਅਫ਼ਸਰ ਹੀ ਹੁੰਦਾ ਸੀ, ਇਸ ਕਰਕੇ ਆਪ ਹਮੇਸ਼ਾਂ ਮੀਤ ਪ੍ਰਧਾਨ ਥਾਪੇ ਜਾਂਦੇ ਤੇ ਖ਼ਾਲਸਾ ਕਾਲਜ ਦੀ ਧਾਰਮਿਕ ਕਮੇਟੀ ਦੇ ਸਦਾ ਪ੍ਰਧਾਨ ਰਹਿੰਦੇ। ਆਪ ਵਿਦਵਾਨ ਲੇਖਕ ਸਨ ਤੇ ਸਭ ਤੋਂ ਪਹਿਲਾਂ ਆਪ ਨੇ ਹੀ ਅੰਗਰੇਜ਼ੀ ਵਿਚ ਸਿੱਖਾਂ ਬਾਰੇ ਦੋ ਤਿੰਨ ਪੁਸਤਕਾਂ ਲਿਖੀਆਂ ਤੇ ਉਰਦੂ ਵਿਚ 'ਜਪੁ ਜੀ' ਦਾ ਟੀਕਾ ਕੀਤਾ ਤੇ *ਤ਼ਾਰੀਖ਼ ਸਿੱਧੂ ਬੈਰਾੜਾਂ ਵ ਖ਼ਾਨਦਾਨ ਫ਼ੂਲ* ਲਿਖੀ। ਆਪ ਦੀ ਨਿਜੀ ਲਾਇਬ੍ਰੇਰੀ ਬੜੀ ਵੱਡੀ ਸੀ। ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ ਦੀਆਂ ਕਾਫ਼ੀ ਪੁਸਤਕਾਂ ਤੇ ਖਰੜੇ ਆਪ ਦੇ ਦਾਨ ਦਾ ਫਲ ਹਨ। ਚੂੰਕਿ ਆਪ ਦੀ ਪੋਤਰੀ ਸ: ਸੁੰਦਰ ਸਿੰਘ ਮਜੀਠੀਆ ਨਾਲ ਵਿਆਹੀ ਗਈ, ਇਸ ਕਰਕੇ ਆਪ ਨੇ ਸ: ਸੁੰਦਰ ਸਿੰਘ ਨੂੰ ਵੀ ਪੰਥਕ ਕਾਰਜਾਂ ਦੀ ਗੁੜ੍ਹਤੀ ਦਿੱਤੀ ਤੇ ਉਹ ਇਸ ਪਾਸੇ ਲੱਗੇ ਰਹੇ। ਦੇਹਾਂਤ 10 ਜੂਨ 1896 ਈ: ਨੂੰ ਹੋਇਆ।

6. ਬਾਬਾ ਖੇਮ ਸਿੰਘ ਬੇਦੀ

ਆਪ ਦਾ ਜਨਮ ਸ: ਅਤਰ ਸਿੰਘ ਜੀ ਦੇ ਘਰ ਊਨਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 1832 ਈ: ਨੂੰ ਹੋਇਆ। ਆਪ ਦਾ ਘਰਾਣਾ ਮੁੱਢ ਤੋਂ ਹੀ ਅੰਗਰੇਜ਼ੀ ਸਰਕਾਰ ਦਾ ਵਫ਼ਾਦਾਰ ਸੀ, ਇਸ ਕਰਕੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਸਮੇਂ ਆਪ ਦੀ ਜਾਗੀਰ ਜ਼ਬਤ ਨਹੀਂ ਹੋਈ, ਸਗੋਂ 1857 ਦੇ ਗ਼ਦਰ ਸਮੇਂ ਕਈ ਜ਼ਰੂਰੀ ਸੇਵਾਵਾਂ ਕਾਰਨ ਆਪ ਨੂੰ ਹੋਰ ਜਾਗੀਰ ਤੇ ਮਿੰਟਗੁੰਮਰੀ ਵੱਲ ਮੁਰੱਬੇ ਮਿਲੇ। ਇਸ ਕਰਕੇ ਆਪ ਚੰਗੇ ਤਕੜੇ ਅਮੀਰ ਸਨ ਤੇ ਸਿੱਖੀ ਪ੍ਰਚਾਰ ਲਈ ਵੀ ਡੂੰਘੀ ਲਗਨ ਰੱਖਦੇ ਸਨ।

ਸਿੰਘ ਸਭਾ ਲਹਿਰ ਦਾ ਮੁੱਢ ਰੱਖਣ ਵਾਲਿਆਂ ਵਿਚ ਆਪ ਮੋਹਰੀ ਸਨ ਤੇ ਗੁਰੂ ਅੰਸ਼ ਹੋਣ ਨਾਤੇ ਆਪ ਦਾ ਸਿੱਖਾਂ ਵਿਚ ਸਤਿਕਾਰ ਵੀ ਸੀ। 1877 ਵਿਚ ਆਪ ਮਿੰਟਗੁੰਮਰੀ ਆਨਰੇਰੀ ਮੈਜਿਸਟ੍ਰੇਟ ਰਹੇ, ਫਿਰ 'ਕੌਂਸਲ ਆਫ਼ ਸਟੇਟ' ਦੇ ਵੀ ਮੈਂਬਰ ਨਾਮਜ਼ਦ ਕੀਤੇ ਗਏ। 1884 ਵਿਚ ਸਿੱਖਾਂ ਨੇ ਲਾਹੌਰ ਬੇਦੀ ਸਾਹਿਬ ਨੂੰ ਐਡਰੈੱਸ ਦਿੱਤਾ ਤਾਂ ਬੇਦੀ ਸਾਹਿਬ ਕਹਿਣ ਲੱਗੇ ਕਿ ਮੈਂ ਸਾਰੇ ਸਿੱਖਾਂ ਦਾ ਗੁਰੂ ਹਾਂ। ਸਿੰਘ ਸਭਾਈ ਮੈਂਬਰਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਤੇ ਆਪ ਦਾ ਸਖ਼ਤ ਵਿਰੋਧ ਕੀਤਾ। ਭਾਵੇਂ ਸਿੱਖ ਆਪ ਦੀ ਇੱਜ਼ਤ ਕਰਦੇ ਸਨ, ਪਰ ਨਵੇਂ ਸੁਧਾਰਕ ਆਪ ਦੇ 'ਗੁਰੂ-ਡੰਮ' ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਸਨ। 1883 ਵਿਚ ਆਪ ਨੂੰ ਅੰਮ੍ਰਿਤਸਰ ਖ਼ਾਲਸਾ ਦੀਵਾਨ ਦਾ ਪ੍ਰਧਾਨ ਵੀ ਬਣਾਇਆ ਗਿਆ, ਪਰ ਇਸ ਮਤ

ਭੇਦ ਕਰਕੇ ਹੀ ਪ੍ਰੋਫ਼ੈਸਰ ਗੁਰਮੁਖ ਸਿੰਘ ਆਪ ਦੇ ਵਿਰੋਧੀ ਹੋ ਗਏ ਤੇ ਇਹ ਦੀਵਾਨ ਛੇਤੀ ਮੱਧਮ ਪੈ ਗਿਆ।

ਬੇਦੀ ਸਾਹਿਬ ਨੇ ਪੋਠੋਹਾਰ ਵਿਚ ਸਿੱਖੀ ਦਾ ਖ਼ੂਬ ਪ੍ਰਚਾਰ ਕੀਤਾ ਤੇ ਥਾਂ-ਥਾਂ ਲੜਕੀਆਂ ਨੂੰ ਪੜ੍ਹਾਉਣ ਲਈ ਸੈਂਕੜੇ ਪੰਜਾਬੀ ਪਾਠਸ਼ਾਲਾਵਾਂ ਖੁਲ੍ਹਵਾਈਆਂ। ਆਪ ਨੇ *ਗੁਰਮਤਿ ਪ੍ਰਕਾਸ਼ਕ* ਪੱਤਰ ਵੀ ਜਾਰੀ ਕੀਤਾ ਸੀ।

ਦੇਹਾਂਤ 11 ਅਪ੍ਰੈਲ 1905 ਈ: ਨੂੰ ਹੋਇਆ।

7. ਭਾਈ ਕਾਨ੍ਹ ਸਿੰਘ ਨਾਭਾ

ਆਪ ਦਾ ਜਨਮ 1861 ਈ: (11 ਭਾਦਰੋਂ) ਨੂੰ ਬਾਬਾ ਨਰੈਣ ਸਿੰਘ ਜੀ ਦੇ ਘਰ ਨਾਭੇ ਲਾਗੇ ਪਿੰਡ ਛੋਟੇ ਬਨੇਰੇ ਹੋਇਆ, ਜਿਥੇ ਕਿ ਆਪ ਦੇ ਨਾਨਕੇ ਸਨ। ਆਪ ਦਾ ਪਿੰਡ ਪਿਥੋਕੇ ਸੀ ਤੇ ਰਿਹਾਇਸ਼ ਨਾਭੇ। ਮੁੱਢਲੀ ਵਿਦਿਆ ਭਾਈ ਬੀਰ ਸਿੰਘ ਜਲਾਲ ਕੇ ਤੇ ਭਾਈ ਜਵਾਹਰ ਸਿੰਘ ਆਦਿ ਤੋਂ ਪੜ੍ਹੀ। ਢਾਈ ਤਿੰਨ ਸਾਲ ਲਾਹੌਰ, ਦਿੱਲੀ, ਲਖਨਊ, ਆਦਿ ਥਾਵਾਂ 'ਤੇ ਫਿਰ ਕੇ ਫ਼ਾਰਸੀ ਤੇ ਅੰਗਰੇਜ਼ੀ ਦੀ ਤਾਲੀਮ ਹਾਸਲ ਕੀਤੀ। 1883 ਵਿਚ ਲਾਹੌਰ ਪ੍ਰੋ: ਗੁਰਮੁਖ ਸਿੰਘ ਦੇ ਨਿਕਟ ਰਹਿ ਕੇ ਸਿੱਖ-ਸਿਧਾਂਤਾਂ ਤੇ ਸਿੱਖ ਸਮੱਸਿਆਵਾਂ ਨੂੰ ਸਮਝਣ ਦਾ ਯਤਨ ਕੀਤਾ। ਮਹਾਰਾਜਾ ਹੀਰਾ ਸਿੰਘ ਦੀ ਪਾਰਖੂ ਅੱਖ ਨੇ ਆਪ ਨੂੰ ਆਪਣੀ ਨੌਕਰੀ ਵਿਚ ਲੈ ਲਿਆ ਤੇ 1888 ਵਿਚ ਟਿੱਕਾ ਰਿਪੁਦਮਨ ਸਿੰਘ ਦਾ ਟਿਊਟਰ ਲਾ ਦਿੱਤਾ। ਬਾਅਦ ਵਿਚ ਆਪ ਨਾਜ਼ਮ, ਜੱਜ ਤੇ ਵਜ਼ੀਰੀ ਦੇ ਅਹੁਦੇ 'ਤੇ ਵੀ ਕਾਫ਼ੀ ਅਰਸਾ ਰਹੇ।

ਸਿੰਘ ਸਭਾ ਲਹਿਰ ਦਾ ਜ਼ਮਾਨਾ ਸ਼ਾਸਤ੍ਰਾਰਥ ਦਾ ਸੀ। ਇਸ ਵਿਚ ਅਨਮਤ ਦੇ ਮੁਕਾਬਲੇ ਗੁਰਮਤਿ ਦਾ ਨਿਬੇੜਾ ਕਰਨਾ ਸੂਝਵਾਨ ਵਿਦਵਾਨਾਂ ਦਾ ਕੰਮ ਸੀ। ਭਾਈ ਕਾਨ੍ਹ ਸਿੰਘ ਗੁਰਮਤਿ ਸਾਹਿੱਤ ਦੇ ਵਿਦਵਾਨ ਪੰਡਤ ਸਨ। ਆਪ ਨੇ ਸਮੇਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਸਿੱਖ ਸਿਧਾਂਤ ਬਾਰੇ ਤਿੰਨ ਵਿਸ਼ੇਸ਼ ਗ੍ਰੰਥ ਲਿਖੇ:

1897 ਵਿਚ *ਹਮ ਹਿੰਦੂ ਨਹੀਂ*, 1898 ਵਿਚ *ਗੁਰਮਤਿ ਪ੍ਰਭਾਕਰ* ਤੇ *ਗੁਰਮਤਿ ਸੁਧਾਕਰ* ਗ੍ਰੰਥ ਪ੍ਰਕਾਸ਼ਤ ਹੋਏ।

ਹਮ ਹਿੰਦੂ ਨਹੀਂ ਪੁਸਤਕ ਪ੍ਰਕਾਸ਼ਤ ਹੋਣ 'ਤੇ ਬੜਾ ਰੌਲਾ ਮਚਿਆ। ਜੇ ਸੱਚ ਪੁੱਛੋ ਤਾਂ ਸਾਰੀ ਸਿੰਘ ਸਭਾ ਲਹਿਰ ਦੀ ਘਾਲ ਦਾ ਸਿੱਟਾ ਇਹੋ ਯਕੀਨ ਸੀ ਕਿ ਸਿੱਖ ਧਰਮ ਇਕ ਨਿਆਰਾ ਪੰਥ ਹੈ, ਇਹ ਹਿੰਦੂ ਨਹੀਂ।

ਮਹਾਰਾਜਾ ਹੀਰਾ ਸਿੰਘ ਪਾਸ ਆਪ ਦੀ ਸ਼ਿਕਾਇਤ ਹੋਈ। ਮਹਾਰਾਜੇ ਨੇ ਵਲੈਤ ਦੇ ਪ੍ਰਸਿੱਧ ਕਾਨੂੰਨਦਾਨ ਮਿ: ਐਚ.ਏ. ਰਾਇਗਨ ਤੋਂ ਰਾਇ ਲਈ। ਉਸ ਨੇ ਲਿਖਿਆ ਕਿ ਇਸ ਵਿਚ ਕੋਈ ਵੀ ਕਾਨੂੰਨੀ ਤੌਰ 'ਤੇ ਨਜਾਇਜ਼ ਜਾਂ ਅਪਮਾਨ ਵਾਲੀ ਗੱਲ ਨਹੀਂ ਲਿਖੀ ਗਈ।

ਭਾਈ ਸਾਹਿਬ ਨੇ ਜਿਸ ਤਰਕ ਤੇ ਵਿਸ਼ਲੇਸ਼ਣ ਨਾਲ ਗੁਰਮਤਿ ਦਾ ਨਿਰਾਲਾਪਨ ਦਰਸਾਇਆ, ਉਹ ਆਪ ਜੈਸੇ ਸਕਾਲਰ ਦਾ ਹੀ ਕੰਮ ਸੀ। ਇਸ ਪਿੱਛੋਂ ਆਪ ਨੇ *ਗੁਰਛੰਦ ਦਿਵਾਕਰ* (1921) ਤੇ *ਗੁਰਸ਼ਬਦਾਲੰਕਾਰ* (1924) ਲਿਖ ਕੇ ਆਦਿ ਗੁਰੂ

ਗ੍ਰੰਥ ਸਾਹਿਬ ਦੀ ਸਾਹਿੱਤਕ ਮਹੱਤਤਾ ਪ੍ਰਗਟਾਈ। *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਜੋ ਕਿ ਸਿੱਖ ਸਾਹਿੱਤ ਦਾ ਇਨਸਾਈਕਲੋਪੀਡੀਆ ਹੈ, ਆਪ ਦੀ ਲਾਸਾਨੀ ਰਚਨਾ ਹੈ ਜੋ ਕਿ ਵਿਦਵਾਨ ਖੋਜੀਆਂ ਦੇ ਸਦਾ ਕੰਮ ਆਉਂਦੀ ਰਹੇਗੀ।

ਭਾਈ ਕਾਨ੍ਹ ਸਿੰਘ ਜੀ ਦਾ ਇਕ ਹੋਰ ਕਾਰਨਾਮਾ ਵਿਸ਼ੇਸ਼ ਧਿਆਨ ਯੋਗ ਹੈ। ਮਿ: ਮੈਕਾਲਫ਼ (1837-1913) ਜੈਸੇ ਪੱਛਮੀ ਵਿਦਵਾਨ ਨੂੰ ਗੁਰਮਤਿ ਵਿਦਿਆ ਵਿਚ ਸੁਸਿੱਖਿਅਤ ਕਰ ਕੇ *ਸਿੱਖ ਰਿਲੀਜ਼ਨ* ਜਿਹੀ ਉੱਤਮ ਪੁਸਤਕ ਲਿਖਾਉਣਾ ਆਪ ਦੀ ਇਕ ਮਹਾਨ ਪ੍ਰਾਪਤੀ ਹੈ। ਆਪ ਨੇ ਤਿੰਨ ਸਾਲ ਵਲੈਤ ਰਹਿ ਕੇ ਇਸ ਪੁਸਤਕ ਦੇ ਪਰੂਫ਼ ਤਕ ਪੜ੍ਹੇ ਤੇ ਮੈਕਾਲਿਫ਼ ਨੇ ਅਹਿਸਾਨ ਵਜੋਂ ਇਸ ਗ੍ਰੰਥ ਦਾ ਕਾਪੀ ਰਾਈਟ ਹੀ ਆਪ ਨੂੰ ਸਮਰਪਣ ਕਰ ਦਿੱਤਾ।

ਇਸ ਕਲਮੀ ਸੇਵਾ ਤੋਂ ਬਿਨਾਂ ਖ਼ਾਲਸਾ ਕਾਲਜ (ਅੰਮ੍ਰਿਤਸਰ) ਬਣਾਉਣ ਵਿਚ ਆਪ ਨੇ ਤਕੜਾ ਹਿੱਸਾ ਪਾਇਆ। ਸਾਰੀਆਂ ਸਿੱਖ ਰਿਆਸਤਾਂ ਨੂੰ ਪ੍ਰੇਰ ਕੇ 23 ਲੱਖ ਰੁਪਿਆ ਇਕੱਠਾ ਕੀਤਾ। 1893 ਵਿਚ ਖ਼ਾਲਸਾ ਕਾਲਜ ਕੌਂਸਲ ਦੀ ਧਾਰਮਿਕ ਕਮੇਟੀ ਦੇ ਪ੍ਰਧਾਨ ਬਣੇ। 1911 ਵਿਚ ਅਨੰਦ ਮੈਰਿਜ ਐਕਟ ਪਾਸ ਕਰਾਉਣ ਲਈ ਵਿਸ਼ੇਸ਼ ਉੱਦਮ ਕੀਤਾ।

ਆਪ ਦਾ ਦੇਹਾਂਤ 23 ਨਵੰਬਰ 1938 ਨੂੰ ਨਾਭੇ ਵਿਚ ਹੋਇਆ।

ਸੁਤੰਤਰਤਾ-ਸੰਗ੍ਰਾਮੀਆ ਸੇਵਾ ਸਿੰਘ ਠੀਕਰੀਵਾਲਾ

ਵੀਹਵੀਂ ਸਦੀ ਦੇ ਮੁੱਢ ਵਿਚ ਮਾਲਵੇ ਦੇ ਪੱਛੜੇ ਰਿਆਸਤੀ ਇਲਾਕੇ ਅੰਦਰ ਜਿਨ੍ਹਾਂ ਦੇਸ਼-ਭਗਤ ਸੂਰਬੀਰਾਂ ਆਜ਼ਾਦੀ ਦੀ ਜੋਤਿ ਜਗਾਈ, ਉਨ੍ਹਾਂ ਵਿਚ ਮਾਲਵੇਂਦਰ ਬੀਰ, ਸ: ਸੇਵਾ ਸਿੰਘ ਠੀਕਰੀਵਾਲਾ ਦਾ ਨਾਂ ਮੋਹਰੀ ਹੈਸੀਅਤ ਰੱਖਦਾ ਹੈ। ਇਹ ਛੋਟੇ ਜਿਹੇ ਕੱਦ ਦਾ ਸਰਦਾਰ ਵੱਡੇ ਦਾਈਏ ਰੱਖਣ ਵਾਲਾ ਅਣਖੀਲਾ ਯੋਧਾ ਸੀ, ਜਿਸ ਨੇ ਸੇਵਾ, ਸਿਦਕ ਦਿਲੀ, ਸਹਿਨਸ਼ੀਲਤਾ, ਸਵੈਮਾਨ ਤੇ ਸਤਿਆਗ੍ਰਹਿ ਦੀ ਸਾਮਰਤੱਖ ਮੂਰਤ ਬਣ ਕੇ ਲੋਕਾਂ ਦੀ ਅਗਵਾਈ ਕੀਤੀ। ਉਹ ਨਿਰਭੈ ਬਲੀਦਾਨ ਦੁਆਰਾ ਅਜਿਹੇ ਪੂਰਨੇ ਪਾ ਗਿਆ ਕਿ ਸਾਰਾ ਮਾਲਵਾ ਜਾਗ ਉਠਿਆ ਤੇ ਇਕ-ਪੁਰਖੀ ਰਾਜ ਦੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ ਤਿਆਰ-ਬਰ-ਤਿਆਰ ਹੋ ਗਿਆ। ਰਾਜ ਮੰਡਲ ਦੀ ਸ਼ਕਤੀ ਦੇ ਵਿਰੁੱਧ ਪਰਜਾ ਮੰਡਲ ਦੀ ਲਹਿਰ ਚਲਾਉਣਾ ਉਸੇ ਦਾ ਕ੍ਰਿਸ਼ਮਾ ਸੀ।

ਆਪ ਦਾ ਜਨਮ ਪਿੰਡ ਠੀਕਰੀਵਾਲਾ (ਬਰਨਾਲਾ) ਵਿਖੇ ਪਿਤਾ ਸ: ਦੇਵਾ ਸਿੰਘ ਤੇ ਮਾਤਾ ਹਰਿ ਕੌਰ ਦੀ ਕੁੱਖੋਂ (9 ਭਾਦੋਂ) ਸਤੰਬਰ, 1882 ਈ: ਵਿਚ ਹੋਇਆ। ਆਪ ਦੇ ਦੋ ਭਰਾ ਹੋਰ ਸਨ। ਸ: ਗੁਰਬਖ਼ਸ਼ ਸਿੰਘ ਪੁਲਿਸ ਕਪਤਾਨ ਰਹੇ ਸਨ ਅਤੇ ਸ: ਨੱਥਾ ਸਿੰਘ ਕ੍ਰਿਕਟ ਦੇ ਚੰਗੇ ਖਿਡਾਰੀ ਸਨ, ਜੋ ਮਹਾਰਾਜਾ ਰਾਜਿੰਦਰ ਸਿੰਘ ਦੇ ਏ.ਡੀ.ਸੀ. ਵੀ ਰਹੇ ਸਨ, ਪਰ ਇਹ ਦੋਵੇਂ ਜੁਆਨੀ ਵਿਚ ਚੜ੍ਹਾਈ ਕਰ ਗਏ। ਸੋ, ਘਰੋਗੀ ਹਾਲਾਤ ਐਸੇ ਸਨ ਕਿ ਆਪ ਮਸਾਂ ਮਿਡਲ ਤਕ ਪੜ੍ਹਾਈ ਕਰ ਸਕੇ, ਪਰ ਪਿੱਛੋਂ ਉਰਦੂ ਫ਼ਾਰਸੀ ਦਾ ਚੰਗਾ ਅਭਿਆਸ ਕਰ ਲਿਆ। ਚੜ੍ਹਦੀ ਜੁਆਨੀ ਦਾ ਸਮਾਂ ਸੀ ਜਦੋਂ ਕਿ ਰਿਆਸਤ ਵੱਲੋਂ ਆਪ ਨੂੰ ਮੁਸਾਹਬ ਬਣਾ ਦਿੱਤਾ ਗਿਆ ਤੇ ਫਿਰ ਪਲੇਗ ਅਫ਼ਸਰ ਬਣ ਕੇ ਆਪ ਬਰਨਾਲੇ ਆ ਗਏ। ਇਥੇ ਡਾ: ਰਘਬੀਰ ਸਿੰਘ ਨਾਲ ਮਿਲ ਕੇ ਇਨ੍ਹਾਂ ਸਮਾਜ-ਸੇਵਾ ਦਾ ਕੰਮ ਸ਼ੁਰੂ ਕੀਤਾ। ਇਨ੍ਹਾਂ ਦਿਨਾਂ ਵਿਚ ਪਲੇਗ ਦਾ ਬਹੁਤ ਜ਼ੋਰ ਸੀ। ਆਪ ਨੇ ਪੂਰੇ ਤਨ ਮਨ ਧਨ ਨਾਲ ਲੋਕਾਂ ਦੀ ਸੇਵਾ-ਸੰਭਾਲ ਕੀਤੀ।

ਇਸ ਸਮੇਂ ਸਿੰਘ ਸਭਾ ਲਹਿਰ ਦੇ ਸੁਧਾਰਕ ਕੰਮਾਂ ਦੀ ਚੰਗੀ ਚਰਚਾ ਸੀ ਤੇ ਰਿਆਸਤੀ ਸਿੱਖ ਵੀ ਇਸ ਵਿਚ ਖ਼ਾਸ ਦਿਲਚਸਪੀ ਰੱਖਦੇ ਸਨ। ਸ: ਸੇਵਾ ਸਿੰਘ ਜੀ 1910 ਤੋਂ 1920 ਤਕ ਪੱਲਿਓਂ ਖ਼ਰਚ ਕਰ ਕੇ ਧਰਮ ਪ੍ਰਚਾਰ ਦੀ ਸੇਵਾ ਨਿਭਾਉਂਦੇ ਰਹੇ ਤੇ ਥਾਂ ਥਾਂ ਜਾ ਕੇ ਦੀਵਾਨ ਕਰਦੇ ਰਹੇ। ਠੀਕਰੀਵਾਲਾ ਪੁਰਾਣਾ ਇਤਿਹਾਸਕ ਨਗਰ ਹੈ, ਜਿਥੇ ਕਿਸੇ ਸਮੇਂ ਦਲ ਖ਼ਾਲਸਾ ਦੇ ਮੋਹਰੀ ਆਗੂ ਨਵਾਬ ਕਪੂਰ ਸਿੰਘ

ਤੇ ਸ: ਜੱਸਾ ਸਿੰਘ ਆਹਲੂਵਾਲੀਆ ਪਧਾਰਦੇ ਰਹੇ ਸਨ। ਬਾਬਾ ਆਲਾ ਸਿੰਘ ਨੇ ਨਵਾਬ ਕਪੂਰ ਸਿੰਘ ਜੀ ਤੋਂ ਇਥੇ ਹੀ ਅੰਮ੍ਰਿਤ ਛਕਿਆ ਸੀ। ਸੋ ਇਹ ਮਰਦਮਖ਼ੇਜ਼ ਧਰਤੀ ਸਦਾ ਮਹਾਂਪੁਰਖਾਂ ਦੀ ਰੰਗ ਭੂਮੀ ਰਹੀ ਹੈ ਤੇ ਇਸ ਦਾ ਕੁਝ ਕਿਣਕਾ ਸਰਦਾਰ ਸੇਵਾ ਸਿੰਘ ਜੀ ਨੂੰ ਵੀ ਵਿਰਸੇ ਵਿਚ ਮਿਲਿਆ ਸੀ। ਇਕ ਵਾਰ ਮਹਾਰਾਜਾ ਭੂਪਿੰਦਰ ਸਿੰਘ ਬਰਨਾਲੇ ਦੌਰੇ 'ਤੇ ਆਏ ਤੇ ਸ: ਸੇਵਾ ਸਿੰਘ ਜੀ ਦੀ ਚਰਚਾ ਸੁਣ ਕੇ ਬੜੇ ਖ਼ੁਸ਼ ਹੋਏ ਤੇ ਆਪ ਨੂੰ ਇਲਾਕੇ ਦਾ ਜ਼ੈਲਦਾਰ ਨੀਅਤ ਕਰ ਦਿੱਤਾ। ਇਸ ਤਰ੍ਹਾਂ ਆਪ ਨੇ 1918 ਈ: ਤਕ ਇਹ ਸਰਕਾਰੀ ਨੌਕਰੀ ਨਿਭਾਈ।

1915 ਵਿਚ ਸਿੰਘ ਸਭਾ ਵੱਲੋਂ ਇਲਾਕੇ ਵਿਚ ਭਾਰੀ ਦੀਵਾਨ ਹੋਇਆ ਜਿਸ ਦੇ ਕਰਤਾ ਧਰਤਾ ਆਪ ਹੀ ਸਨ। ਨਵਾਬ ਕਪੂਰ ਸਿੰਘ ਜੀ ਦੀ ਯਾਦ ਵਿਚ ਆਪ ਨੇ ਗੁਰਦੁਆਰਾ ਸਥਾਪਿਤ ਕੀਤਾ, ਜੋ ਪਿੱਛੋਂ ਇਕ ਤਰ੍ਹਾਂ ਪਰਜਾ ਮੰਡਲ ਲਹਿਰ ਦਾ ਕੇਂਦਰੀ ਗੜ੍ਹ ਬਣ ਗਿਆ।

ਜੱਲ੍ਹਿਆਂ ਵਾਲਾ ਬਾਗ਼ ਤੇ ਨਨਕਾਣਾ ਸਾਹਿਬ ਦੇ ਸਾਕੇ ਨੇ ਇਕ ਵਾਰ ਸਾਰੇ ਪੰਜਾਬ ਵਿਚ ਅੰਗਰੇਜ਼ੀ ਰਾਜ ਵਿਰੁੱਧ ਰੋਹ ਦੀ ਅੱਗ ਬਾਲ ਦਿੱਤੀ। ਸ: ਸੇਵਾ ਸਿੰਘ ਜੀ ਦੀ ਆਜ਼ਾਦ ਆਤਮਾ ਨੇ ਚਾਕਰੀ ਦੇ ਬੰਧਨ ਪ੍ਰਵਾਨ ਨਾ ਕੀਤੇ ਅਤੇ ਆਪ ਨੇ ਚਿੱਟੀ ਪੱਗ ਲਾਹ ਕੇ ਕਾਲੀ ਪੱਗ ਬੰਨ੍ਹ ਲਈ ਜੋ ਮੁੜ ਨ ਉਤਾਰੀ। 20 ਸਿੰਘਾਂ ਦਾ ਜਥਾ ਲੈ ਕੇ ਸਿੱਧੇ ਨਨਕਾਣਾ ਸਾਹਿਬ ਗਏ। ਜੱਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਨਮਿਤ ਠੀਕਰੀਵਾਲੇ ਪੰਜ ਅਖੰਡ ਪਾਠ ਕਰਵਾਏ। ਉਨ੍ਹੀਂ ਦਿਨੀਂ ਅਜਿਹੀ ਸਰਗਰਮੀ ਦੇਸੀ ਰਾਜੇ ਬਰਦਾਸ਼ਤ ਨਹੀਂ ਸੀ ਕਰਦੇ, ਕਿਉਂਕਿ ਉਨ੍ਹਾਂ ਦੇ ਮਾਲਕ ਅੰਗਰੇਜ਼ ਗ਼ੁੱਸੇ ਹੁੰਦੇ ਸਨ ਤੇ ਇਹ ਗ਼ੁੱਸਾ ਅੰਤ ਭੋਲੀ ਗ਼ਰੀਬ ਪਰਜਾ ਉੱਤੇ ਕੱਢਿਆ ਜਾਂਦਾ ਸੀ। ਦਸੰਬਰ, 1920 ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਕਾਇਮ ਹੋਇਆ ਤਾਂ ਸ: ਸੇਵਾ ਸਿੰਘ ਨੂੰ ਦਲ ਦਾ ਮੀਤ ਪ੍ਰਧਾਨ ਥਾਪਿਆ ਗਿਆ। ਗੁਰਦੁਆਰਾ ਸੁਧਾਰ ਲਹਿਰ ਜ਼ੋਰ ਫੜ ਰਹੀ ਸੀ। ਆਪ ਨੇ ਅਕਾਲੀ ਆਗੂਆਂ ਦੀ ਹਦਾਇਤ ਅਨੁਸਾਰ 1922 ਵਿਚ ਮਹੰਤਾਂ ਤੋਂ ਗੁਰਦੁਆਰਾ ਮੁਕਤਸਰ ਦਾ ਪ੍ਰਬੰਧ ਜਾ ਸੰਭਾਲਿਆ। ਜੁਲਾਈ 1926 ਵਿਚ ਦੇਸ਼-ਭਗਤ ਮਹਾਰਾਜਾ ਨਾਭਾ ਨੂੰ ਅੰਗਰੇਜ਼ਾਂ ਨੇ ਧਿੰਗੋਜ਼ੋਰੀ ਗੱਦੀਓਂ ਲਾਹ ਦਿੱਤਾ ਜਿਸ ਕਾਰਨ ਸਿੱਖ ਪੰਥ ਵਿਚ ਭਾਰੀ ਰੋਸ ਦੀ ਲਹਿਰ ਦੌੜ ਗਈ ਤੇ ਜੈਤੋ ਦਾ ਮੋਰਚਾ ਲੱਗ ਗਿਆ। ਬਰਤਾਨਵੀ ਸਰਕਾਰ ਨੇ 62 ਅਕਾਲੀ ਆਗੂਆਂ ਨੂੰ ਫੜ ਕੇ ਲਾਹੌਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਤੇ ਸ: ਸੇਵਾ ਸਿੰਘ ਜੀ ਨੂੰ ਵੀ ਪਟਿਆਲੇ ਤੋਂ ਫੜ ਕੇ ਲਾਹੌਰ ਕਿਲ੍ਹੇ ਵਿਚ ਭੇਜ ਦਿੱਤਾ, ਜਿਥੇ ਕਿ ਉਹ ਤਿੰਨ ਸਾਲ ਨਜ਼ਰਬੰਦ ਰਹੇ।

ਇਨ੍ਹਾਂ ਦਿਨਾਂ ਵਿਚ ਹੀ ਸੰਤ ਅਤਰ ਸਿੰਘ ਜੀ ਨੇ ਅਕਾਲ ਕਾਲਜ, ਮਸਤੂਆਣਾ ਬਣਾਇਆ ਤਾਂ ਉਨ੍ਹਾਂ ਸ: ਸੇਵਾ ਸਿੰਘ ਜੀ ਨੂੰ ਇਸ ਦਾ ਪ੍ਰਧਾਨ ਥਾਪਿਆ। ਮਾਲਵਾ ਪ੍ਰਤੀਨਿਧ ਖ਼ਾਲਸਾ ਦੀਵਾਨ ਬਣਿਆ ਤਾਂ ਵੀ ਆਪ ਨੂੰ ਹੀ ਪ੍ਰਧਾਨ ਨੀਅਤ ਕੀਤਾ ਗਿਆ। ਫਿਰ ਆਪ ਨੂੰ ਹੀ ਰਿਆਸਤ ਪਟਿਆਲਾ ਦੇ ਅਕਾਲੀ ਜਥੇ ਦਾ ਜਥੇਦਾਰ ਵੀ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਹ ਸਭ ਕੁਝ ਆਪ ਦੀ ਗ਼ੈਰ-ਹਾਜ਼ਰੀ ਵਿਚ ਹੋਇਆ, ਜਦੋਂ ਕਿ ਅਜੇ ਆਪ ਲਾਹੌਰ ਕਿਲ੍ਹੇ ਵਿਚ ਹੀ ਨਜ਼ਰਬੰਦ ਸਨ।

ਸਤੰਬਰ 1926 ਵਿਚ ਅੰਗਰੇਜ਼ਾਂ ਨੇ ਸਾਰੇ ਅਕਾਲੀ ਨੇਤਾ ਛੱਡ ਦਿੱਤੇ ਤੇ ਸ: ਸੇਵਾ ਸਿੰਘ ਜੀ ਵੀ ਰਿਹਾਅ ਕਰ ਦਿੱਤੇ ਗਏ। ਲੇਕਿਨ ਪਟਿਆਲਾ ਪੁਲਿਸ ਨੇ ਆਪ ਨੂੰ ਮੁੜ ਗ੍ਰਿਫ਼ਤਾਰ ਕਰ ਕੇ ਪਟਿਆਲੇ ਲੈ ਆਂਦਾ। ਉਸ ਸਮੇਂ ਹੋਰ ਤਾਂ ਕੋਈ ਕਸੂਰ ਲੱਭਣਾ ਨਹੀਂ ਸੀ, ਜਿਸ ਦੇ ਆਧਾਰ 'ਤੇ ਆਪ ਨੂੰ ਚਿਰ ਕਾਲ ਤਕ ਜੇਲ੍ਹ ਵਿਚ ਰੱਖਿਆ ਜਾ ਸਕਦਾ ਤਾਂ ਇਕ ਝੂਠਾ ਕੇਸ ਬਣਾਇਆ ਗਿਆ ਕਿ ਆਪ ਨੇ ਡੇਰਾ ਬਾਬਾ ਗਾਂਧਾ ਸਿੰਘ (ਬਰਨਾਲਾ) ਦੀ ਗੜਵੀ ਚੁਰਾਈ ਹੈ। ਰਿਆਸਤੀ ਪੁਲਿਸ ਕਿਸ ਕਮੀਨਗੀ ਤਕ ਜਾ ਸਕਦੀ ਹੈ, ਇਹ ਇਸ ਘਟਨਾ ਤੋਂ ਅਨੁਮਾਨ ਕੀਤਾ ਜਾ ਸਕਦਾ ਹੈ। ਆਖ਼ਰ ਇਸ ਡੇਰੇ ਦੇ ਮਹੰਤ ਰਘਬੀਰ ਸਿੰਘ ਨੇ ਅਦਾਲਤ ਵਿਚ ਆ ਕੇ ਸਾਫ਼ ਕਹਿ ਦਿੱਤਾ ਕਿ ਸਾਡੀ ਕੋਈ ਗੜਵੀ ਚੋਰੀ ਨਹੀਂ ਹੋਈ, ਮੁਕੱਦਮਾ ਆਪਣੇ ਆਪ ਖ਼ਾਰਜ ਹੋ ਗਿਆ। ਪਰ ਨਵੇਂ ਵਾਰੰਟ ਜਾਰੀ ਕਰ ਕੇ ਆਪ ਨੂੰ ਮੁੜ ਗ੍ਰਿਫ਼ਤਾਰ ਕੀਤਾ ਗਿਆ। ਇਸ ਤਰ੍ਹਾਂ ਸ: ਸੇਵਾ ਸਿੰਘ ਜੀ ਦੀ ਨਾਜਾਇਜ਼ ਤੇ ਨਿਰਾਧਾਰ ਗ੍ਰਿਫ਼ਤਾਰੀ ਉਤੇ ਸਿੱਖ ਪੰਥ ਅਤੇ ਰਿਆਸਤੀ ਪਰਜਾ ਵਿਚ ਭਾਰੀ ਰੋਸ ਪੈਦਾ ਹੋਇਆ ਤੇ ਅਕਾਲੀ ਨੇਤਾਵਾਂ ਜ਼ੋਰਦਾਰ ਐਜੀਟੇਸ਼ਨ ਸ਼ੁਰੂ ਕੀਤੀ। ਇਸ ਸਬੰਧ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਮਹਾਰਾਜਾ ਭੂਪਿੰਦਰ ਸਿੰਘ ਨੂੰ ਪਟਿਆਲੇ ਆ ਕੇ ਮਿਲੇ, ਪਰ ਨਾ ਸੇਵਾ ਸਿੰਘ ਠੀਕਰੀ ਵਾਲਾ ਨੇ ਮੁਆਫ਼ੀ ਮੰਗੀ ਤੇ ਨਾ ਉਸ ਦੀ ਰਿਹਾਈ ਹੋਈ।

24 ਫ਼ਰਵਰੀ, 1929 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸਰਬ ਪਾਰਟੀ ਸਿੱਖ ਕਾਨਫ਼ਰੰਸ ਬੁਲਾਈ ਗਈ, ਜਿਸ ਦਾ ਮੂਲ ਮਨੋਰਥ ਇਤਨਾ ਹੀ ਸੀ ਕਿ ਨਿਰਦੋਸ਼ ਸ: ਸੇਵਾ ਸਿੰਘ ਨੂੰ ਕਿਵੇਂ ਰਿਹਾਅ ਕਰਵਾਇਆ ਜਾਵੇ। ਇਸ ਮੀਟਿੰਗ ਵਿਚ ਕੁਝ ਪਟਿਆਲਾ ਪੱਖੀ ਮੈਂਬਰ ਵੀ ਸਨ, ਜੋ ਕਹਿੰਦੇ ਸਨ ਕਿ ਜੇ ਰਿਆਸਤ ਵਿਰੁੱਧ ਮੋਰਚਾ ਲਾਇਆ ਗਿਆ ਤਾਂ ਹੋ ਸਕਦਾ ਹੈ ਕਿ ਮਹਾਰਾਜਾ ਨਾਭਾ ਵਾਂਗ ਮਹਾਰਾਜਾ ਪਟਿਆਲਾ ਨੂੰ ਵੀ ਗੱਦੀਓਂ ਉਤਾਰ ਦਿੱਤਾ ਜਾਵੇ। ਇਸ ਕਾਰਨ ਕੋਈ ਸਪੱਸ਼ਟ ਨਿਰਣਾ ਨਾ ਹੋ ਸਕਿਆ। 25 ਅਗਸਤ 1921 ਨੂੰ ਸੇਵਾ ਸਿੰਘ ਦਿਵਸ ਮਨਾਉਣ ਦਾ ਫ਼ੈਸਲਾ ਹੋਇਆ। ਮਹਾਰਾਜਾ ਪਟਿਆਲਾ ਬੜਾ ਹੁਸ਼ਿਆਰ ਸੀ, ਉਸ ਨੇ 24 ਅਗਸਤ ਨੂੰ ਹੀ ਸ: ਸੇਵਾ ਸਿੰਘ ਜੀ ਨੂੰ ਰਿਹਾਅ ਕਰ ਦਿੱਤਾ। ਰਿਆਸਤੀ ਅਕਾਲੀ ਦਲ ਵੱਲੋਂ ਬਰਨਾਲਾ ਵਿਖੇ ਸਰਦਾਰ ਸਾਹਿਬ ਦਾ ਭਾਰੀ ਸਵਾਗਤ ਕੀਤਾ ਗਿਆ ਤੇ ਆਪ ਨੂੰ 100 ਰੁਪਏ ਦੀ ਥੈਲੀ ਤੇ ਸ੍ਰੀ ਸਾਹਿਬ ਭੇਟਾ ਕੀਤੀ ਗਈ। ਇਸ ਤਰ੍ਹਾਂ ਲੰਮੀਆਂ ਕੈਦਾਂ ਕੱਟਣ ਉਪਰੰਤ ਸਰਦਾਰ ਸੇਵਾ ਸਿੰਘ ਲੋਕ ਲਹਿਰ ਦਾ ਆਗੂ ਬਣ ਕੇ ਉਭਰਿਆ ਤੇ ਰਿਆਸਤ ਭਰ ਵਿਚ ਉਹ ਇਕ ਤਰ੍ਹਾਂ ਨਵੀਂ ਜਾਗ੍ਰਿਤੀ ਲਹਿਰ ਦਾ ਮੋਢੀ ਹੋ ਕੇ ਅੱਗੇ ਆਇਆ।

ਪਰਜਾ ਮੰਡਲ ਲਹਿਰ : ਹੁਣ ਸਰਦਾਰ ਸਾਹਿਬ ਦਾ ਕੰਮ ਧਰਮ ਪ੍ਰਚਾਰ ਤੇ ਗੁਰਦੁਆਰਾ ਸੁਧਾਰ ਤਕ ਸੀਮਤ ਨਾ ਰਿਹਾ। ਉਨ੍ਹਾਂ ਰਿਆਸਤਾਂ ਦੀ ਮਜ਼ਲੂਮ ਪਰਜਾ ਦੇ ਦੁਖੜੇ ਸੁਣ ਕੇ ਇਸ ਲਈ ਵੱਡੇ ਉਪਾਉ ਕਰਨ ਦਾ ਨਿਸ਼ਾਨਾ ਮਿਥਿਆ। ਆਪ ਅਜੇ ਜੇਲ੍ਹ ਵਿਚ ਸਨ ਜਦੋਂ ਕਿ ਫ਼ਰਵਰੀ 1928 ਵਿਚ ਪਿੰਡ ਸੇਖਾ, ਰਿਆਸਤ ਪਟਿਆਲਾ (ਵਰਤਮਾਨ ਜ਼ਿਲ੍ਹਾ ਬਰਨਾਲਾ) ਅੰਦਰ ਪਰਜਾ ਮੰਡਲ ਦੀ ਨੀਂਹ ਰੱਖੀ ਗਈ।

ਸ: ਸੇਵਾ ਸਿੰਘ ਪ੍ਰਧਾਨ ਤੇ ਸ: ਅਜਮੇਰ ਸਿੰਘ ਫਰਵਾਹੀ ਸਕੱਤਰ ਥਾਪੇ ਗਏ। 17 ਜੁਲਾਈ 1928 ਨੂੰ ਮਾਨਸਾ ਵਿਖੇ ਪੰਜਾਬ ਰਿਆਸਤੀ ਪਰਜਾ ਮੰਡਲ ਬਣਿਆ ਤਾਂ ਵੀ ਆਪ ਨੂੰ ਹੀ ਪ੍ਰਧਾਨ ਪ੍ਰਵਾਨ ਕੀਤਾ ਗਿਆ।

ਜਦੋਂ ਰਿਆਸਤ ਪਟਿਆਲਾ ਦੇ ਅੱਤਿਆਚਾਰਾਂ ਦੀ ਚਰਚਾ ਚੱਲ ਰਹੀ ਸੀ ਤਾਂ ਆਲ ਇੰਡੀਆ ਸਟੇਟਸ ਪੀਪਲਜ਼ ਕਾਨਫ਼ਰੰਸ ਵੱਲੋਂ ਮਹਾਰਾਜਾ ਪਟਿਆਲਾ ਵਿਰੁੱਧ ਪੜਤਾਲੀਆ ਕਮੇਟੀ ਬਿਠਾਈ ਗਈ। ਦਸੰਬਰ 1929 ਵਿਚ ਲਾਹੌਰ ਪਰਜਾ ਮੰਡਲ ਦੀ ਪਹਿਲੀ ਕਾਨਫ਼ਰੰਸ ਹੋਈ, ਜਿਥੇ ਕਿ ਸ: ਸੇਵਾ ਸਿੰਘ 500 ਦਾ ਜਥਾ ਲੈ ਕੇ ਪੁੱਜੇ। ਆਪ ਸੁਆਗਤੀ ਕਮੇਟੀ ਦੇ ਪ੍ਰਧਾਨ ਤੇ ਮਿਸਟਰ ਚੁਡਗਰ ਕਾਨਫ਼ਰੰਸ ਦਾ ਪ੍ਰਧਾਨ ਸੀ। ਪੰਜਾਬ ਦੀ ਰਾਜਧਾਨੀ ਵਿਚ ਇਹ ਇਕੱਠ ਹੋਣ ਕਰਕੇ ਇਸ ਦਾ ਪ੍ਰਭਾਵ ਦੂਰ ਦੂਰ ਤਕ ਪਿਆ ਤੇ ਰਾਜਿਆਂ ਦੀਆਂ ਕਰਤੂਤਾਂ ਤੋਂ ਪੜਦਾ ਉਠਿਆ।

ਪਰਜਾ ਮੰਡਲ ਦੀ ਦੂਜੀ ਕਾਨਫ਼ਰੰਸ ਅਕਤੂਬਰ, 1930 ਵਿਚ ਲੁਧਿਆਣੇ ਹੋਈ। ਪ੍ਰੋ: ਰਵਿੰਦਰ ਰਾਓ ਪੂਨਾ ਪ੍ਰਧਾਨ ਸਨ ਅਤੇ ਸ: ਸੇਵਾ ਸਿੰਘ ਸੁਆਗਤੀ ਪ੍ਰਧਾਨ। ਚੂੰਕਿ ਸੁਆਗਤੀ ਐਡਰੈੱਸ ਰਿਆਸਤ ਪਟਿਆਲਾ ਵਿਚ ਵੀ ਵੰਡਿਆ ਗਿਆ ਸੀ, ਇਸੇ ਦੋਸ਼ ਅਧੀਨ ਸ: ਸੇਵਾ ਸਿੰਘ ਜੀ ਦੀ ਦੂਜੀ ਵਾਰ ਗ੍ਰਿਫ਼ਤਾਰੀ ਹੋਈ, ਮੁਕੱਦਮਾ ਬਰਨਾਲੇ ਚੱਲਿਆ ਤੇ ਦਸ ਸਾਲ ਸਖ਼ਤ ਕੈਦ ਤੇ ਦਸ ਹਜ਼ਾਰ ਜੁਰਮਾਨਾ ਹੋਇਆ। ਰਿਆਸਤੀ ਪਰਜਾ ਮੰਡਲ ਦੇ ਆਗੂਆਂ ਹਾਈ ਕੋਰਟ ਵਿਚ ਅਪੀਲ ਕੀਤੀ ਤਾਂ ਇਹ ਸਜ਼ਾ ਅੱਧੀ ਰਹਿ ਗਈ। ਰਿਆਸਤ ਦੀ ਜਨਤਾ ਨੇ ਤਕੜਾ ਵਾਵੇਲਾ ਕੀਤਾ ਤਾਂ 12 ਮਾਰਚ 1931 ਨੂੰ ਆਪ ਦੀ ਰਿਹਾਈ ਹੋਈ। ਪਿੱਛੋਂ ਮਹਾਰਾਜਾ ਭੂਪਿੰਦਰ ਸਿੰਘ ਨੇ ਮੁਲਾਕਾਤ ਲਈ ਬੁਲਾਇਆ ਤਾਂ ਆਪ ਨੇ ਨਿਧੜਕ ਹੋ ਕੇ ਜਨਤਾ ਦੀਆਂ ਮੰਗਾਂ ਆਪ ਦੇ ਪੇਸ਼ ਕੀਤੀਆਂ ਤੇ ਇਹ ਵੀ ਤਜਵੀਜ਼ ਕੀਤਾ ਕਿ ਇਥੇ ਅਸੈਂਬਲੀ ਬਣਾਈ ਜਾਵੇ ਤਾਂ ਚੰਗਾ ਹੈ, ਪਰ ਮਹਾਰਾਜਾ ਇਹ ਗੱਲ ਕਿਵੇਂ ਮਨਜ਼ੂਰ ਕਰ ਸਕਦਾ ਸੀ।

ਸਰਦਾਰ ਸਾਹਿਬ ਕਿਸੇ ਭੈ ਅਧੀਨ ਇਧਰ ਉਧਰ ਨਹੀਂ ਹੋਏ, ਉਨ੍ਹਾਂ ਪਰਜਾ ਦੇ ਹਿੱਤ ਲਈ ਅੰਦੋਲਨ ਜਾਰੀ ਰੱਖਿਆ ਤੇ ਪਰਜਾ ਮੰਡਲ ਦੀ ਤੀਜੀ ਕਾਨਫ਼ਰੰਸ 26 ਜੁਲਾਈ, 1931 ਨੂੰ ਸ਼ਿਮਲੇ ਕੀਤੀ। ਆਗੂ ਚਾਹੁੰਦੇ ਸਨ ਕਿ ਰਾਜਿਆਂ ਦੇ ਅੱਤਿਆਚਾਰਾਂ ਤੇ ਅੱਯਾਸ਼ੀਆਂ ਦੇ ਅਸਲ ਚਿੱਠੇ ਉੱਥੇ ਖੋਲ੍ਹੇ ਜਾਣ ਤਾਂ ਕਿ ਅੰਗਰੇਜ਼ ਸਰਕਾਰ ਨੂੰ ਇਨ੍ਹਾਂ ਬਾਰੇ ਸਹੀ ਪਤਾ ਲੱਗ ਸਕੇ ਤੇ ਵੱਧ ਤੋਂ ਵੱਧ ਹਿੰਦੁਸਤਾਨੀ ਨੇਤਾ ਵੀ ਇਸ ਤੋਂ ਜਾਣੂ ਹੋ ਸਕਣ। ਮਹਾਤਮਾ ਗਾਂਧੀ ਤੇ ਕਈ ਹੋਰ ਉੱਘੇ ਨੇਤਾ ਉਨ੍ਹੀਂ ਦਿਨੀਂ ਸ਼ਿਮਲੇ ਠਹਿਰੇ ਹੋਏ ਸਨ। ਸ: ਸੇਵਾ ਸਿੰਘ ਜੀ ਨੇ ਗਾਂਧੀ ਜੀ ਨਾਲ ਵੀ ਮੁਲਾਕਾਤ ਕੀਤੀ।

ਹੁਣ ਆਪ ਦੀ ਸਰਗਰਮੀ ਕੇਵਲ ਰਿਆਸਤ ਪਟਿਆਲਾ ਤਕ ਹੀ ਮਹਿਦੂਦ ਨਾ ਰਹੀ, ਉਨ੍ਹਾਂ ਸੰਗਰੂਰ ਦੇ ਪ੍ਰਧਾਨ ਮੰਤਰੀ ਬਿਹਾਰੀ ਲਾਲ ਢੀਂਗਰਾ ਵਿਰੁੱਧ ਮੋਰਚਾ ਲਾਇਆ ਤੇ ਪਰਜਾ ਦੀਆਂ ਕਈ ਮੰਗਾਂ ਮਨਵਾਈਆਂ। ਫਿਰ ਮਲੇਰਕੋਟਲੇ ਦੇ ਨਵਾਬ ਨਾਲ ਟੱਕਰ ਲਈ ਤੇ ਆਪ ਉਥੇ ਤਿੰਨ ਮਹੀਨੇ ਜੇਲ੍ਹ ਵਿਚ ਰਹੇ।

ਪਰਜਾ ਮੰਡਲ ਦੀ ਚੌਥੀ ਕਾਨਫ਼ਰੰਸ ਦਿੱਲੀ ਕੀਤੀ ਗਈ ਤਾਂ ਕਿ ਬਾਕੀ ਭਾਰਤੀ

ਰਿਆਸਤਾਂ ਦੇ ਆਗੂਆਂ ਨਾਲ ਤਾਲਮੇਲ ਰੱਖਿਆ ਜਾ ਸਕੇ। ਕਾਨਫ਼ਰੰਸ ਬਹੁਤ ਸਫਲ ਰਹੀ ਤੇ ਦੇਸੀ ਰਾਜਿਆਂ ਦੀ ਅਸਲ ਤਸਵੀਰ ਲੋਕਾਂ ਸਾਹਮਣੇ ਆਈ। ਮਹਾਰਾਜਾ ਪਟਿਆਲਾ ਬਹੁਤ ਔਖਾ ਹੋਇਆ। ਉਸ ਨੇ ਆਪਣੀਆਂ ਖ਼ਾਮੀਆਂ ਵੱਲ ਧਿਆਨ ਦੇਣ ਦੀ ਲੋੜ ਨਹੀਂ ਸਮਝੀ, ਸਗੋਂ ਇਹੋ ਜਾਣਿਆ ਕਿ ਇਸ ਬਾਰੇ ਉਪੱਦ੍ਰਵ ਦਾ ਮੂਲ ਸ: ਸੇਵਾ ਸਿੰਘ ਹੀ ਹੈ। ਆਪ ਨੂੰ 24 ਅਗਸਤ 1933 ਨੂੰ ਮੁੜ ਗ੍ਰਿਫ਼ਤਾਰ ਕਰ ਕੇ ਪਟਿਆਲਾ ਜੇਲ੍ਹ ਵਿਚ ਲਿਆਂਦਾ ਗਿਆ। ਕਈ ਤਰ੍ਹਾਂ ਦੀ ਪੁੱਛ-ਗਿੱਛ ਕੀਤੀ ਗਈ ਪਰ ਸਰਦਾਰ ਸਾਹਿਬ ਦਾ ਇਕ ਚੰਗੇ ਸੱਤਿਆਗ੍ਰਹੀ ਵਾਂਗ ਇੱਕੋ ਇਕ ਘੜਿਆ ਘੜਾਇਆ ਜਵਾਬ ਸੀ ਕਿ ਮੈਂ ਕਿਸੇ ਗੱਲ ਦਾ ਵੀ ਜਵਾਬ ਨਹੀਂ ਦੇਣਾ ਚਾਹੁੰਦਾ। ਆਖ਼ਰ ਮੁਕੱਦਮਾ ਚਲਾਇਆ ਗਿਆ ਤੇ 11 ਜਨਵਰੀ 1934 ਨੂੰ ਆਪ ਨੂੰ ਛੇ ਸਾਲ ਦੀ ਬਾ-ਮੁਸ਼ੱਕਤ ਕੈਦ ਦੀ ਸਜ਼ਾ ਹੋਈ। ਜੇਲ੍ਹ ਵਿਚ ਆਪ ਜੈਸੇ ਆਗੂ ਨੂੰ ਜੈਸਾ ਸਲੂਕ ਜਾਂ ਸਹੂਲਤ ਮਿਲਣੀ ਚਾਹੀਦੀ ਸੀ, ਉਹ ਨਾ ਦਿੱਤੀ, ਸਗੋਂ ਜਾਣ ਬੁਝ ਕੇ ਭੈੜੀ ਖ਼ੁਰਾਕ ਦਿੱਤੀ ਜਾਣ ਲੱਗੀ। ਆਪ ਨੇ ਰੋਸ ਵਜੋਂ ਖਾਣਾ-ਪੀਣਾ ਛੱਡ ਦਿੱਤਾ, ਬੀਮਾਰ ਪੈ ਗਏ, ਦਵਾਈ ਵੀ ਨਾ ਲਈ ਓ ਅੰਤ 18 ਅਪ੍ਰੈਲ 1934 ਨੂੰ ਆਪ ਨੇ ਭੁੱਖ ਹੜਤਾਲ ਕਰ ਦਿੱਤੀ। ਇਹ ਖ਼ਬਰ ਸੁਣ ਕੇ ਜੇਲ੍ਹ ਦੇ ਸਾਰੇ ਕੈਦੀ ਭੜਕ ਉੱਠੇ। ਉਨ੍ਹਾਂ ਕਿਹਾ ਕਿ 'ਸਾਨੂੰ ਸਰਦਾਰ ਸੇਵਾ ਸਿੰਘ ਦੇ ਦਰਸ਼ਨ ਕਰਾਓ, ਨਹੀਂ ਤਾਂ ਅਸੀਂ ਵੀ ਭੁੱਖ ਹੜਤਾਲ ਕਰਦੇ ਹਾਂ।' ਕੈਦ ਹੋਣ ਸਮੇਂ ਆਪ ਦਾ ਵਜ਼ਨ 145 ਪੌਂਡ ਸੀ ਲੇਕਿਨ ਭੁੱਖ ਹੜਤਾਲ ਕਾਰਨ ਹੁਣ ਸਰੀਰ ਅੱਧਾ ਰਹਿ ਗਿਆ ਸੀ ਤੇ ਵਜ਼ਨ ਕੇਵਲ 88 ਪੌਂਡ ਸੀ। ਜ਼ਬਰਦਸਤੀ ਨਾਲੀ ਰਾਹੀਂ ਖ਼ੁਰਾਕ ਦਿੱਤੀ ਜਾਂਦੀ ਰਹੀ, ਪਰ ਸਿਹਤ ਦਿਨ-ਬਦਿਨ ਵਿਗੜਦੀ ਗਈ। ਮਹਾਰਾਜੇ ਜਾਂ ਮਹਾਰਾਜੇ ਦੇ ਅਹਿਲਕਾਰਾਂ ਨੂੰ ਇਸ ਗੱਲ ਨਾਲ ਕੀ ਸਰੋਕਾਰ ਸੀ, ਉਹ ਤਾਂ ਇਸ ਨੂੰ ਮਾਰ ਮੁਕਾਉਣ ਦੇ ਚਾਹਵਾਨ ਸਨ।

ਅਖ਼ੀਰ ਸ: ਸੇਵਾ ਸਿੰਘ ਆਪਣੀ ਦ੍ਰਿੜ੍ਹਤਾ ਤੇ ਸੱਤਿਆਗ੍ਰਹਿ ਦੀ ਪ੍ਰਤਿਗਿਆ ਨਿਭਾਉਂਦੇ ਹੋਏ 20 ਜਨਵਰੀ 1935 ਨੂੰ ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਦੇਹਾਂਤ ਪਾ ਗਏ। ਆਪ ਦੇ ਬਲੀਦਾਨ ਨੇ ਰਿਆਸਤੀ ਪਰਜਾ ਵਿਚ ਉਹ ਜੋਸ਼ ਤੇ ਉਤਸ਼ਾਹ ਪੈਦਾ ਕੀਤਾ ਜੋ ਕਿ ਕਿਸੇ ਕ੍ਰਾਂਤੀਕਾਰੀ ਪਰਿਵਰਤਨ ਲਈ ਬਹੁਤ ਜ਼ਰੂਰੀ ਹੁੰਦਾ ਹੈ। ਸੋ, ਇਸ ਮਾਲਵੇਂਦਰ ਜੋਧੇ ਆਗੂ ਦੀ ਘਾਲਣਾ ਨਾ ਭੁਲਾਈ ਜਾਣ ਵਾਲੀ ਹੈ।

ਗਿਆਨੀ ਜੀ ਗਿਆਨੀ ਜੀ ਸਨ

ਗਿਆਨੀ ਜ਼ੈਲ ਸਿੰਘ ਜੀ ਦੀ ਲਾਸਾਨੀ ਸ਼ਖ਼ਸੀਅਤ ਇਨਸਾਨੀ ਘਾਲ, ਕੁਰਬਾਨੀ ਤੇ ਰੱਬੀ ਮਿਹਰਬਾਨੀ ਦੀ ਵਧੀਆ ਕਹਾਣੀ ਪੇਸ਼ ਕਰਦੀ ਹੈ ਕਿ ਇਕ ਮਾਮੂਲੀ ਕੱਚੇ ਕੋਠੜੇ ਦਾ ਆਦਿਵਾਸੀ ਕਿਵੇਂ ਰਾਸ਼ਟਰਪਤੀ ਭਵਨ ਦੇ ਮਹਿਲਾਂ ਦਾ ਵਾਸੀ ਹੋ ਸਕਦਾ ਹੈ। ਇਹ ਸਭ ਜਾਣਦੇ ਹਨ ਕਿ ਖ਼ਾਨਦਾਨੀ ਤੌਰ 'ਤੇ ਆਪ ਨਾ ਸਾਹਿਬੇ-ਜਾਇਦਾਦ ਸਨ ਤੇ ਨਾ ਹੀ ਸਾਹਿਬੇ-ਦੌਲਤ। ਸਾਹਿਬੇ-ਇਲਮ ਜਾਂ ਸਾਹਿਬੇ-ਇਖ਼ਤਿਯਾਰ ਹੋਣ ਦਾ ਵੀ ਕੋਈ ਦਾਅਵਾ ਨਹੀਂ ਸੀ। ਉਹ ਸਾਧਾਰਨ ਗ਼ਰੀਬ ਘਰ ਵਿਚ ਜੰਮੇ ਪਲੇ, ਪਰ ਕੁਦਰਤ ਦੀ ਬਰਕਤ ਸਦਕਾ ਗ਼ਰੀਬ ਨਿਵਾਜ਼ ਹੋ ਕੇ ਵਰਤੇ ਵਿਚਰੇ। ਇਹ ਆਪ ਦੀ ਵੱਡੀ ਖ਼ੂਬੀ ਸੀ ਕਿ ਬਹੁਤ ਵੱਡੇ ਹੋ ਕੇ ਵੀ ਆਪ ਨੇ ਗ਼ਰੀਬੀ ਤੇ ਨਿਰਮਾਣਤਾ ਦਾ ਪੱਲਾ ਨਹੀਂ ਛੱਡਿਆ। ਉਨ੍ਹਾਂ ਨਾ ਆਪਣੀ ਖ਼ਾਸ ਜਾਇਦਾਦ ਜਾਂ ਕੋਠੀ ਬਣਾਈ ਤੇ ਨਾ ਹੀ ਕਲ-ਕਾਰਖ਼ਾਨੇ ਲਾਉਣ ਦੀ ਵਿਉਂਤ ਅਪਣਾਈ। ਉਹ ਦਰਵੇਸ਼ਾਂ ਵਾਂਗ ਆਏ ਤੇ ਫ਼ਕੀਰਾਂ ਵਾਂਗ ਜੋਗੀਆਂ ਵਾਲੀ ਫੇਰੀ ਪਾ ਕੇ ਚਲੇ ਗਏ। ਉਹ ਯਾਰਾਂ ਦੇ ਯਾਰ, ਦੋਸਤ ਨਿਵਾਜ਼ ਤੇ ਅਦਬ ਨਿਵਾਜ਼ ਸਨ ਤੇ ਆਪ ਦੇ ਧਿਆਨ ਦਾ ਕੇਂਦਰ ਸਦਾ ਨੌਜੁਆਨ ਤੇ ਗ਼ਰੀਬ ਕਿਰਤੀ ਕਿਸਾਨ ਰਿਹਾ।

ਬਹੁਤ ਲੰਮਾ ਅਰਸਾ ਆਮ ਲੋਕਾਂ ਵਿਚ ਵਿਚਰ ਕੇ ਜੰਗੇ-ਅਜ਼ਾਦੀ ਲਈ ਅਨੇਕਾਂ ਜਫ਼ਰ ਜਾਲ ਕੇ ਜਿਵੇਂ ਉਨ੍ਹਾਂ ਵਿਕਾਸ ਦੀਆਂ ਉੱਚੀਆਂ ਮੰਜ਼ਲਾਂ ਛੋਹੀਆਂ, ਉਹ ਇਕ ਅਨੋਖੀ ਦਾਸਤਾਨ ਹੈ। ਇਸ ਵਿੱਚੋਂ ਇਨਸਾਨੀ ਤਰੱਕੀ ਦੇ ਅਨੇਕਾਂ ਪ੍ਰੇਰਕ ਨਿਸ਼ਾਨ ਮਿਲਦੇ ਹਨ, ਜੋ ਸਾਡੀ ਇੱਛਾ-ਸ਼ਕਤੀ ਨੂੰ ਬਲਵਾਨ ਕਰਦੇ ਹਨ। ਵੀਹਵੀਂ ਸਦੀ ਦੇ ਪੰਜਾਬੀਆਂ ਵਿਚ ਗਿਆਨੀ ਜੀ ਦੀ ਹਸਤੀ ਸੱਚਮੁੱਚ ਇਕ ਅਜੂਬਾ ਹੀ ਸੀ, ਜਿਸ ਬਿਨਾਂ ਕਿਸੇ ਫ਼ੌਜੀ ਚੜ੍ਹਾਈ ਜਾਂ ਬੇਲੋੜੀ ਰਾਜਨੀਤਕ ਖਿੱਚ ਖਿਚਾਈ ਦੇ ਦਿੱਲੀ ਦਾ ਤਖ਼ਤ ਪਾਇਆ ਅਤੇ ਨਾਲ ਹੀ ਪੰਜਾਬੀ ਦਾ ਗੌਰਵ ਵਧਾਇਆ।

ਆਪ ਦਾ ਜਨਮ ਗੁਰਮੁਖ ਪਿਤਾ ਭਾਈ ਕਿਸ਼ਨ ਸਿੰਘ ਜੀ ਦੇ ਘਰ 5 ਮਈ 1916 ਈ: ਨੂੰ ਪਿੰਡ ਸੰਧਵਾਂ, ਰਿਆਸਤ ਫ਼ਰੀਦਕੋਟ ਵਿਚ ਹੋਇਆ। ਜੈਤੋ ਦੇ ਮੋਰਚੇ ਤੇ ਗੁਰੂ ਕੇ ਬਾਗ਼ ਦੇ ਸਾਕਿਆਂ ਦੀਆਂ ਕਹਾਣੀਆਂ ਸੁਣ ਸੁਣ ਬਚਪਨ ਬੀਤਿਆ ਤੇ ਫਿਰ ਜੁਆਨੀ ਦੇ ਉਭਾਰ ਨਾਲ 'ਪਰਜਾ ਮੰਡਲ' ਦੇ ਆਗੂਆਂ ਦੀ ਵੰਗਾਰ ਸਦਕਾ ਰਜਵਾੜਾਸ਼ਾਹੀ ਨਾਲ ਦੋ ਚਾਰ ਹੋਣ ਦਾ ਅਵਸਰ ਬਣਿਆ। ਗਿਆਨੀ ਜੀ ਨੇ ਬੜੇ ਸਾਹਸ ਤੇ ਸੂਝ-ਬੂਝ ਨਾਲ ਮੋਹਰੀ ਹੋ ਕੇ ਅੰਦੋਲਨ ਦੀ ਵਾਗਡੋਰ ਸੰਭਾਲੀ, ਜਿਸ

ਦੇ ਨਤੀਜੇ ਵਜੋਂ ਆਪ ਨੂੰ ਪੰਜ ਸਾਲ ਦੀ ਸਖ਼ਤ ਜੇਲ੍ਹ ਭੁਗਤਣੀ ਪਈ। 1943 ਈ: ਵਿਚ ਉਹ ਰਿਹਾਅ ਹੋਏ। ਇਹ ਸਮਾਂ ਬੜਾ ਤੂਫ਼ਾਨੀ ਲਹਿਰਾਂ ਵਾਲਾ ਸੀ। ਦੇਸ਼ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਭਾਰੀ ਲਹਿਰ ਚੱਲ ਰਹੀ ਸੀ। ਆਪ ਦਾ ਚੁੱਪ ਕਰਕੇ ਬੈਠਣਾ ਵੀ ਸੰਭਵ ਨਹੀਂ ਸੀ ਤੇ ਨਾ ਹੀ ਉਹ ਸਖ਼ਤ ਨਿਗਰਾਨੀ ਕਾਰਨ ਰਿਆਸਤੀ ਇਲਾਕੇ ਵਿਚ ਹੀ ਠਹਿਰ ਸਕਦੇ ਸਨ। ਆਪ ਅੰਮ੍ਰਿਤਸਰ ਆ ਗਏ ਤੇ ਧਰਮ ਪ੍ਰਚਾਰ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਫਿਰ ਉਹ ਗੁਰਦੁਆਰਾ ਗਰਨਾ ਸਾਹਿਬ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਾ ਟਿਕੇ। ਇਥੇ ਹੀ ਬਾਬਾ ਸੰਤਾ ਸਿੰਘ ਨਿਹੰਗ (ਬੁੱਢਾ ਦਲ), ਆਪਣੀ ਭੁਝੰਗੀ ਵਰੇਸ ਵਿਚ ਠਹਿਰੇ ਹੋਏ ਸਨ। ਗਿਆਨੀ ਜ਼ੈਲ ਸਿੰਘ ਉਸ ਵਕਤ ਵਾਜੇ ਨਾਲ ਬੜਾ ਮਨੋਹਰ ਕੀਰਤਨ ਕਰਦੇ ਤੇ ਵਖਿਆਨ ਵੀ ਚੰਗਾ ਦੇ ਲੈਂਦੇ ਸਨ। ਕਿਤੇ ਕਿਤੇ 'ਪ੍ਰੀਤਮ' ਤਖ਼ੱਲਸ ਹੇਠ ਕੋਈ ਜੋਸ਼ੀਲੀ ਕਵਿਤਾ ਰਚ ਕੇ ਵੀ ਸੰਗਤਾਂ ਨੂੰ ਸੁਣਾ ਦਿੰਦੇ ਸਨ। ਇਸ ਵੇਲੇ ਦੋਹਾਂ ਜੁਆਨਾਂ ਦਾ ਰੋਜ਼ਾਨਾ ਕੰਮ ਆਲੇ-ਦੁਆਲੇ ਦੇ ਪਿੰਡਾਂ ਤੋਂ ਪ੍ਰਸ਼ਾਦੇ ਉਗਰਾਹ ਕੇ ਲਿਆਉਣੇ ਤੇ ਆਏ ਗਏ ਮੁਸਾਫ਼ਰਾਂ ਨੂੰ ਛਕਾਉਣਾ ਸੀ। ਕਿਸੇ ਨੂੰ ਇਹ ਚਿੱਤ ਚੇਤਾ ਨਹੀਂ ਸੀ ਕਿ ਇਹ ਡਾਲੀਆਂ ਮੰਗ ਕੇ ਲਿਆਉਣ ਵਾਲਾ ਜੁੱਸੇ ਦਾ ਲਿੱਸਾ ਪਤਲਾ ਛੀਂਟਕਾ ਗੱਭਰੂ ਕਿਸੇ ਦਿਨ ਹਿੰਦ ਦੇ ਰਾਸ਼ਟਰਪਤੀ ਭਵਨ ਦਾ ਵਾਰਸ ਵੀ ਬਣੇਗਾ। ਇਹ ਮਾਲਕ ਦੀ ਖੇਡ ਹੈ ਕਿ ਉਹ ਨਿਮਾਣੇ ਤੇ ਨਿਤਾਣੇ ਲੋਕਾਂ ਨੂੰ ਮਾਣ-ਤਾਣ ਬਖ਼ਸ਼ ਕੇ ਕਦੀ ਕਦਾਈਂ ਅਜਿਹੇ ਕਾਰਨਾਮੇ ਕਰਦਾ ਹੈ :

> ਖਿਨ ਮਹਿ ਨੀਚ ਕੀਟ ਕਉ ਰਾਜ ॥
> ਪਾਰਬ੍ਰਹਮ ਗਰੀਬ ਨਿਵਾਜ ॥ *(ਗਉੜੀ ਸੁਖਮਨੀ ਮ: ੫, ਪੰਨਾ 277)*

ਹਾਲਾਤ ਤੇਜ਼ੀ ਨਾਲ ਬਦਲੇ। 1946-48 ਈ: ਵਿਚ ਆਪ 'ਪਰਜਾ ਮੰਡਲ' ਦੇ ਪ੍ਰਧਾਨ ਬਣੇ। ਆਪਣੀ ਰਿਆਸਤ ਵਿਚ ਸਮਾਨਾਂਤਰ ਸਰਕਾਰ ਬਣਾਉਣ ਦਾ ਠਾਠ ਰਚਿਆ। ਪੰਡਿਤ ਜਵਾਹਰ ਲਾਲ ਨਹਿਰੂ ਨੂੰ ਬੁਲਾ ਕੇ 28 ਮਈ 1946 ਈ: ਨੂੰ ਝੰਡਾ ਮਾਰਚ ਦਾ ਮੁਜ਼ਾਹਰਾ ਕੀਤਾ। ਪੰਡਿਤ ਜੀ 'ਤੇ ਇਸ ਦਾ ਇਤਨਾ ਪ੍ਰਭਾਵ ਪਿਆ ਕਿ ਉਹ ਸਦਾ ਗਿਆਨੀ ਜੀ ਦੀ ਸਰਪ੍ਰਸਤੀ ਕਰਦੇ ਰਹੇ। ਅਜ਼ਾਦੀ ਆਈ, ਪੈਪਸੂ ਸਰਕਾਰ ਬਣੀ ਤਾਂ ਆਪ ਮਾਲ ਮੰਤਰੀ ਬਣਾਏ ਗਏ। 1956 ਈ: ਵਿਚ ਰਾਜ ਸਭਾ ਦੇ ਮੈਂਬਰ ਬਣ ਗਏ ਤੇ ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਹੋ ਕੇ ਡੂੰਘੀ ਲਗਨ ਨਾਲ ਸੇਵਾ ਕਰਦੇ ਰਹੇ। ਅਸੈਂਬਲੀ ਚੋਣਾਂ ਜਿੱਤ ਕੇ ਮਾਰਚ 1972 ਈ: ਵਿਚ ਪੰਜਾਬ ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ, ਹਰੀ ਕ੍ਰਾਂਤੀ ਦਾ ਮੁੱਢ ਰੱਖਿਆ, 'ਗੁਰੂ ਗੋਬਿੰਦ ਸਿੰਘ ਮਾਰਗ' ਬਣਾ ਕੇ ਸਾਰੀਆਂ ਧਿਰਾਂ ਨੂੰ ਜੋੜਿਆ ਤੇ ਪ੍ਰਾਂਤ ਵਿਚ ਸ਼ਾਂਤੀ ਤੇ ਅਮਨ ਦਾ ਮਾਹੌਲ ਸਥਾਪਤ ਕੀਤਾ।

ਫਿਰ ਅਚਾਨਕ ਦੇਸ਼ ਦੀ ਰਾਜਨੀਤਕ ਅਵਸਥਾ ਬਦਲੀ ਅਤੇ ਕਾਂਗਰਸ ਸੱਤਾ ਤੋਂ ਬਾਹਰ ਹੋ ਗਈ। ਗਿਆਨੀ ਜੀ ਨੂੰ ਭੇਸ ਵਟਾ ਕੇ ਪਟਿਆਲਿਓਂ ਨਿਕਲਣਾ ਪਿਆ ਤੇ ਰਾਹ ਵਿਚ ਭਵਾਨੀਗੜ੍ਹ ਲਾਗੇ ਸੰਤੂ ਦੇ ਢਾਬੇ 'ਤੇ ਲੁੱਕ-ਛਿਪ ਕੇ ਰਾਤ ਕੱਟਣੀ

ਪਈ। ਜ਼ਮਾਨੇ ਦਾ ਫੇਰ, ਕੱਲ ਦਾ ਮੁੱਖ ਮੰਤਰੀ ਅੱਜ ਭੇਸ ਬਦਲ ਕੇ ਦਿੱਲੀ ਪਹੁੰਚ ਰਿਹਾ ਹੈ। 1980 ਈ: ਵਿਚ ਚੋਣਾਂ ਹੋਈਆਂ ਤਾਂ ਆਪ ਲੋਕ ਸਭਾ ਦੇ ਮੈਂਬਰ ਚੁਣੇ ਗਏ ਤੇ 14 ਜਨਵਰੀ 1980 ਈ: ਨੂੰ ਹਿੰਦ ਸਰਕਾਰ ਦੇ ਗ੍ਰਹਿ ਮੰਤਰੀ ਬਣੇ। ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ। ਸਿਤਾਰਿਆਂ ਦੀ ਚਾਲ ਤੇਜ਼ ਸੀ। 25 ਜੁਲਾਈ 1982 ਈ: ਨੂੰ ਆਪ ਰਾਸ਼ਟਰਪਤੀ ਬਣ ਕੇ ਦੇਸ਼ ਦੇ ਸਰਵ-ਉੱਚ ਪਦ 'ਤੇ ਸੁਸ਼ੋਭਿਤ ਹੋਏ, ਜਿਥੇ ਕਿ 1987 ਈ: ਤਕ ਰਹੇ। ਇਹ ਵੀ ਇਕ ਰੁਮਾਂਚਿਕ ਰਾਤ ਸੀ ਜਦੋਂ ਕਿ ਢਾਬੇ ਵਾਲਾ ਸੰਤੂ ਦਿੱਲੀ ਆਇਆ ਤੇ ਗਿਆਨੀ ਜੀ ਦਾ ਮਹਿਮਾਨ ਬਣ ਕੇ ਰਾਸ਼ਟਰਪਤੀ ਭਵਨ ਵਿਚ ਟਿਕਿਆ। ਇਹੋ ਜਿਹੀਆਂ ਅਜੀਬੋ ਗ਼ਰੀਬ ਘਟਨਾਵਾਂ ਆਪ ਦੇ ਜੀਵਨ ਵਿਚ ਆਮ ਵਾਪਰੀਆਂ। ਪਤਾ ਨਹੀਂ ਕਿ ਇਹ ਕੀ ਰੱਬੀ ਖੇਡ ਸੀ ਕਿ ਉਹ ਸੜਕ ਹਾਦਸੇ ਦਾ ਸ਼ਿਕਾਰ ਹੋ ਕੇ ਤਿੰਨ ਹਫ਼ਤੇ ਚੰਡੀਗੜ੍ਹ ਜ਼ੇਰਿ-ਇਲਾਜ ਰਹੇ ਤੇ 25 ਦਸੰਬਰ 1994 ਈ: ਨੂੰ ਸਦਾ ਦਾ ਵਿਛੋੜਾ ਦੇ ਗਏ। ਗਿਆਨੀ ਜੀ ਵਚਿੱਤਰ ਖ਼ੂਬੀਆਂ ਦੇ ਮਾਲਕ ਸਨ। ਗੁਰਬਾਣੀ ਦੇ ਪ੍ਰਭਾਵ ਕਾਰਨ ਆਪ ਦੇ ਹਿਰਦੇ ਉੱਤੇ ਧਾਰਮਿਕ ਭਾਵਨਾ ਦੀ ਡੂੰਘੀ ਛਾਪ ਸੀ। ਇਸ ਲਈ ਸਦਾ ਦੀਨ ਦਿਆਲ ਹੋ ਕੇ ਸਭ ਨਾਲ ਪ੍ਰੇਮ ਨਾਲ ਵਰਤਦੇ ਰਹੇ। ਗ਼ਰੀਬ ਸਾਥੀਆਂ ਨੂੰ ਕਦੀ ਭੁਲਾਇਆ ਨਹੀਂ ਅਤੇ ਯਥਾਯੋਗ ਸਭ ਦੀ ਮਦਦ ਕੀਤੀ। ਅਕਾਲੀ ਲਹਿਰ, ਅਜ਼ਾਦੀ ਲਹਿਰ ਤੇ ਅਜ਼ਾਦ ਹਿੰਦ ਫ਼ੌਜ ਦੇ ਸੰਗ੍ਰਾਮੀਆਂ ਨੂੰ ਲੱਭ ਲੱਭ ਕੇ ਪੈਨਸ਼ਨਾਂ ਲਾਉਣੀਆਂ ਤੇ ਯਥਾਯੋਗ ਸਹੂਲਤਾਂ ਦਿਵਾਉਣੀਆਂ ਆਪ ਦਾ ਹੀ ਕਾਰਨਾਮਾ ਸੀ। ਫਿਰ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਲੰਡਨ ਤੋਂ ਮੰਗਵਾ ਕੇ ਜਲੂਸ ਕੱਢ ਕੇ ਸੁਨਾਮ ਵਿਚ ਸਥਾਪਤ ਕਰਨੀਆਂ, ਸ: ਭਗਤ ਸਿੰਘ ਜੀ ਦੀ ਮਾਤਾ ਵਿਦਿਆਵਤੀ ਨੂੰ 'ਪੰਜਾਬ ਮਾਤਾ' ਦਾ ਸਨਮਾਨ ਦੇ ਕੇ ਸਤਿਕਾਰਨਾ, ਧਰਮੀ ਹਕੀਕਤ ਰਾਇ ਦੀ ਯਾਦ ਵਿਚ ਯਾਦਗਾਰੀ ਟ੍ਰਸਟ ਤੇ ਭਾਈ ਮਤੀਦਾਸ ਟ੍ਰਸਟ ਸਥਾਪਿਤ ਕਰਨਾ, ਆਪ ਦੀ ਸ਼ਹੀਦਾਂ ਪ੍ਰਤੀ ਸ਼ਰਧਾ ਤੇ ਸਨੇਹ ਦਾ ਸਬੂਤ ਪੇਸ਼ ਕਰਦਾ ਹੈ। ਫਿਰ ਸਹਿਬਜ਼ਾਦਿਆਂ ਦੇ ਨਾਂ 'ਤੇ ਨਗਰ ਵਸਾਉਣਾ, ਅਨੰਦਪੁਰ ਸਾਹਿਬ ਦੀ ਤਰੱਕੀ ਲਈ ਨਵੀਆਂ ਵਿਉਂਤਾਂ ਬਣਾਉਣਾ ਆਪ ਦਾ ਸੁਨਹਿਰੀ ਸੁਪਨਾ ਸੀ। ਸੁਹਿਰਦਤਾ, ਸੁਸ਼ੀਲਤਾ, ਸਮਝਦਾਰੀ, ਸ਼ਿਸ਼ਟਾਚਾਰ ਤੇ ਸੰਜਮ ਆਦਿ ਆਪ ਦੇ ਉਹ ਮਨੁੱਖੀ ਗੁਣ ਸਨ, ਜਿਨ੍ਹਾਂ ਕਦੀ ਆਪ ਅੰਦਰ ਹਾਕਮਾਨਾ ਐਬ ਪੈਦਾ ਨਹੀਂ ਹੋਣ ਦਿੱਤੇ। ਫਿਰ ਸਭ ਕੁਝ ਕਰ ਕਰਾ ਕੇ ਕਦੀ ਆਪਣਾ ਆਪ ਨਹੀਂ ਜਤਾਇਆ, ਸਦਾ ਨਿਰਮਾਣ ਰਹੇ। ਰਾਜਨੀਤਕ ਖੇਤਰ ਵਿਚ ਭਾਵੇਂ ਕਈ ਹੋਰ ਵਿਅਕਤੀ ਵੀ ਅੱਗੇ ਆਏ, ਪਰ ਗਿਆਨੀ ਜੀ ਦਾ ਕੋਈ ਮੁਕਾਬਲਾ ਨਹੀਂ। ਜਿਤਨਾ ਲੋਕਾਂ ਆਪ ਨੂੰ ਪਿਆਰ ਤੇ ਸਤਿਕਾਰ ਦਿੱਤਾ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ, ਕਿਉਂਕਿ ਗਿਆਨੀ ਜੀ ਗਿਆਨੀ ਜੀ ਸਨ।

ਗਿਆਨੀ ਲਾਲ ਸਿੰਘ ਜੀ—ਪੰਜਾਹ ਸਾਲਾ ਪੰਧ

ਮੈਂ, ਅਪ੍ਰੈਲ 1941 ਈ: ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲ ਹੋਇਆ ਤੇ 1942 ਈ: ਵਿਚ ਕਾਲਜ ਵਿਚ ਅੱਵਲ ਰਹਿ ਕੇ ਇਹ ਕਲਾਸ ਪਾਸ ਕੀਤੀ। ਮਈ 1942 ਤੋਂ ਮਈ 1943 ਤਕ ਗੁਰੂ ਰਾਮਦਾਸ ਹਾਈ ਸਕੂਲ ਅੰਮ੍ਰਿਤਸਰ ਵਿਚ ਬਤੌਰ ਪੰਜਾਬੀ ਤੇ ਧਾਰਮਿਕ ਅਧਿਆਪਕ ਦੇ ਸੇਵਾ ਕੀਤੀ ਅਤੇ 13 ਮਈ 1943 ਈ: ਨੂੰ ਬਤੌਰ ਲੈਕਚਰਾਰ ਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੀ ਨੌਕਰੀ ਸ਼ੁਰੂ ਕੀਤੀ ਜੋ ਸਤੰਬਰ 1947 ਈ: ਵਿਚ ਇਸ ਲਈ ਖ਼ਤਮ ਹੋ ਗਈ ਕਿਉਂਕਿ ਇਸ ਕਾਲਜ ਦਾ ਸਾਰਾ ਖ਼ਰਚ ਨਨਕਾਣਾ ਸਾਹਿਬ ਕਮੇਟੀ ਕਰਦੀ ਸੀ ਜੋ ਪਾਕਿਸਤਾਨ ਬਣਨ ਕਾਰਨ ਵਜੂਦ ਵਿਚ ਹੀ ਨਾ ਰਹੀ। ਫਿਰ ਸਤੰਬਰ 1948 ਈ: ਤੋਂ ਅਪ੍ਰੈਲ 1950 ਈ: ਤਕ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਸਿਕ-ਪੱਤਰ *ਗੁਰਦੁਆਰਾ ਗਜ਼ਟ* ਦਾ ਬਤੌਰ ਐਡੀਟਰ ਸੇਵਾ ਨਿਭਾਈ। ਇਹ ਪੱਤਰ ਪਹਿਲੇ ਕੇਵਲ ਕਮੇਟੀ ਦੇ ਮਤਿਆਂ ਤੇ ਹੋਰ ਰਿਪੋਰਟਾਂ ਆਦਿ ਤਕ ਸੀਮਤ ਸੀ, ਜਿਸ ਨੂੰ ਕਮੇਟੀ ਦੇ ਫ਼ੈਸਲੇ ਅਨੁਸਾਰ ਮੈਂ ਇਕ ਧਾਰਮਿਕ ਮਾਸਿਕ-ਪੱਤਰ ਦਾ ਰੂਪ ਦੇਣ ਦਾ ਜਤਨ ਕੀਤਾ ਜੋ ਪਿੱਛੋਂ *ਗੁਰਮਤਿ ਪ੍ਰਕਾਸ਼* ਨਾਮ ਧਾਰ ਕੇ ਹੋਰ ਵਧੇਰੇ ਪ੍ਰਫੁੱਲਿਤ ਹੋਇਆ। ਗਿਆਨੀ ਲਾਲ ਸਿੰਘ ਜੀ ਨਾਲ ਮੇਰਾ ਮੇਲ ਮਈ 1943 ਵਿਚ ਹੀ ਹੋਇਆ। ਇਹ ਸਿੱਖ-ਇਤਿਹਾਸ ਅਤੇ ਰਾਜਨੀਤੀ ਵਿਗਿਆਨ ਪੜ੍ਹਾਉਂਦੇ ਸਨ ਤੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਾਰਤੀ ਮਤਾਂ ਦੀ ਪੜ੍ਹਾਈ ਕਰਾਉਂਦਾ ਸੀ। ਪ੍ਰਿੰ: ਗੰਗਾ ਸਿੰਘ ਸਿੱਖ ਮਤ ਦੀਆਂ ਵਿਸ਼ੇਸ਼ਤਾਈਆਂ ਤੇ ਭਾਸ਼ਨ ਕਲਾ ਦੀਆਂ ਵਿਧੀਆਂ ਸਮਝਾਇਆ ਕਰਦੇ ਸਨ, ਜੋ ਆਪਣੇ ਆਪ ਵਿਚ ਬੇਮਿਸਾਲ ਸਨ। ਲੱਗਭੱਗ ਪੰਜ ਸਾਲ ਇਹ ਕਾਫ਼ਲਾ ਪ੍ਰਿੰਸੀਪਲ ਸਾਹਿਬ ਦੀ ਅਗਵਾਈ ਵਿਚ ਅੱਗੇ ਵਧਦਾ ਗਿਆ। ਮੈਂ ਤੇ ਗਿਆਨੀ ਜੀ ਕੁਝ ਅਰਸਾ ਇੱਕੋ ਮਕਾਨ ਵਿਚ ਇਕੱਠੇ ਰਹਿੰਦੇ ਰਹੇ। ਪਿੱਛੋਂ ਮੈਨੂੰ ਕਾਲਜ ਦੇ ਸੁਪ੍ਰਿੰਟੈਂਡੈਂਟ ਦੀ ਸੇਵਾ ਵੀ ਨਿਭਾਉਣੀ ਪਈ, ਇਸ ਕਰਕੇ ਮੇਰੀ ਰਿਹਾਇਸ਼ ਕਾਲਜ ਦੇ ਅੰਦਰ ਹੋ ਗਈ। ਕਾਲਜ ਦੀ ਇਮਾਰਤ ਦੇ ਨਾਲ ਹੀ ਮਾਸਟਰ ਤਾਰਾ ਸਿੰਘ ਜੀ ਦਾ ਨਿਵਾਸ ਸਥਾਨ ਸੀ, ਇਸ ਕਰਕੇ ਪੰਜਾਬ ਭਰ ਦੇ ਅਕਾਲੀ ਆਗੂ ਇਥੇ ਸਦਾ ਆਉਂਦੇ-ਜਾਂਦੇ ਰਹਿੰਦੇ ਸਨ ਤੇ ਸਾਡਾ ਜਾਣਕਾਰੀ ਦਾ ਘੇਰਾ ਵਿਸ਼ਾਲ ਹੁੰਦਾ ਰਹਿੰਦਾ ਸੀ। ਸੋ ਇਸ ਤਰ੍ਹਾਂ ਮੈਂ ਲੱਗਭੱਗ ਦਸ ਸਾਲ ਅੰਮ੍ਰਿਤਸਰ ਵਿਚ ਬਿਤਾਏ ਤੇ ਬਹੁਤਾ ਸਮਾਂ ਗਿਆਨੀ ਜੀ ਨਾਲ ਸੰਪਰਕ ਬਣਿਆ ਰਿਹਾ। ਦੇਸ਼-ਵੰਡ ਉਪਰੰਤ ਚੂੰਕਿ ਕਾਲਜ

ਬੰਦ ਹੋ ਗਿਆ, ਇਸ ਕਰਕੇ ਕੁਝ ਸਮਾਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਸ਼ਰਨਾਰਥੀ-ਸੰਭਾਲ ਤੇ ਧਰਮ ਪ੍ਰਚਾਰ ਦੇ ਕੰਮ-ਕਾਰ ਨੂੰ ਵੀ ਅਸੀਂ ਦੋਵੇਂ ਜਿਵੇਂ ਕਿਵੇਂ ਨਿਭਾਉਂਦੇ ਰਹੇ।

1949 ਈ: ਵਿਚ ਗਿਆਨੀ ਜੀ ਪਟਿਆਲੇ ਆ ਗਏ। ਉਦੋਂ ਵਿਦਿਆ ਵਿਭਾਗ ਦੇ ਨਾਲ ਹੀ ਇਕ 'ਪੰਜਾਬੀ ਸੈਕਸ਼ਨ' ਬਣਾਇਆ ਗਿਆ ਸੀ, ਜਿਸ ਵਿਚ ਉਹ ਆ ਕੇ ਰਹਿਣ ਲੱਗੇ। ਪਿੱਛੋਂ ਇਹ ਸੈਕਸ਼ਨ 'ਮਹਿਕਮਾ ਪੰਜਾਬੀ' ਬਣਿਆ ਤੇ ਇਸ ਮਹਿਕਮੇ ਨੇ *ਪੰਜਾਬੀ ਦੁਨੀਆ* ਨਾਂ ਦਾ ਮਾਸਿਕ-ਪੱਤਰ ਮਾਰਚ 1950 ਈ: ਵਿਚ ਸ਼ੁਰੂ ਕੀਤਾ। ਸ: ਗਿਆਨ ਸਿੰਘ ਰਾੜੇਵਾਲਾ ਪ੍ਰਧਾਨ ਮੰਤਰੀ ਪੈਪਸੂ ਸਰਕਾਰ ਦੀ ਮਿਹਰਬਾਨੀ ਤੇ ਮੇਰੇ ਪੁਰਾਣੇ ਗਰਾਈਂ ਮਿੱਤਰ ਗਿ: ਗੁਰਦਿੱਤ ਸਿੰਘ ਜੀ ਦੇ ਜਤਨਾਂ ਸਦਕਾ ਮੈਂ ਵੀ 17 ਅਪ੍ਰੈਲ 1950 ਈ: ਨੂੰ ਅੰਮ੍ਰਿਤਸਰ ਤੋਂ ਪਟਿਆਲੇ ਆ ਗਿਆ ਤੇ ਇਸੇ ਮਹਿਕਮੇ ਵਿਚ *ਪੰਜਾਬੀ ਦੁਨੀਆ* ਦੇ ਸੰਪਾਦਨ ਦੀ ਸੇਵਾ ਸੰਭਾਲੀ ਜੋ ਲੱਗਭੱਗ ਪੰਦਰਾਂ ਸੋਲ੍ਹਾਂ ਸਾਲ ਨਿਭਾਈ। ਇਸ ਆਲੋਚਨਾਤਮਕ ਪਰਚੇ ਦੇ ਸੰਪਰਕ ਕਾਰਨ ਪੰਜਾਬੀ ਲੇਖਕ ਜਗਤ ਨਾਲ ਚੰਗੇ ਵਿਆਪਕ ਸੰਬੰਧ ਬਣੇ ਤੇ ਭਾਸ਼ਾ ਤੇ ਸਾਹਿੱਤਕ ਅਧਿਐਨ ਵੱਲ ਮੇਰੀਆਂ ਰੁਚੀਆਂ ਪ੍ਰਬਲ ਹੋਈਆਂ। ਸੋ, ਇਹ ਦੋ ਸੰਸਥਾਵਾਂ ਸਿੱਖ ਮਿਸ਼ਨਰੀ ਕਾਲਜ ਤੇ ਭਾਸ਼ਾ ਵਿਭਾਗ ਦੀ ਵਿਦਵਾਨ-ਸੰਗਤ ਨੇ ਮੈਨੂੰ ਲੇਖਕ-ਮਾਰਗ ਉੱਤੇ ਪਾਇਆ ਤੇ ਪਿੱਛੋਂ ਪੰਜਾਬੀ ਯੂਨੀਵਰਸਿਟੀ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਮੈਂ ਜੋ ਕੁਝ ਵੀ ਹਾਂ, ਉਸ ਵਿਚ ਇਨ੍ਹਾਂ ਤਿੰਨੇ ਸੰਸਥਾਵਾਂ ਦਾ ਭਰਪੂਰ ਯੋਗਦਾਨ ਹੈ। ਇਹ ਵੀ ਇਕ ਸੰਜੋਗ ਦੀ ਗੱਲ ਹੈ ਕਿ ਗਿਆਨੀ ਲਾਲ ਸਿੰਘ ਜੀ ਇਸ ਸਾਰੀ ਅਦਲਾ-ਬਦਲੀ ਵਿਚ ਅੰਗ-ਸੰਗ ਹੀ ਰਹੇ। ਇਤਨਾ ਲੰਮਾ ਪੰਧ ਤੈਅ ਕਰਦਿਆਂ ਕੁਝ ਮਿੱਠੇ ਕੌੜੇ ਤਜਰਬਿਆਂ ਦਾ ਸੁਆਦ ਵੀ ਚੱਖਣਾ ਪਿਆ, ਜਿਸ ਦੀ ਹੁਣ ਚਰਚਾ ਕਰਨਾ ਸ਼ੋਭਨੀਕ ਨਹੀਂ।

ਪ੍ਰਿੰਸੀਪਲ ਗੰਗਾ ਸਿੰਘ ਜੀ ਹੱਸਦਿਆਂ-ਹੱਸਦਿਆਂ ਕਈ ਵਾਰ ਕਿਹਾ ਕਰਦੇ ਸਨ ਕਿ ਗਿਆਨੀ ਲਾਲ ਸਿੰਘ ਨੇ ਰਾਜਨੀਤੀ ਦੀ ਕੇਵਲ ਪੜ੍ਹਾਈ ਹੀ ਨਹੀਂ ਕੀਤੀ, ਸਗੋਂ ਪ੍ਰੈਕਟੀਕਲ ਸਿਖਲਾਈ ਵੀ ਹਾਸਲ ਕੀਤੀ ਹੋਈ ਹੈ। ਸੋ, ਉਹ ਦੁਨਿਆਵੀ ਤੌਰ 'ਤੇ ਚੇਤੰਨ ਬੁੱਧੀਮਾਨ ਪੁਰਸ਼ ਸਨ ਅਤੇ ਇਸ ਕਰਕੇ ਅਤਿ ਗ਼ਰੀਬੀ ਦੀ ਹਾਲਤ ਵਿੱਚੋਂ ਉੱਠ ਕੇ ਵੀ ਉਨ੍ਹਾਂ ਉੱਚੀਆਂ ਪਦਵੀਆਂ ਪਾਈਆਂ। ਇਹ ਉਨ੍ਹਾਂ ਦੀ ਵਿਉਂਤਬੰਦੀ ਤੇ ਹਿੰਮਤ ਦਾ ਸਿੱਟਾ ਸੀ। ਉਹ ਜਦੋਂ ਕੋਈ ਇਰਾਦਾ ਧਾਰਦੇ ਤਾਂ ਉਸ ਦੀ ਪੂਰਤੀ ਲਈ ਸਿਰਤੋੜ ਜਤਨ ਜਾਰੀ ਰੱਖਦੇ। ਭਾਵੇਂ ਹਰ ਥਾਂ, ਹਰ ਸਮੇਂ ਤੇ ਹਰ ਵਾਰ ਉਨ੍ਹਾਂ ਨੂੰ ਸਫਲਤਾ ਨਹੀਂ ਮਿਲੀ, ਪਰ ਤਾਂ ਵੀ ਉਹ ਪਿਛਾਂਹ ਨਹੀਂ ਸਨ ਹੱਟਦੇ। ਸੋ, ਇਰਾਦੇ ਦੀ ਦ੍ਰਿੜ੍ਹਤਾ ਉਨ੍ਹਾਂ ਦਾ ਖ਼ਾਸ ਗੁਣ ਸੀ ਤੇ ਫਿਰ ਮੰਤਵ ਦੀ ਪੂਰਤੀ ਲਈ ਦਫ਼ਤਰੀ ਪੱਧਰ 'ਤੇ ਹਰ ਤਰ੍ਹਾਂ ਦੀਆਂ ਗੋਂਦਾਂ ਗੁੰਦਦੇ ਜਾਣਾ ਉਨ੍ਹਾਂ ਦਾ ਖ਼ਾਸਾ ਸੀ। ਇਹ ਗੱਲ ਉਨ੍ਹਾਂ ਕੇਵਲ ਆਪਣੀ ਵਿਅਕਤੀਗਤ ਤਰੱਕੀ ਲਈ ਹੀ ਨਹੀਂ ਸੀ ਕੀਤੀ, ਸਗੋਂ ਆਪਣੇ ਡਾਇਰੈਕਟਰੀ-ਕਾਲ ਵਿਚ ਪੰਜਾਬੀ ਦੀ ਤਰੱਕੀ ਲਈ ਵੀ ਬੜੇ ਚੰਗੇ ਉਪਰਾਲੇ ਕੀਤੇ।

ਭਾਸ਼ਾ ਵਿਭਾਗ ਭਾਵੇਂ ਉੱਨਤੀ ਦੀਆਂ ਉਚੇਰੀਆਂ ਸਿੱਖਰਾਂ ਛੋਹ ਰਿਹਾ ਹੈ, ਪਰ ਮੈਂ ਇਹ ਕਹਿਣ ਵਿਚ ਹੱਕ ਬਜਾਨਬ ਹਾਂ ਕਿ ਜੋ ਕੁਝ ਅਸਾਂ 1950 ਈ: ਤੋਂ 1965-70 ਈ: ਤਕ ਕੀਤਾ, ਉਹ ਵਿਕਾਸ-ਕਾਲ, ਵਿਸਾਰਿਆ ਜਾਣਾ ਵਾਲਾ ਨਹੀਂ ਹੈ, ਕਿਉਂਕਿ ਬੁਨਿਆਦੀ ਸਕੀਮਾਂ ਉਸੇ ਸਮੇਂ ਸ਼ੁਰੂ ਹੋਈਆਂ ਤੇ ਪੂਰੇ ਜ਼ੋਰ ਸ਼ੋਰ ਨਾਲ ਲਾਗੂ ਵੀ ਕੀਤੀਆਂ ਗਈਆਂ। ਇਸ ਸਾਰੇ ਅਮਲ ਵਿਚ ਗਿਆਨੀ ਲਾਲ ਸਿੰਘ ਜੀ ਦਾ ਰੋਲ ਮਹੱਤਵਪੂਰਨ ਸੀ। ਮੈਂ, ਜੂਨ 1966 ਈ: ਵਿਚ ਪੰਜਾਬੀ ਯੂਨੀਵਰਸਿਟੀ ਵਿਚ ਚਲਿਆ ਗਿਆ, ਜਿਥੋਂ ਕਿ ਦਸੰਬਰ 1983 ਈ: ਵਿਚ ਰਿਟਾਇਰ ਹੋਇਆ, ਪਰ ਫਿਰ ਹਮਸਫ਼ਰ ਤੇ ਹਮਸ਼ਹਿਰੀ ਹੋਣ ਦੇ ਨਾਤੇ ਇਹ ਮੇਲ-ਜੋਲ ਬਣਿਆ ਰਿਹਾ ਤੇ ਅਤੀਤ ਦੀ ਘਟਨਾਵਲੀ ਸੰਵਾਦ ਦਾ ਵਿਸ਼ਾ ਬਣਦੀ ਰਹੀ। ਆਮ ਸਿਆਣੇ ਕਹਿੰਦੇ ਹਨ ਕਿ ਅਤੀਤ ਤੇ ਭਵਿੱਖ ਦੂਰ ਦੀਆਂ ਵਸਤਾਂ ਹਨ, ਵਰਤਮਾਨ ਹੀ ਆਪਣਾ ਹੈ, ਪਰੰਤੂ ਤਜਰਬਾ ਦੱਸਦਾ ਹੈ ਕਿ ਆਦਿ ਕਾਲ ਤੋਂ ਵਰਤਮਾਨ ਨੂੰ ਅਤੀਤ ਸਦਾ ਆਪਣੇ ਆਪ ਵਿਚ ਹੀ ਸਮੇਟਦਾ ਆਇਆ ਹੈ ਤੇ ਇਸ ਪ੍ਰਕ੍ਰਿਆ ਨੂੰ ਕੋਈ ਬੰਦਾ ਬਦਲ ਨਹੀਂ ਸਕਦਾ।

ਇਲਮ-ਦੋਸਤ ਸਰਦਾਰ ਰਾੜੇਵਾਲਾ

'ਰਾੜਾ' ਇਕ ਮਾਮੂਲੀ ਜਿਹਾ ਪਿੰਡ ਹੈ, ਪਰ ਇਥੋਂ ਦੀਆਂ ਦੋ ਉੱਘੀਆਂ ਹਸਤੀਆਂ ਨੇ ਇਸ ਦਾ ਨਾਂ ਰੌਸ਼ਨ ਕਰਨ ਵਿਚ ਖ਼ਾਸ ਹਿੱਸਾ ਪਾਇਆ ਹੈ। ਧਾਰਮਿਕ ਸੰਸਾਰ ਵਿਚ ਸੰਤ ਈਸ਼ਰ ਸਿੰਘ ਰਾੜੇ ਵਾਲਿਆਂ ਨੂੰ ਕੌਣ ਨਹੀਂ ਜਾਣਦਾ ਤੇ ਰਾਜ-ਦਰਬਾਰ ਜਾਂ ਰਾਜਨੀਤਕ ਸੰਸਾਰ ਵਿਚ ਸ: ਗਿਆਨ ਸਿੰਘ ਕਿਸ ਤੋਂ ਅਪਰਚਿਤ ਹਨ ? ਅੱਜ ਦੋਵੇਂ ਨਹੀਂ ਰਹੇ, ਪਰ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਬਲਿਹਾਰੀ ਜਾਣ ਜੋਗੀ ਸੂਰਤ ਸਭ ਦੇ ਸਨਮੁੱਖ ਪ੍ਰਤੱਖ ਹੈ।

ਸ: ਗਿਆਨ ਸਿੰਘ ਰਾੜੇਵਾਲਾ ਇਕ ਪਤਵੰਤੇ ਪੁਰਸ਼ ਸਨ, ਜਿਨ੍ਹਾਂ ਦੀ ਸੋਹਣੀ ਸੁਨੱਖੀ ਸ਼ਖ਼ਸੀਅਤ, ਸੂਝ-ਬੂਝ, ਸਾਫ਼-ਦਿਲੀ, ਸ਼ਾਇਸਤਗੀ (ਸ਼ਿਸ਼ਟਾਚਾਰ) ਤੇ ਸਾਹਿੱਤਿਕ ਸ਼ੌਕ ਕਮਾਲ ਦਾ ਸੀ। ਆਮ ਤੌਰ 'ਤੇ ਰਿਆਸਤੀ ਅਹਿਲਕਾਰ ਬਦਨਾਮ ਹਨ। ਕੋਈ ਵਿਰਲਾ ਹੀ ਹੋਵੇਗਾ ਜੋ ਸ਼ਰਾਬ ਦੇ ਚਟਖਾਰ, ਵਿਭਚਾਰ ਤੇ ਧਨ ਦੇ ਭ੍ਰਿਸ਼ਟਾਚਾਰ ਤੋਂ ਬਚਿਆ ਹੋਵੇ। ਪਰੰਤੂ ਸ: ਗਿਆਨ ਸਿੰਘ ਇਸ 'ਕਾਜਲ ਕੋਠੜੀ' ਵਿਚ ਰਹਿ ਕੇ ਵੀ ਨਿਰਲੇਪ ਤੇ ਨਿਰਮਲ ਰਹੇ। ਮੈਂ ਚਾਲ੍ਹੀ ਸਾਲ ਵਿਚ ਉਨ੍ਹਾਂ ਬਾਰੇ ਕੋਈ ਇਹੋ ਜਿਹੀ ਗੱਲ ਨਹੀਂ ਸੁਣੀ, ਜੋ ਉਨ੍ਹਾਂ ਦੀ ਈਮਾਨਦਾਰ ਸ਼ਖ਼ਸੀਅਤ ਨੂੰ ਦਾਗ਼ੀ ਬਣਾਉਂਦੀ ਹੋਵੇ। ਉਨ੍ਹਾਂ ਤੋਂ ਪਿੱਛੋਂ ਸਿਆਸਤ ਵਿਚ ਆਉਣ ਵਾਲਿਆਂ ਜਾਂ ਉਨ੍ਹਾਂ ਦੇ ਨਾਲ ਲੱਗਣ ਵਾਲਿਆਂ ਵਿੱਚੋਂ ਕਈਆਂ ਨੇ ਲੱਖਾਂ ਦੀਆਂ ਕੋਠੀਆਂ ਖੜੀਆਂ ਕਰ ਲਈਆਂ, ਪਰੰਤੂ ਸ: ਗਿਆਨ ਸਿੰਘ ਦੀ ਕੋਠੀ ਉਹੀ ਢੱਠੀ-ਢਠਾਈ ਹਾਲਤ ਵਿਚ ਰਹੀ ਕਿਉਂਕਿ ਉਨ੍ਹਾਂ ਦਾ ਈਮਾਨ ਸਾਬਤ ਸੀ। ਨਵੀਂ ਰਾਜਨੀਤੀ ਕਪਟ, ਫ਼ਰੇਬ, ਝੂਠ ਤੇ ਛਲ ਦੀ ਰਾਜਨੀਤੀ ਹੈ, ਸ: ਗਿਆਨ ਸਿੰਘ ਇਸ ਤੋਂ ਵੀ ਅਨਜਾਣ ਸੀ। ਇਹ ਠੀਕ ਹੈ ਕਿ ਉਸ ਦੇ ਬਜ਼ੁਰਗ ਨੇ ਚੌਧਰੀ ਮੱਸੇ ਰੰਗੜ ਦਾ ਸਿਰ ਵੱਢਿਆ ਸੀ, ਪਰੰਤੂ ਸ: ਗਿਆਨ ਸਿੰਘ ਕਲਮ ਨਾਲ ਹੀ ਕੰਮ ਚਲਾਉਂਦਾ ਰਿਹਾ, ਉਸ ਨੇ ਕਿਸੇ ਦਾ ਸਿਰ ਕਲਮ ਕਰਨ ਦੀ ਲੋੜ ਨਹੀਂ ਸਮਝੀ। ਸਾਊ ਸ਼ਿਸ਼ਟਾਚਾਰ ਹੀ ਉਸ ਦੇ ਸਾਰੇ ਜੀਵਨ ਦਾ ਆਧਾਰ ਸੀ।

ਆਪ ਦਾ ਖ਼ਾਨਦਾਨੀ ਸੰਬੰਧ ਪ੍ਰਸਿੱਧ ਯੋਧੇ ਸ: ਮਹਿਤਾਬ ਸਿੰਘ ਮੀਰਾਂਕੋਟੀਏ ਦੇ ਘਰਾਣੇ ਨਾਲ ਜੁੜਦਾ ਹੈ। ਸ: ਮਹਿਤਾਬ ਸਿੰਘ ਦੇ ਪੁੱਤਰ ਰਾਇ ਸਿੰਘ ਹੋਏ ਤੇ ਸ: ਰਾਇ ਸਿੰਘ ਦੇ ਸਪੁੱਤਰ ਸ: ਰਤਨ ਸਿੰਘ ਭੰਗੂ ਸਨ, ਜਿਨ੍ਹਾਂ ਕੈਪਟਨ ਮਰੇ ਦੇ ਕਹਿਣ 'ਤੇ *ਪ੍ਰਾਚੀਨ ਪੰਥ ਪ੍ਰਕਾਸ਼* ਗ੍ਰੰਥ ਲਿਖਿਆ। ਇਹ 'ਭੜੀ' ਵਾਲੇ ਸਰਦਾਰ ਕਰਕੇ

ਮਸ਼ਹੂਰ ਰਹੇ ਹਨ, ਕਿਉਂਕਿ ਖੰਨੇ ਲਾਗੇ ਭੜੀ ਪਿੰਡ ਵਿਚ ਹੀ ਨਿਵਾਸ ਰੱਖਦੇ ਸਨ ਤੇ ਇਥੇ ਇਨ੍ਹਾਂ ਦੀ ਤਕੜੀ ਜਾਗੀਰ ਸੀ। ਰਾੜੇ ਆਪ ਦੀ ਭੂਆ ਤੇ ਸ: ਰਤਨ ਸਿੰਘ ਫੁੱਫੜ ਨੇ ਆਪ ਨੂੰ ਆਪਣੀ ਝੋਲੀ ਪਾ ਲਿਆ ਸੀ। ਸ: ਗਿਆਨ ਸਿੰਘ ਦਾ ਜਨਮ 16 ਦਸੰਬਰ 1901 ਈ: ਨੂੰ ਭੜੀ ਨਗਰ ਵਿਚ ਹੋਇਆ। ਅੱਠਵੀਂ ਤਕ ਦੀ ਪੜ੍ਹਾਈ ਸਮਰਾਲੇ ਕੀਤੀ ਅਤੇ ਪਟਿਆਲੇ ਆ ਕੇ 1918 ਵਿਚ ਦਸਵੀਂ ਪਾਸ ਕੀਤੀ। ਮਹਿੰਦਰਾ ਕਾਲਜ, ਪਟਿਆਲਾ ਤੋਂ ਬੀ.ਏ. ਪਾਸ ਕੀਤੀ। ਉਸ ਸਮੇਂ ਸਾਰੇ ਪੰਜਾਬ, ਸਰਹੱਦ ਤੇ ਸਿੰਧ ਤਕ ਦੇ ਵਿਦਿਆਰਥੀਆਂ ਲਈ ਇਹੋ ਇੱਕੋ ਇਕ ਕਾਲਜ ਸੀ। ਆਪ ਹੋਰ ਪੜ੍ਹਨ ਦਾ ਸ਼ੌਕ ਰੱਖਦੇ ਸਨ। ਲਾਅ ਦੀ ਪੜ੍ਹਾਈ ਕੀਤੀ ਪਰ ਆਪ ਜੀ ਦੀ ਵੱਡੀ ਭੈਣ, ਜੋ ਮਹਾਰਾਜਾ ਭੂਪਿੰਦਰ ਸਿੰਘ ਨੂੰ ਵਿਆਹੀ ਹੋਈ ਸੀ, ਉਨ੍ਹਾਂ ਤੁਰੰਤ ਨੌਕਰੀ ਵਿਚ ਦਾਖ਼ਲ ਹੋਣ ਨੂੰ ਤਰਜੀਹ ਦਿੱਤੀ। ਸੋ ਮਹਾਰਾਜੇ ਨੇ ਆਪ ਨੂੰ ਮਿਹਨਤੀ ਤੇ ਹੋਣਹਾਰ ਨੌਜੁਆਨ ਜਾਣ ਕੇ ਨਾਇਬ ਨਾਜ਼ਮ ਮੁਕੱਰਰ ਕਰ ਦਿੱਤਾ। ਪਟਿਆਲੇ, ਫ਼ਜ਼ਲ ਹੱਕ ਨਾਇਬ ਨਾਜ਼ਮ ਸੀ ਤੇ ਸ: ਗਹਿਲੇ ਸਿੰਘ ਨਾਜ਼ਮ ਸਨ। ਆਪ ਨੇ ਮੁੱਢਲਾ ਪ੍ਰਬੰਧਕ ਤਜਰਬਾ ਇਨ੍ਹਾਂ ਦੀ ਸੰਗਤ ਤੋਂ ਹਾਸਲ ਕੀਤਾ। ਫਿਰ ਸੁਨਾਮ ਨਾਜ਼ਮ ਜਾ ਲੱਗੇ। ਤਿੰਨ ਸਾਲ ਰਿਆਸਤ ਦੇ 'ਫਾਰੇਨ ਆਫ਼ਿਸ' ਵਿਚ ਕੰਮ ਕੀਤਾ, ਫਿਰ ਨਾਰਨੌਲ (ਹਰਿਆਣਾ) ਨਾਜ਼ਮ ਬਣ ਕੇ ਚਲੇ ਗਏ। ਇਸ ਤੋਂ ਪਿੱਛੋਂ ਕਮਿਸ਼ਨਰ ਬਣੇ ਤੇ ਹਾਈ ਕੋਰਟ ਦੇ ਜੱਜ ਵੀ ਰਹੇ। ਇਸ ਸਮੇਂ ਸਰ ਜੁਗਿੰਦਰ ਸਿੰਘ ਵਰਗੇ ਲਾਇਕ ਸੱਜਣ ਰਿਆਸਤ ਪਟਿਆਲਾ ਦੇ ਪ੍ਰਾਇਮ ਮਨਿਸਟਰ ਸਨ। ਉਨ੍ਹਾਂ ਆਪ ਨੂੰ ਖੇਤੀਬਾੜੀ ਮੰਤਰੀ ਨਿਯੁਕਤ ਕੀਤਾ। ਆਪ ਨੇ ਸੁਯੋਗਤਾ ਤੇ ਮਿਹਨਤ ਨਾਲ ਸਾਰਾ ਫ਼ਰਜ਼ ਨਿਭਾਇਆ। ਦੇਸ਼ ਅਜ਼ਾਦ ਹੋਣ ਉਪਰੰਤ ਪੰਜਾਬ ਦੀਆਂ ਰਿਆਸਤਾਂ ਦਾ 'ਪੈਪਸੂ' ਨਾਮ ਹੇਠ ਸੰਗਠਨ ਹੋਇਆ ਤਾਂ 1948 ਵਿਚ ਆਪ ਇਸ ਦੇ ਪਹਿਲੇ ਪ੍ਰਾਇਮ ਮਨਿਸਟਰ ਬਣੇ। ਇਸ ਸਮੇਂ ਆਪ ਨੇ ਦੋ ਵੱਡੀਆਂ ਗੱਲਾਂ ਕੀਤੀਆਂ—ਪਹਿਲਾ, ਪੰਜਾਬੀ ਨੂੰ ਸਰਕਾਰੀ ਜ਼ਬਾਨ ਦਾ ਰੁਤਬਾ ਦਿੱਤਾ ਤੇ ਇਸ ਦੇ ਵਿਕਾਸ ਲਈ 'ਮਹਿਕਮਾ ਪੰਜਾਬੀ' ਸਥਾਪਤ ਕੀਤਾ। ਸ਼ਾਇਦ ਇਹ ਸਾਰੇ ਭਾਰਤ ਵਿਚ ਸਰਕਾਰੀ ਪੱਧਰ 'ਤੇ ਕੰਮ ਕਰਨ ਵਾਲਾ ਜ਼ਬਾਨਾਂ ਦਾ ਪਹਿਲਾ ਮਹਿਕਮਾ ਸੀ। ਦੂਜਾ, 'ਧਰਮ ਅਰਥ ਬੋਰਡ' ਬਣਾ ਕੇ ਸਾਰੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਨਵੇਂ ਰਾਹ ਉੱਤੇ ਪਾਇਆ। ਤੀਜਾ, ਆਰਕਾਇਵਜ਼ ਵਿਭਾਗ ਸਥਾਪਤ ਕਰਕੇ ਸਾਰਾ ਪੁਰਾਣਾ ਰਿਕਾਰਡ ਸੁਰੱਖਿਅਤ ਕਰਵਾਇਆ ਤੇ ਅੱਠੇ ਰਿਆਸਤਾਂ ਦੇ ਦੁਰਲੱਭ ਹੱਥ-ਲਿਖਤ ਅਤੇ ਅਮੋਲਕ ਪੁਸਤਕਾਂ ਇਕੱਠੀਆਂ ਕਰ ਕੇ ਸੈਂਟਰਲ ਪਬਲਿਕ ਲਾਇਬ੍ਰੇਰੀ ਸਥਾਪਿਤ ਕੀਤੀ।

1951 ਵਿਚ ਚੋਣਾਂ ਹੋਈਆਂ ਤਾਂ ਆਪ ਨੇ ਪੈਪਸੂ ਵਿਚ 'ਯੂਨਾਈਟਿਡ ਫ਼ਰੰਟ' ਬਣਾ ਕੇ ਦੇਸ ਵਿਚ ਪਹਿਲੀ ਗ਼ੈਰ-ਕਾਂਗਰਸੀ ਵਜ਼ਾਰਤ ਸਥਾਪਤ ਕੀਤੀ। ਜਦੋਂ ਪੈਪਸੂ ਤੇ ਪੰਜਾਬ ਦਾ ਏਕੀਕਰਣ ਹੋਇਆ ਤਾਂ ਆਪ ਸ: ਪ੍ਰਤਾਪ ਸਿੰਘ ਕੈਰੋਂ ਦੇ ਮੰਤਰੀ ਮੰਡਲ ਵਿਚ 1957 ਤੋਂ 1962 ਤਕ ਬਿਜਲੀ ਮੰਤਰੀ ਰਹੇ। ਸ: ਕੈਰੋਂ ਰਾਜਨੀਤੀ ਦੇ ਕਈ ਰਗੜੇ ਖਾ ਕੇ ਇਥੇ ਪਹੁੰਚੇ ਸਨ ਤੇ ਉਨ੍ਹਾਂ ਦਾ ਕੰਮ ਕਰਨ ਦਾ ਤਰੀਕਾ ਹੋਰ ਸੀ। ਦੂਜੇ ਪਾਸੇ ਸ: ਗਿਆਨ ਸਿੰਘ ਸਾਊ ਸਲੀਕੇ ਵਾਲੇ ਸਰਦਾਰ ਸਨ ਤੇ ਉਹ

ਕਦੀ ਸ਼ਿਸ਼ਟਾਚਾਰ ਦਾ ਪੱਲਾ ਛੱਡਣ ਵਾਲੇ ਨਹੀਂ ਸਨ। ਉਨ੍ਹਾਂ ਦੀ ਕਾਬਲੀਅਤ ਦਾ ਕੇਂਦਰ ਵੀ ਕਾਇਲ ਸੀ। ਪੰ: ਨਹਿਰੂ ਤੇ ਸਰਦਾਰ ਪਟੇਲ ਆਦਿ ਕੇਂਦਰੀ ਨੇਤਾ ਆਪ ਦੀ ਖ਼ਾਸ ਕਦਰ ਕਰਦੇ ਸਨ, ਜੋ ਕੈਰੋਂ ਸਾਹਿਬ ਨੂੰ ਨਹੀਂ ਸੀ ਭਾਉਂਦੀ। ਉਸ ਸਮੇਂ ਸਾਰਾ ਮਾਲਵਾ ਉਨ੍ਹਾਂ ਦੀ ਪਿੱਠ ਉੱਤੇ ਸੀ ਤੇ ਉਹ ਮਾਲਵੇ ਦੇ ਚੰਗੇ ਨੇਤਾ ਬਣ ਕੇ ਉਭਰੇ ਸਨ, ਪਰ ਉਹ ਘਟੀਆ ਦਾਅ-ਪੇਚ ਤੋਂ ਬਿਲਕੁਲ ਪ੍ਰਹੇਜ਼ ਕਰਦੇ ਸਨ। ਇਸ ਕਰਕੇ ਅਖ਼ੀਰ ਉਨ੍ਹਾਂ ਇਹੋ ਉਚਿਤ ਸਮਝਿਆ ਕਿ ਅਜਿਹੀ ਭੰਨ-ਤੋੜ ਵਾਲੀ ਗੰਦੀ ਰਾਜਨੀਤੀ ਦਾ ਭਾਈਵਾਲ ਨਾ ਰਿਹਾ ਜਾਵੇ ਤੇ ਉਹ ਬਿਲਕੁਲ ਇਕ ਪਾਸੇ ਹੋ ਗਏ ਤੇ ਸਿਆਸਤ ਵਿਚ ਸਰਗਰਮ ਹਿੱਸਾ ਲੈਣ ਦੀ ਲੋੜ ਨਾ ਸਮਝੀ। ਇਤਨੇ ਪ੍ਰਹੇਜ਼ਗਾਰ ਤੇ ਸਿਹਤਮੰਦ ਹੋਣ ਦੇ ਬਾਵਜੂਦ ਅਚਾਨਕ ਲਕਵੇ ਜੈਸੀ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹੋ ਗਏ ਤੇ ਉਸੇ ਰੋਗ ਦੇ ਕਾਰਨ 30 ਦਸੰਬਰ 1979 ਈ: ਨੂੰ ਸਾਨੂੰ ਸਭ ਨੂੰ ਸਦਾ ਦਾ ਵਿਛੋੜਾ ਦੇ ਗਏ।

ਉਨ੍ਹਾਂ ਦੀ ਫ਼ਰਿਸ਼ਤਾ-ਤਬੀਅਤ ਅਤੇ ਵਿਲੱਖਣ ਸ਼ਖ਼ਸੀਅਤ ਭੁਲਾਈ ਜਾਣ ਵਾਲੀ ਨਹੀਂ। ਇਹ ਇਕ ਹਕੀਕਤ ਹੈ ਕਿ ਰਾਜਨੀਤਕ ਦਾਅ-ਪੇਚ ਨਾਲੋਂ ਸਾਹਿੱਤਕ ਤੇ ਸਭਿਆਚਾਰਕ ਕੰਮਾਂ ਵਿਚ ਉਨ੍ਹਾਂ ਦੀ ਵਧੇਰੇ ਦਿਲਚਸਪੀ ਸੀ। ਭਾਸ਼ਾ ਵਿਭਾਗ ਉਨ੍ਹਾਂ ਦਾ ਹੀ ਲਾਇਆ ਬੂਟਾ ਹੈ, ਜਿਸ ਨੇ ਪੰਜਾਬੀ ਜ਼ਬਾਨ ਲਈ ਕਈ ਉਸਾਰੂ ਯੋਜਨਾਵਾਂ ਚਲਾ ਕੇ ਚੰਗਾ ਸ਼ਾਨਦਾਰ ਕੰਮ ਕੀਤਾ ਹੈ। ਸਰਦਾਰ ਸਾਹਿਬ ਪੰਜਾਬੀ ਦੇ ਮੁੱਦਈ ਸਨ ਤੇ ਉਂਜ ਵੀ ਇਲਮ-ਦੋਸਤ ਸਨ, ਇਸ ਕਰਕੇ ਉਨ੍ਹਾਂ ਦੇ ਉੱਦਮ ਦਾ ਸਦਕਾ ਪਟਿਆਲੇ ਵਿਚ ਪ੍ਰਿੰ: ਤੇਜਾ ਸਿੰਘ, ਡਾ: ਗੰਡਾ ਸਿੰਘ, ਬਾਵਾ ਪ੍ਰੇਮ ਸਿੰਘ ਹੋਤੀ, ਡਾ: ਬਨਾਰਸੀ ਦਾਸ, ਸ: ਸਮਸ਼ੇਰ ਸਿੰਘ ਅਸ਼ੋਕ, ਪ੍ਰੋ: ਜੋਗਿੰਦਰ ਸਿੰਘ, ਪੰ: ਕਰਤਾਰ ਸਿੰਘ ਦਾਖਾ, ਸ: ਦਰਸ਼ਨ ਸਿੰਘ ਅਵਾਰਾ, ਸ: ਕ੍ਰਿਪਾਲ ਸਿੰਘ ਬੇਦਾਰ, ਗਿ: ਗੁਰਦਿੱਤ ਸਿੰਘ, ਪ੍ਰੋ: ਪ੍ਰੀਤਮ ਸਿੰਘ, ਪ੍ਰੋ: ਪ੍ਰੇਮ ਪ੍ਰਕਾਸ਼ ਸਿੰਘ, ਡਾ: ਜੀਤ ਸਿੰਘ ਸੀਤਲ ਆਦਿ ਦਾ ਸੰਗਮ ਹੋਇਆ। ਉਰਦੂ ਸ਼ਾਇਰਾਂ ਦੀ ਵੀ ਉਨ੍ਹਾਂ ਚੰਗੀ ਸਰਪ੍ਰਸਤੀ ਕੀਤੀ। ਪੰਜਾਬੀ ਦੇ ਉਹ ਸੂਤਰਧਾਰ ਸਨ। ਪੈਪਸੂ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਦੀਖਸ਼ਾਂਤ ਭਾਸ਼ਨ ਦਿੰਦਿਆਂ ਜੋ ਅਪੀਲ ਉਨ੍ਹਾਂ ਸਾਰੇ ਪੰਜਾਬੀਆਂ ਨੂੰ ਕੀਤੀ, ਉਹ ਅੱਜ ਵੀ ਸਾਡੇ ਮਨਾਂ ਨੂੰ ਟੁੰਬਣ ਵਾਲੀ ਹੈ:

"ਪੰਜਾਬੀਓ! ਪੰਜਾਬੀ ਬੋਲੀ ਵੱਲ ਆਪਣਾ ਫ਼ਰਜ਼ ਪਛਾਣੋ ਤੇ ਸੰਭਲੋ। ਇਹ ਸਾਡੇ ਦੇਸ਼ ਦੀ ਅਮਾਨਤ ਹੈ। ਇਸ ਵੱਲੋਂ ਅਣਗਹਿਲੀ ਆਪਣੀ ਜਨਮ ਭੂਮੀ ਨਾਲ ਧ੍ਰੋਹ ਹੈ। ਇਹ ਬੋਲੀ ਮਾਂ ਦੇ ਦੁੱਧ ਦੇ ਹਰੇਕ ਘੁੱਟ ਨਾਲ ਸਾਡੇ ਅੰਦਰ ਰਚੀ, ਇਸੇ ਵਿਚ ਅਸੀਂ ਪੰਘੂੜਿਆਂ 'ਤੇ ਲੋਰੀਆਂ ਲਈਆਂ। ਇਸ ਦੇ ਮਿੱਠੇ ਲੋਕ-ਗੀਤਾਂ ਵਿਚ ਸਾਡਾ ਬਚਪਨ ਮੌਲਿਆ। ਇਸੇ ਵਿਚ ਅਸਾਂ ਮੁਹੱਬਤਾਂ ਦੇ ਇਕਰਾਰ ਦਿੱਤੇ ਲਏ ਤੇ ਮਿੱਤਰਾਂ ਨਾਲ ਨਿੱਘ ਮਾਣਿਆ। ਇਸੇ ਵਿਚ ਬੱਚਿਆਂ ਨੂੰ ਲਾਡ ਲਡਾਇਆ ਅਤੇ ਵੈਰੀ ਧਮਕਾਏ। ਇਸੇ ਵਿਚ ਅਸੀਂ ਈਸ਼ਵਰ-ਭਗਤੀ ਕੀਤੀ ਅਤੇ ਇਸੇ ਦੀ ਗੋਦ ਵਿਚ ਹੀ ਸੁਆਸ ਤਿਆਗੇ। ਜੇ ਸਾਨੂੰ ਆਪਣੇ ਪੰਜਾਬ ਨਾਲ ਪਿਆਰ ਹੈ ਤਾਂ ਆਪਣੀ ਬੋਲੀ ਦੁਪਿਆਰੀ ਕਿਉਂ?

"ਕੋਈ ਬੰਗਾਲੀ, ਕੋਈ ਗੁਜਰਾਤੀ, ਕੋਈ ਮਦਰਾਸੀ, ਆਪਣੀ ਬੋਲੀ ਦੀ ਨਿਰਾਦਰੀ ਨਹੀਂ ਸਹਿੰਦਾ, ਫੇਰ ਪੰਜਾਬੀ ਕੀ ਤੇ ਬੋਲੀ ਦਾ ਅਪਮਾਨ ਕੀ? ਜੋ ਪੁਰਸ਼ ਆਪਣੀ ਬੋਲੀ ਤੋਂ ਮੂੰਹ ਮੋੜਦਾ ਹੈ, ਉਹ ਆਪੇ ਤੋਂ ਹੀ ਮੂੰਹ ਨਹੀਂ ਮੋੜਦਾ, ਸਗੋਂ ਆਪਣੀ ਕੁੱਲ ਨੂੰ ਵੀ ਕਲੰਕਿਤ ਕਰਦਾ ਹੈ। ਅਜ਼ਾਦ ਪੰਜਾਬ ਦੇ ਨੌਜੁਆਨ ਪੋਚ ਨੂੰ ਮੇਰੀ ਅਪੀਲ ਹੈ ਕਿ ਉਹ ਆਪਣੀ ਮਾਤ-ਭਾਸ਼ਾ ਨੂੰ ਪਿਆਰ ਕਰਨਾ ਸਿੱਖਣ ਤੇ ਉਸ 'ਤੇ ਮਾਣ ਮਾਣ ਕਰਨ।"

ਜਿਥੇ ਸਾਨੂੰ ਉਨ੍ਹਾਂ ਦੀ ਯਾਦਗਾਰ ਤੋਂ ਇਸ ਪੰਜਾਬੀ ਪਿਆਰ ਦਾ ਸੰਦੇਸ਼ ਮਿਲਦਾ ਹੈ, ਉਸੇ ਤਰ੍ਹਾਂ ਉਨ੍ਹਾਂ ਦੀ ਸ਼ਖ਼ਸੀਅਤ ਸ਼ਿਸ਼ਟਾਚਾਰ ਦਾ ਵੀ ਇਕ ਉੱਚਾ ਸੁਨੇਹਾ ਦਿੰਦੀ ਹੈ। ਕਾਸ਼! ਸਾਡੇ ਨਵੇਂ ਸਿਆਸਤਦਾਨ ਇਹ ਅਵਾਜ਼ ਸੁਣ ਸਕਣ।

ਸੱਚੇ ਸਿਆਸਤਦਾਨ ਬਣਨ ਲਈ ਗਿਆਨ (ਅੰਡਰ ਸਟੈਂਡਿੰਗ) ਤੇ ਈਮਾਨ (ਔਨੈਸਿਟੀ) ਦੋਹਾਂ ਦੀ ਲੋੜ ਹੈ, ਪਰ ਅਫ਼ਸੋਸ! ਅੱਜ ਸਾਡੇ ਵਿਚ ਤਾਂ ਦੋਹਾਂ ਦਾ ਅਭਾਵ ਹੈ। ਅਸੀਂ ਆਪਣੇ ਮੁਲਕ ਜਾਂ ਕੌਮ ਨੂੰ ਕਿਵੇਂ ਉਚੇਰਾ ਲਿਜਾ ਸਕਦੇ ਹਾਂ?

ਡਾਕਟਰ ਤਾਰਨ ਸਿੰਘ—ਇਕ ਪਰਮ ਹੰਸ

ਪੁਰਾਤਨ ਧਾਰਮਿਕ ਸ਼ਬਦਾਵਲੀ ਵਿਚ ਉਸ ਧਰਮਾਤਮਾ ਆਦਮੀ ਨੂੰ ਪਰਮ ਹੰਸ ਕਿਹਾ ਜਾਂਦਾ ਸੀ ਜੋ ਬਿਬੇਕਵੰਤ ਵੀ ਹੋਵੇ ਤੇ ਉੱਚ ਆਚਾਰਵੰਤ ਵੀ। ਸ਼ਿਸ਼ਟਾਚਾਰ ਦੀ ਚਿੱਟੀ ਸਫ਼ੈਦ ਚਾਦਰ ਓੜਨ ਵਾਲਾ ਤੇ ਦੁੱਧ ਪਾਣੀ ਨੂੰ ਨਿਖੇੜਨ ਵਾਲੀ ਸੂਖਮ ਸੋਝੀ ਰੱਖਣ ਵਾਲਾ ਡਾ: ਤਾਰਨ ਸਿੰਘ ਸੱਚਮੁੱਚ ਹੀ ਪਰਮ ਹੰਸ ਸੀ, ਜੋ ਸੰਗੀਆਂ ਸਾਥੀਆਂ ਨੂੰ ਦੱਸੇ ਬਿਨਾਂ ਹੀ ਕਿਸੇ ਉੱਚੇ ਮਾਨ ਸਰੋਵਰ ਵੱਲ ਉਡਾਰੀ ਲਾ ਗਿਆ। ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਕੋਈ ਦਿਲੀ ਦੋਸਤ ਦੂਰ ਤੁਰ ਗਿਆ ਹੋਵੇ।

ਰੱਬ ਨਾ ਹਾਥ ਥਾਮ ਸਕੇ, ਨ ਪਕੜ ਸਕੇ ਦਾਮਨ।
ਬੜੇ ਕਰੀਬ ਸੇ ਉਠ ਕਰ ਚਲਾ ਗਿਆ ਕੋਈ।

ਵਰਤਮਾਨ ਸਮੇਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਵੀਨ ਵਿਆਖਿਆਕਾਰਾਂ ਵਿੱਚੋਂ ਡਾ: ਤਾਰਨ ਸਿੰਘ ਬਿਲਕੁਲ ਆਪਣੀ ਕਿਸਮ ਦਾ ਹੀ ਵਿਦਵਾਨ ਸੀ ਜਿਸ ਸਮੇਂ ਦੀਆਂ ਵੰਗਾਰਾਂ ਦਾ ਉੱਤਰ ਦੇਣ ਲਈ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਨਵੀਂ ਤਰ੍ਹਾਂ ਪ੍ਰਸਾਰਣ ਦਾ ਪੁਰਸ਼ਾਰਥ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਜਿਥੇ ਬੁੱਧੀਮਾਨ ਪਾਠਕ ਦੀ ਮੰਗ ਕਰਦੀ ਹੈ, ਉਥੇ ਨਾਲ ਹੀ ਸੋਹਣੇ ਸੁਚੱਜੇ ਅਸਲੀ ਜੀਵਨ ਦੀ ਵੀ ਆਸ ਰੱਖਦੀ ਹੈ ਤਾਂ ਹੀ ਇਹ ਸਿਧਾਂਤ ਸਮਝ ਗੋਚਰੇ ਹੋ ਸਕਦੇ ਹਨ। ਡਾ: ਤਾਰਨ ਸਿੰਘ ਨੂੰ ਪਰਮਾਤਮਾ ਨੇ ਸੱਚਮੁੱਚ ਉਹ ਨਿਰਛਲ ਤੇ ਸੁਹਿਰਦ ਆਤਮਾ ਦਿੱਤੀ ਸੀ, ਜਿਸ ਵਿਚੋਂ ਇਹ ਸਾਧੂ ਬਿਰਤੀ ਸਾਫ਼ ਝਲਕਾਂ ਮਾਰ ਰਹੀ ਸੀ। ਉਹ ਗੁਰਬਾਣੀ ਦਾ ਵਿਆਖਿਆਕਾਰ ਹੀ ਨਹੀਂ, ਸਗੋਂ ਉਸ ਅਨੁਸਾਰ ਜੀਵਨ ਜੀਉਣ ਵਾਲਾ ਗੁਰਮੁਖ ਪੁਰਸ਼ ਸੀ।

ਆਪ ਦਾ ਜਨਮ 8 ਫ਼ਰਵਰੀ 1922 ਈ: ਨੂੰ ਜ਼ਿਲ੍ਹਾ ਜਿਹਲਮ ਦੇ ਪਿੰਡ ਕਲਰ ਕਹਾਰ ਵਿਚ ਹੋਇਆ। ਸਕੂਲੀ ਵਿਦਿਆ ਜਿਹਲਮ (ਸ਼ਹਿਰ) ਵਿਚ ਪ੍ਰਾਪਤ ਕੀਤੀ ਤੇ ਫਿਰ ਕਾਲਜ ਵਿਦਿਆ ਡੀ.ਏ.ਵੀ. ਕਾਲਜ, ਲਾਹੌਰ। 1953 ਤੋਂ 1966 ਈ: ਤਕ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਧਰਮ ਵਿਦਿਆ ਪੜ੍ਹਾਉਂਦੇ ਰਹੇ ਤੇ ਫਿਰ 1966 ਈ: ਤੋਂ ਪੰਜਾਬੀ ਯੂਨੀਵਰਸਿਟੀ ਵਿਚ ਸਰਵਿਸ ਕੀਤੀ ਤੇ 30 ਜਨਵਰੀ 1981 ਈ: ਨੂੰ ਦਿਲ ਦੀ ਹਰਕਤ ਬੰਦ ਹੋ ਜਾਣ ਕਾਰਨ ਸਭ ਨੂੰ ਸਦਾ ਲਈ ਵਿਛੋੜਾ ਦੇ ਗਏ। ਆਪ ਚੰਗੇ ਵਕਤਾ ਸਨ। ਸੈਂਕੜੇ ਭਾਸ਼ਨ ਦੇ ਕੇ ਉਨ੍ਹਾਂ ਥਾਂ ਥਾਂ ਗੁਰਮਤਿ ਦੀ ਵਿਆਖਿਆ ਕੀਤੀ। ਗੱਲ ਨੂੰ ਪੇਸ਼ ਕਰਨ ਦੀ ਉਨ੍ਹਾਂ ਦੀ ਆਪਣੀ ਸ਼ੈਲੀ ਸੀ

ਤੇ ਉਹ ਯਤਨ ਕਰਦੇ ਸਨ ਕਿ ਸਮੇਂ ਦੀਆਂ ਲੋੜਾਂ ਅਨੁਸਾਰ ਗੁਰਬਾਣੀ ਦੇ ਵਿਚਾਰ ਸਪੱਸ਼ਟ ਭਾਂਤ, ਸਰੋਤਿਆਂ ਸਾਹਮਣੇ ਪੇਸ਼ ਕੀਤੇ ਜਾਣ। ਇਹ ਬਾਣੀ ਦੀ ਵਿਚਾਰ ਵੀ ਨਵੇਂ ਢੰਗ ਨਾਲ ਕਰਦੇ ਸਨ ਤੇ ਉਨ੍ਹਾਂ ਦੀ ਵਿਆਖਿਆ ਸੱਚਮੁੱਚ ਡੂੰਘਾ ਪ੍ਰਭਾਵ ਪਾਉਣ ਵਾਲੀ ਹੁੰਦੀ ਸੀ। ਗੁਰਬਾਣੀ ਦੇ ਵਿਆਖਿਆਕਾਰ ਹੋਣ ਦੇ ਨਾਤੇ ਉਨ੍ਹਾਂ 25-30 ਸਾਲ ਆਪਣੀ ਕਲਮ ਤੋਂ ਦੋ ਦਰਜਨ ਦੇ ਲਗਭਗ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚੋਂ *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿੱਤਕ ਇਤਿਹਾਸ* ਤੇ *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* ਦਰਸ਼ਨ ਯੋਗ ਹਨ। ਰਚਨਾਵਲੀ ਦਾ ਬਿਓਰਾ ਇਸ ਪ੍ਰਕਾਰ ਹੈ:

ਗੁਰੂ ਨਾਨਕ ਚਿੰਤਨ ਤੇ ਕਲਾ; ਪੰਜਾਬੀ ਸਾਹਿੱਤ ਦੇ ਮੁੱਢਲੇ ਸੋਮੇ; ਪੰਜਾਬੀ ਸਾਹਿੱਤ ਤੇ ਸਾਹਿੱਤਕਾਰ; ਭਗਤੀ ਤੇ ਸ਼ਕਤੀ; ਸਹਜ ਤੇ ਅਨੰਦ; ਨੇਮ ਤੇ ਪ੍ਰੇਮ; ਨਾਨਕ ਦਰ ਘਰ; ਜਪੁ ਦਰਸ਼ਨ ਦੀਦਾਰ; ਨਾਮ ਨਿਧਾਨ; ਦਸਮੇਸ਼ ਦਰਪਣ; ਦਸਮ ਗ੍ਰੰਥ-ਰੂਪ ਤੇ ਰਸ; ਗੁਰੂ ਨਾਨਕ ਬਾਣੀ ਪ੍ਰਕਾਸ਼; ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ; ਗੁਰੂ ਅੰਗਦ; ਗੁਰੂ ਅਮਰਦਾਸ ਜੀਵਨ ਤੇ ਸਿੱਖਿਆ; ਅਨੰਦ-ਜੋਤਿ ਤੇ ਜੁਗਤਿ; ਗੁਰੂ ਤੇਗ ਬਹਾਦਰ-ਜੀਵਨ ਤੇ ਸਿੱਖਿਆ; ਬਾਰਾਮਾਹ ਦਰਪਣ; ਧਰਮ ਦੀ ਉੱਤਪਤੀ ਤੇ ਵਿਕਾਸ (ਅਨੁਵਾਦ)।

ਉਹ ਵਿਦਵਾਨ ਵਕਤਾ ਤੇ ਲੇਖਕ ਹੋਣ ਤੋਂ ਇਲਾਵਾ ਬੜੇ ਹੀ ਠਰ੍ਹੰਮੇ ਵਾਲੀ ਸ਼ਖ਼ਸੀਅਤ ਦੇ ਮਾਲਕ ਸਨ ਤੇ ਹਮੇਸ਼ਾਂ ਸ਼ਾਂਤ ਅਤੇ ਸਹਿਜ ਅਵਸਥਾ ਵਿਚ ਵਿਚਰਦੇ ਸਨ ਅਤੇ ਕਦੀ ਕਿਸੇ ਝਗੜੇ ਝੰਜਟ ਵਿਚ ਪੈਣ ਦੀ ਲੋੜ ਨਹੀਂ ਸੀ ਸਮਝਦੇ। ਵਾਦ-ਵਿਵਾਦ ਉਨ੍ਹਾਂ ਨੂੰ ਪਸੰਦ ਹੀ ਨਹੀਂ ਸੀ। ਉਹ ਸਦਾ ਆਪਣੇ ਕੰਮ ਵਿਚ ਰੁੱਝੇ ਰਹਿੰਦੇ ਤੇ ਹਰ ਕਿਸੇ ਨੂੰ ਕੰਮ ਵਿਚ ਲਿਵਲੀਨ ਦੇਖਣਾ ਚਾਹੁੰਦੇ ਸਨ।

ਉਨ੍ਹਾਂ ਦੀ ਅੰਤਿਮ ਯਾਦਗਾਰ ਯੂਨੀਵਰਸਿਟੀ ਦਾ ਨਵਾਂ ਬਣਿਆ ਗੁਰਦੁਆਰਾ ਹੈ ਜੋ ਉਨ੍ਹਾਂ ਬੜੀ ਘਾਲ ਨਾਲ ਇਕ ਲੱਖ ਰੁਪਿਆ ਇਕੱਠਾ ਕਰ ਕੇ ਇਥੇ ਸਥਾਪਤ ਕੀਤਾ। ਉਨ੍ਹਾਂ ਨੂੰ ਸਰਬੱਤ ਸੰਗਤ ਨੇ ਸਹਿਯੋਗ ਦਿੱਤਾ ਤੇ ਉਹ ਇਕ ਤਰ੍ਹਾਂ ਆਪਣਾ ਮਿਸ਼ਨ ਪੂਰਾ ਕਰ ਕੇ ਹੀ ਸਾਥੋਂ ਵਿਦਾ ਹੋਏ। ਇਹ ਬਚਨ ਉਨ੍ਹਾਂ ਲਈ ਠੀਕ ਢੁੱਕਦਾ ਹੈ:

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸੱਚੀ ਦਰਗਹ ਜਾਇ ਸਚਾ ਪਿੜ ਮਲਿਆ। *(ਵਾਰ ੧੯, ਪਉੜੀ ੧੪)*

ਪੰਚਬਟੀ ਦਾ ਬੱਬਰ ਸ਼ੇਰ

ਭਾਰਤੀ ਸਾਹਿੱਤ ਦੇ ਇਤਿਹਾਸ ਵਿਚ 'ਪੰਚਬਟੀ' ਉਹ ਜੰਗਲੀ ਟਿਕਾਣਾ ਸੀ, ਜਿਥੇ ਰਾਮ ਜੀ ਨੇ ਬਨਵਾਸ ਦਾ ਕੁਝ ਸਮਾਂ ਗੁਜ਼ਾਰਿਆ ਸੀ। ਇਹ ਥਾਂ ਨਦੀ ਗੋਦਾਵਰੀ ਕੰਢੇ 'ਦੰਡਕ ਬਣ' ਵਿਚ ਹੈ। ਪੰਜਾਬ ਦੇ ਇਤਿਹਾਸ ਵਿਚ ਡੇਹਰਾਦੂਨ ਦਾ ਜੰਗਲ ਪ੍ਰਸਿੱਧ ਹੈ, ਜਿਥੇ ਪਹਿਲੇ ਪਹਿਲ ਬਾਬਾ ਰਾਮਰਾਇ ਜੀ ਨੇ ਟਿਕਾਣਾ ਕੀਤਾ, ਜਲਾਵਤਨ ਬਾਲਕ ਮਹਾਰਾਜਾ ਦਲੀਪ ਸਿੰਘ ਨੇ ਕੁਝ ਦਿਨ ਗੁਜ਼ਾਰੇ ਤੇ ਪਿੱਛੋਂ ਮਹਾਰਾਜਾ ਨਾਭਾ ਨੇ ਬੰਦੀ ਜੀਵਨ ਬਿਤਾਇਆ। ਇਸ ਜੰਗਲ ਵਿਚ ਬਣੀ 'ਪੰਚਬਟੀ' ਵੀ ਇਕ ਜਾਣੀ-ਪਛਾਣੀ ਥਾਂ ਹੈ, ਜਿਥੇ ਸਾਰੇ ਸਾਹਿੱਤਕ ਮਹਾਂਰਥੀ ਨਿਵਾਸ ਕਰਦੇ ਰਹੇ। ਆਮ ਤੌਰ 'ਤੇ 'ਪੰਚਬਟੀ' ਦਾ ਅਰਥ ਹੈ, ਉਹ ਥਾਂ ਜਿਥੇ ਪੰਜ ਪਿੱਪਲ ਦੇ ਬੋਹੜ ਜੁੜਵੇਂ ਹੋਣ ਤੇ ਘਣੀ ਛਾਇਆ ਹੋਵੇ, ਪਰ ਇਸ ਅਸਥਾਨ ਨੂੰ ਭਾਗ ਲਾਉਣ ਵਾਲੀਆਂ ਪੰਜ ਹਸਤੀਆਂ ਸਨ—ਪ੍ਰੋ: ਪੂਰਨ ਸਿੰਘ, ਸ੍ਰੀਮਤੀ ਮਾਇਆ ਦੇਵੀ, ਡਾ: ਖ਼ੁਦਾਦਾਦ, ਭਾਈ ਵੀਰ ਸਿੰਘ ਤੇ ਡਾਕਟਰ ਬਲਬੀਰ ਸਿੰਘ। ਇਸ ਪੰਚਬਟੀ ਦੀ ਸੰਘਣੀ ਛਾਂ ਹੇਠ ਪੰਜਾਬੀ ਸਾਹਿੱਤ ਤੇ ਪੰਜਾਬੀ ਸਭਿਆਚਾਰ ਵਿਗਸਦਾ ਰਿਹਾ। ਇਨ੍ਹਾਂ ਲੋਕਾਂ ਦੀ ਅਧਿਆਤਮਕ, ਕਲਾਤਮਕ ਤੇ ਵਿਗਿਆਨਕ ਪ੍ਰਭੁਤਾ ਇਕ ਤ੍ਰਿਬੇਣੀ ਦਾ ਸੰਗਮ ਸੀ, ਜਿਸ ਦੀ ਨਿਰਮਲ ਧਾਰਾ ਪੰਜਾਬੀ ਬਾਗ਼ ਬਗੀਚਿਆਂ ਨੂੰ ਸਿੰਜਦੀ ਰਹੀ। ਇਸ ਤ੍ਰਿਬੇਣੀ ਦੀ ਇਕ ਧਾਰਾ ਸੀ ਡਾਕਟਰ ਬਲਬੀਰ ਸਿੰਘ, ਜਿਸ ਦੀ ਚਾਲ-ਢਾਲ ਤੇ ਜਿਸ ਦਾ ਰੰਗ-ਢੰਗ ਆਪਣਾ ਸੀ ਤੇ ਆਪਣਾ ਹੀ ਤੀਖਣ ਵੇਗ ਸੀ ਅਤੇ ਉਮਰੋਂ ਛੋਟਾ ਹੋਣ ਦੇ ਨਾਤੇ ਜਿਸ ਨੇ ਸਭ ਤੋਂ ਕੁਝ ਨਾ ਕੁਝ ਲਿਆ ਸੀ। ਪੂਰਨ ਸਿੰਘ ਦੀਆਂ ਬੇਪ੍ਰਵਾਹੀਆਂ ਭਰੀ ਮਸਤੀ, ਡਾ: ਖ਼ੁਦਾਦਾਦ ਦੀ ਵਿਗਿਆਨਕ ਦ੍ਰਿਸ਼ਟੀ ਤੇ ਭਾਈ ਵੀਰ ਸਿੰਘ ਜੀ ਦੀ ਧਾਰਮਿਕ ਨਿਸ਼ਠਾ ਉਨ੍ਹਾਂ ਅੰਦਰ ਪੂਰਨ ਭਾਂਤ ਭਰਪੂਰ ਸੀ, ਪਰੰਤੂ ਇਨ੍ਹਾਂ ਗੁਣਾਂ ਦੇ ਸੁਮੇਲ ਨਾਲ ਜੋ ਵੱਖਰੀ ਭਾਂਤ ਦੀ ਸ਼ਖ਼ਸੀਅਤ ਉਭਰਦੀ ਹੈ, ਉਹ ਉਨ੍ਹਾਂ ਦੀ ਵਿਲੱਖਣਤਾ ਨੂੰ ਸੱਚਮੁੱਚ ਨਵੀਂ ਨੁਹਾਰ ਪ੍ਰਦਾਨ ਕਰਦੀ ਸੀ।

ਇਹ ਠੀਕ ਹੈ ਕਿ ਡਾਕਟਰ ਬਲਬੀਰ ਸਿੰਘ ਪੂਰਬੀ ਤੇ ਪੱਛਮੀ ਵਿਦਿਆ ਦਾ ਵਧੀਆ ਸੰਗਮ ਸੀ, ਕਲਾ ਤੇ ਵਿਗਿਆਨ ਦਾ ਸੁੰਦਰ ਸੁਮੇਲ ਸੀ, ਨਾਨਕਾ ਤੇ ਦਾਦਕਾ ਵਿਰਾਸਤ ਉਸ ਅੰਦਰ ਗਿ: ਹਜ਼ਾਰਾ ਸਿੰਘ ਤੇ ਡਾ: ਚਰਨ ਸਿੰਘ ਵਾਲੀਆਂ ਖ਼ੂਬੀਆਂ ਪ੍ਰਗਟਾਉਂਦਾ ਸੀ ਤੇ ਨਾਲ ਹੀ ਪੂਰਨ ਸਿੰਘ ਤੇ ਵੀਰ ਸਿੰਘ ਦੇ ਕੋਮਲ ਗੁਣਾਂ ਦੀ ਸੋਹਣੀ ਝਲਕ ਦਿੰਦਾ ਸੀ, ਪਰੰਤੂ ਜੋ ਕੁਝ ਉਸ ਨੇ ਸਾਇੰਸ ਦੀ ਡਾਕਟ੍ਰੇਟ ਕਰ ਕੇ

ਵਲੈਤ ਤੋਂ ਲਿਆਂਦਾ ਤੇ ਡਾ: ਖ਼ੁਦਾਦਾਦ ਜੈਸੀ ਸ਼ਖ਼ਸੀਅਤ ਦੇ ਪ੍ਰਭਾਵ ਹੇਠ ਪ੍ਰਫੁੱਲਤ ਕੀਤਾ, ਉਹ ਡਾਕਟਰ ਬਲਬੀਰ ਸਿੰਘ ਵਿਚ ਜਮਾਲ ਦੇ ਨਾਲ ਨਾਲ ਜਲਾਲ ਨੂੰ ਵੀ ਉਭਾਰਨ ਵਾਲਾ ਸੀ।

ਇਹ ਉਨ੍ਹਾਂ ਦੀ ਜੀਵਨ-ਘਟਨਾਵਲੀ ਤੋਂ ਵੀ ਸਿੱਧ ਹੁੰਦਾ ਹੈ ਕਿ ਜਦੋਂ ਉਹ 1923 ਵਿਚ ਪੀਐੱਚ.ਡੀ. ਕਰ ਕੇ ਵਾਪਸ ਦੇਸ਼ ਆਏ ਤਾਂ ਕੁਝ ਸਮੇਂ ਬਾਅਦ ਹੀ ਆਪ ਨੂੰ 1926 ਤੋਂ 1935 ਈ: ਤਕ 'ਕੈਂਬਰਿਜ ਪ੍ਰੀਪੇਰੇਟਰੀ ਸਕੂਲ' ਦੀ ਪ੍ਰਿੰਸੀਪਲੀ ਕਰਨ ਦਾ ਮੌਕਾ ਮਿਲਿਆ। ਉਸ ਸਮੇਂ ਆਮ ਤੌਰ 'ਤੇ ਉੱਚੀਆਂ ਅਸਾਮੀਆਂ 'ਤੇ ਅੰਗਰੇਜ਼ ਹੀ ਲੱਗਦੇ ਸਨ, ਪਰੰਤੂ ਇਹ ਵਿਲੱਖਣ ਗੱਲ ਸੀ ਕਿ ਦੇਸੀ ਪ੍ਰਿੰਸੀਪਲ ਦੇ ਅਧੀਨ ਅਨੇਕਾਂ ਅੰਗਰੇਜ਼ ਅਧਿਆਪਕਾਂ ਨੂੰ ਕੰਮ ਕਰਨਾ ਪਿਆ। ਇਹ ਸ਼ਾਇਦ ਪਹਿਲਾ ਤਜਰਬਾ ਸੀ ਕਿ ਜਿਸ ਨੇ ਡਾ: ਬਲਬੀਰ ਸਿੰਘ ਵਿਚ ਆਤਮ-ਵਿਸ਼ਵਾਸ ਤੇ ਦ੍ਰਿੜ੍ਹਤਾ ਦਾ ਨਿਸਚਾ ਪ੍ਰਪੱਕ ਕੀਤਾ। 1937 ਈ: ਵਿਚ ਪੰਜਾਬ ਐਂਡ ਸਿੰਧ ਬੈਂਕ ਦੇ ਡਾਇਰੈਕਟਰ ਬਣੇ ਅਤੇ 1947 ਤੋਂ 1960 ਈ: ਤਕ ਬਤੌਰ ਮੈਨੇਜਿੰਗ ਡਾਇਰੈਕਟਰ ਬੈਂਕ ਦੇ ਕੰਮ ਨੂੰ ਚੋਟੀ 'ਤੇ ਪਹੁੰਚਾਇਆ। ਇਕ ਵਿਗਿਆਨੀ ਤੇ ਸਾਹਿੱਤਕਾਰ ਲਈ ਇਸ ਕਿਸਮ ਦਾ ਚੌਦਾਂ ਸਾਲਾ ਪ੍ਰਬੰਧਕ ਤਜਰਬਾ ਬਿਲਕੁਲ ਨਵੀਂ ਗੱਲ ਸੀ, ਜਿਸ ਨੇ ਉਨ੍ਹਾਂ ਨੂੰ ਅਨੋਖੇ ਡਿਸਿਪਲਿਨ ਵਿਚ ਪਰਪੱਕ ਕੀਤਾ। 1957 ਈ: ਦੇ ਵਿਚ ਭਾਈ ਵੀਰ ਸਿੰਘ ਸਦਾ ਲਈ ਵਿਛੋੜਾ ਦੇ ਗਏ, ਇਸ ਕਰਕੇ ਹੁਣ ਡਾ: ਬਲਬੀਰ ਸਿੰਘ ਅੰਦਰ ਸੁੱਤੀ ਸਾਹਿੱਤਕ ਸ਼ਖ਼ਸੀਅਤ ਨੇ ਅੰਗੜਾਈ ਲਈ। ਭਾਵੇਂ ਉਹ ਪਹਿਲਾਂ ਹੀ ਲਿਖਣ ਕਾਰਜ ਵਿਚ ਕੁਝ ਨਾ ਕੁਝ ਦਿਲਚਸਪੀ ਰੱਖਦੇ ਹੀ ਸਨ, ਪਰ ਇਸ ਤੋਂ ਬਾਅਦ ਉਨ੍ਹਾਂ ਬਹੁਤਾ ਸਮਾਂ ਇਸੇ ਪਾਸੇ ਲਾਉਣ ਦਾ ਫ਼ੈਸਲਾ ਕੀਤਾ। ਡੇਹਰਾਦੂਨ ਦਾ ਬੁੱਧੀਮਾਨ ਮੰਡਲ 'ਟੈਗੋਰ ਕਲਚਰਲ ਸੁਸਾਇਟੀ' ਦੇ ਰੂਪ ਵਿਚ ਸੰਗਠਿਤ ਸੀ। ਡਾਕਟਰ ਸਾਹਿਬ ਵਰ੍ਹਿਆਂ ਬੱਧੀ ਇਸ ਦੇ ਪ੍ਰਧਾਨ ਰਹੇ ਤੇ ਆਪਣੀ ਵਿਦਵਤਾ ਤੇ ਭਾਸ਼ਨ-ਕਲਾ ਸਦਕੇ ਸਭ ਦਾ ਸਤਿਕਾਰ ਲੈਂਦੇ ਰਹੇ। ਆਰੀਆ ਸਮਾਜ ਵਾਲਿਆਂ ਨੇ ਚਾਰ ਵੇਦਾਂ ਦਾ ਪ੍ਰਕਾਸ਼ਨ ਕੀਤਾ ਤੇ ਫਿਰ ਉਨ੍ਹਾਂ ਵਿਚਾਰਿਆ ਕਿ ਇਹ ਜਿਲਦਾਂ ਪਹਿਲਾਂ ਕਿਸ ਨੂੰ ਸਮਰਪਣ ਕੀਤੀਆਂ ਜਾਣ। ਉਨ੍ਹਾਂ ਦੀ ਚੋਣ ਡਾ: ਬਲਬੀਰ ਸਿੰਘ ਜੀ ਦੀ ਵਿਦਵਾਨ ਹਸਤੀ ਸੀ ਤੇ ਉਨ੍ਹਾਂ ਭਰੀ ਸਭਾ ਵਿਚ ਇਹ ਸੈਂਚੀਆਂ ਡਾਕਟਰ ਸਾਹਿਬ ਨੂੰ ਭੇਟ ਕੀਤੀਆਂ। ਇਹ ਗੱਲਾਂ ਦੱਸਦੀਆਂ ਹਨ ਕਿ ਕਿਵੇਂ ਉਨ੍ਹਾਂ ਦੀ ਵਿਦਵਾਨ ਹਸਤੀ ਸਭ ਲਈ ਸਤਿਕਾਰ ਦਾ ਪਾਤਰ ਬਣੀ। ਉਨ੍ਹਾਂ ਦੇ ਵੱਡੇ ਭਰਾਤਾ ਭਾਈ ਵੀਰ ਸਿੰਘ ਜੀ ਦਾ ਸਤਿਕਾਰ ਸਿੱਖਾਂ ਤਕ ਮਹਿਦੂਦ ਸੀ, ਪਰੰਤੂ ਡਾਕਟਰ ਸਾਹਿਬ ਸੈਕੂਲਰ ਤੇ ਸਾਇੰਟਿਫਿਕ ਦ੍ਰਿਸ਼ਟੀ ਕਰਕੇ ਅਤੇ ਸਰਬਪੱਖੀ ਵਿਦਵਤਾ ਕਰਕੇ, ਇਨ੍ਹਾਂ ਹੱਦਾਂ ਨੂੰ ਪਾਰ ਕਰ ਗਏ। ਤੁਲਨਾਤਮਕ ਅਧਿਐਨ ਤੇ ਸਾਹਿੱਤਕ ਅਧਿਐਨ ਦੇ ਉਹ ਅਦੁੱਤੀ ਵਿਦਵਾਨ ਸਨ ਤੇ ਪੁਰਾਤਨ ਵਿਚਾਰਧਾਰਾ ਦੇ ਨਾਲ ਨਵੀਨ ਵਿਚਾਰਧਾਰਾ ਦੀ ਪੂਰਨ ਸੋਝੀ ਰੱਖਦੇ ਸਨ। ਬਾਵਜੂਦ ਅਜਿਹੇ ਗੰਭੀਰ ਰੁਝੇਵਿਆਂ ਦੇ ਚਿੱਤਰਕਲਾ ਤੇ ਸੰਗੀਤਕਲਾ ਦੇ ਬਹੁਤ ਸ਼ੌਕੀਨ ਸਨ। ਰੋਜ਼ਾਨਾ ਵਾਇਲਨ ਸੁਣਨਾ ਜਾਂ ਆਪ ਵਜਾਉਣਾ ਉਨ੍ਹਾਂ ਦਾ ਮਨ ਭਾਉਂਦਾ ਸ਼ੁਗਲ ਸੀ। ਗੱਲਬਾਤ ਵਿਚ ਹਾਸ-ਰਸ

ਤੇ ਵਿਅੰਗ ਦਾ ਛਿੱਟਾ ਦੇਣਾ ਉਨ੍ਹਾਂ ਦੀ ਹਸਤੀ ਦਾ ਸਹਿਜ ਸੁਭਾਅ ਸੁਜਿੰਦ ਭਾਗ ਸੀ ਤੇ ਜਦ ਵੀ ਕਿਤੇ ਆਪਣੀ ਵਾਰਤਾਲਾਪ ਦੀ ਤਾਨ ਤੋੜਦੇ ਤਾਂ ਉਸ ਵਿਚ ਬਿਜਲੀ ਵਾਲੀ ਚਮਕ ਆ ਜਾਂਦੀ। ਇਸ ਸਭ ਕੁਝ ਦੇ ਬਾਵਜੂਦ ਨਿਰਮਾਣਤਾ ਉਨ੍ਹਾਂ ਦੀ ਹਸਤੀ ਦਾ ਸ਼ਿੰਗਾਰ ਸੀ। ਉਹ ਰਸਿਕ ਵੈਰਾਗੀ ਪੁਰਖ ਸਨ, ਸਭ ਵਾਦ-ਵਿਵਾਦ ਵਿਚ ਵਰਤਦੇ ਹੋਏ ਵੀ ਚੁੱਪ-ਚਾਪ ਨਿਰਲੇਪ ਰਹਿੰਦੇ ਸਨ, ਜਿਵੇਂ ਕਿ ਸ਼ਾਂਤ ਸਾਗਰ।

ਦੇਹਰਾਦੂਨ ਜੰਗਲਾਂ ਦੀ ਧਰਤੀ ਹੈ ਤੇ ਜੰਗਲਾਂ ਵਿਚ ਸ਼ੇਰ ਹੀ ਰਹਿ ਸਕਦਾ ਹੈ। ਇਨ੍ਹਾਂ ਸੰਘਣੇ ਜੰਗਲਾਂ ਦੀ ਪੰਚਬਟੀ ਵਿਚ ਵੱਸਣ ਵਾਲਾ ਡਾਕਟਰ ਬਲਬੀਰ ਸਿੰਘ ਸੱਚਮੁੱਚ ਇਕ ਬੱਬਰ ਸ਼ੇਰ ਸੀ, ਜਿਸ ਦੀ ਗਰਜ ਦੋਖੀਆਂ ਨੂੰ ਵਖਤ ਪਾ ਦਿੰਦੀ ਸੀ। ਉਸ ਦੀ ਸ਼ਖ਼ਸੀਅਤ ਦ੍ਰਿੜ੍ਹਤਾ ਤੇ ਦਲੇਰੀ ਦਾ ਪੁੰਜ ਸੀ। ਮੈਂ ਉਨ੍ਹਾਂ ਨਾਲ ਕਈ ਵਾਰ ਮਿਲ ਬੈਠਣ ਤੋਂ ਜੋ ਅਨੁਮਾਨ ਲਾਇਆ, ਉਹ ਕਮਾਲ ਇਹ ਸੀ ਕਿ ਉਹ ਹਰ ਗੱਲ ਵਿਚ ਬੜੇ ਹੀ ਸਪੱਸ਼ਟ ਸਨ ਤੇ ਫਿਰ ਜਿਸ ਵਿਚਾਰ ਦੇ ਧਾਰਨੀ ਹੋਣ ਉੱਤੇ ਬੜੀ ਹੀ ਦਲੇਰੀ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਸਨ ਤੇ ਉਨ੍ਹਾਂ ਦੇ ਸਾਹਮਣੇ ਕੋਈ ਕੁਸਕਦਾ ਤਕ ਨਹੀਂ ਸੀ। ਉਨ੍ਹਾਂ ਦੀ ਅਵਾਜ਼ ਵਿਚ ਇਕ ਗਰਜ ਸੀ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਇਕ ਦ੍ਰਿੜ੍ਹਤਾ ਤੇ ਉਨ੍ਹਾਂ ਦੇ ਦਿਲ ਅੰਦਰ ਇਰਾਦੇ ਦੀ ਪਰਪੱਕਤਾ ਸੀ। ਪ੍ਰਚੰਡ ਵਿਦਵਾਨ ਹੋਣ ਦੇ ਨਾਤੇ ਉਹ ਕਿਸੇ ਲਿਹਾਜ਼ਦਾਰੀ ਵਿਚ ਨਹੀਂ ਸੀ ਪੈਂਦੇ, ਸਗੋਂ ਅਟੱਲ ਤੇ ਅਡੋਲ ਹੋ ਕੇ ਡੱਟ ਜਾਂਦੇ ਸਨ। ਇਹ ਡੱਟਣਾ ਸੱਚਮੁੱਚ ਉਨ੍ਹਾਂ ਦਾ 'ਸਿੰਘ-ਕਰਤੱਵ' ਸੀ।

ਅੱਜ ਪੰਚਬਟੀ ਵਾਲੀ ਗੁਫ਼ਾ ਸੁੰਨੀ ਪਈ ਹੈ, ਕਿਉਂਕਿ ਗਰਜਣ ਵਾਲਾ ਬੱਬਰ ਸ਼ੇਰ ਗੂੜ੍ਹੀ ਨੀਂਦ ਸੌਂ ਗਿਆ ਹੈ, ਜਿਸ ਨੀਂਦ ਤੋਂ ਕੋਈ ਕਿਸੇ ਨੂੰ ਜਗਾ ਨਹੀਂ ਸਕਦਾ।

ਪ੍ਰੋ: ਗੁਰਬਚਨ ਸਿੰਘ 'ਤਾਲਿਬ' : ਇਕ ਵਿਲੱਖਣ ਵਿਦਵਾਨ

ਪ੍ਰੋ: ਗੁਰਬਚਨ ਸਿੰਘ 'ਤਾਲਿਬ' (1911-1986) ਵਿਚ ਵਿਲੱਖਣ ਕਿਸਮ ਦਾ ਵਿਦਵਾਨ ਵਿਅਕਤੀ ਸੀ, ਜਿਸ ਨੇ ਅਧਿਆਪਨ, ਭਾਸ਼ਨ ਤੇ ਲੇਖਣ-ਕਲਾ ਦੁਆਰਾ ਪੰਜਾਬ ਦੇ ਸਾਂਸਕ੍ਰਿਤਕ ਤੇ ਸਾਹਿੱਤਕ ਗੌਰਵ ਨੂੰ ਚਾਰ ਚੰਨ ਲਾਏ। ਆਪ ਦੀ ਪ੍ਰਤਿਭਾ ਨੇ ਪੰਜਾਬ ਦੀ ਹਰ ਯੂਨੀਵਰਸਿਟੀ, ਹਰ ਸਾਹਿੱਤਕ ਸੰਸਥਾ ਦੇ ਹਰ ਵਿੱਦਿਅਕ ਖੇਤਰ ਵਿਚ ਚੰਗਾ ਨਾਮਣਾ ਕਮਾਇਆ ਤੇ ਨਵੀਂ ਬੌਧਿਕ ਪੀੜ੍ਹੀ ਉੱਤੇ ਡੂੰਘਾ ਪ੍ਰਭਾਵ ਪਾਇਆ। ਇਸੇ ਸੁਯੋਗਤਾ ਤੇ ਪ੍ਰਭੂਤਾ ਦਾ ਸਿੱਟਾ ਸੀ ਕਿ ਭਾਰਤ ਸਰਕਾਰ ਨੇ ਆਪ ਨੂੰ 'ਪਦਮ ਭੂਸ਼ਨ' ਪਦਵੀ ਨਾਲ ਸਨਮਾਨਿਤ ਕਰ ਕੇ (1985) ਆਪ ਦੇ ਉੱਚੇ ਲੰਮੇ ਬੌਧਿਕ ਵਿਅਕਤਿਤਵ ਨੂੰ ਸਾਦਰ ਪ੍ਰਣਾਮ ਕੀਤਾ।

ਆਪ ਦਾ ਜਨਮ ਮਾਲਵੇ ਦੇ ਪੱਛੜੇ ਇਲਾਕੇ ਰਿਆਸਤ ਪਟਿਆਲਾ ਦੇ ਕਸਬੇ ਮੂਨਕ (ਵਰਤਮਾਨ ਜ਼ਿਲ੍ਹਾ ਸੰਗਰੂਰ) ਵਿਚ 16 ਅਪ੍ਰੈਲ 1911 ਈ: ਨੂੰ ਸ: ਕਰਤਾਰ ਸਿੰਘ ਦੇ ਘਰ ਹੋਇਆ। ਇਹ ਉਹੋ ਸਾਲ ਹੈ ਜਦ ਰਿਆਸਤੀ ਰਾਜਾ-ਮੰਡਲ, ਜਾਰਜ ਪੰਚਮ ਦੀ ਸਲਾਮੀ ਲਈ ਦਿੱਲੀ ਪਧਾਰ ਰਿਹਾ ਸੀ ਤੇ ਸੰਤ ਬਾਬਾ ਅਤਰ ਸਿੰਘ ਜੀ ਦੀ ਮਿਹਰ ਨਾਲ ਮੂਨਕ ਦੀ ਮਿੱਟੀ ਸ੍ਰੈਮਾਨ ਤੇ ਦਿੱਬ ਗਿਆਨ ਦੀ ਮਹਿਕ ਮਹਿਕਾ ਰਹੀ ਸੀ। ਸਰਕਾਰੀ ਹਾਈ ਸਕੂਲ, ਸੰਗਰੂਰ ਵਿਚ ਆਪ ਨੇ ਅੱਵਲ ਰਹਿ ਕੇ ਮੈਟ੍ਰਿਕ ਪਾਸ ਕੀਤੀ ਤੇ ਵਜ਼ੀਫ਼ਾ ਲਿਆ। ਆਪ ਦੇ ਪਿਤਾ ਦੀ ਡਿਊਟੀ ਮਲਵਈ ਬੁੰਗੇ, ਅੰਮ੍ਰਿਤਸਰ ਲੱਗ ਗਈ, ਜਿਸ ਕਰਕੇ ਆਪ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਬੀ.ਏ. ਦੀ ਪੜ੍ਹਾਈ ਕੀਤੀ ਤੇ ਫ਼ਸਟ ਰਹਿ ਕੇ ਉਥੇ ਵੀ ਵਜ਼ੀਫ਼ਾ ਹਾਸਲ ਕੀਤਾ।

ਇਹ ਸਭ ਜਾਣਦੇ ਹਨ ਕਿ ਤਾਲਿਬ ਜੀ ਨੇ ਜਦ 1933 ਈ: ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਫ਼ਸਟ ਕਲਾਸ ਫ਼ਸਟ ਲੈ ਕੇ ਅੰਗਰੇਜ਼ੀ ਐੱਮ.ਏ. ਕੀਤੀ ਤਾਂ ਇਕ ਵਾਰ ਤਾਂ ਆਪ ਦੀ ਪ੍ਰਤਿਭਾ ਦੀ ਧੁੰਮ ਪੈ ਗਈ। ਆਪ ਨੇ ਉਮਰ ਭਰ ਅੰਗਰੇਜ਼ੀ ਪੜ੍ਹਾਈ। ਖ਼ਾਲਸਾ ਕਾਲਜ ਜਲੰਧਰ, ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਤੇ ਫਿਰ ਖ਼ਾਲਸਾ ਕਾਲਜ, ਬੰਬਈ ਦੇ ਪ੍ਰਿੰਸੀਪਲ ਰਹਿ ਕੇ ਵਿਦਿਅਕ ਅਦਾਰਿਆਂ ਦੀ ਸ਼ੋਭਾ ਵਧਾਈ। ਜੀਵਨ ਦੇ ਪ੍ਰੌਢ ਸਮੇਂ ਵਿਚ ਆਪ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਪ੍ਰੋਫ਼ੈਸਰ ਤੇ ਕੁਝ ਸਮਾਂ ਬਨਾਰਸ ਯੂਨੀਵਰਸਿਟੀ ਵਿਚ ਵੀ ਰਹੇ ਅਤੇ ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ

ਧਰਮ-ਅਧਿਐਨ ਵਿਭਾਗ ਦੇ ਮੁਖੀ ਬਣ ਕੇ ਸੇਵਾ ਨਿਭਾਈ। ਆਪ ਜਿਥੇ ਵੀ ਰਹੇ, ਉਥੇ ਆਪਣੀ ਅਦਬੀ ਲਿਆਕਤ, ਸਭਿਆਚਾਰਕ ਸਲੀਕੇ ਤੇ ਸੁਹਿਰਦਤਾ ਅਤੇ ਸੰਜੀਦਗੀ ਦਾ ਡੂੰਘਾ ਪ੍ਰਭਾਵ ਛੱਡ ਕੇ ਗਏ। ਉਮਰ ਦੇ ਆਖ਼ਰੀ ਦਹਾਕੇ ਵਿਚ ਜਦੋਂ ਕਿ ਉਨ੍ਹਾਂ ਦੀ ਵਿਦਵਤਾ ਪ੍ਰੌਢ ਅਵਸਥਾ ਵਿਚ ਸੀ ਤੇ ਉਨ੍ਹਾਂ ਦਾ ਹਰ ਬਚਨ ਤੇ ਹਰ ਚਿੰਤਨ ਪ੍ਰਮਾਣਿਕਤਾ ਦੀ ਸਾਖੀ ਭਰਦਾ ਸੀ, ਤਾਂ ਉਸ ਸਮੇਂ ਉਨ੍ਹਾਂ ਸਾਰੀ ਬੌਧਿਕ ਸ਼ਕਤੀ ਧਰਮ-ਅਧਿਐਨ ਵੱਲ ਲਾਈ ਤੇ ਖ਼ਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜ਼ੀ ਅਨੁਵਾਦ ਕਰ ਕੇ ਆਪਣੀ ਉਮਰ ਭਰ ਦੀ ਸੁਯੋਗਤਾ ਨੂੰ ਸਕਾਰਥਾ ਕੀਤਾ ਅਤੇ ਗੁਰੂ ਸਾਹਿਬਾਨ ਦੇ ਜੀਵਨ-ਸਿਧਾਂਤਾਂ ਤੇ ਮਤ-ਮਤਾਂਤਰਾਂ ਬਾਰੇ ਕਈ ਅੰਗਰੇਜ਼ੀ ਰਚਨਾਵਾਂ ਰਚ ਕੇ ਬੁੱਧੀਮਾਨ ਪਾਠਕਾਂ ਨੂੰ ਸੰਤੁਸ਼ਟ ਕੀਤਾ।

ਪ੍ਰੋ: ਤਾਲਿਬ ਸਾਹਿਬ ਜਿਥੇ ਇਕ ਲਾਇਕ ਲੇਖਕ ਸਨ, ਉਥੇ ਉੱਚ ਕੋਟੀ ਦੇ ਆਲ੍ਹਾ ਵਕਤਾ ਵੀ ਸਨ ਜੋ ਅੰਗਰੇਜ਼ੀ, ਉਰਦੂ ਤੇ ਪੰਜਾਬੀ ਤਿੰਨੇ ਜ਼ਬਾਨਾਂ ਵਿਚ ਵਧੀਆ ਬੋਲ ਸਕਦੇ ਸਨ ਤੇ ਉਨ੍ਹਾਂ ਦੀ ਭਾਸ਼ਨ-ਕਲਾ ਦਾ ਵੱਖਰਾ ਅੰਦਾਜ਼ ਸੀ, ਜੋ ਸਦਾ ਆਲਮਾਨਾ ਪ੍ਰਭਾਵ ਪਾਉਂਦਾ ਸੀ। ਉਹ ਸੁਤੇ-ਸਿੱਧ ਭਰਵੀਂ ਆਵਾਜ਼ ਤੇ ਬਲਵਾਨ ਸਾਹਿੱਤਿਕ ਸ਼ੈਲੀ ਦੁਆਰਾ ਹਰ ਮਜਲਸ ਨੂੰ ਮੰਤਰ-ਮੁਗਧ ਕਰ ਲੈਂਦੇ ਸਨ।

ਇਹ ਗਰਜਵੀਂ ਅਵਾਜ਼ ਦਿਲ ਦੀ ਹਰਕਤ ਬੰਦ ਹੋ ਜਾਣ ਕਾਰਨ 9 ਅਪ੍ਰੈਲ 1986 ਈ: ਨੂੰ ਸਦਾ ਲਈ ਬੰਦ ਹੋ ਗਈ, ਪਰ ਆਪ ਦੀਆਂ ਲਿਖਤਾਂ ਵਿੱਚੋਂ ਅਜੇ ਵੀ ਆਪ ਦੀ ਆਤਮਿਕ ਗੂੰਜ ਸੁਣਾਈ ਦਿੰਦੀ ਹੈ।

ਪ੍ਰੋ: ਤਾਲਿਬ ਦਾ ਸਮੁੱਚਾ ਜੀਵਨ ਸੰਗਰਾਮ ਵਾਲਾ ਰਿਹਾ, ਆਰਾਮ ਘੱਟ ਹੀ ਮਿਲਿਆ, ਪਰ ਬਾਵਜੂਦ ਜੀਵਨ ਦੀਆਂ ਬਿਖਮਤਾਈਆਂ ਦੇ ਉਨ੍ਹਾਂ ਬੌਧਿਕ ਕਰਮਯੋਗ ਜਾਰੀ ਰੱਖਿਆ।

75 ਸਾਲਾਂ ਦਾ ਲੰਮਾ ਸਫ਼ਰ ਝਾਗ ਕੇ ਤੁਰ ਜਾਣ ਵਾਲਾ ਪ੍ਰੋ: ਤਾਲਿਬ ਇਕ ਵਿਲੱਖਣ ਕਿਸਮ ਦਾ ਵਿਦਵਾਨ ਵਿਅਕਤੀ ਸੀ ਤੇ ਜਿਸ ਨੇ ਜ਼ਿੰਦਗੀ ਦੇ ਅੰਤਿਮ ਦਹਾਕੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਸੁਚੱਜਾ ਅੰਗਰੇਜ਼ੀ ਅਨੁਵਾਦ ਕਰ ਕੇ ਆਪਣੀ ਉਮਰ ਭਰ ਦੀ ਯੋਗਤਾ ਨੂੰ ਸਕਾਰਥਾ ਕੀਤਾ ਤੇ ਗੁਰੂ ਸਾਹਿਬਾਨ ਦੇ ਜੀਵਨ-ਸਿਧਾਂਤਾਂ ਅਤੇ ਮਤ-ਮਤਾਂਤਰਾਂ ਬਾਰੇ ਕਈ ਅੰਗਰੇਜ਼ੀ ਰਚਨਾਵਾਂ ਰਚ ਕੇ ਬੁੱਧੀਮਾਨ ਪਾਠਕਾਂ ਨੂੰ ਸੰਤੁਸ਼ਟ ਕੀਤਾ। ਇਹੋ ਕਾਰਨ ਸੀ ਕਿ ਆਪ ਦੀ ਇਸ ਸੁਯੋਗਤਾ ਨੂੰ ਭਾਰਤ ਸਰਕਾਰ ਨੇ 'ਪਦਮ ਭੂਸ਼ਨ' ਪਦਵੀ ਨਾਲ ਸਨਮਾਨਿਤ ਕਰ ਕੇ ਅੰਗੀਕਾਰ ਕੀਤਾ। ਸਿਆਣੇ ਪਾਠਕਾਂ ਦੀ ਆਮ ਰਾਇ ਹੈ ਕਿ ਸ: ਮਨਮੋਹਨ ਸਿੰਘ ਦਾ ਕੀਤਾ ਅਨੁਵਾਦ ਵਧੇਰੇ ਸ਼ਾਬਦਿਕ ਹੈ ਤੇ ਗੋਪਾਲ ਸਿੰਘ 'ਦਰਦੀ' ਵਾਲਾ ਕਾਵਿਕ, ਪਰੰਤੂ ਪ੍ਰੋ: ਤਾਲਿਬ ਦੇ ਅੰਗਰੇਜ਼ੀ ਅਨੁਵਾਦ ਦੀ ਖ਼ੂਬੀ ਇਹ ਹੈ ਕਿ ਇਹ ਆਧੁਨਿਕ ਮੁਹਾਵਰੇ ਨਾਲ ਅਲੰਕ੍ਰਿਤ ਹੁੰਦਾ ਹੋਇਆ ਮੂਲ ਨਾਲ ਵਧੇਰੇ ਵਫ਼ਾ ਕਰਦਾ ਹੈ। ਫਿਰ ਥਾਂ-ਥਾਂ ਟਿੱਪਣੀਆਂ ਦੇ ਕੇ ਉਨ੍ਹਾਂ ਇਸ ਨੂੰ ਹੋਰ ਗੌਰਵਮਈ ਬਣਾਇਆ ਹੈ, ਇਹ ਗੱਲ ਉਸੇ ਵਿਦਵਾਨ ਤੋਂ ਸੰਭਵ ਸੀ ਜੋ ਵਰ੍ਹਿਆਂ ਬੱਧੀ ਅੰਗਰੇਜ਼ੀ ਸਾਹਿੱਤ ਤੇ ਭਾਸ਼ਾ ਨਾਲ ਰਚਿਆ-ਮਿਚਿਆ ਹੋਵੇ ਤੇ ਗੁਰਬਾਣੀ ਦੀ ਡੂੰਘੀ ਸੋਝੀ ਰੱਖਦਾ ਹੋਵੇ।

ਇਹ ਸਾਰੇ ਜਾਣਦੇ ਹਨ ਕਿ ਪ੍ਰੋ: ਗੁਰਬਚਨ ਸਿੰਘ 'ਤਾਲਿਬ' ਨੇ 1933 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਫ਼ਸਟ ਕਲਾਸ ਫ਼ਸਟ ਲੈ ਕੇ ਅੰਗਰੇਜ਼ੀ ਐੱਮ.ਏ. ਕੀਤੀ ਤੇ ਉਮਰ ਭਰ ਅੰਗਰੇਜ਼ੀ ਪੜ੍ਹਾਈ। ਇਸ ਲੰਮੇ ਤਜਰਬੇ ਨੇ ਆਪ ਦੀ ਬੌਧਿਕ ਸ਼ਖ਼ਸੀਅਤ ਨੂੰ ਹਰ ਤਰ੍ਹਾਂ ਨਿਪੁੰਨ ਬਣਾਇਆ। ਸ਼ਾਇਦ ਪ੍ਰੋ: ਤਾਲਿਬ ਉਸ ਸਿੱਖ ਵਿਦਵਾਨ ਮੰਡਲੀ ਦਾ ਆਖ਼ਰੀ ਮਣਕਾ ਸੀ, ਜੋ ਪੱਛਮੀ ਵਿਦਿਆ ਦੇ ਪ੍ਰਭਾਵ ਹੇਠ ਵੀਹਵੀਂ ਸਦੀ ਦੇ ਮੁੱਢ ਵਿਚ ਮੂਰਤੀਮਾਨ ਹੋਈ ਅਤੇ ਜਿਸ ਨੇ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਦੀ ਸਾਂਝੀ ਕਲਚਰ ਤੇ ਅੰਮ੍ਰਿਤਸਰ ਦੀ ਧਾਰਮਿਕ ਤੇ ਰਾਜਸੀ ਚੇਤਨਾ ਨੂੰ ਗ੍ਰਹਿਣ ਕੀਤਾ ਹੋਇਆ ਸੀ। ਇਸ ਵਿਦਵਾਨ ਪੀੜ੍ਹੀ ਦੀ ਅਦਬੀ ਲਿਆਕਤ, ਸਭਿਆਚਾਰਕ ਸਲੀਕਾ ਤੇ ਸੰਜੀਦਗੀ ਸਲਾਹੁਣ ਯੋਗ ਸੀ, ਜਿਸ ਨੇ ਪੰਜਾਬ ਨੂੰ ਨਵੀਂ ਅਗਵਾਈ ਦਿੱਤੀ। ਇਸ ਮੰਡਲੀ ਵਿਚ ਭਗਤ ਲਛਮਣ ਸਿੰਘ, ਭਾਈ ਕਾਨ੍ਹ ਸਿੰਘ, ਸਰ ਜੁਗਿੰਦਰ ਸਿੰਘ, ਪ੍ਰੋ: ਪੂਰਨ ਸਿੰਘ, ਪ੍ਰੋ: ਤੇਜਾ ਸਿੰਘ, ਪ੍ਰਿੰ: ਜੋਧ ਸਿੰਘ, ਸ: ਸਰਦੂਲ ਸਿੰਘ ਕਵੀਸ਼ਰ, ਪ੍ਰਿੰ: ਗੁਰਮੁਖ ਸਿੰਘ, ਸ: ਨਿਹਾਲ ਸਿੰਘ, ਪ੍ਰੋ: ਗੰਡਾ ਸਿੰਘ, ਡਾ: ਸ਼ੇਰ ਸਿੰਘ, ਸ: ਕਪੂਰ ਸਿੰਘ, ਪ੍ਰੋ: ਨਾਰਾਇਣ ਸਿੰਘ ਤੇ ਪ੍ਰੋ: ਹਰਬੰਸ ਸਿੰਘ ਆਦਿ ਨਾਮਵਰ ਲੇਖਕ ਵਰਣਨਯੋਗ ਹਨ। ਪ੍ਰੋ: ਤੇਜਾ ਸਿੰਘ ਨੇ ਕਈ ਨਵੇਂ ਪੂਰਨੇ ਪਾਏ। ਉਹ ਇਹ ਸੰਕਲਪ ਵੀ ਮਨ ਵਿਚ ਹੀ ਲੈ ਕੇ ਚਲੇ ਗਏ ਕਿ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਣ ਅੰਗਰੇਜ਼ੀ ਅਨੁਵਾਦ ਕਰਨਾ ਹੈ, ਪਰੰਤੂ ਕੁਦਰਤ ਨੇ ਤਾਲਿਬ ਨੂੰ ਇਹ ਅਵਸਰ ਪ੍ਰਦਾਨ ਕੀਤਾ ਤੇ ਉਨ੍ਹਾਂ ਨਿਰੰਤਰ ਲਗਨ ਤੇ ਕਰੜੀ ਘਾਲ ਨਾਲ ਇਸ ਮਹਾਨ ਕਾਰਜ ਨੂੰ ਸਿਰੇ ਚੜ੍ਹਾਇਆ ਤੇ ਆਪਣੀ ਪੀੜ੍ਹੀ ਦੀ ਜ਼ਿੰਮੇਵਾਰੀ ਨਿਭਾ ਕੇ ਇਥੋਂ ਵਿਦਾਇਗੀ ਲਈ।

ਪ੍ਰੋ: ਤਾਲਿਬ ਦੀ ਵਿਲੱਖਣਤਾ ਇਸ ਗੱਲ ਤੋਂ ਵੀ ਪ੍ਰਗਟ ਹੁੰਦੀ ਹੈ ਜਦੋਂ ਕਿ ਉਨ੍ਹਾਂ ਦੇ ਅਨੇਕਾਂ ਸਾਥੀ ਰਾਜਨੀਤਕ ਵਾਦ-ਵਿਵਾਦ ਦਾ ਸ਼ਿਕਾਰ ਹੋ ਕੇ ਇਧਰ ਉਧਰ ਨਿਕਲ ਗਏ, ਪਰ ਪ੍ਰੋਫ਼ੈਸਰ ਸਾਹਿਬ ਨੇ ਆਪਣੀ ਸਾਹਿੱਤਕ ਵਫ਼ਾਦਾਰੀ ਨੂੰ ਬਰਕਰਾਰ ਰੱਖਿਆ ਤੇ ਧੁਰ ਤਕ ਉਹੋ ਆਦਰਸ਼ ਨਿਭਾਇਆ। ਇਹ ਗੱਲ ਖ਼ਾਸ ਤੌਰ 'ਤੇ ਵਰਣਨਯੋਗ ਹੈ ਕਿ ਉਹ ਨਾਸਤਿਕ ਲਹਿਰ ਦੇ ਮੰਦੇ ਪ੍ਰਭਾਵਾਂ ਤੋਂ ਬਚੇ ਰਹੇ ਤੇ ਆਪਣੇ ਖ਼ਿਆਲਾਂ ਵਿਚ ਮਸਤ ਰਹਿ ਕੇ ਅੱਗੋ ਅੱਗੇ ਕਦਮ ਰੱਖਦੇ ਗਏ। ਸੂਖਮ ਸੋਝੀ, ਸੰਤੁਲਨ ਤੇ ਸੁਹਿਰਦਤਾ ਉਨ੍ਹਾਂ ਦੇ ਨਾਲ ਸਨ।

ਗੁਰਬਾਣੀ ਦੇ ਅੰਗਰੇਜ਼ੀ ਅਨੁਵਾਦ ਤੋਂ ਇਲਾਵਾ ਉਨ੍ਹਾਂ ਅਨੇਕਾਂ ਆਧੁਨਿਕ ਪੰਜਾਬੀ ਰਚਨਾਵਾਂ ਦਾ ਵੀ ਅੰਗਰੇਜ਼ੀ ਰੂਪਾਂਤਰ ਕੀਤਾ। ਰਾਣਾ ਸੂਰਤ ਸਿੰਘ ਮਹਾਂਕਾਵਿ ਦਾ ਅੰਗਰੇਜ਼ੀ ਰੂਪ ਅਜਿਹਾ ਅਨੂਪਮ ਤੇ ਰਸੀਲਾ ਬਣ ਗਿਆ ਹੈ ਕਿ ਇਹ ਲੋਕ-ਮੌਲਿਕ ਵਰਗਾ ਪ੍ਰਤੀਤ ਹੁੰਦਾ ਹੈ, ਜਿਸ ਨੂੰ ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਨੇ ਪ੍ਰਕਾਸ਼ਿਤ ਕੀਤਾ ਹੈ। ਇਸੇ ਤਰ੍ਹਾਂ ਪ੍ਰੋ: ਪੂਰਨ ਸਿੰਘ ਦੀਆਂ ਕਈ ਅੰਗਰੇਜ਼ੀ ਕ੍ਰਿਤਾਂ ਨੂੰ ਸੰਪਾਦਨ ਕਰਨ ਦਾ ਕਰਤੱਵ ਵੀ ਉਨ੍ਹਾਂ ਭਲੀ ਭਾਂਤ ਨਿਭਾਇਆ।

ਪੰਜਾਬੀ ਸੇਵਾ

ਪੰਜਾਬੀ ਵਿਚ ਤਾਲਿਬ ਸਾਹਿਬ ਨੇ ਕਈ ਕੰਮ ਕੀਤੇ, ਜਿਵੇਂ ਕਿ ਆਧੁਨਿਕ ਪੰਜਾਬੀ ਕਾਵਿ, ਆਧੁਨਿਕ ਵਾਰਤਕ ਲਿਖਾਰੀ, ਯੂਰਪੀਨ ਬੋਲੀਆਂ ਦਾ ਪੰਜਾਬੀ ਉੱਤੇ ਪ੍ਰਭਾਵ ਤੇ ਅਣਪਛਾਤੇ ਰਾਹ (ਲੇਖ-ਸੰਗ੍ਰਹਿ)। ਇਹ ਖੋਜ ਭਰੇ ਜਤਨ ਸਚਮੁੱਚ ਉੱਚ ਵਿਦਿਆ ਦਾ ਪ੍ਰਮਾਣ ਪੇਸ਼ ਕਰਦੇ ਹਨ। ਜ਼ਰੂਰਤ ਹੈ ਕਿ ਇਨ੍ਹਾਂ ਸਾਰੀਆਂ ਲਿਖਤਾਂ ਨੂੰ ਇਕ ਥਾਂ ਸੰਚਿਤ ਕਰ ਕੇ ਸੰਭਾਲਿਆ ਜਾਵੇ। ਪੰਜਾਬੀ ਨਾਲ ਉਨ੍ਹਾਂ ਦਾ ਡੂੰਘਾ ਸਨੇਹ ਸੀ। ਜਿਸ ਥਾਂ 'ਤੇ ਅਤੇ ਜਿਸ ਪਦਵੀ ਉੱਤੇ ਰਹੇ, ਸਦਾ ਪੰਜਾਬੀ ਦੀ ਬਿਹਤਰੀ ਲਈ ਜੂਝਦੇ ਰਹੇ, ਚਾਹੇ ਉਹ ਯੂਨੀਵਰਸਿਟੀ ਦੀ ਸਿੰਡੀਕੇਟ ਸੀ, ਚਾਹੇ ਉਹ ਪੰਜਾਬੀ ਸਾਹਿੱਤ ਅਕਾਡਮੀ, ਦਿੱਲੀ। ਪ੍ਰਮੁੱਖ ਸਲਾਹਕਾਰ ਦੇ ਨਾਤੇ ਅੰਮ੍ਰਿਤਾ ਪ੍ਰੀਤਮ ਨੂੰ 'ਗਿਆਨ ਪੀਠ' ਪੁਰਸਕਾਰ ਦਿਵਾਉਣ ਹਿੱਤ ਉਨ੍ਹਾਂ ਜੋ ਤਰੱਦਦ ਕੀਤਾ, ਉਹ ਭੁਲਾਇਆ ਜਾਣ ਵਾਲਾ ਨਹੀਂ। ਉਹ ਦੱਸਦੇ ਸਨ ਕਿ ਇਹ ਪੁਰਸਕਾਰ ਪਤਾ ਨਹੀਂ ਫਿਰ ਕਦ ਪੰਜਾਬੀ ਨੂੰ ਮਿਲਦਾ, ਇਸ ਲਈ ਅਸੀਂ ਸਿਰਤੋੜ ਜਤਨ ਕਰ ਕੇ ਮੈਦਾਨ ਫ਼ਤਹਿ ਕੀਤਾ। ਅਜਿਹੀਆਂ ਹੋਰ ਅਨੇਕ ਘਟਨਾਵਾਂ ਹਨ ਜੋ ਉਨ੍ਹਾਂ ਦੇ ਪੰਜਾਬੀ ਸਨੇਹ ਨੂੰ ਪ੍ਰਗਟ ਕਰਦੀਆਂ ਹਨ।

ਪ੍ਰਭਾਵਸ਼ਾਲੀ ਵਕਤਾ

ਪ੍ਰੋ: ਤਾਲਿਬ ਸਾਹਿਬ ਇਕ ਲਾਇਕ ਲੇਖਕ ਹੀ ਨਹੀਂ ਸਨ, ਉਹ ਉੱਚ ਕੋਟੀ ਦੇ ਆਲ੍ਹਾ ਵਕਤਾ ਵੀ ਸਨ, ਜੋ ਅੰਗਰੇਜ਼ੀ, ਉਰਦੂ ਤੇ ਪੰਜਾਬੀ ਤਿੰਨੇ ਜ਼ਬਾਨਾਂ ਵਿਚ ਵਧੀਆ ਬੋਲ ਸਕਦੇ ਸਨ ਤੇ ਉਨ੍ਹਾਂ ਦੇ ਬੋਲਣ ਦਾ ਵੱਖਰਾ ਅੰਦਾਜ਼ ਤੇ ਆਲਮਾਨਾ ਪ੍ਰਭਾਵ ਸੀ। ਇਕ ਗੱਲ ਹੋਰ ਜੋ ਸ਼ਾਇਦ ਹਰ ਵਕਤਾ ਵਿਚ ਨਹੀਂ ਹੁੰਦੀ, ਉਨ੍ਹਾਂ ਦੇ ਬੋਲ ਵਿਚ ਇਕ ਅਨੋਖਾ ਜਿਹਾ ਰਸ ਸੀ ਜੋ ਹਰ ਸਰੋਤੇ ਨੂੰ ਮੁਗਧ ਕਰ ਲੈਂਦਾ ਸੀ ਤੇ ਉਨ੍ਹਾਂ ਦੀ ਭਰਵੀਂ ਅਵਾਜ਼ ਤੇ ਬਲਵਾਨ ਸਾਹਿੱਤਕ-ਸ਼ੈਲੀ ਹਰ ਮਜਲਸ ਵਿਚ ਆਪਣਾ ਪ੍ਰਭਾਵ ਪਾਏ ਬਗ਼ੈਰ ਨਹੀਂ ਰਹਿੰਦੀ। ਪਰ ਅੱਜ ਉਸ ਮਾਲਵੇਂਦਰ ਬੱਬਰ ਸ਼ੇਰ ਦੀ ਬੋਲ ਬਾਣੀ ਸਦਾ ਦਾ ਮੌਨ ਧਾਰ ਗਈ ਹੈ, ਜਿਸ ਦੇ ਮੁੜ ਗੁੰਜਾਇਮਾਨ ਹੋਣ ਦੀ ਉਮੀਦ ਨਹੀਂ। ਡਾ: ਇਕਬਾਲ ਨੇ ਕਿਤੇ ਕਿਹਾ ਸੀ ਕਿ ਜੋ ਸਾਜ਼ ਦੀ ਅਵਾਜ਼ ਆਉਂਦੀ ਪਈ ਸੀ, ਉਹ ਸ਼ਾਇਦ ਹੁਣ ਆਵੇ ਕਿ ਨਾ ਆਵੇ, ਜੋ ਮੱਕੇ ਵੱਲੋਂ ਪੌਣ ਵਗਦੀ ਸੀ, ਹੁਣ ਆਵੇ ਕਿ ਨਾ ਆਵੇ। ਇਸ ਫ਼ਕੀਰ ਦਾ ਦਾਨਾ ਪਾਣੀ ਮੁੱਕ ਗਿਆ ਹੈ ਅਤੇ ਹੁਣ ਹੋਰ ਰਹੱਸ ਦਾ ਭੇਤੀ ਦਾਨਾ, ਕੋਈ ਆਵੇ ਕਿ ਨਾ ਆਵੇ।

> **ਸਰੋਦਿ ਰਫ਼ਤਾ ਬਾਜ਼ ਮੀਆਯਦ ਕਿ ਨਾ ਆਯਦ**
> **ਨਸੀਮਿ ਅਜ਼ ਹਿਜਾਜ਼, ਆਯਦ ਕਿ ਨ ਆਯਦ**
> **ਸਰ ਆਮਦ ਰੋਜ਼ ਸਾਰਿ ਈ ਫ਼ਕੀਰੇ**
> **ਦੀਗਰ ਦਾਨਾਇ ਰਾਜ਼ ਆਯਦ ਕਿ ਨ ਆਯਦ।** *(ਡਾ: ਇਕਬਾਲ)*

ਬਾਬਾ ਫ਼ਰੀਦ ਜੀ ਦਾ ਮੁਰੀਦ ਪ੍ਰੋ: ਗੁਰਚਰਨ ਸਿੰਘ

ਕੁਦਰਤ ਅੰਦਰ ਆਦਿ ਕਾਲ ਤੋਂ ਇਕ ਅਟੱਲ ਨਿਯਮ ਵਰਤ ਰਿਹਾ ਹੈ ਕਿ ਜੋ ਕੋਈ ਆਉਂਦਾ ਹੈ, ਉਹ ਜਾਂਦਾ ਵੀ ਹੈ। ਜੋ ਉਪਜਦਾ ਹੈ, ਸੋ ਬਿਨਸਦਾ ਵੀ ਹੈ। ਸੂਰਜ ਰੋਜ਼ਾਨਾ ਚੜ੍ਹਦਾ ਹੈ, ਪਰ ਸ਼ਾਮੀਂ ਲਹਿੰਦਾ ਵੀ ਹੈ। ਹਰ ਸਿਤਾਰਾ ਉਦੈ ਹੁੰਦਾ ਹੈ ਅਤੇ ਅਸਤ ਵੀ ਹੁੰਦਾ ਹੈ। ਬਨਸਪਤੀ ਜਗਤ ਵਿਚ ਹਰ ਫੁੱਲ ਖਿੜਦਾ ਖਿੜਾਉਂਦਾ ਹੈ ਤੇ ਅੰਤ ਨੂੰ ਮੁਰਝਾਉਂਦਾ ਵੀ ਹੈ, ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸੂਰਜ, ਚੰਦ ਦਾ ਪ੍ਰਕਾਸ਼, ਮੁਸਾਫ਼ਰਾਂ ਦਾ ਰਾਹ ਰੁਸ਼ਨਾਉਂਦਾ ਆਇਆ ਹੈ ਅਤੇ ਫੁੱਲ ਆਪਣੇ ਖੇੜੇ 'ਤੇ ਮਹਿਕ ਦੀ ਭਿੰਨੀ ਭਿੰਨੀ ਯਾਦਗਾਰ ਸੰਸਾਰ ਲਈ ਛੱਡ ਹੀ ਜਾਂਦਾ ਹੈ।

ਪ੍ਰੋ: ਗੁਰਚਰਨ ਸਿੰਘ ਸਵਾ ਪੰਝੱਤਰ ਸਾਲ ਦਾ ਰੈਣਿ ਬਸੇਰਾ ਕਰ ਕੇ ਸਾਥੋਂ ਅਚਾਨਕ ਵਿਦਾ ਹੋ ਗਏ ਹਨ, ਪਰ ਉਨ੍ਹਾਂ ਦੀ ਮੁਹੱਬਤ ਤੇ ਮਧੁਰ ਮਨੋਹਰ ਸ਼ਖ਼ਸੀਅਤ ਦੀ ਸੁਗੰਧ ਅਜੇ ਵੀ ਮਹਿਫ਼ਲ ਵਿਚ ਮੁਸਕਰਾਉਂਦੀ ਨਜ਼ਰ ਆ ਜਾਂਦੀ ਹੈ। ਜਿਥੇ ਆਪ ਉੱਚ ਕੋਟੀ ਦੇ ਇਤਿਹਾਸਵੇਤਾ ਅਤੇ ਕਾਮਯਾਬ ਅਧਿਆਪਕ ਸਨ, ਉਥੇ ਉਹ ਮਹਾਨ ਸਮਾਜ ਸੇਵਕ ਤੇ ਹਰੇਕ ਦਾ ਦੁੱਖ-ਸੁੱਖ ਵੰਡਾਉਣ ਵਾਲੇ ਪਰਉਪਕਾਰੀ ਪੁਰਸ਼ ਵੀ ਸਨ।

ਆਪ ਦਾ ਜਨਮ ਸ੍ਰੀ ਕਰਤਾਰ ਸਿੰਘ ਰਾਇਪੁਰੀਏ ਦੇ ਘਰ ਸੰਗਰੂਰ ਵਿਖੇ 6 ਮਾਰਚ 1922 ਈ: ਨੂੰ ਹੋਇਆ ਤੇ ਦੇਹਾਂਤ 5 ਜੂਨ 1997 ਈ: ਨੂੰ ਪਟਿਆਲੇ। ਸਿੱਖ ਨੈਸ਼ਨਲ ਕਾਲਜ, ਲਾਹੌਰ ਤੋਂ ਹਿਸਟਰੀ ਦੀ ਐੱਮ.ਏ. ਕੀਤੀ ਤੇ ਬ੍ਰਿਜੇਂਦਰਾ ਕਾਲਜ, ਫ਼ਰੀਦਕੋਟ ਵਿਖੇ 1943 ਈ: ਵਿਚ ਲੈਕਚਰਾਰ ਆਣ ਲੱਗੇ। 1952 ਵਿਚ ਆਪ ਬਦਲ ਕੇ ਮਹਿੰਦਰਾ ਕਾਲਜ ਪਟਿਆਲੇ ਆ ਗਏ ਤੇ ਇਥੇ ਕਾਫ਼ੀ ਅਰਸਾ ਹੋਸਟਲ ਦੇ ਸੁਪ੍ਰਿੰਟੈਂਡੈਂਟ ਦੀ ਵੀ ਸੇਵਾ ਨਿਭਾਉਂਦੇ ਰਹੇ। ਫਿਰ 1969 ਤੋਂ 1971 ਈ: ਤਕ ਬ੍ਰਿਜੇਂਦਰਾ ਕਾਲਜ ਫ਼ਰੀਦਕੋਟ ਦੇ ਪ੍ਰਿੰਸੀਪਲ ਜਾ ਲੱਗੇ। 1971 ਤੋਂ 1975 ਈ: ਤਕ ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਰਹੇ ਤੇ ਮੁੜ ਫ਼ਰੀਦਕੋਟ ਕਾਲਜ ਦੀ ਪ੍ਰਿੰਸੀਪਲੀ ਜਾ ਸੰਭਾਲੀ। ਇਸ ਤੋਂ ਉਪਰੰਤ ਡੈਪੂਟੇਸ਼ਨ 'ਤੇ ਸ਼ਿਵਾਲਿਕ ਕਾਲਜ, ਨਯਾ ਨੰਗਲ (ਨੰਗਲ ਡੈਮ) ਦੇ ਪ੍ਰਿੰਸੀਪਲ ਜਾ ਲੱਗੇ। ਇਸ ਨਵੇਂ ਕਾਲਜ ਦਾ ਸਾਰਾ ਢਾਂਚਾ ਆਪ ਦੀ ਦੇਖ-ਰੇਖ ਹੇਠ ਹੀ ਤਿਆਰ ਹੋਇਆ ਤੇ ਥੋੜ੍ਹੇ ਅਰਸੇ ਵਿਚ ਹੀ ਇਹ ਇਲਾਕੇ ਦਾ ਮੁੱਖ ਵਿਦਿਅਕ ਕੇਂਦਰ ਬਣ ਗਿਆ। ਆਪ ਜਿਥੇ ਵੀ ਗਏ, ਹਰ ਥਾਂ ਤਨ, ਮਨ ਨਾਲ ਜ਼ਿੰਮੇਵਾਰੀ ਨਿਭਾਉਂਦੇ ਰਹੇ ਤੇ ਸਦਾ ਇਲਾਕੇ ਦੀ ਖ਼ੁਸ਼ੀ ਹਾਸਲ

ਕਰਦੇ ਰਹੇ। ਮਿਹਨਤ, ਮੁਹੱਬਤ, ਮੇਲ-ਮਿਲਾਪ ਤੇ ਫਿਰ ਮਸਕੀਨਗੀ ਆਪ ਦੇ ਉਦਾਰ ਕਿਰਦਾਰ ਦਾ ਖ਼ਾਸਾ ਸੀ, ਤਲਖ਼ੀ ਜਾਂ ਕਠੋਰਤਾ ਉਨ੍ਹਾਂ ਦੇ ਕਦੀ ਨੇੜੇ ਨਹੀਂ ਸੀ ਫਟਕਦੀ। ਇਸ ਤਰ੍ਹਾਂ ਉਨ੍ਹਾਂ ਸਾਰੀ ਸਰਕਾਰੀ ਚਾਕਰੀ ਦਾ ਸਮਾਂ ਬੜੀ ਹੀ ਖ਼ੁਸ਼ਅਸਲੂਬੀ ਨਾਲ ਨਿਭਾਇਆ ਤੇ ਹਰ ਥਾਂ ਪੂਰਾ ਮਾਣ ਪਾਇਆ।

ਇਸ ਤੋਂ ਇਲਾਵਾ ਜੋ ਉਨ੍ਹਾਂ ਨੇ ਵੱਡੇ ਕਾਰਨਾਮੇ ਕੀਤੇ, ਉਹ ਸਦਾ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣ ਲਾਇਕ ਹਨ। ਪਹਿਲਾ ਕੰਮ, 'ਬਾਬਾ ਫ਼ਰੀਦ ਮੈਮੋਰੀਅਲ ਸੁਸਾਇਟੀ' ਦੀ ਸਥਾਪਨਾ ਹੈ, ਜੋ ਉਸ ਸਮੇਂ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀ ਪ੍ਰੇਰਨਾ ਤੇ ਸਰਪ੍ਰਸਤੀ ਹੇਠ ਅਰੰਭ ਕੀਤੀ। ਗਿਆਨੀ ਜੀ ਨੇ ਇਸ ਕਾਰਜ ਨੂੰ ਅੱਗੇ ਤੋਰਨ ਲਈ ਪੰਜ ਲੱਖ ਦੀ ਗ੍ਰਾਂਟ ਵੀ ਦਿੱਤੀ। ਸੋ, ਉਹ ਸੁਸਾਇਟੀ ਸਾਜ ਕੇ ਚੁੱਪ ਕਰ ਕੇ ਨਹੀਂ ਬੈਠੇ, ਸਗੋਂ ਤਰ੍ਹਾਂ ਤਰ੍ਹਾਂ ਦੀ ਯੋਜਨਾਬੰਦੀ ਕਰ ਕੇ, ਸਮਾਗਮਾਂ ਦਾ ਪ੍ਰਵਾਹ ਚਲਾਇਆ।

ਫ਼ਰੀਦਕੋਟ, ਪਟਿਆਲੇ, ਦਿੱਲੀ, ਹੈਦਰਾਬਾਦ ਆਦਿ ਕਈ ਥਾਵਾਂ 'ਤੇ ਵੱਡੇ ਵੱਡੇ ਸੈਮੀਨਾਰ ਕੀਤੇ, ਜਿਨ੍ਹਾਂ ਵਿਚ ਦੇਸ਼ ਦੇ ਉੱਘੇ ਨੇਤਾ ਸ਼ਾਮਲ ਹੋਏ ਤੇ ਖ਼ਾਸ ਕਰਕੇ ਮੁਸਲਿਮ ਸੂਫ਼ੀ ਦਰਵੇਸ਼ਾਂ ਦੀ ਸ਼ਮੂਲੀਅਤ ਨੂੰ ਵੀ ਯਕੀਨੀ ਬਣਾਇਆ। ਨਤੀਜਾ ਇਹ ਹੋਇਆ ਕਿ ਉਧਰ ਪਾਕਿਸਤਾਨ ਸਰਕਾਰ ਨੇ ਲਾਹੌਰ ਵਿਖੇ ਬਾਬਾ ਫ਼ਰੀਦ ਦੀ ਯਾਦਗਾਰ ਵਿਚ ਇਕ ਭਾਰੀ ਕਾਨਫ਼ਰੰਸ ਰਚਾਈ, ਜਿਸ ਦੀ ਪ੍ਰਧਾਨਗੀ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਬੇਨਜ਼ੀਰ ਭੁੱਟੋ ਨੇ ਨਿਭਾਈ ਤੇ ਪ੍ਰੋਫ਼ੈਸਰ ਸਾਹਿਬ ਵੀ ਡੈਲੀਗੇਸ਼ਨ ਲੈ ਕੇ ਉਥੇ ਗਏ। ਇਸ ਗੱਲ ਉੱਤੇ ਸਾਰੇ ਮੁਸਲਮਾਨ ਹੈਰਾਨ ਸਨ ਕਿ ਲੰਮ-ਸਲੰਮਾ ਸਿੱਖ ਸਰਦਾਰ ਕਿਸ ਤਰ੍ਹਾਂ ਬਾਬਾ ਫ਼ਰੀਦ ਜੀ ਦੇ ਨਾਂ ਨੂੰ ਉਜਾਗਰ ਕਰ ਰਿਹਾ ਹੈ। ਇਸ ਤਰ੍ਹਾਂ ਪਿਛਲੇ 20-25 ਸਾਲਾਂ ਵਿਚ ਬਾਬਾ ਫ਼ਰੀਦ ਜੀ ਦੇ ਬਾਰੇ ਛੋਟੇ ਵੱਡੇ ਦਰਜਨਾਂ ਸਮਾਗਮ ਕੀਤੇ ਤੇ ਦਰਜਨਾਂ ਹੀ ਹਿੰਦੀ, ਪੰਜਾਬੀ ਤੇ ਫ਼ਾਰਸੀ ਅੱਖਰਾਂ ਵਿਚ ਕਿਤਾਬਾਂ ਛਾਪ ਕੇ ਬਾਬਾ ਫ਼ਰੀਦ ਜੀ ਦਾ ਕਲਾਮ ਤੇ ਉਨ੍ਹਾਂ ਦਾ ਜੀਵਨ ਪ੍ਰਚਾਰਿਆ। ਇਸ ਦਾ ਚੰਗਾ ਸਿੱਟਾ ਇਹ ਨਿਕਲਿਆ ਕਿ ਅਨੇਕਾਂ ਮੁਸਲਮ ਮਜ਼ਬੀ ਨੇਤਾ ਤੇ ਰਾਜਸੀ ਆਗੂ ਸਿੱਖਾਂ ਦੇ ਸੰਪਰਕ ਵਿਚ ਆਏ ਤੇ ਪਰਸਪਰ ਪਿਆਰ ਦੀ ਭਾਵਨਾ ਵਧੇਰੇ ਪ੍ਰਫੁੱਲਤ ਹੋਈ।

ਇਹ ਸਾਂਝੀਵਾਲਤਾ ਦੀ ਨੀਤੀ ਦਾ ਸਿਹਰਾ ਤਾਂ ਗੁਰੂ ਨਾਨਕ ਸਾਹਿਬ ਨੂੰ ਹੀ ਜਾਂਦਾ ਹੈ, ਜਿਨ੍ਹਾਂ ਪੰਜ ਸਦੀਆਂ ਪਹਿਲਾਂ ਬਾਬਾ ਫ਼ਰੀਦ ਜੀ ਦਾ ਰੂਹਾਨੀ ਕਲਾਮ ਆਦਰ ਸਤਿਕਾਰ ਨਾਲ ਆਪਣੀ ਬਾਣੀ ਦੇ ਨਾਲ ਦਰਜ ਕਰਾਇਆ ਤੇ ਸਿੱਖਾਂ ਨੇ ਇਸ ਨੂੰ ਥਾਂ-ਥਾਂ ਪ੍ਰੇਮ ਪਿਆਰ ਨਾਲ ਗਾਇਆ। ਪ੍ਰੋਫ਼ੈਸਰ ਸਾਹਿਬ ਦਾ ਯੋਗਦਾਨ ਇਸ ਲਈ ਸ਼ਲਾਘਾਯੋਗ ਹੈ ਕਿ ਉਨ੍ਹਾਂ ਭੁੱਲੇ ਵਿਸਰੇ ਬਾਬਾ ਫ਼ਰੀਦ ਜੀ ਦਾ ਦੀਦਾਰ ਮੁੜ ਕਰਵਾਇਆ ਤੇ ਉਨ੍ਹਾਂ ਦੇ ਸੰਦੇਸ਼ "ਫ਼ਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ।" (ਪੰਨਾ 1381-82) ਯਾਦ ਕਰਾ ਕੇ ਸਾਰੀ ਇਨਸਾਨੀਅਤ ਦਾ ਮੇਲ-ਮਿਲਾਪ ਰਚਾਇਆ।

ਇਸੇ ਤਰ੍ਹਾਂ ਦਾ ਆਪ ਦਾ ਦੂਜਾ ਕਾਰਨਾਮਾ ਵੀ ਵਰਣਨਯੋਗ ਹੈ। ਆਪ ਨੇ

ਪੰਜਾਬ ਦੇ ਮਹਾਨ ਯੋਧੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ (1718-1783 ਈ:) ਦੀ ਦੇਸ਼-ਸੇਵਾ ਨੂੰ ਰਾਸ਼ਟਰੀ ਪੱਧਰ 'ਤੇ ਉਜਾਗਰ ਕਰਨ ਦਾ ਬੀੜਾ ਉਠਾਇਆ। ਸ੍ਰੀ ਦਲਜੀਤ ਸਿੰਘ ਦਿੱਲੀ ਵਾਲਿਆਂ ਦੇ ਸਹਿਯੋਗ ਸਦਕੇ ਆਪ ਨੇ 'ਫਿਕੀ ਆਡੀਟੋਰੀਅਮ' ਦਿੱਲੀ ਵਿਚ ਇਕ ਵੱਡਾ ਸੈਮੀਨਾਰ ਰਚਾਇਆ, ਜਿਸ ਵਿਚ ਦੋ ਦਰਜਨ ਤੋਂ ਉੱਤੇ ਇਤਿਹਾਸਕਾਰ ਵਿਦਵਾਨਾਂ ਨੇ ਭਾਗ ਲਿਆ ਤੇ ਆਪਣੇ ਖੋਜ-ਪੱਤਰ ਪੇਸ਼ ਕੀਤੇ। ਪਿੱਛੋਂ ਇਨ੍ਹਾਂ ਪਰਚਿਆਂ ਨੂੰ ਪ੍ਰਸਿੱਧ ਇਤਿਹਾਸ-ਖੋਜੀ ਸ੍ਰੀ ਬਲਦੇਵ ਰਾਜ ਗਰੋਵਰ ਨੇ ਸੰਪਾਦਿਤ ਕਰ ਕੇ ਚਾਰ ਸੌ ਪੰਨੇ ਦਾ ਵੱਡਾ ਗ੍ਰੰਥ ਤਿਆਰ ਕੀਤਾ, ਜਿਸ ਨੂੰ ਪੰਜਾਬੀ ਸਾਹਿੱਤ ਅਕਾਦਮੀ, ਦਿੱਲੀ ਨੇ ਪ੍ਰਕਾਸ਼ਿਤ ਕੀਤਾ। ਇਹ ਸਾਰੀ ਯੋਜਨਾ ਪ੍ਰੋਫ਼ੈਸਰ ਗੁਰਚਰਨ ਸਿੰਘ ਦੀ ਸੂਝ-ਬੂਝ ਤੇ ਮਿਹਨਤ ਦਾ ਨਤੀਜਾ ਸੀ।

ਇਹ ਕਹਿਣ ਵਿਚ ਰਤਾ ਸੰਕੋਚ ਨਹੀਂ ਕਿ ਬਾਬਾ ਫ਼ਰੀਦ ਯਾਦਗਾਰੀ ਸੁਸਾਇਟੀ ਆਪ ਦੀ ਅਮਰ ਯਾਦਗਾਰ ਹੈ, ਜਿਸ ਨੇ ਬਾਬਾ ਫ਼ਰੀਦ ਵਾਲੀ ਸਹਿਣਸ਼ੀਲਤਾ, ਸੇਵਾ, ਸਨੇਹ ਤੇ ਸਬਰ ਸੰਤੋਖ ਦਾ ਸਬਕ ਪੜ੍ਹਾਇਆ। ਇਹ ਇਕ ਤਰ੍ਹਾਂ ਸੱਚਮੁੱਚ ਪਾਕਪਟਨ ਵਾਲੀ ਫ਼ਰਿਸ਼ਤਿਆਂ ਦੀ ਮਹਿਫ਼ਲ ਬਣ ਗਈ, ਪਰ ਪਤਾ ਨਹੀਂ ਕਦੋਂ ਕਿਸ ਰੂਪ ਵਿਚ ਸ਼ੈਤਾਨ ਵੀ ਆ ਵੜਿਆ, ਮਾਨੋ ਕਿਸੇ ਪ੍ਰੇਤ ਦਾ ਪ੍ਰਵੇਸ਼ ਵੀ ਆਣ ਹੋਇਆ। ਕੁਝ ਬੇਸੁਆਦੀ ਤੇ ਬੇਰਸੀ ਦਾ ਮਾਹੌਲ ਐਸਾ ਹੋਇਆ ਕਿ ਪ੍ਰੋਫ਼ੈਸਰ ਸਾਹਿਬ ਦੀ ਨਾਜ਼ੁਕ ਤਬੀਅਤ ਇਹ ਕੁਝ ਬਰਦਾਸ਼ਤ ਨਾ ਕਰ ਸਕੀ ਤੇ ਉਹ ਇਕਦਮ 'ਅਲਵਿਦਾ' ਕਹਿ ਕੇ ਚੱਲਦੇ ਬਣੇ। ਇਉਂ ਇਹ ਬਾਬਾ ਫ਼ਰੀਦ ਦੇ ਮੁਰੀਦ ਇਕ ਤਰ੍ਹਾਂ ਸ਼ਹੀਦ ਵੀ ਹੋ ਗਏ ਤੇ ਬਿਨਾਂ ਕਿਸੇ ਲੰਮੇ ਰੋਗ-ਸੋਗ ਦੇ ਸਾਨੂੰ ਸਭ ਨੂੰ ਸਦਾ ਦਾ ਵਿਛੋੜਾ ਦੇ ਗਏ, ਪਰ ਦਰਵੇਸ਼ ਬਾਬੇ ਦੀ ਅਸੀਸ ਉਨ੍ਹਾਂ ਦੇ ਨਾਲ ਸੀ :

> **ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥**
> **ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥** *(ਆਸਾ ਫਰੀਦ ਜੀ, ਪੰਨਾ 488)*

ਪੁਰਾਣੇ ਬ੍ਰਾਹਮਣ ਤੇ ਨਵੇਂ ਬ੍ਰਾਹਮਣ

ਪੁਰਾਣੇ ਬ੍ਰਾਹਮਣ ਬੁੱਧੀਮਾਨ ਸਨ ਤੇ ਕੁਝ ਹੱਦ ਤਕ ਧਰਮ ਕਰਮ ਲਈ ਵੀ ਸ਼ਰਧਾਵਾਨ ਸਨ। ਇਨ੍ਹਾਂ ਨੂੰ ਜੋ ਗੱਲ ਸ਼ਾਸਤਰਾਂ ਅਨੁਸਾਰ ਸੁੱਝਦੀ ਸੀ, ਉਹ ਕਹਿਣ ਤੋਂ ਸੰਕੋਚ ਨਹੀਂ ਸਨ ਕਰਦੇ। ਭਾਵੇਂ ਇਨ੍ਹਾਂ ਦਾ ਇਸ ਵਿਚ ਕੁਝ ਕੁਝ ਸਵਾਰਥ ਵੀ ਹੁੰਦਾ ਸੀ, ਪਰ ਦਿਲ ਦੀ ਸਫ਼ਾਈ ਨਾਲ ਸੱਚੋ-ਸੱਚ ਕਹਿ ਦਿੰਦੇ ਸਨ। ਜਦ ਅਠਾਰ੍ਹਵੀਂ ਉੱਨੀਵੀਂ ਸਦੀ ਵਿਚ ਸ਼ਸਤਰਧਾਰੀ ਖ਼ਾਲਸੇ, ਆਪਣੇ ਤੇਗ਼ ਦੇ ਜੌਹਰ ਦਿਖਾਉਂਦੇ, ਭਾਰਤੀ ਸੰਸਕ੍ਰਿਤੀ ਅਤੇ ਸ੍ਵੈਮਾਨ ਖ਼ਾਤਰ ਨਿਰਭੈ ਹੋ ਕੇ ਜਾਨਾਂ ਘੋਲ ਘੁਮਾਉਂਦੇ ਅਤੇ ਨਾਦਰ ਤੇ ਅਬਦਾਲੀ ਦੇ ਲਸ਼ਕਰਾਂ ਨੂੰ ਭਜਾਉਂਦੇ ਸ਼ੇਰਾਂ ਵਾਂਗ ਘੁੰਮਰ ਪਾਉਂਦੇ ਨਜ਼ਰ ਆਉਂਦੇ ਸਨ ਤਾਂ ਇਹ ਬੁੱਧੀਮਾਨ ਬ੍ਰਾਹਮਣ ਉਨ੍ਹਾਂ ਦੀ ਪ੍ਰਸੰਸਾ ਕਰਦੇ ਨਹੀਂ ਸੀ ਥੱਕਦੇ। ਉਸ ਵਕਤ ਇਨ੍ਹਾਂ ਸਿਆਣੇ ਪੰਡਤਾਂ ਨੇ 'ਅਕਾਲੀ ਫ਼ੌਜਾਂ' (ਨਿਹੰਗ ਸਿੰਘਾਂ) ਦਾ ਨਾਮ ਹੀ 'ਰਾਜਰਿਸ਼ੀ' ਪਾਇਆ ਹੋਇਆ ਸੀ।

'ਸਕੰਦ ਪੁਰਾਣ' ਵਿਚ ਇਕ ਪੁਰਾਤਨ ਹਵਾਲਾ ਮਿਲਦਾ ਹੈ, ਜਿਸ ਦਾ ਸਾਰੰਸ਼ ਇਹ ਹੈ ਕਿ ਪੱਛਮ ਵਾਲੇ ਪਾਸੇ ਗੁਰੂ ਨਾਨਕ ਅਵਤਾਰ ਲਵੇਗਾ। ਉਸ ਦੇ ਕਿਰਤੀ ਜ਼ਿਮੀਂਦਾਰ ਸਿੱਖ ਹੋਣਗੇ, ਜੋ ਰਾਜ ਕਰਨਗੇ। ਫੇਰ ਗੋਰੇ ਮੂੰਹਾਂ ਵਾਲੇ ਚਤੁਰ ਨੀਤੀਵਾਨ ਆ ਬਹੁੜਨਗੇ। ਉਹ 180 ਵਰ੍ਹੇ ਹਕੂਮਤ ਕਰਨਗੇ, ਪਰ ਇਹ ਆਪਣੀਆਂ ਕੁ-ਨੀਤੀਆਂ ਕਾਰਨ ਲੱਦ ਜਾਣਗੇ। ਇਸ ਤੋਂ ਪਿੱਛੋਂ ਰਾਜ ਰਿਸ਼ੀ (ਸਿੰਘ) ਉੱਠਣਗੇ ਤੇ 350 ਵਰ੍ਹੇ ਰਾਜ ਕਰਨਗੇ।

ਇਹ ਲਿਖਤ ਸੰਸਕ੍ਰਿਤ ਵਿਚ ਹੈ। ਪਾਠਕਾਂ ਦੀ ਗਿਆਤ ਲਈ ਇਸ ਦਾ ਮੂਲ ਪਾਠ ਅੱਗੇ ਦਿੱਤਾ ਜਾ ਰਿਹਾ ਹੈ। ਇਸ ਦਾ ਜੋ ਅਨੁਵਾਦ ਸ੍ਰੀਮਾਨ ਗਣੇਸ਼ਾ ਸਿੰਘ ਬੇਦੀ ਜੀ ਨੇ ਅੱਜ ਤੋਂ ਪਚਾਨਵੇਂ ਵਰ੍ਹੇ ਪਹਿਲਾਂ ਹਿੰਦੀ ਛੰਦਾਬੰਦੀ ਵਿਚ ਕੀਤਾ ਸੀ, ਉਹ ਵੀ ਨਾਲ ਦੇ ਰਿਹਾ ਹਾਂ। 1895 ਈਸਵੀ ਦਾ ਛਪਿਆ ਇਹ ਖੁੱਲ੍ਹਾ ਅਨੁਵਾਦ ਇਸ ਤਰ੍ਹਾਂ ਚੱਲਦਾ ਹੈ:

ਨਿਸ਼ਾਨੀ ਛੰਦ

ਕਲਿ ਮੈਂ ਗੁਰ ਨਾਨਕ ਭਏ, ਹਰਿ ਕੇ ਅਵਤਾਰ।
ਭਨਯੋ 'ਸਕੰਦ ਪੁਰਾਣ' ਮੇਂ, ਸੁਨਿਯੇ ਨਿਰਾਧਾਰ।
ਪ੍ਰਥਮ ਭਾਗ ਜੁ ਪੁਰਾਣ ਕੇ, ਅੱਠਵਿੰਸਤੀ ਧਯਾਉ।

ਤੇਤਿਸ ਆਦਿ ਸ਼ਲੋਕ ਮੇਂ, ਬਰਨਯੋ ਸਮਦਾਊਂ ।1।
ਲਖ ਅਧਰਮ ਕਲਿਕਾਲ ਮੇਂ, ਹੋਵੈ ਧਰਮ ਅਕਾਜਾ।
ਹਤੇ ਮਲੇਛਨ ਕੋ ਪ੍ਰਭੂ, ਸੰਤਨ ਕੇ ਕਾਜਾ।
ਪਸ਼ਚਮ ਬੇਦੀ ਬੰਸ਼ ਮੇਂ, ਸ੍ਰੀ ਨਾਨਕ ਨਾਮਾ।
ਖਤ੍ਰੀ ਕੁਲ ਮੈਂ ਜਨਮ ਲੈ, ਰਿਖਿਰਾਜ ਸਹਾਮਾ ।2।

ਬ੍ਰਹਮ ਗਯਾਨ ਉਪਦੇਸ਼ ਦੇ, ਕਰਹੈਂ ਭਵ ਪਾਰਾ।
ਸੰਭੁਜ ਹਰਿ ਸ੍ਰੀ ਬਿਸ਼ਨ ਕੋ, ਪੂਰਨ ਅਵਤਾਰਾ।
ਪੁਨਹ ਪੁਨਹ ਉਪਦੇਸ਼ ਹੈ, ਯਾਕੋ ਯਹ ਭਾਊ।
ਅੰਗਦਾਦਿ ਅਵਤਾਰ ਹਰਿ, ਬਰਨੇ ਸਮਦਾਊ ।3।

ਜੋ ਇਨ ਕੇ ਮਾਰਗ ਪਰੈ, ਹਰਿਕੋ ਜਸ ਗਾਵੈ।
ਕਰਹਿ ਧਰਮ ਜੁਤ ਰਾਜ ਕੋ, ਸੁਖ ਪਦ ਕੋ ਪਾਵੈ।
ਬਹੁਰਿ ਗੌਰਮੁਖ ਆਨ ਕੇ, ਕਰਹੈਂ ਪਾਤਸ਼ਾਹੀ।
ਨੀਤਿ ਨਿਪੁੰਨ ਮਤਿਵੰਤ ਅਤਿ, ਜਾ ਸਮ ਕੋ ਨਾਹੀ ।4।

ਦੇਹ ਉਪਾਯਨ ਕੋ ਸਬੈ, ਜਗ ਭੂਪ ਮਹਾਨਾ।
ਗਗਨ ਨਾਗ ਸਸਿ ਬਰਖ ਲੋ, ਛਿਤਿਰਾਜ ਪ੍ਰਮਾਨਾ।
ਕਰਹੈ ਬਹੁਤ ਅਨੀਤਿ ਕੋ, ਬਿਧਿਬੇਦ ਬਿਰਾਈ।
ਨ੍ਰਿਪਤਿ ਪਸ਼ਚਮੀ ਲੋਪ ਹ੍ਵੈ, ਇਨ ਕੋ ਬਰ ਆਈ ।5।

ਕਰਹੈ ਜਬ ਅਧਰਮ ਸੋ, ਬਿਨਸੈ ਬਿਨ ਬਾਰਾ।
ਬਹੁਰ ਰਾਜਰਿਖਿ ਮਾਰਗੀ, ਹੈ ਨ੍ਰਿਪਤਿ ਅਪਾਰਾ।
ਕਰਹਿ ਧਰਮ ਯੁਤ ਰਾਜ ਸੋ, ਕਲਿ ਮਹਿ ਪ੍ਰਕਾਸ਼।
ਬਰਖ ਤੀਨ ਸੈ ਪਰ ਲਖੈ, ਪੁਨ ਅਧਿਕ ਪਚਾਸ ।6।

ਕਈ ਲੋਕ ਇਸ ਅਨੁਵਾਦ ਉੱਤੇ ਸ਼ਾਇਦ ਪੂਰਾ ਭਰੋਸਾ ਨਾ ਕਰਨ, ਇਸ ਕਰਕੇ ਅਸਾਂ ਠੀਕ ਸਮਝਿਆ ਹੈ ਕਿ 'ਸਕੰਦ ਪੁਰਾਣ' ਦੇ ਅਸਲ ਸਲੋਕ ਵੀ ਵਿਦਵਾਨ ਪਾਠਕਾਂ ਦੇ ਧਿਆਨ ਗੋਚਰੇ ਕਰ ਦੇਈਏ। ਉਹ ਇਸ ਪ੍ਰਕਾਰ ਹਨ:

ਅਨਾਚਰਾਨ ਬਹੁਨ ਕ੍ਰਿਤਵਾ, ਉਵਾਚ ਤੁ ਪਿਤਾਮਹ।
ਏਵੰ ਵੇ ਪਰਮ ਪ੍ਰਾਭੁਰਯ, ਭਵਿਸ਼ਯਤਿ ਯਦਾਂ ਕਲੌ ।33।
ਤਦਾ ਵੇ ਲੋਕ ਰਛਾਰਥ, ਮਲੇਛਾਨਾ ਨਾਸ਼ ਹੇਤਵੇ।
ਪਸ਼ਚੀਤਿ ਸ਼ੁਭੇ ਦੇਸੇ, ਵੇਦੀ ਬੰਸੇ ਚ ਨਾਨਕ ।34।
ਨਾਮਨਾ ਚ ਭੁਵਿ ਰਾਜਰਿਸਿ, ਬ੍ਰਹਮਗਯਾਨੇਕ ਮਾਨਸ:
ਭਵਿਸ਼ਯਤਿ ਕਲੌ ਸਕੰਦ, ਤੈਤ੍ਰਵਿਤ ਕਲਯਾ ਹਰੇ ।35।
ਸ: ਸ੍ਰੀਮਦਰਾਜ ਸਾਰਦੂਲਾਨੁ ਪਦਿਸ਼ਯ 'ਚ ਪੁਨ:
ਮਲੇਛਨ ਹਨਿਸ਼ਯਤਿ ਸਕੰਦ, ਧਰਮ ਤਤ੍ਵੇ ਪਦੇਸ਼ ਕ੍ਰਿਤ ।36।
ਤੇਨੋਪਦਿਸ਼ਟੰ ਮਾਰਗੀ ਵੇ ਯੇ ਗ੍ਰਿਹਯੰਤਿ ਭੂਮਿਪਾ
ਤੇ ਵੈ ਰਾਜਯੰ ਕਰਿਸ਼ਯੰਤਿ, ਤਸਯਸਿਖਯਾਨੁਸਾਰਤ: ।37।

ਧਰਮੇਣ ਰਾਜ ਬ੍ਰਿਧਿਸ਼ਚ, ਕਲੌ ਤੇਸ਼ਾਂ ਭਵਿਸ਼ਯਤਿ
ਤੇਸ਼ਾਂ ਰਾਜਯਾਤ ਪਰੇ ਕਾਲੇ, ਮਲੇਛਾ ਗੋਰਮੁਖਾਂ ਨ੍ਰਿਪਾ ।38।
ਪ੍ਰਬਲ ਸੰਭਵਿਸ਼ਯੰਤਿ, ਪ੍ਰਜਾ ਰਖਛਣ ਤਤਪਰਾ
ਅਲਪਾਕਾਲੇਨ ਤੇਸ਼ਾਂਤ, ਰਾਜਯ ਬ੍ਰਿਧਿ ਭਵਿਸ਼ਯਤਿ ।39।
ਨ੍ਰਿਪਾ ਬਲਿੰ ਹਨਿਸ਼ਯੰਤਿ, ਗੋਰਬਰਣ ਗਯਾਂਤਰ੍ਰਗਾ
ਅਸ਼ੀਤਿਸ਼ਤ ਰਾਜਯੰਤੇ, ਨੀਤੀਸ਼ਾਸਤ੍ਰਾ ਨੁਸਾਰਤ ।40।
ਕ੍ਰਿਤਵਾ ਪਸ਼ਚਮ ਦੇਸੋਯੇ, ਨ੍ਰਿਪੈਯਾ ਸਯੰਤ ਦਰਸ਼ਨੰ
ਯਦਾਂ ਵੇ ਦੇਵ ਵਿਪ੍ਰੰਚ ਵੇ, ਸਮ ਵੇਤਵਿਰਾਹ ਧੀ: ।41।
ਤਦਾ ਨ੍ਰਿਪਾ ਵਿਜੇਸ਼ਯੰਤਿ, ਮਲੇਛਾਨ ਧਰਮ ਪ੍ਰਾਙਮੁਖਾਨ
ਤਸਮਿਨ ਕਾਲੇ ਪੰਛ ਨਾਥਾ, ਸ਼ਤ ਸ਼ਸ ਚਸ ਹਨਨਸ਼ੇ ।42।
ਭਵਿਸ਼ਯੰਤਿ ਕਲੌ ਸਕੰਦ, ਰਾਜਪਾਲਨ ਤਤਪਰ:
ਰਾਜਰਿਸ਼ੀ-ਮਤ-ਮਾਰਗੀਣਾ, ਆਗਯਾਂ ਲੋਕੇ ਭਵਿਸ਼ਯਤਿ ।43।
ਏਵ ਸ਼ਤ ਤ੍ਰਯੰ ਰਾਜਯੰ ਕ੍ਰਿਤਵਾ ਪੰਚਾਸ਼ਤ ਨਰੇ
ਧਰਮੇਣੇਵ ਕਲੌ ਸਕੰਦ, ਤਤ: ਸੰਸਥਾ ਭਵਿਸ਼ਯਤਿ ।44।

(ਸਕੰਦ ਪੁਰਾਣ, ਅਧਿਆਇ 129)

ਮੇਰੇ ਮਿੱਤਰ ਪੰਡਤ ਵਿਸ਼ਿਸ਼ਟਾ ਨੰਦ ਪੁੱਛਦੇ ਹਨ ਕਿ ਇਹ ਤਾਂ ਰਿਸ਼ੀ ਨੇ ਦੱਸ ਦਿੱਤਾ ਕਿ ਸਿੱਖ ਸਾਢੇ ਤਿੰਨ ਸੌ ਵਰ੍ਹੇ ਰਾਜ ਕਰਨਗੇ, ਪਰ ਇਹ ਦੱਸੋ ਕਿ ਇਹ ਰਾਜ ਸ਼ੁਰੂ ਕਦੋਂ ਹੋਵੇਗਾ? ਮੇਰੀ ਬੇਨਤੀ ਉਨ੍ਹਾਂ ਨੂੰ ਇਤਨੀ ਹੀ ਸੀ ਕਿ ਇਹ 'ਮਾਡਰਨ ਰਾਜਨੀਤੀ ਪੁਰਾਣ' ਵਿੱਚੋਂ ਦੇਖ ਕੇ ਹੀ ਦੱਸਿਆ ਜਾ ਸਕੇਗਾ, ਜੋ ਅਜੇ ਛਪਿਆ ਨਹੀਂ।

ਇਹ ਹੈ ਪੁਰਾਣੇ ਬ੍ਰਾਹਮਣਾਂ ਦੀ ਸਾਫ਼ਗੋਈ। ਹੁਣ ਦੇ ਨਵੇਂ ਜ਼ਮਾਨੇ ਦੇ ਬ੍ਰਾਹਮਣ ਕਿਸ ਪ੍ਰਕਾਰ ਦੇ ਹਨ ਤੇ ਉਨ੍ਹਾਂ ਦੀ ਕੂਟਨੀਤੀ ਕਿਸ ਭਾਂਤ ਦੀ ਹੈ, ਇਸ ਬਾਰੇ ਚਰਚਾ ਕਰਨ ਦੀ ਲੋੜ ਨਹੀਂ। ਦਲਿਤ ਸ਼੍ਰੇਣੀਆਂ ਦੀ ਜਮਾਤ ਨੇ ਹੁਣੇ ਹੁਣੇ ਸਾਰੇ ਅੰਕੜੇ ਇਕੱਠੇ ਕਰਕੇ ਇਹ ਸਿੱਟਾ ਕੱਢਿਆ ਸੀ ਕਿ ਇਸ ਵੇਲੇ ਹਿੰਦ ਸਰਕਾਰ ਦੇ ਮੁੱਖ ਸਿਵਲ ਤੇ ਫ਼ੌਜੀ ਅਧਿਕਾਰੀ, ਮੁੱਖ ਮੰਤਰੀ, ਰਾਜਪਾਲ, ਰਾਜਦੂਤ ਤੇ ਹੋਰ ਸਕੱਤਰ ਆਦਿ ਕੁੱਲ 334 ਬ੍ਰਾਹਮਣ ਹਨ, ਜਿਨ੍ਹਾਂ ਨੇ ਦੇਸ਼ ਦੇ ਰਾਜ-ਪ੍ਰਬੰਧ ਦੀ ਵਾਗਡੋਰ ਸੰਭਾਲੀ ਹੋਈ ਹੈ। ਭਾਵੇਂ ਸ਼ਾਸਤਰਾਂ ਅਨੁਸਾਰ ਬ੍ਰਾਹਮਣ ਨੂੰ ਰਾਜ-ਗੱਦੀ ਉੱਤੇ ਬੈਠਣ ਦਾ ਅਧਿਕਾਰ ਨਹੀਂ ਹੈ, ਜਿਵੇਂ ਕਿ *ਸ਼ਤਪਥ ਬ੍ਰਾਹਮਣ* (4/11/12) ਦਾ ਕਥਨ ਹੈ, 'ਨਵੈ ਬ੍ਰਾਹਮਣੋ ਰਾਜਯਾਯ ਅਨੰ', ਅਰਥਾਤ ਬ੍ਰਾਹਮਣ ਰਾਜ ਦੇ ਯੋਗ ਨਹੀਂ ਹੈ। ਉਹ ਕੇਵਲ ਛੜ੍ਹੀ ਬੰਸੀ ਰਾਜੇ ਨੂੰ ਸਲਾਹ ਮਸ਼ਵਰਾ ਹੀ ਦੇ ਸਕਦਾ ਹੈ। ਪਰ ਅੱਜ ਇਸ ਦੇ ਉਲਟ ਵਾਪਰ ਰਿਹਾ ਹੈ। *ਦੇਵੀ ਭਾਗਵਤ ਪੁਰਾਣ* ਵਿਚ ਤਾਂ ਇਥੋਂ ਤਕ ਲਿਖਿਆ ਹੈ ਕਿ ਜੋ ਪਿਛਲੇ ਜ਼ਮਾਨੇ ਰਾਖਸ਼ ਸਨ, ਉਹੋ ਕਲਿਜੁਗ ਵਿਚ ਬ੍ਰਾਹਮਣ ਬਣ ਕੇ ਆਉਣਗੇ।

ਯੇ ਪੂਰਬੇ ਰਾਖਸ਼ਾ: ਰਾਜਨ,
ਤੇ ਕਲੌ ਬ੍ਰਾਹਮਣਾ, ਸਮਸਤਾ।

ਇਹ ਸਾਰੇ ਨਵੇਂ ਬ੍ਰਾਹਮਣ ਉਪ੍ਰੋਕਤ ਰਾਜ-ਰਿਸ਼ੀਆਂ (ਸਿੱਖਾਂ) ਬਾਰੇ ਕੀ ਸੋਚਦੇ ਹਨ ? ਇਸ ਸਬੰਧੀ ਚੁੱਪ ਹੀ ਭਲੀ ਹੈ, ਪਰ ਇਹ ਤੁਲਨਾਤਮਿਕ ਬੜਾ ਹੀ ਦਿਲਚਸਪ ਹੈ ਕਿ ਪੁਰਾਣੇ ਬ੍ਰਾਹਮਣਾਂ ਦੀ ਸੋਚ ਕਿਸ ਤਰ੍ਹਾਂ ਦੀ ਸੀ ਅਤੇ ਅੱਜ-ਕੱਲ੍ਹ ਦੇ ਨਵੇਂ ਬ੍ਰਾਹਮਣਾਂ ਦੀ ਸੋਚ ਕਿਸ ਤਰ੍ਹਾਂ ਕੰਮ ਕਰ ਰਹੀ ਹੈ।

ਗਿਰਧਰ ਰਾਇ ਮਾਲਵੇ ਦਾ ਉਦਾਸੀ ਸਾਧੂ ਸੀ। ਉਸ ਨੇ ਬੜੀ ਦਲੇਰੀ ਨਾਲ ਬ੍ਰਾਹਮਣੀ ਪ੍ਰਪੰਚ ਦਾ ਪਾਜ ਉਘੇੜਦਿਆਂ ਕਿਹਾ ਸੀ:

ਬ੍ਰਾਹਮਣ ਸਿਉ ਬਿਵਹਾਰਿ ਕਰਿ, ਸੁਖ ਨ ਸੋਯੋ ਕੋਇ।
ਵਿਸ਼ਵਾਮਿਤ੍ਰ ਹਰੀਚੰਦ ਕੋ, ਦੀਓ ਰਾਜ ਸਭ ਖੋਇ।
ਦੀਓ ਰਾਜ ਸਭ ਖੋਇ, ਰਾਵਣ ਤੇ ਇਹ ਬਣਿ ਆਈ।
ਹਰੀ ਜਗਤ ਕੀ ਮਾਇ, ਲਾਜ ਕੀਨੀ ਨਹੀਂ ਰਾਈ।
ਕਹਿ ਗਿਰਧਰ ਕਵੀਰਾਇ, ਬਣੇ ਜਿਹ ਜਗ ਕੇ ਬੈਮਨ।
ਲਾਖੋਂ ਕਰੋ ਉਪਾਇ, ਬੁਰੀ ਛਾਡੇ ਨਹੀਂ ਬੈਮਨ।

(ਕੁੰਡਲੀਏ ਗਿਰਧਰ ਰਾਇ ਕੇ)

ਕਲਾਕਾਰ ਕੀਰਤਨੀਆ ਭਾਈ ਬਖ਼ਸ਼ੀਸ਼ ਸਿੰਘ

ਸਿੱਖੀ ਦਾ ਈਮਾਨ ਧਰਮ ਕੀਰਤਨ ਹੈ ਤੇ ਕੀਰਤਨੀਆ ਇਸ ਦੀ ਜਿੰਦ ਜਾਨ, ਇਸੇ ਕਰਕੇ ਬਾਣੀ ਵਿਚ 'ਭਲੋ ਭਲੋ ਰੇ ਕੀਰਤਨੀਆ' (ਪੰਨਾ 885) ਕਹਿ ਕੇ ਇਸ ਦੀ ਭਰਪੂਰ ਸ਼ਲਾਘਾ ਕੀਤੀ ਗਈ ਹੈ। ਵੀਹਵੀਂ ਸਦੀ ਦੇ ਅੱਧ ਤਕ ਭਾਈ ਹੀਰਾ ਸਿੰਘ, ਭਾਈ ਜਵਾਲਾ ਸਿੰਘ ਤੇ ਭਾਈ ਚਾਂਦ ਵਰਗੇ ਹੀਰੇ ਚੰਨ ਵਾਂਗ ਚਮਕਦੇ ਰਹੇ ਤੇ ਇਸ ਸਦੀ ਦੇ ਅੱਧ ਤੋਂ ਬਾਅਦ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਤੇ ਭਾਈ ਬਖ਼ਸ਼ੀਸ਼ ਸਿੰਘ ਵਰਗੇ ਕਲਾਕਾਰ ਗਵੱਈਏ ਸਿੱਖ ਸਮਾਗਮਾਂ ਦਾ ਸ਼ਿੰਗਾਰ ਬਣੇ ਰਹੇ। ਭਾਈ ਬਖ਼ਸ਼ੀਸ਼ ਸਿੰਘ ਨੂੰ ਸਤਿਗੁਰਾਂ ਮਧੁਰ ਗਲੇ ਦੀ ਬਖ਼ਸ਼ਿਸ਼ ਕੀਤੀ ਹੋਈ ਸੀ ਤੇ ਸੰਗਤ ਦੀ ਅਸੀਸ ਵੀ ਉਨ੍ਹਾਂ ਨੂੰ ਹਾਸਲ ਸੀ, ਇਸ ਕਰਕੇ ਉਨ੍ਹਾਂ ਦੀ ਰੀਸ ਕਰਨਾ ਮੁਸ਼ਕਲ ਜਿਹਾ ਮਾਮਲਾ ਸੀ। ਜਦ ਵੀ ਉਹ ਗਾਉਂਦੇ, ਸੰਗੀਤ ਮੰਡਲ ਵਿਚ ਬਾਜ਼ ਵਾਂਗ ਪ੍ਰਵਾਜ਼ ਕਰਦੇ। ਉਹ ਇਕੱਲੇ ਹੀ ਇਤਨੀ ਬਲਵਾਨ ਸੁਰ ਦੇ ਮਾਲਕ ਸਨ ਕਿ ਉਨ੍ਹਾਂ ਨੂੰ ਕਦੀ ਕਿਸੇ ਹੋਰ ਸਾਥੀ ਦੇ ਆਸਰੇ ਦੀ ਲੋੜ ਨਹੀਂ ਸੀ ਪੈਂਦੀ। ਉਨ੍ਹਾਂ ਦੇ ਕਲਾ ਦੇ ਕਮਾਲ ਵਿਚ ਇਕ ਜਲਾਲ ਭਰਿਆ ਰੰਗ ਹੁੰਦਾ ਸੀ, ਜੋ ਦੀਵਾਨ ਦੇ ਸ੍ਰੋਤਿਆਂ ਵਿਚ ਅਦਭੁੱਤ ਅਨੰਦ ਪੈਦਾ ਕਰ ਦਿੰਦਾ ਸੀ। ਇਤਨੀ ਪ੍ਰਭੁਤਾ ਦੇ ਬਾਵਜੂਦ ਉਨ੍ਹਾਂ ਦੀ ਨਿਮਰਤਾ ਤੇ ਮਸਕੀਨਗੀ ਵੀ ਕਮਾਲ ਦੀ ਸੀ। ਕਦੀ ਵੀ ਉਹ ਆਪਣੇ ਗੁਣ ਉੱਤੇ ਜ਼ਰਾ ਮਾਤਰ ਗੁਮਾਨ ਨਹੀਂ ਸੀ ਕਰਦੇ, ਸਗੋਂ ਸਦਾ ਹੱਥ ਜੋੜੀ ਰੱਖਦੇ। ਪਰ ਸਾਡੀ ਨਾਲਾਇਕੀ ਦੀ ਵੀ ਇੰਤਹਾ ਹੈ ਕਿ ਅਸੀਂ ਐਸੇ ਸਾਜ਼ ਨੂੰ ਖ਼ੁਦ ਹੱਥੀਂ ਤੋੜਿਆ ਮਰੋੜਿਆ। ਜਦ ਸਾਜ਼ ਟੁੱਟ ਗਿਆ ਤਾਂ ਉਸ ਵਿਚੋਂ ਅਵਾਜ਼ ਨਿਕਲਣੀ ਬੰਦ ਹੋ ਗਈ ਤੇ ਅਸਾਂ ਲੋਕਾਂ ਅੰਨ੍ਹੀ ਰਾਜਨੀਤੀ ਦਾ ਸ਼ਿਕਾਰ ਹੋ ਕੇ ਖ਼ੁਦ ਆਪਣਾ ਕੰਮ ਆਪ ਹੀ ਵਿਗਾੜ ਲਿਆ। ਗੁਰਵਾਕ ਹੈ:

ਟੂਟੀ ਤੰਤੁ ਨ ਬਜੈ ਰਬਾਬੁ ॥
ਭੂਲਿ ਬਿਗਾਰਿਓ ਅਪਨਾ ਕਾਜੁ ॥ *(ਆਸਾ ਕਬੀਰ, ਪੰਨਾ 478)*

ਜੀਵਨ

ਭਾਈ ਬਖ਼ਸ਼ੀਸ਼ ਸਿੰਘ ਦਾ ਜਨਮ 29 ਜੂਨ, 1933 ਈ: ਨੂੰ ਮਾਤਾ ਰਾਮ ਕੌਰ ਦੀ ਕੁੱਖੋਂ ਭਾਈ ਕ੍ਰਿਪਾਲ ਸਿੰਘ ਦੇ ਘਰ ਪਿੰਡ ਮੱਖਣਵਿੰਡੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਆਪ ਦੇ ਪਿਤਾ ਰਾਗੀ ਸਨ ਤੇ ਦਾਦਾ ਭਾਈ ਜੁਆਲਾ ਸਿੰਘ ਜੀ ਵੀ

ਚੰਗੇ ਕੀਰਤਨੀਏ ਸਨ। ਇਸ ਪਿਤਾ-ਪੁਰਖੀ ਵਿਰਸੇ ਨੇ ਆਪ ਦੇ ਸੰਗੀਤਕ ਜੀਵਨ ਵਿਚ ਡੂੰਘਾ ਪ੍ਰਭਾਵ ਪਾਇਆ। ਜਦ ਤੇਰ੍ਹਾਂ ਸਾਲ ਦੀ ਉਮਰੇ ਆਪ ਨੇ ਸੰਤ ਬਾਬਾ ਖੜਕ ਸਿੰਘ ਜੀ ਨੂੰ 'ਮਾਈ ਗੁਰ ਚਰਣੀ ਚਿਤੁ ਲਾਈਐ' (ਪੰਨਾ 528) ਸ਼ਬਦ ਗਾ ਕੇ ਸੁਣਾਇਆ ਤਾਂ ਉਹ ਬਹੁਤ ਪ੍ਰਸੰਨ ਹੋਏ ਤੇ ਬਾਲਕ ਨੂੰ ਅਸੀਸ ਦਿੱਤੀ। ਅਜਿਹੇ ਬਜ਼ੁਰਗਾਂ ਦੀਆਂ ਅਸੀਸਾਂ ਦਾ ਸਿੱਟਾ ਸੀ ਕਿ ਆਪ ਸਮੂਹ ਸਿੱਖ ਸੰਗਤ ਦਾ ਅਸ਼ੀਰਵਾਦ ਲੈਣ ਵਿਚ ਵੀ ਸਫਲ ਹੋਏ। ਆਪ ਤਰਨ ਤਾਰਨ, ਅਨੰਦਪੁਰ ਸਾਹਿਬ, ਮੁਕਤਸਰ, ਦੂਖ ਨਿਵਾਰਨ ਪਟਿਆਲਾ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹਜ਼ੂਰੀ ਰਾਗੀ ਦੀ ਸੇਵਾ ਕਰਦੇ ਰਹੇ। ਪੰਜਾਬ ਸਰਕਾਰ ਨੇ ਆਪ ਨੂੰ 'ਸ਼੍ਰੋਮਣੀ ਰਾਗੀ' ਦੀ ਪਦਵੀ ਦੇ ਕੇ ਸਨਮਾਨਿਆ। ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪੰਜ ਸੌ ਸਾਲਾ ਗੁਰੂ ਨਾਨਕ ਪੁਰਬ ਸਮੇਂ ਆਪ ਨੂੰ 'ਮਰਦਾਨਾ ਐਵਾਰਡ' ਦੇ ਕੇ ਸਤਿਕਾਰਿਆ ਤੇ ਇਸੇ ਤਰ੍ਹਾਂ ਗੁਰੂ ਨਾਨਕ ਯੂਨੀਵਰਸਿਟੀ ਨੇ ਵੀ ਆਪਣੀ ਸਥਾਪਨਾ ਦੇ ਤੇਰ੍ਹਵੇਂ ਸਾਲ ਮੈਡਲ ਪ੍ਰਦਾਨ ਕਰ ਕੇ ਆਪ ਦੀ ਕੀਰਤਨ ਕਲਾ ਦੀ ਪ੍ਰਸੰਸਾ ਕੀਤੀ। ਆਪ ਦੀ ਗਾਇਕੀ ਦੀ ਖ਼ੂਬੀ ਇਹ ਸੀ ਕਿ ਉਹ ਕਈ ਵਾਰ ਕਈ ਕਈ ਰਾਗਾਂ ਦਾ ਮਿਸ਼ਰਣ ਕਰਕੇ ਗਾਉਂਦੇ ਤੇ ਤਾਨਾਂ ਪਲਟਿਆਂ ਦਾ ਵੀ ਚਮਤਕਾਰ ਦਿਖਾਉਂਦੇ। ਸ਼ੁੱਧ ਬਾਣੀ ਗਾਉਣਾ ਉਨ੍ਹਾਂ ਦੀ ਖ਼ਾਸ ਵਿਸ਼ੇਸ਼ਤਾ ਸੀ। ਉਹ ਲਗ-ਮਾਤਰ ਦਾ ਵੀ ਫ਼ਰਕ ਨਹੀਂ ਸੀ ਪੈਣ ਦਿੰਦੇ। ਇਸ ਤੋਂ ਇਲਾਵਾ ਬਾਣੀ ਲਈ ਸ਼ਰਧਾ ਵੀ ਆਪ ਦੇ ਦਿਲ ਵਿਚ ਅਥਾਹ ਸੀ। ਉਹ ਸਦਾ ਸ਼ਬਦ ਦਾ ਸਤਿਕਾਰ ਕਰਦੇ ਤੇ ਹੋਰ ਸਾਥੀ ਗਵੱਈਆਂ ਨੂੰ ਵੀ ਬੜੇ ਮਾਣ ਆਦਰ ਦੀ ਨਿਗਾਹ ਨਾਲ ਵੇਖਦੇ। 27 ਨਵੰਬਰ 1990 ਈ: ਨੂੰ ਉਹ ਸਾਥੋਂ ਸਦਾ ਲਈ ਵਿਛੜ ਗਏ, ਪਰ ਆਪ ਦੇ ਗਾਇਣ ਦੀਆਂ ਕੈਸਟਾਂ ਦੱਸਦੀਆਂ ਹਨ ਕਿ ਕਲਾਕਾਰ ਕੀਰਤਨੀਆ ਕਦੀ ਕਾਲ ਦਾ ਸ਼ਿਕਾਰ ਨਹੀਂ ਹੁੰਦਾ। ਆਪ ਦੇ ਸਿਆਣੇ ਬੱਚੇ ਬੱਚੀਆਂ ਨੇ ਵੀ ਪਰਿਵਾਰ ਵਿਚ ਕੀਰਤਨ-ਪਰੰਪਰਾ ਨੂੰ ਜੀਉਂਦਾ ਜਾਗਦਾ ਰੱਖਿਆ ਹੋਇਆ ਹੈ। ਸਤਿਗੁਰੂ ਮਿਹਰ ਕਰਨ ਕਿ ਇਹ ਸਾਰੇ ਆਪਣੇ ਪਿਤਾ ਅਤੇ ਦਾਦੇ-ਪੜਦਾਦੇ ਦੇ ਵਾਂਗ ਹਰਿ ਕੀਰਤਨ ਦੀਆਂ ਗੁੰਜਾਰਾਂ ਪਾਉਂਦੇ ਰਹਿਣ।

ਕਵੇਲੇ ਡੁੱਬਾ ਸੂਰਜ

ਡਾਕਟਰ ਰਵੀ ਤੁਰ ਗਿਆ। ਅਸੀਂ ਕਹਿੰਦੇ ਸਾਂ ਕਿ ਇਹ ਨੌਜੁਆਨ ਬਾਗ਼ਬਾਨ ਸਾਹਿੱਤਕ ਬਗੀਚੇ ਵਿਚ ਨਵੀਆਂ ਬਹਾਰਾਂ ਲਿਆਏਗਾ ਤੇ ਗੁਲਜ਼ਾਰਾਂ ਖਿੜਾਏਗਾ, ਪਰ ਖ਼ੂਨੀ ਖ਼ਿਜ਼ਾਂ ਨੇ ਉਸ ਨੂੰ ਬੇਬਹਾਰਾ ਹੀ ਤੋਰ ਦਿੱਤਾ। ਪਿਛਲੇ ਵੀਹ ਪੱਚੀ ਸਾਲਾਂ ਤੋਂ ਜਿਵੇਂ ਮੈਂ ਉਸ ਨੂੰ ਵੇਖਿਆ, ਉਹ ਪ੍ਰਤਿਭਾਵਾਨ ਨੌਜੁਆਨ ਸ਼ਾਇਸਤਗੀ ਦਾ ਸਰੋਵਰ ਸੀ ਤੇ ਮੁਹੱਜ਼ਬ ਵਰਤਾਰੇ ਦਾ ਮੁਜੱਸਮਾ ਸੀ। ਉਸ ਮਿੱਠ-ਬੋਲੜੇ ਸੱਜਣ ਨੇ ਕਦੀ ਗ਼ੁੱਸੇ ਵਿਚ ਆ ਕੇ ਜ਼ਬਾਨ ਨੂੰ ਤਲਖ਼ ਨਹੀਂ ਸੀ ਕੀਤਾ। ਉਸ ਦੀ ਰਹਿਣੀ-ਬਹਿਣੀ ਤੇ ਬੋਲ-ਚਾਲ ਤੋਂ ਸਦਾ ਫੁੱਲ ਕਿਰਦੇ ਸਨ, ਪਰ ਉਸ ਦੇ ਉਭਰਦੇ ਵਿਅਕਤੀਤਵ ਨੇ ਕੁਝ ਈਰਖਾਲੂ ਵੀ ਪੈਦਾ ਕਰ ਦਿੱਤੇ ਸਨ, ਪਰ ਉਹ ਫਿਰ ਵੀ ਸਹਿਨਸ਼ੀਲ ਹੋ ਕੇ ਵਿਚਰਦਾ ਰਿਹਾ। ਉਹ ਇਕ ਲਾਇਕ ਅਧਿਆਪਕ ਸੀ। ਹੋਣਹਾਰ ਸੁਜਾਨ ਸਮਾਲੋਚਕ, ਸੁਘੜ ਵਕਤਾ ਤੇ ਸੁਯੋਗ ਸੰਗਠਨਕਾਰ ਸੀ, ਪਰ ਅੰਨ੍ਹਾ ਤੁਅੱਸਬ ਉਸ ਦੇ ਇਹ ਗੁਣ ਵੇਖ ਨਾ ਸਕਿਆ। ਉਸ ਨੂੰ ਅਜਿਹੀ ਨਾਲਾਇਕ ਹੋਣੀ ਨਾਲ ਸਿੱਝਣਾ ਪਿਆ, ਜਿਸ ਦੇ ਉਹ ਲਾਇਕ ਨਹੀਂ ਸੀ।

ਮਿੱਤ੍ਰ ਮੰਡਲ ਤੇ ਅਮਰ ਪਰਿਵਾਰ ਨੇ ਜੋ ਕੁਝ ਗੁਆਇਆ, ਉਹ ਤਾਂ ਕਹਿਣ ਤੋਂ ਬਾਹਰ ਹੈ, ਪਰ ਸਾਹਿੱਤਕ ਜਗਤ ਵਿਚ ਵੀ ਇਸ ਕੁਵੇਲੇ ਡੁੱਬੇ ਸੂਰਜ ਨੇ ਹਨੇਰਾ ਲਿਆ ਦਿੱਤਾ। ਅਸੀਂ ਜਾਣਦੇ ਹਾਂ ਕਿ ਅਨ੍ਹੇਰੀ ਗਲੀ ਕਿਸੇ ਮੰਜ਼ਿਲ 'ਤੇ ਨਹੀਂ ਪਹੁੰਚਦੀ, ਇਕ ਅਵੇੜਾ ਘੋੜਾ ਆਪਣੇ ਹੀ ਸਵਾਰ ਨੂੰ ਪੈਰਾਂ ਹੇਠ ਮਧੋਲ ਕੇ ਮਾਰ ਦਿੰਦਾ ਹੈ, ਪਰ ਫਿਰ ਵੀ ਅਗਿਆਨ ਇਤਨਾ ਪ੍ਰਧਾਨ ਹੈ ਕਿ ਅਸੀਂ ਆਪਣੇ ਆਪ ਦਾ ਖ਼ੁਦ ਘਾਣ ਕਰੀ ਜਾ ਰਹੇ ਹਾਂ। ਸਿੱਖੀ ਲੋਕ-ਸੇਵਾ ਹੈ, ਲੋਕ-ਹੱਤਿਆ ਨਹੀਂ। ਧਰਮ ਸਰਬੱਤ ਦਾ ਪਿਆਰ ਹੈ, ਸਰਬੱਤ ਦਾ ਸੰਘਾਰ ਨਹੀਂ। ਅਸੀਂ ਕਿਤਨੇ ਹੀ ਗੁਣੀ ਗਿਆਨੀ, ਵਿਦਵਾਨ, ਮਿੱਤਰ ਪਿਆਰੇ ਗਵਾ ਲਏ, ਪਰ ਹਾਸਲ ਕੁਝ ਵੀ ਨਹੀਂ ਹੋਇਆ। ਕਾਸ਼! ਅਸੀਂ 'ਲੰਮੀ ਨਦਰਿ' ਨਾਲ ਦੇਖ ਸਕਦੇ।

ਇਹ ਠੀਕ ਹੈ ਕਿ ਜੋ ਆਇਆ, ਉਸ ਨੇ ਇਕ ਦਿਨ ਜਾਣਾ ਹੀ ਹੈ, ਜੋ ਸੂਰਜ ਚੜ੍ਹਿਆ ਹੈ, ਉਸ ਨੇ ਡੁੱਬਣਾ ਵੀ ਹੈ, ਪਰ ਜਦੋਂ ਸ਼ਾਮ ਦੀ ਥਾਂ ਸੂਰਜ ਸਿਖਰ ਦੁਪਹਿਰ ਕੁਵੇਲੇ ਹੀ ਧੜੰਮ ਕਰ ਕੇ ਡਿੱਗ ਜਾਵੇ ਤਾਂ ਸਵੇਰੇ ਹਾਹਾਕਾਰ ਮਚ ਜਾਂਦੀ ਹੈ ਤੇ ਅਕਾਸ਼ ਅੰਧਕਾਰ ਨਾਲ ਭਰ ਜਾਂਦਾ ਹੈ। ਰੱਬ ਕਰੇ ਅਸੀਂ ਇਸ ਅੰਧਕਾਰ ਵਿਚੋਂ ਛੇਤੀ ਹੀ ਬਾਹਰ ਆਈਏ ਤੇ ਵਿਨਾਸ਼ ਦੀ ਥਾਂ ਵਿਕਾਸ ਵੱਲ ਕਦਮ ਵਧਾਈਏ!

ਚੰਗੇ ਕੀਰਤਨੀਏ ਸਨ। ਇਸ ਪਿਤਾ-ਪੁਰਖੀ ਵਿਰਸੇ ਨੇ ਆਪ ਦੇ ਸੰਗੀਤਕ ਜੀਵਨ ਵਿਚ ਡੂੰਘਾ ਪ੍ਰਭਾਵ ਪਾਇਆ। ਜਦ ਤੇਰ੍ਹਾਂ ਸਾਲ ਦੀ ਉਮਰੇ ਆਪ ਨੇ ਸੰਤ ਬਾਬਾ ਖੜਕ ਸਿੰਘ ਜੀ ਨੂੰ 'ਮਾਈ ਗੁਰ ਚਰਣੀ ਚਿਤੁ ਲਾਈਐ' (ਪੰਨਾ 528) ਸ਼ਬਦ ਗਾ ਕੇ ਸੁਣਾਇਆ ਤਾਂ ਉਹ ਬਹੁਤ ਪ੍ਰਸੰਨ ਹੋਏ ਤੇ ਬਾਲਕ ਨੂੰ ਅਸੀਸ ਦਿੱਤੀ। ਅਜਿਹੇ ਬਜ਼ੁਰਗਾਂ ਦੀਆਂ ਅਸੀਸਾਂ ਦਾ ਸਿੱਟਾ ਸੀ ਕਿ ਆਪ ਸਮੂਹ ਸਿੱਖ ਸੰਗਤ ਦਾ ਅਸ਼ੀਰਵਾਦ ਲੈਣ ਵਿਚ ਵੀ ਸਫਲ ਹੋਏ। ਆਪ ਤਰਨ ਤਾਰਨ, ਅਨੰਦਪੁਰ ਸਾਹਿਬ, ਮੁਕਤਸਰ, ਦੂਖ ਨਿਵਾਰਨ ਪਟਿਆਲਾ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹਜ਼ੂਰੀ ਰਾਗੀ ਦੀ ਸੇਵਾ ਕਰਦੇ ਰਹੇ। ਪੰਜਾਬ ਸਰਕਾਰ ਨੇ ਆਪ ਨੂੰ 'ਸ਼੍ਰੋਮਣੀ ਰਾਗੀ' ਦੀ ਪਦਵੀ ਦੇ ਕੇ ਸਨਮਾਨਿਆ। ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪੰਜ ਸੌ ਸਾਲਾ ਗੁਰੂ ਨਾਨਕ ਪੁਰਬ ਸਮੇਂ ਆਪ ਨੂੰ 'ਮਰਦਾਨਾ ਐਵਾਰਡ' ਦੇ ਕੇ ਸਤਿਕਾਰਿਆ ਤੇ ਇਸੇ ਤਰ੍ਹਾਂ ਗੁਰੂ ਨਾਨਕ ਯੂਨੀਵਰਸਿਟੀ ਨੇ ਵੀ ਆਪਣੀ ਸਥਾਪਨਾ ਦੇ ਤੇਰ੍ਹਵੇਂ ਸਾਲ ਮੈਡਲ ਪ੍ਰਦਾਨ ਕਰ ਕੇ ਆਪ ਦੀ ਕੀਰਤਨ ਕਲਾ ਦੀ ਪ੍ਰਸੰਸਾ ਕੀਤੀ। ਆਪ ਦੀ ਗਵੈਸ਼ ਦੀ ਖ਼ੂਬੀ ਇਹ ਸੀ ਕਿ ਉਹ ਕਈ ਵਾਰ ਕਈ ਕਈ ਰਾਗਾਂ ਦਾ ਮਿਸ਼ਰਣ ਕਰਕੇ ਗਾਉਂਦੇ ਤੇ ਤਾਨਾਂ ਪਲਟਿਆਂ ਦਾ ਵੀ ਚਮਤਕਾਰ ਦਿਖਾਉਂਦੇ। ਸ਼ੁੱਧ ਬਾਣੀ ਗਾਉਣਾ ਉਨ੍ਹਾਂ ਦੀ ਖ਼ਾਸ ਵਿਸ਼ੇਸ਼ਤਾ ਸੀ। ਉਹ ਲਗ-ਮਾਤਰ ਦਾ ਵੀ ਫ਼ਰਕ ਨਹੀਂ ਸੀ ਪੈਣ ਦਿੰਦੇ। ਇਸ ਤੋਂ ਇਲਾਵਾ ਬਾਣੀ ਲਈ ਸ਼ਰਧਾ ਵੀ ਆਪ ਦੇ ਦਿਲ ਵਿਚ ਅਥਾਹ ਸੀ। ਉਹ ਸਦਾ ਸ਼ਬਦ ਦਾ ਸਤਿਕਾਰ ਕਰਦੇ ਤੇ ਹੋਰ ਸਾਥੀ ਗਵੱਈਆਂ ਨੂੰ ਵੀ ਬੜੇ ਮਾਣ ਆਦਰ ਦੀ ਨਿਗਾਹ ਨਾਲ ਵੇਖਦੇ। 27 ਨਵੰਬਰ 1990 ਈ: ਨੂੰ ਉਹ ਸਾਥੋਂ ਸਦਾ ਲਈ ਵਿਛੜ ਗਏ, ਪਰ ਆਪ ਦੇ ਗਾਇਣ ਦੀਆਂ ਕੈਸਟਾਂ ਦੱਸਦੀਆਂ ਹਨ ਕਿ ਕਲਾਕਾਰ ਕੀਰਤਨੀਆ ਕਦੀ ਕਾਲ ਦਾ ਸ਼ਿਕਾਰ ਨਹੀਂ ਹੁੰਦਾ। ਆਪ ਦੇ ਸਿਆਣੇ ਬੱਚੇ ਬੱਚੀਆਂ ਨੇ ਵੀ ਪਰਿਵਾਰ ਵਿਚ ਕੀਰਤਨ-ਪਰੰਪਰਾ ਨੂੰ ਜੀਉਂਦਾ ਜਾਗਦਾ ਰੱਖਿਆ ਹੋਇਆ ਹੈ। ਸਤਿਗੁਰੂ ਮਿਹਰ ਕਰਨ ਕਿ ਇਹ ਸਾਰੇ ਆਪਣੇ ਪਿਤਾ ਅਤੇ ਦਾਦੇ-ਪੜਦਾਦੇ ਦੇ ਵਾਂਗ ਹਰਿ ਕੀਰਤਨ ਦੀਆਂ ਗੁੰਜਾਰਾਂ ਪਾਉਂਦੇ ਰਹਿਣ।

ਕਵੇਲੇ ਡੁੱਬਾ ਸੂਰਜ

ਡਾਕਟਰ ਰਵੀ ਤੁਰ ਗਿਆ। ਅਸੀਂ ਕਹਿੰਦੇ ਸਾਂ ਕਿ ਇਹ ਨੌਜੁਆਨ ਬਾਗ਼ਬਾਨ ਸਾਹਿੱਤਕ ਬਗ਼ੀਚੇ ਵਿਚ ਨਵੀਆਂ ਬਹਾਰਾਂ ਲਿਆਏਗਾ ਤੇ ਗੁਲਜ਼ਾਰਾਂ ਖਿੜਾਏਗਾ, ਪਰ ਖ਼ੂਨੀ ਖ਼ਿਜ਼ਾਂ ਨੇ ਉਸ ਨੂੰ ਬੇਬਹਾਰਾ ਹੀ ਤੋਰ ਦਿੱਤਾ। ਪਿਛਲੇ ਵੀਹ ਪੱਚੀ ਸਾਲਾਂ ਤੋਂ ਜਿਵੇਂ ਮੈਂ ਉਸ ਨੂੰ ਵੇਖਿਆ, ਉਹ ਪ੍ਰਤਿਭਾਵਾਨ ਨੌਜੁਆਨ ਸ਼ਾਇਸਤਗੀ ਦਾ ਸਰੋਵਰ ਸੀ ਤੇ ਮੁਹੱਜ਼ਬ ਵਰਤਾਰੇ ਦਾ ਮੁਜੱਸਮਾ ਸੀ। ਉਸ ਮਿੱਠ-ਬੋਲੜੇ ਸੱਜਣ ਨੇ ਕਦੀ ਗ਼ੁੱਸੇ ਵਿਚ ਆ ਕੇ ਜ਼ਬਾਨ ਨੂੰ ਤਲਖ਼ ਨਹੀਂ ਸੀ ਕੀਤਾ। ਉਸ ਦੀ ਰਹਿਣੀ-ਬਹਿਣੀ ਤੇ ਬੋਲ-ਚਾਲ ਤੋਂ ਸਦਾ ਫੁੱਲ ਕਿਰਦੇ ਸਨ, ਪਰ ਉਸ ਦੇ ਉਭਰਦੇ ਵਿਅਕਤੀਤਵ ਨੇ ਕੁਝ ਈਰਖਾਲੂ ਵੀ ਪੈਦਾ ਕਰ ਦਿੱਤੇ ਸਨ, ਪਰ ਉਹ ਫਿਰ ਵੀ ਸਹਿਨਸ਼ੀਲ ਹੋ ਕੇ ਵਿਚਰਦਾ ਰਿਹਾ। ਉਹ ਇਕ ਲਾਇਕ ਅਧਿਆਪਕ ਸੀ। ਹੋਣਹਾਰ ਸੁਜਾਨ ਸਮਾਲੋਚਕ, ਸੁਘੜ ਵਕਤਾ ਤੇ ਸੁਯੋਗ ਸੰਗਠਨਕਾਰ ਸੀ, ਪਰ ਅੰਨ੍ਹਾ ਤੁਅੱਸਬ ਉਸ ਦੇ ਇਹ ਗੁਣ ਵੇਖ ਨਾ ਸਕਿਆ। ਉਸ ਨੂੰ ਅਜਿਹੀ ਨਾਲਾਇਕ ਹੋਣੀ ਨਾਲ ਸਿੱਝਣਾ ਪਿਆ, ਜਿਸ ਦੇ ਉਹ ਲਾਇਕ ਨਹੀਂ ਸੀ।

ਮਿੱਤ੍ਰ ਮੰਡਲ ਤੇ ਅਮਰ ਪਰਿਵਾਰ ਨੇ ਜੋ ਕੁਝ ਗੁਆਇਆ, ਉਹ ਤਾਂ ਕਹਿਣ ਤੋਂ ਬਾਹਰ ਹੈ, ਪਰ ਸਾਹਿੱਤਕ ਜਗਤ ਵਿਚ ਵੀ ਇਸ ਕੁਵੇਲੇ ਡੁੱਬੇ ਸੂਰਜ ਨੇ ਹਨੇਰਾ ਲਿਆ ਦਿੱਤਾ। ਅਸੀਂ ਜਾਣਦੇ ਹਾਂ ਕਿ ਅਨ੍ਹੇਰੀ ਗਲੀ ਕਿਸੇ ਮੰਜ਼ਿਲ 'ਤੇ ਨਹੀਂ ਪਹੁੰਚਦੀ, ਇਕ ਅਵੇੜਾ ਘੋੜਾ ਆਪਣੇ ਹੀ ਸਵਾਰ ਨੂੰ ਪੈਰਾਂ ਹੇਠ ਮਧੋਲ ਕੇ ਮਾਰ ਦਿੰਦਾ ਹੈ, ਪਰ ਫਿਰ ਵੀ ਅਗਿਆਨ ਇਤਨਾ ਪ੍ਰਧਾਨ ਹੈ ਕਿ ਅਸੀਂ ਆਪਣੇ ਆਪ ਦਾ ਖ਼ੁਦ ਘਾਣ ਕਰੀ ਜਾ ਰਹੇ ਹਾਂ। ਸਿੱਖੀ ਲੋਕ-ਸੇਵਾ ਹੈ, ਲੋਕ-ਹੱਤਿਆ ਨਹੀਂ। ਧਰਮ ਸਰਬੱਤ ਦਾ ਪਿਆਰ ਹੈ, ਸਰਬੱਤ ਦਾ ਸੰਘਾਰ ਨਹੀਂ। ਅਸੀਂ ਕਿਤਨੇ ਹੀ ਗੁਣੀ ਗਿਆਨੀ, ਵਿਦਵਾਨ, ਮਿੱਤਰ ਪਿਆਰੇ ਗਵਾ ਲਏ, ਪਰ ਹਾਸਲ ਕੁਝ ਵੀ ਨਹੀਂ ਹੋਇਆ। ਕਾਸ਼! ਅਸੀਂ 'ਲੰਮੀ ਨਦਰਿ' ਨਾਲ ਦੇਖ ਸਕਦੇ।

ਇਹ ਠੀਕ ਹੈ ਕਿ ਜੋ ਆਇਆ, ਉਸ ਨੇ ਇਕ ਦਿਨ ਜਾਣਾ ਹੀ ਹੈ, ਜੋ ਸੂਰਜ ਚੜ੍ਹਿਆ ਹੈ, ਉਸ ਨੇ ਡੁੱਬਣਾ ਵੀ ਹੈ, ਪਰ ਜਦੋਂ ਸ਼ਾਮ ਦੀ ਥਾਂ ਸੂਰਜ ਸਿਖਰ ਦੁਪਹਿਰ ਕੁਵੇਲੇ ਹੀ ਧੜੰਮ ਕਰ ਕੇ ਡਿੱਗ ਜਾਵੇ ਤਾਂ ਸਵੇਰੇ ਹਾਹਾਕਾਰ ਮਚ ਜਾਂਦੀ ਹੈ ਤੇ ਅਕਾਸ਼ ਅੰਧਕਾਰ ਨਾਲ ਭਰ ਜਾਂਦਾ ਹੈ। ਰੱਬ ਕਰੇ ਅਸੀਂ ਇਸ ਅੰਧਕਾਰ ਵਿਚੋਂ ਛੇਤੀ ਹੀ ਬਾਹਰ ਆਈਏ ਤੇ ਵਿਨਾਸ਼ ਦੀ ਥਾਂ ਵਿਕਾਸ ਵੱਲ ਕਦਮ ਵਧਾਈਏ!

ਕਹੂਟੇ ਦਾ ਬੂਟਾ

ਸ਼ੇਖ ਸਾਅਦੀ ਨੇ ਇਕ ਦਿਨ ਹਮਾਮ ਦੀ ਮਿੱਟੀ ਨੂੰ ਹੈਰਾਨ ਹੋ ਕੇ ਪੁੱਛਿਆ, "ਭਲੀਏ! ਹੈਂ ਤਾਂ ਤੂੰ ਮਿੱਟੀ ਹੀ, ਪਰ ਤੇਰੇ ਵਿਚੋਂ ਇਤਨੀ ਖ਼ੁਸ਼ਬੂ ਕਿਉਂ ਆ ਰਹੀ ਹੈ?" ਉਸ ਦਾ ਜਵਾਬ ਸੀ ਕਿ ਮੈਂ ਬਾਗ਼ਾਂ ਦੀ ਮਿੱਟੀ ਹਾਂ, ਜਿਸ ਨੇ ਕਈ ਵਰ੍ਹੇ ਫੁੱਲਾਂ ਦੀ ਸੰਗਤ ਵਿਚ ਗੁਜ਼ਾਰੇ ਹਨ, ਇਸ ਕਰਕੇ ਉਨ੍ਹਾਂ ਫੁੱਲਾਂ ਦੀ ਮਹਿਕ ਮੇਰੇ ਕਣ-ਕਣ ਵਿਚ ਸਮਾਈ ਹੋਈ ਹੈ। ਘਰਾਣੇ ਇਕ ਦਿਨ ਵਿਚ ਨਹੀਂ ਬਣਦੇ, ਕਿੰਨੀਆਂ ਸ਼ਖ਼ਸੀਅਤਾਂ ਦਾ ਯੋਗਦਾਨ ਉਨ੍ਹਾਂ ਨੂੰ ਅਮੀਰ ਬਣਾਉਂਦਾ ਹੈ ਤੇ ਸਾਰੀ ਕੁਲ ਨੂੰ ਕੀਰਤੀ ਦਿਵਾਉਂਦਾ ਹੈ। ਗਿਆਨੀ ਹਰਨਾਮ ਸਿੰਘ ਕਹੂਟੇ ਦੇ ਰਈਸ-ਘਰਾਣੇ ਨਾਲ ਸੰਬੰਧ ਸਨ ਤੇ ਤਿੰਨ ਚਾਰ ਪੀੜ੍ਹੀਆਂ ਤੋਂ ਇਨ੍ਹਾਂ ਦੇ ਵਡਾਰੂ ਸਿੱਖੀ ਦੀ ਚੜ੍ਹਦੀ ਕਲਾ ਵਾਲੀ ਲਹਿਰ ਨਾਲ ਜੁੜੇ ਹੋਏ ਸਨ। ਆਪ ਦੇ ਪਿਤਾ ਚੌਧਰੀ ਸਾਧੂ ਸਿੰਘ 'ਸਿੰਘ ਸਭਾ ਲਹਿਰ' ਦੇ ਮੋਢੀ ਸੇਵਕਾਂ ਵਿਚੋਂ ਸਨ, ਜਿਨ੍ਹਾਂ ਇਲਾਕੇ ਵਿਚ ਸੰਤ ਅਤਰ ਸਿੰਘ ਜੀ ਦੀ ਅਗਵਾਈ ਹੇਠ ਸੈਂਕੜੇ ਸਹਿਜਧਾਰੀਆਂ ਨੂੰ ਅੰਮ੍ਰਿਤਧਾਰੀ ਬਣਾਇਆ।

ਅੱਗੇ ਚੌਧਰੀ ਸਾਧੂ ਸਿੰਘ ਜੀ ਦੇ ਬਜ਼ੁਰਗ ਦਾਦਾ, ਬਾਪੂ ਬੁਧ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਉਸ ਮੁਹਿੰਮ ਵਿਚ ਸ਼ਾਮਲ ਸਨ, ਜੋ ਅਟਕ ਦਰਿਆ ਪਾਰ ਕਰ ਕੇ ਪਠਾਣੀ ਹੜ੍ਹ ਨੂੰ ਰੋਕਣ ਲਈ ਅਗਲੇ ਬੰਨੇ ਜਾ ਰਹੀ ਸੀ। ਆਪ ਦੇ ਸਪੁੱਤਰ ਸੇਵਾ ਸਿੰਘ ਹੋਏ ਤੇ ਸੇਵਾ ਸਿੰਘ ਜੀ ਦੇ ਨੌਨਿਹਾਲ ਬਾਬੂ ਸਾਧੂ ਸਿੰਘ ਜੀ ਸਨ। ਉਹ ਆਪਣੇ ਦਾਦਾ ਜੀ ਤੋਂ ਸੁਣੀਆਂ ਕਹਾਣੀਆਂ ਦੱਸਦੇ ਹੁੰਦੇ ਸਨ ਕਿ ਕਿਵੇਂ ਖ਼ਾਲਸਈ ਫ਼ੌਜਾਂ ਨੇ ਪਠਾਣਾਂ ਉੱਤੇ ਆਪਣਾ ਰੋਹਬ-ਦਾਬ ਜਮਾ ਕੇ ਇਲਾਕੇ ਨੂੰ ਅਜ਼ਾਦੀ ਦਾ ਹੁਲਾਰਾ ਦਿਵਾਇਆ ਤੇ ਥਾਂ ਥਾਂ ਵਪਾਰੀ ਸਿੱਖਾਂ ਦਾ ਜਾਲ ਵਿਛਾਇਆ। ਫਿਰ ਵੀਹਵੀਂ ਸਦੀ ਦੇ ਅਰੰਭ ਵਿਚ ਸੰਤ ਅਤਰ ਸਿੰਘ (ਮਸਤੂਆਣਾ) ਇਧਰ ਆ ਕੇ ਪਿੰਡ ਕਨੋਹੇ ਕਿੰਨਾ ਚਿਰ ਤਪ ਕਰਦੇ ਰਹੇ। ਕਨੋਹੇ ਤੋਂ ਕਹੂਟਾ ਮਸਾਂ 8-10 ਕੋਹ ਹੀ ਸੀ। ਜਦੋਂ ਸੰਤਾਂ ਨੇ ਪ੍ਰਚਾਰ ਸ਼ੁਰੂ ਕੀਤਾ ਤਾਂ ਉਹ ਅਨੇਕ ਵਾਰ ਕਹੂਟੇ ਆਏ ਤੇ ਚੌਧਰੀ ਸਾਧੂ ਸਿੰਘ ਜੀ ਦੇ ਮਿਲਵਰਤਣ ਸਦਕਾ ਅਨੇਕਾਂ ਹਿੰਦੂਆਂ ਨੂੰ ਵੀ ਅੰਮ੍ਰਿਤ ਛਕਾ ਕੇ ਸਿੰਘ ਸਜਾਉਂਦੇ ਗਏ। ਇਹ ਭਾਗਾਂ ਦੀ ਗੱਲ ਸੀ ਕਿ ਇਹ ਪਰਿਵਾਰ ਫਿਰ ਰੌਸ਼ਨੀ ਵਿਚ ਆਇਆ ਤੇ ਆਪਣੇ ਵਿੱਤ ਮੁਤਾਬਕ ਧਰਮ ਪ੍ਰਚਾਰ ਵਿਚ ਯੋਗ ਹਿੱਸਾ ਪਾਉਂਦਾ ਰਿਹਾ।

1947 ਦੀ ਦੇਸ਼ ਵੰਡ ਕਾਰਨ ਹਿੰਦੁਸਤਾਨੀ ਚਮਨ ਉੱਜੜ ਗਿਆ ਤੇ ਕਹੂਟੇ

ਦੇ ਬੂਟੇ ਨੂੰ ਪਟਿਆਲੇ ਪੈਰ ਜਮਾਉਣਾ ਪੈ ਗਿਆ। ਸ: ਹਰਨਾਮ ਸਿੰਘ ਅਜੇ 20-22 ਸਾਲ ਦੇ ਹੀ ਸਨ, ਜਦ ਉਹ ਆਪਣੇ ਪਿਤਾ ਸ: ਸਾਧੂ ਸਿੰਘ ਜੀ ਨਾਲ ਇਥੇ ਆ ਗਏ। ਸ਼ਰਨਾਰਥੀ ਬਣ ਜਾਣ 'ਤੇ ਵੀ ਆਪ ਨੇ ਦਿਲ ਨਹੀਂ ਹਾਰਿਆ, ਸਗੋਂ ਰਿਕਸ਼ਾ ਚਲਾ ਕੇ, ਲੱਕੜਾਂ ਦਾ ਟਾਲ ਬਣਾ ਕੇ ਗੁਜ਼ਾਰਾ ਕਰਦੇ ਰਹੇ ਤੇ ਨਾਲ-ਨਾਲ ਮੋਹਰੀ ਹੋ ਪੰਥਕ ਸਰਗਰਮੀਆਂ ਵਿਚ ਵੀ ਹਿੱਸਾ ਲੈਂਦੇ ਰਹੇ। ਗੁਰਮੁਖੀ ਵਿਦਿਆਲੇ ਵਿਚ ਦਾਖ਼ਲ ਹੋ ਕੇ ਗਿਆਨੀ ਪਾਸ ਕਰ ਲਈ ਤੇ 1969 ਈ: ਵਿਚ *ਚੜ੍ਹਦੀ ਕਲਾ* (ਹਫ਼ਤੇ-ਵਾਰ) ਅਖ਼ਬਾਰ ਕੱਢਣ ਦਾ ਫ਼ੈਸਲਾ ਕਰ ਲਿਆ। ਇਸ ਦੇ ਨਾਲ ਹੀ ਇਕ ਖ਼ਿਆਲ ਆਪ ਨੂੰ ਹੋਰ ਫੁਰਿਆ ਕਿ ਬੱਚੇ-ਬੱਚੀਆਂ ਦੀ ਪੜ੍ਹਾਈ ਤੇ ਸਿਲਾਈ-ਕਢਾਈ ਦੀ ਸਿਖਲਾਈ ਲਈ ਸਕੂਲ ਖੋਲ੍ਹਣਾ ਚਾਹੀਦਾ ਹੈ।

ਇਹ ਕੰਮ ਆਪ ਨੇ ਆਪਣੀ ਧਰਮ ਪਤਨੀ ਬੀਬੀ ਹਰਬੰਸ ਕੌਰ ਜੀ ਦੇ ਜ਼ਿੰਮੇ ਲਾਇਆ, ਜਿਨ੍ਹਾਂ ਬੜੀ ਦ੍ਰਿੜ੍ਹਤਾ ਨਾਲ ਇਸ ਨੂੰ ਲਗਾਤਾਰ ਨਿਭਾਇਆ।

ਸਤੰਬਰ 1976 ਵਿਚ ਆਪ ਪਰਿਵਾਰ ਨੂੰ ਵਿਛੋੜਾ ਦੇ ਗਏ, ਪਰ ਆਪ ਦੇ ਕਰਮਯੋਗੀ ਬੁੱਧੀਮਾਨ ਸਪੁੱਤਰ ਸ: ਜਗਜੀਤ ਸਿੰਘ ਦਰਦੀ ਨੇ ਆਪਣਾ ਪ੍ਰੈੱਸ ਲਾ ਕੇ ਪੱਤਰਕਾਰੀ ਦੇ ਨਿੱਕੇ ਬੂਟੇ ਨੂੰ ਪ੍ਰਫੁੱਲਤ ਕਰ ਕੇ *ਰੋਜ਼ਾਨਾ ਚੜ੍ਹਦੀ ਕਲਾ* ਵਿਚ ਤਬਦੀਲ ਕਰ ਦਿੱਤਾ ਅਤੇ ਸ੍ਰੀਮਤੀ ਜਸਵਿੰਦਰ ਕੌਰ ਐੱਮ.ਏ., ਐੱਮ.ਐੱਡ. ਨੇ ਬੜੀ ਮਿਹਨਤ ਤੇ ਲਗਨ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨੂੰ ਇਕ ਉੱਚੀ ਵਿਦਿਅਕ ਸੰਸਥਾ ਬਣਾ ਕੇ ਇਸ ਦਾ ਨਾਮ ਰੌਸ਼ਨ ਕਰ ਦਿੱਤਾ। ਇਹ ਦੋਵੇਂ ਅਦਾਰੇ ਗਿ: ਹਰਨਾਮ ਸਿੰਘ ਜੀ ਦੀ ਦੇਣ ਹਨ, ਜਿਨ੍ਹਾਂ ਨੂੰ ਪਟਿਆਲਾ ਵਾਸੀ ਨਹੀਂ ਭੁਲਾ ਸਕਦੇ।

ਨੌਜਵਾਨ ਹਕੀਕਤ ਰਾਇ ਦੀ ਹਕੀਕਤ

ਅਠਾਰ੍ਹਵੀਂ ਸਦੀ ਵਿਚ ਜਿਸ ਤਰ੍ਹਾਂ ਸਿੱਖ ਸ਼ਹੀਦਾਂ ਨੇ ਕੁਰਬਾਨੀਆਂ ਦੇ ਕੇ ਅਜ਼ਾਦੀ ਦੀ ਜੋਤਿ ਜਗਾਈ, ਉਹ ਇਕ ਤਰ੍ਹਾਂ ਬੇਮਿਸਾਲ ਦੀਪਮਾਲਾ ਹੈ, ਜਿਸ ਨੂੰ ਕਦੀ ਬੁਝਾਇਆ ਨਹੀਂ ਜਾ ਸਕਦਾ। ਸਿਆਲਕੋਟ ਨਿਵਾਸੀ ਨੌਜਵਾਨ ਭਾਈ ਹਕੀਕਤ ਰਾਇ ਧਰਮੀ ਦੀ ਸ਼ਹਾਦਤ ਬਸੰਤ ਪੰਚਮੀ ਨੂੰ ਹੋਈ, ਉਹ ਵੀ ਇਸੇ ਮਾਲਾ ਦਾ ਮੋਤੀ ਸੀ।

ਉਹ ਇਕ ਵਿਦਿਆਰਥੀ ਸੀ ਤੇ ਮੌਲਵੀ ਅਬਦੁਲ ਹੱਕ ਪਾਸ ਮੁਸਲਿਮ ਸਾਥੀਆਂ ਨਾਲ ਪੜ੍ਹਦਾ ਸੀ। ਇਸੇ ਦੌਰਾਨ ਕਿਸੇ ਮਾਮੂਲੀ ਜਿਹੀ ਗੱਲ ਪਿੱਛੇ ਮੁੰਡਿਆਂ ਦਰਮਿਆਨ ਪਰਸਪਰ ਝਗੜਾ ਹੋ ਗਿਆ। ਕਿਸੇ ਸ਼ਰਾਰਤੀ ਲੜਕੇ ਨੇ ਭਵਾਨੀ ਦੇਵੀ ਬਾਰੇ ਅਪਮਾਨ ਜਨਕ ਸ਼ਬਦ ਕਹੇ। ਜਵਾਬ ਵਿਚ ਰੋਹ ਵਿਚ ਆਏ ਭਾਈ ਹਕੀਕਤ ਰਾਏ ਨੇ ਵੀ ਬੀਬੀ ਫ਼ਾਤਮਾ ਬਾਰੇ ਕੁਝ ਆਖਿਆ ਜਿਸ ਨਾਲ ਮੁਗ਼ਲ ਛੋਕਰਿਆਂ ਵਿਚ ਬੜਾ ਰੋਸ ਪੈਦਾ ਹੋ ਗਿਆ। ਸਮਕਾਲੀ ਹਕੂਮਤ ਕੱਟੜਤਾ ਲਈ ਪ੍ਰਸਿੱਧ ਸੀ, ਇਸ ਕਰ ਕੇ ਬਾਤ ਦਾ ਬਤੰਗੜ ਬਣ ਗਿਆ।

ਇਧਰ ਭਾਈ ਹਕੀਕਤ ਰਾਏ ਵੀ ਧਰਮਾਤਮਾ ਖ਼ਾਨਦਾਨ ਦਾ ਨੌਨਿਹਾਲ ਸੀ। ਇਸ ਦਾ ਬਾਬਾ ਨੰਦ ਲਾਲ, ਸੱਤਵੇਂ ਗੁਰੂ ਹਰਿ ਰਾਇ ਜੀ ਪਾਸ ਪਿੰਡ ਗਲੋਟੀਆਂ (ਸਿਆਲਕੋਟ) ਆ ਕੇ ਸਿੱਖੀ ਮੰਡਲ ਵਿਚ ਪ੍ਰਵੇਸ਼ ਪਾ ਗਿਆ ਸੀ। ਅੱਗੋ ਇਸ ਦੇ ਦੋ ਪੁੱਤਰ ਸਨ—ਭਾਗ ਮੱਲ ਤੇ ਬਾਘ ਮੱਲ। ਇਹ ਦੋਵੇਂ ਹੀ ਵਜ਼ੀਰਾਬਾਦ ਲਾਗੇ ਸੋਹਦਰੇ ਨਗਰ ਵਿਖੇ ਭਾਈ ਘਨ੍ਹਈਏ ਦੀਆਂ ਪੋਤਰੀਆਂ ਅਤੇ ਭਾਈ ਲੱਛੀ ਰਾਮ ਦੀਆਂ ਸਪੁੱਤਰੀਆਂ ਬੀਬੀ ਗ਼ੌਰਾਂ ਤੇ ਕੌਰਾਂ ਨਾਲ ਵਿਆਹੇ ਹੋਏ ਸਨ। ਬਾਘਮੱਲ ਦੇ ਘਰ ਮਾਤਾ ਕੌਰਾਂ ਦੀ ਕੁੱਖੋਂ ਭਾਈ ਹਕੀਕਤ ਰਾਏ ਦਾ ਜਨਮ ਸਤੰਬਰ 1716 ਈ: ਵਿਚ ਸਿਆਲਕੋਟ ਵਿਖੇ ਹੋਇਆ ਸੀ।


ਇਸ ਦਾ ਮਾਮਾ ਭਾਈ ਅਰਜਨ ਸਿੰਘ ਬੜਾ ਦਲੇਰ ਜੋਧਾ ਸੀ ਜੋ ਰਾਠ ਸਿੱਖਾਂ ਨਾਲ ਰਲ ਕੇ ਮੁਗ਼ਲਾਂ ਦੇ ਜਬਰ ਜ਼ੁਲਮ ਦਾ ਵਿਰੋਧ ਕਰਨਾ ਆਪਣਾ ਧਰਮ ਸਮਝਦਾ ਸੀ ਤੇ ਅਜਿਹੀ ਸਰਗਰਮੀ ਕਾਰਨ ਹੀ ਉਸ ਨੂੰ ਲਾਹੌਰ ਚਰਖੜੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਸ਼ਹੀਦ ਮਾਮੇ ਦੀ ਵਾਰਤਾ ਅਲੂੰਏ ਭਾਣਜੇ ਦੇ ਸੀਨੇ ਅੰਦਰ ਅਣਖ ਆਨ ਦੀ ਅੱਗ ਬਾਲ ਰਹੀ ਸੀ। ਇਸ ਕਰਕੇ ਭਾਈ ਹਕੀਕਤ ਰਾਇ ਦੀ ਦ੍ਰਿੜ੍ਹਤਾ, ਨਿਰਭੈਤਾ ਤੇ ਧਰਮ ਨਿਸ਼ਠਾ ਮੁਗ਼ਲ ਹਾਕਮਾਂ ਲਈ ਅਸਹਿ ਹੋ ਗਈ। ਸੋ,

ਉਪ੍ਰੋਕਤ ਨਿੱਕੇ ਜਿਹੇ ਬਾਲਕਾਂ ਦੇ ਝੇੜੇ ਦਾ ਬਹਾਨਾ ਬਣਾ ਕੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਬੜੇ ਸਵਾਲ-ਜਵਾਬ ਹੋਏ ਪਰ ਧਰਮੀ ਨੌਜੁਆਨ ਦੇ ਅਟੱਲ ਇਰਾਦੇ ਨੂੰ ਕੋਈ ਹਿਲਾ ਨਾ ਸਕਿਆ। ਕੁਝ ਕੁ ਅਰਸਾ ਪਹਿਲਾਂ ਇਸੇ ਥਾਂ (ਨਖ਼ਾਸ ਚੌਕ ਵਿਚ) ਹੀ ਸਿੱਖ ਪੰਥ ਦੇ ਬਜ਼ੁਰਗ ਆਗੂ ਭਾਈ ਮਨੀ ਸਿੰਘ ਜੀ ਨੂੰ ਅਣਹੋਏ ਦੋਸ਼ ਥੱਪ ਕੇ, ਉਨ੍ਹਾਂ ਦੇ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਇਸ ਖ਼ੂਨੀ ਸਾਕੇ ਦਾ (ਜੂਨ 1734 ਈ:) ਵਾਤਾਵਰਣ ਵਿਚ ਡੂੰਘਾ ਪ੍ਰਭਾਵ ਸੀ ਅਤੇ ਨੌਜੁਆਨ ਪੀੜ੍ਹੀ ਕੁਝ ਨਾ ਕੁਝ ਕਰ ਗੁਜ਼ਰਨ ਲਈ ਉਤਾਵਲੀ ਹੋ ਰਹੀ ਸੀ। ਇਹ ਵੀ ਹਕੀਕਤ ਹੈ ਕਿ ਭਾਈ ਹਕੀਕਤ ਰਾਇ ਨੇ ਅਜੇ ਅੰਮ੍ਰਿਤਪਾਨ ਨਹੀਂ ਕੀਤਾ ਸੀ, ਕੇਵਲ ਸਹਿਜਧਾਰੀ ਸਿੱਖ ਦਾ ਜੀਵਨ ਹੀ ਬਸਰ ਕਰ ਰਿਹਾ ਸੀ, ਪ੍ਰੰਤੂ ਸ਼ਹੀਦੀਆਂ ਵਾਲੇ ਵਾਤਾਵਰਣ ਨੇ ਉਸ ਦੇ ਦਿਲ ਦਿਮਾਗ਼ ਨੂੰ ਇਤਨਾ ਪੱਕਾ ਕਰ ਦਿੱਤਾ ਸੀ ਕਿ ਉਹ ਕੋਈ ਵੀ ਖ਼ਤਰਾ ਲੈਣੋਂ ਸੰਗ-ਸੰਕੋਚ ਨਹੀਂ ਸੀ ਕਰ ਸਕਦਾ। ਸ਼ਹਿਰੀ ਪਤਵੰਤਿਆਂ ਦੇ ਅਨੇਕਾਂ ਤਰਲਿਆਂ-ਮਿੰਨਤਾਂ ਦੇ ਬਾਵਜੂਦ, ਅੰਤ ਕਾਜ਼ੀ ਦੇ ਫ਼ਤਵੇ ਅਨੁਸਾਰ ਤੇ ਨਵਾਬ ਜ਼ਕਰੀਆ ਖ਼ਾਂ ਦੀ ਮਨਜ਼ੂਰੀ ਨਾਲ 1734 ਈ: ਦੀ ਬਸੰਤ ਪੰਚਮੀ ਨੂੰ ਬਾਜ਼ਾਰ ਨਿਖਾਸ (ਲਾਹੌਰ) ਵਿਚ ਇਸ ਮਾਸੂਮ ਤੇ ਬੇਕਸੂਰ ਨੌਜਵਾਨ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਬਾਰੇ ਕਵੀ ਅਗਰਾ ਸਿੰਘ ਸੇਠੀ ਲਿਖਦਾ ਹੈ:

ਚਾਰ ਘੜੀ ਫਿਰ ਸਤਿਗੁਰ ਸਿਮਰਿਆ, ਸਿਰ ਪਰ ਚੀਰਾ ਧਰਿਆ।
ਅੱਖੀਂ ਲਾਲ ਗੁਲਾਲੇ ਹੋਈਆਂ, ਰੰਗ ਅਜਬ ਪ੍ਰੇਮ ਦਾ ਚੜ੍ਹਿਆ।
ਜੋ ਵੇਖੇ ਸੂਰਤਿ ਧਰਮੀ ਦੀ, ਅੰਦਰ ਆਹਿ ਦਾ ਭਰਿਆ।
ਕਹੁ ਜੀ! ਲਿਸ਼ਕਨ ਤੇਗਾਂ ਤੇ ਤਲਵਾਰੀਂ, ਧਰਮੀ ਮੂਲ ਨਾ ਡਰਿਆ।189।
ਜਬ ਦਿੱਤੀ ਜਾਨ ਹਕੀਕਤ ਨੇ, ਤਬ ਹੋਇਆ ਧਰਮ ਸਹਾਈ।
ਵਿਚ ਲਾਹੌਰ ਦੇ ਮਾਤਮ ਹੋਇਆ, ਕਿਆ ਕੋਈ ਆਖ ਸੁਣਾਈ।
ਸੂਰਜ ਗ਼ਮ ਪਰ ਆਇਆ ਹੈ, ਮਹਿਲਾਂ ਪਰ ਫਿਰੀ ਸਿਆਹੀ।
ਕਹੁ ਜੀ ਧੌਲ ਧਰਮ ਦਾ ਕੰਬ ਗਿਆ, ਜਿਸ ਧਰਤੀ ਸਭ ਹਿਲਾਈ।197।

(ਵਾਰ ਹਕੀਕਤ ਰਾਇ ਕੀ)

•



ਪ੍ਰੋ. ਪਿਆਰਾ ਸਿੰਘ ਪਦਮ (28.12.1921 - 01.05.2001) ਨੇ 1943 ਵਿਚ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਖੇ ਲੈਕਚਰਾਰ ਵਜੋਂ ਕੈਰੀਅਰ ਆਰੰਭ ਕੀਤਾ ਤੇ 1983 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੇਵਾ ਮੁਕਤ ਹੋਏ। ਪਦਮ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਗੌਰਵ-ਭਰੇ ਵਿਰਸੇ ਨੂੰ ਉਜਾਗਰ ਕਰਨ ਲਈ ਆਪਣੀ ਨਿਰੰਤਰ ਖੋਜ ਸਦਕੇ ਕਈ ਦਰਜਨਾਂ ਮਹੱਤਵਪੂਰਨ ਤੇ ਅਨਮੋਲ ਪੁਸਤਕਾਂ ਪੰਜਾਬੀ ਜਗਤ ਨੂੰ ਭੇਟਾ ਕੀਤੀਆਂ।

ਆਪ ਜੀ ਨੇ ਸਾਰੇ ਦੇਸ਼ ਦਾ ਭ੍ਰਮਣ ਕਰ ਕੇ, ਦਰਜਨਾਂ ਲਾਇਬ੍ਰੇਰੀਆਂ ਵਿੱਚੋਂ ਸੈਂਕੜੇ ਪ੍ਰਾਚੀਨ ਹੱਥ-ਲਿਖਤਾਂ ਦਾ ਅਧਿਐਨ ਕਰ ਕੇ ਪੰਜਾਬੀ ਸਾਹਿਤ ਦੀ ਪੁਰਾਤਨ ਪਰੰਪਰਾ ਨੂੰ ਇਕ ਨਵੀਂ ਸੇਧ ਦਿੱਤੀ ਅਤੇ ਕਈ ਵੱਡ-ਮੁੱਲੇ ਗ੍ਰੰਥਾਂ ਦਾ ਸੰਪਾਦਨ ਤੇ ਸੰਕਲਨ ਕਰ ਕੇ ਮਹੱਤਵਪੂਰਨ ਯੋਗਦਾਨ ਦਿੱਤਾ। ਇਸ ਤੋਂ ਇਲਾਵਾ ਪੰਜਾਬੀ ਦੇ ਕਲਾਸੀਕਲ ਕਵੀਆਂ ਦੀਆਂ ਰਚਨਾਵਾਂ (*ਹਾਸ਼ਮ ਰਚਨਾਵਲੀ*, *ਹੁਸੈਨ ਰਚਨਾਵਲੀ*, *ਸਾਈਂ ਬੁੱਲ੍ਹੇ ਸ਼ਾਹ* ਆਦਿ) ਦੀ ਪ੍ਰਮਾਣਿਕ ਟੈਕਸਟ ਪੰਜਾਬੀ ਜਗਤ ਨੂੰ ਪੇਸ਼ ਕਰਨ ਦਾ ਸਿਹਰਾ ਵੀ ਆਪ ਦੇ ਸਿਰ ਹੈ।

ਪ੍ਰੋ. ਪਿਆਰਾ ਸਿੰਘ ਪਦਮ ਉਨ੍ਹਾਂ ਵਿਰਲੇ ਵਿਦਵਾਨਾਂ ਵਿੱਚੋਂ ਸਨ, ਜਿਨ੍ਹਾਂ ਨੇ ਸਿੱਖ ਧਰਮ ਬਾਰੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਉੱਚ ਪੱਧਰ ਦੀ ਦਾਰਸ਼ਨਿਕ ਖੋਜ ਕੀਤੀ ਹੈ। *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, *ਦਸਮ ਗ੍ਰੰਥ ਦਰਸ਼ਨ* ਆਦਿ ਅੱਧੀ ਦਰਜਨ ਕਿਰਤਾਂ ਵਿਚ ਆਪ ਜੀ ਨੇ ਭਾਰਤ ਦੀ ਸਮੁੱਚੀ ਵਿਚਾਰਧਾਰਾ ਦੇ ਪਿਛੋਕੜ ਵਿਚ ਗੁਰਮਤਿ ਨੂੰ ਸਮਝਣ ਲਈ ਸਰਬੰਗੀ ਅਧਿਐਨ ਪੇਸ਼ ਕੀਤਾ। ਆਪ ਜੀ ਨੇ ਬੜੀ ਮਿਹਨਤ ਤੇ ਖੋਜ ਨਾਲ ਚਾਰ ਵਡਮੁੱਲੇ ਕੋਸ਼ ਵੀ ਤਿਆਰ ਕੀਤੇ। ਡਾਕਟਰ ਰੌਸ਼ਨ ਲਾਲ ਆਹੂਜਾ ਜੀ ਦੇ ਸ਼ਬਦਾਂ ਵਿਚ, ਆਪ ਜੀ ਨੇ ਭਾਈ ਮਨੀ ਸਿੰਘ ਜੀ ਦੀ ਚਲਾਈ ਸਾਹਿਤਕ ਪਰੰਪਰਾ ਨੂੰ ਅੱਗੇ ਤੋਰਿਆ।

ਪਦਮ ਜੀ ਆਪਣੇ ਆਪ ਵਿਚ ਇਕ ਪੂਰਨ ਸੰਸਥਾ ਸਨ, ਜਿਨ੍ਹਾਂ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਦੀਆਂ ਖਿੱਲਰੀਆਂ-ਪੁੱਲਰੀਆਂ ਤੰਦਾਂ ਨੂੰ ਜੋੜਨ ਦਾ ਅਤਿ ਮੁਸ਼ਕਲ ਕੰਮ ਪ੍ਰਬੀਨਤਾ ਸਹਿਤ ਨਿਭਾਇਆ ਹੈ।

—o—

'ਕੋਠੀ-ਝਾੜ' ਆਮ ਤੌਰ 'ਤੇ ਵਿਆਹ ਦੀ ਬਚੀ-ਖੁਚੀ ਮਠਿਆਈ ਹੁੰਦੀ ਹੈ। ਇਸ ਹੱਥਲੀ ਕਿਤਾਬ ਦੇ ਛੋਟੇ-ਵੱਡੇ ਲੇਖ ਵੀ ਕੋਠੀ-ਝਾੜ ਹੀ ਹਨ। ਪਦਮ ਸਾਹਿਬ ਦੇ ਜਿਊਂਦੇ-ਜੀਅ ਜੋ ਲੇਖ ਕਿਤਾਬੀ ਰੂਪ ਵਿਚ ਨਹੀਂ ਆਏ, ਉਨ੍ਹਾਂ ਨੂੰ ਇਸੇ *ਕੋਠੀ ਝਾੜ* ਵਿਚ ਇਕੱਠਾ ਕਰਨ ਦਾ ਯਤਨ ਕੀਤਾ ਹੈ। ਕੁਝ ਲੇਖ ਵਿਚਾਰਧਾਰਕ ਤੇ ਸਿਧਾਂਤਕ ਹਨ ਤੇ ਕੁਝ ਧਾਰਮਿਕ, ਇਤਿਹਾਸਕ ਤੇ ਸਾਹਿਤਕ ਮੁੱਦਿਆਂ ਬਾਰੇ ਹਨ। ਕੁਝ ਸੱਜਣਾਂ-ਮਿੱਤਰਾਂ ਨੂੰ ਸ਼ਰਧਾਂਜਲੀਆਂ ਜਾਂ ਜੀਵਨੀਆਂ ਦੇ ਰੂਪ ਵਿਚ ਸੰਖੇਪ ਜਾਣਕਾਰੀ ਦੇ ਲੇਖ ਹਨ। ਚਾਰ ਪੰਜ ਲੇਖ ਲੋਕ-ਸਾਹਿਤ ਬਾਰੇ ਵੀ ਸ਼ਾਮਲ ਕੀਤੇ ਗਏ ਹਨ ਤੇ ਕੁਝ ਰੇਡੀਓ-ਟਾਕ ਵੀ ਸ਼ਾਮਲ ਕੀਤੀਆਂ ਹਨ। ਜਿਸ ਤਰ੍ਹਾਂ ਬਚ-ਖੁਚੀ ਮਠਿਆਈ ਦਾ ਆਪਣਾ ਸੁਆਦ ਹੁੰਦਾ ਹੈ, ਉਸੇ ਤਰ੍ਹਾਂ ਇਹ ਲੇਖ ਵੀ ਵਿਭਿੰਨ ਸੁਆਦ ਦੇ ਕੇ ਪਾਠਕ ਨੂੰ ਨਿਹਾਲ ਕਰਦੇ ਹਨ।

ISBN:81-7205-512-9

9 788172 055127